ਗੁਰੂ ਦਰ



ਪਿਆਰਾ ਸਿੰਘ ਪਦਮ

GURU DAR
[Essays on Sikh Theology, Beliefs and Practices]
by
PIARA SINGH PADAM

ISBN 81-7205-452-1

ਪਹਿਲੀ ਵਾਰ ਜੂਨ 2010

ਮੁੱਲ : 160-00 ਰੁਪਏ

ਪ੍ਰਕਾਸ਼ਕ :
ਸਿੰਘ ਬ੍ਰਦਰਜ਼

•
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006
•
S.C.O. 223-224, ਸਿਟੀ ਸੈਂਟਰ, ਅੰਮ੍ਰਿਤਸਰ - 143 001
E-mail : singhbro@vsnl.com
Website : www.singhbrothers.com

ਛਾਪਕ :
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਤਤਕਰਾ

ਪਿਆਰਾ ਸਿੰਘ ਪਦਮ ਰਚਨਾਵਲੀ :

ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਆਦਿ ਗ੍ਰੰਥ ਦਰਸ਼ਨ, ਦਸਮ ਗ੍ਰੰਥ ਦਰਸ਼ਨ, ਗੁਰਬਾਣੀ ਕੋਸ਼, ਸਾਡੇ ਗੁਰਦੇਵ, ਸੰਖੇਪ ਸਿਖ ਇਤਿਹਾਸ, ਗੁਰੂ ਨਾਨਕ ਸਾਗਰ, ਗੋਬਿੰਦ ਸਾਗਰ, ਪੰਜਾਬੀ ਮਹਾਰਾਜਾ, ਵਾਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀਆਂ, ਚਾਰ ਸਾਹਿਬਜ਼ਾਦੇ, ਪ੍ਰਾਚੀਨ ਪੰਜਾਬੀ ਗੱਦ, ਨਾਨਕੁ ਸਾਇਰੁ ਏਵ ਕਹਤੁ ਹੈ, ਗੁਰ ਨਾਨਕ ਜਿਨ ਸੁਣਿਆ ਪੇਖਿਆ, ਰਬਾਬ, ਮਹਾਂ ਕਵੀ ਸੰਤੋਖ ਸਿੰਘ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਪੰਜ ਦਰਿਆ, ਪੰਜਾਬੀ ਬੋਲੀ ਦਾ ਇਤਿਹਾਸ, ਪੰਜਾਬੀ ਸਾਹਿਤ ਦੀ ਰੂਪ ਰੇਖਾ, ਪੰਜਾਬੀ ਵਾਰਾਂ, ਪੰਜਾਬੀ ਬਾਰਾਂਮਾਹੇ, ਪੰਜਾਬੀ ਮਾਝਾਂ, ਪੰਜਾਬੀ ਜੰਵਾਂ, ਪੰਜਾਬੀ ਝਗੜੇ, ਪੰਜਾਬੀ ਕਿੱਸੇ, ਹਾਸ਼ਮ ਰਚਨਾਵਲੀ, ਹੁਸੈਨ ਰਚਨਾਵਲੀ, ਸਾਈਂ ਬੁੱਲ੍ਹੇ ਸ਼ਾਹ, ਪ੍ਰਸਿੱਧ ਪੰਜਾਬੀ, ਪੁਸ਼ਪਾਂਜਲੀ, ਹਿੰਦੁਸਤਾਨੀ ਕਲਾ, ਹਿੰਦੁਸਤਾਨੀ ਕਵਿਤਾ, ਹਿੰਦੁਸਤਾਨੀ ਕਵੀ, ਬਾਬਾ ਸਾਧੂ ਜਨ, ਕਲਮ ਦੇ ਧਨੀ, ਕਲਮ ਦੇ ਚਮਤਕਾਰ, ਪ੍ਰਾਚੀਨ ਸੌ ਸਾਖੀ, ਖ਼ਲੀਲ ਜਿਬਰਾਨ ਦੇ ਬਚਨ ਬਿਲਾਸ, ਦਰਸ਼ਨ ਭਗਤ, ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ, ਬਚਨ ਸਾਈਂ ਲੋਕਾਂ ਦੇ, ਮਾਲੀ, ਪੰਛੀ, ਆਜ਼ਾਦੀ, ਗੁਰੂ ਕੀਆਂ ਸਾਖੀਆਂ, ਰਹਿਤਨਾਮੇ, ਜ਼ਫ਼ਰਨਾਮਾ, ਪੰਜਾਬ ਰਉਸ਼ਨ, ਸਾਧੂ ਈਸ਼ਰਦਾਸ, ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਗੁਰੂ ਘਰ, ਪੰਥ ਤੇ ਪੰਥ ਦਾ ਵਾਲੀ, ਬਾਬਾ ਵਜੀਦ, ਕਲਾਮ ਭਾਈ ਨੰਦ ਲਾਲ, ਪਰਚੀ ਪਾਤਸ਼ਾਹੀ ਦਸਵੀਂ ਕੀ, ਗੁਰਮੁਖੀ ਲਿਪੀ ਦਾ ਇਤਿਹਾਸ, ਪੰਜਾਬੀ ਡਾਇਰੈਕਟਰੀ, ਪੰਜਾਬੀ ਸੂਫ਼ੀ ਕਾਵਿਧਾਰਾ, ਬੋਲੈ ਸ਼ੇਖ਼ ਫ਼ਰੀਦ, ਹੀਰ ਵਾਰਸ ਸ਼ਾਹ, ਮਿਰਜ਼ੇ ਦੀਆਂ ਸੱਦਾਂ, ਗੁਰੂ ਗ੍ਰੰਥ ਵਿਚਾਰ ਕੋਸ਼, ਗੁਰੂ ਗ੍ਰੰਥ ਸੰਕੇਤ ਕੋਸ਼, ਗੁਰੂ ਗ੍ਰੰਥ ਮਹਿਮਾ ਕੋਸ਼, ਸੁਖਮਨੀ ਦਰਸ਼ਨ, ਮਹਾਤਮਾ ਸੰਤਰੇਣ, ਸ਼ਬਦਾਂਜਲੀ, ਗੁਰੂ ਦਰ।

ਗੁਰੂ ਦਰ

ਪਿਆਰਾ ਸਿੰਘ ਪਦਮ

ਸਿੰਘ ਬ੍ਰਦਰਜ਼
ਅੰਮ੍ਰਿਤਸਰ

ਸਮਰਪਣ

ਕਥਾਵਾਚਕ ਗਿਆਨੀ ਅਰਜਨ ਸਿੰਘ ਜੀ

ਤੇ

ਸੰਤ ਅਤਰ ਸਿੰਘ ਮਸਤੂਆਣਾ ਜੀ

ਨੂੰ

ਜਿਨ੍ਹਾਂ ਨੂੰ ਪਦਮ ਸਾਹਿਬ ਹਮੇਸ਼ਾ ਯਾਦ ਕਰਦੇ ਸਨ

ਗੁਰੂ ਦਰ



ਪਿਆਰਾ ਸਿੰਘ ਪਦਮ

ਗੁਰੂ ਦਰ



ਪਿਆਰਾ ਸਿੰਘ ਪਦਮ

ਦੋ ਸ਼ਬਦ

ਪਦਮ ਸਾਹਿਬ (ਦਸੰਬਰ 1921 – ਮਈ 2001) ਨੇ ਪੰਜਾਬੀ ਸਾਹਿੱਤ ਤੇ ਖ਼ਾਸ ਤੌਰ 'ਤੇ ਗੁਰਮਤਿ ਸਾਹਿੱਤ ਦੇ ਖੇਤਰ ਵਿਚ ਕੁਝ ਯੋਗਦਾਨ ਜ਼ਰੂਰ ਪਾਇਆ ਹੈ। ਮੱਧਕਾਲ ਦਾ ਸਾਹਿੱਤ ਤੇ ਵਿਸ਼ੇਸ਼ ਕਰਕੇ ਗੁਰਮਤਿ ਸਾਹਿੱਤ ਉਨ੍ਹਾਂ ਦੇ ਪ੍ਰਮੁੱਖ ਵਿਸ਼ੇ ਰਹੇ ਹਨ। ਉਹ ਲਗਾਤਾਰ ਖੋਜ ਕਾਰਜ ਵਿਚ ਜੁਟੇ ਰਹੇ। ਭਾਵੇਂ ਉਨ੍ਹਾਂ ਕੋਲ ਖੋਜ ਖੇਤਰ ਦੀਆਂ ਕੋਈ ਯੂਨੀਵਰਸਿਟੀ ਦੀਆਂ ਡਿਗਰੀਆਂ ਨਹੀਂ ਸਨ, ਪਰ ਉਹ ਕਹਿੰਦੇ ਹੁੰਦੇ ਸਨ ਕਿ ਮੈਂ ਤਾਂ ਬਿਨਾਂ ਹਥਿਆਰ ਲੜਨ ਵਾਲਾ ਸਿਪਾਹੀ ਹਾਂ। ਉਨ੍ਹਾਂ ਦਾ ਹਥਿਆਰ ਉਨ੍ਹਾਂ ਦੀ ਕਲਮ ਹੀ ਸੀ।

ਗੁਰੂ ਦਰ ਗੁਰਮਤਿ ਸਾਹਿੱਤ ਨਾਲ ਸੰਬੰਧਿਤ ਕੁਝ ਲੇਖਾਂ ਦਾ ਸੰਗ੍ਰਹਿ ਹੈ। ਭਾਵੇਂ ਪੰਜਾਬੀਅਤ ਤੇ ਪੰਜਾਬੀ ਸਭਿਆਚਾਰ ਬਾਰੇ ਵੀ ਕੁਝ ਲੇਖ ਸ਼ਾਮਿਲ ਕੀਤੇ ਗਏ ਹਨ, ਪਰ ਜ਼ਿਆਦਾ ਦਾ ਸੰਬੰਧ ਗੁਰੂ ਆਸ਼ਿਆਂ ਤੇ ਗੁਰੂ ਕੀਰਤੀ ਨਾਲ ਹੀ ਹੈ। ਸਭਿਆਚਾਰ ਦੀ ਗੱਲ ਕਰਦੇ ਹੋਏ ਵੀ ਉਹ ਗੁਰੂ ਦਰ ਜਾਂ ਗੁਰੂ ਘਰ ਤੋਂ ਲਾਂਭੇ ਨਹੀਂ ਹੁੰਦੇ। ਉਨ੍ਹਾਂ ਨੂੰ 'ਪੰਜਾਬ ਜੀਂਦਾ ਗੁਰਾਂ ਦੇ ਨਾਮ 'ਤੇ' ਉਪਰ ਅਟੱਲ ਵਿਸ਼ਵਾਸ ਸੀ। ਉਨ੍ਹਾਂ ਸਾਰੀ ਉਮਰ ਭਾਵੇਂ ਪੰਜਾਬੀ ਭਾਸ਼ਾ, ਸਾਹਿੱਤ ਤੇ ਸਭਿਆਚਾਰ ਨਾਲ ਸੰਬੰਧਿਤ ਕੰਮ ਕੀਤਾ, ਪਰ ਉਹ ਗੁਰੂ ਘਰ ਤੇ ਗੁਰੂ ਦਰ ਨਾਲ ਹਮੇਸ਼ਾ ਜੁੜੇ ਰਹੇ। ਸਿੱਖ ਮਿਸ਼ਨਰੀ ਕਾਲਜ ਦੀ ਪੜ੍ਹਾਈ ਤੇ ਅਧਿਆਪਨ ਨੇ ਉਨ੍ਹਾਂ ਵਿਚ ਮਿਸ਼ਨਰੀ ਸਪਿਰਟ ਇਸ ਹੱਦ ਤਕ ਭਰ ਦਿੱਤੀ ਸੀ ਕਿ ਉਹ ਆਖ਼ਰੀ ਦਮ ਤਕ ਇਸ ਉਪਰ ਪਹਿਰਾ ਦਿੰਦੇ ਰਹੇ। ਉਨ੍ਹਾਂ ਦੇ ਜਿਉਂਦੇ-ਜੀਅ ਅੰਤਲੀ ਪੁਸਤਕ *ਗੁਰੂ ਅਰਜਨੁ ਵਿਟਹੁ ਕੁਰਬਾਨੀ* ਇਸ ਦਾ ਪ੍ਰਤੱਖ ਸਬੂਤ ਹੈ। ਗੁਰੂ ਘਰ ਦੀ ਮਰਿਆਦਾ ਤੇ ਗੁਰੂ ਦਰ ਦੀ ਮਹਿਮਾ ਉਨ੍ਹਾਂ ਦੇ ਮਨ ਭਾਉਂਦੇ ਵਿਸ਼ੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰਬ-ਕਾਲੀ, ਸਰਬ-ਸਾਂਝਾ, ਸਰਬ-ਗੁਣ ਸੰਪੰਨ ਸਰਬੱਤ ਦੇ ਭਲੇ ਦਾ ਪੈਗ਼ਾਮ ਉਨ੍ਹਾਂ ਦੀ ਹਰ ਰਚਨਾ ਵਿਚ ਦੇਖਿਆ ਜਾ ਸਕਦਾ ਹੈ। 1931-32 ਵਿਚ ਹੀ ਕਥਾਵਾਚਕ ਗਿਆਨੀ ਅਰਜਨ ਸਿੰਘ ਜੀ ਦਾ ਅਜਿਹਾ ਪ੍ਰਭਾਵ ਕਬੂਲਿਆ ਕਿ ਉਹ ਆਪ ਵੀ ਇਸੇ ਰੰਗ ਵਿਚ ਰੰਗੇ ਗਏ। ਉਨ੍ਹਾਂ ਆਪਣੀਆਂ ਰਚਨਾਵਾਂ ਵਿਚ ਗੁਰਬਾਣੀ ਨੂੰ ਵਧੇਰੇ ਵਿਸ਼ਾਲ, ਵਿਗਿਆਨਕ, ਸਰਬ-ਕਾਲੀ ਰਾਹ ਦਸੇਰਾ ਤੇ ਚਾਨਣ ਮੁਨਾਰਾ ਦਰਸਾਇਆ ਹੈ। ਗੁਰੂ ਸਾਹਿਬਾਨ ਦੇ ਬਚਨ ਉਹ ਸੂਰਜ ਹਨ, ਜਿਨ੍ਹਾਂ ਦਾ ਚਾਨਣ ਕਦੇ ਮੱਧਮ ਨਹੀਂ ਪੈ ਸਕਦਾ। ਮਿਸ਼ਨਰੀ ਕਾਲਜ ਦੀ ਪੜ੍ਹਾਈ, ਭਾਸ਼ਾ ਵਿਭਾਗ ਦੀ ਨੌਕਰੀ ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ

ਸਾਹਿਬ ਅਧਿਐਨ ਵਿਭਾਗ ਦੇ ਕਾਰਜ-ਕਾਲ ਨੇ ਉਨ੍ਹਾਂ ਦੀਆਂ ਲਿਖਤਾਂ ਨੂੰ ਪ੍ਰਭਾਵਿਤ ਕੀਤਾ।

ਗੁਰੂ ਦਰ ਵਿਚ ਪਦਮ ਜੀ ਦੇ ਉਹ ਲੇਖ ਸ਼ਾਮਿਲ ਕੀਤੇ ਗਏ ਹਨ, ਜੋ ਪਹਿਲਾਂ ਕਿਤਾਬੀ ਰੂਪ ਵਿਚ ਨਹੀਂ ਛਪੇ, ਪਰ ਸਮਕਾਲੀ ਰਸਾਲੇ *ਸੰਤ ਸਿਪਾਹੀ*, *ਗੁਰਮਤਿ ਪ੍ਰਕਾਸ਼*, *ਪੰਜਾਬੀ ਦੁਨੀਆਂ*, *ਦੇਸ ਪ੍ਰਦੇਸ*, *ਜਾਗ੍ਰਤੀ*, *ਪੰਜਾਬੀ ਟ੍ਰਿਬਿਊਨ* ਵਿਚ ਸਮੇਂ ਸਮੇਂ ਛਪਦੇ ਰਹੇ ਜਾਂ ਭਾਸ਼ਾ ਵਿਭਾਗ ਤੇ ਪੰਜਾਬੀ ਯੂਨੀਵਰਸਿਟੀ ਦੇ ਸੈਮੀਨਾਰਾਂ ਵਿਚ ਪੜ੍ਹੇ ਗਏ। ਕੁਝ ਲੇਖ ਬਹੁਤ ਹੀ ਪੁਰਾਣੇ ਹਨ। 'ਸਿੱਖ ਵਿਦਵਾਨ' *ਸੰਤ ਸਿਪਾਹੀ* ਵਿਚ ਛਪਿਆ ਬਹੁਤ ਪੁਰਾਣਾ ਲੇਖ ਹੈ। ਭਾਵੇਂ ਇਨ੍ਹਾਂ ਵਿਦਵਾਨਾਂ ਬਾਰੇ ਕਾਫ਼ੀ ਖੋਜ-ਕਾਰਜ ਹੋ ਚੁੱਕੇ ਹਨ, ਕਈਆਂ ਬਾਰੇ ਐਮ.ਫ਼ਿਲ. ਜਾਂ ਪੀਐੱਚ.ਡੀ. ਦੇ ਥੀਸਸ ਵੀ ਲਿਖੇ ਜਾ ਚੁੱਕੇ ਹਨ, ਪਰ ਇਹ 1955-56 ਦਾ ਲਿਖਿਆ ਲੇਖ ਹੈ। ਇਸੇ ਤਰ੍ਹਾਂ 'ਸਿੰਘ ਰਹਿਤ ਮਰਯਾਦਾ' ਸਿੱਖ ਮਿਸ਼ਨਰੀ ਕਾਲਜ ਸਮੇਂ ਦਾ ਲੇਖ ਹੈ। ਵਕਤ ਨਾਲ ਵਿਚਾਰਾਂ ਵਿਚ ਤਬਦੀਲੀ ਆਉਣੀ ਲਾਜ਼ਮੀ ਹੈ। ਰਾਗਮਾਲਾ ਨਾਲ ਸੰਬੰਧਿਤ ਲੇਖ ਵੀ ਸਿੱਖ ਮਿਸ਼ਨਰੀ ਕਾਲਜ ਸਮੇਂ ਲਿਖਿਆ ਗਿਆ ਤੇ *ਸੰਤ ਸਿਪਾਹੀ* ਵਿੱਚੋਂ ਲਿਆ ਗਿਆ ਹੈ। ਉਨ੍ਹਾਂ ਦਾ ਵਿਚਾਰ ਸੀ ਕਿ ਸਮੇਂ ਨਾਲ ਬਦਲਣਾ ਜ਼ਰੂਰੀ ਹੈ। ਗੁਰਮਤਿ ਵਿਚਾਰਧਾਰਾ ਨੂੰ ਸਮੇਂ ਦਾ ਹਾਣੀ ਬਣਾਓ, ਇਸ ਦਾ ਵਿਸ਼ਲੇਸ਼ਣ ਵਧੇਰੇ ਵਿਗਿਆਨਕ ਤੇ ਉਸਾਰੂ ਹੋਣਾ ਚਾਹੀਦਾ ਹੈ।

ਮੈਂ ਇਹ ਕੰਮ ਕਰਨ ਵਿਚ ਬਹੁਤ ਲੰਬਾ ਅਰਸਾ ਐਵੇਂ ਹੀ ਬਿਤਾਅ ਦਿੱਤਾ ਹੈ। ਗੁਰੂ ਘਰ ਵਾਂਗ *ਗੁਰੂ ਦਰ* ਵੀ ਪੰਜਾਬੀ ਪਾਠਕ ਜ਼ਰੂਰ ਪੜ੍ਹਨਗੇ ਤੇ ਪਦਮ ਸਾਹਿਬ ਨੂੰ ਯਾਦ ਕਰਨਗੇ। ਯਤਨ ਕਰਾਂਗੀ ਕਿ ਉਨ੍ਹਾਂ ਦੇ ਕੁਝ ਹੋਰ ਲੇਖ ਵੀ ਸੰਪਾਦਨ ਕਰ ਸਕਾਂ।

ਮੈਂ ਵੀਰ ਸ. ਗੁਰਸਾਗਰ ਸਿੰਘ ਜੀ ਦੀ ਤਹਿ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਇਸ ਨੂੰ ਪੁਸਤਕ ਰੂਪ ਵਿਚ ਛਾਪਣ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਹੀ ਹੈ।

—ਹਰਿੰਦਰ ਕੌਰ

ਕਲਮ ਮੰਦਿਰ,
ਲੋਇਰ ਮਾਲ ਰੋਡ,
ਪਟਿਆਲਾ।

ਪੰਜਾਬੀਅਤ ਕੀ ਹੈ ?

ਸਾਡਾ ਦੇਸ਼ ਧਰਮ ਪ੍ਰਧਾਨ ਜ਼ਰੂਰ ਹੈ, ਪਰ ਧਰਮ ਕਰਮ-ਕਾਂਡ ਪ੍ਰਧਾਨ ਹੈ। ਧਰਮ ਦੀ ਅਸਲੀ ਸਪਿਰਿਟ ਮੱਧਮ ਪੈ ਜਾਣ ਕਾਰਨ ਹਰ ਧਰਮ ਵਾਲਾ ਆਪਣੇ ਧਰਮ ਨੂੰ ਵਡਿਆ ਕੇ ਤੇ ਦੂਜਿਆਂ ਨੂੰ ਛੁਟਿਆ ਕੇ ਸੰਤੁਸ਼ਟ ਹੁੰਦਾ ਦਿੱਸਦਾ ਹੈ। ਇਹ ਬਿਰਤੀ ਭੇਦ-ਭਾਵ ਵਧਾਉਂਦੀ ਤੇ ਧਰਮ ਦੀ ਥਾਂ ਸੰਪ੍ਰਦਾਇਕਤਾ ਨੂੰ ਗੱਦੀ ਬਿਠਾਉਂਦੀ ਹੈ। ਪੰਜਾਬ ਵਿਚ ਸਿੱਖ, ਹਿੰਦੂ, ਮੁਸਲਿਮ, ਈਸਾਈ ਵਸੋਂ ਹੈ, ਜੋ ਆਪਣੀ ਆਪਣੀ ਥਾਂ ਸਰਬੋਤਮਤਾ ਦਾ ਦਾਅਵਾ ਕਰਦੀ ਦੂਜਿਆਂ ਨੂੰ ਹੇਠਾਂ ਰੱਖ ਕੇ ਰਾਜ਼ੀ ਹੈ। ਇਸ ਨਾਲ ਸਰਬ-ਸਾਂਝੀਵਾਲਤਾ ਤੇ ਸਰਬ-ਵਿਆਪਕ ਦ੍ਰਿਸ਼ਟੀਕੋਣ ਨੂੰ ਠੇਸ ਲੱਗਦੀ ਹੈ। ਇਸ ਦਾ ਇਲਾਜ ਵਰਤਮਾਨ ਦਹਾਕਿਆਂ ਵਿਚ ਦਾਨੇ-ਬੀਨੇ ਪੰਜਾਬੀਆਂ ਨੇ ਇਹ ਲੱਭਿਆ ਹੈ ਕਿ 'ਪੰਜਾਬੀਅਤ' ਨੂੰ ਨਵਾਂ ਮਜ਼੍ਹਬ ਜਾਂ ਨਵਾਂ ਈਮਾਨ ਬਣਾਇਆ ਜਾਵੇ। ਇਹ ਇਕ ਅੱਛੀ ਗੱਲ ਹੈ, ਭਾਵੇਂ ਸਾਡੇ ਬਹੁ-ਰਾਸ਼ਟਰੀ ਤੇ ਬਹੁ-ਧਰਮੀ ਦੇਸ਼ ਵਿਚ ਹੋਰ ਕਿਸੇ ਖਿੱਤੇ ਅੰਦਰ ਬੰਗਾਲੀਅਤ, ਮਰਾਠੀਅਤ ਜਾਂ ਤਾਮਲਤਾਈ ਆਦਿ ਦੇ ਨਾਂ 'ਤੇ ਅਜਿਹੀ ਕੋਈ ਲਹਿਰ ਵਜੂਦ ਵਿਚ ਆਈ ਨਹੀਂ ਦਿੱਸਦੀ, ਪਰ ਪੰਜਾਬ ਲਈ ਇਹ ਫ਼ਖ਼ਰ ਵਾਲੀ ਗੱਲ ਹੈ ਕਿ ਉਹ ਸਮੁੱਚੀ ਮਨੁੱਖਤਾ ਤੇ ਭਾਰਤੀਅਤਾ ਨੂੰ ਏਕਤਾ ਦੀ ਲੜੀ ਵਿਚ ਪ੍ਰੋਣ ਲਈ ਅਜਿਹੇ ਸੰਕਲਪ ਦੀ ਸਿਰਜਣਾ ਕਰ ਕੇ ਇਕ ਸਿਹਤਮੰਦ ਪਰੰਪਰਾ ਨੂੰ ਜਨਮ ਦੇ ਰਹੇ ਹਨ।

ਇਹ ਲੋੜ ਵੀ ਤਾਂ ਹੀ ਪੈਦਾ ਹੋਈ ਹੈ ਕਿ ਮਜ਼੍ਹਬੀ ਹਰਾਰਤ ਤੇ ਸਿਆਸੀ ਸ਼ਰਾਰਤ ਕਾਰਨ ਪੰਜਾਬੀ ਲੋਕ ਪੂਰਬੀ ਪੰਜਾਬ, ਪੱਛਮੀ ਪੰਜਾਬ, ਹਰਿਆਣਾ, ਹਿਮਾਚਲ, ਦਿੱਲੀ ਅਤੇ ਹਿੰਦ ਦੇ ਹੋਰ ਪ੍ਰਾਂਤਾਂ ਅਤੇ ਬਾਹਰ ਵਿਦੇਸ਼ਾਂ ਵਿਚ, ਸੱਤੀਂ ਥਾਈਂ ਵੰਡੇ ਹੋਏ ਹਨ। ਇਹ ਕਰਮਯੋਗੀ ਅਗਰਗਾਮੀ ਲੋਕ ਨਿਚਲੇ ਤਾਂ ਬੈਠਣ ਵਾਲੇ ਨਹੀਂ, ਹਰ ਸਮੇਂ, ਹਰ ਦੇਸ਼ ਵਿਚ ਇਨ੍ਹਾਂ ਦੀ ਰਸਾਈ ਯਕੀਨੀ ਬਣੀ ਰਹੀ ਹੈ। ਪੁਰਸ਼ਾਰਥ ਇਨ੍ਹਾਂ ਦਾ ਪੱਕਾ ਪ੍ਰੋਗਰਾਮ ਹੈ। ਗੁਰੂ ਬਾਬਾ ਸਮਝਾ ਗਿਆ ਹੈ ਕਿ ਕਿਸਮਤ ਜਾਂ ਕਰਮਾਂ ਦੇ ਰੋਣੇ ਨਾ ਰੋਵੋ, ਆਪਣਾ ਕੰਮ ਆਪ ਕਰਨ ਦਾ ਤਹੱਈਆ ਕਰੋ।

"ਆਪਣ ਹਥੀ ਆਪਣਾ, ਆਪੇ ਹੀ ਕਾਜੁ ਸਵਾਰੀਐ"—ਗੁਰੂ ਨਾਨਕ। ਇਸ ਸਿੱਖਿਆ ਤੇ ਸੁਭਾ ਸਦਕਾ ਪੰਜਾਬੀ ਲੋਕ ਸੰਸਾਰ ਦੇ ਹਰ ਖਿੱਤੇ ਵਿਚ ਮੌਜੂਦ ਹਨ। ਇਹ ਚੱਕਰਵਰਤੀ ਰਾਜੇ ਕਿਧਰੇ ਸਾਧ ਬਣ ਕੇ, ਕਿਤੇ ਜੋਧੇ ਸਿਪਾਹੀ ਬਣ ਕੇ ਜਾਂ ਕਿਤੇ ਕਾਰੋਬਾਰੀ ਵਿਉਪਾਰੀ ਬਣ ਕੇ ਥਾਂ ਥਾਂ ਮੱਲਾਂ ਮਾਰਦੇ ਫਿਰਦੇ ਹਨ। ਇਸ ਸੈਲਾਨੀ

ਜੀਵਨ ਕਾਰਨ ਇਨ੍ਹਾਂ ਦਾ ਨਜ਼ਰੀਆ ਵਿਸ਼ਾਲ ਤੇ ਸੁਭਾਉ ਮਿਲਣਸਾਰ ਬਣਦਾ ਗਿਆ ਤੇ ਸਰਬ-ਸਾਂਝੀਵਾਲਤਾ ਪੰਜਾਬੀਆਂ ਦਾ ਮੀਰੀ ਗੁਣ ਹੋ ਨਿਬੜਿਆ ਹੈ। ਇਹ ਆਪਣੇ ਧਾਰਮਿਕ ਵਿਸ਼ਵਾਸਾਂ ਵਿਚ ਤੇ ਸਮਾਜਿਕ ਵਰਤਾਰੇ ਵਿਚ ਸੱਚਮੁੱਚ ਹੀ ਸਰਬ-ਵਿਆਪੀ ਗੁਣਾਂ ਦੇ ਧਾਰਨੀ ਹਨ। ਇਹ ਗੁਣਾਂ ਦਾ ਗੁਲਦਸਤਾ ਹੀ 'ਪੰਜਾਬੀਅਤ' ਹੈ, ਜੋ ਹਰ ਪੰਜਾਬੀ ਆਏ-ਗਏ ਨੂੰ ਪੇਸ਼ ਕਰਦਾ 'ਜੀ ਆਇਆਂ' ਆਖਦਾ ਹੈ। ਇਹ ਗੁਣ ਹਨ—ਸਰਬ-ਵਿਆਪੀ ਦ੍ਰਿਸ਼ਟੀ, ਸਨੇਹ ਭਾਵ, ਸ੍ਵੈ-ਮਾਣ, ਸਾਹਸ, ਸਹਿਨਸ਼ੀਲਤਾ, ਸੂਰਮਤਾਈ, ਸੁਤੰਤਰਤਾ, ਸਾਂਝੇ ਰਲ ਬੈਠਣਾ ਤੇ ਸ਼ੁਗਲ ਮੇਲੇ ਕਰਨ ਦੀ ਪ੍ਰਵਿਰਤੀ ਆਦਿ।

ਪੰਜਾਬੀਅਤ ਸਰਬ-ਵਿਆਪੀ ਦ੍ਰਿਸ਼ਟੀ ਦੀ ਲਖਾਇਕ ਹੈ। ਅਜੋਕਾ ਸੰਸਾਰ ਸੰਕੀਰਣਤਾ ਦਾ ਸ਼ਿਕਾਰ ਹੈ। ਮਜ਼ਬੀ ਕੱਟੜਤਾ, ਰਾਜਨੀਤਕ ਪੈਂਤੜੇਬਾਜ਼ੀ ਤੇ ਵਿਚਾਰਧਾਰਕ ਖਹਿਬਾਜ਼ੀ ਨੇ ਮਨੁੱਖਤਾ ਨੂੰ ਵੰਡਿਆ ਹੋਇਆ ਹੈ। ਜਿਤਨਾ ਚਿਰ ਸਰਬ-ਵਿਆਪੀ ਦ੍ਰਿਸ਼ਟੀ ਨਾ ਅਪਣਾਈ ਜਾਵੇ, ਉਤਨਾ ਚਿਰ ਮਨੁੱਖ ਇਸ ਜਾਲ ਵਿੱਚੋਂ ਨਿਕਲ ਨਹੀਂ ਸਕਦਾ। ਸਾਡੇ ਦੇਸ਼ ਦਾ ਬਹੁਤਾ ਭਾਗ ਕਿਸੇ ਵਿਸ਼ੇਸ਼ ਵਿਅਕਤੀ, ਕਲਪਿਤ ਦੇਵੀ-ਦੇਵਤਾ ਜਾਂ ਬੁੱਤਾਂ ਨੂੰ ਇਸ਼ਟ ਮੰਨ ਕੇ ਪੂਜਦਾ ਆ ਰਿਹਾ ਹੈ, ਪਰ ਪੰਜਾਬੀ ਦੀ ਇਹ ਖ਼ੂਬੀ ਧਿਆਨਯੋਗ ਹੈ ਕਿ ਉਹ ਇਕ ਪਰਮੇਸ਼ਰ ਨੂੰ ਹੀ ਇਸ਼ਟ ਮੰਨਦਾ ਹੈ। ਰਿਗਵੇਦ ਦਾ ਬਜ਼ੁਰਗ ਰਿਸ਼ੀ ਸਤਲੁਜ ਕੰਢੇ ਬੈਠਾ ਦੱਸ ਰਿਹਾ ਹੈ ਕਿ ਭਾਈ ਪਰਮ ਸੱਚ ਇੱਕੋ ਹੈ, ਭਾਵੇਂ ਵਿਦਵਾਨ ਉਸ ਨੂੰ ਕਈ ਤਰ੍ਹਾਂ ਨਾਲ ਬਿਆਨ ਕਰਦੇ ਹਨ:

ਏਕੋ ਸਦ, ਵਿਪ੍ਰਾ ਬਹੁਧਾ ਵਦੰਤਿ।

ਸੂਫ਼ੀ ਦਰਵੇਸ਼ਾਂ ਦਾ ਨਗ਼ਮਾ ਇਹੋ ਹੈ: 'ਇੱਕੋ ਅਲਫ਼ ਤੇਰੇ ਦਰਕਾਰ'। ਗੁਰੂ ਸਾਹਿਬ ਤਾਂ ਬਹੁਤ ਹੀ ਸਪੱਸ਼ਟ ਹਨ:

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥
ਕੋਈ ਸੇਵੈ ਗੁਸਈਆ ਕੋਈ ਅਲਾਹਿ॥
ਕਾਰਣ ਕਰਣ ਕਰੀਮ॥
ਕਿਰਪਾ ਧਾਰਿ ਰਹੀਮ॥

(ਰਾਮਕਲੀ ਮਹਲਾ ੫, ਪੰਨਾ 885)

ਪੰਜਾਬ ਦੀ ਜਨ-ਸਾਧਾਰਨ ਦੀ ਆਵਾਜ਼ ਵੀ ਇਸੇ ਸੁਰ ਵਿਚ ਗੂੰਜਦੀ ਹੈ: 'ਅੱਲ੍ਹਾ ਵਾਹਿਗੁਰੂ ਖ਼ੁਦਾ ਦਾ ਨਾਮ ਇਕ ਹੈ; ਭਰਮਾਂ 'ਚ ਪੈ ਗਈ ਦੁਨੀਆਂ।' ਇਸ ਰੱਬੀ ਏਕਤਾ ਦੇ ਸਬਕ ਨੇ "ਸਭ ਮਹਿ ਜੋਤਿ ਜੋਤਿ ਹੈ ਸੋਇ"[1] ਦਾ ਰਾਹ ਦਿਖਾ ਕੇ ਮਨੁੱਖੀ ਏਕਤਾ ਦਾ ਬਾਨ੍ਹਣੂ ਬੰਨ੍ਹਣ ਵਿਚ ਵੀ ਡਾਢੀ ਸਫਲਤਾ ਹਾਸਿਲ ਕੀਤੀ ਹੈ। ਸਾਂਝੇ ਮੰਦਰ, ਸਾਂਝੀਆਂ ਸੰਗਤਾਂ, ਸਾਂਝੇ ਲੰਗਰ ਤੇ ਸਾਂਝੇ ਧਰਮ ਗ੍ਰੰਥ ਇਸੇ ਸਰਬ-ਸਾਂਝੀ ਦ੍ਰਿਸ਼ਟੀ ਦਾ ਚਮਤਕਾਰ ਹਨ, ਨਹੀਂ ਤਾਂ ਜਾਤ-ਪਾਤ ਤੇ ਵਰਨ-ਆਸ਼ਰਮ ਦੀ ਵੰਡ ਵਿਚ ਵੰਡਿਆ ਸਮਾਜ ਕਿਵੇਂ ਇਕੱਠਾ ਹੋ ਸਕਦਾ ਸੀ। ਮਾਨਸ ਕੀ ਜਾਤਿ ਇਕ ਪਛਾਣਨ ਦਾ ਨਾਅਰਾ ਪੰਜਾਬ ਵਿਚ ਗੂੰਜਿਆ, ਜਿਸ ਨੇ ਭੇਦ-ਭਾਵ ਤੇ ਨਫ਼ਰਤ ਦਾ

1. ਧਨਾਸਰੀ ਮਹਲਾ ੧, ਪੰਨਾ 13.

ਕੂੜਾ ਕਰਕਟ ਹੂੰਝਿਆ। ਕੁਝ ਲੋਕ ਗ਼ਰੀਬ ਅਮੀਰ ਦੀ ਵੰਡ ਕਰਦੇ ਹਨ, ਗੁਰੂ ਸਾਹਿਬਾਨ ਨੇ ਇਸ ਵੰਡ ਉੱਤੇ ਵੀ ਲੀਕ ਫੇਰ ਦਿੱਤੀ। ਉਨ੍ਹਾਂ ਸਪੱਸ਼ਟ ਐਲਾਨ ਕੀਤਾ ਕਿ ਮੇਰਾ ਰਿਸ਼ਤਾ ਤਾਂ ਉਨ੍ਹਾਂ ਦੀਨ-ਦਲਿਤ ਕਿਰਤੀ ਲੋਕਾਂ ਨਾਲ ਹੈ, ਜਿਨ੍ਹਾਂ ਨੂੰ ਪੁਰਾਣੀਆਂ ਮਾਨਤਾਵਾਂ ਨੀਚ ਜਾਂ ਸ਼ੂਦਰ ਕਰਾਰ ਦੇ ਕੇ ਤ੍ਰਿਸਕਾਰਦੀਆਂ ਸਨ, ਵੱਡਿਆਂ ਤੋਂ ਮੈਂ ਕੀ ਲੈਣਾ ਹੈ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥

(ਸਿਰੀਰਾਗੁ ਮਹਲਾ ੧, ਪੰਨਾ 15)

ਅਜੋਕੀ ਹਰ ਰਾਜਨੀਤਕ ਪਾਰਟੀ ਆਪਣਾ ਵੋਟ-ਬੈਂਕ ਭਰਨ ਲਈ ਇਨ੍ਹਾਂ ਦੀਨਾਂ, ਦਲਿਤਾਂ ਦਾ ਪੱਖ ਲੈਂਦੀ ਹੈ, ਪਰ ਗੁਰੂਆਂ, ਸੰਤਾਂ ਦੇ ਸਨਮੁੱਖ ਐਸਾ ਸਵਾਰਥੀ ਉਦੇਸ਼ ਨਹੀਂ ਸੀ। ਉਹ ਵੈਸੇ ਹੀ ਸਰਬ-ਵਿਆਪੀ ਦ੍ਰਿਸ਼ਟੀ ਰੱਖਣ ਵਾਲੇ ਪਰਉਪਕਾਰੀ ਮਹਾਂਪੁਰਖ ਸਨ, ਜਿਨ੍ਹਾਂ 'ਸਰਬੱਤ ਦਾ ਭਲਾ ਮਿਸ਼ਨ' ਬਣਾਇਆ। ਇਸ ਯੂਨੀਵਰਸਲ ਨਜ਼ਰੀਏ ਦਾ ਹੀ ਨਤੀਜਾ ਹੈ ਕਿ ਹਕੀਕਤ-ਸ਼ਨਾਸ ਮਨੁੱਖ ਗੀਤਾ ਦੇ ਕਥਨ ਵਾਂਗ ਆਪਣੇ ਵਿਚ ਸਭ ਨੂੰ ਤੇ ਸਭ ਵਿਚ ਆਪਣੇ ਆਪ ਨੂੰ ਤੱਕਦਾ ਸਮਭਾਵ ਦਾ ਵਰਤਾਰਾ ਵਰਤਦਾ ਮਹਿਸੂਸ ਕਰਦਾ ਹੈ। ਜ਼ਿੰਦਗੀ ਦਾ ਇਹ ਦ੍ਰਿਸ਼ਟੀਕੋਣ ਪ੍ਰੇਮ ਪਿਆਰ ਦੀ ਭਾਵਨਾ ਪੈਦਾ ਕਰਦਾ ਹੈ। ਇਹੋ ਕਾਰਨ ਹੈ ਕਿ ਪੰਜਾਬੀਆਂ ਵਿਚ ਹੋਰਾਂ ਨਾਲੋਂ ਮੁਹੱਬਤ ਦਾ ਜਜ਼ਬਾ ਵਧੇਰੇ ਹੈ।

ਇਹ ਪਿਆਰ ਤੇ ਸਨੇਹ ਦਾ ਹੀ ਸਿੱਟਾ ਹੈ ਕਿ ਪੰਜਾਬੀ ਜਿਥੇ ਵੀ ਜਾਂਦੈ; ਝੰਡੇ ਝੁਲਾਉਂਦਾ, ਲੋਹ ਲੰਗਰ ਤਪਾਉਂਦਾ ਤੇ ਪ੍ਰਸ਼ਾਦੇ ਸਜਾਉਂਦਾ, ਨਗਾਰਾ ਵਜਾਉਂਦਾ ਹੈ ਕਿ ਆਓ ਰਲ-ਮਿਲ ਕੇ ਗੱਫੇ ਲਾਈਏ। ਮਹਿਮਾਨ ਨਿਵਾਜ਼ੀ ਇਸ ਦਾ ਮੋਹਰੀ ਗੁਣ ਹੈ। ਥਾਂ ਥਾਂ ਦੇਸਾਂ-ਪਰਦੇਸਾਂ ਵਿਚ ਬਣੇ ਗੁਰਦੁਆਰੇ ਹਰ ਮੁਸਾਫ਼ਰ ਦਾ ਗੈਸੱਟ ਹਾਊਸ ਹਨ। ਇਹ ਕੇਵਲ ਧਰਮ-ਸਥਾਨ ਹੀ ਨਹੀਂ, ਬਲਕਿ ਰਾਜਸੀ ਇਨਕਲਾਬਾਂ ਦੇ ਵੀ ਗੜ੍ਹ ਬਣੇ ਰਹੇ ਹਨ। ਇਨ੍ਹਾਂ ਦਾ ਮਿਸ਼ਨ ਇਹੋ ਸੀ:

'ਜੋ ਜੀ ਆਵੇ ਸੋ ਰਾਜ਼ੀ ਜਾਵੇ।'

'ਦੇਗ ਤੇਗ ਫ਼ਤਹਿ।'

ਆਮ ਸਿਆਣੇ ਪ੍ਰੇਮ ਦੀਆਂ ਇਸ਼ਕ ਹਕੀਕੀ ਤੇ ਇਸ਼ਕ ਮਜ਼ਾਜੀ ਕਰਕੇ ਵੰਡਾਂ ਵੀ ਪਾਉਂਦੇ ਹਨ, ਪਰ ਪੰਜਾਬੀ ਲਈ ਦੋਵੇਂ ਇਸ਼ਕ ਪ੍ਰਵਾਨ ਹਨ। ਉਹ ਪ੍ਰੇਮ-ਪਿਆਰ ਦਾ ਮੁਜੱਸਮਾ ਹੈ ਤੇ ਪ੍ਰੀਤਿ ਦਾ ਵਣਜਾਰਾ, ਕਿਉਂਕਿ ਉਹ ਜਗਤ ਨੂੰ ਮਿੱਥਿਆ ਮੰਨ ਕੇ ਸਿਰ ਸੁਆਹ ਨਹੀਂ ਪਾਉਂਦਾ, ਸਗੋਂ ਰੰਗ-ਰਲੀਆਂ ਮਨਾਉਂਦਾ ਹੁਸਨ ਇਸ਼ਕ ਤੋਂ ਘੋਲ ਘੁਮਾਉਂਦਾ ਹੈ। ਸਾਡੇ ਰੁਮਾਂਟਿਕ ਕਿੱਸੇ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਪ੍ਰੇਮੀ ਰੂਹਾਂ ਸਿਰ ਧੜ ਦੀ ਬਾਜ਼ੀ ਲਾ ਕੇ ਵੀ ਸੱਜਣਾਂ ਪਿਆਰਿਆਂ ਨੂੰ ਮਿਲਦੀਆਂ ਰਹਿੰਦੀਆਂ ਹਨ। ਸ਼ੂਕਦੇ ਦਰਿਆਵਾਂ ਨੂੰ ਕੱਚੇ ਘੜਿਆਂ ਨਾਲ ਪਾਰ ਕਰਨਾ ਤੇ ਤਪਦੇ ਥਲਾਂ ਨੂੰ ਨਾਜ਼ੁਕ ਕਦਮਾਂ ਨਾਲ ਠੰਢਾ ਠਾਰ ਕਰਨਾ ਆਸ਼ਕਾਂ ਦਾ ਕਿਰਦਾਰ ਰਿਹਾ

ਹੈ। ਇਹ ਤਖ਼ਤ ਹਜ਼ਾਰੇ ਦੇ ਮਾਲਕ ਤੇ ਇੱਜ਼ਤਦਾਰ ਸੁਦਾਗਰ ਹੁੰਦੇ ਹੋਏ ਵੀ ਚਾਕ ਜਾਂ ਮਹੀਂਵਾਲ ਬਣਨ ਦਾ ਚਾਉ ਰੱਖਦੇ ਸਨ। ਮਾਣ-ਤਾਣ ਹੁੰਦਿਆਂ ਨਿਮਾਣੇ-ਨਿਤਾਣੇ ਕਹਾਉਣਾ, ਆਪਾ ਗਵਾਉਣਾ, ਪ੍ਰੀਤ ਮਾਰਗ ਦਾ ਪਹਿਲਾ ਪੜਾਉ ਹੈ, ਅੱਗੇ ਚੱਲ ਸੋ ਚੱਲ। ਇਸ ਇਸ਼ਕ ਦੀ ਲੜਾਈ ਵਿਚ ਕਈ ਵਾਰ ਤੀਰ ਮੁੱਕ ਜਾਂਦੇ, ਲੜਾਈ ਮੁੱਕ ਜਾਂਦੀ, ਪਰ ਢੱਡ ਸਾਰੰਗੀ ਵਾਲਾ ਮਿਰਜ਼ੇ ਨੂੰ ਮਰਨ ਨਹੀਂ ਦਿੰਦਾ, ਉਹ ਦੱਸਦਾ ਰਹਿੰਦਾ ਹੈ ਕਿ ਸਾਹਿਬਾਂ ਨੂੰ ਕਿਵੇਂ ਕੱਢ ਕੇ ਲਿਆਉਣਾ ਹੈ, ਸੋ ਪ੍ਰੀਤਿ ਦਾ ਜਜ਼ਬਾ ਇਤਨਾ ਹਾਵੀ ਹੈ ਕਿ ਉਹ ਅਣਹੋਏ ਕੰਮ ਵੀ ਕਥ ਕੇ ਦਮ ਲੈਂਦਾ ਹੈ। ਪੰਜਾਬੀਆਂ ਦਾ ਆਚਾਰ ਸੱਚ ਪੁੱਛੋ ਤਾਂ ਪੰਜਾਂ ਪਾਂਡਵਾਂ ਵਾਲਾ ਹੈ, ਜਿਨ੍ਹਾਂ ਵਿੱਚੋਂ ਦ੍ਰੋਪਦੀ ਕਿਸੇ ਲਈ ਉਪਰੀ ਨਹੀਂ। ਭਾਵੇਂ ਪਿਆਰ ਕਬਜ਼ਾ ਨਹੀਂ, ਪਹਿਚਾਨ ਹੈ, ਦੱਸਣ ਵਾਲਾ ਵਕੀਲ ਪਿੱਛੋਂ ਹੋਇਆ, ਪਰ ਪੰਜਾਬੀ ਗੱਭਰੂ ਇਹ ਰਾਜ਼ ਪਹਿਲਾਂ ਤੋਂ ਹੀ ਜਾਣਦੇ ਬੁੱਝਦੇ ਹਨ।

ਇਸ ਪ੍ਰੇਮੀ ਵਰਤਾਰੇ ਦਾ ਹੀ ਨਤੀਜਾ ਹੈ ਕਿ ਪੰਜਾਬੀਅਤ ਆਪਣੇ ਅੰਦਰ ਸਭ ਕੁਝ ਸਮੋਈ ਬੈਠੀ ਹੈ। ਉਸ ਦੀ ਛਾਤੀ ਅੰਦਰ ਐਸਾ ਵਿਸ਼ਾਲ ਦਰਿਆ ਵਗਦਾ ਹੈ ਕਿ ਸਭ ਨਦੀ ਨਾਲਿਆਂ ਤੇ ਵਾਹੜਿਆਂ ਨੂੰ ਵਿਚੇ ਸਮੋਈ ਜਾਂਦਾ ਹੈ। ਸਰਹੱਦੀ ਪ੍ਰਾਂਤ ਹੋਣ ਕਰਕੇ ਬਾਹਰੋਂ ਆਉਣ ਵਾਲੇ ਸਭ ਹਮਲਾਵਰ ਪੰਜਾਬੀਆਂ ਦੇ ਹੀ ਮੱਥੇ ਲੱਗਦੇ ਰਹੇ ਹਨ। ਸੋ ਈਰਾਨੀ, ਯੂਨਾਨੀ, ਅਰਬ, ਤੁਰਕ, ਮੁਗ਼ਲ, ਪਠਾਣ ਜੋ ਵੀ ਆਏ, ਇਸ ਮਿੱਟੀ ਵਿਚ ਮਿਲਦੇ ਗਏ, ਸਭ ਦੀਆਂ ਖ਼ੂਬੀਆਂ ਤੇ ਖ਼ਾਮੀਆਂ ਜਮ੍ਹਾਂ ਹੋ ਕੇ ਪੰਜਾਬੀਅਤ ਵਿਚ ਲੀਨ ਹੁੰਦੀਆਂ ਗਈਆਂ, ਇਹ ਇਤਿਹਾਸਕ ਸੱਚਾਈ ਹੈ। ਸੋ, ਸਾਡੀ ਸਮੋਣ ਸ਼ਕਤੀ ਬੇਅੰਦਾਜ਼ ਹੈ, ਸਾਡਾ ਸੁਭਾਉ ਬੜਾ ਰਲਾਉਣਾ ਹੈ। ਯੂਰਪੀਨ ਗੋਰਿਆਂ ਤੇ ਨੈਰੋਬੀ ਕਾਲਿਆਂ ਸਭ ਨਾਲ ਅਸੀਂ ਬਰਾਬਰ ਰਲ-ਮਿਲ ਬੈਠਦੇ ਹਾਂ। ਸਾਡਾ ਸਫ਼ਰ ਸਾਗਰ ਤੋਂ ਸਹਿਰਾ ਤਕ ਹੈ। ਅਸੀਂ ਸਤਲੁਜ ਤੇ ਸਿੰਧ ਦੇ ਸਪੂਤ ਕਿਸੇ ਨਾਲ ਭਿੰਨ-ਭੇਦ ਨਹੀਂ ਕਰਦੇ, ਸਭ ਨੂੰ ਆਪਣੇ ਕਾਫ਼ਲੇ ਵਿਚ ਮਿਲਾ ਕੇ ਖ਼ੁਸ਼ ਹੁੰਦੇ ਤੇ ਉੱਚੀ ਗਾਇਨ ਕਰਦੇ ਹਾਂ :

ਬਿਸਰਿ ਗਈ ਸਭ ਤਾਤਿ ਪਰਾਈ॥...
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥

(ਕਾਨੜਾ ਮਹਲਾ ੫, ਪੰਨਾ 1299)

ਰਲਾਉਂਦੇ ਹੋਣ ਦਾ ਇਹ ਭਾਵ ਹਰਗਿਜ਼ ਨਹੀਂ ਕਿ ਅਸੀਂ ਆਪਣੀ ਹਸਤੀ ਗੁਆ ਲਈ ਹੈ। ਅਸੀਂ ਤਾਂ ਆਪਣਾ ਨਿਰਾਲਾ ਆਪਾ ਸੰਭਾਲ ਸੰਭਾਲ ਰੱਖਿਆ ਹੋਇਆ ਹੈ। ਪੰਜਾਬੀ ਆਪਣਾ ਸ੍ਵੈ-ਮਾਣ ਤੇ ਅਣਖ-ਆਨ ਕਦਾਚਿਤ ਨਹੀਂ ਤੱਜਦਾ। ਪੋਰਸ ਦਾ ਦਿੱਤਾ ਜਵਾਬ ਹਰ ਇਕ ਨੂੰ ਯਾਦ ਹੈ ਕਿ ਇਹੋ ਜਿਹਾ ਹੀ ਸਲੂਕ ਕੀਤਾ ਜਾਵੇ, ਜਿਹੋ ਜਿਹਾ ਇਕ ਬਾਦਸ਼ਾਹ ਦੂਸਰੇ ਬਾਦਸ਼ਾਹ ਨਾਲ ਕਰਦਾ ਹੈ।

ਮਾਲਵੇ ਦੇ ਰਾਜੇ ਜੈਪਾਲ ਨੂੰ ਪਿਸ਼ਾਵਰ ਲਾਗੇ ਤੁਰਕ ਹਮਲਾਵਰਾਂ ਦੇ ਜ਼ਬਰਦਸਤ ਹੱਲੇ ਕਾਰਨ ਹਾਰ ਦਾ ਮੂੰਹ ਦੇਖਣਾ ਪਿਆ ਤੇ ਉਹ ਵਾਪਸ ਆ ਕੇ ਸ਼ਾਹੀ ਸਿੰਘਾਸਨ 'ਤੇ ਨਹੀਂ ਬੈਠਾ, ਸਗੋਂ ਚਿਖਾ ਬਣਾ ਕੇ ਸੜ ਮੋਇਆ। ਉਹ ਕਹਿੰਦਾ ਸੀ ਕਿ ਮੇਰਾ ਸ਼ਿਕਸਤ ਖ਼ੁਰਦ ਜਿਸਮ ਰਾਜ-ਗੱਦੀ 'ਤੇ ਬੈਠਣ ਦਾ ਅਧਿਕਾਰੀ ਨਹੀਂ। ਪੰਜਾਬੀਅਤ

ਦੀ ਖ਼ੂਬਸੂਰਤੀ ਖ਼ੁਦਦਾਰੀ ਹੈ, ਉਹ ਆਪਣੀ ਖ਼ੁਦੀ ਨੂੰ ਖ਼ੁਦਾ ਅੱਗੇ ਵੀ ਮਟਕਾ ਕੇ ਪੇਸ਼ ਕਰਦਾ ਹੈ। ਅਣਖੀਲਾ ਆਦਮੀ ਟੁੱਟ-ਭੱਜ ਸਕਦਾ ਹੈ, ਪਰ ਝੁਕ ਨਹੀਂ ਸਕਦਾ। ਇਹ ਪੰਜਾਬੀ ਸ੍ਵੈ-ਮਾਣ ਦੀ ਮਟਕ ਹੀ ਐਸੀ ਹੈ, ਜੋ ਹਰ ਦਿਹਲਵੀ ਹਾਕਮ ਦੇ ਸੀਨੇ ਵਿਚ ਸਾਂਗ ਵਾਂਗ ਰੜਕਦੀ ਰਹੀ, ਪਰ ਅਜੇ ਤਕ ਉਹ ਫਾਂਸੀ ਦਾ ਰੱਸਾ ਨਹੀਂ ਵੱਟਿਆ ਜਾ ਸਕਿਆ, ਜਿਸ 'ਤੇ ਪੰਜਾਬੀ ਗ਼ੈਰਤ ਨੂੰ ਫਾਹੇ ਲਾਇਆ ਜਾ ਸਕੇ:

ਮੇਰੀ ਖ਼ੁਦੀ ਭੀ ਹੈ ਸਜ਼ਾ ਕੀ ਮੁਸਤਹੱਕ ਲੇਕਿਨ,
ਜ਼ਮਾਨਾ ਦਾਰੋ-ਰਸਨ ਕੀ, ਤਲਾਸ਼ ਮੇਂ ਹੈ ਅਭੀ। *(ਇਕਬਾਲ)*

ਜੇ ਕੋਈ ਇਨ੍ਹਾਂ ਦੇ ਸ੍ਵੈ-ਮਾਣ ਦੀ ਸੰਘੀ ਘੁੱਟੇ ਤਾਂ ਇਹ ਖਾੜਕੂ ਹੋ ਵਿਚਰਦੇ ਹਨ। ਆਪ ਵੀ ਮਰਦੇ ਤੇ ਦੂਜਿਆਂ ਨੂੰ ਵੀ ਘਰੀਂ ਜਾ ਕੇ ਮਾਰਦੇ ਹਨ। ਆਪ ਮਰਦੇ ਇਸ ਲਈ ਹਨ ਤਾਂ ਕਿ ਬੰਜਰ ਧਰਤੀ ਮੁੜ ਗਿੱਲੀ ਸਿੱਲੀ ਹੋ ਕੇ ਹਰੇ-ਭਰੇ ਸ਼ਹੀਦੀ ਬਾਗ਼ ਪੈਦਾ ਕਰਦੀ ਰਹੇ। ਸੱਚਾਈ ਇਹ ਹੈ ਕਿ ਪੰਜਾਬੀ ਸਿੱਧੇ-ਸਾਦੇ ਨਿਰਛਲ ਲੋਕ ਹਨ। ਇਨ੍ਹਾਂ ਨੂੰ ਵਾਪਾਰੀ ਕੌਮਾਂ ਵਰਗੀ ਕੂਟਨੀਤੀ ਜਾਂ ਚਤੁਰਾਈ ਤਾਂ ਨਹੀਂ ਆਉਂਦੀ, ਪਰ ਇਤਨਾ ਵੀ ਨਹੀਂ ਕਿ ਇਨ੍ਹਾਂ ਨੂੰ ਸਦਾ ਗੁਮਰਾਹ ਰੱਖਿਆ ਜਾ ਸਕੇ। ਜੀਵਨ-ਜੁਗਤਾਂ ਤੋਂ ਜਾਣੂੰ ਹਨ ਤੇ ਕਿਤੇ ਕਿਤੇ 'ਜੱਟ ਮਚਲਾ ਖ਼ੁਦਾ ਨੂੰ ਲੈ ਗਏ ਚੋਰ' ਵਾਲੀ ਚਾਲਾਕੀ ਵੀ ਕਰ ਲੈਂਦੇ ਹਨ। ਇਹ ਹਕੀਕਤ ਹੈ, ਅਣਖੀਲਾ ਆਦਮੀ ਸੂਰਮਗਤੀ ਦੀ ਸ਼ਾਹੀ ਸੜਕ 'ਤੇ ਤੁਰਦਾ ਅੰਤ ਸ਼ਹਾਦਤ ਦੀ ਮੰਜ਼ਿਲ ਜਾ ਪਹੁੰਚਦਾ ਤੇ ਫ਼ਤਹਿ ਹਾਸਿਲ ਕਰਦਾ ਹੈ। ਪੰਜਾਬ ਦਾ ਇਤਿਹਾਸ ਸ਼ਹੀਦੀ ਕਾਰਨਾਮਿਆਂ ਨਾਲ ਭਰਿਆ ਪਿਆ ਹੈ। ਸਿਰ ਤਲੀ 'ਤੇ ਰੱਖ ਕੇ ਤੁਰਨਾ ਇਸ ਦਾ ਪਹਿਲਾ ਸਬਕ ਹੈ। ਇਸ ਸੱਚੇ ਸਿਦਕ ਤੇ ਸਿਰੜ ਸਦਕੇ ਜਿਵੇਂ ਪੰਜਾਬੀਆਂ ਆਪਣੇ ਵਿਤ ਤੋਂ ਵੱਧ ਸੁਤੰਤਰਤਾ-ਸੰਗਰਾਮ ਵਿਚ ਹਿੱਸਾ ਪਾਇਆ, ਉਸ ਨੇ ਪੰਜਾਬੀਅਤ ਦਾ ਮਜੀਠਾ ਚੋਲਾ ਗੂੜ੍ਹੇ ਰੰਗ ਵਿਚ ਰੰਗ ਛੱਡਿਆ ਹੈ। ਪੰਡਿਤ ਨਹਿਰੂ ਨੇ ਵੀ ਇਸ ਗੱਲ ਨੂੰ ਮੰਨਿਆ, "ਮੈਂ ਭਾਰਤ ਕੇ ਕਿਸੀ ਏਕ ਭਾਗ ਕੀ ਦੂਸਰੇ ਭਾਗ ਸੇ ਤੁਲਨਾ ਕਰਨਾ ਨਹੀਂ ਚਾਹਤਾ, ਪਰੰਤੂ ਇਤਨਾ ਜ਼ਰੂਰ ਕਹੂੰਗਾ ਕਿ ਪੰਜਾਬ ਔਰ ਪੰਜਾਬ ਕੇ ਵਾਸੀਓਂ ਕਾ ਉਦਾਹਰਣ ਭਾਰਤ ਵਾਸੀਓਂ ਕੇ ਲੀਏ ਸ਼ਕਤੀ ਤਥਾ ਪ੍ਰੇਰਨਾ ਕਾ ਸ੍ਰੋਤ ਹੈ।" ਇਸ ਦਾ ਅਰਥ ਇਹ ਵੀ ਨਹੀਂ ਲਿਆ ਜਾਣਾ ਚਾਹੀਦਾ ਕਿ ਪੰਜਾਬੀ ਕੇਵਲ ਲੜਨ-ਭਿੜਨ ਜਾਂ ਮਰਨ-ਮਾਰਨ ਦੇ ਹੀ ਮੁਸ਼ਤਾਕ ਹਨ, ਇਹ ਜ਼ਿੰਦਗੀ ਦੀਆਂ ਰੰਗ-ਰਲੀਆਂ ਮਾਨਣ ਤੇ ਹੱਸਣ-ਖੇਡਣ ਦੇ ਵੀ ਬਹੁਤ ਸ਼ੌਕੀਨ ਹਨ। ਪੰਜਾਬੀ ਜ਼ਿੰਦਾ-ਦਿਲ ਹਨ। ਇਹ ਰੌਣਕ-ਮੇਲਿਆਂ, ਵਾਜਿਆਂ-ਗਾਜਿਆਂ ਤੇ ਠੱਠੇ-ਮਖ਼ੌਲਾਂ ਦੇ ਤੇ ਕਲੋਲ-ਖੇਡਾਂ ਦੇ ਕਾਨ੍ਹ ਕਨ੍ਹਈਏ ਹਨ। ਇਨ੍ਹਾਂ ਦੀ ਜ਼ਿੰਦਗੀ ਰਸਿਕਮਈ ਹੈ। ਜਨਮ-ਉਤਸਵ, ਵਿਆਹ-ਸ਼ਾਦੀਆਂ, ਮੇਲਿਆਂ, ਤਿਉਹਾਰਾਂ ਦੇ ਜਸ਼ਨਾਂ ਸਮੇਂ ਹਰ ਪਲ ਹਾਸ-ਬਿਲਾਸ ਵਿਚ ਲੰਘਾਉਂਦੇ ਹਨ। ਸਿਠਣੀਆਂ ਪੋਤ੍ਹ ਪੱਧਰ ਦੇ ਮਜ਼ਾਕ ਹਨ, ਜੰਞ ਬੰਨ੍ਹਣਾ ਇਕ ਹਾਸੇ-ਤਮਾਸ਼ੇ ਦੀ ਖੇਡ ਹੈ, ਜਿਥੇ ਕਿ ਨਵੇਂ ਮਹਿਮਾਨਾਂ ਦੀ ਬੁੱਧ-ਪਰੀਖਿਆ ਲੈ ਕੇ ਹੀ ਰੋਟੀ ਖਾਣ ਦਿੱਤੀ ਜਾਂਦੀ ਹੈ। ਸਾਡੇ ਸਮਾਜ ਵਿਚ ਕਿਸੇ ਸਮੇਂ ਮਰਾਸੀਆਂ ਤੇ ਨਕਲੀ ਭੰਡਾਂ ਦੀ ਵੀ ਖ਼ਾਸ ਅਹਿਮੀਅਤ ਰਹੀ ਹੈ। ਇਹ ਗ਼ੈਰ-ਸਰਕਾਰੀ ਮਹਿਕਮਾ ਮਨੋਰੰਜਨ ਦਾ ਹੀ ਸੀ, ਪਰ

ਅਸਾਂ ਇਨ੍ਹਾਂ ਨੂੰ ਖ਼ੁਦ ਹੱਥੀਂ ਤੋੜ ਕੇ ਆਪਣੇ ਪੈਰੀਂ ਆਪ ਕੁਹਾੜੀ ਮਾਰ, ਖ਼ੁਸ਼ੀਆਂ ਨੂੰ ਲਿਤਾੜਿਆ ਹੈ।

ਅੱਜ ਵੀ ਪੰਜਾਬੀ ਖੇਡਾਂ ਸੌਂਚੀ, ਕਬੱਡੀ, ਸ਼ੱਕਰਭਿਜੀ, ਗੁੱਲੀ ਡੰਡਾ, ਜੰਡ ਪਰਾਗ, ਕੋਟਲਾ ਛਪਾਕੀ ਆਦਿ ਅਤੇ ਨਾਚ ਗਾਉਣ, ਗਿੱਧਾ, ਲੁੱਡੀ, ਭੰਗੜਾ, ਝੂੰਮਰ ਆਦਿ ਸਾਡੀ ਨੱਚਦੀ ਰੂਹ ਦਾ ਪ੍ਰਗਟਾਵਾ ਕਰਦੇ ਦੱਸਦੇ ਹਨ ਕਿ ਪੰਜਾਬੀਅਤ ਅਜੇ ਮਰੀ ਨਹੀਂ। ਮੇਲਿਆਂ ਦੇ ਮੁਜ਼ਾਹਰੇ ਤੇ ਢੋਲ ਢਮੱਕੇ ਇਸ ਗੱਲ ਦਾ ਪ੍ਰਮਾਣ ਹਨ ਕਿ ਅਨੇਕਾਂ ਮੁਸ਼ਕਿਲਾਂ ਤੇ ਸੰਤਾਪਾਂ ਦੇ ਬਾਵਜੂਦ ਪੰਜਾਬ ਕਦੀ ਉਦਾਸ ਨਹੀਂ ਹੁੰਦਾ। ਇਹ ਸਦਾ ਆਪਣੇ ਹਾਸ-ਬਿਲਾਸ ਸਦਕੇ ਜ਼ਿੰਦਗੀ ਦੀ ਰਾਸ ਰਚਾਉਂਦਾ ਰਹਿੰਦਾ ਹੈ। ਇਸ ਪੰਜਾਬੀਅਤ ਨੂੰ ਜੀਊਂਦਾ ਰੱਖਣ ਲਈ ਸਾਨੂੰ ਇਨ੍ਹਾਂ ਪੰਜ ਪਿਆਰਿਆਂ ਦਾ ਪਿਆਰ ਵੀ ਸਦਾ ਜੀਵਤ ਰੱਖਣਾ ਚਾਹੀਦਾ ਹੈ :

1. ਦੇਸ਼ ਪੰਜਾਬ;
2. ਪੰਜਾਬੀ ਭਾਸ਼ਾ;
3. ਪੰਜਾਬੀ ਸਾਹਿੱਤ;
4. ਪੰਜਾਬੀ ਸਭਿਆਚਾਰ;
5. ਪੰਜਾਬੀ ਪੁਰਖੇ।

ਇਸ ਪੰਚਾਇਣ ਸਦਕੇ ਸਾਡੇ ਮਹਾਂਭਾਰਤ ਵੀ ਚੱਲਦੇ ਰਹਿਣਗੇ ਅਤੇ ਸਾਡੀ ਰਮਾਇਣ ਦਾ ਗਾਇਨ ਵੀ ਹਿੰਦਵੈਣ ਨੂੰ ਸੁਣਨਾ ਹੀ ਪਵੇਗਾ।

ਪੰਜਾਬ ਦੀ ਮਿੱਟੀ ਦੀ ਖ਼ੁਸ਼ਬੋ, ਪੌਣ ਪਾਣੀ ਦਾ ਮੋਹ ਸਾਡੀ ਸ਼ਕਤੀ ਦਾ ਸੋਮਾ ਹੈ। ਪੰਜਾਬੀ ਬੋਲੀ ਸਾਡੀ ਦਿਲ ਦੀ ਗੱਲ ਕਰਦੀ, ਲੋਰੀਆਂ ਵਿਚ ਹਸਾਉਂਦੀ, ਲਡਾਉਂਦੀ ਤੇ ਅੰਤ ਵੈਣ ਪਾ ਕੇ ਬਰਾਉਂਦੀ ਵੀ ਹੈ। ਪੰਜਾਬੀ ਸਾਹਿੱਤ ਸਾਡੇ ਲੰਮੇ ਸਫ਼ਰ ਦੀ ਦਾਸਤਾਨ ਦੱਸਦਾ ਹੈ ਕਿ ਕਿਵੇਂ ਅਸੀਂ ਉੱਚੇ ਅਸਮਾਨੀ ਉੱਡਦੇ ਉੱਡਦੇ ਸੰਸਾਰ ਦੇ ਸੰਘਰਸ਼ ਵਿਚ ਮਾਰਾਂ ਮਾਰਦੇ ਆਏ ਹਾਂ। ਪੰਜਾਬੀ ਸਭਿਆਚਾਰ ਸਾਡਾ ਵਿਲੱਖਣ ਕਾਰ-ਵਿਹਾਰ ਦਰਸਾ ਕੇ ਸੰਕੇਤ ਕਰਦਾ ਹੈ ਕਿ ਪੱਗਾਂ ਵਾਲੇ ਪੰਜਾਬੀ ਨਿਰਾਲੇ ਖੜ੍ਹੇ ਹਨ। ਅਸੀਂ ਆਪਣੇ ਵੱਡੇ ਵਡੇਰੇ ਪੁਰਖਿਆਂ—ਰਿਸ਼ੀ ਵਸ਼ਿਸ਼ਟ, ਵੇਦ ਵਿਆਸ, ਪਾਣਿਨੀ, ਬਾਬਾ ਗੋਰਖ, ਬਾਬਾ ਫ਼ਰੀਦ, ਬਾਬਾ ਨਾਨਕ, ਗੁਰੂ ਗੋਬਿੰਦ ਸਿੰਘ, ਭਾਈ ਕਨ੍ਹਈਆ, ਭਾਈ ਨੰਦ ਲਾਲ, ਵਾਰਸ ਸ਼ਾਹ, ਮਹਾਰਾਜਾ ਰਣਜੀਤ ਸਿੰਘ, ਹਰੀ ਸਿੰਘ ਨਲੂਆ ਦਾ ਧਿਆਨ ਧਰਨਾ ਜ਼ਰੂਰੀ ਸਮਝਾਂਗੇ ਤੇ ਵੀਹਵੀਂ ਸਦੀ ਦੇ ਮਹਾਨ ਪੰਜਾਬੀਆਂ—ਸੰਤ ਅਤਰ ਸਿੰਘ, ਬਾਬਾ ਵਿਸਾਖਾ ਸਿੰਘ, ਬਾਬਾ ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ, ਸੁਆਮੀ ਰਾਮ ਤੀਰਥ, ਪ੍ਰੋ. ਪੂਰਨ ਸਿੰਘ, ਡਾ. ਸ਼ਾਂਤੀ ਸਰੂਪ ਭਟਨਾਗਰ, ਡਾ. ਹਰਗੋਬਿੰਦ ਖੁਰਾਣਾ, ਡਾ. ਇਕਬਾਲ, ਡਾ. ਸੈਫ਼ਦੀਨ ਕਿਚਲੂ, ਭਗਤ ਪੂਰਨ ਸਿੰਘ, ਸ: ਭਗਤ ਸਿੰਘ, ਸ: ਊਧਮ ਸਿੰਘ ਦੀ ਸਪਿਰਿਟ ਸਾਡੇ ਅੰਗ-ਸੰਗ ਹੈ। ਇਸੇ ਨਾਲ ਅਸੀਂ ਪੰਜਾਬੀਅਤ ਦੀ ਹਸਤੀ ਨੂੰ ਚਿਰੰਜੀਵ ਤੇ ਪਰਿਪੱਕ ਕਰ ਸਕਦੇ ਹਾਂ।

•

ਪੰਜਾਬੀਅਤ ਤੇ ਗੁਰਬਾਣੀ

ਪੰਜਾਬੀਅਤ ਪੰਜ ਦਰਿਆਵਾਂ ਦੀ ਪੈਦਾਵਾਰ ਹੈ, ਜਿਸ ਨੂੰ ਇਥੋਂ ਦੇ ਉੱਚੇ-ਸੁੱਚੇ ਸੰਤਾਂ, ਭਗਤਾਂ, ਸ਼ਹੀਦਾਂ, ਮੁਰੀਦਾਂ, ਬੀਰਾਂ, ਵਰਿਆਮਾਂ, ਕਿਰਤੀ ਕਾਮਿਆਂ ਤੇ ਨੇਕ ਬਖ਼ਤ ਸੁਆਣੀਆਂ ਨੇ ਆਪਣੇ ਪਵਿੱਤਰ ਆਚਾਰ-ਵਿਉਹਾਰ ਦੁਆਰਾ ਮੂਰਤੀਮਾਨ ਕੀਤਾ। ਕੁਦਰਤ ਦੇ ਭੰਡਾਰਿਆਂ, ਨਜ਼ਾਰਿਆਂ ਅਤੇ ਇਤਿਹਾਸ ਦੇ ਵਰਤਾਰਿਆਂ ਦੇ ਅਸਰ ਨੂੰ ਇਕਦਮ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ, ਪਰ ਇਸ ਸਾਰੀ ਸਿਰਜਣਾਤਮਕ ਪ੍ਰਕਿਰਿਆ ਵਿਚ ਮਹਾਂਪੁਰਸ਼ਾਂ ਦੀ ਅੰਮ੍ਰਿਤ ਬਾਣੀ ਦਾ ਬਹੁਤ ਵੱਡਾ ਯੋਗਦਾਨ ਹੈ, ਜਿਸ ਨੇ ਆਪਣੇ ਸੱਚੇ-ਸੁੱਚੇ ਸੁਗੰਧ ਸਰੋਵਰ ਵਿਚ ਝਕੋਲ ਕੇ ਇਸ ਨੂੰ ਗੂੜ੍ਹੇ ਮਜੀਠੀ ਰੰਗ ਵਿਚ ਰੰਗਿਆ। ਇਹ ਤਾਂ ਮਨੋ-ਵਿਗਿਆਨਕ ਅਸਲੀਅਤ ਹੈ ਕਿ ਜਿਸ ਕਿਸਮ ਦੇ ਖ਼ਿਆਲ ਸਾਡੇ ਆਲੇ-ਦੁਆਲੇ ਘੁੰਮਰ ਪਾਉਂਦੇ ਹਨ, ਉਹੋ ਜਿਹਾ ਹੀ ਸਾਡਾ ਜੀਵਨ ਬਣ ਜਾਂਦਾ ਹੈ। ਸੋ ਗੁਰੂਆਂ, ਸੰਤਾਂ, ਭਗਤਾਂ ਤੇ ਸੂਫ਼ੀ ਦਰਵੇਸ਼ਾਂ ਦੇ ਕਲਾਮ ਦਾ ਇਹ ਕਮਾਲ ਹੈ ਕਿ ਇਥੇ ਇਹ ਕਰਾਮਾਤ ਵਰਤੀ। ਗੁਰੂ ਨਾਨਕ ਸਾਹਿਬ ਨੇ ਤਾਂ 'ਸ਼ਬਦ ਦੀ ਟਕਸਾਲ' ਵਿਚ ਸੁਚੱਜੀ ਜ਼ਿੰਦਗੀ ਦੀ ਘਾੜਤ ਘੜਨ ਦਾ ਉਚੇਚਾ ਪ੍ਰੋਗਰਾਮ ਬਣਾਇਆ। ਉਹ ਜਿਥੇ ਜਾਂਦੇ, ਬਾਣੀ ਰਾਹੀਂ ਆਪਣਾ ਹੋਕਾ ਦੇਂਦੇ ਤੇ ਰਬਾਬ ਰਾਹੀਂ ਆਪਣੇ ਪੈਗ਼ਾਮ ਨੂੰ ਸੁਰੀਲਾ ਤੇ ਰਸੀਲਾ ਬਣਾ ਕੇ ਪੇਸ਼ ਕਰਦੇ। ਇਹ ਰਬਾਬੀ-ਗੁੰਜਾਰ ਹੀ ਉਨ੍ਹਾਂ ਦੇ ਚਿਤਵੇ ਇਨਕਲਾਬ ਦਾ ਆਧਾਰ ਬਣਦੀ ਸੀ। ਉਨ੍ਹਾਂ ਦਾ ਨਿਸਚਾ ਸੀ :

ਸਾਚੀ ਬਾਣੀ ਸੂਚਾ ਹੋਇ॥
ਗੁਣ ਤੇ ਨਾਮੁ ਪਰਾਪਤਿ ਹੋਇ॥ *(ਆਸਾ ਮਹਲਾ ੩, ਪੰਨਾ 361)*

ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ॥
ਜਿਨਿ ਪੀਤੀ ਤਿਸੁ ਮੋਖ ਦੁਆਰ॥ *(ਮਲਾਰ ਮਹਲਾ ੧, ਪੰਨਾ 1275)*

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥
(ਸੋਰਠਿ ਮਹਲਾ ੧, ਪੰਨਾ 635)

ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ *(ਰਾਮਕਲੀ ਮਹਲਾ ੧, ਪੰਨਾ 943)*

ਵੀਹਵੀਂ ਸਦੀ ਦੇ ਸ਼ਾਇਰ ਡਾ. ਇਕਬਾਲ ਦੇ ਸਾਹਮਣੇ ਜਹਾਦ ਦਾ ਫਲਸਫਾ ਸੀ, ਇਸ ਲਈ ਉਸ ਨੇ ਇਹ ਗੱਲ ਆਖੀ ਕਿ ਉੱਮਤ ਦੀ ਤਕਦੀਰ ਘੜਨ ਜਾਂ ਰਾਸ਼ਟਰ-ਨਿਰਮਾਣ ਲਈ ਪਹਿਲੇ ਤਲਵਾਰ ਅਤੇ ਢਾਲ ਦੀ ਲੋੜ ਪੈਂਦੀ ਹੈ ਤੇ ਤਾਊਸ ਰਬਾਬ ਤਾਂ ਪਿੱਛੋਂ ਦੀਆਂ ਚੀਜ਼ਾਂ ਹਨ। ਉਹ ਕਹਿੰਦਾ ਹੈ :

ਮੈਂ ਤੁਝ ਕੋ ਬਤਾਤਾ ਹੂੰ ਕਿ ਤਕਦੀਰੇ-ਉਮਮ ਕਿਆ ਹੈ
ਸ਼ਮਸ਼ੀਰੇ-ਸਨਾਂ ਅੱਵਲ, ਤਾਊਸ ਰਬਾਬ ਆਖ਼ਰ।
ਮੈਖ਼ਾਨਾ-ਏ ਯੌਰਪ ਕੇ ਦਸਤੂਰ ਨਿਰਾਲੇ ਹੈਂ
ਲਾਤੇ ਹੈਂ ਸਰੂਰ ਅੱਵਲ, ਦੇਤੇ ਹੈਂ ਸ਼ਰਾਬ ਆਖ਼ਰ।

ਪਰ ਗੁਰੂ ਸਾਹਿਬ ਨੂੰ ਇਸ ਗੱਲ ਦਾ ਪਤਾ ਸੀ ਕਿ ਇਸ ਅੰਨ੍ਹੇ ਜਹਾਦ ਨੇ ਏਸ਼ੀਆ ਭਰ ਵਿਚ ਕਿਤਨੇ ਫ਼ਸਾਦ ਖੜੇ ਕੀਤੇ ਤੇ ਕਿੰਨੇ ਘਰ ਬਰਬਾਦ ਕੀਤੇ। ਸੋ, ਉਨ੍ਹਾਂ ਤਲਵਾਰ ਦੀ ਧਾਰ ਦੀ ਥਾਂ ਰਬਾਬੀ ਝਨਕਾਰ ਨੂੰ ਪਹਿਲ ਦਿੱਤੀ ਤਾਂ ਕਿ ਹਰ ਜੀਵਨ-ਸੰਗਰਾਮੀਏ ਨੂੰ ਪਹਿਲੇ ਮਨੁੱਖੀ ਸਭਿਆਚਾਰ ਦੀ ਸੰਥਾ ਪੜ੍ਹਾਈ ਜਾ ਸਕੇ ਤੇ ਫਿਰ ਤੇਜ਼ ਤਲਵਾਰ ਦਾ ਵਾਰ ਕਰਨਾ ਦੱਸਿਆ ਜਾਵੇ। ਉਹ ਜ਼ਮਾਨਾ ਐਸੇ ਅੰਧਕਾਰ ਦਾ ਸੀ, ਜਿਸ ਵਿਚ ਭੋਲੇ-ਭਾਲੇ ਬੇਚਾਰੇ ਸੰਤ-ਸਾਧ, ਨਿਤ ਮਾਰ ਖਾਂਦੇ ਤੇ ਮਾਰਖ਼ੋਰੇ ਸਿਪਾਹੀ ਥਾਂ ਥਾਂ ਬੇਫਿਕਰ ਹੋ ਕੇ ਮਾਰਦੇ ਫਿਰਦੇ ਸਨ। ਸੋ ਗੁਰੂ ਸਾਹਿਬ ਨੇ ਪਹਿਲੇ ਸ਼ਿਸ਼ਟਾਚਾਰ ਦਾ ਸਬਕ ਦੇ ਕੇ ਉਨ੍ਹਾਂ ਨੂੰ 'ਸੰਤ' ਬਣਾਇਆ ਤੇ ਸੌ ਸਾਲ ਦੀ ਸਿਖਲਾਈ ਤੋਂ ਬਾਦ ਫਿਰ ਤੇਗ਼ ਸਜਾ ਕੇ ਯੋਧੇ ਸਿਪਾਹੀ ਬਣਾਇਆ ਤਾਂ ਕਿ ਉਹ ਭਲੀਭਾਂਤ ਜਾਣ ਸਕਣ ਕਿ ਤਲਵਾਰ ਦੀ ਵਰਤੋਂ ਕਦੋਂ ਤੇ ਕਿਥੇ ਕਰਨੀ ਯੋਗ ਹੈ। ਉਨ੍ਹਾਂ ਇਹ ਵੀ ਦੇਖ ਲਿਆ ਸੀ ਕਿ ਪਾੜਖਾਣੇ ਬਘਿਆੜਾਂ ਤੇ ਗ਼ਰੀਬ ਗਊਆਂ ਦਾ ਮੁਕਾਬਲਾ ਮੁਸ਼ਕਿਲ ਹੈ ਅਤੇ ਤਲਵਾਰ ਦੇ ਹਥਿਆਰ ਨੂੰ ਇਕਦਮ ਜ਼ਿੰਦਗੀ ਦੇ ਪਿੜ ਤੋਂ ਬਾਹਰ ਵੀ ਨਹੀਂ ਕੀਤਾ ਜਾ ਸਕਦਾ, ਇਸ ਲਈ ਇਨ੍ਹਾਂ ਨਿਮਾਣੇ ਨਿਤਾਣੇ ਲੋਕਾਂ ਨੂੰ ਸਾਹਸੀ ਤੇ ਸ਼ਕਤੀਵਾਨ ਬਣਾਉਣ ਦੀ ਲੋੜ ਭਾਸੀ ਤਾਂ ਕਿ ਇਹ ਖ਼ੁਦ ਟਾਕਰੇ ਦੇ ਸਮਰੱਥ ਹੋ ਸਕਣ। ਆਪ ਦਾ ਖ਼ਿਆਲ ਸਹੀ ਸੀ:

ਕਰਤਾ ਤੂੰ ਸਭਨਾ ਕਾ ਸੋਈ॥
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥

(ਆਸਾ ਮਹਲਾ ੧, ਪੰਨਾ 360)

ਸੋ, ਮੀਰੀ-ਪੀਰੀ ਦਾ ਸੰਗਮ ਰਚਣ ਤੋਂ ਪਹਿਲਾਂ ਅੰਦਰਲੀਆਂ ਬੁਰਿਆਈਆਂ ਉੱਤੇ ਵਿਜੈ ਪਾਉਣ ਲਈ ਤਿਆਰੀ ਕੀਤੀ ਗਈ। ਦੱਸਿਆ ਇਹ ਗਿਆ ਕਿ ਜਗਤ ਜਿੱਤਣ ਦੀ ਥਾਂ ਪਹਿਲਾਂ ਆਪਣੇ ਮਨ ਨੂੰ ਜਿੱਤਣਾ ਬਹੁਤ ਜ਼ਰੂਰੀ ਹੈ। ਸੱਚਾ ਸੂਰਮਾ ਉਹੀ ਹੈ, ਜੋ ਆਪਣੇ ਆਪ 'ਤੇ ਕਾਬੂ ਪਾਵੇ:

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ॥

(ਧਨਾਸਰੀ ਮਹਲਾ ੫, ਪੰਨੇ 679-80)

ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ॥
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ॥

(ਆਸਾ ਮਹਲਾ ੫, ਪੰਨਾ 404)

ਇਸ ਤਰ੍ਹਾਂ ਦਸ ਗੁਰੂ ਸਾਹਿਬਾਨ ਨੇ ਬੜੇ ਧੀਰਜ ਤੋਂ ਕੰਮ ਲੈ ਕੇ ਪੰਜਾਬ ਵਿਚ ਇਕ ਨਵਾਂ ਤਜਰਬਾ ਕੀਤਾ। ਗੁਰਬਾਣੀ ਦੇ ਕੀਰਤਨ ਰਾਹੀਂ ਉੱਚੇ ਆਚਾਰ ਵਾਲੇ

ਸੂਰਬੀਰ ਤਿਆਰ ਕਰ ਕੇ ਉਨ੍ਹਾਂ ਦੇ ਹੱਥ ਤਲਵਾਰ ਫੜਾਈ ਤੇ ਇਨ੍ਹਾਂ ਸੰਤ-ਸਿਪਾਹੀਆਂ ਨੂੰ ਦੇਗ ਤੇਗ਼ ਦਾ ਵਰਦਾਨ ਦੇ ਕੇ ਫਿਰ ਵੀ ਇਹ ਦ੍ਰਿੜ੍ਹ ਕਰਾਇਆ ਕਿ ਤਾਣ-ਮਾਣ ਦੇ ਹੁੰਦਿਆਂ-ਸੁੰਦਿਆਂ ਵੀ ਨਿਰਮਾਣ ਹੋ ਕੇ ਵਰਤਣਾ ਹੈ:

ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ॥
ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ॥

(ਗਉੜੀ ਬਾਵਨ ਅਖਰੀ ਮਹਲਾ ੫, ਪੰਨਾ 259)

ਭਾਈ ਗੁਰਦਾਸ ਕਹਿੰਦੇ ਹਨ:

ਹਉ ਤਿਸੁ ਵਿਟਹੁ ਵਾਰਿਆ ਹੋਂਦੈ ਤਾਣਿ ਸੁ ਹੋਇ ਨਿਤਾਣਾ॥
ਹਉ ਤਿਸੁ ਵਿਟਹੁ ਵਾਰਿਆ ਹੋਂਦੈ ਮਾਣਿ ਜੁ ਰਹੈ ਨਿਮਾਣਾ॥
ਹਉ ਤਿਸੁ ਵਿਟਹੁ ਵਾਰਿਆ ਛੋਡਿ ਸਿਆਣਪ ਹੋਇ ਇਆਣਾ॥
ਹਉ ਤਿਸੁ ਵਿਟਹੁ ਵਾਰਿਆ ਖਸਮੈ ਦਾ ਭਾਵੈ ਜਿਸੁ ਭਾਣਾ॥
ਹਉ ਤਿਸੁ ਵਿਟਹੁ ਵਾਰਿਆ ਗੁਰਮੁਖ ਮਾਰਗ ਦੇਖਿ ਲੁਭਾਣਾ॥
ਹਉ ਤਿਸੁ ਵਿਟਹੁ ਵਾਰਿਆ ਚਲਣ ਜਾਣਿ ਜੁਗਤਿ ਮਿਹਮਾਣਾ॥
ਦੀਨ ਦੁਨੀ ਦਰਗਹ ਪਰਵਾਣਾ॥੩॥ *(ਵਾਰ 12)*

ਸੋ, ਇਹ ਸਾਰਾ ਸਿੱਖ ਇਨਕਲਾਬ ਗੁਰਬਾਣੀ ਦੀ ਜੀਵਨ-ਜਾਚ 'ਤੇ ਆਧਾਰਿਤ ਸੀ, ਜਿਸ ਰਾਹੀਂ ਸਹਿਜੇ ਸਹਿਜੇ ਗ਼ਰੀਬ ਕਿਰਤੀ ਲੋਕਾਂ ਨੂੰ ਮੋਹਰੀ ਬਣਾ ਕੇ ਨਵੀਂ ਸਮਾਜਿਕ ਅਤੇ ਰਾਜਨੀਤਕ ਕ੍ਰਾਂਤੀ ਲਿਆਂਦੀ ਗਈ। ਪੰਜਾਬ ਦਾ ਇਹ ਇਤਿਹਾਸਕ ਪਰਿਵਰਤਨ ਜੁਗ-ਗਰਦੀ ਦਾ ਕਾਂਡ ਹੈ, ਜਿਸ ਨੇ ਪੰਜਾਬੀਅਤ ਦਾ ਮੂੰਹ ਮੱਥਾ ਸੰਵਾਰਿਆ ਤੇ ਇਸ ਨੂੰ ਨਵੇਂ ਰੂਪ ਵਿਚ ਉਭਾਰਿਆ। ਇਸ ਤੋਂ ਪਹਿਲੋਂ ਦਾ ਪੰਜਾਬ ਕੋਈ ਨਿਵੇਕਲੀ ਪਛਾਣ ਨਹੀਂ ਸੀ ਰੱਖਦਾ। ਇਸ ਦੀ ਹੈਸੀਅਤ ਤਾਂ ਇਕ ਪਾਟੇ ਪੁਰਾਣੇ ਪਾਇਦਾਨ ਵਰਗੀ ਸੀ, ਜਿਸ 'ਤੇ ਹਰ ਜਰਵਾਣਾ ਪੈਰ ਝਾੜ ਕੇ ਦਿੱਲੀ ਵੱਲ ਲੰਘਦਾ ਸੀ। ਬਾਕੀ ਸਾਰੇ ਸੁੰਨਸਾਨ ਛਾਈ ਦਿੱਸਦੀ ਸੀ, ਕੋਈ ਕੁਸਕਦਾ ਤਕ ਨਹੀਂ ਸੀ।

ਗੁਰੂ ਨਾਨਕ ਸਾਹਿਬ ਦੇ ਅਵਤਰਣ ਨਾਲ ਸਾਰੀ ਤਸਵੀਰ ਬਦਲਦੀ ਹੈ ਤੇ ਇਸ ਉਜੜੇ ਬਾਗ਼ ਵਿਚ ਮੁੜ ਰੌਣਕ ਆਉਣੀ ਸ਼ੁਰੂ ਹੁੰਦੀ ਹੈ ਤੇ ਭੇਖੀ ਪ੍ਰਪੰਚੀਆਂ ਤੇ ਰੱਤ ਪੀਣੇ ਹਾਕਮਾਂ ਦੇ ਦੀਵੇ ਗੁਲ ਹੋਣ ਲੱਗਦੇ ਹਨ। "ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰ ਪਲੋਆ"[1] ਵਾਲੀ ਗੱਲ ਸੱਚੀ ਸੀ:

ਵੁਹ ਆਏ ਬਜ਼ਮ ਮੇਂ ਇਤਨਾ ਤੋ ਮੀਰ ਨੇ ਜਾਨਾ,
ਫਿਰ ਇਸ ਕੇ ਬਾਅਦ ਚਰਾਗ਼ੋਂ ਮੇਂ ਰੌਸ਼ਨੀ ਨ ਰਹੀ।

ਸੋ, ਇਹ ਇਕ ਤਵਾਰੀਖ਼ੀ ਹਕੀਕਤ ਹੈ ਕਿ ਬਾਬੇ ਨਾਨਕ ਨੇ ਇਸ ਧਰਤੀ ਨੂੰ ਕਰਮ-ਭੂਮੀ ਦੱਸ ਕੇ "ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ"[2] ਦਾ ਮਹਾਂ ਮੰਤ੍ਰ ਪੜ੍ਹਾਇਆ ਤੇ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਦਾ ਸਬਕ ਦੇ ਕੇ ਸਾਧਾਰਨ

1. ਭਾਈ ਗੁਰਦਾਸ, ਵਾਰ 1, ਪਉੜੀ 27.
2. ਵਾਰ ਆਸਾ ਮ: ੧, ਪੰਨਾ 474.

ਪੰਜਾਬੀਆਂ ਨੂੰ ਐਸੇ ਅਸਾਧਾਰਨ ਵਰਿਆਮ ਯੋਧੇ ਬਣਾਇਆ ਕਿ ਇਸ ਨਿਮਾਣੀ ਨਿਤਾਣੀ ਧਰਤੀ ਦਾ ਕਾਇਆ ਕਲਪ ਹੋ ਗਿਆ। ਸਿੰਧ ਤੋਂ ਜਮਨਾ ਤਕ ਦਾ ਸੁਤੰਤਰ ਪੰਜਾਬ ਵਜੂਦ ਵਿਚ ਆਇਆ ਤੇ ਪੰਜਾਬੀਅਤ ਦਾ ਗੌਰਵ ਦੂਰ ਦੂਰ ਤਕ ਛਾਇਆ।

ਸ਼ਾਇਦ ਮੇਰੀ ਇਹ ਗੱਲ ਕੁਝ ਲੋਕਾਂ ਨੂੰ ਆਤਮ-ਅਭਿਮਾਨ ਦਾ ਵਿਖਿਆਨ ਹੀ ਜਾਪੇ, ਇਸ ਕਰਕੇ ਮੈਂ ਇਥੇ ਭਾਈ ਪਰਮਾਨੰਦ ਦਾ ਬਿਆਨ ਦਰਜ ਕਰਨ ਦੀ ਆਗਿਆ ਚਾਹਾਂਗਾ। ਉਹ ਲਿਖਦੇ ਹਨ:

> ਪੰਜਾਬ ਕੇ ਮੁਸਤਕਬਿਲ ਕੀ ਸਾਰੀ ਤਵਾਰੀਖ਼ ਗੁਰੂ ਨਾਨਕ ਕੀ ਤਹਿਰੀਕ ਸੇ ਸ਼ੁਰੂ ਹੋ ਜਾਤੀ ਹੈ। ਯਹ ਤਹਿਰੀਕ ਹੀ ਥੀ ਜਿਸ ਨੇ ਪੰਜਾਬ ਮੇਂ ਹਿੰਦੂਓਂ ਕੀ ਜ਼ਿੰਦਗੀ ਮੇਂ ਏਕ ਪਲਟਾ ਸਾ ਦੇ ਦੀਆ। ਅਗਰਚਿ ਯਹ ਸੱਚ ਹੈ ਕਿ ਯਹ ਤਹਿਰੀਕ ਮੁਲਕ ਕੀ ਮਜ਼੍ਹਬੀ ਬੇਦਾਰੀ ਕਾ ਨਤੀਜਾ ਥੀ, ਲੇਕਿਨ ਹਮੇਂ ਸਮਝ ਮੇਂ ਨਹੀਂ ਆਤਾ ਕਿ ਅਗਰ ਗੁਰੂ ਨਾਨਕ ਪੰਜਾਬ ਮੇਂ ਇਸ ਤਹਿਰੀਕ ਕੀ ਬੁਨਿਆਦ ਨਾ ਰਖਤੇ ਤੋ ਹਮ ਪੰਜਾਬ ਕੀ ਤਵਾਰੀਖ਼ ਕੇ ਸਫ਼ੋਂ ਪਰ ਕਿਆ ਲਿਖਤੇ। ਕੋਈ ਕਹਿ ਨਹੀਂ ਸਕਤਾ ਕਿ ਗੁਰੂ ਨਾਨਕ ਕੇ ਬਗ਼ੈਰ ਪੰਜਾਬ ਕਾ ਮੁਸਤਕਬਿਲ ਕਿਆ ਹੋਤਾ। ਲੇਕਿਨ ਜੈਸਾ ਕਿ ਹੂਆ ਹੈ, ਯਹ ਕਿ ਹਮੇਂ ਏਕ ਹਜ਼ਾਰ ਸਾਲ ਕੀ ਆਂਧੀ ਕੇ ਬਾਅਦ, ਵੁਹ ਸ਼ੁਆ ਦਿਖਾਈ ਦੇਤੀ ਹੈ, ਜਿਸ ਸੇ ਹਮਾਰੇ ਜ਼ਮਾਨੇ ਕੀ ਤਵਾਰੀਖ਼ ਬਨਤੀ ਹੈ।
>
> *('ਤਵਾਰੀਖ਼ੇ ਪੰਜਾਬ', ਪੰਨਾ 280)*

ਇਹੋ ਗੱਲ 1850 ਈ: ਵਿਚ ਪੰਡਿਤ ਦੇਬੀ ਪ੍ਰਸਾਦ, ਯੂ.ਪੀ. ਵਾਲੇ ਨੇ ਆਪਣੀ ਕਿਤਾਬ ਵਿਚ ਇਉਂ ਦੁਹਰਾਈ ਹੈ:

> ਇਸ ਮੁਲਕ ਕੇ ਵਕਾਇਆ ਬਹੁਤ ਦਿਲਕਸ਼ ਔਰ ਅਜੀਬ ਹੈਂ, ਕਿਉਂਕਿ ਇਬਤਦਾਇ ਤਵੱਲਦ ਬਾਬਾ ਨਾਨਕ ਸ਼ਾਹ ਕੇ, ਵਹਾਂ ਕੇ ਅਕਸਰ ਆਦਾਤ ਔਰ ਅਤਵਾਰ (ਤੌਰ ਤਰੀਕੇ) ਮੇਂ ਤਬਦੀਲੀ ਹੋਨੇ ਲਗੀ। ਰਫ਼ਤਾ ਰਫ਼ਤਾ, ਮਿੱਲਤ ਔਰ ਸਲਤਨਤ ਬਿਲਕੁਲ ਨਈ ਹੋ ਗਈ ਔਰ ਇਨਕਲਾਬੇ-ਅਜ਼ੀਮ ਵਾਕਿਆ ਹੂਆ, ਜਿਸ ਨੇ ਦਿਗਰਗੂੰ ਕਰ ਦੀਆ ਔਰ ਸਲਤਨਤ ਜਦੀਦ ਕੀ ਬੁਨਯਾਦ ਡਾਲ ਦੀ।
>
> *('ਗੁਲਸ਼ਨੇ ਪੰਜਾਬ', ਦੀਬਾਚਾ, ਪੰਨਾ 2)*

ਸੋ, ਇਹ ਇਕ ਇਤਿਹਾਸਕ ਚਮਤਕਾਰ ਸੀ, ਜਿਸ ਨੇ ਪੰਜਾਬ ਤੇ ਪੰਜਾਬੀਅਤ ਦੇ ਜੌਹਰ ਦਿਖਾਏ ਤੇ ਤਮਾਮ ਆਲਮ ਫ਼ਾਜ਼ਲ ਵਿਦਵਾਨ ਤਬਕੇ ਨੇ ਵੀ ਇਸ ਦੇ ਗੁਣ ਗਾਏ। ਕੁਝ ਪ੍ਰਮਾਣ ਹਾਜ਼ਰ ਹਨ:

1. ਸੋਲ੍ਹਵੀਂ ਸਦੀ ਦਾ ਮਹਾਨ ਕਵੀ ਭਾਈ ਗੁਰਦਾਸ ਲਿਖਦਾ ਹੈ:

   ਪੰਜਾਬੈ ਗੁਰ ਦੀ ਵਡਿਆਈ॥੨੪॥ *(ਵਾਰ 11)*

2. ਪ੍ਰੋ. ਪੂਰਨ ਸਿੰਘ ਆਪਣੇ ਫ਼ਕੀਰੀ ਅੰਦਾਜ਼ ਵਿਚ ਕਹਿੰਦੇ ਹਨ:

   ਪੰਜਾਬ ਨਾ ਹਿੰਦੂ ਨਾ ਮੁਸਲਮਾਨ,
   ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ। *(ਖੁੱਲ੍ਹੇ ਮੈਦਾਨ)*

3. ਡਾਕਟਰ ਸਰ ਮੁਹੰਮਦ ਇਕਬਾਲ ਸਾਰਾ ਸਿਹਰਾ ਪੂਰਨ ਪੁਰਖ (ਕਾਮਲ) ਗੁਰੂ ਬਾਬੇ ਦੇ ਸਿਰ ਸਜਾਉਂਦਾ ਹੈ:

ਫਿਰ ਉਠੀ ਆਖ਼ਿਰ ਸਦਾਅ, ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦਿ ਕਾਮਲ ਨੇ ਜਗਾਯਾ ਖ਼ਾਬ ਸੇ। *(ਬਾਂਗਿ ਦਰਾਂ)*

4. ਮੁਨਸ਼ੀ ਵਿਸ਼ੇਸ਼ਰ ਪ੍ਰਸਾਦ ਮੁਨੱਵਰ ਦਾ ਖ਼ਿਆਲ ਵੀ ਧਿਆਨ ਦਾ ਹੱਕਦਾਰ ਹੈ:

ਨਾਨਕ ਕੇ ਨਾਮ ਸੇ ਹੈ, ਜੋ ਮਸ਼ਹੂਰ ਖ਼ਾਸੋ ਆਮ,
ਲਾਯਾ ਜੋ ਅਪਨੇ ਸਾਥ, ਨਿਰੰਕਾਰ ਕਾ ਪੱਯਾਮ।
ਬਾਂਧੀ ਗ੍ਰੰਥ ਸੇ ਜੋ ਗਿਰਹ ਇਤਹਾਦ ਕੀ,
ਫਿਰ ਉੜ ਸਕੀ ਨਾ ਹਿੰਦ ਮੇਂ, ਆਂਧੀ ਜਹਾਦ ਕੀ।
ਨਾਨਕ ਕੇ ਹੁਕਮਿ ਪਾਕ ਸੇ, ਸਰ ਸਭ ਕੇ ਝੁਕ ਗਏ,
ਜੋ ਜ਼ੁਲਮ ਕੇ ਲੀਏ ਬੜ੍ਹੇ, ਵੁਹ ਹਾਥ ਰੁਕ ਗਏ।

5. ਪ੍ਰਸਿੱਧ ਹਿੰਦੀ ਸਾਹਿੱਤਕਾਰ ਸ੍ਰੀ ਰਾਮਧਾਰੀ ਸਿੰਘ ਦਿਨਕਰ ਲਿਖਦੇ ਹਨ:

ਮੁਸਲਮਾਨ ਹਮਲਿਆਂ ਦਾ ਉੱਤਰ ਦੇਣ ਲਈ ਹਿੰਦੁਤਵ ਨੇ ਜੋ ਰੂਪ ਧਾਰਿਆ, ਉਹ ਸਿੱਖ ਧਰਮ ਜਾਂ ਖ਼ਾਲਸਾ ਪੰਥ ਹੈ। ਸਿੱਖ ਗੁਰੂਆਂ ਤੇ ਸਿੱਖਾਂ ਨੇ ਧਰਮ ਦੀ ਰਾਖੀ ਲਈ ਸੀਸ ਕਟਾਏ, ਸੈਨਿਕ ਸੰਗਠਨ ਸਾਜਿਆ ਤੇ ਹਿੰਦੂ ਧਰਮ ਜੀਵਤ ਰੱਖਿਆ, ਇਸੇ ਕਰਕੇ ਸਿੱਖ ਹਿੰਦ ਭਰ ਵਿਚ ਹਿੰਦੂਆਂ ਨੂੰ ਪਿਆਰੇ ਹਨ।

(ਸੰਸਕ੍ਰਿਤੀ ਕੇ ਚਾਰ ਅਧਿਆਇ)

6. ਸਾਡੇ ਆਲਮ ਫ਼ਾਜ਼ਲ ਰਾਸ਼ਟਰਪਤੀ ਡਾਕਟਰ ਜ਼ਾਕਿਰ ਹੁਸੈਨ ਦੀ ਰਾਇ ਵੀ ਸੁਣਨਯੋਗ ਹੈ:

ਗੁਰੂ ਨਾਨਕ ਨੇ ਸਾਰੀ ਉਮਰ ਇਨਤਹਾਈ ਸਾਦਗੀ, ਖ਼ਲੂਸ ਔਰ ਇਸਤਕਲਾਲ ਕੇ ਸਾਥ ਅਪਨੇ ਜ਼ਮਾਨੇ ਕੇ ਲੋਗੋਂ ਕੋ ਵੁਹ ਬੁਨਿਆਦੀ ਬਾਤੇਂ ਬਤਾਈਂ, ਜੋ ਦਿਮਾਗ਼ ਕੋ ਰੌਸ਼ਨ ਔਰ ਦਿਲ ਕੋ ਸਾਫ਼ ਕਰਤੀ ਹੈਂ ਔਰ ਇਨਸਾਨ ਕੋ ਖ਼ੁਦਾ ਕਾ ਬੰਦਾ ਬਨਾ ਕਰ ਇਨਸਾਨੀ ਜ਼ਿੰਦਗੀ ਕੋ ਸਹੀ ਰਾਸਤੇ ਪਰ ਲਗਾਤੀ ਹੈਂ। ਉਨ ਕੇ ਅਸੂਲ ਹੈਂ—'ਕਿਰਤ ਕਰੋ, ਨਾਮ ਜਪੋ ਔਰ ਬਾਂਟ ਕਰ ਖਾਓ।'

ਇਹ ਤਾਂ ਸਾਡੇ ਆਪਣੇ ਦੇਸ਼ ਦੇ ਸਿਆਣੇ ਹਿੰਦੂ-ਮੁਸਲਮਾਨਾਂ ਦੇ ਵਿਚਾਰ ਹਨ।

7. ਪੱਛਮੀ ਲੇਖਕ ਜੋਜ਼ਫ਼ ਡੇਵੀ ਕਨਿੰਘਮ ਨੇ ਜੋ ਅੱਜ ਤੋਂ ਡੇਢ ਸੌ ਵਰ੍ਹੇ ਪਹਿਲਾਂ ਲਿਖਿਆ, ਉਸ ਵਿਸ਼ਲੇਸ਼ਣ ਨੂੰ ਵੀ ਦ੍ਰਿਸ਼ਟੀਗੋਚਰ ਕਰਨਾ ਬਣਦਾ ਹੈ:

It was reasoned for Nanak to percieve the true principles of reform and to lay down, broad foundations which enabled his successor—Govind to fire the minds of his countrymen with a nationality and to give practical effect to the doctorine, that the lowest is equal with highest in race as in creed, in political rights as in religious hopes. *(A History of the Sikhs, 1849)*

ਇਨ੍ਹਾਂ ਹਵਾਲਿਆਂ ਤੋਂ ਸਪੱਸ਼ਟ ਹੈ ਕਿ ਬਾਣੀ ਤੋਂ ਇਸ ਪੰਜਾਬ ਤੇ ਪੰਜਾਬੀਅਤ ਨੇ ਕਿਤਨੀ ਸੇਧ ਤੇ ਸ਼ਕਤੀ ਹਾਸਿਲ ਕੀਤੀ ਹੈ ਤੇ ਆਪਣੇ ਆਪ ਨੂੰ ਗੌਰਵਮਈ ਬਣਾਇਆ ਹੈ।

ਇਕ ਗੱਲ ਹੋਰ, ਸਾਡੇ ਸਮਾਜ ਵਿਚ ਇਕ ਵੱਡੀ ਖ਼ਾਮੀ ਸੀ ਕਿ ਉਸ ਸਮੇਂ ਕੰਮ-ਕਾਰ ਕਰਨ ਵਾਲੇ ਹੇਠਲੇ ਤਬਕੇ ਦੇ ਲੋਕਾਂ ਨੂੰ ਧਾਰਮਿਕ ਪਰੋਹਿਤਾਂ ਤੇ ਰਾਜਨੀਤਕ ਪ੍ਰਭੂਆਂ, ਹਾਕਮਾਂ, ਠਾਕੁਰਾਂ ਨੇ ਪੈਰਾਂ ਹੇਠ ਮਧੋਲ ਛੱਡਿਆ ਸੀ। ਇਨ੍ਹਾਂ ਦਾ ਕੋਈ ਮਜ਼ਬੀ ਜਾਂ ਸਿਆਸੀ ਅਧਿਕਾਰ ਨਹੀਂ ਸੀ। ਇਨ੍ਹਾਂ ਸ਼ੂਦਰਾਂ ਨੂੰ ਪਹਿਲੀ ਵਾਰ ਗੁਰੂ ਨਾਨਕ ਨੇ ਗਲ ਲਾਇਆ ਤੇ 'ਭਾਈ' ਕਹਿ ਕੇ ਵਡਿਆਇਆ। ਗੁਰੂ ਨਾਨਕ ਸਾਹਿਬ ਦਾ ਬਾਬਰ ਵਾਣੀ ਨਾਲ ਹੋਈ ਦੇਸ਼ ਦੀ ਦੁਰਦਸ਼ਾ ਉੱਤੇ ਭਾਈ ਲਾਲੋ ਨਾਲ ਸੰਵਾਦ ਕਰਨਾ ਇਕ ਅਨੋਖੀ ਗੱਲ ਸੀ, ਜਿਸ ਦੁਆਰਾ ਸਾਰੀ ਕਿਰਤੀ ਜਮਾਤ ਨੂੰ ਸਾਵਧਾਨ ਕੀਤਾ ਜਾ ਰਿਹਾ ਸੀ ਕਿ ਇਹ ਅਸੰਭਵ ਨਹੀਂ:

ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥

(ਮਾਝ ਮ: ੧, ਪੰਨਾ 144)

ਗੁਰੂ ਗੋਬਿੰਦ ਸਿੰਘ ਜੀ ਨੇ ਬਾਣੀ ਦੁਆਰਾ ਸਤਲੁਜ ਦੇ ਪਾਣੀ ਦਾ ਅੰਮ੍ਰਿਤ ਬਣਾ ਕੇ ਖੰਡਾ ਖੜਕਾਇਆ ਤੇ ਇਸ ਨਿਘਰੀ ਢੱਠੀ ਜਨਤਾ ਨੂੰ ਸ਼ਾਹੀ ਸਿੰਘਾਸਨ 'ਤੇ ਬਿਠਾਇਆ ਅਤੇ ਇਹ ਪ੍ਰਣ ਦੁਹਰਾਇਆ ਕਿ ਹੁਣ ਇਨ੍ਹਾਂ ਮਿੱਟੀ ਘੱਟੇ ਵਿਚ ਰੁਲ ਰਹੇ ਕੀਟਾਂ ਨੂੰ ਅਕਾਲੀ ਰਹਿਮਤ ਸਦਕੇ ਜ਼ਿੰਦਗੀ ਦੇ ਸਰਦਾਰ ਬਣਾਇਆ ਜਾਵੇਗਾ ਤੇ ਦੁਨੀਆਂ ਯਾਦ ਕਰੇਗੀ ਕਿ ਕੋਈ ਮਸੀਹਾ ਆਇਆ ਸੀ:

ਸੱਤ ਸਨਾਤ ਔ ਬਾਰਹ ਜਾਤ।
ਜਾਨੈ ਨਾਹੀ ਰਾਜਨੀਤਿ ਕੀ ਬਾਤ।
ਜੱਟ ਬੂਟ ਕਹਿ ਜਿਹ ਜਗ ਮਾਹੀ।
ਬਣੀਏ ਬਕਾਲ ਕਿਰਾੜ ਖੜੀ ਸਦਾਂਹੀ।
ਇਨ ਗ਼ਰੀਬ ਸਿਖਨ ਕੋ ਦੈ ਪਾਤਸ਼ਾਹੀ।
ਯਹ ਯਾਦ ਰਖੈ ਹਮਰੀ ਗੁਰਿਆਈ। *(ਪ੍ਰਾਚੀਨ ਪੰਥ ਪ੍ਰਕਾਸ਼, ਰਤਨ ਸਿੰਘ ਭੰਗੂ)*

ਇਸ ਅੰਮ੍ਰਿਤ-ਪਾਨ ਦੇ ਕੌਤਕ ਦੁਆਰਾ ਪੰਜਾਬੀਅਤ ਨੇ ਇਕ ਨਵਾਂ ਬਾਣਾ ਧਾਰਨ ਕੀਤਾ ਤੇ ਨਵਾਂ ਨਿਸ਼ਾਨਾ ਅਖ਼ਤਿਆਰ ਕੀਤਾ ਕਿ ਜਦ ਹੁਣ ਖ਼ਾਲਸਾ ਵਾਹਿਗੁਰੂ ਦਾ ਹੀ ਹੋ ਗਿਆ ਹੈ ਤਾਂ ਫ਼ਤਹਿ ਦੀ ਮਾਲਕੀ ਵੀ ਇਸੇ ਦੀ ਹੋ ਗਈ ਹੈ। ਮਿ. ਕਨਿੰਘਮ ਨੇ ਠੀਕ ਲਿਖਿਆ ਹੈ ਕਿ ਗੁਰੂ ਨੇ ਇਨ੍ਹਾਂ ਲੋਕਾਂ ਦੇ ਮਨ ਹੀ ਨਹੀਂ ਬਦਲੇ, ਸਗੋਂ ਤਨ ਵੀ ਬਦਲ ਦਿੱਤੇ। ਇਸ ਆਤਮ ਵਿਸ਼ਵਾਸ ਨੇ ਛੋਟੇ-ਮੋਟੇ ਤਮਾਮ ਕਿਰਤੀ ਲੋਕਾਂ ਦੇ ਸੀਨਿਆਂ ਵਿਚ ਇਨਕਲਾਬ ਦੀ ਐਸੀ ਤੇਜ਼ ਜਵਾਲਾ ਭੜਕਾਈ ਕਿ ਸਾਰੀ ਅਠਾਰ੍ਹਵੀਂ ਸਦੀ, ਘੱਲੂਘਾਰਿਆਂ ਦੇ ਸੰਗਰਾਮਾਂ ਵਿਚ ਲੰਘ ਗਈ, ਥਾਂ ਥਾਂ ਸ਼ਹੀਦ ਗੰਜ ਬਣ ਗਏ, ਪਰ ਕੋਈ ਪੰਜਾਬੀ ਸੂਰਮਾ ਪਿਛਾਂਹ ਨਾ ਹਟਿਆ, ਕਿਉਂਕਿ ਉਨ੍ਹਾਂ ਦੇ ਕੰਨੀਂ ਬਾਣੀ ਦੀ ਧੁਨ ਗੂੰਜ ਰਹੀ ਸੀ:

ਰਤੇ ਸੇਈ ਜਿ ਮੁਖੁ ਨ ਮੋੜੰਨਿ੍ ਜਿਨੀ ਸਿਞਾਤਾ ਸਾਈ॥

(ਸਲੋਕ ਮ: ੫, ਪੰਨਾ 1425)

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥

(ਸਲੋਕ ਕਬੀਰ ਜੀ, ਪੰਨਾ 1105)

ਅੰਤ ਦਿੱਲੀ ਦੇ ਮੁਗ਼ਲ ਹਾਕਮਾਂ ਦਾ ਤਖ਼ਤ ਮੂਧਾ ਮਾਰ ਕੇ ਤੇ ਵਿਦੇਸ਼ੀ ਹਮਲਾਵਰ ਅੜੀਅਲ ਅਬਦਾਲੀ ਦੀ ਅੜ ਭੰਨ ਕੇ ਸਿੰਘ ਸੂਰਮਿਆਂ ਲਾਹੌਰ 'ਤੇ ਕਬਜ਼ਾ ਕੀਤਾ ਤੇ ਜਮਨਾ ਤੋਂ ਸਿੰਧ ਤਕ ਦਾ ਸਾਰਾ ਇਲਾਕਾ ਆਜ਼ਾਦ ਕਰਾਇਆ ਤੇ ਇਉਂ ਇਹ ਨਿਮਾਣੇ ਨਿਤਾਣੇ ਲੋਕ, ਹੋਣੀ ਦੇ ਸਿਰਜਣਹਾਰ ਬਣ ਗਏ। ਇਥੋਂ ਤਕ ਕਿ ਇਨ੍ਹਾਂ ਦੀ ਮਰਜ਼ੀ ਬਗ਼ੈਰ ਕੋਈ ਕਾਬਲ ਦੇ ਤਖ਼ਤ ਉੱਤੇ ਵੀ ਨਹੀਂ ਸੀ ਬੈਠ ਸਕਦਾ। ਸਾਡਾ ਕੌਮੀ ਸ਼ਾਇਰ ਠੀਕ ਕਹਿੰਦਾ ਸੀ:

ਸ਼ਾਹ ਮੁਹੰਮਦਾ ਅੰਤ ਨੂੰ ਸੋਈ ਹੋਣਾ, ਜੋ ਕਰੇਗਾ ਖ਼ਾਲਸਾ ਪੰਥ ਮੀਆਂ।

(ਜੰਗਨਾਮਾ)

ਇਹ ਪ੍ਰਾਪਤੀ ਗੁਰੂ ਨਾਨਕ—ਗੁਰੂ ਗੋਬਿੰਦ ਸਿੰਘ ਦੀ ਮਿਹਰ ਤੇ ਬਾਣੀ ਦਾ ਕ੍ਰਿਸ਼ਮਾ ਸੀ, ਜਿਸ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਸਿੱਕੇ 'ਤੇ ਇਹ ਲਫ਼ਜ਼ ਲਿਖਵਾਏ:

ਦੇਗੋ ਤੇਗ਼ੋ ਫ਼ਤਹਿ ਨੁਸਰਤ ਬੇਦਰੰਗ।
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

ਜੈਸਾ ਕਿ ਅਸਾਂ ਪਹਿਲੇ ਕਿਹਾ ਹੈ ਕਿ ਇਹ ਸਭ ਕੁਝ ਗੁਰਬਾਣੀ ਦੀਆਂ ਦਰਸਾਈਆਂ ਨਵੀਆਂ ਕਦਰਾਂ-ਕੀਮਤਾਂ ਦਾ ਸਿੱਟਾ ਸੀ ਕਿ ਚਿੜੀਆਂ ਨੇ ਬਾਜ਼ਾਂ ਨਾਲ ਆਢਾ ਲਾਇਆ ਤੇ ਗਊਆਂ ਨੇ ਸ਼ੇਰ ਬਣ ਕੇ ਸਾਮਰਾਜ ਦੇ ਹਾਥੀ ਨੂੰ ਢਾਹਿਆ। ਗੁਰੂ ਸਮਝਾ ਗਏ ਸਨ ਕਿ ਅਕਾਲ ਪੁਰਖ ਹੀ ਪਾਤਸ਼ਾਹਾਂ ਦਾ ਪਾਤਸ਼ਾਹ ਹੈ, ਉਸ ਦਾ ਹੁਕਮ ਸੱਚ ਹੈ ਤੇ ਉਸ ਦੀ ਪਾਤਸ਼ਾਹੀ ਵੀ ਸੱਚੀ ਹੈ, ਬਾਕੀ ਸਭ ਕੂੜੇ ਰਾਜੇ ਹਨ, ਕੁਝ ਦਿਨਾਂ ਦੇ। ਜੇ ਧਰਤੀ 'ਤੇ ਉਸ ਦਾ ਕੋਈ ਵਾਰਸ ਬਣ ਸਕਣ ਦੇ ਯੋਗ ਹੈ ਤਾਂ ਉਹ ਕੋਈ ਪਰਮੇਸ਼ਰ ਦਾ ਪਿਆਰਾ ਬ੍ਰਹਮ ਗਿਆਨੀ ਹੀ ਹੋ ਸਕਦਾ ਹੈ:

ਜਿਸ ਨੋ ਬਖਸੇ ਸਿਫਤਿ ਸਾਲਾਹ॥
ਨਾਨਕ ਪਾਤਿਸਾਹੀ ਪਾਤਿਸਾਹੁ॥ *(ਜਪੁ ਜੀ, ਪੰਨਾ 5)*

ਇਹ ਵੀ ਦੱਸ ਦਿੱਤਾ ਗਿਆ ਕਿ ਜੇ ਉਹ ਗ਼ਰੀਬ ਨਿਵਾਜ਼ ਚਾਹੇ ਤਾਂ ਇਕ ਖਿਨ ਵਿਚ ਕੀਟ ਨੂੰ ਸ਼ਹਿਨਸ਼ਾਹ ਬਣਾ ਸਕਦਾ ਹੈ:

ਖਿਨ ਮਹਿ ਨੀਚ ਕੀਟ ਕਉ ਰਾਜ॥
ਪਾਰਬ੍ਰਹਮ ਗਰੀਬ ਨਿਵਾਜ॥ *(ਗਉੜੀ ਸੁਖਮਨੀ ਮਹਲਾ ੫, ਪੰਨਾ 277)*

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥੧॥ਰਹਾਉ॥...
ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥੧॥

(ਬਾਣੀ ਰਵਿਦਾਸ ਜੀਉ ਕੀ, ਪੰਨਾ 1106)

ਗੁਰੂਆਂ ਨੇ ਇਹ ਗੱਲਾਂ ਕੇਵਲ ਪੰਜਾਬੀਆਂ ਲਈ ਹੀ ਨਹੀਂ ਸੀ ਆਖੀਆਂ, ਸਮੂਹ ਮਨੁੱਖ ਮਾਤਰ ਲਈ ਸਨ। ਉਨ੍ਹਾਂ "ਸਭਿ ਸੁਣਿਅਹੁ ਲੋਕ ਸਬਾਇਆ"[3] ਕਹਿ

3. ਆਸਾ ਮ: ੧, ਪੰਨਾ 465.

ਕੇ ਸਭ ਨੂੰ ਸੰਬੋਧਨ ਕੀਤਾ ਸੀ, ਲੇਕਿਨ ਪੰਜਾਬ ਉੱਤੇ ਇਸ ਦਾ ਵਧੇਰੇ ਪ੍ਰਭਾਵ ਪਿਆ, ਐਸਾ ਹੋਣਾ ਕੁਦਰਤੀ ਹੀ ਸੀ। ਗੁਰੂ ਲੰਮੀ ਨਦਰਿ ਦੇ ਮਾਲਕ ਸਨ, ਇਸ ਲਈ ਉਨ੍ਹਾਂ ਸੰਪੂਰਨ ਮਨੁੱਖ ਦਾ ਮਾਡਲ ਜਾਂ ਆਦਰਸ਼, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਢ ਵਿਚ ਹੀ ਸਾਕਾਰ ਕਰ ਰਖਿਆ ਸੀ। ਬਹੁਤੇ ਲੋਕ ਇਸ ਮੂਲ ਮੰਤ੍ਰ ਨੂੰ ਪਰਮੇਸ਼ਰ ਦਾ ਸਰੂਪ ਸਮਝਦੇ ਹਨ, ਪਰ ਉਹ ਪਰਮ ਸੱਤਾ ਤਾਂ ਨਿਰਾਕਾਰ ਤੇ ਨਿਰਗੁਣ ਹੈ, ਫਿਰ ਬੇਅੰਤ ਵੀ—"ਬਹੁ ਬੇਅੰਤ ਊਚ ਤੇ ਊਚਾ ॥ ਨਾਨਕ ਆਪਸ ਕਉ ਆਪਹਿ ਪਹੂਚਾ ॥"[4] ਇਸ ਕਰਕੇ ਉਸ ਨੂੰ ਸੀਮਿਤ ਘੇਰੇ ਵਿਚ ਬੰਨ੍ਹਣਾ ਬਿਖਮ ਜਿਹੀ ਕਾਰ ਹੈ।

ਮੇਰਾ ਖ਼ਿਆਲ ਇਹ ਹੈ ਕਿ ਇਸ ਮੂਲ ਮੰਤ੍ਰ ਵਿਚ ਇਕ ਤਰ੍ਹਾਂ ਸੰਪੂਰਨ ਮਾਨਵ ਦੀ ਰੂਪ ਰੇਖਾ ਉਲੀਕੀ ਗਈ ਹੈ। ਬਾਣੀ ਨੇ ਇਹ ਵੀ ਦੱਸਿਆ ਹੈ ਕਿ "ਮਨ ਤੂੰ ਜੋਤਿ ਸਰੂਪੁ ਹੈ, ਆਪਣਾ ਮੂਲੁ ਪਛਾਣੁ ॥"[5] ਇਸ ਲਈ ਜਿਸ ਅਧਿਆਤਮਕ ਪੰਧਾਊ ਨੇ ਆਤਮ-ਪਛਾਣ ਕਰ ਕੇ ਸਵੈ-ਪੂਰਨਤਾ ਵੱਲ ਕਦਮ ਵਧਾਉਣਾ ਹੈ, ਉਸ ਲਈ ਏਕਤਾ, ਸੱਚਾਈ, ਚੇਤਨਤਾ, ਕਰਮਯੋਗਤਾ, ਵਿਆਪਕਤਾ, ਨਿਰਭੈਤਾ, ਨਿਰਵੈਰਤਾ, ਜੋਨਿ ਮੁਕਤਿਤਾ, ਕਾਲ-ਮੁਕਤਿਤਾ ਤੇ ਸਵੈ-ਨਿਰਭਰਤਾ ਆਦਿ ਦਸ ਗੁਣ ਧਾਰਨੇ ਲਾਜ਼ਮੀ ਬਣਦੇ ਹਨ। ਜੇ ਇਹ ਮੁੱਖ ਗੁਣ ਕਿਸੇ ਵਿਅਕਤੀ ਵਿਚ ਆ ਜਾਣ ਤਾਂ ਉਹ ਸਹਿਜੇ ਹੀ ਪਰਮਾਤਮਾ ਸਰੂਪ ਹੋ ਸਕਦਾ ਹੈ। ਪਰ ਇਹ ਗੁਣਾਂ ਦਾ ਗੁਲਦਸਤਾ ਸਜਾਉਣਾ ਕੋਈ ਸੌਖੀ ਕਾਰ ਨਹੀਂ। ਇਸ ਲਈ ਪਹਿਲੇ ਦਸ ਇੰਦ੍ਰਿਆਂ ਦੇ ਦਸ ਵਿਕਾਰ ਸ਼ਬਦ, ਸਪਰਸ਼, ਰੂਪ, ਰਸ, ਗੰਧ ਤੇ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਆਦਿ ਤੋਂ ਵੀ ਖ਼ਲਾਸੀ ਪਾਉਣੀ ਜ਼ਰੂਰੀ ਹੈ ਤਾਂ ਹੀ ਦੈਵੀ ਗੁਣਾਂ ਦਾ ਵਿਕਾਸ ਸੰਭਵ ਹੈ:

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥
ਜੇ ਗੁਣ ਹੋਵਨਿ੍ ਸਾਜਨਾ ਮਿਲਿ ਸਾਝ ਕਰੀਜੈ ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥

(ਸੂਹੀ ਮਹਲਾ ੧, ਪੰਨੇ 765-66)

ਜੇ ਦੂਜੇ ਸ਼ਬਦਾਂ ਵਿਚ ਕਹੀਏ ਤਾਂ ਇਨ੍ਹਾਂ ਗੁਣਾਂ ਦਾ ਕੁਲ ਜੋੜ ਹੀ ਪੰਜਾਬੀ ਸਭਿਆਚਾਰ ਹੈ ਤੇ ਇਸੇ ਦੀ ਬਦੌਲਤ ਪੰਜਾਬੀਅਤ ਦੀ ਹਸਤੀ ਬਣਦੀ ਹੈ। ਸੋ ਸ੍ਰੇਸ਼ਟ ਗੁਣਾਂ ਦਾ ਵਿਕਾਸ ਸਿੱਖੀ ਦੀ ਪਹਿਲੀ ਸ਼ਰਤ ਹੈ।

"ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ"[6] ਅਨੁਸਾਰ ਉਸੇ ਨੂੰ ਹੀ ਰੱਬੀ ਮਿਲਾਪ ਦੀ ਪ੍ਰਾਪਤੀ ਹੋ ਸਕਦੀ ਹੈ। ਇਸ ਕਰਕੇ 'ਜਪੁ' ਵਿਚ ਇਹ ਸਪੱਸ਼ਟ ਤਾਕੀਦ ਹੈ ਕਿ ਕਿਸੇ ਦੇਵੀ, ਦੇਵ ਜਾਂ ਅਵਤਾਰ ਦੀ ਪੂਜਾ, ਉਪਾਸ਼ਨਾ ਦੀ ਥਾਂ ਕੇਵਲ ਗੁਣਾਂ ਦੇ ਸਾਗਰ ਪ੍ਰਭੂ ਦਾ ਹੀ ਗਾਇਨ ਤੇ ਧਿਆਇਨ ਕਰਨਾ ਬਣਦਾ ਹੈ:

ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥
ਨਾਨਕ ਗਾਵੀਐ ਗੁਣੀ ਨਿਧਾਨੁ ॥ *(ਜਪੁ ਜੀ, ਪੰਨਾ 2)*

---

4. ਗਉੜੀ ਸੁਖਮਨੀ ਮ: ੫, ਪੰਨਾ 291.
5. ਆਸਾ ਮ: ੩, ਪੰਨਾ 441.
6. ਸੂਹੀ ਮ: ੧, ਪੰਨਾ 729.

ਉਸ ਕਰਤਾ ਪੁਰਖ ਦੀ ਇਕ ਖ਼ੂਬੀ ਇਹ ਹੈ ਕਿ ਉਹ ਗੁਣ ਰਹਿਤ ਵਿਅਕਤੀਆਂ ਨੂੰ ਗੁਣ ਪ੍ਰਦਾਨ ਕਰਦਾ ਹੈ ਤੇ ਗੁਣਵੰਤ ਪੁਰਸ਼ਾਂ ਨੂੰ ਗੁਣਾਂ ਦੀ ਦੌਲਤ ਹੋਰ ਬਖ਼ਸ਼ ਕੇ ਪ੍ਰਸੰਨ ਹੁੰਦਾ ਹੈ:

ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥ *(ਜਪੁ ਜੀ, ਪੰਨਾ 2)*

ਸੋ, ਇਸ ਵਿਚਾਰ ਤੋਂ ਸਪਸ਼ਟ ਹੈ ਕਿ ਪੰਜਾਬੀਅਤ ਇਕ ਗੁਣਵੰਤ ਹਸਤੀ ਦਾ ਨਾਮ ਹੈ, ਜੋ ਸਭ ਨੂੰ ਪਿਆਰਦੀ, ਸਤਿਕਾਰਦੀ ਤੇ ਚਾਰੇ ਪਾਸੇ ਸਨੇਹ, ਸੁਹਿਰਦਤਾ ਤੇ ਸੇਵਾ-ਭਾਵ ਦੀ ਸੁਗੰਧ ਖਿਲਾਰਦੀ ਪਰਉਪਕਾਰਦੀ ਰਹਿੰਦੀ ਹੈ।

ਪੰਜਾਬੀਅਤ ਸਰਬ-ਸਾਂਝ, ਉਦਾਰਤਾ ਤੇ ਵਿਸ਼ਾਲਤਾ ਦਾ ਨਾਮ ਹੈ। ਕਰਮਯੋਗ, ਉਤਸ਼ਾਹ, ਸਾਹਸ, ਸੂਰਮਗਤੀ, ਅਣਖ, ਆਣ, ਸਵੈਮਾਨ, ਮਿਹਨਤ, ਮੁਸ਼ੱਕਤ, ਟਹਿਲ, ਸੇਵਾ, ਸ਼ੁਗ਼ਲ-ਮੇਲਾ, ਸੰਘਰਸ਼ ਅਤੇ ਅਗ੍ਰਗਾਮਿਤਾ ਇਸ ਦੇ ਵਿਸ਼ੇਸ਼ ਗੁਣ ਹਨ। ਪਿਛਾਂਹ ਮੁੜਨਾ ਇਸ ਦੀ ਆਦਤ ਨਹੀਂ, ਆਪਣੀ ਅਣਖ-ਆਣ ਲਈ ਇਹ ਮਰ ਵੀ ਸਕਦੀ ਹੈ ਤੇ ਲੋੜ ਪੈਣ 'ਤੇ ਮਾਰ ਵੀ ਸਕਦੀ ਹੈ। ਇਸ ਦਾ ਧਰਮ ਹੈ ਨਿਆਂ ਤੇ ਹੱਕ ਸੱਚ ਲਈ ਜੂਝਣਾ, ਜੇਕਰ ਹੱਕ ਭਲਮਾਣਸੀ ਨਾਲ ਨਾ ਮਿਲੇ ਤਾਂ ਇਹ ਦੂਜਾ ਢੰਗ ਵੀ ਜਾਣਦੀ ਹੈ:

ਅਪਨਾ ਹੱਕ ਪਾਨੇ ਕੇ ਲੀਏ, ਹਮ ਬੇਜ਼ਾਰ ਭੀ ਹੋ ਸਕਤੇ ਹੈਂ,
ਹਮ ਬੁਝੇ ਲੋਕ ਹੈਂ, ਅੰਗਾਰ ਭੀ ਹੋ ਸਕਤੇ ਹੈਂ।

ਸੁਤੰਤਰਤਾ-ਸੰਗਰਾਮ ਵਿਚ ਸਦਾ ਪਹਿਲ ਕਰਨੀ ਇਨ੍ਹਾਂ ਦੇ ਹੀ ਹਿੱਸੇ ਆਈ ਹੈ। ਚਾਹੇ ਮੁਗ਼ਲਾਂ ਦੇ ਜਬਰ ਵਿਰੁੱਧ ਲੜਨਾ ਹੋਵੇ, ਚਾਹੇ ਪਠਾਣਾਂ ਦੇ ਲੋਟੂ ਹਮਲਿਆਂ ਵਿਰੁੱਧ ਜਾਂ ਫਿਰ ਫ਼ਰੰਗੀ ਨਾਲ ਟਾਕਰਾ ਲੈਣਾ ਹੋਵੇ, ਇਹ ਜਿੱਤ ਹਾਰ ਦੇ ਲੇਖੇ ਵਿਚ ਨਹੀਂ ਪੈਣਾ ਜਾਣਦੇ। ਇਹ ਤਾਂ ਆਜ਼ਾਦੀ, ਨਿਆਂ ਤੇ ਸੱਚ ਦੇ ਵੈਰੀਆਂ ਦੇ ਗਲ ਪੈਣਾ ਹੀ ਜਾਣਦੇ ਹਨ ਤੇ ਫਿਰ ਪਿੱਛੇ ਹਟਣਾ ਇਨ੍ਹਾਂ ਦੇ ਸੁਭਾਉ ਵਿਚ ਸ਼ਾਮਿਲ ਹੀ ਨਹੀਂ, ਕਿਉਂਕਿ ਗੁਰੂ ਸਮਝਾ ਗਏ ਹਨ:

ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥
ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ॥

(ਮਾਰੂ ਵਾਰ ਡਖਣੇ ਮ: ੫, ਪੰਨਾ 1096)

ਪੱਛਮੀ ਚਿੰਤਕਾਂ ਨੇ ਜ਼ਿੰਦਗੀ ਦੀ ਸਫਲਤਾ ਲਈ ਸਮਾਨਤਾ, ਸਾਂਝੀਵਾਲਤਾ (ਭਾਈਬੰਦੀ) ਅਤੇ ਸੁਤੰਤਰਤਾ ਨੂੰ ਪ੍ਰਮੁੱਖ ਸਥਾਨ ਦਿੱਤਾ ਹੈ। ਗੁਰਬਾਣੀ ਦਾ ਸਿਧਾਂਤ ਰੱਬੀ ਏਕਤਾ ਤੇ ਮਨੁੱਖੀ ਏਕਤਾ ਉੱਤੇ ਇਸੇ ਲਈ ਜ਼ੋਰ ਦਿੰਦਾ ਹੈ ਕਿ ਜਿਤਨਾ ਚਿਰ ਇਹ ਏਕਤਾ ਦੀ ਭਾਵਨਾ ਪਰਿਪੱਕ ਨਾ ਹੋਵੇ, ਓਨਾ ਚਿਰ ਬਰਾਬਰੀ ਤੇ ਸਾਂਝੀਵਾਲਤਾ ਦੇ ਗੁਣ ਪ੍ਰਫੁੱਲਿਤ ਨਹੀਂ ਹੁੰਦੇ। ਅੱਜ ਦੇ ਹਿੰਦੁਸਤਾਨ ਲਈ ਇਸ਼ਟ ਦੀ ਏਕਤਾ ਤੇ ਇਨਸਾਨੀ ਏਕਤਾ ਦੀ ਸਭ ਤੋਂ ਵੱਧ ਜ਼ਰੂਰਤ ਹੈ। ਜੇ ਅਸੀਂ ਅਨੇਕਾਂ ਦੇਵੀ-ਦੇਵਤਿਆਂ, ਅਵਤਾਰਾਂ, ਮੂਰਤੀਆਂ ਤੇ ਹੋਰ ਮੜ੍ਹੀਆਂ ਮੱਠਾਂ ਦੀ ਮਾਨਤਾ ਵਿਚ ਲੱਗੇ ਰਹੇ ਅਤੇ ਵੰਡੇ ਰਹੇ ਤਾਂ ਇਹ ਏਕਤਾ ਸੰਭਵ ਨਹੀਂ, ਇਸੇ ਤਰ੍ਹਾਂ ਜੇ ਪੁਰਾਣੀਆਂ ਜਾਤ-ਪਾਤ

ਤੇ ਵਰਣ ਸਰਮ ਦੀਆਂ ਹੱਦਾਂ ਬਣੀਆਂ ਰਹਿਣ ਤਾਂ ਸਮਾਨਤਾ ਦੇ ਭਾਵ ਵੀ ਪਰਿਪੱਕ ਨਹੀਂ ਹੋ ਸਕਦੇ। ਗੁਰੂਆਂ ਨੇ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ"[7] ਉੱਤੇ ਬਹੁਤ ਜ਼ੋਰ ਦਿੱਤਾ ਹੈ ਅਤੇ ਸਾਂਝੀਆਂ ਸੰਗਤਾਂ, ਸਾਂਝੇ ਲੰਗਰ ਤੇ ਸਾਂਝੇ ਮੰਦਰ ਥਾਪ ਕੇ ਇਸ ਪਾਸੇ ਅਮਲੀ ਰਸਤਾ ਦਿਖਾਇਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਜਨਾ ਵੀ ਇਸ ਏਕਤਾ ਦੀ ਅਦੁੱਤੀ ਮਿਸਾਲ ਹੈ। ਇਸ ਵਿਚ ਨਸਲ, ਮਜ਼ਬ, ਦੇਸ਼ ਤੇ ਜਾਤ-ਪਾਤ ਦੇ ਭੇਦ ਮਿਟਾ ਕੇ ਤਮਾਮ ਹਿੰਦੂ ਭਗਤਾਂ-ਸੰਤਾਂ ਤੇ ਮੁਸਲਿਮ ਦਰਵੇਸ਼ਾਂ-ਫ਼ਕੀਰਾਂ ਦਾ ਕਲਾਮ ਇਕ ਥਾਂ ਇਕੱਤਰ ਕਰ ਦਿੱਤਾ ਗਿਆ ਤੇ ਸਭ ਦੀ ਬਾਣੀ ਨੂੰ ਬਰਾਬਰ ਗੁਰੂ ਦਾ ਦਰਜਾ ਦੇ ਕੇ ਸਨਮਾਨਿਆ ਗਿਆ। ਇਸ ਤੋਂ ਵੱਧ ਹੋਰ ਕੀ ਹੋ ਸਕਦਾ ਸੀ। ਧਾਰਮਿਕ ਏਕਤਾ ਨੂੰ ਪਰਿਪੱਕ ਕਰਨ ਲਈ ਬਾਣੀ ਨੇ ਜੋ ਜੰਵੂ, ਆਰਤੀ, ਪੂਜਾ, ਪਾਠ ਤੇ ਰੋਜ਼ੇ ਨਿਮਾਜ਼ਾਂ ਦਾ ਸਾਂਝਾ ਮਾਰਗ ਦੱਸਿਆ ਹੈ, ਉਹ ਮਨੁੱਖ ਮਾਤਰ ਲਈ ਪ੍ਰਵਾਨ ਕਰਨਯੋਗ ਹੈ। ਦਯਾ, ਸੰਤੋਖ ਤੇ ਜਤ-ਸਤ ਦਾ ਜਨੇਊ ਕੌਣ ਨਹੀਂ ਧਾਰਨਾ ਚਾਹੁੰਦਾ। ਸੱਚਾਈ, ਨੇਕ ਕਮਾਈ, ਦਾਨ, ਨੇਕ ਨੀਅਤੀ ਤੇ ਸਿਫ਼ਤਿ ਸ਼ਲਾਘਾ ਦੀਆਂ ਨਿਮਾਜ਼ਾਂ ਪੜ੍ਹਨ ਤੋਂ ਕੌਣ ਇਨਕਾਰੀ ਹੈ। ਗੁਰਬਾਣੀ ਨੇ ਇਨ੍ਹਾਂ ਸਾਰੇ ਗੁਣਾਂ ਦਾ ਹਾਰ ਪਰੋਇਆ ਹੈ, ਜਿਨ੍ਹਾਂ ਨੂੰ ਧਾਰ ਕੇ ਮਨੁੱਖ ਦੇਵਤਾ ਬਣ ਸਕਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਦਾ ਦਰਸਾਇਆ ਸਰਬ-ਸਾਂਝੀਵਾਲਤਾ ਦਾ ਤਸੱਵਰ, ਸਾਡੇ ਮਨਾਂ ਨੂੰ ਹੋਰ ਉਤਸ਼ਾਹ ਬਖ਼ਸ਼ਣ ਵਾਲਾ ਤੇ ਮਾਰਗ-ਦਰਸ਼ਨ ਕਰਨ ਵਾਲਾ ਹੈ। ਇਸ ਤੋਂ ਵਧੀਆ ਭਵਿਸ਼ਤ ਅਤੇ ਵਿਸ਼ਵ-ਸਾਂਝ ਦਾ ਨਕਸ਼ਾ ਕੀ ਹੋ ਸਕਦਾ ਹੈ:

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥
ਦੇਵਤਾ ਅਦੇਵ ਜੱਛ, ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥ *(ਅਕਾਲ ਉਸਤਤ)*

ਸੋ, ਬਾਣੀ ਨੇ ਜੋ ਮਨੁੱਖੀ ਸਾਂਝ ਪੈਦਾ ਕਰਨ ਲਈ ਮੰਚ ਤਿਆਰ ਕੀਤਾ ਹੈ, ਇਸ ਦਾ ਹਰ ਕੋਈ ਭਾਈਵਾਲ ਹੋ ਸਕਦਾ ਹੈ। ਇਸ ਬਾਣੀ ਦੇ ਕੀਰਤਨ ਤੇ ਅਮਲੀ ਵਰਤਾਰੇ ਦਾ ਇਹ ਵੀ ਇਕ ਸਿੱਟਾ ਹੈ ਕਿ ਪੰਜਾਬ ਦੇ ਹਿੰਦੂਆਂ ਮੁਸਲਮਾਨਾਂ ਵਿਚ ਜਿਤਨਾ ਪ੍ਰੇਮ, ਪਿਆਰ, ਏਕਤਾ, ਸੇਵਾ, ਭਾਵਨਾ, ਦਲੇਰੀ ਤੇ ਭਾਈਚਾਰਕ ਸਾਂਝ ਦਾ ਜਜ਼ਬਾ ਮਿਲਦਾ ਹੈ, ਉਹ ਜਮਨਾ ਪਾਰ ਦੇ ਸਮਾਜ ਵਿਚ ਸ਼ਾਇਦ ਉਸ ਤਰ੍ਹਾਂ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਉਹ ਲੋਕ ਵਧੇਰੇ ਪਿਛਾਂਹ-ਖਿੱਚੂ ਹਨ, ਭਰਮਾਂ-ਵਹਿਮਾਂ ਵਿਚ ਜਕੜੇ ਹੋਏ ਹਨ। ਉਧਰ ਜਾਤ-ਪਾਤ ਦੀ ਵੰਡ ਤੇ ਛੂਤ-ਛਾਤ ਨੇ ਕਿਰਤੀ

7. ਅਕਾਲ ਉਸਤਤ, ਪਾਤਸ਼ਾਹੀ ੧੦.

ਆਦਮੀ ਦੀ ਨਾ-ਕਦਰੀ ਤੇ ਇਸਤਰੀ ਜਾਤੀ ਦੀ ਨਿਰਾਦਰੀ ਨੂੰ ਆਮ ਰੀਤਿ ਬਣਾਇਆ ਹੋਇਆ ਹੈ। ਲੇਕਿਨ ਪੰਜਾਬ ਦੇ ਇਸ ਖਿੱਤੇ ਵਿਚ ਰਹਿੰਦੇ, ਗ਼ੈਰ-ਸਿੱਖ ਵੀ ਗੁਰਬਾਣੀ ਦੀ ਸਾਂਝ ਤੇ ਏਕਤਾ ਤੋਂ ਪ੍ਰਭਾਵਿਤ ਹਨ। ਕਈ ਸਹਿਜਧਾਰੀ ਹੋ ਕੇ ਇਸ ਪਾਸੇ ਹੋਰ ਅੱਗੇ ਵਧਣ ਦਾ ਜਤਨ ਕਰ ਰਹੇ ਹਨ। ਇਹ ਇਕ ਚੰਗਾ ਸ਼ਗਨ ਹੈ ਤੇ ਪੰਜਾਬੀਅਤ ਨੂੰ ਇਸ ਦਾ ਮਾਣ ਹੈ।

ਅੱਜ ਮਨੁੱਖੀ ਗਿਆਨ, ਵਿਗਿਆਨ ਤੇ ਟੈਕਨਾਲੋਜੀ ਦੀ ਨਵੀਂ ਉੱਨਤੀ ਕਾਰਨ ਸਮੁੱਚੀ ਮਨੁੱਖਤਾ ਦੀ ਨੁਹਾਰ ਬਦਲ ਰਹੀ ਹੈ, ਭਿੰਨ ਭੇਦ ਤੇ ਵਖੇਵਿਆਂ ਵਾਲੀ ਰੁਚੀ ਮੱਧਮ ਪੈ ਰਹੀ ਹੈ, ਕੱਟੜਤਾ ਦਾ ਕੋਈ ਮੁੱਦਈ ਨਹੀਂ, ਨਾ ਹੀ ਕੋਈ ਗ਼ੈਰ-ਵਿਗਿਆਨਕ ਮਾਨਤਾਵਾਂ ਦੀ ਹਾਮੀ ਭਰਨ ਲਈ ਤਿਆਰ ਹੈ। ਸੋ, ਇਸ ਅਵਸਥਾ 'ਤੇ ਸਾਡਾ ਫ਼ਰਜ਼ ਬਣਦਾ ਹੈ ਕਿ ਪੰਜਾਬੀਅਤ ਨੂੰ ਹੋਰ ਵਧੇਰੇ ਉਦਾਰ, ਸਿਹਤਮੰਦ ਤੇ ਸ਼ਕਤੀਵੰਤ ਬਣਾਈਏ ਤਾਂ ਕਿ ਇੱਕੀਵੀਂ ਸਦੀ ਵਿਚ ਪ੍ਰਵੇਸ਼ ਕਰਨ ਲੱਗਿਆਂ ਸਾਨੂੰ ਕੋਈ ਔਕੜ ਨਾ ਆਵੇ। ਗੁਰੂ ਨਾਨਕ ਸਾਹਿਬ ਇਕ ਮੰਤ੍ਰ ਸਮਝਾ ਗਏ ਹਨ ਕਿ ਆਪਣੀ ਸ੍ਰੇਸ਼ਟਤਾ ਦਾ ਕੋਈ ਦਾਅਵਾ ਨਹੀਂ ਕਰਨਾ ਤੇ ਨਾ ਦੂਜੇ ਦੀ ਸ੍ਰੇਸ਼ਟਤਾ ਉੱਤੇ ਸੰਦੇਹ ਕਰਨਾ ਹੈ, ਫਿਰ ਬੇੜਾ ਪਾਰ ਹੈ :

ਹਮ ਨਹੀ ਚੰਗੇ ਬੁਰਾ ਨਹੀ ਕੋਇ॥
ਪ੍ਰਣਵਤਿ ਨਾਨਕੁ ਤਾਰੇ ਸੋਇ॥ *(ਸੂਹੀ ਮਹਲਾ ੧, ਪੰਨਾ 728)*

•

ਸਾਨੂੰ ਮਾਣ ਹੈ ਪੰਜਾਬੀ ਸਭਿਆਚਾਰ 'ਤੇ

ਸੁਘੜ ਸੁਚੱਜੇ ਮਨੁੱਖ ਦਾ ਸੱਚਾ-ਸੁੱਚਾ ਆਚਾਰ-ਵਿਹਾਰ-ਸੰਸਕ੍ਰਿਤੀ ਹੈ। ਇਸ ਵਿਚ ਪਰੰਪਰਾਈ ਵਿਸ਼ਵਾਸ, ਮੰਨਤ, ਆਦਰਸ਼, ਧਰਮ-ਕਰਮ, ਕਲਾ-ਕੌਸ਼ਲਤਾ, ਰੀਤੀ-ਰਿਵਾਜ, ਰਹਿਣੀ-ਬਹਿਣੀ, ਖਾਣ-ਪੀਣ-ਪਹਿਨਣ ਤੇ ਬੋਲ-ਚਾਲ ਸਭ ਕੁਝ ਆ ਜਾਂਦਾ ਹੈ। ਸੰਸਕ੍ਰਿਤੀ ਜਾਂ ਸਭਿਆਚਾਰ ਦਾ ਅਰਥ ਹੀ ਸਾਜਿਆ-ਸੰਵਾਰਿਆ ਜਾਣਾ ਹੈ ਤੇ ਇਸ ਸਜਣ-ਸੰਵਰਨ ਵਿਚ ਸਾਡੀ ਆਤਮਾ, ਮਨ, ਇੰਦਰੇ ਤੇ ਜ਼ਬਾਨ ਸਭੋ ਸ਼ਾਮਿਲ ਹਨ। ਧਰਮ ਆਤਮਾ ਤੇ ਮਨ ਦੀ ਸ਼ੁੱਧੀ ਉੱਤੇ ਜ਼ੋਰ ਦਿੰਦਾ ਹੈ ਅਤੇ ਕਲਾ ਸਾਡੀ ਇੰਦ੍ਰਿਆਂ, ਸਰੀਰ ਅਤੇ ਆਲੇ-ਦੁਆਲੇ ਨੂੰ ਸੰਵਾਰਣ ਦਾ ਕੰਮ ਕਰਦੀ ਹੈ। ਸੋ, ਸਭਿਆਚਾਰ ਜਾਂ ਸੰਸਕ੍ਰਿਤੀ ਵਧੀਆ ਸੁਘੜ ਜੀਵਨ-ਜਾਚ ਹੀ ਹੈ, ਜੋ ਸਾਨੂੰ ਮਨ, ਬਾਣੀ, ਕਰਮ ਕਰਕੇ ਸਹੀ ਤੇ ਸੁਚੱਜੇ ਕੰਮ, ਸੋਹਣੀ ਤਰ੍ਹਾਂ ਕਰਨਾ ਸਿਖਾਉਂਦੀ ਹੈ।

ਸਹੀ ਤੇ ਠੀਕ ਕੰਮ ਕਿਹੜਾ ਹੈ—ਇਹ ਧਰਮ ਦੱਸਦਾ ਹੈ ਤੇ ਇਸ ਨੂੰ ਸੋਹਣੀ ਤਰ੍ਹਾਂ ਕਿਵੇਂ ਨਿਭਾਉਣਾ ਹੈ—ਇਹ ਕਲਾ ਸਮਝਾਉਂਦੀ ਹੈ। ਇਸ ਤਰ੍ਹਾਂ ਸਭਿਆਚਾਰ ਦੀ ਨੁਹਾਰ ਘੜਨ ਵਿਚ ਧਰਮ, ਦਰਸ਼ਨ, ਕਲਾ ਤੇ ਕਿਰਤ-ਕਾਰ ਸਭ ਦਾ ਹੱਥ ਹੈ। ਇਹ ਪ੍ਰਕਿਰਿਆ ਸਮਾਜਿਕ ਜੀਵਨ ਦੀ ਗਤੀ ਵਿੱਚੋਂ ਹੀ ਜਨਮ ਲੈਂਦੀ ਹੈ ਅਤੇ ਪਲਾਇਨਵਾਦੀ ਨਿਪੁੰਸਕਤਾ ਇਸ ਨੂੰ ਪੈਦਾ ਕਰ ਨਹੀਂ ਸਕਦੀ। ਸਾਡਾ ਸਭਿਆਚਾਰ ਵਧੇਰੇ ਧਰਮ-ਪਰਾਇਣ ਹੈ, ਧਰਮ ਨੇ ਇਸ ਨੂੰ ਬਹੁਤ ਕੁਝ ਦਿੱਤਾ ਹੈ। ਲੰਮੇ ਤਜਰਬੇ ਬਾਅਦ ਧਰਮ ਨੇ ਦੱਸ ਦਿੱਤਾ ਹੈ ਕਿ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਆਦਿ ਐਸੇ ਔਗੁਣ ਹਨ, ਜੋ ਮਨੁੱਖ ਨੂੰ ਸਭਿਆਚਾਰੀ ਨਹੀਂ ਬਣਨ ਦਿੰਦੇ। ਸੋ ਇਨ੍ਹਾਂ ਤੋਂ ਹਰ ਤਰ੍ਹਾਂ ਬਚ ਕੇ ਚੱਲਣ ਦੀ ਲੋੜ ਹੈ ਅਤੇ ਹਰ ਸ਼ਖ਼ਸੀਅਤ ਨੂੰ ਆਪਾ ਨਿਖਾਰਨ-ਸੰਵਾਰਨ ਲਈ ਸੰਜਮ, ਸਹਿਨਸ਼ੀਲਤਾ, ਸੰਤੋਖ, ਦਯਾ, ਖਿਮਾ, ਵੈਰਾਗ ਤੇ ਨਿਮਰਤਾ ਆਦਿ ਗੁਣਾਂ ਨੂੰ ਧਾਰਨਾ ਜ਼ਰੂਰੀ ਹੈ ਤਾਂ ਹੀ ਮਨੁੱਖ ਮੁਹੱਜ਼ਬ ਅਖਵਾ ਸਕਦਾ ਹੈ। ਬਾਹਰਲੇ ਲਿਬਾਸ, ਦਿਖਾਵੇ ਦੀ ਰਹਿਣੀ-ਬਹਿਣੀ ਜਾਂ ਕੇਵਲ ਸਜੀ-ਸੰਵਰੀ ਜ਼ਬਾਨ ਨਾਲ ਹੀ ਕਲਚਰ ਨਹੀਂ ਆ ਜਾਂਦੀ। ਭਾਵੇਂ ਇਸ ਵਿਚ ਜ਼ਬਾਨ ਦਾ ਰੋਲ ਬੜਾ ਅਹਿਮ ਹੈ, ਇਹ ਇਕ ਤਰ੍ਹਾਂ ਸਭਿਆਚਾਰ ਦੀ ਝੰਡਾ-ਬਰਦਾਰ ਹੈ, ਇਸੇ ਕਰਕੇ ਪੁਰਾਣੇ ਲੋਕ ਕਿਰਦਾਰ, ਰਫ਼ਤਾਰ, ਦਸਤਾਰ ਨਾਲ ਗੁਫ਼ਤਾਰ ਨੂੰ ਵੀ ਜੋੜਨਾ ਜ਼ਰੂਰੀ ਸਮਝਦੇ ਹਨ। ਪ੍ਰਤੀਕਾਤਮਕ ਭਾਸ਼ਾ ਦਾ ਪ੍ਰਯੋਗ ਸਭਿਆਚਾਰ ਦਾ ਵਿਸ਼ੇਸ਼ ਕਲਾਤਮਕ ਹਥਿਆਰ ਹੈ ਤੇ ਹਰ ਗੱਲ ਸਿੱਧੇ ਢੰਗ ਨਾਲ ਕਹਿਣ ਤੋਂ ਰਤਾ ਸੰਕੋਚ ਵੀ ਕੀਤਾ ਜਾਂਦਾ ਹੈ।

ਜੁਆਨੀ ਦਾ ਬੁਢਾਪੇ ਵਿਚ ਵੱਟ ਜਾਣਾ ਕੁਦਰਤੀ ਪ੍ਰਕਿਰਿਆ ਹੈ, ਪਰ ਸਭਿਆਚਾਰ ਇਸ ਨੂੰ ਇਉਂ ਕਹੇਗਾ :

ਕਾਲਿਆ ਹਰਨਾ ਬਾਗੀਂ ਚਰਨਾ, ਤੇਰੇ ਪੈਰੀਂ ਝਾਂਜਰਾਂ ਪਾਈਆਂ।
ਅੱਗੇ ਤਾਂ ਟਪਦਾ ਸੀ ਨੌਂ ਨੌਂ ਕੋਠੇ, ਹੁਣ ਨੀ ਟਪਦੀਆਂ ਖਾਈਆਂ।

ਕੁੜੀਆਂ ਦੀ ਬਾਬਲ ਦੇ ਦੇਸ਼ ਤੋਂ ਵਿਦਾਇਗੀ ਸਮਾਜਿਕ ਜੀਵਨ ਦਾ ਜ਼ਰੂਰੀ ਭਾਗ ਹੈ, ਜੋ ਬੜਾ ਵੇਦਨਾਮਈ ਹੈ, ਪਰ ਸਭਿਆਚਾਰਕ ਅਭਿਵਿੰਜਨਾ, ਇਸ ਨੂੰ ਹੋਰ ਤਰ੍ਹਾਂ ਰੂਪਮਾਨ ਕਰਦੀ ਹੈ :

ਸਾਡਾ ਚਿੜੀਆਂ ਦਾ ਚੰਬਾ ਵੇ, ਬਾਬਲ ਅਸਾਂ ਉੱਡ ਜਾਣਾ।
ਸਾਡੀ ਲੰਮੀ ਉਡਾਰੀ ਵੇ, ਬਾਬਲ ਕਿਹੜੇ ਦੇਸ਼ ਜਾਣਾ।

ਇਉਂ ਸਲੀਕੇ ਵਾਲੀ ਜ਼ਬਾਨ ਭਾਵੇਂ ਬਹੁਤ ਮਹੱਤਵ ਰੱਖਦੀ ਹੈ, ਪਰ ਇੰਨਾ ਹੀ ਕਾਫ਼ੀ ਨਹੀਂ। ਤਹਿਜ਼ੀਬ ਤਾਂ ਖ਼ਾਸ ਕਿਸਮ ਦਾ ਸਜੀਲਾ-ਰਸੀਲਾ ਸਾਊ ਸੁਭਾ ਹੈ, ਜੋ ਮਨੁੱਖ ਦੀ ਹਰ ਹਰਕਤ ਰਾਹੀਂ, ਹਰ ਸਮੇਂ ਆਪਣਾ ਮਧੁਰ ਪ੍ਰਭਾਵ ਪਾਉਂਦਾ ਹੈ। ਇਸੇ ਕਰਕੇ ਪੰਡਿਤ ਜਵਾਹਰ ਲਾਲ ਨਹਿਰੂ ਕਹਿੰਦੇ ਹਨ ਕਿ ਸਭਿਆਚਾਰ ਮਨੁੱਖਤਾ ਦਾ ਸਰਬ-ਵਿਆਪਕ ਗੁਣ ਹੈ, ਇਸ ਨੂੰ ਕਿਸੇ ਇਲਾਕਾਈ ਜਾਂ ਕੌਮੀ ਹੱਦਾਂ ਵਿਚ ਬੰਨ੍ਹਣਾ ਜ਼ਰਾ ਔਖਾ ਕੰਮ ਹੈ।

ਪ੍ਰਾਚੀਨ ਭਾਰਤੀ ਵਿਦਵਾਨ ਮਨ, ਬਾਣੀ ਤੇ ਕਰਮ ਕਰ ਕੇ ਕਿਸੇ ਵਿਅਕਤੀ ਦਾ ਸਾਫ਼ ਤੇ ਸੁਚੱਜਾ ਹੋਣਾ ਹੀ ਸੰਪੂਰਨਤਾ ਸਮਝਦੇ ਸਨ, ਕੇਵਲ 'ਗੁਫ਼ਤਾਰ ਦਾ ਗ਼ਾਜ਼ੀ' ਹੋਣਾ ਕਾਫ਼ੀ ਨਹੀਂ ਸੀ। ਇਹ ਸ੍ਰੇਸ਼ਟਾਚਾਰ ਨਹੀਂ ਕਿ ਜ਼ਬਾਨ ਤਾਂ ਬੜੀ ਕੋਮਲ ਵਰਤ ਲਈ ਤੇ ਵਰਤੋਂ-ਵਿਹਾਰ ਕੋਝਾ ਤੇ ਕਠੋਰ ਕੀਤਾ। ਜਿਨ੍ਹਾਂ ਦਾ ਮਨ ਹੋਰ ਤੇ ਮੁੱਖ ਹੋਰ ਹੈ, ਉਹ ਕੱਚੇ ਹੀ ਕਹੇ ਜਾਂਦੇ ਹਨ। ਅੱਜ-ਕੱਲ੍ਹ ਤਾਂ ਧਰਮ ਨੂੰ ਵੀ ਇਹ ਮਾਣ ਹਾਸਿਲ ਨਹੀਂ ਕਿ ਅੰਦਰੋਂ ਬਾਹਰੋਂ ਇਕਸਾਰ ਹੋਵੇ।

ਸਭਿਆਚਾਰ ਲਈ ਜ਼ਰੂਰੀ ਹੈ ਕਿ ਉਹ ਅੰਦਰੋਂ ਬਾਹਰੋਂ ਸੱਚਾ ਤੇ ਸ੍ਰੇਸ਼ਟਾਚਾਰੀ ਹੋਵੇ। ਅਜਿਹੇ ਸਾਵੇਂ ਪੱਧਰੇ ਸਹਿਜ ਜੀਵਨ ਵਿੱਚੋਂ ਹੀ ਸੌਂਦਰਯ ਆਪਣੀ ਝਲਕ ਦਿਖਾਉਂਦਾ ਤੇ ਸ਼ਖ਼ਸੀਅਤ ਨੂੰ ਸੁਨੱਖਾ ਕਰ ਕੇ ਆਕਰਸ਼ਕ ਬਣਾਉਂਦਾ ਹੈ। ਪੰਜਾਬੀ ਸਭਿਆਚਾਰ ਨੇ ਹਜ਼ਾਰਾਂ ਵਰ੍ਹਿਆਂ ਦੀ ਘਾਲ ਕਮਾਈ ਨਾਲ ਆਪਣੇ ਆਪ ਨੂੰ ਅਨੰਤ ਗੁਣਾਂ ਨਾਲ ਭਰਪੂਰ ਹੀ ਨਹੀਂ ਕੀਤਾ, ਸਗੋਂ ਦੂਰ ਦੂਰ ਤਕ ਮਸ਼ਹੂਰ ਵੀ ਕੀਤਾ ਹੈ।

1. ਅਧਿਆਤਮਵਾਦ

ਕਿਸੇ ਸਭਿਆਚਾਰ ਦੇ ਵਿਕਾਸ ਲਈ ਭੂਗੋਲਿਕ ਵਾਤਾਵਰਣ ਤੇ ਇਤਿਹਾਸਕ ਅਭਿਆਸ ਬੜਾ ਅਹਿਮ ਹਿੱਸਾ ਪਾਉਂਦਾ ਹੈ। ਪੰਜਾਬੀਅਤ ਕੁਦਰਤ ਦੇ ਜਿਸ ਪੰਘੂੜੇ ਵਿਚ ਪਲੀ ਹੈ, ਉਹ ਵਚਿੱਤਰ ਕਿਸਮ ਦਾ ਹੈ। ਇਕ ਪਾਸੇ ਦੁੱਧ-ਚਿੱਟੇ ਠੰਢੇ ਯਖ਼ ਬਰਫ਼ਾਨੀ ਪਰਬਤ ਹਨ ਤੇ ਦੂਜੇ ਪਾਸੇ ਰੇਗਿਸਤਾਨ ਦੇ ਤਪਦੇ ਮਾਰੂਥਲ, ਇਹ ਦੋਵੇਂ ਸਿਰੇ ਅਤਿ ਦੇ ਭਿੰਨ ਹਨ ਅਤੇ ਪੰਜਾਬੀ ਸਭਿਆਚਾਰ ਦੀ ਗਰਮੀ-ਸਰਦੀ ਵੀ ਸਿਰੇ

ਦੀ ਹੈ। ਜੇ ਜੁੱਸੇ ਵਿਚ ਗਰਮੀ ਆਈ ਤਾਂ ਸੂਰਮਗਤੀ ਦੇ ਭਾਂਬੜ ਬਾਲ ਦਿੱਤੇ ਤੇ ਸੀਸ ਤਲੀ 'ਤੇ ਰੱਖ ਤੁਰੇ ਅਤੇ ਜੇ ਸ਼ਾਂਤੀ ਤੇ ਸਹਿਨਸ਼ੀਲਤਾ ਧਾਰੀ ਤਾਂ ਤੱਤੀਆਂ ਤਵੀਆਂ ਉੱਤੇ ਚੌਂਕੜੇ ਮਾਰ ਬੈਠੇ, ਸਿਰ 'ਤੇ ਆਰੇ ਫਿਰਵਾ ਕੇ ਵੀ ਖ਼ਾਮੋਸ਼ ਰਹੇ। ਇਹ ਇਕ ਵਾਰ ਨਹੀਂ, ਕਈ ਵਾਰ ਹੋਇਆ। ਇਸ ਦਾ ਆਧਾਰ ਅਧਿਆਤਮਕ ਵਿਸ਼ਵਾਸ ਸੀ, ਰੱਬੀ ਸਿਦਕ ਸੀ, ਜਿਸ ਦੇ ਬਲ-ਬੂਤੇ ਪ੍ਰਹਿਲਾਦ ਵਰਗੇ ਕੱਚੀ ਉਮਰ ਦੇ ਪੰਜਾਬੀ ਬਾਲ ਨੂੰ ਪੱਕੀ ਗੱਲ ਕਰਨੀ ਆਉਂਦੀ ਸੀ ਤੇ ਉਹ ਹਰਨਾਖ਼ਸ਼ ਵਰਗੇ ਜਾਬਰ ਪਿਤਾ ਨੂੰ ਵੀ ਲਲਕਾਰ ਸਕਦਾ ਸੀ।

ਸੋ, ਪੰਜਾਬੀ ਪਹਿਲਾਂ ਤੋਂ ਹੀ ਗ਼ੈਬੀ ਸ਼ਕਤੀ ਉੱਤੇ ਓਟ ਰੱਖਦਾ ਆਇਆ ਹੈ ਤੇ ਸਿਦਕ ਦੇ ਬੇੜੇ ਪਾਰ ਹੁੰਦੇ ਰਹੇ ਹਨ। ਨਵੀਂ ਰੌਸ਼ਨੀ ਦੀ ਨਵੀਂ ਤਹਿਜ਼ੀਬ ਭਾਵੇਂ ਇਸ ਸਿਦਕ-ਦਿਲੀ ਨੂੰ ਕੋਈ ਥਾਂ ਦੇਣ ਲਈ ਤਿਆਰ ਨਹੀਂ, ਪਰ 'ਪੰਜਾਬ ਜੀਂਦਾ ਗੁਰੂ ਦੇ ਨਾਂ 'ਤੇ' ਅਤੇ 'ਗੁਰੂ ਜੀਊਂਦੇ ਰੱਬ ਦੇ ਨਾਂ 'ਤੇ'। ਉਹ ਬਹੁਤੇ ਦੇਵੀ-ਦੇਵਤੇ ਇਸ਼ਟ ਨਹੀਂ ਬਣਾਉਂਦੇ, ਇਕ ਅਕਾਲ ਨੂੰ ਹੀ ਹਰ ਹਾਲ ਨਾਲ ਸਮਝਣਾ ਤੇ ਉਸ ਦੇ ਗੁਣਾਂ ਦਾ ਭਾਈਵਾਲ ਬਣਨਾ ਹੈ। ਜੋ ਲੋਕ ਰੱਬੀ ਸਿਫ਼ਤਾਂ ਦੇ ਮਾਲਕ ਹੋ ਜਾਂਦੇ ਹਨ, ਉਹ ਉਸਦਾ ਰੂਪ ਹੋ ਨਿਬੜਦੇ ਹਨ, ਭਾਵੇਂ ਉਨ੍ਹਾਂ ਨੂੰ ਰੱਬ ਜਾਂ ਖ਼ੁਦਾ ਕਹਿਣਾ ਬਣਦਾ ਨਹੀਂ, ਪਰ ਉਹ ਉਸ ਤੋਂ ਭਿੰਨ ਵੀ ਨਹੀਂ ਹੁੰਦੇ। ਕਿਸੇ ਸਿਆਣੇ ਦਾ ਕੌਲ ਹੈ :

> ਮਰਦਾਨਿ ਖ਼ੁਦਾ, ਖ਼ੁਦਾ ਨ ਬਾਸ਼ੰਦ,
> ਲੇਕਿਨ ਜ਼ ਖ਼ੁਦਾ, ਜੁਦਾ ਨ ਬਾਸ਼ੰਦ।
> ਆਦਮ ਕੋ ਖ਼ੁਦਾ ਮਤ ਕਹੋ, ਆਦਮ ਖ਼ੁਦਾ ਨਹੀਂ,
> ਲੇਕਿਨ ਖ਼ੁਦਾ ਕੇ ਨੂਰ ਸੇ ਆਦਮ ਜੁਦਾ ਨਹੀਂ।

ਇਸ ਤਰ੍ਹਾਂ ਪੰਜਾਬੀਅਤ "ਮਨ ਤੂੰ ਜੋਤਿ ਸਰੂਪੁ ਹੈ"[1] ਦੀ ਰੂਹਾਨੀ ਗੁੜ੍ਹਤੀ ਲੈ ਕੇ ਜੰਮੀ ਪਲੀ ਹੈ ਤੇ ਇਸ ਦੈਵੀ ਰੌਸ਼ਨੀ ਨੇ ਇਸ ਵਿਚ ਦ੍ਰਿੜ੍ਹਤਾ, ਅਡੋਲਤਾ, ਸ਼ਕਤੀ ਤੇ ਪਰਿਪੱਕਤਾ ਲਿਆਂਦੀ ਹੈ।

ਅੱਜ ਦੀ ਦੁਨੀਆਂ ਇਸ ਵਿਸ਼ਵਾਸ ਤੋਂ ਨਾਬਰ ਹੈ, ਪਰ ਇਸ ਕਲਜੁੱਗ ਦੇ ਤੇਜ਼-ਚਾਲ ਸਵਾਰ ਨੂੰ ਇਹ ਵੀ ਖ਼ਬਰ ਨਹੀਂ ਕਿ ਜਾਣਾ ਕਿਥੇ ਹੈ ਤੇ ਮੰਜ਼ਿਲ ਕਿਹੜੀ ਹੈ :

> ਪੁਰਾਨੀ ਰੌਸ਼ਨੀ ਔਰ ਨਈ ਮੇਂ ਫ਼ਰਕ ਇਤਨਾ ਹੈ,
> ਉਸੇ ਕਿਸ਼ਤੀ ਨਹੀਂ ਮਿਲਤੀ, ਇਸੇ ਸਾਹਲ ਨਹੀਂ ਮਿਲਤਾ।

2. ਰੁਮਾਂਸਵਾਦ

ਪੰਜਾਬੀ ਸਭਿਆਚਾਰ ਦਾ ਇਕ ਅਹਿਮ ਲੱਛਣ ਅਧਿਆਤਮਕ ਜੀਵਨ ਦੇ ਨਾਲ ਨਾਲ ਸੰਸਾਰਕ ਰੰਗ-ਰਲੀਆਂ ਵੀ ਰੱਜ ਕੇ ਮਾਣਨਾ ਹੈ। ਰੂਹਾਨੀਅਤ ਜਾਂ ਧਾਰਮਿਕ ਸਿੱਖਿਆ ਇਸ ਨੂੰ ਇਹ ਸਬਕ ਨਹੀਂ ਦਿੰਦੀ ਕਿ ਸੰਸਾਰ ਨੂੰ ਮਿਥਿਆ ਮੰਨ

1. ਆਸਾ ਮ: ੩, ਪੰਨਾ 441.

ਕੇ ਇਥੋਂ ਭਗੌੜੇ ਹੋ ਜਾਣਾ ਹੈ ਤੇ ਸਿਰ ਸੁਆਹ ਪਾ ਲੈਣੀ ਹੈ, ਜਿਵੇਂ ਕਿ ਇਸ ਦੇਸ਼ ਦੇ ਬਹੁਤੇ ਹਿੱਸਿਆਂ ਵਿਚ ਹੁੰਦਾ ਰਿਹਾ ਹੈ। ਪੰਜਾਬੀ, ਪ੍ਰੇਮ-ਪਿਆਰ ਦਾ ਮੁਜੱਸਮਾ ਹੈ, ਪ੍ਰੀਤਾਂ ਦਾ ਵਣਜਾਰਾ ਹੈ, ਉਹ ਸਭ ਨਾਲ ਪ੍ਰੇਮ ਮੁਹੱਬਤ ਨਾਲ ਪੇਸ਼ ਆਉਂਦਾ ਹੈ ਤੇ ਹੁਸਨ ਇਸ਼ਕ ਤੋਂ ਆਪਣੀ ਜਾਨ ਵੀ ਘੋਲ ਘੁਮਾਉਂਦਾ ਆਇਆ ਹੈ। ਸਾਡੇ ਰੁਮਾਂਟਿਕ ਕਿੱਸੇ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਪ੍ਰੇਮੀ ਰੂਹਾਂ ਸਿਰ ਧੜ ਦੀ ਬਾਜ਼ੀ ਲਾ ਕੇ ਸੱਜਣਾਂ ਨੂੰ ਮਿਲਦੀਆਂ ਰਹੀਆਂ ਹਨ। ਬਾਬਾ ਫ਼ਰੀਦ ਇਸ ਪ੍ਰੇਮ-ਯਾਤਰਾ ਦਾ ਇਸ ਤਰ੍ਹਾਂ ਬਿਆਨ ਕਰਦੇ ਹਨ:

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥
ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥

(ਸਲੋਕ ਫਰੀਦ ਜੀ, ਪੰਨਾ 1379)

ਪੰਜਾਬੀ ਸਭਿਆਚਾਰ ਐਸਾ ਗੋਰਖ ਦਾ ਟਿੱਲਾ ਹੈ, ਜੋ ਸਭ ਦੇ ਕੰਨ ਪੜਵਾਉਂਦਾ ਹੈ, ਅਜਨਬੀ ਅੱਖੜ ਗੱਭਰੂਆਂ ਨੂੰ ਰਾਂਝੇ ਬਣਾਉਂਦਾ ਹੈ ਤੇ ਬੜੇ ਬੜੇ ਇੱਜ਼ਤਦਾਰ ਸੌਦਾਗਰਾਂ ਨੂੰ ਮਹੀਂਵਾਲ ਬਣਾ ਕੇ ਖ਼ੁਸ਼ ਹੁੰਦਾ ਹੈ। ਥਲਾਂ ਵਿਚ ਨਵੇਂ ਸ਼ਾਹ-ਰਾਹ ਬਣਾਉਣੇ ਉਸ ਦੀ ਕਾਢ ਹੈ, ਇਸ਼ਕ ਦੇ ਦਰਿਆਵਾਂ ਨੂੰ ਕੱਚੇ ਘੜਿਆਂ ਨਾਲ ਪਾਰ ਕਰਨ ਦਾ ਦਾਈਆ ਬੰਨ੍ਹਣਾ ਉਸ ਦਾ ਸ਼ੌਕ ਤੇ ਸ਼ੁਗਲ ਹੈ। ਉਹ ਇਸ਼ਕ ਦੇ ਮੈਦਾਨ ਵਿਚ ਮਿਰਜ਼ੇ ਵਾਂਙ ਘੋੜਾ ਨਚਾਉਂਦਾ ਤੇ ਅੱਗੇ ਵੱਧ ਕੇ ਜਾਨ ਦੀ ਬਾਜ਼ੀ ਲਾਉਂਦਾ ਹੈ। ਉਸ ਦਾ ਵਰਤਾਰਾ ਇਤਨਾ ਨਿਰਾਲਾ ਹੈ ਕਿ ਉਹ ਵੱਖਰਾ ਪਛਾਣਿਆ ਜਾਂਦਾ ਹੈ। ਵਾਰਸ ਠੀਕ ਕਹਿੰਦਾ ਹੈ—"ਗੁੱਝੀ ਰਹੇ ਨਾ ਹੀਰ ਹਜ਼ਾਰ ਵਿੱਚੋਂ"। ਇਉਂ ਲੱਗਦਾ ਹੈ ਕਿ ਇਥੇ ਰੂਹਾਨੀ ਰੁਮਾਂਸ ਤੇ ਜਹਾਨੀ ਰੁਮਾਂਸ ਬਰਾਬਰ ਹਨ। ਉਹ ਕਿਸੇ ਪ੍ਰੀਤੀ ਨੂੰ ਤ੍ਰਿਸਕਾਰਦਾ ਨਹੀਂ, ਸਗੋਂ ਇਨ੍ਹਾਂ ਪਵਿੱਤਰ ਜਜ਼ਬਿਆਂ ਨੂੰ ਸ਼ਿੰਗਾਰਦਾ ਸੰਵਾਰਦਾ ਨੇਹੁੰ ਲਾਉਣ ਦੀਆਂ ਵਿਧੀਆਂ ਪ੍ਰਚਾਰਦਾ ਹੈ:

ਪੁੱਛਣ ਸਹੇਲੀਆਂ ਮਾਹੀ ਵੇ, ਨੇਹੁੰ ਕਿਵੇਂ ਲਾਈਦਾ ਢੋਲਾ।
ਪਹਿਲੇ ਅੱਖੀਆਂ ਮਾਹੀ ਵੇ, ਪਿੱਛੋਂ ਰਲ ਮਿਲ ਜਾਈਦਾ ਢੋਲਾ।

ਰੁਮਾਂਟਿਕ ਖੇਤਰ ਵਿਚ ਨਿਤਰਨ ਵਾਲਿਆਂ ਲਈ ਹੁਸਨ ਨੂੰ ਨਿਖਾਰਨਾ, ਸੰਵਾਰਨਾ ਤੇ ਇਸ਼ਕ ਨੂੰ ਹੁਲਾਰਨਾ ਬਹੁਤ ਜ਼ਰੂਰੀ ਹੈ, ਸੋ ਪੰਜਾਬੀ ਲੋਕ ਵਧੀਆ ਬਸਤਰ ਤੇ ਗਹਿਣੇ ਪਹਿਨ ਕੇ ਖ਼ੂਬ ਸੱਜਦੇ-ਵੱਸਦੇ ਤੇ ਆਪਣੇ ਚਾਅ ਮਲ੍ਹਾਰ ਪੂਰੇ ਕਰਦੇ ਹਨ। ਉਨ੍ਹਾਂ ਦੀ ਦਸਤਾਰ ਤੇ ਕੁੜਤੀ ਸਲਵਾਰ ਵਿਲੱਖਣ ਰੰਗ-ਢੰਗ ਦੀ ਹੈ।

ਭਾਰਤੀ ਸੰਸਕ੍ਰਿਤੀ ਆਮ ਤੌਰ 'ਤੇ ਬਹੁਤਾ ਬਿਰਕਤੀ ਉੱਤੇ ਜ਼ੋਰ ਦਿੰਦੀ ਰਹੀ ਹੈ ਤੇ ਇਸ ਬਿਰਤੀ ਵਾਲੇ ਹਮੇਸ਼ਾ ਨਾਰੀ ਨੂੰ 'ਮਾਇਆ' ਕਹਿ ਕੇ ਨਿੰਦਦੇ ਰਹੇ ਹਨ। ਇਥੋਂ ਤਕ ਕਿ ਜੇ ਕਿਸੇ ਇਸਤਰੀ ਦਾ ਪਤੀ ਮਰ ਜਾਵੇ ਤਾਂ ਉਸ ਨੂੰ ਨਾਲ ਸੜਨ ਲਈ ਵੀ ਮਜਬੂਰ ਕਰਦੇ ਸਨ ਤਾਂ ਕਿ ਇਹ 'ਮਾਇਆ' ਕਿਸੇ ਹੋਰ ਨੂੰ ਚੰਬੜ ਨਾ ਜਾਵੇ। ਇਸੇ ਕਰਕੇ ਵਿਧਵਾ-ਵਿਆਹ ਵੀ ਵਰਜਿਤ ਸੀ। ਲੇਕਿਨ ਪੰਜਾਬੀਆਂ ਨੇ

"ਸੋ ਕਿਉ ਮੰਦਾ ਆਖੀਐ"[2] ਦੀ ਸੰਥਾ ਸੁਣੀ ਹੋਈ ਸੀ, ਇਸ ਕਰਕੇ ਉਨ੍ਹਾਂ ਨਾਰੀ ਦਾ ਵੱਧ ਤੋਂ ਵੱਧ ਸਤਿਕਾਰ ਕੀਤਾ ਤੇ ਕਰੇਵਾ ਜਾਂ ਚਾਦਰ ਪਾਉਣ ਦੀ ਰੀਤਿ ਨਾਲ ਉਸ ਨੂੰ ਸਦੀਵੀ ਸੰਕਟਾਂ ਤੋਂ ਬਚਾਇਆ।

ਜੀਵਨ-ਸਾਥੀ ਬਾਰੇ ਆਪਣੇ ਕਰਤੱਵ ਦਾ ਪਾਲਣ ਕਰਨਾ ਇਕ ਮਨੁੱਖੀ ਫ਼ਰਜ਼ ਹੈ, ਜਿਸ ਨੂੰ ਪੰਜਾਬੀ ਮਰਦ ਨੇ ਵਧੇਰੇ ਜ਼ਿੰਮੇਵਾਰੀ ਨਾਲ ਨਿਭਾਇਆ ਹੈ, ਜਦੋਂ ਕਿ ਇਸ ਦੇਸ਼ ਦੇ ਯੁਧਿਸ਼ਟਰ ਵਰਗੇ ਧਰਮ-ਪੁੱਤਰ ਪਤਨੀ ਨੂੰ ਜੂਏ ਵਿਚ ਲਾਉਂਦੇ ਰਹੇ ਤੇ ਵੱਡੇ ਵੱਡੇ ਅਵਤਾਰ ਇਸ ਦੀ ਅਗਨੀ-ਪਰੀਖਿਆ ਲੈਣਾ ਆਪਣਾ ਅਧਿਕਾਰ ਸਮਝਦੇ ਰਹੇ। ਪੰਜਾਬੀਆਂ ਨੇ ਇਸਤਰੀ ਜਾਤੀ ਦਾ ਐਸਾ ਅਪਮਾਨ ਨਹੀਂ ਕੀਤਾ, ਸਗੋਂ ਉਸ ਦੇ ਕੁਦਰਤੀ ਗੌਰਵ ਤੇ ਗੁਣ ਨੂੰ ਸਵੀਕਾਰ ਕਰ ਕੇ ਪ੍ਰੇਮ ਪਿਆਰ ਦਾ ਪ੍ਰਮਾਣ ਦਿੱਤਾ ਹੈ। ਇਸ਼ਕ ਹਕੀਕੀ ਤੇ ਇਸ਼ਕ ਮਜ਼ਾਜੀ ਨੂੰ ਇਕੱਠਿਆਂ ਕਰ ਦੇਣਾ ਵੀ ਪੰਜਾਬੀਆਂ ਦੀ ਨਿਰਾਲੀ ਕਰਾਮਾਤ ਹੈ। ਇਸੇ ਕਰਕੇ ਰੱਬੀ ਇਸ਼ਕ ਨੂੰ ਕੰਤ ਕਾਮਣਿ ਦੀਆਂ ਸੁਰਾਂ ਵਿਚ ਗਾ ਕੇ ਅਨੋਖਾ ਰੰਗ ਬੰਨ੍ਹਿਆ ਗਿਆ ਹੈ। ਗੁਰਬਾਣੀ ਤੇ ਸੂਫ਼ੀ ਕਲਾਮ ਵਿੱਚੋਂ ਇਸ ਦੇ ਚੰਗੇ ਨਮੂਨੇ ਮਿਲਦੇ ਹਨ। ਇਉਂ ਦੋ ਵਿਰੋਧੀ ਸੁਰਾਂ ਨੂੰ ਮਿਲਾਉਣਾ ਅਜਬ ਕਲਾ ਹੈ।

3. ਸਮੋਣ ਦੀ ਰੁਚੀ

ਪੰਜਾਬੀ ਸਮੋਣਵਾਦੀ ਜਾਂ ਸਮੱਨਵਵਾਦੀ ਹੈ। ਉਸ ਦੀ ਛਾਤੀ ਅੰਦਰ ਐਸਾ ਵਿਸ਼ਾਲ ਦਰਿਆ ਵਗਦਾ ਹੈ ਕਿ ਉਹ ਸਭ ਨਦੀ ਤੇ ਨਾਲਿਆਂ ਨੂੰ ਵਿਚੇ ਵਿਚ ਸਮੋਈ ਜਾਂਦਾ ਹੈ। ਪੰਜਾਬ ਦੀ ਧਰਤੀ ਦਾ ਇਤਿਹਾਸਕ ਪਿਛਵਾੜਾ ਐਸਾ ਹੈ ਕਿ ਉਹ ਅਨੇਕਾਂ ਨਸਲਾਂ, ਜਾਤੀਆਂ ਤੇ ਮਜ਼੍ਹਬਾਂ ਦੀ ਰੰਗ-ਭੂਮੀ ਰਹੀ ਹੈ। ਇਥੇ ਹਰ ਤਰ੍ਹਾਂ ਦੀ ਜੀਵਨ-ਵੰਨਗੀ ਪ੍ਰਾਪਤ ਹੈ। ਗੌਰਵ ਦੀਆਂ ਗੱਲਾਂ ਵੀ ਇਥੇ ਆਮ ਹੋਈਆਂ, ਵੇਦ ਤੇ ਉਪਨਿਸ਼ਦ ਇਥੇ ਰਚੇ ਗਏ, ਸ੍ਰੀ ਗੁਰੂ ਗ੍ਰੰਥ ਸਾਹਿਬ ਇਥੇ ਤਿਆਰ ਹੋਇਆ। ਪਾਣਿਨੀ ਤੇ ਪਤੰਜਲੀ ਨੇ ਵਿਆਕਰਣਕ ਚਮਤਕਾਰ ਇਥੇ ਦਿਖਾਏ। ਰਿਗ ਵੇਦ ਵਿਚ 'ਸਪਤ ਸਿੰਧੂ' ਜਾਂ ਪੰਜਾਬ ਨੂੰ 'ਜ਼ਿੰਦਗੀ ਦਾ ਸੋਮਾ' ਕਿਹਾ ਗਿਆ ਹੈ, ਜਿਸ ਨੂੰ ਇਤਿਹਾਸਕ ਸੱਚ ਵਾਂਙ ਮੰਨਣਾ ਪੈਂਦਾ ਹੈ। ਡਾ. ਰਾਧਾ ਕੁਮਦ ਮੁਕਰਜੀ ਨੇ ਦਸੰਬਰ 1952 ਵਿਚ ਹੋਈ 'ਹਿਸਟਰੀ ਕਾਂਗਰਸ' ਦੀ ਪ੍ਰਧਾਨਗੀ ਕਰਦਿਆਂ ਕਿਹਾ ਸੀ: "ਆਦਿ ਮਾਨਵ ਪੰਜਾਬ ਦੀ ਸ਼ਿਵਾਲਕ ਪਰਬਤ ਦੀ ਉੱਚੀ ਧਰਤੀ ਉੱਤੇ ਵਿਕਸਤ ਹੋਇਆ ਹੋਵੇਗਾ, ਇਸ ਗੱਲ ਦੇ ਸਾਡੇ ਪਾਸ ਪੱਕੇ ਸਬੂਤ ਹਨ। ਫਿਰ ਦੁਨੀਆਂ ਦੀ ਪ੍ਰਾਚੀਨ ਖੇਤੀਬਾੜੀ ਸਭਿਅਤਾ ਵੀ ਇਥੇ ਹੀ ਪ੍ਰਗਟ ਹੋਈ।" ਡਾ. ਏ.ਸੀ. ਦਾਸ ਲਿਖਦਾ ਹੈ ਕਿ ਆਰੀਆ ਸੰਸਕ੍ਰਿਤੀ, ਸ਼ੁੱਧ ਭਾਰਤੀ ਸੰਸਕ੍ਰਿਤੀ, ਜਿਸ ਦਾ ਜਨਮ ਪੰਜਾਬ ਵਿਚ ਹੋਇਆ, ਇਹ ਹੋਰ ਭਾਰਤੀ ਸੰਸਕ੍ਰਿਤੀਆਂ ਵਿੱਚੋਂ ਸਭ ਤੋਂ ਪੁਰਾਤਨ ਹੈ। ਇਸ ਤੋਂ ਪਹਿਲਾਂ ਸਿੰਧੂ ਸੰਸਕ੍ਰਿਤੀ ਸੀ, ਜਿਸ ਦੇ ਨਿਸ਼ਾਨ ਹੜੱਪਾ, ਮੋਹਿੰਜੋਦੜੋ, ਰੋਪੜ, ਸੁਨੇਤ, ਢੋਲਵਾਹਾ ਆਦਿ ਅਨੇਕ

---

2. ਵਾਰ ਆਸਾ ਮ: ੧, ਪੰਨਾ 473.

ਥਾਵਾਂ ਤੋਂ ਮਿਲੇ ਹਨ। ਇਹ ਸਭਿਅਤਾ ਵੀ ਸੁਮੇਰੀ, ਬਾਬਲ ਤੇ ਮਿਸਰੀ ਸਭਿਅਤਾ ਤੋਂ ਕਿਸੇ ਗੱਲੋਂ ਘੱਟ ਨਹੀਂ ਸੀ, ਇਹ ਪੰਜਾਬ ਦੇ ਖਿੱਤੇ ਦੀ ਹੀ ਪੈਦਾਵਾਰ ਸੀ। ਇਤਿਹਾਸ ਦੱਸਦਾ ਹੈ ਕਿ ਈਰਾਨੀ, ਯੂਨਾਨੀ, ਅਰਬ, ਤੁਰਕ, ਮੁਗ਼ਲ, ਪਠਾਣ ਤੇ ਫ਼ਿਰੰਗੀ ਸਾਡੇ ਉੱਤੇ ਚੜ੍ਹ ਚੜ੍ਹ ਕੇ ਆਏ, ਅਨੇਕਾਂ ਵਰ੍ਹੇ ਰਾਜ ਕੀਤਾ, ਕਿੰਨਾ ਕੁਝ ਸਾਨੂੰ ਦੇ ਕੇ ਗਏ ਤੇ ਕਿੰਨਾ ਕੁਝ ਸਾਥੋਂ ਲੈ ਕੇ ਵੀ ਗਏ। ਇਹ ਸਭ ਕੁਝ ਐਸਾ ਹੈ, ਜਿਸ ਨੂੰ ਅਸਾਂ ਆਪਣੇ ਆਪ ਵਿਚ ਸਮੋਇਆ ਹੈ। ਸ੍ਰੀ ਰਾਮਧਾਰੀ ਸਿੰਘ ਦਿਨਕਰ ਨੇ ਆਪਣੀ ਪੁਸਤਕ *ਸੰਸਕ੍ਰਿਤੀ ਕੇ ਚਾਰ ਅਧਿਆਇ* ਵਿਚ ਲਿਖਿਆ ਹੈ ਕਿ ਭਾਰਤੀ ਸੰਸਕ੍ਰਿਤੀ ਵਿਚ ਚਾਰ ਵੱਡੀਆਂ ਕ੍ਰਾਂਤੀਆਂ ਆਈਆਂ। ਪਹਿਲੀ ਕ੍ਰਾਂਤੀ ਉਦੋਂ ਆਈ ਜਦੋਂ ਆਰੀਆ ਜਾਤੀ ਦਾ ਆਦਿ-ਵਾਸੀਆਂ ਨਾਲ ਮੇਲ ਹੋਇਆ। ਦੂਜੀ ਕ੍ਰਾਂਤੀ ਬੁੱਧ ਮਤ ਨਾਲ ਆਈ, ਜਦ ਕਿ ਬ੍ਰਾਹਮਣ ਸੰਸਕ੍ਰਿਤੀ ਦੀ ਥਾਂ ਸ੍ਰਮਣ ਸੰਸਕ੍ਰਿਤੀ ਨੇ ਲਈ। ਵਰਣ-ਵੰਡ ਤੇ ਜਾਤ-ਪਾਤ ਵਰਗੀਆਂ ਮਾਨਤਾਵਾਂ ਇਕ ਪਾਸੇ ਕਰ ਦਿੱਤੀਆਂ ਗਈਆਂ ਤੇ ਬਲੀਦਾਨ ਵਾਲੇ ਲਹੂ-ਲੁਹਾਣ ਖ਼ੂਨੀ ਧਰਮ ਦੀ ਥਾਂ 'ਅਹਿੰਸਾ ਪਰਮੋ ਧਰਮ' ਹੋ ਨਿਬੜਿਆ। ਤੀਸਰੀ ਕ੍ਰਾਂਤੀ ਮੁਸਲਿਮ ਹਮਲਿਆਂ ਨਾਲ ਆਈ, ਜਿਸ ਨਾਲ ਪੁਰਾਣਾ ਰਹਿਣ-ਸਹਿਣ ਤੇ ਬੋਲੀ ਬਦਲ ਗਈ। ਚੌਥੀ ਕ੍ਰਾਂਤੀ ਉਦੋਂ ਆਈ, ਜਦੋਂ ਅੰਗਰੇਜ਼ਾਂ ਦੇ ਆਉਣ ਨਾਲ ਪੱਛਮੀ ਗਿਆਨ-ਵਿਗਿਆਨ ਦਾ ਬੋਲ-ਬਾਲਾ ਹੋਇਆ। ਇਹ ਚਾਰ ਇਨਕਲਾਬ ਪੰਜਾਬ ਉੱਤੇ ਵੀ ਅਸਰ-ਅੰਦਾਜ਼ ਹੋਏ। ਖ਼ਾਸ ਕਰਕੇ ਆਰੀਆ ਤੇ ਇਸਲਾਮ ਵਾਲਿਆਂ ਦੀ ਆਮਦ ਨਾਲ ਪੰਜਾਬੀਅਤ ਦਾ ਮੁਹਾਂਦਰਾ ਹੀ ਬਦਲ ਗਿਆ। ਭਾਵੇਂ ਇਸ ਦਾ ਪਹਿਲਾ ਕੁਦਰਤੀ ਸਰੂਪ ਵੀ ਵਿਲੱਖਣ ਸੀ, ਪਰੰਤੂ ਇਤਿਹਾਸਕ ਅਦਲਾ-ਬਦਲੀ ਨੇ ਇਸ ਥਾਂ ਨੂੰ ਸੰਸਕ੍ਰਿਤੀਆਂ ਦਾ ਸੰਗਮ ਬਣਾ ਦਿੱਤਾ। ਇਸ ਨਾਲ ਇਥੇ ਉਦਾਰਤਾ ਤੇ ਖੁੱਲ੍ਹ-ਦਿਲੀ ਦੀ ਭਾਵਨਾ ਪ੍ਰਬਲ ਹੁੰਦੀ ਗਈ। ਸਾਡੇ ਦੋਸਤ ਮਿੱਤਰ ਵੀ ਸਾਡੇ ਲਾਗੇ ਆਏ ਤੇ ਵੈਰੀ ਵੀ ਸਾਡੇ ਉੱਤੇ ਟੁੱਟ ਟੁੱਟ ਪਏ, ਪਰ ਅਸਾਂ ਸਭ ਨੂੰ ਆਪਣੀ ਵਿਸ਼ਾਲ ਗਲਵੱਕੜੀ ਵਿਚ ਲੈ ਕੇ ਪੰਜਾਬੀਅਤ ਦੇ ਰੰਗ ਵਿਚ ਰੰਗ ਲਿਆ ਤੇ ਆਪਣੀ ਹਸਤੀ ਨੂੰ ਵੀ ਜਿਵੇਂ ਕਿਵੇਂ ਬਰਕਰਾਰ ਰੱਖਿਆ।

ਡਾ. ਇਕਬਾਲ ਦਾ ਕਥਨ ਇਸ ਤਵਾਰੀਖ਼ੀ ਹਕੀਕਤ ਦਾ ਪ੍ਰਗਟਾਵਾ ਕਰਦਾ ਹੈ:

> ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ,
> ਸਦੀਓਂ ਰਹਾ ਹੈ ਦੁਸ਼ਮਨ, ਦੌਰੇ-ਜ਼ਮਾਂ ਹਮਾਰਾ।

ਸਾਡੀ ਸਮੋਣ ਸ਼ਕਤੀ ਬੇਅੰਤ ਹੈ, ਖੁੱਲ੍ਹ-ਦਿਲੀ ਸਾਡਾ ਖ਼ਾਸਾ ਹੈ। ਸਾਡਾ ਸੁਭਾਉ ਬੜਾ ਹੀ ਰਲਾਉਣਾ ਹੈ। ਆਸਮਾਨ ਸਾਡਾ ਆਦਰਸ਼ ਹੈ, ਦਰਿਆ ਸਾਡਾ ਜੀਵਨ-ਪ੍ਰਵਾਹ ਹੈ, ਜਿਸ ਵਿਚ ਅਸੀਂ ਹਰ ਨਦੀ ਨਾਲੇ ਨੂੰ ਸਮੋਂਦੇ ਆਏ ਹਾਂ। ਸਾਡਾ ਸਫ਼ਰ ਸਹਿਰਾ ਤੋਂ ਸਾਗਰ ਤਕ ਹੈ। ਅਸੀਂ ਸਤਲੁਜ ਤੇ ਸਿੰਧ ਦੇ ਸਪੂਤ ਅਣਥੱਕ ਪਾਂਧੀ ਹਾਂ, ਜੋ ਹਰ ਇਕ ਨੂੰ ਆਪਣੇ ਕਾਫ਼ਲੇ ਵਿਚ ਮਿਲਾ ਕੇ ਖ਼ੁਸ਼ ਹੁੰਦੇ ਹਾਂ ਤੇ ਫਿਰ ਉੱਚੀ ਉੱਚੀ ਗਾਉਂਦੇ ਹਾਂ:

ਬਿਸਰਿ ਗਈ ਸਭ ਤਾਤਿ ਪਰਾਈ॥...
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥

(ਕਾਨੜਾ ਮਹਲਾ ੫, ਪੰਨਾ 1299)

4. ਸਵੈਮਾਨ

ਸਮੋਣਵਾਦੀ ਹੋਣ ਦਾ ਅਰਥ ਹਰਗਿਜ਼ ਇਹ ਨਹੀਂ ਕਿ ਅਸੀਂ ਆਪਣੀ ਹਸਤੀ ਗੁਆ ਲੈਂਦੇ ਹਾਂ। ਅਸੀਂ ਤਾਂ ਇਸ ਨਿਰਾਲੇ ਆਪੇ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਅਸੀਂ ਪੰਜਾਬੀ ਆਪਣਾ ਸਵੈਮਾਨ, ਅਣਖ, ਗ਼ੈਰਤ ਨਹੀਂ ਤੱਜਦੇ। ਸਾਡੇ ਉੱਤੇ ਕਈ ਜਰਵਾਣੇ ਚੜ੍ਹ ਚੜ੍ਹ ਕੇ ਆਏ, ਸਾਡੀ ਆਜ਼ਾਦੀ ਨੂੰ ਹਥਿਆਇਆ, ਪਰ ਅਸੀਂ ਸਭ ਨੂੰ ਮੂੰਹ-ਤੋੜ ਜਵਾਬ ਦਿੱਤਾ ਅਤੇ ਆਪਣੀ ਪੰਜਾਬੀਅਤ ਮਟਕਾ ਕੇ ਰੱਖੀ। ਸਿਕੰਦਰ ਦੀ ਫ਼ੌਜ ਨੇ ਪੋਰਸ ਨੂੰ ਮੈਦਾਨੇ-ਜੰਗ ਵਿੱਚੋਂ ਪਕੜ ਲਿਆ ਤੇ ਪੇਸ਼ ਕੀਤਾ। ਅੱਗੋਂ ਸਿਕੰਦਰ ਨੇ ਪੁੱਛਿਆ, "ਦੱਸ ਤੇਰੇ ਨਾਲ ਕੀ ਸਲੂਕ ਕੀਤਾ ਜਾਵੇ ?" ਤਾਂ ਪੋਰਸ ਘਬਰਾਇਆ ਨਹੀਂ, ਨਿਧੜਕ ਹੋ ਕੇ ਮਾਕੂਲ ਜਵਾਬ ਦਿੱਤਾ, "ਜੋ ਇਕ ਬਾਦਸ਼ਾਹ ਬਾਦਸ਼ਾਹ ਨਾਲ ਕਰਦਾ ਹੈ।"

ਮਾਰਚ 1752 ਵਿਚ ਅਹਿਮਦ ਸ਼ਾਹ ਅਬਦਾਲੀ ਨੇ ਲਾਹੌਰ ਨੂੰ ਘੇਰਾ ਪਾ ਕੇ ਐਸਾ ਨੱਕ ਵਿਚ ਦਮ ਕੀਤਾ ਕਿ ਮੀਰ ਮੰਨੂੰ ਨੂੰ ਮਜਬੂਰ ਹੋ ਕੇ ਹਥਿਆਰ ਸੁੱਟਣੇ ਪਏ। ਮੁਫ਼ਤੀ ਅਲਾਉਦੀਨ ਆਪਣੇ *ਇਬਰਤਨਾਮੇ* ਵਿਚ ਲਿਖਦਾ ਹੈ ਕਿ ਦੁਰਾਨੀ ਨੇ ਆਖਿਆ, "ਦੱਸ ਤੇਰੇ ਨਾਲ ਕੀ ਸਲੂਕ ਕੀਤਾ ਜਾਵੇ।" ਤਾਂ ਮੰਨੂੰ ਨੇ ਬੜੀ ਦਲੇਰੀ ਨਾਲ ਜਵਾਬ ਦਿੱਤਾ, "ਜੇ ਵਪਾਰੀ ਹੈਂ ਤਾਂ ਵੇਚ ਦੇ, ਜੇ ਕਸਾਈ ਹੈਂ ਤਾਂ ਮਾਰ ਦੇ ਅਤੇ ਜੇ ਸੂਰਬੀਰ ਸ਼ਾਹ ਹੈਂ ਤਾਂ ਮਾਫ਼ ਕਰ ਦੇ।"

ਸ: ਲਹਿਣਾ ਸਿੰਘ ਭੰਗੀ ਦਾ ਨਖ਼ਰਾ ਵੀ ਇਸੇ ਤਰ੍ਹਾਂ ਦਾ ਸੀ। ਦਸੰਬਰ 1766 ਈ: ਵਿਚ ਜਦ ਅਬਦਾਲੀ ਲਾਹੌਰ ਪੁੱਜਾ ਤਾਂ ਸ਼ਹਿਰੀ ਪਤਵੰਤਿਆਂ ਅਰਜ਼ ਕੀਤੀ ਕਿ ਲਹਿਣਾ ਸਿੰਘ ਬਹੁਤ ਨੇਕ ਹਾਕਮ ਹੈ, ਇਸ ਨੂੰ ਟਿਕਿਆ ਰਹਿਣ ਦਿੱਤਾ ਜਾਵੇ। ਦੁਰਾਨੀ ਨੇ ਰਹਿਮਤੁੱਲਾ ਬੇਗ ਦੇ ਹੱਥ ਕੁਝ ਮੇਵਿਆਂ ਦੇ ਟੋਕਰੇ ਅਤੇ ਖ਼ਿਲਅਤ ਭੇਜ ਕੇ ਲਿਖਿਆ ਕਿ ਤੁਸੀਂ ਸਾਡੇ ਵੱਲੋਂ ਲਾਹੌਰ ਦੀ ਸੂਬੇਦਾਰੀ ਸੰਭਾਲੋ। ਸੱਯਦ ਮੁਹੰਮਦ ਲਤੀਫ਼ ਲਿਖਦਾ ਹੈ ਕਿ ਸ: ਲਹਿਣਾ ਸਿੰਘ ਨੇ ਮੇਵਿਆਂ ਦੇ ਟੋਕਰੇ ਵਾਪਸ ਕਰ ਕੇ ਨਾਲ ਕੁਝ ਮੋਠ-ਬਾਜਰੇ ਦੇ ਦਾਣੇ ਘੱਲ ਦਿੱਤੇ ਅਤੇ ਆਖਿਆ, "ਅਸੀਂ ਕਿਸਾਨ ਲੋਕ ਇਹੋ ਅੰਨ ਦਾਣਾ ਖਾ ਕੇ ਸੰਤੁਸ਼ਟ ਹਾਂ ਤੇ ਇਹ ਮੇਵੇ ਤਾਂ ਅੱਯਾਸ਼ ਲੋਕਾਂ ਦੀ ਖ਼ੁਰਾਕ ਹੈ, ਜੋ ਤੁਹਾਨੂੰ ਹੀ ਸ਼ੋਭਦੇ ਹਨ :

ਦੋ ਪੈਰ ਘੱਟ ਤੁਰਨਾ, ਤੁਰਨਾ ਮਟਕ ਦੇ ਨਾਲ।

ਪੰਜਾਬੀ ਸਭਿਆਚਾਰ ਦੀ ਖ਼ੂਬਸੂਰਤੀ ਖ਼ੁਦਦਾਰੀ ਹੈ, ਗ਼ੈਰਤਮੰਦ ਹੋਣਾ ਹੈ। ਅਣਖੀ ਆਦਮੀ ਟੁੱਟ-ਭੱਜ ਸਕਦਾ ਹੈ :

ਮੇਰੀ ਖ਼ੁਦੀ ਭੀ ਹੈ ਸਜ਼ਾ ਕੀ ਮੁਸਤਹੱਕ ਲੇਕਿਨ,
ਜ਼ਮਾਨਾ ਦਾਰੋ-ਰਸਨ ਕੀ, ਤਲਾਸ਼ ਮੇਂ ਹੈ ਅਭੀ। *(ਡਾ. ਇਕਬਾਲ)*

ਮਨੁੱਖ ਦੇ ਸਵੈਮਾਨ ਦਾ ਪ੍ਰਗਟਾਵਾ ਸੂਰਮਗਤੀ ਦੇ ਸਾਕਿਆਂ ਰਾਹੀਂ ਵੀ ਹੁੰਦਾ ਹੈ। ਪੰਜਾਬੀ ਜਾਂ ਤਾਂ ਸਭ ਕੁਝ ਤਿਆਗ ਕੇ ਸਾਧੂ ਬਣ ਜਾਂਦਾ ਹੈ ਤੇ ਸੁੰਦਰਾਂ ਦੇ ਮੋਤੀਆਂ ਦੇ ਥਾਲ ਨੂੰ ਵੀ ਲੱਤ ਮਾਰ ਛੱਡਦਾ ਹੈ ਜਾਂ ਫਿਰ ਮੈਦਾਨ ਦਾ ਸੂਰਮਾ ਬਣ ਕੇ ਰਣ ਵਿਚ ਜੂਝਦਾ ਤੇ ਕਦੀ ਪਿਛਾਂਹ ਨਹੀਂ ਹਟਦਾ। ਉਹ ਐਵੇਂ ਕਦੀ ਮਰਦਾ ਨਹੀਂ, ਨਵਾਂ ਇਤਿਹਾਸ ਸਿਰਜ ਕੇ ਮਰਦਾ ਹੈ। ਚਾਹੇ ਬਾਬਾ ਬੰਦਾ ਬਹਾਦਰ ਸੀ, ਚਾਹੇ ਬਾਬਾ ਦੀਪ ਸਿੰਘ, ਚਾਹੇ ਭਗਤ ਸਿੰਘ ਸੀ, ਚਾਹੇ ਊਧਮ ਸਿੰਘ ਜਾਂ ਮਦਨ ਲਾਲ ਢੀਂਗਰਾ, ਇਨ੍ਹਾਂ ਆਪਣੇ ਸਵੈਮਾਨ ਨੂੰ ਕਦੀ ਆਂਚ ਨਹੀਂ ਆਉਣ ਦਿੱਤੀ। ਉਹ ਮਰਦਾਂ ਵਾਲੇ ਕਾਰਨਾਮੇ ਕਰ ਕੇ ਸ਼ਹੀਦ ਹੋ ਗਏ, ਪਰ ਮੌਤ ਉਨ੍ਹਾਂ ਨੂੰ ਮਾਰ ਨਹੀਂ ਸਕੀ। ਉਹ ਠੀਕ ਦਾਅਵਾ ਕਰਦੇ ਸਨ :

ਹਮ ਭੀ ਦਰਿਆ ਹੈਂ, ਹਮੇਂ ਅਪਨਾ ਹੁਨਰ ਮਾਲੂਮ ਹੈ,
ਜਿਧਰ ਭੀ ਚੱਲ ਪੜੇਂਗੇ, ਰਾਸਤਾ ਹੋ ਜਾਏਗਾ।

5. ਪੁਰਸ਼ਾਰਥ

ਪੰਜਾਬੀਅਤ ਉੱਦਮ, ਸਾਹਸ ਤੇ ਪੁਰਸ਼ਾਰਥ ਦਾ ਦੂਜਾ ਨਾਂ ਹੈ। ਪੰਜਾਬੀ ਅੰਤਾਂ ਦਾ ਮਿਹਨਤੀ, ਕਰਮਯੋਗੀ ਤੇ ਅਗਰਗਾਮੀ ਹੈ, ਜੋ ਕੋਲੰਬਸ ਬਣ ਕੇ ਸਦਾ ਨਵੇਂ ਕਰਮ-ਖੇਤਰ ਲੱਭਦਾ ਹੈ। ਨਿਚਲਾ ਇਹ ਬੈਠ ਨਹੀਂ ਸਕਦਾ, ਭਾਗਵਾਦੀ ਵੀ ਇਹ ਨਹੀਂ, ਕਿਉਂਕਿ ਇਸ ਦੇ ਗੁਰੂ ਪੀਰ ਨੇ ਇਹ ਮੰਤ੍ਰ ਦ੍ਰਿੜ੍ਹਾਇਆ ਹੈ :

ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥

(ਆਸਾ ਮਹਲਾ ੧, ਪੰਨਾ 474)

ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥ *(ਡਖਣੇ ਮਹਲਾ ੫, ਪੰਨਾ 1096)*

"ਉਦਮੁ ਕਰੇਦਿਆ ਜੀਉ ਤੂੰ"[3] ਦਾ ਆਸ਼ੀਰਵਾਦ ਇਸ ਦੇ ਸਦਾ ਨਾਲ ਰਹਿੰਦਾ ਹੈ। ਇਸ ਕਰਕੇ ਚਾਹੇ ਕੋਈ ਧਾਰਮਿਕ ਅੰਦੋਲਨ ਹੋਵੇ, ਚਾਹੇ ਰਾਜਸੀ, ਪੰਜਾਬੀ ਸਭ ਤੋਂ ਅੱਗੇ ਹੁੰਦਾ ਹੈ। ਸ਼ਾਂਤਮਈ ਸਤਿਆਗ੍ਰਹਿ ਆਰੰਭਣਾ ਹੋਵੇ ਤਾਂ ਇਹ ਬਾਬਾ ਰਾਮ ਸਿੰਘ ਹੋ ਕੇ ਅੱਗੇ ਆ ਨਿੱਤਰਦਾ ਹੈ। ਅਸ਼ਾਂਤਮਈ ਟੱਕਰ ਲੈਣੀ ਹੋਵੇ ਤਾਂ ਇਹ ਜਨਰਲ ਮੋਹਨ ਸਿੰਘ ਬਣ ਕੇ ਲਲਕਾਰਦਾ ਹੈ। ਬਾਬਾ ਖੜਕ ਸਿੰਘ ਕਿਹਾ ਕਰਦਾ ਸੀ ਕਿ ਜੇ ਮੇਰੇ ਸੀਨੇ ਵਿਚ ਗੋਲੀ ਲੱਗੇ ਤਾਂ ਹੀ ਮੇਰਾ ਸਿੱਖ ਮਰਯਾਦਾ ਨਾਲ ਅੰਤਮ ਸੰਸਕਾਰ ਕੀਤਾ ਜਾਵੇ। ਜੇ ਗੋਲੀ ਪਿੱਠ ਵਿਚ ਲੱਗੇ ਤਾਂ ਮੈਨੂੰ ਜਿਵੇਂ ਕਿਵੇਂ ਪਾਸੇ ਸੁੱਟ ਦੇਣਾ। ਇਹ ਸਾਹਸ, ਇਹ ਬੀਰਤਾ ਪੰਜਾਬੀਅਤ ਦੇ ਸਦਾ ਅੰਗ-ਸੰਗ ਰਹੀ ਹੈ। ਇਸੇ ਕਰਕੇ ਜੰਗ-ਯੁੱਧ ਤੋਂ ਬਿਨਾਂ ਵੀ ਦੁਨਿਆਵੀ ਕੰਮ-ਕਾਰ ਵਿਚ ਪੰਜਾਬੀ ਵਿਲੱਖਣ ਉਤਸ਼ਾਹ ਤੇ ਹਿੰਮਤ ਦੇ ਕਾਰਨਾਮੇ ਦਿਖਾਉਂਦੇ ਆਏ ਹਨ।

ਸੰਸਾਰ ਦਾ ਕੋਈ ਕੋਨਾ ਨਹੀਂ, ਜਿਥੇ ਪੰਜਾਬੀ ਨਾ ਪਹੁੰਚਿਆ ਹੋਵੇ। ਕਿਤੇ ਕਾਰੋਬਾਰੀ ਬਣ ਕੇ, ਕਿਤੇ ਵਪਾਰੀ ਬਣ ਕੇ, ਜੇ ਕਿਤੇ ਹੋਰ ਦਾਅ ਨਾ ਲੱਗੇ ਤਾਂ ਇਹ

---
3. ਵਾਰ ਗੂਜਰੀ ਮ: ੫, ਪੰਨਾ 522.

ਰਮਤਾ ਸਾਧ ਬਣ ਕੇ ਹੀ ਜਾ ਨਿਕਲਦਾ ਹੈ। ਇਸ ਨੇ ਜਿਸ ਘਾਲ ਮਿਹਨਤ ਨਾਲ ਪੰਜਾਬ ਦੀਆਂ ਬਾਰਾਂ ਵਸਾਈਆਂ, ਬੀਕਾਨੇਰ ਦੇ ਰੇਤ ਥਲਾਂ ਨੂੰ ਗੁਲਜ਼ਾਰਾਂ ਦਾ ਰੂਪ ਦਿੱਤਾ ਜਾਂ ਤਰਾਈ ਦੇ ਜੰਗਲਾਂ ਨੂੰ ਮੰਗਲਮਈ ਬਣਾਇਆ, ਉਹ ਸਭ ਇਸ ਦੇ ਨਿਰਾਲੇ ਪੁਰਸ਼ਾਰਥ ਦਾ ਕ੍ਰਿਸ਼ਮਾ ਹੈ। ਅਮਰੀਕਾ ਵਿਚ ਕੈਲੇਫ਼ੋਰਨੀਆ ਦਾ ਇਲਾਕਾ ਇਹ ਸ਼ਾਹਦੀ ਭਰਦਾ ਹੈ ਕਿ ਪੰਜਾਬੀ ਕਿਸਾਨ, ਬੰਜਰ ਜ਼ਮੀਨਾਂ ਨੂੰ ਕਿਵੇਂ ਦਿਨਾਂ ਵਿਚ ਉਪਜਾਊ ਤੇ ਕਮਾਊ ਬਣਾ ਸਕਦਾ ਹੈ। ਇਹ ਹਮੇਸ਼ਾ ਕਮਾ ਕੇ ਖ਼ੁਸ਼ ਹੈ ਤੇ ਫਿਰ ਕਮਾ ਕੇ ਦੂਜਿਆਂ ਨੂੰ ਖੁਆ ਕੇ ਵੀ ਖ਼ੁਸ਼ ਹੈ। ਬਾਬੇ ਨਾਨਕ ਨੇ ਇਸ ਨੂੰ ਜੋ ਵੰਡ ਛਕਣ ਦਾ ਮੰਤ੍ਰ ਪੜ੍ਹਾਇਆ ਹੈ, ਉਹ ਇਸ ਨੂੰ ਚੰਗੀ ਤਰ੍ਹਾਂ ਯਾਦ ਹੈ।

ਇਸ ਤਰ੍ਹਾਂ ਪੰਜਾਬੀ ਸਦਾ ਲੋਹ-ਲੰਗਰ ਤਪਦੇ ਰੱਖਦਾ ਹੈ, ਇਹ ਗ੍ਰਿਹਸਤੀ ਹੁੰਦਾ ਰਾਜ ਜੋਗੀ ਹੈ, ਦਾਤਾ ਹੈ, ਸਖੀ ਸੁਭਾ ਹੈ।

ਇਹ ਪੁਰਸ਼ਾਰਥ, ਭੂਮੀ-ਸੁਧਾਰ ਤਕ ਹੀ ਸੀਮਿਤ ਨਹੀਂ, ਬਲਕਿ ਨਵੀਂ ਮਸ਼ੀਨੀ ਘਾੜਤ ਤੇ ਟੈਕਨਾਲੋਜੀ ਵਿਚ ਵੀ ਇਸ ਦਾ ਪੂਰਾ ਯੋਗਦਾਨ ਹੈ। ਉਹ ਕਿਹੜਾ ਪੁਰਜ਼ਾ ਹੈ, ਜੋ ਇਸ ਨੂੰ ਬਣਾਉਣਾ ਨਹੀਂ ਆਉਂਦਾ ? ਉਹ ਕਿਹੜੀ ਮਸ਼ੀਨ ਹੈ, ਜਿਸ ਦੇ ਅੰਦਰ ਦਾ ਇਹ ਭੇਤੀ ਨਹੀਂ ? ਪੰਜਾਬੀ ਕਾਰੀਗਰੀ ਦੇ ਕ੍ਰਿਸ਼ਮੇ ਜ਼ਾਹਿਰ ਹਨ ਤੇ ਦਸਤਕਾਰੀ ਖੇਤਰ ਵਿਚ ਇਨ੍ਹਾਂ ਦਾ ਯੋਗਦਾਨ ਅਣਡਿੱਠ ਨਹੀਂ ਕੀਤਾ ਜਾ ਸਕਦਾ।

6. ਸ਼ੁ.ਗਲ ਮੇਲਾ

ਪੰਜਾਬੀ ਜੀਵਨ ਵਿਚ ਸ਼ੁ.ਗਲ ਮੇਲੇ ਜਾਂ ਹਾਸ-ਬਿਲਾਸ ਨੂੰ ਵੀ ਖ਼ਾਸ ਥਾਂ ਪ੍ਰਾਪਤ ਹੈ। ਇਹ ਮੂੰਹ ਵੱਟ ਕੇ ਨਹੀਂ ਰੱਖਦੇ ਤੇ ਨਾ ਹੀ ਬਨਵਾਸ ਨੂੰ ਤਰਜੀਹ ਦਿੰਦੇ ਹਨ। ਪੰਜਾਬੀ ਜ਼ਿੰਦਾ ਦਿਲ ਹਨ, ਇਹ ਰੌਣਕ ਮੇਲਿਆਂ, ਵਾਜਿਆਂ-ਗਾਜਿਆਂ, ਠੱਠੇ ਮਖ਼ੌਲਾਂ ਤੇ ਕ੍ਰੀੜਾ-ਕਲੋਲਾਂ ਦੇ ਸ਼ੌਕੀਨ ਹਨ। ਇਨ੍ਹਾਂ ਦੀ ਜ਼ਿੰਦਗੀ ਰਸ਼ਿਕਮਈ ਹੈ। ਵਿਆਹ-ਸ਼ਾਦੀਆਂ, ਮੇਲਿਆਂ-ਤਿਉਹਾਰਾਂ ਦੇ ਜਸ਼ਨਾਂ ਸਮੇਂ ਹਰ ਪਲ ਹਾਸ-ਬਿਲਾਸ ਵਿਚ ਲੰਘਾਉਂਦੇ ਹਨ। ਸਿੱਠਣੀਆਂ ਪੇਂਡੂ ਪੱਧਰ 'ਤੇ ਮਜ਼ਾਕ ਹਨ, ਜੋ ਰੰਗ-ਬਰੰਗੀ ਛਹਿਬਰ ਲਾਈ ਰੱਖਦੀਆਂ ਹਨ। ਇਸੇ ਤਰ੍ਹਾਂ ਛੜਿਆਂ ਦਾ ਚਰਚਾ ਵੀ ਦਿਲ ਲਾਉਣ ਦਾ ਵਧੀਆ ਮਜ਼ਮੂਨ ਹੈ। ਸਾਡੇ ਸਮਾਜ ਵਿਚ ਮਿਰਾਸੀਆਂ ਤੇ ਨਕਲੀਆਂ ਦੀ ਖ਼ਾਸ ਅਹਿਮੀਅਤ ਰਹੀ ਹੈ, ਇਹ ਮਹਿਕਮਾ ਮਨੋਰੰਜਨ ਦਾ ਹੀ ਸੀ, ਪਰ ਅਸਾਂ ਇਨ੍ਹਾਂ ਨੂੰ ਖ਼ੁਦ ਹੱਥੀਂ ਤੋਰ ਕੇ ਮਾਯੂਸੀਆਂ ਤੇ ਮੁਕਾਣਾਂ ਦਾ ਮੁਕਾਮ ਬਣਾ ਲਿਆ ਹੈ।

ਪੰਜਾਬੀ ਖੇਡਾਂ—ਸੌਚੀ, ਕਬੱਡੀ, ਸ਼ਕਰ-ਭਿਜੀ, ਗੁੱਲੀ-ਡੰਡਾ, ਜੰਡ ਪ੍ਰਾਗਾ, ਕੋਟਲਾ ਛਪਾਕੀ ਅਤੇ ਨਾਚ ਗਾਉਣ, ਗਿੱਧਾ, ਲੁੱਡੀ, ਭੰਗੜਾ, ਝੂੰਮਰ ਆਦਿ ਸਾਡੀ ਨੱਚਦੀ-ਮੱਚਦੀ ਰੂਹ ਦਾ ਪ੍ਰਗਟਾਵਾ ਕਰ ਕੇ ਦੱਸਦੇ ਹਨ ਕਿ ਪੰਜਾਬੀਅਤ ਅਜੇ ਮਰੀ ਨਹੀਂ।

•

ਸਿੰਘ ਰਹਿਤ-ਮਰਯਾਦਾ

ਸਿੱਖੀ ਆਤਮਿਕ ਯਾ ਮਾਨਸਿਕ ਜ਼ਬਤ, ਸੰਜਮ, ਚੱਜ-ਆਚਾਰ ਦਾ ਹੀ ਦੂਸਰਾ ਨਾਮ ਹੈ। ਗੁਰੂ ਸਾਹਿਬ ਨੇ ਸਿੱਖ[1] ਦੀ ਤਾਰੀਫ਼ ਕਰਦਿਆਂ ਕਿਹਾ ਹੈ ਕਿ ਸਿੱਖ ਉਹ ਹੈ, ਜੋ ਗੁਰੂ ਦੀ ਦੱਸੀ ਮਰਯਾਦਾ ਅਨੁਸਾਰ ਜ਼ਿੰਦਗੀ ਬਸਰ ਕਰਦਾ ਹੈ। ਐਸਾ ਸਿੱਖ ਹੀ ਸਹੀ ਅਰਥਾਂ ਵਿਚ ਸਿੱਖ ਤੇ ਗੁਰੂ ਨੂੰ ਪ੍ਰਵਾਨ ਹੁੰਦਾ ਹੈ। ਭਾਈ ਗੁਰਦਾਸ ਜੀ ਨੇ ਲਿਖਿਆ ਹੈ :

ਖਸਮੈ ਸੋਈ ਭਾਵਦਾ ਖਸਮੈ ਦਾ ਜਿਸੁ ਭਾਣਾ ਭਾਵੈ॥

(ਵਾਰ 29, ਪਉੜੀ 13)

ਗੁਰੂ ਗੋਬਿੰਦ ਸਿੰਘ ਜੀ ਦਾ ਇਹ ਵਿਚਾਰ ਵੀ ਇਸੇ ਚੀਜ਼ ਨੂੰ ਸਾਫ਼ ਤੇ ਸਪੱਸ਼ਟ ਕਰਦਾ ਹੈ :

ਰਹਿਣੀ ਰਹੈ ਸੋਈ ਸਿੱਖ ਮੇਰਾ।
ਉਹ ਸਾਹਿਬ ਮੈਂ ਉਸ ਕਾ ਚੇਰਾ। *(ਰਹਿਤਨਾਮਾ ਭਾਈ ਦੇਸਾ ਸਿੰਘ)*

ਸਿੱਖੀ ਧਰਮ ਨੂੰ ਜ਼ਾਤੀ ਮਸਲਾ ਨਹੀਂ ਮੰਨਦੀ, ਸੰਗਤਵਾਦ ਇਸ ਦਾ ਪ੍ਰਧਾਨ ਅੰਗ ਹੈ। ਅਗਰ ਅਸੀਂ ਧਰਮ ਨੂੰ ਵੀ ਹਉਮੈ ਦੇ ਰੂਪ ਵਿਚ ਬੰਨ੍ਹ ਲਈਏ, ਫਿਰ ਸਰਬ-ਸਾਂਝ ਪੈਦਾ ਹੋਣੀ ਕਠਿਨ ਹੈ। ਮਨੁੱਖ ਸਮਾਜਿਕ ਪ੍ਰਾਣੀ ਹੋਣ ਕਰਕੇ ਗੁਰੂਆਂ ਨੇ ਸਿੱਖ ਧਰਮ ਨੂੰ ਜਥੇਬੰਦ ਧਰਮ ਬਣਾਇਆ ਹੈ, ਇਸੇ ਜਥੇਬੰਦੀ ਦਾ ਨਾਮ ਪੰਥ ਖ਼ਾਲਸਾ ਹੈ। ਕੋਈ ਵੀ ਜਥੇਬੰਦੀ ਬਿਨਾਂ ਕਿਸੇ ਜ਼ਬਤ ਯਾ ਨਿਯਮਾਵਲੀ ਦੇ ਚੱਲ ਨਹੀਂ ਸਕਦੀ। ਜਿਵੇਂ ਸਤਿਗੁਰੂਆਂ ਸਾਡੀ ਆਤਮਿਕ ਜ਼ਿੰਦਗੀ ਲਈ ਗੁਰਬਾਣੀ ਵਿਚ ਖ਼ਾਸ ਨੇਮ ਬਿਆਨ ਕੀਤੇ ਹਨ, ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖੀ ਨੂੰ ਅੰਤਮ ਰੂਪ ਦਿੰਦਿਆਂ ਇਸ ਦੀ ਜਥੇਬੰਦਕ ਨਿਯਮਾਵਲੀ ਨਿਭਾਉਣ ਲਈ ਸਖ਼ਤ ਨਸੀਹਤਾਂ ਕੀਤੀਆਂ ਹਨ। ਇਸੇ ਜਥੇਬੰਦੀ ਦੇ ਨੇਮਾਂ ਯਾ ਬਾਹਰਲੀ ਧਾਰਨਾ ਨੂੰ 'ਸਿੰਘ ਰਹਿਤ-ਮਰਯਾਦਾ' ਕਿਹਾ ਜਾਂਦਾ ਹੈ। ਇਸ ਦਾ ਪਤਾ ਸਾਨੂੰ ਦਸਮੇਸ਼ ਜੀ ਦੇ ਸਮਕਾਲੀ ਗੁਰਸਿੱਖਾਂ ਤੇ ਬਾਦ ਦੇ ਕਈ ਪੂਰਨ ਗੁਰਮੁਖਾਂ ਦੀ ਲਿਖਤ ਤੋਂ ਮਿਲਦਾ ਹੈ, ਜਿਨ੍ਹਾਂ ਨੂੰ 'ਰਹਿਤਨਾਮੇ' ਆਖਿਆ ਗਿਆ ਹੈ।

ਬਹੁਤ ਸਾਰੇ ਸੱਜਣ ਗੁਰਬਾਣੀ ਵਿਚ ਬਾਹਰਲੇ ਕੇਵਲ ਭੇਖੀ ਧਾਰਮਿਕ ਚਿੰਨ੍ਹਾਂ ਦਾ ਖੰਡਨ ਪੜ੍ਹ ਕੇ ਐਸਾ ਸੋਚਣ ਲੱਗ ਪੈਂਦੇ ਹਨ, "ਸਿੱਖੀ ਵਿਚ ਐਸੀ ਰਹਿਤ-ਮਰਯਾਦਾ ਦੀ ਕੀ ਲੋੜ ਸੀ ? ਕੀ ਇਸ ਤੋਂ ਬਿਨਾਂ ਗੁਜ਼ਾਰਾ ਨਹੀਂ ਸੀ ਹੋ ਸਕਦਾ ?" ਇਹ ਠੀਕ

---

1. ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥ *(ਸੋਰਠਿ ਮਹਲਾ ੩, ਪੰਨਾ 601)*

ਹੈ ਕਿ ਅਸੀਂ ਆਪਣੀ ਜ਼ਾਤੀ ਤਸੱਲੀ ਤਾਂ ਸਿੱਖ ਬਣ ਕੇ ਵੀ ਕਰ ਸਕਦੇ ਹਾਂ, ਪਰ ਸਿੱਖ-ਸਭਿਆਚਾਰ ਦੇ ਉਪਕਾਰੀ ਮਿਸ਼ਨ 'ਚੜ੍ਹਦੀ ਕਲਾ ਤੇ ਸਭ ਦਾ ਭਲਾ' ਨੂੰ ਪੂਰਾ ਕਰਨ ਲਈ ਸਿੰਘ ਬਣੇ ਬਿਨਾਂ ਗੁਜ਼ਾਰਾ ਨਹੀਂ ਹੋ ਸਕਦਾ। ਨਾਲੇ ਗੁਰਬਾਣੀ ਵਿਚ ਜਿਥੇ ਧਾਰਮਿਕ ਚਿੰਨ੍ਹਾਂ ਦਾ ਖੰਡਨ ਹੈ, ਉਥੇ ਅੰਦਰੂਨੀ ਧਰਮਹੀਣ ਖ਼ਾਲੀ ਭੇਖ ਨੂੰ ਖੰਡਿਆ ਵੀ ਗਿਆ ਹੈ। ਅਗਰ ਸਿੱਖ ਵੀ ਗੁਰਬਾਣੀ ਵਿਚ ਦੱਸੀ ਮਾਨਸਿਕ ਰਹਿਤ 'ਤੇ ਅਮਲ ਨਾ ਕਰਦਾ ਹੋਇਆ ਕੇਵਲ ਬਾਹਰਲੀ ਰਹਿਤ 'ਤੇ ਹੀ ਨਾਜ਼ ਕਰਦਾ ਫਿਰੇ, ਤਾਂ ਉਹ ਸ਼ਿੰਗਾਰੀ ਹੋਈ ਜਿੰਦਹੀਣ ਲਾਸ਼ ਵਾਂਗ ਹੈ। ਜੀਵਨ-ਆਦਰਸ਼ ਜ਼ਿੰਦਗੀ ਦੀ ਰੂਹ ਹਨ ਤੇ ਬਾਹਰਲੀ ਰਹਿਤ-ਮਰਯਾਦਾ ਇਸ ਦਾ ਸਰੀਰ ਹੈ। ਰੂਹ ਸਰੀਰ ਤੋਂ ਬਿਨਾਂ ਦੁਨੀਆਂ ਦੇ ਕੰਮ ਨਹੀਂ ਆ ਸਕਦੀ ਤੇ ਨਾ ਹੀ ਸਰੀਰ ਰੂਹ ਤੋਂ ਬਿਨਾਂ ਕੁਝ ਕਰ ਸਕਦਾ ਹੈ। ਇਸੇ ਤਰ੍ਹਾਂ ਅੰਦਰਲੀ ਤੇ ਬਾਹਰਲੀ ਰਹਿਤ ਮਿਲ-ਜੁਲ ਕੇ ਹੀ ਪੂਰਨ ਸਿੰਘ ਰਹਿਤ-ਮਰਯਾਦਾ ਬਣਦੀ ਹੈ। ਜੋ ਲੋਕ ਕੇਵਲ ਬਾਹਰਲੀ ਰਹਿਤ 'ਤੇ ਹੀ ਜ਼ੋਰ ਦੇਂਦੇ ਹਨ, ਉਹ ਵੀ ਠੀਕ ਨਹੀਂ ਤੇ ਨਾ ਹੀ ਉਹ ਲੋਕ ਜੀਵਨ ਦੇ ਹਰ ਪਹਿਲੂ ਨੂੰ ਸਮਝ ਸਕੇ ਹਨ, ਜੋ ਇਸ ਨੂੰ ਫ਼ਜ਼ੂਲ ਹੀ ਦੱਸਦੇ ਹਨ। ਲੋੜ ਦੋਹਾਂ ਦੀ ਹੈ—ਇਕ ਦੀ ਖ਼ੁਰਾਕ ਵਾਂਗ ਤੇ ਇਕ ਦੀ ਪੁਸ਼ਾਕ ਵਾਂਗ। ਮਾਨਸਿਕ ਰਹਿਤ ਸਰੀਰਕ ਖ਼ੁਰਾਕ ਵਾਂਗ ਹੈ, ਇਸ ਤੋਂ ਬਿਨਾਂ ਧਰਮੀ ਜੀਵਨ ਬਣ ਨਹੀਂ ਸਕਦਾ। ਬਾਹਰਲੀ ਰਹਿਤ-ਮਰਯਾਦਾ ਪੋਸ਼ਾਕ ਵਾਂਗ ਹੈ। ਭਾਵੇਂ ਗੁਜ਼ਾਰਾ ਨਾਂਗੇ ਰਹਿ ਕੇ ਵੀ ਹੋ ਸਕਦਾ ਹੈ, ਪਰ ਆਪਣੇ ਆਦਰਸ਼ਾਂ ਨੂੰ ਪ੍ਰੇਰਕ ਬਣਾਉਣ ਲਈ ਬਾਹਰਲੀ ਰਹਿਣੀ-ਬਹਿਣੀ ਭਾਰੀ ਮਦਦਗਾਰ ਸਾਬਤ ਹੁੰਦੀ ਹੈ।

ਮਿਸਾਲ ਲਈ ਇਕ ਫ਼ੌਜੀ ਸਿਪਾਹੀ ਭਾਵੇਂ ਫ਼ੌਜੀ ਵਰਦੀ ਤੋਂ ਬਿਨਾਂ ਵੀ ਆਪਣੇ ਫ਼ਰਜ਼ਾਂ ਨੂੰ ਨਿਭਾ ਸਕਦਾ ਹੈ, ਪਰ ਵਰਦੀ ਉਸ ਦੇ ਕੰਮਾਂ ਨੂੰ ਜ਼ਿਆਦਾ ਅਸਰਦਾਰ ਬਣਾਉਂਦੀ ਹੈ। ਉਸ ਦਾ ਬਾਹਰਲਾ ਪ੍ਰਭਾਵ ਕਈ ਗੁਣਾ ਵੱਧ ਜਾਂਦਾ ਹੈ। ਨਾਲੇ ਸਿੱਖ ਧਰਮ ਜਥੇਬੰਦ ਧਰਮ ਹੋਣ ਕਰਕੇ ਇਕ ਖ਼ਾਸ ਕਿਸਮ ਦੇ ਭਾਈਚਾਰੇ ਦੀ ਵਿਉਂਤ ਸਾਹਮਣੇ ਰੱਖਦਾ ਹੈ। ਇਸ ਭਾਈਚਾਰੇ ਨੂੰ ਮਜ਼ਬੂਤ ਕਰਨ ਲਈ ਸਿੰਘ ਬਣ ਕੇ ਪੰਥਕ ਸਭਾ ਦਾ ਮੈਂਬਰ ਹੁੰਦਿਆਂ ਉਸ ਦੀ ਨਿਯਮਾਵਲੀ ਮੰਨਣੀ ਜ਼ਰੂਰੀ ਹੈ। ਇਸ ਲਈ ਹਰ ਸਿੱਖ ਨੂੰ ਅੰਮ੍ਰਿਤ ਛਕ ਕੇ ਸਿੰਘ ਸਜਣਾ ਚਾਹੀਦਾ ਹੈ ਤੇ ਪੂਰਨ ਨੇਮਾਂ ਦੀ ਪਾਲਣਾ ਕਰਦਿਆਂ ਹੋਇਆਂ ਪੰਥਕ ਆਦਰਸ਼ਾਂ ਲਈ ਆਪਣਾ ਫ਼ਰਜ਼ ਨਿਭਾਉਣਾ ਜ਼ਰੂਰੀ ਹੈ।

ਸਿੰਘ ਦੀ ਬਾਹਰਲੀ ਰਹਿਤ-ਮਰਯਾਦਾ ਵਿਚ ਪੰਜ ਖ਼ਾਸ ਚਿੰਨ੍ਹ ਮੰਨੇ ਗਏ ਹਨ, ਜਿਨ੍ਹਾਂ ਦੇ ਮੁੱਢ ਵਿਚ 'ਕੱਕਾ' ਯਾ 'ਕਕਾਰ' ਲੱਗਣ ਕਰਕੇ ਉਨ੍ਹਾਂ ਨੂੰ ਪੰਜ ਕਕਾਰ ਕਿਹਾ ਜਾਂਦਾ ਹੈ। ਇਹ ਕਕਾਰ ਕੇਸ, ਕੰਘਾ, ਕਛਹਿਰਾ, ਕ੍ਰਿਪਾਨ ਤੇ ਕੜਾ ਹਨ। ਖ਼ਾਲਸਾ ਜਥੇਬੰਦੀ ਵਿਚ ਇਨ੍ਹਾਂ ਪੰਜਾਂ ਨੂੰ ਸਦਾ ਅੰਗ-ਸੰਗ ਰੱਖਣ ਦਾ ਹੁਕਮ ਹੈ। ਕੇਸ ਕੁਦਰਤੀ ਸੁਹਜ-ਸੁਆਦ ਦਾ ਅੰਗ ਹਨ, ਕੰਘਾ ਕੇਸਾਂ ਦੀ ਸਫ਼ਾਈ ਲਈ ਜ਼ਰੂਰੀ ਹੈ, ਕਛਹਿਰਾ ਇਕ ਚੰਗਾ ਫਬਵਾਂ ਢੁਕਵਾਂ ਲਿਬਾਸ ਹੈ, ਕ੍ਰਿਪਾਨ ਸ੍ਵੈ-ਧਰਮ ਅਤੇ ਸ੍ਵੈ-ਮਾਨ ਦੇ ਬਚਾਉ ਦਾ ਨਿਸ਼ਾਨ ਹੈ ਅਤੇ ਕੜਾ ਖ਼ਾਲਸੇ ਨੂੰ ਨਿਆਰਾ ਪ੍ਰਗਟ ਕਰਨ ਦਾ ਖ਼ਾਸ ਚਿੰਨ੍ਹ ਹੈ। ਇਨ੍ਹਾਂ ਕਕਾਰਾਂ ਦੇ ਵੱਖ ਵੱਖ ਮਤਲਬ ਕੱਢਣੇ ਕੋਈ ਖ਼ਾਸ ਅਹਿਮੀਅਤ

ਨਹੀਂ ਰੱਖਦੇ। ਹਰ ਸਿੰਘ ਨੂੰ ਪੰਥਕ ਜਥੇਬੰਦੀ ਦੇ ਨਿਯਮ ਸਮਝ ਕੇ ਇਨ੍ਹਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਫਿਰ ਵੀ ਅੱਜ ਦੇ ਪੱਛਮੀ ਵੇਗ ਨੇ ਨਵੇਂ ਸਿੱਖ ਦਿਮਾਗਾਂ ਨੂੰ ਇਹ ਸੋਚਣ ਲਈ ਮਜਬੂਰ ਕੀਤਾ ਹੋਇਆ ਹੈ ਕਿ ਉਹ ਕੇਸ ਰੱਖਣ ਯਾ ਨਾ ਰੱਖਣ ? ਇਸੇ ਤਰ੍ਹਾਂ ਅਹਿੰਸਾਵਾਦ ਦੇ ਗਾਂਧੀ ਯੁਗ ਵਿਚ ਸਿੰਘਾਂ ਦੀ ਕ੍ਰਿਪਾਨ ਸੰਬੰਧੀ ਵੀ ਕਈ ਸ਼ੰਕੇ ਕੀਤੇ ਜਾਂਦੇ ਹਨ, ਜਿਨ੍ਹਾਂ 'ਤੇ ਸੰਖੇਪ ਵਿਚਾਰ ਕਰਨੀ ਜ਼ਰੂਰੀ ਹੈ।

ਕੇਸ ਰੱਖਣ ਬਾਰੇ ਕਈ ਦਲੀਲਾਂ ਦਿੱਤੀਆਂ ਜਾਂਦੀਆਂ ਹਨ, ਪਰ ਇਹ ਗ਼ਲਤ ਹੈ ਕਿ ਕੇਸ ਅਸੀਂ ਰੱਖਦੇ ਹਾਂ। ਕਹਿਣਾ ਇਹ ਚਾਹੀਦਾ ਹੈ ਕਿ ਕੇਸ ਅਸੀਂ ਕਟਾਉਂਦੇ ਨਹੀਂ, ਕਿਉਂਕਿ ਕੁਦਰਤ ਨੇ ਦੇਸ਼-ਕਾਲ ਦੀਆਂ ਲੋੜਾਂ ਮੁਤਾਬਿਕ ਹੀ ਜ਼ਰੂਰੀ ਥਾਵਾਂ 'ਤੇ ਇਨ੍ਹਾਂ ਨੂੰ ਉਗਮਾਇਆ ਹੈ। ਇਹ ਸਾਡੇ ਕੋਮਲ ਅੰਗਾਂ ਦੇ ਰਾਖੇ ਹਨ ਤੇ ਇਨ੍ਹਾਂ ਨਾਲ ਮਾਨਵਤਾ ਦੀ ਮਹਾਨਤਾ ਸੰਬੰਧਿਤ ਹੋਈ ਹੋਈ ਹੈ। ਪਿਛਲੇ ਸਮੇਂ ਵਿਚ ਰਿਵਾਜ ਸੀ ਕਿ ਅਗਰ ਕਿਸੇ ਦੇ ਸਿਰ ਕੱਟ ਦੇਣ ਦੀ ਸਜ਼ਾ ਨੂੰ ਨਰਮ ਕਰਨਾ ਹੋਵੇ, ਤਾਂ ਉਸ ਨੂੰ ਸਿਰ ਦੇ ਕੇਸ ਕੱਟ ਕੇ ਬੇਇੱਜ਼ਤ ਕਰ ਦਿੱਤਾ ਜਾਂਦਾ ਸੀ। ਤਮਾਮ ਧਰਮਾਂ ਦੇ ਬਾਨੀ ਮਹਾਤਮਾ ਤੇ ਹੋਰ ਮਹਾਂਪੁਰਸ਼ ਰਾਮ, ਕ੍ਰਿਸ਼ਨ, ਹਜ਼ਰਤ ਮੂਸਾ, ਈਸਾ ਮਸੀਹ, ਮਹਾਤਮਾ ਬੁੱਧ, ਹਜ਼ਰਤ ਮੁਹੰਮਦ, ਜ਼ਰਦੁਸਤ, ਕਨਫ਼ਿਊਸ਼ਿਸ਼, ਸਿੱਖ ਗੁਰੂ, ਟਾਲਸਟਾਇ ਤੇ ਟੈਗੋਰ ਆਦਿ ਕੇਸਾਂ ਨੂੰ ਆਪਣਾ ਜੀਵਨ-ਸ਼ਿੰਗਾਰ ਸਮਝ ਕੇ ਇਨ੍ਹਾਂ ਦੀ ਇੱਜ਼ਤ ਕਰਦੇ ਰਹੇ ਸਨ। ਹੁਣ ਵੀ ਪਾਰਸੀ, ਈਸਾਈ, ਮੁਸਲਮਾਨ ਆਦਿਕ ਤਮਾਮ ਧਰਮਾਂ ਦੇ ਮੁਖੀ ਕੇਸਾਂ ਨੂੰ ਪ੍ਰਭੁਤਾ ਦਾ ਨਿਸ਼ਾਨ ਮੰਨ ਕੇ ਅਪਣਾਉਂਦੇ ਹਨ। ਕੁਝ ਲੋਕ ਦੁਨੀਆਂ ਦੇ ਫ਼ੈਸ਼ਨੀ ਵਹਾ ਨੂੰ ਤੱਕ ਕੇ ਐਸਾ ਸੋਚਣ ਲੱਗ ਪਏ ਹਨ ਕਿ ਮੁੱਠੀ ਭਰ ਸਿੱਖ ਕਿੰਨਾ ਕੁ ਚਿਰ ਕੇਸ ਨਾ ਕਟਾਉਣ ਦੀ ਪ੍ਰਤੱਗਿਆ ਨੂੰ ਪਾਲਦੇ ਰਹਿਣਗੇ। ਇਨ੍ਹਾਂ ਨੂੰ ਚਾਹੀਦਾ ਹੈ ਕਿ ਜ਼ਮਾਨੇ ਦੇ ਨਾਲ ਚੱਲਣ ਤੇ ਇਹ ਜੰਗਲੀ ਵੇਸ ਤਿਆਗ ਦੇਣ। ਕਿਸੇ ਚੰਗਿਆਈ ਨੂੰ ਗਿਣਤੀਆਂ-ਮਿਣਤੀਆਂ ਨਾਲ ਨਾਪਣਾ ਭਾਰੀ ਪਾਪ ਹੈ। ਅਗਰ ਅੱਜ ਸਾਰੀ ਦੁਨੀਆਂ ਸ਼ਰਾਬ ਤੇ ਸਿਗਰਟ ਪੀਣ ਨੂੰ ਖ਼ਾਸ ਸ਼ਾਨ ਵਾਲੀ ਗੱਲ ਸਮਝਦੀ ਹੋਵੇ, ਤਾਂ ਇਹ ਗੁਨਾਹ, ਗੁਨਾਹ ਹੀ ਰਹਿਣਗੇ, ਭਾਵੇਂ ਵੋਟਾਂ ਇਸ ਦੇ ਵਿਰੁੱਧ ਵੀ ਕਿਉਂ ਨਾ ਜਾਣ। ਇਸੇ ਤਰ੍ਹਾਂ ਅਗਰ ਕੇਸ ਜ਼ਿਆਦਾ ਗਿਣਤੀ ਵਿਚ ਲੋਕ ਨਹੀਂ ਰੱਖ ਰਹੇ, ਤਾਂ ਉਹ ਕਿਸੇ ਭੁੱਲ ਦਾ ਸ਼ਿਕਾਰ ਹਨ, ਫ਼ੈਸ਼ਨ ਨੇ ਉਨ੍ਹਾਂ ਨੂੰ ਵਰਗਲਾਇਆ ਹੋਇਆ ਹੈ। ਮਨੁੱਖ ਨੂੰ ਇਸ ਗ਼ਲਤੀ 'ਤੇ ਪਸ਼ਚਾਤਾਪ ਕਰਨਾ ਪਵੇਗਾ ਤੇ ਕੁਦਰਤ ਉਸ ਨੂੰ ਹੌਲੀ ਹੌਲੀ ਸਹਿਜ ਅਵਸਥਾ ਵਿਚ ਲੈ ਆਵੇਗੀ। ਕੇਸ ਸਾਡਾ ਲੋੜੀਂਦਾ ਅੰਗ ਹਨ, ਮਨੋ-ਵਿਗਿਆਨ ਤੇ ਸਰੀਰਕ ਵਿਗਿਆਨ ਵੀ ਇਨ੍ਹਾਂ ਦੇ ਲਾਭਾਂ ਦੀ ਪ੍ਰੋੜ੍ਹਤਾ ਕਰਦੇ ਹਨ। ਨਾਲੇ ਸਿੰਘ ਤਾਂ ਇਨ੍ਹਾਂ ਨੂੰ ਗੁਰੂ ਕੀ ਮੋਹਰ ਸਮਝ ਕੇ ਪਿਆਰਦਾ ਹੈ। ਇਹ ਕੁਦਰਤੀ ਕਕਾਰ ਹੈ, ਜੋ ਸਿੱਖ ਨੂੰ ਸਭ ਤੋਂ ਨਿਰਾਲਾ ਪ੍ਰਗਟ ਕਰਦਾ ਹੈ।

ਕ੍ਰਿਪਾਨ ਕਕਾਰ ਐਸਾ ਹੈ, ਜਿਸ ਨੂੰ ਅਸੀਂ ਧਾਰਨ ਕਰਦੇ ਹਾਂ। ਅਹਿੰਸਾਵਾਦ ਦੇ ਪਾਂਧੀ ਇਸ ਨੂੰ ਕੈਰੀ ਨਜ਼ਰ ਨਾਲ ਤੱਕਦੇ ਹਨ। ਉਨ੍ਹਾਂ ਦੇ ਸਾਹਮਣੇ ਤੇਗ਼ ਦੇ ਖ਼ੂਨੀ ਕਾਰੇ ਫ਼ਿਲਮ ਵਾਂਗ ਚੱਲਣ ਫਿਰਨ ਲੱਗ ਜਾਂਦੇ ਹਨ। ਉਹ ਇਸ ਦੇ ਉਸਾਰੂ ਪੱਖ ਨੂੰ

ਨਜ਼ਰ-ਅੰਦਾਜ਼ ਕਰ ਦੇਂਦੇ ਹਨ। ਕੋਈ ਵੀ ਕਲਮ ਇਸ ਲਈ ਤੋੜਨ ਯੋਗ ਨਹੀਂ ਕਿ ਉਸ ਨਾਲ ਕਿਸੇ ਮੰਦੇ ਆਦਮੀ ਨੇ ਮੰਦੇ ਬਚਨ ਲਿਖੇ ਹਨ, ਕਲਮ ਦੀ ਚੰਗੀ ਵਰਤੋਂ ਵੀ ਹੋ ਸਕਦੀ ਹੈ। ਅਹਿੰਸਾਵਾਦ ਇਕ ਆਦਰਸ਼ ਹੈ, ਬਹੁਤ ਚੰਗਾ ਆਦਰਸ਼, ਜਿਸ ਦਾ ਭਾਵ ਕਿਸੇ ਨੂੰ ਨਾ ਦੁਖਾਉਣਾ ਹੈ। ਇਸੇ ਨੂੰ ਸਿੰਘ 'ਸਰਬੱਤ ਦਾ ਭਲਾ' ਕਹਿੰਦੇ ਹਨ। ਪਰ ਜੋ ਆਦਮੀ ਸੰਸਾਰ ਦੇ ਇਸ ਮਹਾਨ ਆਦਰਸ਼ ਵਿਚ ਰੋਕ ਪਾ ਰਿਹਾ ਹੋਵੇ, ਤਾਂ ਉਸ ਦਾ ਇਲਾਜ ਕਰਨ ਲਈ ਕ੍ਰਿਪਾਨ ਦੀ ਵਰਤੋਂ ਜਾਇਜ਼ ਹੈ। ਇਸ ਸੰਸਾਰ ਦੀ ਸਾਰੀ ਦੀ ਸਾਰੀ ਉੱਤਮਤਾ ਤਲਵਾਰ ਦੀ ਸਾਜਨਾ ਹੈ। ਅਗਰ ਮਨੁੱਖ ਸ਼ਕਤੀ ਦੀ ਵਰਤੋਂ ਨਾ ਕਰ ਕੇ ਜੰਗਲੀ ਜਾਨਵਰਾਂ ਤੋਂ ਧਰਤੀ ਸਾਫ਼ ਨਾ ਕਰਦਾ, ਤਾਂ ਸਭਿਆਚਾਰ ਦੇ ਇਹ ਸੁੰਦਰ ਮੰਦਰ ਉਸਰਨੇ ਔਖੇ ਸਨ। ਹਰਨਾਕਸ਼, ਰਾਵਣ, ਨਮਰੂਦ, ਕੰਸ ਤੇ ਹਿਟਲਰ ਸ਼ਾਹੀ ਨੂੰ ਖ਼ਤਮ ਕਰਨ ਵਾਲੀ ਕੇਵਲ ਤੇਗ਼ ਹੀ ਸੀ, ਜਿਸ ਦੇ ਪਰਛਾਵੇਂ ਹੇਠ ਅਹਿੰਸਾਵਾਦ ਨੇ ਪ੍ਰਫੁੱਲਤਾ ਹਾਸਿਲ ਕੀਤੀ। ਜੋ ਆਦਮੀ ਇਹ ਕਹਿੰਦੇ ਹਨ ਕਿ ਪਾਗਲ ਕੁੱਤੇ ਨੂੰ ਨਾ ਮਾਰੋ, ਉਹ ਦਰਅਸਲ ਹਿੰਸਾਵਾਦੀ ਹਨ, ਉਹ ਹਜ਼ਾਰਾਂ ਮਨੁੱਖਾਂ ਦੀ ਮੌਤ ਦੇ ਜ਼ੁੰਮੇਵਾਰ ਬਣਦੇ ਹਨ। ਇਸ ਲਈ ਹਲਕਾਏ ਹੋਏ ਕੁੱਤੇ ਨੂੰ ਮਾਰ ਦੇਣਾ ਹੀ ਅਹਿੰਸਾ ਹੈ, ਕਿਉਂਕਿ ਇਸ ਨਾਲ ਸੈਂਕੜੇ ਜਾਨਾਂ ਦਾ ਬਚਾਉ ਹੁੰਦਾ ਹੈ। ਇਸੇ ਤਰ੍ਹਾਂ ਗੰਦੇ ਫੋੜੇ ਵਾਂਗ ਜੋ ਆਦਮੀ ਸਮਾਜ ਦੇ ਸਾਰੇ ਚੱਲਦੇ ਲਹੂ ਨੂੰ ਗੰਦਾ ਕਰ ਰਹੇ ਹੋਣ, ਉਨ੍ਹਾਂ ਨੂੰ ਚੀਰ ਦੇਣਾ ਹੀ ਪੁੰਨ ਹੈ, ਨੇਕੀ ਹੈ ਤੇ ਸੱਚੀ ਅਹਿੰਸਾ ਹੈ।

ਸਿੱਖ ਧਰਮ ਵਿਚ ਤਲਵਾਰ ਦੀ ਵਰਤੋਂ 'ਤੇ ਬੜੀ ਕਰੜੀ ਸ਼ਰਤ ਲਾਈ ਗਈ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਹੈ ਕਿ ਜਦੋਂ ਨੇਕੀ ਦੇ ਬਚਾਉ ਲਈ ਹੋਰ ਕੋਈ ਚਾਰਾ ਨਾ ਚੱਲਦਾ ਦਿਸੇ, ਉਸ ਸਮੇਂ ਤੇਗ਼ ਦੀ ਲਿਸ਼ਕ ਨਾਲ ਹੀ ਅੰਧੇਰੇ ਜਗਤ ਵਿਚ ਰੌਸ਼ਨੀ ਦਿਖਾਈ ਜਾ ਸਕਦੀ ਹੈ।[2] ਵੈਸੇ ਕਾਹਲੀ ਵਿਚ ਇਸ ਨੂੰ ਪਹਿਲਾ ਹਥਿਆਰ ਨਹੀਂ ਮੰਨਣਾ ਚਾਹੀਦਾ। ਇਸ ਤੋਂ ਪਹਿਲੇ ਸਾਧਨ ਸਤਿਆਗ੍ਰਹਿ, ਕੁਰਬਾਨੀ ਆਦਿਕ ਹਨ। ਸਿੱਖ ਗੁਰੂਆਂ ਸਭ ਹੀਲੇ ਵਰਤ ਕੇ ਹੀ ਤੇਗ਼ ਦੇ ਮੁੱਠੇ 'ਤੇ ਹੱਥ ਰੱਖਿਆ ਸੀ। ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਸਿੱਖ ਆਪਣੀ ਤੇਗ਼ ਮੁਲਕਗੀਰੀ, ਲੁੱਟ-ਖਸੁੱਟ ਜਾਂ ਹੱਤਿਆ ਲਈ ਨਹੀਂ ਵਰਤਦਾ, ਉਸ ਨੂੰ ਗੁਰੂ ਨੇ ਸ਼ੁਭ ਕਰਮਾਂ ਲਈ ਹੀ ਤੇਗ਼ ਵਾਹੁਣ ਦਾ ਹੁਕਮ ਦਿੱਤਾ ਹੈ:

ਦੇਹ ਸਿਵਾ ਬਰ ਮੋਹਿ ਇਹੈ, ਸੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋਂ॥

ਸੋ, ਨੇਕੀ ਦੀ ਬਗ਼ੀਚੀ ਨੂੰ ਉਜਾੜੇ ਤੋਂ ਬਚਾਉਣ ਲਈ ਇਕ ਮਜ਼ਬੂਤ ਵਾੜ ਦੀ ਸਖ਼ਤ ਲੋੜ ਹੈ। ਜੋ ਮਾਲੀ ਬਚਾਉ ਦਾ ਚੰਗਾ ਪ੍ਰਬੰਧ ਨਹੀਂ ਕਰਦਾ, ਉਸ ਦੇ ਸੋਹਣੇ ਤੋਂ ਸੋਹਣੇ ਬੂਟੇ ਵੀ ਬੇਅਰਥ ਚਲੇ ਜਾਂਦੇ ਹਨ। ਨਾ ਉਨ੍ਹਾਂ ਤੋਂ ਉਸ ਨੂੰ ਲਾਭ ਹੁੰਦਾ ਹੈ ਤੇ ਨਾ ਹੀ ਸੰਸਾਰ ਨੂੰ ਕੋਈ ਉਸ ਦਾ ਫ਼ਾਇਦਾ ਪੁੱਜਦਾ ਹੈ। ਇਸ ਲਈ ਜ਼ਰੂਰੀ ਹੈ ਕਿ ਨੇਕੀ ਦੀ ਸੰਭਾਲ ਲਈ ਤੇਗ਼ ਨੂੰ ਢਾਲ ਦੇ ਤੌਰ 'ਤੇ ਵਰਤਿਆ ਜਾਵੇ।

2. ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੈਸਾਰੁ ਉਪਾਇਆ॥ *(ਚੰਡੀ ਦੀ ਵਾਰ)*

ਸਿੱਖ ਕਦੀ ਤੇਗ਼ ਨੂੰ ਅਯੋਗ ਥਾਂ 'ਤੇ ਮਿਆਨੋਂ ਨਹੀਂ ਕੱਢਦਾ। ਉਸ ਦਾ ਪੱਖ ਸਾਫ਼ ਹੈ। ਉਹ ਕਦੀ ਜ਼ਾਲਮ ਨਹੀਂ ਹੁੰਦਾ, ਕਿਉਂਕਿ ਉਹ ਰੋਜ਼ ਸਰਬੱਤ ਦੇ ਭਲੇ ਦੀ ਅਰਦਾਸ ਕਰਦਾ ਹੈ ਤੇ ਨਾ ਹੀ ਉਹ ਬੁਜ਼ਦਿਲ ਹੀ ਹੁੰਦਾ ਹੈ, ਕਿਉਂਕਿ ਉਹ ਸੰਤ-ਸਿਪਾਹੀ ਵੇਸ ਵਿਚ ਰਹਿੰਦਾ ਹੈ। ਇਹ ਜ਼ਿੰਦਗੀ ਦਾ ਠੀਕ ਤਿਆਰ ਕੀਤਾ ਦਰਮਿਆਨਾ ਮਾਰਗ ਹੈ।

ਇਸ ਪੰਜ-ਕਕਾਰੀ ਰਹਿਤ ਤੋਂ ਇਲਾਵਾ ਜਿਨ੍ਹਾਂ ਚਾਰ ਗੱਲਾਂ 'ਤੇ ਖ਼ਾਸ ਜ਼ੋਰ ਦਿੱਤਾ ਗਿਆ ਹੈ ਕਿ ਇਹ ਨਹੀਂ ਕਰਨੀਆਂ, ਉਨ੍ਹਾਂ ਨੂੰ ਚਾਰ ਕੁਰਹਿਤਾਂ ਕਿਹਾ ਜਾਂਦਾ ਹੈ। ਅਗਰ ਕੋਈ ਅੰਮ੍ਰਿਤਧਾਰੀ ਸਿੰਘ ਇਨ੍ਹਾਂ ਚਾਰਾਂ ਵਿੱਚੋਂ ਕਿਸੇ ਇਕ ਦਾ ਵੀ ਸ਼ਿਕਾਰ ਹੋ ਜਾਵੇ ਤਾਂ ਉਸ ਨੂੰ 'ਪਤਿਤ' ਯਾਨੀ ਸਿੱਖੀ ਤੋਂ ਡਿੱਗਿਆ ਹੋਇਆ ਸਮਝਿਆ ਜਾਂਦਾ ਹੈ। ਉਹ ਖ਼ਾਲਸਾ ਪੰਥ ਦਾ ਮੈਂਬਰ ਤਾਂ ਹੀ ਹੋ ਸਕਦਾ ਹੈ, ਜੇ ਆਪਣੀ ਭੁੱਲ ਨੂੰ ਸੁਧਾ ਕੇ ਦੁਬਾਰਾ ਅੰਮ੍ਰਿਤਪਾਨ ਕਰ ਲਵੇ। ਉਹ ਚਾਰ ਕੁਰਹਿਤਾਂ ਇਹ ਹਨ: (1) ਕੇਸਾਂ ਦੀ ਬੇਅਦਬੀ, (2) ਤੰਬਾਕੂ ਪਾਨ ਕਰਨਾ, (3) ਕੁੱਠਾ ਖਾਣਾ, (4) ਮੁਸਲੀ-ਯੁੱਧ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਆਮ ਲੋਕਾਂ ਵਿਚ ਰੀਸੋ-ਰੀਸ ਕਈ ਗ਼ਲਤੀਆਂ ਦਾ ਰਿਵਾਜ ਪੈ ਰਿਹਾ ਸੀ। ਸਤਿਗੁਰੂ ਆਪਣੇ ਪੰਥ ਨੂੰ ਇਨ੍ਹਾਂ ਤੋਂ ਬਚਾ ਕੇ ਉੱਚਾ ਲਿਜਾਣਾ ਚਾਹੁੰਦੇ ਸਨ। ਉਨ੍ਹਾਂ ਸੋਚਿਆ ਕਿ ਜ਼ਮਾਨੇ ਦੇ ਅਸਰ ਹੇਠ ਕਿਧਰੇ ਸਿੱਖ ਵੀ ਇਨ੍ਹਾਂ ਭੁੱਲਾਂ ਵਿਚ ਨਾ ਪੈ ਜਾਣ, ਇਸ ਲਈ ਸਖ਼ਤ ਰੋਕਥਾਮ ਦੀ ਲੋੜ ਹੈ। ਇਸੇ ਲਈ ਉਨ੍ਹਾਂ ਕਿਹਾ ਕਿ ਫ਼ੈਸ਼ਨ ਜਾਂ ਰਿਵਾਜ ਵਿਚ ਪੈ ਕੇ ਕੋਈ ਸਿੱਖ ਕੁਦਰਤੀ ਸ਼ਿੰਗਾਰ-ਕੇਸਾਂ ਤੋਂ ਵਿਹੂਣਾ ਨਾ ਹੋ ਜਾਵੇ। ਜੋ ਅਜਿਹਾ ਕਰੇਗਾ, ਸੋ ਸਿੱਖ ਨਹੀਂ ਰਹੇਗਾ। ਦੂਸਰੇ ਤੰਬਾਕੂ ਪੀਣ ਵਾਲਾ ਵੀ ਸਿੱਖੀ ਤੋਂ ਖ਼ਾਰਜ ਸਮਝਿਆ ਜਾਵੇਗਾ। ਕੁੱਠਾ ਖਾਣਾ ਸ੍ਵੈ-ਮਾਨ ਦੀ ਮੌਤ ਦੇ ਬਰਾਬਰ ਹੈ। ਜੋ ਸਿੱਖ ਕੁੱਠਾ ਖਾਏਗਾ, ਉਹ ਵੀ ਖ਼ਾਲਸਾ ਜਥੇਬੰਦੀ ਦਾ ਮੈਂਬਰ ਨਹੀਂ ਰਹਿ ਸਕਦਾ। ਇਸ ਦਾ ਕਾਰਨ ਇਹ ਸੀ ਕਿ ਮੁਸਲਮਾਨ ਇਹ ਸਮਝਦੇ ਸਨ ਤੇ ਹੁਣ ਵੀ ਸਮਝ ਰਹੇ ਹਨ ਕਿ ਜਿਸ ਢੰਗ ਨਾਲ ਅਸੀਂ ਮਾਸ ਜ਼ਿਬਾਹ ਕਰ ਕੇ ਤਿਆਰ ਕਰਦੇ ਹਾਂ, ਇਹੋ ਹਲਾਲ ਹੈ। ਗੁਰੂ ਜੀ ਨੇ ਕਿਹਾ ਕਿ ਇਹ ਮਾਨਸਿਕ ਗ਼ੁਲਾਮੀ ਕਬੂਲਣੀ ਹੱਦ ਦਰਜੇ ਦੀ ਬੇਗ਼ੈਰਤੀ ਹੈ, ਸਿੱਖ ਲਈ ਮੁਸਲਮਾਨੀ ਢੰਗ ਤੋਂ ਇਲਾਵਾ ਕਿਸੇ ਢੰਗ ਨਾਲ ਵੀ ਬਣਿਆ ਮਾਸ ਸਭ ਠੀਕ ਹੈ। ਇਸ ਲਈ ਝਟਕੇ ਜਾਂ ਕੁੱਠੇ ਵਿਚ ਡਾਕਟਰੀ ਨੁਕਸ ਲੱਭਣ ਦਾ ਕੋਈ ਮਤਲਬ ਨਹੀਂ, ਇਹ ਤਾਂ ਕੇਵਲ ਗ਼ੈਰ-ਮੁਸਲਮਾਨਾਂ ਨੂੰ ਮੁਸਲਮਾਨਾਂ ਵੱਲੋਂ ਦਿੱਤੇ ਚੈਲੰਜ ਦਾ ਜਵਾਬ ਹੈ। ਇਸੇ ਤਰ੍ਹਾਂ ਮੁਸਲਮਾਨਣੀ ਦੇ ਸੰਗ 'ਤੇ ਸਖ਼ਤ ਪਾਬੰਦੀ ਲਾਈ ਗਈ। ਭਾਵੇਂ ਸਿੰਘ ਰਹਿਤ-ਮਰਯਾਦਾ ਵਿਚ ਪਰ-ਨਾਰੀ ਸੰਗ ਹੀ ਭਾਰਾ ਜੁਰਮ ਹੈ, ਪਰ ਉਸ ਸਮੇਂ ਮੁਸਲੀ-ਯੁੱਧ 'ਤੇ ਕਰੜੀ ਰੋਕਥਾਮ ਕਰਨ ਦੀ ਲੋੜ ਇਸ ਲਈ ਪਈ ਕਿਉਂਕਿ ਮੁਸਲਮਾਨ ਬੇਗਾਨੀਆਂ ਬਹੂ-ਬੇਟੀਆਂ 'ਤੇ ਕਬਜ਼ਾ ਕਰਨਾ ਜਾਇਜ਼ ਸਮਝਦੇ ਸਨ। ਸਿੱਖਾਂ ਨੂੰ ਤੁਰਕਾਂ ਨਾਲ ਲੜਨਾ ਪੈ ਰਿਹਾ ਸੀ। ਗੁਰੂ ਜੀ ਨੇ ਸੋਚਿਆ ਕਿ ਬਦਲੇ ਦੀ ਭਾਵਨਾ ਵਿਚ ਕਿਧਰੇ ਸਿੱਖ ਵੀ ਧਿੰਗੋਜ਼ੋਰੀ ਮੁਸਲਮਾਨਣੀਆਂ ਨੂੰ ਨਾ ਚੁੱਕ ਲਿਆਉਣ। ਇਸ ਲਈ ਇਹ ਪਾਬੰਦੀ ਲਾਈ ਗਈ, ਜੋ ਸਿੱਖ ਮੁਸਲੀ-ਯੁੱਧ ਕਰੇਗਾ, ਉਹ ਸਿੱਖ ਨਹੀਂ ਰਹੇਗਾ।

ਇਹ ਸਨ ਸਮੇਂ ਦੇ ਭਾਰੇ ਰੋੜ੍ਹ, ਜਿਨ੍ਹਾਂ ਤੋਂ ਸ੍ਰੀ ਦਸਮੇਸ਼ ਜੀ ਨੇ ਆਪਣੇ ਸਿੱਖਾਂ ਨੂੰ ਸਖ਼ਤ ਹਿਦਾਇਤਾਂ ਰਾਹੀਂ ਬਚਾਇਆ। ਸਿੱਖ ਹਰ ਕੰਮ, ਕਿਸੇ ਕਰਮ-ਕਾਂਡ ਜਾਂ ਵਹਿਮ ਦੇ ਵੱਸ ਹੋ ਕੇ ਨਹੀਂ ਕਰਦਾ, ਉਸ ਦੇ ਸਾਹਮਣੇ ਜੀਵਨ ਨੂੰ ਧਾਰਮਿਕ, ਸਮਾਜਿਕ, ਰਾਜਸੀ, ਵਿਹਾਰਕ, ਵਿਦਿਅਕ ਤੇ ਸਭਿਆਚਾਰਕ ਹਰ ਪਹਿਲੂ ਤੋਂ ਉੱਚਾ-ਸੁੱਚਾ ਰੱਖਣ ਦਾ ਨਿਸ਼ਾਨਾ ਹੈ। ਉਹ ਨਾ ਕੱਟੜ ਕਰਮ-ਕਾਂਡੀ ਹੈ ਤੇ ਨਾ ਹੀ ਢਿੱਲਾ ਮੱਠਾ ਮੌਸਮ-ਪ੍ਰਸਤ। ਉਹ ਅੰਦਰਲੀ ਰਹਿਤ 'ਤੇ ਬਾਹਰਲੀ ਰਹਿਣੀ ਨਾਲੋਂ ਜ਼ਿਆਦਾ ਜ਼ੋਰ ਦੇਂਦਾ ਹੈ, ਪਰ ਆਪਣੀ ਬਾਹਰਲੀ ਸਿੰਘ ਰਹਿਤ ਨੂੰ ਤਿਲਾਂਜਲੀ ਦੇਣ ਲਈ ਵੀ ਤਿਆਰ ਨਹੀਂ, ਕਿਉਂਕਿ ਇਸ ਨਾਲ ਸਾਰਾ ਸੁੰਦਰ ਸਿੱਖ-ਆਚਰਣ ਸੰਯੁਕਤ ਹੋਇਆ ਹੋਇਆ ਹੈ।

ਇਥੇ ਅਸੀਂ ਰਹਿਤਨਾਮਿਆਂ ਵਿਚ ਰਹਿਣੀ-ਬਹਿਣੀ, ਵਰਤੋਂ-ਵਿਹਾਰ, ਖਾਣ-ਪੀਣ, ਪਹਿਨਣ, ਬੋਲ-ਚਾਲ ਤੇ ਹੋਰ ਕਈ ਜ਼ਰੂਰੀ ਗੱਲਾਂ ਬਾਰੇ ਜੋ ਨਸੀਹਤਾਂ ਬਾਰ ਬਾਰ ਦ੍ਰਿੜ੍ਹ ਕਰਾਈਆਂ ਗਈਆਂ ਹਨ, ਉਨ੍ਹਾਂ ਦਾ ਕੁਝ ਵੇਰਵਾ ਦੇਣਾ ਜ਼ਰੂਰੀ ਸਮਝਦੇ ਹਾਂ। ਇਨ੍ਹਾਂ ਤੋਂ ਸਾਡੀ ਬਾਹਰਲੀ ਰਹਿਤ-ਮਰਯਾਦਾ 'ਤੇ ਹੋਰ ਵਧੇਰੇ ਰੌਸ਼ਨੀ ਪੈਂਦੀ ਹੈ। ਭਾਵੇਂ ਸਿੱਖ ਲਈ ਹਰ ਨੇਕੀ ਹੀ ਕਮਾਉਣ ਯੋਗ ਰਹਿਤ ਤੇ ਹਰ ਬਦੀ ਹੀ ਨਾ ਕਰਨਯੋਗ ਕੁਰਹਿਤ ਹੈ, ਪਰ ਫਿਰ ਵੀ ਜ਼ਿੰਦਗੀ ਲਈ ਨਿੱਕੀਆਂ ਨਿੱਕੀਆਂ ਸੂਚਨਾਵਾਂ ਵੀ ਵਡੇਰੀ ਅਹਿਮੀਅਤ ਰੱਖਦੀਆਂ ਹਨ। ਇਨ੍ਹਾਂ ਨਾਲ ਜ਼ਿੰਦਗੀ ਹਰ ਪਾਸਿਓਂ ਚੜ੍ਹਦੀ ਕਲਾ ਵੱਲ ਮਾਰਚ ਕਰਦੀ ਜਾਂਦੀ ਹੈ। ਇਕ ਗੱਲ ਹੋਰ ਵੀ ਸਮਝ ਲੈਣੀ ਚਾਹੀਦੀ ਹੈ ਕਿ ਅੰਦਰਲੀ ਤੇ ਬਾਹਰਲੀ ਰਹਿਤ ਦਾ ਆਪਸ ਵਿਚ ਡੂੰਘਾ ਸੰਬੰਧ ਹੈ। ਅੰਦਰਲੇ ਵਿਚਾਰ ਸਾਡੇ ਬਾਹਰਲੇ ਕੰਮਾਂ 'ਤੇ ਅਸਰ ਰੱਖਦੇ ਹਨ ਤੇ ਬਾਹਰਲੇ ਕਰਮ ਅੰਦਰ ਡੂੰਘਾ ਅਸਰ ਛੱਡ ਜਾਂਦੇ ਹਨ। ਰਹਿਤਨਾਮਿਆਂ ਵਿਚ ਦੋਹਾਂ ਦਾ ਮਿਲਵਾਂ ਜ਼ਿਕਰ ਆਉਂਦਾ ਹੈ। ਇਸ ਲਈ ਇਥੇ ਮਿਲਵੀਆਂ-ਜੁਲਵੀਆਂ ਸਿੱਖਿਆਵਾਂ ਦਾ ਹੀ ਜ਼ਿਕਰ ਆਵੇਗਾ:

1. ਗੁਰੂ ਦਾ ਸਿੱਖ, ਗੁਰਬਾਣੀ ਅਨੁਸਾਰ ਜ਼ਿੰਦਗੀ ਬਸਰ ਕਰੇ। ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਉਸ ਦੇ ਗੁਰੂ ਹਨ।
2. ਪੰਥਕ ਆਗਿਆ ਪਾਲਣ ਲਈ ਸਦਾ ਤਿਆਰ-ਬਰ-ਤਿਆਰ ਰਹੇ।
3. ਗੁਰੂ ਪਰਮੇਸ਼ਰ ਤੋਂ ਬਿਨਾਂ ਕਿਸੇ ਦੇਵੀ-ਦੇਵਤੇ ਜਾਂ ਪੀਰ ਦੀ ਮਨੌਤ ਪੂਜਾ ਨਾ ਕਰੇ। ਅਕਾਲ ਪੁਰਖ ਵਾਹਿਗੁਰੂ ਦਾ ਸਦਾ ਸਿਮਰਨ ਕਰੇ।
4. ਗੁਰੂ ਦਾ ਸਿੱਖ ਖੰਡੇ ਦਾ ਅੰਮ੍ਰਿਤ ਛਕ ਕੇ ਕੇਸ, ਕੰਘਾ, ਕਛਹਿਰਾ, ਕ੍ਰਿਪਾਨ ਤੇ ਕੜਾ ਪੰਜ-ਕਕਾਰੀ ਰਹਿਤ ਸਦਾ ਅੰਗ-ਸੰਗ ਰੱਖੇ।
5. ਹਰ ਰੋਜ਼ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਬਾਣੀ ਦਾ ਪਾਠ ਕਰੇ। ਪਾਠ ਦੇ ਨਿਤਨੇਮ ਬਿਨਾਂ ਹੋਰ ਕਿਸੇ ਕੰਮ ਵਿਚ ਨਾ ਲੱਗੇ। ਜਪੁ, ਜਾਪ, ਸਵੱਈਏ, ਚੌਪਈ ਤੇ ਅਨੰਦੁ ਸਾਹਿਬ ਸਵੇਰੇ ਪੜ੍ਹਨ ਵਾਲੀਆਂ ਪੰਜ ਬਾਣੀਆਂ ਹਨ। ਸ਼ਾਮ ਨੂੰ ਰਹਿਰਾਸ ਤੇ ਸੌਣ ਲੱਗਿਆਂ ਕੀਰਤਨ ਸੋਹਿਲੇ ਦਾ ਪਾਠ ਲਾਜ਼ਮੀ ਹੈ।
6. ਗੁਰੂ ਦਾ ਸਿੱਖ ਹਰ ਕੰਮ ਅਰਦਾਸ ਕਰ ਕੇ ਆਰੰਭ ਕਰੇ।
7. ਗੁਰੂ ਦਾ ਸਿੱਖ ਧਰਮ ਦੀ ਕਿਰਤ ਵਿੱਚੋਂ ਦਸਵੰਧ ਜ਼ਰੂਰ ਦੇਵੇ।

8. ਗੁਰੂ ਦਾ ਸਿੱਖ ਗ਼ਰੀਬ ਦੀ ਰਸਨਾ ਨੂੰ ਗੁਰੂ ਦੀ ਗੋਲਕ ਜਾਣੇ।
9. ਗੁਰੂ ਦਾ ਸਿੱਖ ਬਾਣੀ ਦਾ ਕੀਰਤਨ ਕਰੇ ਜਾਂ ਸੁਣੇ।
10. ਸ਼ਬਦ ਦਾ ਭੋਗ ਪੈਣ ਸਮੇਂ ਸੀਸ ਜ਼ਰੂਰ ਨਿਵਾਵੇ।
11. ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਵਿੱਚੋਂ ਚੁਣ ਚੁਣ ਕੇ ਬਾਣੀ ਕੰਠ ਕਰੇ।
12. ਖ਼ਾਲਸੇ ਨੂੰ ਗੁਰੂ ਕਰ ਕੇ ਮੰਨੇ ਤੇ ਉਸ ਦੀ ਪ੍ਰੇਮ ਨਾਲ ਸੇਵਾ ਕਰੇ।
13. ਖ਼ਾਲਸਾ ਧਰਮ-ਯੁੱਧ ਵਿਚ ਸਨਮੁੱਖ ਹੋ ਕੇ ਲੜੇ।
14. ਖ਼ਾਲਸਾ ਘੋੜ-ਸਵਾਰੀ ਤੇ ਸ਼ਸਤਰ ਵਿੱਦਿਆ ਵਿਚ ਪੂਰਾ ਨਿਪੁੰਨ ਹੋਵੇ।
15. ਗੁਰੂ ਦਾ ਸਿੱਖ ਸਦਾ ਚੜ੍ਹਦੀ ਕਲਾ ਵਿਚ ਰਹੇ।
16. ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਵੇ।
17. ਸਿੱਖ ਗੁਰਪੁਰਬ ਉਤਸ਼ਾਹ ਨਾਲ ਮਨਾਵੇ।
18. ਸਿੱਖ ਸਿੰਘ ਨੂੰ ਵੇਖ ਕੇ ਨਿਹਾਲ ਨਿਹਾਲ ਹੋ ਜਾਵੇ ਤੇ ਗੱਜ ਕੇ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਬੁਲਾਵੇ।
19. ਸਿੱਖ ਰਿਸ਼ਤਾ-ਨਾਤਾ ਗੁਰੂ ਦੇ ਸਿੱਖ ਨਾਲ ਹੀ ਜੋੜੇ।
20. ਸਿੱਖ ਦਾ ਮਾਮਲਾ ਸਿੱਖਾਂ ਵਿਚ ਹੀ ਨਿਬੇੜ ਦੇਵੇ।
21. ਸਿੰਘਾਂ ਨੂੰ ਵਿਤ ਅਨੁਸਾਰ ਪ੍ਰਸ਼ਾਦ ਬਣਾ ਕੇ ਛਕਾਵੇ।
22. ਸਿੱਖ 'ਤ੍ਵਪ੍ਰਸਾਦ' ਆਖ ਕੇ ਪ੍ਰਸਾਦ ਛਕੇ ਤੇ ਛਕਣ ਤੋਂ ਬਾਦ ਰੱਬੀ ਧੰਨਵਾਦ ਦੀ ਅਰਦਾਸ ਜ਼ਰੂਰ ਕਰੇ।
23. ਸਿੱਖ ਅੰਮ੍ਰਿਤ ਪ੍ਰਚਾਰ ਕਰ ਕੇ ਸਿੱਖੀ ਨੂੰ ਹਰ ਥਾਂ ਫੈਲਾਵੇ।
24. ਸਿੱਖ ਗ੍ਰਿਹਸਤ ਮਾਰਗ ਨੂੰ ਚੰਗਾ ਜਾਣੇ।
25. ਗੁਰੂ ਦਾ ਸਿੱਖ ਜਤ-ਸਤ ਦੀ ਪਾਲਣਾ ਕਰੇ।
26. ਮਾਤਾ-ਪਿਤਾ ਦਾ ਸਤਿਕਾਰ ਰੱਖੇ।
27. ਗੁਰਮੁਖੀ ਵਿੱਦਿਆ ਸਿੰਘ ਤੋਂ ਸਿੱਖੇ ਤੇ ਹੋਰ ਵਿੱਦਿਆ ਵੀ ਜਿਥੋਂ ਕਿਥੋਂ ਹਾਸਿਲ ਕਰੇ।
28. ਗੁਰੂ ਦਾ ਸਿੱਖ ਸੰਗਤ ਵਿਚ ਜ਼ਰੂਰ ਜਾਵੇ।
29. ਕੀਤੇ ਹੋਏ ਬਚਨ ਦੀ ਪਾਲਣਾ ਕਰੇ।
30. ਦੁਖ-ਸੁਖ ਵਿਚ ਰੱਬ ਦੀ ਰਜ਼ਾ ਨੂੰ ਖਿੜੇ ਮੱਥੇ ਮੰਨੇ।
31. ਰੱਬ ਦੀ ਖ਼ਲਕਤ ਨੂੰ ਰੱਬ ਦਾ ਰੂਪ ਸਮਝ ਕੇ ਪਿਆਰ ਕਰੇ।
32. ਗ਼ਰੀਬ ਦੀ ਪਾਲਣਾ, ਦੁਸ਼ਟ ਨੂੰ ਗਾਲਣਾ, ਸਿੱਖ ਆਪਣਾ ਫ਼ਰਜ਼ ਸਮਝੇ।
33. ਗੁਰੂ ਦਾ ਸਿੱਖ ਸਭਨਾਂ ਜੀਆਂ ਦਾ ਭਲਾ ਮਨਾਵੇ।
34. ਧਨ-ਦੌਲਤ, ਸਾਕ-ਸੰਬੰਧੀ ਸਭ ਗੁਰੂ ਦੀ ਦਾਤ ਸਮਝੇ।
35. ਵਾਹਿਗੁਰੂ ਮੰਤ੍ਰ ਦਾ ਜਾਪ ਜਪੇ।
36. ਸਰਬ ਲੋਹ ਵਿਚ ਪ੍ਰਸ਼ਾਦ ਛਕਣ ਨੂੰ ਤਰਜੀਹ ਦੇਵੇ।
37. ਸੰਗਤ ਦੀ ਸੇਵਾ ਚਾਅ ਤੇ ਪ੍ਰੇਮ ਨਾਲ ਕਰੇ।
38. ਪ੍ਰਸ਼ਾਦ ਕ੍ਰਿਪਾਨ ਭੇਟ ਕਰ ਕੇ ਹੀ ਛਕੇ।

39. ਆਪਣੇ ਬੱਚੇ ਦੇ ਨਾਮ ਨਾਲ 'ਸਿੰਘ' ਤੇ ਬੱਚੀ ਦੇ ਨਾਮ ਨਾਲ 'ਕੌਰ' ਲਗਾਵੇ।
40. ਪ੍ਰਾਣੀ ਦੇ ਚਲਾਣੇ ਸਮੇਂ ਕੀਰਤਨ ਕਰੇ ਤੇ ਪ੍ਰਸਾਦ ਬਣਾਵੇ।
41. ਮ੍ਰਿਤਕ ਦੇਹ ਦਾ ਦਾਹ ਸਸਕਾਰ ਹੀ ਕਰੇ।
42. ਸਿੱਖ ਆਪਣੀ ਭੁੱਲ ਬੇਝਿਜਕ ਸੰਗਤ ਵਿਚ ਜਾ ਕੇ ਦੱਸੇ ਤੇ ਆਗਿਆ ਅਨੁਸਾਰ ਲਾਈ ਤਨਖ਼ਾਹ ਪ੍ਰਵਾਨ ਕਰੇ।
43. ਗੁਰੂ ਦਾ ਸਿੱਖ ਦੰਦਾਂ ਦੀ ਸਫ਼ਾਈ ਲਈ ਦਾਤਨ ਰੋਜ਼ ਕਰੇ।
44. ਕੇਸਾਂ ਦੀ ਦੋ ਵੇਲੇ ਕੰਘੇ ਨਾਲ ਸਫ਼ਾਈ ਕਰੇ।
45. ਚੌਥੇ ਦਿਨ ਕੇਸੀਂ ਇਸ਼ਨਾਨ ਜ਼ਰੂਰ ਕਰੇ ਤੇ ਕੇਸਾਂ ਨੂੰ ਸੁਗੰਧਿਤ ਵੀ ਕਰੇ।
46. ਸਿੱਖ ਦਸਤਾਰ ਚੁਣ ਚੁਣ ਕੇ ਤੇ ਸਵਾਰ ਕੇ ਬੰਨ੍ਹੇ।
47. ਸਿੱਖ ਅੰਦਰੋਂ ਸਿਆਣਾ ਤੇ ਬਾਹਰੋਂ ਭੋਲਾ ਬਣ ਕੇ ਰਹੇ।
48. ਸਿੱਖ ਥੋੜਾ ਹੀ ਸੌਂਵੇਂ ਤੇ ਥੋੜਾ ਹੀ ਖਾਵੇ।
49. ਆਪਣੀ ਵਿਵਾਹੁਤਾ ਇਸਤਰੀ ਬਿਨਾਂ ਸਭ ਨੂੰ ਦਰਜੇਵਾਰ ਧੀ, ਭੈਣ ਤੇ ਮਾਂ ਵਾਂਗ ਸਮਝੇ।
50. ਬੱਚਿਆਂ ਨੂੰ ਗੁਰਬਾਣੀ ਦਾ ਪਾਠ ਜ਼ਰੂਰ ਸਿਖਾਵੇ।
51. ਸਿੱਖ ਹਰੀ ਕੀਰਤਨ ਤੇ ਕਥਾ ਲਈ ਹਰ ਥਾਂ ਗੁਰਦੁਆਰੇ ਬਣਾਵੇ।
52. ਮਨ ਨੀਵਾਂ ਤੇ ਮਤਿ ਉੱਚੀ ਰੱਖੇ।
53. ਗੁਰੂ ਦਾ ਸਿੱਖ ਕੇਸਾਂ ਦੀ ਬੇਅਦਬੀ ਕਿਸੇ ਤਰ੍ਹਾਂ ਨਾ ਕਰੇ।
54. ਕੇਸਾਂ ਨੂੰ ਬਣਾਵਟੀ ਰੰਗ ਨਾ ਦੇਵੇ ਤੇ ਨਾ ਹੀ ਧੌਲੇ ਚੁਗੇ।
55. ਸਿੱਖ ਕੁੱਠਾ ਕਦੀ ਨਾ ਵਰਤੇ।
56. ਸਿੱਖ ਤੰਬਾਕੂ, ਅਫ਼ੀਮ, ਤਾੜੀ, ਭੰਗ, ਸ਼ਰਾਬ ਆਦਿਕ ਕੋਈ ਨਸ਼ਾ ਨਾ ਵਰਤੇ।
57. ਪਰਾਏ ਧਨ ਤੇ ਪਰਾਈ ਇਸਤਰੀ ਵੱਲ ਕਦੀ ਮੈਲੀ ਨਜ਼ਰ ਨਾਲ ਨਾ ਤੱਕੇ।
58. ਸਿੱਖ ਇਕ ਤੋਂ ਵਧੀਕ ਵਿਆਹ ਨਾ ਕਰਾਵੇ।
59. ਬਚਪਨ ਵਿਚ ਵਿਆਹ-ਸ਼ਾਦੀ ਨਾ ਕਰੇ।
60. ਪੈਸਾ ਲੈ ਕੇ ਵਿਆਹ ਨਾ ਕਰੇ।
61. ਰਿਸ਼ਤਾ-ਨਾਤਾ ਕਰਨ ਲੱਗਿਆਂ ਜਾਤ-ਗੋਤ ਦਾ ਭਰਮ ਨਾ ਕਰੇ।
62. ਚੋਰੀ, ਯਾਰੀ, ਝੂਠ ਤੇ ਜੂਆ ਖੇਲਣੋਂ ਪਰਹੇਜ਼ ਕਰੇ।
63. ਸਿੱਖ ਐਸਾ ਸੱਚ ਵੀ ਨਾ ਬੋਲੇ, ਜਿਸ ਨਾਲ ਕੇਵਲ ਕਿਸੇ ਦੀ ਹਾਨੀ ਹੀ ਹੁੰਦੀ ਹੋਵੇ।
64. ਸਿੱਖ ਮੰਗਤਾ ਕਦੀ ਨਾ ਬਣੇ।
65. ਸਿੱਖ ਕਿਸੇ ਦਾ ਕਰਜ਼ਦਾਰ ਨਾ ਹੋਵੇ।
66. ਜਾਤ-ਪਾਤ, ਛੂਤ-ਛਾਤ, ਜਾਦੂ-ਟੂਣਾ, ਕਾਮਣ, ਸ਼ਗਨ-ਅਪਸ਼ਗਨ, ਤਿੱਥ, ਮਹੂਰਤ, ਗ੍ਰਹਿ, ਰਾਸਾਂ, ਸ਼ਰਾਧ, ਪਤਲ ਦੀਵਾ, ਅੰਗੀਠਾ ਫੋਲਣਾ, ਕਿਰਿਆ ਕਰਮ, ਸੂਤਕ-ਪਾਤਕ, ਹੋਮ ਜਗ ਤਰਪਣ, ਸਿਖਾ ਸੂਤ, ਭੱਦਣ, ਤੀਰਥ-ਬ੍ਰਤ,

ਤਿਲਕ ਜੰਞੂ, ਮੜ੍ਹੀ-ਮਸਾਣੀ, ਗੋਰ ਮੱਠ ਦੀ ਪੂਜਾ, ਮੂਰਤੀ ਪੂਜਨ, ਪੁੱਛਣਾ, ਸੁਖਣਾ, ਸਦਾ ਵਿਧਵਾ, ਸਤੀ ਹੋਣਾ ਆਦਿਕ ਭਰਮ ਰੂਪ ਕਰਮ ਕੋਈ ਨਾ ਕਰੇ।

67. ਸਿੱਖ ਕਿਸੇ ਸਾਧ, ਫ਼ਕੀਰ, ਜੋਗੀ ਦੀ ਚਰਨ ਪਾਹੁਲ ਨਾ ਲਵੇ।
68. ਬੇਅੰਮ੍ਰਿਤੀਏ ਦਾ ਜੂਠਾ ਨਾ ਖਾਵੇ।
69. ਕੁੜੀਮਾਰ, ਨੜੀਮਾਰ, ਸਿਰਗੁੰਮ, ਨਾਸਤਕ, ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ ਤੇ ਕਿਸੇ ਗੁਰ-ਨਿੰਦਕ ਨਾਲ ਸਿੱਖ ਵਰਤੋਂ-ਵਿਹਾਰ ਨਾ ਕਰੇ।
70. ਸਿੱਖ ਕਦੀ ਪਾਖੰਡ ਯਾ ਦਿਖਾਵੇ ਦੇ ਰਸਮ-ਰਿਵਾਜ ਨਾ ਕਰੇ।
71. ਗੁਰੂ ਦਾ ਸਿੱਖ ਟੋਪੀ ਨਾ ਪਹਿਨੇ।
72. ਸਿੰਘ ਦਾ ਅੱਧਾ ਨਾਮ ਲੈ ਕੇ ਨਾ ਬੁਲਾਵੇ।
73. ਸਿੰਘਣੀ ਪਰਦਾ ਨਾ ਕਰੇ।
74. ਨੱਕ ਕੰਨ ਨਾ ਛੇਦੇ।
75. ਸਿੱਖ ਭਗਵਾ ਤੇ ਸੂਹਾ ਰੰਗ ਦਾ ਕੱਪੜਾ ਨਾ ਪਹਿਨੇ।
76. ਕਦੀ ਸਿਰੋਂ ਤੇੜੋਂ ਨੰਗਾ ਨਾ ਰਹੇ।
77. ਕਦੀ ਸ਼ਸਤਰ ਤੋਂ ਖ਼ਾਲੀ ਨਾ ਰਹੇ।
78. ਵੇਸਵਾ ਦਾ ਨਾਚ ਗਾਣਾ ਨਾ ਸੁਣੇ।
79. ਕਿਸੇ ਦੀ ਨਿੰਦਾ ਚੁਗ਼ਲੀ ਨਾ ਕਰੇ, ਨਾ ਕੌੜਾ ਬੋਲੇ।
80. ਗੁਰੂ ਦਾ ਸਿੱਖ ਝੂਠੀ ਗਵਾਹੀ ਨਾ ਦੇਵੇ।
81. ਗੁਰਸਿੱਖ ਵੱਢੀ ਨਾ ਲਵੇ।
82. ਪੂਜਾ ਦਾ ਧਾਨ ਅੰਗੀਕਾਰ ਨਾ ਕਰੇ।
83. ਵਾਪਾਰ ਵਲ-ਛਲ ਵਾਲਾ ਨਾ ਕਰੇ।
84. ਧਰਮਸਾਲੀਆ, ਪੀਰ, ਮਸੰਦ ਨਾ ਬਣੇ।
85. ਦੀਵਾਨ ਵਿਚ ਜਾ ਕੇ ਗੱਲਾਂ ਨਾ ਕਰੇ।
86. ਗ਼ਰੀਬ ਸਿੱਖ ਨੂੰ ਵੇਖ ਕੇ ਨਫ਼ਰਤ ਨਾ ਕਰੇ।
87. ਕਿਸੇ ਵੀ ਧਰਮ ਜਾਂ ਸੰਪ੍ਰਦਾ ਦੀ ਨਿੰਦਾ ਨਾ ਕਰੇ।
88. ਪ੍ਰਸਾਦ ਛਕਣ ਤੇ ਛਕਾਉਣ ਸਮੇਂ ਗੱਲਾਂ ਨਾ ਕਰੇ।
89. ਅਨੰਦ ਮਰਯਾਦਾ ਬਿਨਾਂ ਵਿਆਹ ਨਾ ਕਰੇ।
90. ਪ੍ਰਾਣੀ ਦੇ ਮਰਨ ਬਾਦ ਸਿਆਪਾ ਨਾ ਕਰੇ।
91. ਗੋਡੇ ਢਕਣੀ ਕੱਛ ਨਾ ਪਹਿਨੇ।
92. ਪੰਜਾਂ ਪਿਆਰਿਆਂ ਤੋਂ ਬਿਨਾਂ ਹੋਰ ਕੰਨ-ਮੰਤ੍ਰ ਨਾ ਲੈਂਦਾ ਫਿਰੇ।
93. ਸਿੱਖ ਦਿਨ ਵੇਲੇ ਸੁਰਮਾ ਨਾ ਪਾਵੇ।
94. ਸਿੱਖ ਸਵੇਰ ਤੇ ਸ਼ਾਮ ਦੇ ਸਮੇਂ ਸੌਂਵੇਂ ਨਾ।
95. ਸੰਗਤ ਵਿਚ ਦੇਗ ਵੱਧ ਘੱਟ ਨਾ ਵੰਡੇ।
96. ਸੇਵਾ ਤੋਂ ਮਨ ਨਾ ਚੁਰਾਵੇ।

97. ਰਣ ਵਿਚ ਪਿੱਠ ਨਾ ਦੇਵੇ।
98. ਸਿੱਖ ਸੰਗਤ ਵਿਚ ਆਪਣੀ ਗ਼ਲਤੀ ਮੰਨਣੋਂ ਅੜੀ ਨਾ ਕਰੇ।
99. ਸਿੱਖ ਹਿੰਦੂ, ਤੁਰਕ ਜਾਂ ਹੋਰ ਕਿਸੇ ਦੀ ਵੀ ਕਾਣ ਨਾ ਮੰਨੇ।
100. ਗੁਰੂ ਦਾ ਸਿੱਖ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਦਾ ਸ਼ਿਕਾਰ ਨਾ ਹੋਵੇ।
101. ਗੁਰੂ ਦਾ ਸਿੱਖ ਨਾ ਕਿਸੇ ਨੂੰ ਡਰਾਵੇ ਤੇ ਨਾ ਕਿਸੇ ਤੋਂ ਡਰੇ।
102. ਗੁਰੂ ਦਾ ਸਿੱਖ ਹਰ ਖ਼ੁਸ਼ੀ ਗ਼ਮੀਂ ਸਮੇਂ ਬਾਣੀ ਦਾ ਪਾਠ ਕਰੇ ਜਾਂ ਕਰਾਵੇ।
103. ਗੁਰੂ ਦਾ ਸਿੱਖ ਹਰ ਕਰਮ ਗੁਰਮਤਿ ਮਰਯਾਦਾ ਅਨੁਸਾਰ ਕਰੇ।

•

ਸਿੱਖ ਵਿਦਵਾਨ

ਵਿਦਵਾਨ ਕੌਮਾਂ ਦਾ ਕੀਮਤੀ ਖ਼ਜ਼ਾਨਾ ਹੁੰਦੇ ਹਨ। ਇਨ੍ਹਾਂ ਬਿਨਾਂ ਕੌਮਾਂ ਦੀ ਅਮੀਰੀ ਗ਼ਰੀਬੀ ਵਿਚ ਬਦਲ ਜਾਂਦੀ ਹੈ। ਨਾ ਬੀਤੇ ਦੀ ਸ਼ਾਨ ਦੱਸ ਕੇ ਕੋਈ ਦਿਲ ਵਿਚ ਮਾਨ ਪੈਦਾ ਕਰਦਾ ਹੈ, ਨਾ ਵਰਤਮਾਨ ਨੂੰ ਚੰਗੇਰਾ ਬਣਾਉਣ ਲਈ ਕੋਈ ਕੁਝ ਸੋਚਦਾ ਹੈ ਤੇ ਨਾ ਹੀ ਕਿਧਰੇ ਭਵਿਸ਼ਤ ਉੱਜਲਾ ਹੋਣ ਦੀ ਝਾਕੀ ਨਜ਼ਰੀਂ ਪੈਂਦੀ ਹੈ। ਵਿਦਵਾਨ ਤਿੰਨ ਕਾਲ ਦਾ ਕਰਤਾ ਹੈ। ਉਹ ਲੰਘੇ ਸਮੇਂ ਦਾ ਇਤਿਹਾਸ ਲਿਖ ਕੇ ਲੰਘ ਰਹੇ ਤੇ ਆਉਣ ਵਾਲੇ ਯੁੱਗ ਦੀ ਰੂਪ ਰੇਖਾ ਉਲੀਕੇ ਤੇ ਸਿਆਣੇ ਇੰਜੀਨੀਅਰ ਵਾਂਗ ਇਕ ਨਕਸ਼ਾ ਵਾਹ ਜਾਂਦਾ ਹੈ, ਜਿਸ 'ਤੇ ਕੌਮਾਂ ਦੀਆਂ ਮਹੱਲ-ਅਟਾਰੀਆਂ ਉਸਰਦੀਆਂ ਰਹਿੰਦੀਆਂ ਹਨ। ਵਿਦਵਾਨ ਦਾ ਦ੍ਰਿਸ਼ਟੀਕੋਣ ਉਹ ਧ੍ਰੂ ਤਾਰਾ ਹੈ, ਜਿਸ ਦੁਆਲੇ ਯੁੱਗਾਂ ਦੀ ਸੂਈ ਘੁੰਮਦੀ ਰਹਿੰਦੀ ਹੈ।

ਹਿੰਦੂ ਕੌਮ ਆਪਣੇ 'ਵਿਕ੍ਰਮਾਦਿਤਾਂ', 'ਚੰਦਰ ਗੁਪਤਾਂ' ਆਸਰੇ ਹੀ ਨਹੀਂ ਜੀਉਂਦੀ, ਉਸ ਨੂੰ ਅਸਲ ਜੀਵਨ-ਬੂਟੀ ਬਖ਼ਸ਼ਣ ਵਾਲੇ ਵੇਦ ਵਿਆਸ ਤੇ ਤੁਲਸੀ ਦਾਸ ਹਨ। ਕਾਲੀ ਦਾਸਾਂ ਤੇ ਟੈਗੋਰਾਂ ਦੀ ਅਮਰ ਕੀਰਤੀ ਦੇ ਝੰਡੇ ਅਜੇ ਤਕ ਲਹਿਰਾ ਰਹੇ ਹਨ, ਜਦੋਂ ਕਿ ਉਨ੍ਹਾਂ ਦੇ ਜ਼ਮਾਨਿਆਂ ਦੇ ਰਾਜ-ਝੰਡੇ ਉਤਾਰ ਦਿੱਤੇ ਗਏ ਹਨ। ਇਸੇ ਤਰ੍ਹਾਂ ਮੁਸਲਮਾਨਾਂ ਦੀ ਸ਼ਾਨ ਗ਼ੌਰੀਆਂ, ਤੁਗ਼ਲਕਾਂ, ਪਠਾਣਾਂ ਤੇ ਮੁਗ਼ਲ ਬਾਦਸ਼ਾਹਾਂ ਨਾਲ ਨਹੀਂ, ਸਗੋਂ ਕੌਮ ਵਿਚ ਜਾਨ ਭਰਨ ਵਾਲੇ ਗ਼ਜ਼ਾਲੀ, ਰਿਆਜ਼ੀ, ਮੌਲਾਨਾ ਰੂਮੀ, ਇਕਬਾਲ ਤੇ ਅਬੁਲ ਕਲਾਮ ਆਜ਼ਾਦ ਵਰਗੇ ਆਲਮਾਂ ਕਰਕੇ ਹੈ। ਇਹ ਅਜਿਹੀ ਸੰਪੱਤੀ ਹੈ, ਜੋ ਕਿਸੇ ਤਰ੍ਹਾਂ ਵਟਾਈ ਨਹੀਂ ਜਾ ਸਕਦੀ। ਅੰਗਰੇਜ਼ ਆਪਣਾ ਬਾਦਸ਼ਾਹੀ ਤਾਜ ਵੇਚ ਸਕਦੇ ਹਨ, ਪਰ ਉਹ ਸ਼ੈਕਸਪੀਅਰ ਤੇ ਬਰਨਾਰਡ ਸ਼ਾਅ ਦੇਣ ਨੂੰ ਤਿਆਰ ਨਹੀਂ। ਜਰਮਨੀ ਕੌਮ ਗਿਟੇ, ਸ਼ਿਲਰ ਤੇ ਨਿਟਸ਼ੇ ਤੋਂ ਸਦਕੇ ਜਾਂਦੀ ਹੈ। ਯੂਨਾਨੀ ਸੁਕਰਾਤ ਤੇ ਪਲੈਟੋ ਦਾ ਨਾਮ ਲੈ ਕੇ ਆਪਣਾ ਸਿਰ ਉੱਚਾ ਕਰ ਲੈਂਦੇ ਹਨ। ਰੂਸੀ ਲੋਕ ਟਾਲਸਟਾਇ ਤੇ ਗੋਰਕੀ ਨੂੰ ਰੱਬ ਵਾਂਗ ਯਾਦ ਕਰਦੇ ਹਨ। ਅਮਰੀਕਾ ਜਿਹਾ ਧਨਪਤੀ ਦੇਸ਼ ਆਪਣੇ ਕਾਰਖ਼ਾਨੇਦਾਰ ਸੇਠਾਂ ਕਰਕੇ ਨਹੀਂ, ਸਗੋਂ ਐਮਰਸਨ ਤੇ ਵਾਲਟ ਵਿਟਮੈਨ ਕਰਕੇ ਹੀ ਸੰਸਾਰ-ਪੱਧਰ ਵਿਚ ਚੋਖਾ ਆਦਰ ਲੱਭਦਾ ਹੈ। ਕੋਈ ਵੀ ਨਿੱਕੀ ਵੱਡੀ ਕੌਮ ਜਾਂ ਛੋਟਾ ਵੱਡਾ ਦੇਸ਼ ਵਿਦਵਾਨ ਬਿਨਾਂ ਸ਼ੋਭਨੀਕ ਨਹੀਂ। ਵਿਦਵਾਨ ਦਾ ਸ਼ਿੰਗਾਰ ਉਸ ਦੀ ਆਪਣੀ ਵਿਦਵਤਾ ਹੈ, ਪਰੰਤੂ ਉਹ ਆਪ ਸਾਰੇ ਸੰਸਾਰ ਦਾ ਸ਼ਿੰਗਾਰ ਹੈ। ਗੁਣੀ ਪੁਰਸ਼ ਦੀ ਮਾਨ ਪ੍ਰਤਿਸ਼ਠਾ ਹਰ ਦੇਸ਼ ਕਾਲ ਵਿਚ ਹੁੰਦੀ ਰਹਿੰਦੀ ਹੈ :

ਮੁਗਧ ਪੂਜ ਨਿਜਧਾਮ ਮੇਂ, ਪ੍ਰਭੂ ਪੂਜਯ ਨਿਜ ਨਗਰ।
ਨ੍ਰਿਪ ਪੂਜਯ ਨਿਜ ਦੇਸ ਮੇਂ, ਪੂਜਤ ਗੁਣੀ ਸਮਗਰ।

ਸੰਸਾਰ ਦਾ ਕੋਈ ਧਰਮ, ਕੋਈ ਹੁਨਰ ਤੇ ਕੋਈ ਸਾਇੰਸ ਪ੍ਰਫੁੱਲਤ ਨਹੀਂ ਹੋ ਸਕਦੀ, ਜਿਤਨਾ ਚਿਰ ਉਸ ਨੂੰ ਵਿਦਵਾਨਾਂ ਦਾ ਸਹਿਯੋਗ ਪ੍ਰਾਪਤ ਨਾ ਹੋਵੇ। ਸਿੱਖ ਧਰਮ ਨੂੰ ਰੌਸ਼ਨ ਕਰਨ ਵਾਲੇ ਸਮੇਂ ਸਮੇਂ ਸਿਰ ਅਜਿਹੇ ਵਿਦਵਾਨ ਭਾਈ ਗੁਰਦਾਸ, ਭਾਈ ਨੰਦ ਲਾਲ, ਮਹਾਂਕਵੀ ਭਾਈ ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ, ਭਾਈ ਵੀਰ ਸਿੰਘ ਤੇ ਪ੍ਰਿੰਸੀਪਲ ਤੇਜਾ ਸਿੰਘ ਆਦਿ ਮਿਲਦੇ ਰਹੇ ਹਨ, ਜਿਨ੍ਹਾਂ ਆਪਣੇ ਕਲਮੀ ਚਮਤਕਾਰ ਰਾਹੀਂ ਧਰਮ ਦੀ ਨੁਹਾਰ ਦੀਪਮਾਲਾ ਵਾਂਗ ਜਗਮਗਾਈ। ਜਿਨ੍ਹਾਂ ਵਿਦਵਾਨ ਲਿਖਾਰੀਆਂ ਇਸ ਕੰਮ ਵਿਚ ਯਥਾਯੋਗ ਹਿੱਸਾ ਪਾਇਆ, ਉਨ੍ਹਾਂ ਦੀ ਸੰਖੇਪ ਜਾਣ-ਪਛਾਣ ਇਸ ਲੇਖ ਵਿਚ ਦਰਜ ਕੀਤੀ ਜਾ ਰਹੀ ਹੈ:

1. ਭਾਈ ਗੁਰਦਾਸ ਜੀ

ਸਭ ਤੋਂ ਪਹਿਲੇ ਵਿਦਵਾਨ ਜਿਨ੍ਹਾਂ ਦੀ ਲਿਖਤ ਸਾਨੂੰ ਮਿਲਦੀ ਹੈ, ਭਾਈ ਗੁਰਦਾਸ ਜੀ ਹਨ। ਆਪ ਨੇ ਉਸ ਸਮੇਂ ਦੇ ਪ੍ਰਚਲਿਤ ਸਿਧਾਂਤਾਂ ਦੇ ਟਾਕਰੇ 'ਤੇ ਗੁਰਮਤਿ ਦੇ ਦ੍ਰਿਸ਼ਟੀਕੋਣ ਨੂੰ ਸਪੱਸ਼ਟ ਕਰ ਕੇ ਰੱਖਿਆ। ਅਸੀਂ ਉਨ੍ਹਾਂ ਨੂੰ ਮਹਾਨ ਵਿਦਵਾਨ, ਕਵੀ, ਲਿਖਾਰੀ ਤੇ ਸਿੱਖ ਮਿਸ਼ਨਰੀ ਦੇ ਰੂਪ ਵਿਚ ਸਫਲਾ ਹੁੰਦਾ ਦੇਖਦੇ ਹਾਂ।

ਆਪ ਦਾ ਜਨਮ 1600-1610 ਬਿਕ੍ਰਮੀ ਸੰਮਤ ਦੇ ਦਰਮਿਆਨ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਭਾਈ ਈਸ਼ਰ ਦਾਸ ਭੱਲਾ ਜੀ ਦੇ ਘਰ ਹੋਇਆ। ਬਚਪਨ ਵਿਚ ਹੀ ਗੁਰੂ ਅਮਰਦਾਸ ਜੀ ਨਾਲ ਗੋਇੰਦਵਾਲ ਆ ਗਏ। ਇਥੇ ਹੀ ਸਿੱਖੀ ਤੇ ਹੋਰ ਧਰਮਾਂ ਦੀ ਵਿੱਦਿਆ ਚੰਗੀ ਤਰ੍ਹਾਂ ਪੜ੍ਹੀ। ਗੁਰੂ ਅਮਰਦਾਸ ਜੀ ਨੇ ਆਪ ਦੀ ਤੀਖਣ ਬੁੱਧੀ ਦੇਖ ਕੇ ਆਪ ਨੂੰ ਚੰਬੇ ਵੱਲ ਪ੍ਰਚਾਰ ਲਈ ਭੇਜਿਆ। ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਸਾਹਿਬ ਸਮੇਂ ਆਪ ਬਨਾਰਸ, ਆਗਰਾ, ਲਖਨਊ ਤੇ ਬੁਰਹਾਨਪੁਰ ਆਦਿਕ ਥਾਵਾਂ 'ਤੇ ਸਿੱਖੀ ਪ੍ਰਚਾਰ ਦੀ ਸੇਵਾ ਕਰਦੇ ਰਹੇ। ਬਨਾਰਸ ਵਰਗੇ ਵਿੱਦਿਆ ਕੇਂਦਰ ਵਿਚ ਸਿੱਖ ਸਿਧਾਂਤਾਂ ਦਾ ਸਿੱਕਾ ਜਮਾਉਣਾ ਆਪ ਦਾ ਹੀ ਕੰਮ ਸੀ।

ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਉਣ ਪਿੱਛੋਂ ਪ੍ਰਿਥੀ ਚੰਦ ਨੇ ਕਾਫ਼ੀ ਗੜਬੜ ਕਰ ਕੇ ਸਿੱਖਾਂ ਨੂੰ ਗੁਮਰਾਹ ਕੀਤਾ। ਇਸ ਵੇਲੇ ਵੀ ਪਏ ਬਿਖੇੜਿਆਂ ਤੇ ਝਗੜੇ-ਝੇੜਿਆਂ ਨੂੰ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਆਦਿ ਸਿੱਖਾਂ ਨੇ ਹੀ ਸਿਆਣਪ ਨਾਲ ਨਿਪਟਾਇਆ। ਫਿਰ ਜਦੋਂ ਗੁਰੂ ਅਰਜਨ ਦੇਵ ਜੀ ਨੇ ਹਿੰਦੁਸਤਾਨ ਭਰ ਦੇ ਮਹਾਂਪੁਰਸ਼ਾਂ ਤੇ ਸਤਿਗੁਰੂਆਂ ਦੀ ਬਾਣੀ ਦੇ ਸੰਪਾਦਨ ਦਾ ਮਹਾਨ ਕਾਰਜ ਆਰੰਭਿਆ, ਉਸ ਸਮੇਂ ਸਭ ਤੋਂ ਵਧੀਕ ਸੰਪਾਦਨ ਦੀ ਸੇਵਾ ਭਾਈ ਸਾਹਿਬ ਜੀ ਨੇ ਹੀ ਕੀਤੀ।

ਆਪ ਜੀ ਦੀ ਰਚਨਾ ਹਿੰਦੀ ਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿਚ ਮਿਲਦੀ ਹੈ। ਹਿੰਦੀ ਦੇ 556 ਛੰਦ 'ਕਬਿੱਤ ਸਵੱਯੇ' ਨਾਮ 'ਤੇ ਪ੍ਰਸਿੱਧ ਹਨ। ਭਾਈ ਸਾਹਿਬ ਭਾਈ

ਵੀਰ ਸਿੰਘ ਜੀ ਨੇ ਆਪ ਜੀ ਦੇ 119 ਕਬਿੱਤ ਹੋਰ ਲੱਭ ਕੇ ਪ੍ਰਕਾਸ਼ਿਤ ਕਰਵਾਏ ਹਨ।

ਪੰਜਾਬੀ ਵਿਚ ਚਾਲ੍ਹੀ ਵਾਰਾਂ ਮਸ਼ਹੂਰ ਹਨ। ਪਹਿਲੀ ਵਾਰ ਵਿਚ ਗੁਰੂ ਨਾਨਕ ਸਾਹਿਬ ਦੀ ਦਿਗਵਿਜਈ ਪ੍ਰਚਾਰ-ਯਾਤਰਾ ਤੇ ਬਾਕੀ ਪੰਜ ਗੁਰੂਆਂ ਦੀ ਸੰਖੇਪ ਕਥਾ ਹੈ। ਇਸ ਵਾਰ ਵਿਚ ਮਾਨੋ ਕਵੀ ਜੀ ਨੇ ਆਪਣੇ ਹੀਰੋ ਸਤਿਗੁਰੂ ਦੀ ਸਿਧਾਂਤਕ ਜਿੱਤ ਦਰਸਾਈ ਹੈ। 10ਵੀਂ ਵਾਰ ਵਿਚ ਹਿੰਦੁਸਤਾਨ ਦੇ ਪ੍ਰਾਚੀਨ ਭਗਤਾਂ ਧ੍ਰੂ, ਪ੍ਰਹਿਲਾਦ, ਬਲੀ, ਅੰਬਰੀਕ, ਜਨਕ, ਹਰੀਚੰਦ, ਬਿਦਰ, ਦ੍ਰੋਪਦੀ, ਸੁਦਾਮਾ, ਜੈਦੇਵ, ਨਾਮਦੇਵ, ਤ੍ਰਿਲੋਚਨ, ਧੰਨਾ, ਬੇਣੀ, ਕਬੀਰ, ਸੈਣ, ਰਵਿਦਾਸ, ਗੌਤਮ, ਬਾਲਮੀਕ, ਅਜਾਮਲ, ਗਨਕਾ, ਪੂਤਨਾ ਤੇ ਬਧਕ ਆਦਿ ਦੀ ਇਕ ਇਕ ਪਉੜੀ ਵਿਚ ਸੰਖੇਪ ਵਾਰਤਾ ਬਿਆਨੀ ਹੈ। 16ਵੀਂ ਵਾਰ ਇਤਿਹਾਸਕ ਤੌਰ 'ਤੇ ਬਹੁਮੁੱਲੀ ਚੀਜ਼ ਹੈ। ਉਸ ਵਿਚ ਗੁਰੂ ਸਾਹਿਬ ਦੇ ਸਮਕਾਲੀ ਸਿੱਖਾਂ ਦੇ ਨਾਮ ਦਿੱਤੇ ਗਏ ਹਨ। 36ਵੀਂ ਵਾਰ ਪ੍ਰਿਥੀਚੰਦ ਦੇ ਦੰਭਾਂ ਫ਼ਰੇਬਾਂ ਦਾ ਪਾਜ ਖੋਹਲਣ ਲਈ ਲਿਖੀ ਗਈ ਸੀ। ਇਸ ਨੂੰ ਮੀਣਿਆਂ ਦੀ ਵਾਰ ਵੀ ਆਖਿਆ ਜਾਂਦਾ ਹੈ। ਮੀਣਾ ਇਕ ਨੀਚ ਜਾਤੀ ਦਾ ਨਾਮ ਹੈ। ਵਿਰੋਧੀਆਂ ਦੀ ਨੀਚਤਾ ਪ੍ਰਗਟਾਉਣ ਲਈ ਇਹ ਨਾਮ ਪ੍ਰਚਲਿਤ ਹੋਇਆ ਸੀ। ਸਮੁੱਚੇ ਤੌਰ 'ਤੇ ਭਾਈ ਗੁਰਦਾਸ ਜੀ ਦੀ ਰਚਨਾ ਗੁਰਮਤਿ ਸਿਧਾਂਤਾਂ ਨੂੰ ਸਾਫ਼ ਸਾਫ਼ ਸਮਝਾਉਣ ਵਾਲੀ ਹੋਣ ਕਰਕੇ 'ਬਾਣੀ ਦੀ ਕੁੰਜੀ' ਦੇ ਨਾਮ ਨਾਲ ਯਾਦ ਕੀਤੀ ਜਾਂਦੀ ਹੈ।

ਆਪ ਦਾ ਦੇਹਾਂਤ ਗੋਇੰਦਵਾਲ ਵਿਖੇ 1694 ਬਿ: ਸੰਮਤ ਭਾਦੋਂ ਸੁਦੀ 8 ਨੂੰ ਹੋਇਆ।

2. ਭਾਈ ਨੰਦ ਲਾਲ ਜੀ

ਭਾਈ ਨੰਦ ਲਾਲ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਫ਼ਾਰਸੀ, ਅਰਬੀ ਤੇ ਹਿੰਦੀ ਦੇ ਪ੍ਰਸਿੱਧ ਵਿਦਵਾਨ ਤੇ ਚੰਗੇ ਸਿਦਕੀ ਸਿੱਖ ਹੋਏ ਹਨ। ਆਪ ਦੀਆਂ ਫ਼ਾਰਸੀ ਰਚਨਾਵਾਂ ਤੋਂ ਸਿੱਖੀ ਪਿਆਰ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਗ਼ਜ਼ਨੀ ਦੇ ਵਾਯੂਮੰਡਲ ਵਿਚ ਪਲਣ ਕਰਕੇ ਆਪ ਦੀ ਕਾਵਿਧਾਰਾ 'ਤੇ ਈਰਾਨੀ ਪ੍ਰਭਾਵ ਬਹੁਤ ਜ਼ਿਆਦਾ ਹੈ ਤੇ ਇਹ ਕਾਵਿ ਕਟਾਖਯ ਚੰਗੇ ਚਮਤਕਾਰ ਪੂਰਨ ਹਨ।

ਆਪ ਦਾ ਜਨਮ 1633 ਈ: ਨੂੰ ਗ਼ਜ਼ਨੀ ਅੰਦਰ ਛੱਜੂ ਰਾਮ ਜੀ ਦੇ ਘਰ ਹੋਇਆ। ਬਾਦ ਵਿਚ ਛੱਜੂ ਰਾਮ ਜੀ ਪਰਿਵਾਰ ਸਮੇਤ ਮੁਲਤਾਨ ਆ ਰਹੇ। ਆਪ ਜੀ ਦੀ ਸ਼ਾਦੀ ਇਕ ਸਿੱਖ ਘਰਾਣੇ ਵਿਚ ਹੋਣ ਕਰਕੇ ਇਨ੍ਹਾਂ ਦੇ ਹਿਰਦੇ ਵਿਚ ਸਿੱਖੀ ਸ਼ਰਧਾ ਦਾ ਬੂਟਾ ਉਗਮਿਆ। ਆਪ ਦੀ ਲਿਆਕਤ ਦਾ ਸਿੱਕਾ ਸਾਰੇ ਮੰਨਦੇ ਸਨ, ਇਸੇ ਕਾਬਲੀਅਤ ਦੇ ਸਦਕੇ ਕਾਫ਼ੀ ਸਮਾਂ ਆਪ ਬਹਾਦਰ ਸ਼ਾਹ ਦੇ ਮੀਰ ਮੁਨਸ਼ੀ ਵੀ ਰਹੇ। ਫਿਰ ਕਈ ਕਾਰਨਾਂ ਕਰਕੇ ਨੌਕਰੀ ਛੱਡ ਅਨੰਦਪੁਰ ਸ੍ਰੀ ਦਸਮੇਸ਼ ਜੀ ਪਾਸ ਆਣ ਬਿਰਾਜੇ। ਇਥੇ ਰਹਿੰਦਿਆਂ ਹੀ ਆਪ ਨੇ ਜ਼ਿਆਦਾ ਰਚਨਾ ਰਚੀ। ਇਕ ਵਾਰ ਭਾਈ ਨੰਦ ਲਾਲ ਜੀ ਨੇ ਗੁਰੂ ਕਲਗ਼ੀਧਰ ਜੀ ਨੂੰ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਮੈਨੂੰ

ਵੀ ਕ੍ਰਿਪਾਨ ਪਹਿਨਾ ਦਿਓ।" ਗੁਰੂ ਸਾਹਿਬ ਮੁਸਕਰਾ ਕੇ ਆਖਣ ਲੱਗੇ, "ਤੁਹਾਡੇ ਲਈ, ਮੈਂ ਜੁ ਪਹਿਨ ਰੱਖੀ ਹੈ, ਤੁਸੀਂ ਕਲਮ ਹੀ ਚਲਾਓ।" ਭਾਈ ਜੀ ਦੀ ਫ਼ਾਰਸੀ ਰਚਨਾ ਵਿੱਚੋਂ ਸਭ ਤੋਂ ਵਧੀਕ ਪ੍ਰਸਿੱਧੀ *ਦੀਵਾਨੇ ਗੋਇਆ* ਦੀ ਹੈ, ਜੋ ਕਿ 'ਗ਼ਜ਼ਲਾਂ' ਨਾਮ ਕਰਕੇ ਮਸ਼ਹੂਰ ਹੈ। ਦੇਹਾਂਤ 1705 ਈ: ਨੂੰ ਮੁਲਤਾਨ ਵਿਚ ਹੋਇਆ। ਇਹਨਾਂ ਦੀਆਂ ਰਚਨਾਵਾਂ ਇਹ ਹਨ :

1. *ਜ਼ਿੰਦਗੀਨਾਮਾ*, 2. *ਗੰਜਨਾਮਾ*, 3. *ਦੀਵਾਨਿ ਗੋਇਆ*, 4. *ਤੌਸੀਫ਼ੋਨਾਮਾ*, 5. *ਜੋਤਿ ਵਿਗਾਸ*, 6. *ਇਨਸ਼ਾ ਦਸਤੂਰ*, 7. *ਅਰਜ਼ੁਲ ਇਲਫ਼ਾਜ਼*, 8. *ਖ਼ਾਤਮਹ*, 9. *ਤਨਖ਼ਾਹਨਾਮਾ* (ਹਿੰਦੀ)।

3. ਭਾਈ ਮਨੀ ਸਿੰਘ ਜੀ

ਭਾਈ ਮਨੀ ਸਿੰਘ ਜੀ ਦਾ ਜਨਮ 14 ਮਾਘ, 1726 ਬਿ: ਨੂੰ ਪਿੰਡ ਕੰਬੋਵਾਲ (ਸੁਨਾਮ ਲਾਗੇ) ਪਟਿਆਲਾ ਯੂਨੀਅਨ ਵਿਚ ਹੋਇਆ। ਚੜ੍ਹਦੀ ਜਵਾਨੀ ਸਮੇਂ ਅਨੰਦਪੁਰ ਆ ਗਏ ਤੇ ਸਾਹਿੱਤ ਦਾ ਮੁਤਾਲਿਆ ਕੀਤਾ। ਜਿਸ ਸਮੇਂ ਦਸਮੇਸ਼ ਜੀ ਨੇ ਅਨੰਦਪੁਰ ਤਿਆਗਿਆ, ਉਸ ਵੇਲੇ ਆਪ ਗੁਰੂ ਕੇ ਮਹਿਲਾਂ ਨੂੰ ਦਿੱਲੀ ਲੈ ਗਏ ਤੇ ਬਾਅਦ ਵਿਚ ਦਮਦਮੇ ਸਾਹਿਬ ਗੁਰੂ ਜੀ ਨੂੰ ਜਾ ਕੇ ਮਿਲੇ। ਇਥੇ ਰਹਿ ਕੇ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਦੀ ਪਰਿਪਾਟੀ ਚਲਾਈ ਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਦੀਆਂ ਬਹੁਤ ਸਾਰੀਆਂ ਬੀੜਾਂ ਲਿਖਵਾਈਆਂ। ਇਸ ਤੋਂ ਪਿੱਛੋਂ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਨੀਯਤ ਹੋਏ। ਆਪ ਦੇ ਅਸਰ ਰਸੂਖ਼ ਦੇ ਸਦਕੇ ਬੰਦਈਆਂ ਤੇ ਤੱਤ ਖ਼ਾਲਸਿਆਂ ਵਿਚ ਸਮਝੌਤਾ ਹੋ ਗਿਆ। ਉਸ ਸਮੇਂ ਆਪ ਨੇ ਪਹਿਲੀ ਪਾਤਸ਼ਾਹੀ ਤੋਂ ਲੈ ਕੇ ਦਸਵੀਂ ਪਾਤਸ਼ਾਹੀ ਤਕ ਨਵੀਂ ਤਰਤੀਬ ਨਾਲ ਬਾਣੀ ਇਕੱਤਰ ਕਰ ਕੇ ਬੀੜ ਤਿਆਰ ਕਰਵਾਈ। ਅੰਤ ਵਿਚ ਸਾਰੀ ਭਗਤ ਬਾਣੀ ਦਰਜ ਕੀਤੀ। ਇਹ ਗ੍ਰੰਥ ਅੱਜ-ਕੱਲ੍ਹ ਰਾਜਾ ਗੁਲਾਬ ਸਿੰਘ ਜੀ ਸੇਠੀ ਪਾਸ ਜਲੰਧਰ ਹੈ। ਇਸ ਤੋਂ ਇਲਾਵਾ ਆਪ ਨੇ ਭਾਈ ਗੁਰਦਾਸ ਜੀ ਦੀ ਪਹਿਲੀ ਤੇ ਗਿਆਰ੍ਹਵੀਂ ਵਾਰ ਦਾ ਭਾਵਾਰਥ ਟੀਕਾ ਕੀਤਾ, ਜਿਨ੍ਹਾਂ ਨੂੰ ਨੰਬਰਵਾਰ *ਗਿਆਨ ਰਤਨਾਵਲੀ* ਤੇ *ਭਗਤ ਰਤਨਾਵਲੀ* (*ਗੁਰਸਿੱਖਾਂ ਦੀ ਭਗਤਮਾਲ*) ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਜਪੁਜੀ, ਸਿਧ ਗੋਸਟਿ, ਓਅੰਕਾਰ ਆਦਿਕ ਬਾਣੀਆਂ ਦਾ ਵੀ ਆਪ ਨੇ ਪਰਮਾਰਥ ਲਿਖਿਆ।

ਖ਼ਾਲਸੇ ਦਾ ਸਾਲਾਨਾ ਦੀਵਾਲੀ ਮੇਲਾ ਕਾਫ਼ੀ ਸਮੇਂ ਤੋਂ ਸਰਕਾਰ ਨੇ ਬੰਦ ਕਰ ਛੱਡਿਆ ਸੀ। ਭਾਈ ਮਨੀ ਸਿੰਘ ਜੀ ਨੇ ਸਰਕਾਰ ਨਾਲ ਕੁਝ ਸ਼ਰਤਾਂ ਤਹਿ ਕਰ ਕੇ ਇਹ ਮੇਲਾ ਲਵਾਉਣਾ ਚਾਹਿਆ, ਪਰੰਤੂ ਸਰਕਾਰ ਦੀ ਨੀਯਤ ਸਾਫ਼ ਨਹੀਂ ਸੀ। ਮੇਲਾ ਨਾ ਲੱਗਣ ਦਿੱਤਾ ਗਿਆ ਅਤੇ ਭਾਈ ਮਨੀ ਸਿੰਘ ਜੀ ਨੂੰ ਅਕਾਰਨ ਕਈ ਦੋਸ਼ ਲਾ ਕੇ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਲਾਹੌਰ ਮੱਘਰ ਸੁਦੀ 5, 1794 ਬਿ: ਨੂੰ ਬੰਦ ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ।

4. ਭਾਈ ਸੁੱਖਾ ਸਿੰਘ ਜੀ

ਭਾਈ ਸੁੱਖਾ ਸਿੰਘ ਜੀ ਦਾ ਜਨਮ 1825 ਬਿ: ਨੂੰ ਅਨੰਦਪੁਰ ਵਿਚ ਹੋਇਆ। ਆਪ ਨੇ ਗਿਆਨੀ ਭਗਵਾਨ ਸਿੰਘ ਜੀ ਤੋਂ ਧਰਮ ਵਿੱਦਿਆ ਪ੍ਰਾਪਤ ਕੀਤੀ ਅਤੇ ਆਪਣੀ ਯੋਗਤਾ ਦੇ ਸਦਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਤਖ਼ਤ ਸ੍ਰੀ ਪਟਨਾ ਸਾਹਿਬ ਕਾਫ਼ੀ ਸਮਾਂ ਗ੍ਰੰਥੀ ਰਹੇ। ਇਸੇ ਸਮੇਂ 1854 ਬਿ: ਵਿਚ ਆਪ ਨੇ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਜੀਵਨ-ਕਥਾ ਲਿਖੀ। ਇਸ ਪੁਸਤਕ ਦਾ ਨਾਂ *ਗੁਰਬਿਲਾਸ* ਹੈ। ਆਪ ਦਾ ਦੇਹਾਂਤ 1895 ਬਿ: ਨੂੰ ਅਨੰਦਪੁਰ ਵਿਖੇ ਹੋਇਆ।

5. ਭਾਈ ਰਤਨ ਸਿੰਘ ਭੰਗੂ

ਭਾਈ ਰਤਨ ਸਿੰਘ ਭੰਗੂ ਸਰਦਾਰ ਮਹਿਤਾਬ ਸਿੰਘ ਮੀਰਾਂਕੋਟੀਏ ਦੇ ਪੋਤਰੇ ਸਨ। ਆਪ ਦੇ ਪਿਤਾ ਦਾ ਨਾਮ ਸਰਦਾਰ ਰਾਇ ਸਿੰਘ ਜੀ ਸੀ। ਅੰਗਰੇਜ਼ ਸੈਨਾਪਤੀ ਸਰ ਡੇਵਿਡ ਐਕਟਰ ਲੋਨੀ ਨੇ ਸਿੱਖ ਕੌਮ ਦੇ ਹਾਲਾਤ ਜਾਣਨੇ ਚਾਹੇ। ਇਸ ਕੰਮ ਲਈ ਕੈਪਟਨ ਮਰੇ ਦੀ ਡਿਊਟੀ ਲਾਈ ਗਈ। ਭਾਈ ਰਤਨ ਸਿੰਘ ਜੀ ਨੇ ਲੁਧਿਆਣੇ ਜਾ ਕੇ ਕੈਪਟਨ ਮਰੇ ਨੂੰ ਸਾਰੇ ਹਾਲਾਤ ਦੱਸੇ ਤੇ 1898 ਬਿ: ਵਿਚ ਇਸ ਸਾਰੀ ਪੰਥਕ ਕਥਾ ਨੂੰ ਕਲਮਬੰਧ ਕੀਤਾ। ਇਸ ਪੁਸਤਕ ਦਾ ਨਾਮ *ਪੰਥ ਪ੍ਰਕਾਸ਼* ਹੈ। ਚੂੰਕਿ ਭਾਈ ਜੀ ਨੇ ਸਿੱਖ ਮਿਸਲਾਂ ਤੇ ਸਿੱਖ ਰਾਜ ਦੀ ਚੜ੍ਹਦੀ ਕਲਾ ਦੇ ਬਹੁਤ ਸਾਰੇ ਹਾਲ-ਚਾਲ ਆਪ ਅੱਖੀਂ ਵੇਖੇ ਜਾਂ ਜ਼ਿੰਮੇਵਾਰ ਬਜ਼ੁਰਗ ਸਿੰਘਾਂ ਤੋਂ ਸੁਣੇ ਸਨ, ਇਸ ਕਰਕੇ ਇਸ *ਪੰਥ ਪ੍ਰਕਾਸ਼* ਦੀ ਇਤਿਹਾਸਕ ਕੀਮਤ ਬਹੁਤ ਜ਼ਿਆਦਾ ਹੈ। ਭੰਗੂ ਜੀ ਦਾ ਦੇਹਾਂਤ 1903 ਬਿ: ਵਿਚ ਹੋਇਆ।

6. ਕਵੀ ਭਾਈ ਸੰਤੋਖ ਸਿੰਘ ਜੀ

ਭਾਈ ਸੰਤੋਖ ਸਿੰਘ ਜੀ ਸਿੱਖ ਪੰਥ ਦੇ ਮਹਾਨ ਕਵੀ ਹੋਏ ਹਨ, ਜਿਨ੍ਹਾਂ ਦਸਾਂ ਗੁਰੂਆਂ ਦੀ ਜੀਵਨੀ ਮਹਾਂਕਾਵਿ ਦੀ ਸੂਰਤ ਵਿਚ ਲਿਖ ਕੇ ਕੌਮ ਦੀ ਭਾਰੀ ਸੇਵਾ ਕੀਤੀ। ਅੱਜ ਤਕ ਇਤਨੀ ਰਚਨਾ ਕਿਸੇ ਇਕੱਲੇ ਕਵੀ ਨੇ ਨਹੀਂ ਲਿਖੀ। ਆਪ ਨੂੰ ਸਿੱਖਾਂ ਦਾ ਤੁਲਸੀ ਦਾਸ ਕਿਹਾ ਜਾ ਸਕਦਾ ਹੈ। ਆਪ ਦਾ ਜਨਮ 1845 ਬਿ: ਨੂੰ ਸਰਦਾਰ ਦੇਵਾ ਸਿੰਘ ਦੇ ਘਰ ਹੋਇਆ। ਭਾਈ ਵੀਰ ਸਿੰਘ ਜੀ ਨੇ ਇਨ੍ਹਾਂ ਦਾ ਟਿਕਾਣਾ ਨੂਰ ਦੀ ਸਰਾਂ ਲਿਖਿਆ ਹੈ। ਇਸ ਦਾ ਜ਼ਿਕਰ ਕਵੀ ਜੀ ਨੇ ਕਿਧਰੇ ਨਹੀਂ ਕੀਤਾ। ਉਨ੍ਹਾਂ ਆਪਣਾ ਟਿਕਾਣਾ ਬੂੜੀਆਂ ਲਿਖਿਆ ਹੈ। ਪੰਥ ਦੇ ਪ੍ਰਸਿੱਧ ਗਿਆਨੀ ਭਾਈ ਸੰਤ ਸਿੰਘ ਜੀ ਤੋਂ ਆਪ ਨੇ ਵਿੱਦਿਆ ਪ੍ਰਾਪਤ ਕੀਤੀ। ਕੁਝ ਸਮਾਂ ਮਹਾਰਾਜਾ ਕਰਮ ਸਿੰਘ ਪਾਸ ਪਟਿਆਲੇ ਰਹੇ। ਬਾਅਦ ਵਿਚ ਬਹੁਤਾ ਸਮਾਂ ਕੈਂਥਲ ਵਾਲੇ ਰਾਜੇ ਭਾਈ ਸਾਹਿਬ ਭਾਈ ਉਦੇ ਸਿੰਘ ਜੀ ਪਾਸ ਗੁਜ਼ਾਰਿਆ। ਰਾਜਾ ਉਦੇ ਸਿੰਘ ਜੀ ਆਪ ਦਾ ਬਹੁਤ ਆਦਰ ਕਰਦੇ ਸਨ ਤੇ ਆਪ ਜੀ ਦੀ ਕਲਮੀ ਸੇਵਾ ਦੇ ਸਿਰ ਸਦਕੇ ਕੁਝ ਪਿੰਡ ਵੀ ਆਪ ਦੇ ਨਾਂ ਲਾਏ ਹੋਏ ਸਨ। ਦੇਹਾਂਤ ਕੈਂਥਲ ਵਿਚ 1900 ਬਿ: ਨੂੰ ਹੋਇਆ। ਇਹਨਾਂ ਦੀਆਂ ਪ੍ਰਸਿੱਧ ਰਚਨਾਵਾਂ ਇਹ ਹਨ:

1. *ਸ੍ਰੀ ਨਾਨਕ ਪ੍ਰਕਾਸ਼*, 2. *ਗੁਰਪ੍ਰਤਾਪ ਸੂਰਜ*, 3. *ਗਰਬ ਗੰਜਨੀ* (ਜਪੁਜੀ ਸਟੀਕ), 4. *ਅਮਰ ਕੋਸ਼* (ਅਨੁਵਾਦ), 5. *ਆਤਮ ਪੁਰਾਣ* (ਅਨੁਵਾਦ), 6. *ਬਾਲਮੀਕ ਰਾਮਾਇਣ* (ਅਨੁਵਾਦ)।

7. ਸ: ਅਤਰ ਸਿੰਘ ਭਦੌੜੀਏ

ਸ: ਅਤਰ ਸਿੰਘ ਜੀ ਦਾ ਜਨਮ 1833 ਈ: ਪਿੰਡ ਭਦੌੜ (ਪਟਿਆਲਾ ਯੂ:) ਵਿਖੇ ਸ: ਖੜਗ ਸਿੰਘ ਜੀ ਦੇ ਘਰ ਹੋਇਆ। ਆਪ ਸੰਸਕ੍ਰਿਤ, ਫ਼ਾਰਸੀ ਤੇ ਅੰਗਰੇਜ਼ੀ ਦੇ ਚੰਗੇ ਵਿਦਵਾਨ ਸਨ। ਲਿਆਕਤ ਦੇ ਕਾਰਨ ਹੀ ਪੰਜਾਬ ਸਰਕਾਰ ਨੇ ਆਪ ਨੂੰ 'ਮਹਾਮਹੋਪਧਿਆਇ' ਤੇ 'ਫ਼ਜ਼ਲ-ਉਲ-ਫ਼ੁਜ਼ਲਾ' ਆਦਿ ਪਦਵੀਆਂ ਨਾਲ ਸਨਮਾਨਿਤ ਕੀਤਾ। ਆਪ ਏਸ਼ੀਆਟਿਕ ਸੁਸਾਇਟੀ ਆਫ਼ ਬੰਗਾਲ ਤੇ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਦੇ ਮੈਂਬਰ ਵੀ ਰਹੇ। ਖ਼ਾਲਸਾ ਕਾਲਜ (ਅੰਮ੍ਰਿਤਸਰ) ਕਾਇਮ ਕਰਨ ਵਾਲੇ ਮੋਢੀ ਸੱਜਣਾਂ ਵਿੱਚੋਂ ਵੀ ਆਪ ਇਕ ਸਨ। ਸਿੰਘ ਸਭਾ ਲਹਿਰ ਚਲਾਉਣ ਲਈ ਆਪ ਨੇ ਪ੍ਰੋ. ਗੁਰਮੁਖ ਸਿੰਘ ਜੀ ਦੀ ਜੋ ਮਦਦ ਕੀਤੀ, ਉਹ ਸਦਾ ਪ੍ਰਸੰਸਾ ਦੀ ਨਜ਼ਰ ਨਾਲ ਦੇਖੀ ਜਾਵੇਗੀ। ਪੰਥਕ ਉੱਨਤੀ ਲਈ ਆਪ ਦੇ ਹਿਰਦੇ ਵਿਚ ਅਮਿਟ ਉਤਸ਼ਾਹ ਸੀ। ਆਪ ਪਹਿਲੇ ਸਿੱਖ ਲਿਖਾਰੀ ਸਨ, ਜਿਨ੍ਹਾਂ ਅੰਗਰੇਜ਼ੀ ਵਿਚ ਸਿੱਖ ਧਰਮ ਬਾਰੇ ਪੁਸਤਕਾਂ ਲਿਖੀਆਂ। ਉਹਨਾਂ ਦਿਨਾਂ ਵਿਚ ਅੰਗਰੇਜ਼ੀ ਸਰਕਾਰ ਲਈ *ਸੌ ਸਾਖੀ* ਕਿਤਾਬ ਵੀ ਇਕ ਅਜੀਬ ਖ਼ਤਰਾ ਬਣੀ ਹੋਈ ਸੀ, ਇਸ ਸੰਬੰਧੀ ਆਪ ਨੇ ਕਾਫ਼ੀ ਖੋਜ ਪੜਤਾਲ ਕੀਤੀ, ਜੋ ਕਿ ਉਹਨਾਂ ਦੇ *ਸੌ ਸਾਖੀ* ਵਾਲੇ ਹੱਥ ਲਿਖਤ ਖਰੜੇ ਤੋਂ ਪ੍ਰਗਟ ਹੈ ਤੇ ਇਸ ਦਾ ਅੰਗਰੇਜ਼ੀ ਅਨੁਵਾਦ ਵੀ ਕੀਤਾ। ਦੇਹਾਂਤ 10 ਜੂਨ, 1899 ਈ: ਨੂੰ ਹੋਇਆ। ਇਹਨਾਂ ਦੀਆਂ ਪ੍ਰਸਿੱਧ ਰਚਨਾਵਾਂ ਇਹ ਹਨ :

1. *ਸਾਖੀ ਬੁਕ* (*ਸੌ ਸਾਖੀ* ਦਾ ਅਨੁਵਾਦ), 2 *ਟ੍ਰੈਵਲਜ਼ ਆਫ਼ ਗੁਰੂ ਤੇਗ ਬਹਾਦਰ ਐਂਡ ਗੁਰੂ ਗੋਬਿੰਦ ਸਿੰਘ*, 3. *ਰਹਿਤਨਾਮਾ ਆਫ਼ ਪ੍ਰਹਿਲਾਦ ਰਾਇ ਐਂਡ ਨੰਦ ਲਾਲ*, 4. ਚੋਣਵੇਂ ਗੁਰਬਾਣੀ ਦੇ ਸ਼ਬਦਾਂ ਦਾ ਅੰਗਰੇਜ਼ੀ ਅਨੁਵਾਦ, 5. *ਜਪੁਜੀ ਸਟੀਕ* (ਉਰਦੂ), 6. *ਤ੍ਵਾਰੀਖ਼ ਸਿਧੂ ਬੈਰਾੜਾਂ ਅਤੇ ਖ਼ਾਨਦਾਨ ਫੂਲ* (ਪੰਜਾਬੀ)।

8. ਪ੍ਰੋ. ਗੁਰਮੁਖ ਸਿੰਘ ਜੀ

ਪ੍ਰੋ. ਗੁਰਮੁਖ ਸਿੰਘ ਜੀ ਇਕ ਮਹਾਨ ਨੇਕ ਆਤਮਾ ਵਿਦਵਾਨ ਸੱਜਣ ਸਨ, ਜਿਨ੍ਹਾਂ ਸਿੰਘ ਸਭਾ ਲਹਿਰ ਜੈਸੀ ਸੁਧਾਰਕ ਲਹਿਰ ਨੂੰ ਜਨਮ ਦੇ ਕੇ ਸੁੱਤੀ ਸਿੱਖ ਕੌਮ ਨੂੰ ਜਗਾਇਆ। ਭਾਈ ਦਿੱਤ ਸਿੰਘ ਜੀ, ਭਾਈ ਜਵਾਹਰ ਸਿੰਘ ਜੀ, ਭਾਈ ਮਈਆ ਸਿੰਘ ਜੀ ਆਦਿ ਸੱਜਣਾਂ ਨੂੰ ਇਸ ਲਹਿਰ ਵਿਚ ਲਿਆਉਣੇ ਦਾ ਸਿਹਰਾ ਆਪ ਜੀ ਦੀ ਪ੍ਰਬੀਨਤਾ ਦੇ ਸਿਰ ਹੀ ਹੈ।

ਆਪ ਦਾ ਜਨਮ ਪਿੰਡ ਚੰਧੜਾਂ ਜ਼ਿਲ੍ਹਾ ਗੁਜਰਾਂਵਾਲੇ ਵਿਖੇ ਸ: ਵਸਾਵਾ ਸਿੰਘ ਜੀ ਦੇ ਘਰ ਹੋਇਆ। ਭਗਤ ਲਛਮਣ ਸਿੰਘ ਆਪ ਨੂੰ ਜ਼ਿਲ੍ਹਾ ਜਲੰਧਰ ਦਾ ਵਸਨੀਕ

ਦੱਸਦੇ ਹਨ। ਬਾਵਜੂਦ ਗ਼ਰੀਬੀ ਦੇ ਬੜੀ ਮਿਹਨਤ ਨਾਲ ਬੀ.ਏ. ਪਾਸ ਕੀਤਾ ਤੇ ਫਿਰ ਓਰੀਐਂਟਲ ਕਾਲਜ ਲਾਹੌਰ ਵਿਚ ਅਸਿਸਟੈਂਟ ਪ੍ਰੋਫ਼ੈਸਰ ਲੱਗ ਗਏ। ਪੜ੍ਹਾਉਣ ਦੇ ਕੰਮ ਤੋਂ ਬਾਦ ਆਪ ਸਿੱਖੀ ਪ੍ਰਚਾਰ ਲਈ ਜਤਨ ਕਰਦੇ ਰਹੇ ਤੇ ਆਪ ਦੇ ਜਤਨਾਂ ਦਾ ਸਦਕਾ ਹੀ ਪਹਿਲੇ ਪਹਿਲ ਸਿੰਘ ਸਭਾ ਕਾਇਮ ਹੋਈ।

ਆਪ ਨੇ ਬਹੁਤ ਮਿਹਨਤ ਤੇ ਉਤਸ਼ਾਹ ਨਾਲ ਸਿੰਘ ਸਭਾ ਲਹਿਰ ਲਈ ਤਨ ਮਨ ਵਾਰ ਕੇ ਕੰਮ ਕੀਤਾ। ਖ਼ਾਲਸਾ ਕਾਲਜ ਦੀ ਵਿਉਂਤ ਵੀ ਆਪ ਦਾ ਹੀ ਸੁਪਨਾ ਸੀ।

ਇਸ ਤੋਂ ਬਿਨਾਂ ਆਪ ਨੇ ਗੁਰਮੁਖੀ ਅਖ਼ਬਾਰ ਜਾਰੀ ਕੀਤਾ ਤੇ ਇਕ ਮਾਸਕ ਪੱਤਰ *ਸੁਧਾਚਾਰਕ* ਰਸਾਲਾ ਕੱਢਿਆ। ਭਾਵੇਂ ਪ੍ਰੋਫ਼ੈਸਰ ਜੀ ਦੀ ਕਿਤਾਬ ਸਾਡੇ ਪਾਸ ਕੋਈ ਨਹੀਂ, ਪਰੰਤੂ ਇਨ੍ਹਾਂ ਅਖ਼ਬਾਰਾਂ ਤੇ ਰਸਾਲਿਆਂ ਨੂੰ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਸਿੱਖ ਇਤਿਹਾਸ ਦੀ ਖੋਜ ਤੇ ਗੁਰਮਤਿ ਸਿਧਾਂਤਾਂ ਦੀ ਛਾਣ-ਬੀਣ ਸੰਬੰਧੀ ਆਪ ਅੰਦਰ ਕਿਤਨੀ ਨਿਪੁੰਨਤਾ ਸੀ। ਇਨਕਲਾਬੀ ਸੁਧਾਰਕ ਵਿਚਾਰਾਂ ਦੇ ਕਾਰਨ ਪਿਛਾਂਹ-ਖਿੱਚੂ ਤਾਕਤਾਂ ਵੱਲੋਂ ਆਪ ਦਾ ਵਿਰੋਧ ਵੀ ਕਾਫ਼ੀ ਹੋਇਆ। ਤਖ਼ਤਾਂ, ਬੁੰਗਿਆਂ ਤੋਂ ਆਪ ਨੂੰ ਸਿੱਖੀ ਤੋਂ ਖ਼ਾਰਜ ਕਰਨ ਦੇ ਹੁਕਮਨਾਮੇ ਵੀ ਜਾਰੀ ਹੋਏ, ਪਰ ਇਹ ਕਲ਼ਗੀਧਰ ਦਾ ਬੀਰ ਵਿਦਵਾਨ ਸਿੰਘ ਉਮਰ ਭਰ ਸੱਚੇ ਸਿੱਖੀ-ਆਦਰਸ਼ਾਂ ਲਈ ਘਾਲਣਾ ਘਾਲਦਾ ਰਿਹਾ। ਦੇਹਾਂਤ 24 ਸਤੰਬਰ, 1898 ਈ: ਕੰਢਾ ਘਾਟ ਇਕ ਬੰਗਲੇ ਵਿਚ ਰਿਆਸਤ ਪਟਿਆਲਾ ਵਿਖੇ ਹੋਇਆ।

9. ਗਿਆਨੀ ਦਿੱਤ ਸਿੰਘ ਜੀ

ਸਿੱਖ ਰਾਜ ਪਿੱਛੋਂ ਦਾ ਜ਼ਮਾਨਾ ਅਜਿਹਾ ਯੁਗ ਹੈ, ਜਦੋਂ ਰਾਜ ਭਾਗ ਗੁਆ ਚੁੱਕੀ ਕੌਮ ਅਨਮਤੀਆਂ ਦੇ ਭਰਮ-ਭੁਲੇਖਿਆਂ ਦਾ ਸ਼ਿਕਾਰ ਹੋ ਕੇ ਆਪਣੇ ਧਰਮ ਈਮਾਨ ਵੱਲੋਂ ਵੀ ਹੱਥ ਧੋ ਰਹੀ ਸੀ। ਆਰੀਆ ਸਮਾਜੀ, ਦੇਵ ਸਮਾਜੀ ਤੇ ਬਾਹਰੋਂ ਆਏ ਈਸਾਈ ਮਿਸ਼ਨਰੀ ਸਿੱਖ ਧਰਮ ਨੂੰ ਸਖ਼ਤ ਠੇਸ ਲਾ ਰਹੇ ਸਨ। ਇਸ ਤੂਫ਼ਾਨ ਤੋਂ ਕੌਮ ਦੀ ਕਿਸ਼ਤੀ ਨੂੰ ਮੋਢਾ ਲਾ ਕੇ ਬੰਨੇ ਲਾਉਣ ਵਾਲੇ ਗਿਆਨੀ ਦਿੱਤ ਸਿੰਘ ਜੀ ਸਨ। ਅਸੀਂ ਉਨ੍ਹਾਂ ਨੂੰ ਸਿੰਘ ਸਭਾ ਲਹਿਰ ਦਾ ਬਾਨੀ ਆਖ ਸਕਦੇ ਹਾਂ, ਜਿਨ੍ਹਾਂ ਆਪਣੇ ਵਖਿਆਨਾਂ, ਬਹਿਸਾਂ ਤੇ ਲਿਖਤਾਂ ਰਾਹੀਂ ਅਨਮਤੀ ਹੱਲਿਆਂ ਤੋਂ ਸਿੱਖੀ ਨੂੰ ਬਚਾਇਆ ਤੇ ਭਰਮ ਵਿਚ ਭੁੱਲੇ-ਭਟਕੇ ਆਪਣੇ ਭਾਈਆਂ ਨੂੰ ਸੋਧ ਸੁਧਾਈ ਕਰ ਕੇ ਸਿੱਧੇ ਰਸਤੇ ਪਾਇਆ।

ਆਪ ਦਾ ਜਨਮ 1853 ਈ: ਪਿੰਡ ਕਲੌੜ ਤਹਿਸੀਲ ਬਸੀ (ਪਟਿਆਲਾ) ਵਿਖੇ ਸ: ਦੀਵਾਨ ਸਿੰਘ ਜੀ ਦੇ ਘਰ ਹੋਇਆ, ਜਿਨ੍ਹਾਂ ਨੂੰ ਬ੍ਰਾਹਮਣ ਦੀ ਚੰਦਰੀ ਪੋਥੀ ਅਨੁਸਾਰ ਨੀਵੀਂ ਜਾਤਿ (ਰਵਿਦਾਸੀਏ) ਕਿਹਾ ਜਾਂਦਾ ਹੈ। ਮੁੱਢਲੀ ਵਿੱਦਿਆ ਸੰਤ ਗੁਰਬਖ਼ਸ਼ ਸਿੰਘ ਪਾਸੋਂ ਪੜ੍ਹੀ ਤੇ ਕਾਫ਼ੀ ਅਰਸਾ ਗੁਲਾਬਦਾਸੀਆਂ ਦੇ ਡੇਰੇ ਚੱਠਿਆਂ ਵਾਲੇ (ਜ਼ਿਲ੍ਹਾ ਲਾਹੌਰ) ਰਹੇ। ਭਾਈ ਜਵਾਹਰ ਸਿੰਘ ਜੀ ਵੀ ਪਹਿਲਾਂ ਗੁਲਾਬਦਾਸੀਏ ਹੀ ਸਨ। ਪ੍ਰੋ. ਗੁਰਮੁਖ ਸਿੰਘ ਜੀ ਦੀ ਪ੍ਰੇਰਨਾ ਦੇ ਸਦਕੇ ਇਹ ਦੋਵੇਂ ਸੱਜਣ ਪੂਰਨ ਸਿੰਘ ਸੱਜ ਗਏ ਤੇ ਸਿੱਖੀ ਪ੍ਰਚਾਰ ਦਾ ਕੰਮ ਆਣ ਆਰੰਭਿਆ। ਗਿਆਨੀ ਜੀ ਨੇ ਦਯਾਨੰਦ ਜੈਸੇ

ਤਰਕਵਾਦੀ ਪੰਡਿਤ ਨਾਲ ਤਿੰਨ ਵੇਰ ਸ਼ਾਸਤਰਾਰਥ ਕਰਕੇ ਉਸ ਨੂੰ ਹਾਰ ਦਿੱਤੀ। 1886 ਈ: ਵਿਚ ਲਾਹੌਰੋਂ *ਖ਼ਾਲਸਾ* ਅਖ਼ਬਾਰ ਚਲਾਈ। ਆਪ ਦੀ ਵਾਰਤਕ ਤੇ ਕਵਿਤਾ ਅਤੀ ਸਾਦੀ ਪਰ ਜ਼ੋਰਦਾਰ ਹੁੰਦੀ ਸੀ। ਦਲੀਲਬਾਜ਼ੀ, ਵਿਅੰਗੀ ਚੋਟਾਂ ਤੇ ਭਰਪੂਰ ਦਲੇਰੀ ਆਪ ਦੀ ਰਚਨਾ ਦੇ ਖ਼ਾਸ ਗੁਣ ਸਨ।

ਦੇਹਾਂਤ 6 ਸਤੰਬਰ, 1901 ਈ: ਨੂੰ ਹੋਇਆ। ਆਪ ਜੀ ਦੀਆਂ ਪੁਸਤਕਾਂ ਤੇ ਟ੍ਰੈਕਟਾਂ ਦਾ ਵੇਰਵਾ ਇਹ ਹੈ:

1. *ਗੁਰ ਨਾਨਕ ਪ੍ਰਬੋਧ*, 2. *ਗੁਰਬਾਣੀ ਪ੍ਰਬੋਧ*, 3. *ਸ਼ਹੀਦੀ ਪ੍ਰਬੋਧ*, 4. *ਗੁਰੂ ਅਰਜਨ ਚਰਿਤਰ*, 5. *ਪੰਥ ਪ੍ਰਬੋਧ*, 6. *ਨਕਲੀ ਸਿੱਖ ਪ੍ਰਬੋਧ*, 7. *ਰਾਜ ਪ੍ਰਬੋਧ ਨਾਟਕ*, 8. *ਦੁਰਗਾ ਪ੍ਰਬੋਧ*, 9. *ਪੰਮਾ ਪ੍ਰਬੋਧ*, 10. *ਦੰਭ ਨਿਵਾਰਨ*, 11. *ਨੀਤੀ ਪ੍ਰਕਾਸ਼*, 12. *ਧਰਮ ਦਰਪਣ*, 13. *ਪੰਥ ਸੁਧਾਰ*, 14. *ਪ੍ਰਤਗਿਆ ਪਾਲਨ*, 15. *ਖ਼ਾਲਸੇ ਦੇ ਬੋਲੇ*, 16. *ਮੇਰਾ ਤੇ ਸਾਧੂ ਦਯਾਨੰਦ ਦਾ ਸੰਬਾਦ*, 17. *ਸੁਲਤਾਨ ਪੁਆੜਾ*, 18. *ਗੁਗਾ ਗਪੌੜਾ*, 19. *ਅੰਮ੍ਰਿਤ ਵਧਾਈ*, 20. *ਭਾਰਤ ਮੰਗਲ*, 21. *ਸਿੱਖ ਬੱਚੇ ਦੀ ਸ਼ਹੀਦੀ*, 22. *ਸਿੰਘਣੀਆਂ ਦੇ ਸਿਦਕ*, 23. *ਭਾਈ ਬੋਤਾ ਸਿੰਘ ਦੀ ਸ਼ਹੀਦੀ*, 24. *ਭਾਈ ਤਾਰੂ ਸਿੰਘ ਦੀ ਸ਼ਹੀਦੀ*, 25. *ਭਾਈ ਸੁਬੇਗ ਸਿੰਘ ਦੀ ਸ਼ਹੀਦੀ*, 26. *ਭਾਈ ਤਾਰਾ ਸਿੰਘ ਵਾਹੀਏ ਦੀ ਸ਼ਹੀਦੀ*, 27. *ਪਲਟਨ ਨੰ: 15 ਦੀ ਬਹਾਦਰੀ*, 28. *ਆਰਤੀ ਪ੍ਰਬੋਧ*, 29. *ਗੁਰੂ ਨਾਨਕ ਦਰਸ਼ਨ*, 30. *ਡਰਪੋਕ ਸਿੰਘ*, 31. *ਦਿਤਹਰੀ ਉਪਦੇਸ਼ ਮਾਲਾ*, 32. *ਮਨ ਸੰਬੋਧਨ*।

10. ਪੰਡਿਤ ਤਾਰਾ ਸਿੰਘ ਜੀ ਨਰੋਤਮ

ਪੰਡਿਤ ਤਾਰਾ ਸਿੰਘ ਜੀ ਨਰੋਤਮ ਗੁਰਮਤਿ ਦੇ ਚੰਗੇ ਵਿਦਵਾਨ ਹੋਏ ਹਨ। ਆਪ ਦਾ ਜਨਮ ਪਿੰਡ ਗਿੜਵੜੀ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੋਇਆ। ਸੰਤ ਗੁਲਾਬ ਸਿੰਘ ਜੀ ਤੋਂ ਗੁਰਬਾਣੀ ਤੇ ਸੰਸਕ੍ਰਿਤ ਵਿੱਦਿਆ ਪੜ੍ਹੀ। ਮਹਾਰਾਜਾ ਨਰਿੰਦਰ ਸਿੰਘ ਜੀ ਨੇ ਆਪ ਦੀ ਵਿਦਵਤਾ ਦੀ ਕਦਰ ਕਰਦਿਆਂ ਕਾਫ਼ੀ ਸਮਾਂ ਆਪਣੇ ਕੋਲ ਪਟਿਆਲੇ ਰੱਖਿਆ। ਜਪੁਜੀ, ਰਹਿਰਾਸ, ਸੋਹਿਲਾ, ਭਗਤ ਬਾਣੀ ਤੇ ਸ੍ਰੀਰਾਗ ਦਾ ਆਪ ਨੇ ਟੀਕਾ ਲਿਖਿਆ। ਬਾਕੀ ਪੁਸਤਕਾਂ ਇਹਨਾਂ ਦੀਆਂ ਇਹ ਹਨ:

1. *ਗੁਰਮਤਿ ਨਿਰਣਯ ਸਾਗਰ*, 2. *ਗੁਰੂ ਗਿਰਾਰਥ ਕੋਸ਼*, 3. *ਗੁਰੂ ਵੰਸ਼ਤਰ ਦਰਪਣ*, 4. *ਅਕਾਲ ਮੂਰਤ ਪ੍ਰਦਰਸ਼ਨ*, 5. *ਗੁਰ ਤੀਰਥ ਸੰਗ੍ਰਹਿ*, 6. *ਸੁਰਤਰ ਕੋਸ਼*, 7. *ਭਗਤ ਬਾਣੀ ਸਟੀਕ*।

11. ਗਿਆਨੀ ਗਿਆਨ ਸਿੰਘ ਜੀ

ਗਿਆਨੀ ਗਿਆਨ ਸਿੰਘ ਜੀ ਪਹਿਲੇ ਸਿੱਖ ਇਤਿਹਾਸਕਾਰ ਹਨ, ਜਿਨ੍ਹਾਂ ਸਾਰਾ ਸਿੱਖ ਇਤਿਹਾਸ ਵਾਰਤਕ ਵਿਚ ਲਿਖਿਆ। ਆਪ ਦਾ ਜਨਮ 1879 ਬਿ: ਨੂੰ ਪਿੰਡ ਲੌਂਗੋਵਾਲ (ਰਿਆਸਤ ਪਟਿਆਲਾ) ਵਿਚ ਸ: ਭਾਗ ਸਿੰਘ ਜੀ ਦੇ ਘਰ ਹੋਇਆ।

ਆਪ ਜੀ ਦੇ ਵੰਸ਼ ਦਾ ਸੰਬੰਧ ਭਾਈ ਮਨੀ ਸਿੰਘ ਜੀ ਸ਼ਹੀਦ ਨਾਲ ਜਾ ਮਿਲਦਾ ਹੈ। ਨਿਰਮਲੇ ਸੰਤਾਂ ਪਾਸੋਂ ਵਿੱਦਿਆ ਪ੍ਰਾਪਤ ਕੀਤੀ। 1898 ਬਿ: ਵਿਚ ਪਟਿਆਲਾ ਫ਼ੌਜ ਵਿਚ ਜਾ ਭਰਤੀ ਹੋਏ, ਪਰ ਲੱਤ 'ਤੇ ਕਾਰੀ ਸੱਟ ਲੱਗ ਜਾਣ ਕਾਰਨ ਉਥੋਂ ਆ ਗਏ। ਫਿਰ ਕਵਿਤਾ ਦਾ ਸ਼ੌਕ ਜਾਗਿਆ। ਆਪ ਲਿਖਦੇ ਹਨ :

ਕੁਲ ਕਾਰਜ ਮਮ ਦੋਊ ਥੇ, ਖੇਤੀ ਔ ਸੰਗਰਾਮ।
ਲਾਤ ਨਿਕਾਰੀ ਹੋਨ ਤੇ, ਛੁਟ ਗਏ ਦੋਨੋ ਕਾਮ।
ਭੋ ਗਯਾਨ ਹਰਿ, ਤੇਗ ਹਲ, ਛੁਟੇ ਤੋਮਤ ਕਰ ਸ਼ੋਕ।
ਹਲ ਤਲਵਾਰੋਂ ਬਲੀ ਹੈ, ਤੁਛ ਕਲਮ ਦੀ ਨੋਕ। *(ਗੁਰਧਾਮ ਸੰਗ੍ਰਹਿ)*

ਇਸ ਫ਼ੈਸਲੇ ਅਨੁਸਾਰ ਗਿਆਨੀ ਜੀ ਨੇ ਸਿੱਖ ਇਤਿਹਾਸ ਲਈ 32-33 ਸਾਲ ਹਿੰਦੁਸਤਾਨ ਭਰ ਦੀ ਯਾਤਰਾ ਕੀਤੀ ਤੇ ਬਹੁਤ ਕੁਝ ਲਿਖਿਆ, ਪਰੰਤੂ ਆਪ ਦੀ ਕਾਫ਼ੀ ਰਚਨਾ ਖ਼ਾਲਸਾ ਟ੍ਰੈਕਟ ਸੁਸਾਇਟੀ ਦੇ ਵੱਸ ਪੈਣ ਕਰਕੇ ਦੱਬੀ ਗਈ, ਲੋਕਾਂ ਤਕ ਨਾ ਅਪੜ ਸਕੀ। ਇਸ ਅਫ਼ਸੋਸਨਾਕ ਘਟਨਾ ਦਾ ਜ਼ਿਕਰ ਕਰਦੇ ਹੋਏ ਆਪ ਬੜੇ ਦੁੱਖ ਭਰੇ ਸ਼ਬਦਾਂ ਵਿਚ ਲਿਖਦੇ ਹਨ :

ਮਿਹਨਤ ਮੇਰੀ ਬ੍ਰਿਧ ਕੀ, ਤੀਸ ਬਰਸ ਕੀ ਜੋਇ,
ਬੇਕਦਰਿਆਂ ਨਸ਼ੁਕਰਿਆਂ, ਬਿਰਥਾ ਰਾਖੀ ਖੋਇ।
ਮਮ ਰਚਨਾ ਸੇ ਪੰਥ ਕੋ, ਹੋਨਾ ਥਾ ਜੋ ਲਾਭ,
ਸੋ 'ਸੁਸਾਇਟੀ' ਨਹਿ ਕੀਯੋ, ਰਹਿ ਗਯੋ ਪੰਥ ਅਲਾਭ।
ਸਾਗਰ ਸਮ ਮਮ ਕ੍ਰਿਤ ਸੌਂ, ਟ੍ਰੈਕਟ ਛਾਪ ਅਨੇਕ,
ਧਨ ਅਰ ਨਾਮ ਕਮਾ ਰਹੇ, ਪੰਥਕ ਆਗੂ ਨੇਕ।

17-18 ਵਰ੍ਹੇ ਆਪ ਨੇ ਚੁੱਪ-ਚੁਪਾਤੇ ਗੁਜ਼ਾਰੇ। ਸੁਸਾਇਟੀ ਨੂੰ ਬਹੁਤ ਵੇਰ ਆਖਿਆ, ਪਰ ਉਨ੍ਹਾਂ ਕੋਈ ਧਿਆਨ ਨਾ ਦਿੱਤਾ। ਅਖ਼ੀਰ ਮਹਾਰਾਜਾ ਨਾਭਾ ਤੇ ਮਹਾਰਾਜਾ ਪਟਿਆਲਾ ਨੇ ਆਪ ਦੀਆਂ ਪੁਸਤਕਾਂ ਛਾਪਣ ਦਾ ਪ੍ਰਬੰਧ ਕੀਤਾ। 15-8-1916 ਨੂੰ ਮਹਾਰਾਜਾ ਭੂਪਿੰਦਰ ਸਿੰਘ ਜੀ ਨੇ ਹੁਕਮ ਦਿੱਤਾ ਕਿ ਗਿਆਨੀ ਜੀ ਦੀਆਂ ਤਮਾਮ ਰਚਨਾਵਾਂ ਛਾਪਣ ਦਾ ਪ੍ਰਬੰਧ ਕੀਤਾ ਜਾਵੇ। ਕਾਫ਼ੀ ਪੁਸਤਕਾਂ ਛਪੀਆਂ, ਜਿਨ੍ਹਾਂ ਦੀ ਛਪਾਈ ਦਾ ਪ੍ਰਬੰਧ ਗਿਆਨੀ ਜੀ ਦੇ ਦੋਹਤਰੇ ਸ: ਹਮੀਰ ਸਿੰਘ ਜੀ ਕਰਦੇ ਰਹੇ। ਫਿਰ ਵੀ ਕਿਹਾ ਨਹੀਂ ਜਾ ਸਕਦਾ ਕਿ ਗਿਆਨੀ ਜੀ ਦੀ ਕਿਤਨੀ ਕੁ ਰਚਨਾ ਅਣਛਪੀ ਦੱਬੀ ਰਹਿ ਗਈ ਹੈ। ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਗੁਰੂਆਂ ਦੀਆਂ ਜੀਵਨੀਆਂ ਸੰਬੰਧੀ ਜਿਵੇਂ ਭਾਈ ਸੰਤੋਖ ਸਿੰਘ ਜੀ ਨੇ ਮਸਾਲਾ ਸੰਗ੍ਰਹਿ ਕੀਤਾ ਸੀ, ਤਿਵੇਂ ਪੰਥ ਖ਼ਾਲਸੇ ਸੰਬੰਧੀ ਗਿਆਨੀ ਗਿਆਨ ਸਿੰਘ ਜੀ ਨੇ ਅਥਾਹ ਮਸਾਲਾ ਸੰਚਿਤ ਕੀਤਾ, ਜੋ ਇਤਿਹਾਸਕਾਰਾਂ ਦੇ ਸਦਾ ਕੰਮ ਆਉਂਦਾ ਰਹੇਗਾ।

ਆਪ ਦਾ ਦੇਹਾਂਤ 1925 ਈ: ਵਿਚ ਪਟਿਆਲਾ ਵਿਖੇ ਹੋਇਆ। ਆਪ ਜੀ ਦੀਆਂ ਰਚੀਆਂ ਪੁਸਤਕਾਂ ਇਹ ਹਨ :

1. *ਪੰਥ ਪ੍ਰਕਾਸ਼*, 2. *ਤਵਾਰੀਖ਼ ਗੁਰੂ ਖ਼ਾਲਸਾ* (ਪਹਿਲਾ ਭਾਗ), 3. *ਸ਼ਮਸ਼ੇਰ ਖ਼ਾਲਸਾ* (ਦੂਜਾ ਭਾਗ), 4. *ਰਾਜ ਖ਼ਾਲਸਾ* (ਤੀਜਾ ਭਾਗ), 5. *ਸਰਦਾਰ ਖ਼ਾਲਸਾ* (ਚੌਥਾ

ਭਾਗ), 6. *ਪੰਥ ਖ਼ਾਲਸਾ* (ਪੰਜਵਾਂ ਭਾਗ), 7. *ਗੁਰਧਾਮ ਸੰਗ੍ਰਹਿ*, 8. *ਨਿਰਮਲ ਪੰਥ ਪ੍ਰਦੀਪਕਾ*, 9. *ਰਿਪਦਮਨ ਪ੍ਰਕਾਸ਼* (5 ਹਿੱਸੇ), 10. *ਭੂਪਿੰਦਰਾ ਨੰਦ*, 11. *ਇਤਿਹਾਸ ਰਿਆਸਤ ਬਾਗੜੀਆਂ*, 12. *ਤਵਾਰੀਖ਼ ਸ੍ਰੀ ਅੰਮ੍ਰਿਤਸਰ*, 13. *ਤਵਾਰੀਖ਼ ਲਾਹੌਰ*, 14. *ਸੂਰਜ ਪ੍ਰਕਾਸ਼ ਵਾਰਤਕ* (ਤਿੰਨ ਭਾਗ), 15. *ਇਤਿਹਾਸ ਭਾਈ ਰੂਪ ਚੰਦ*, 16. *ਰਾਮਾਇਣ ਭਾਈ ਮਨੀ ਸਿੰਘ*, 17. *ਫੂਲ ਮਾਲਾ ਰਾਮਾਇਣ*, 18. *ਗੁਰਪੁਰਬ ਪ੍ਰਕਾਸ਼*, 19. *ਕਵਲ ਫੂਲ ਮਾਲਾ*, 20. *ਅੰਮ੍ਰਿਤ ਪ੍ਰਕਾਸ਼*, 21. *ਨੀਤੀ ਪ੍ਰਕਾਸ਼*, 22. *ਕਥਾ ਪੂਰਨਮਾਸ਼ੀ*, 23. *ਅਨਕ ਪ੍ਰਕਾਰ*, 24. *ਦੋਹਾਵਲੀ*, 25. *ਪ੍ਰਸ਼ਨੋਤਰੀ*, 26. *ਪਤਤ ਪਾਵਨ*, 27. *ਗਰਬ ਗੰਜਨੀ* (ਜਪੁਜੀ ਸਟੀਕ)।

12. ਡਾਕਟਰ ਚਰਨ ਸਿੰਘ ਜੀ

ਡਾਕਟਰ ਚਰਨ ਸਿੰਘ ਜੀ ਦਾ ਜਨਮ 1853 ਈ: ਵਿਚ ਅੰਮ੍ਰਿਤਸਰ ਹੋਇਆ। ਆਪ ਨੇ ਸਿੱਖੀ ਪ੍ਰਚਾਰ ਤੇ ਕੌਮੀ ਸੁਧਾਰ ਲਈ ਸਾਹਿੱਤਕ ਸ਼ੈਲੀ ਅਨੁਸਾਰ ਕਈ ਲਾਭਦਾਇਕ ਚੀਜ਼ਾਂ ਲਿਖੀਆਂ। ਇਸ ਪਿਤਰੀ ਵਿਰਾਸਤ ਨੂੰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਉੱਨਤੀ ਦੇ ਸਿਖਰ 'ਤੇ ਪਹੁੰਚਾਇਆ। ਆਪ ਜੀ ਦੀਆਂ ਰਚਨਾਵਾਂ ਵਿੱਚੋਂ *ਬਾਣੀ ਬਿਉਰਾ* ਪੁਸਤਕ ਖ਼ਾਸ ਮਹੱਤਤਾ ਵਾਲੀ ਹੈ। ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਸਿਰਲੇਖਾਂ ਤੇ ਰਾਗਾਂ ਸ਼ਬਦਾਂ ਆਦਿ ਦੀ ਗਿਣਤੀ 'ਤੇ ਚੰਗੀ ਵਿਚਾਰ ਕੀਤੀ ਗਈ ਹੈ। ਭਾਵੇਂ ਪਿੱਛੋਂ ਭਾਈ ਵੀਰ ਸਿੰਘ ਹੁਰਾਂ ਕੱਟ-ਵੱਢ ਵੀ ਕਰ ਛੱਡੀ ਹੈ। ਆਪ ਦੀਆਂ ਸਮੂਹ ਰਚਨਾਵਾਂ ਡਾ. ਬਲਬੀਰ ਸਿੰਘ ਜੀ ਵੱਲੋਂ ਸੰਪਾਦਿਤ *ਸ੍ਰੀ ਚਰਣ ਹਰੀ ਵਿਸਥਾਰ* ਨਾਮੀ ਗ੍ਰੰਥ ਵਿਚ ਇਕੱਤਰ ਕੀਤੀਆਂ ਮਿਲਦੀਆਂ ਹਨ। ਦੇਹਾਂਤ 1908 ਈ: ਵਿਚ ਹੋਇਆ। ਇਹਨਾਂ ਦੀਆਂ ਰਚਨਾਵਾਂ ਇਹ ਹਨ:

1. *ਸ੍ਰੀ ਗੁਰੂ ਗ੍ਰੰਥ ਬਾਣੀ ਬਿਉਰਾ*, 2. *ਗੜਗੱਜ ਬੋਲੇ*, 3. *ਜੰਗ ਮੜੌਲੀ*, 4. *ਦਸਮ ਗੁਰ ਚਰਿਤ੍ਰ*, 5. *ਲਾਟੂ ਸਿੰਘ ਤੇ ਅਡੋਲਕ ਸਿੰਘ*, 6. *ਸ੍ਰੀ ਅਟਲ ਪ੍ਰਕਾਸ਼*, 7. *ਮਹਾਰਾਣੀ ਸ਼ਰਾਬ ਕੌਰ*, 8. *ਹੀਰ ਭਾਈ ਗੁਰਦਾਸ*, 9. *ਨੀਤੀ ਵਾਰਤਾ*, 10. *ਸ਼ਬਦ ਬ੍ਰਿਤੀ ਪ੍ਰਕਾਸ਼*, 11. *ਫ਼ਰਿਆਦ*, 12. *ਕੇਸਰੀ ਚਰਖਾ*, 13. *ਖੋਟ ਬੁਰਾ*, 14. *ਜੈ ਜੈ ਸੀਤਾ ਰਾਮ*, 15. *ਹੂੜ ਮਤਿ*, 16. *ਹੋਲੀ ਹੈ*, 17. *ਬੇਨਤੀ*, 18. *ਸ਼ਾਮ ਸੁੰਦਰ*, 19. *ਗੁਰਮਤਿ ਸੰਗੀਤ ਨਿਰਣਯ*।

13. ਭਗਤ ਲਛਮਣ ਸਿੰਘ ਜੀ

ਭਗਤ ਲਛਮਣ ਸਿੰਘ ਜੀ ਸਿੰਘ ਸਭਾ ਲਹਿਰ ਦੇ ਉਨ੍ਹਾਂ ਸਰਗਰਮ ਮੋਢੀ ਸੇਵਕਾਂ ਵਿੱਚੋਂ ਇਕ ਧੜੱਲੇਦਾਰ ਵਿਦਵਾਨ ਪੁਰਸ਼ ਸਨ, ਜਿਨ੍ਹਾਂ ਆਪਣੀ ਕਲਮ ਰਾਹੀਂ ਸਿੰਘਾਂ ਦੀ ਮਹੱਤਤਾ ਨੂੰ ਕਾਇਮ ਰੱਖਿਆ। ਪਹਿਲਾ ਅੰਗਰੇਜ਼ੀ ਅਖ਼ਬਾਰ *ਦੀ ਖ਼ਾਲਸਾ* ਪ੍ਰਕਾਸ਼ਨ ਦਾ ਸਿਹਰਾ ਆਪ ਦੇ ਸਿਰ ਹੀ ਹੈ।

ਆਪ ਦਾ ਜਨਮ ਰਾਵਲਪਿੰਡੀ ਵਿਚ 4 ਜੂਨ, 1862 ਈ: ਨੂੰ ਭਗਤ ਪੂਰਨ

ਚੰਦ ਜੀ ਦੇ ਘਰ ਹੋਇਆ। ਉੱਚੀ ਵਿੱਦਿਆ ਪ੍ਰਾਪਤ ਕੀਤੀ ਤੇ ਮਿਸ਼ਨਰੀ ਕਾਲਜ ਰਾਵਲਪਿੰਡੀ ਵਿਚ ਪ੍ਰੋਫ਼ੈਸਰ ਰਹੇ। 30 ਸਾਲ ਦੇ ਲਗਭਗ ਵਿਦਿਅਕ ਮਹਿਕਮੇ ਵਿਚ ਵੀ ਕੰਮ ਕੀਤਾ। ਭੂਪਿੰਦਰਾ ਹਾਈ ਸਕੂਲ, ਮੋਗਾ ਦੇ ਹੈੱਡ-ਮਾਸਟਰ ਵੀ ਰਹੇ ਤੇ ਇਨਸਪੈਕਟਰੀ ਵੀ ਕੀਤੀ। ਕਾਫ਼ੀ ਸਮਾਂ *ਦ ਖ਼ਾਲਸਾ* (1798 ਈ:) ਅੰਗਰੇਜ਼ੀ ਪੱਤਰ ਚਲਾਉਂਦੇ ਰਹੇ। ਆਪ ਦੇ ਲਿਖਣ ਅੰਦਰ ਬੜਾ ਜ਼ੋਰ ਸੀ। ਆਰੀਆ ਸਮਾਜੀਆਂ ਨੂੰ ਖ਼ੂਬ ਦੋਹੀਂ ਹੱਥੀਂ ਲੈਂਦੇ ਸਨ। ਜਿਸ ਸਮੇਂ ਸ: ਦਿਆਲ ਸਿੰਘ ਜੀ ਬਾਰੇ ਲਾਹੌਰ ਹਾਈ ਕੋਰਟ ਵਿਚ ਮੁਕੱਦਮਾ ਚੱਲਿਆ ਤਾਂ ਇਕ ਧਿਰ ਕਹਿ ਰਹੀ ਸੀ ਕਿ ਉਹ ਹਿੰਦੂ ਹਨ, ਸਿੱਖ ਆਖ ਰਹੇ ਸਨ ਕਿ ਸਿੱਖ ਹਨ।

ਹਾਈਕੋਰਟ ਦੇ ਗ਼ਲਤ ਫ਼ੈਸਲੇ ਦਾ ਆਪ ਨੇ ਆਪਣੇ ਅਖ਼ਬਾਰ ਵਿਚ ਖ਼ੂਬ ਮਜ਼ਾਕ ਉਡਾਇਆ, ਜੋ ਹਿੰਦੁਸਤਾਨ ਭਰ ਦੇ ਪੱਤਰਾਂ ਵਿਚ ਛਪਿਆ। ਦੇਹਾਂਤ 1946 ਈ: ਨੂੰ ਹੋਇਆ। ਆਪ ਜੀ ਦੀਆਂ ਰਚਿਤ ਪੁਸਤਕਾਂ ਇਹ ਹਨ:

1. *ਦੀ ਸਿੱਖ ਮਾਰਟਰਜ਼*, 2. *ਏ ਸ਼ਾਰਟ ਸਕੈਚ ਆਫ਼ ਦੀ ਲਾਈਫ਼ ਐਂਡ ਵਰਕ ਆਫ਼ ਗੁਰੂ ਗੋਬਿੰਦ ਸਿੰਘ*, 3. *ਗੁਰੂ ਗੋਬਿੰਦ ਸਿੰਘ'ਜ਼ ਆਇਡਲਿਜ਼ਮ*, 4. *ਦੀ ਸਿੱਖ ਐਂਡ ਹਿਜ਼ ਨਿਊ ਕ੍ਰਿਟਿਕਸ*, 5. *ਟ੍ਰਿਬਿਊਟਸ ਟੂ ਦੀ ਮੈਮੋਰੀ ਆਫ਼ ਗੁਰੂ ਗੋਬਿੰਦ ਸਿੰਘ*।

14. ਭਾਈ ਕਾਨ੍ਹ ਸਿੰਘ ਜੀ ਨਾਭਾ

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ ਚੋਟੀ ਦੇ ਵਿਦਵਾਨ ਹੋਏ ਹਨ, ਜਿਨ੍ਹਾਂ *ਮਹਾਨ ਕੋਸ਼* ਜੈਸੀ ਰਚਨਾ ਰਚ ਕੇ ਸਿੱਖ ਸੰਸਾਰ ਦੇ ਤਮਾਮ ਪਦਾਰਥਾਂ ਬਾਰੇ ਗਿਆਨ ਭਰਪੂਰ ਮਹਾਨ ਗ੍ਰੰਥ ਤਿਆਰ ਕੀਤਾ। ਉਨ੍ਹਾਂ ਦੀ ਇਹ ਨਿਸ਼ਾਨੀ ਸਦਾ ਅਮਰ ਰਹੇਗੀ। ਇਸ ਤੋਂ ਇਲਾਵਾ ਸਿੰਘ ਸਭਾ ਲਹਿਰ ਚਲਾਉਣ, ਖ਼ਾਲਸਾ ਕਾਲਜ ਬਣਾਉਣ ਤੇ ਕੌਮੀ ਸੁਧਾਰ ਕਰਨ ਕਰਾਉਣ ਵਿਚ ਉਨ੍ਹਾਂ ਜੋ ਸੇਵਾ ਕੀਤੀ, ਉਹ ਅਤੀ ਪ੍ਰਸੰਸਾ ਯੋਗ ਹੈ।

ਆਪ ਦਾ ਜਨਮ 1861 ਈ: (11 ਭਾਦੋਂ, 1918 ਬਿ:) ਬਾਬਾ ਨਾਰਾਇਣ ਸਿੰਘ ਜੀ ਦੇ ਘਰ ਪਿੰਡ ਛੋਟੇ ਬਨੇਰੇ, ਨਾਭੇ ਲਾਗੇ ਹੋਇਆ। ਆਪ ਦੇ ਬਜ਼ੁਰਗ ਬਾਬਾ ਨੌਧ ਸਿੰਘ ਢਿੱਲੋਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਮੁਸਾਹਿਬ ਰਹੇ ਸਨ ਤੇ ਦਾਦੇ-ਪੜਦਾਦੇ ਡੇਰਾ ਬਾਬਾ ਅਜਾਮਲ ਸਿੰਘ ਦੀ ਮਹੰਤੀ ਦੀ ਸੇਵਾ ਨਿਬਾਹੁੰਦੇ ਆ ਰਹੇ ਸਨ। ਇਉਂ ਸਿੱਖੀ ਸ਼ਰਧਾ ਆਪ ਨੂੰ ਵਿਰਸੇ ਵਿੱਚੋਂ ਹੀ ਪ੍ਰਾਪਤ ਹੋਈ। ਪਹਿਲੇ ਪਹਿਲ ਭਾਈ ਬੀਰ ਸਿੰਘ ਜਲਾਲਕੇ ਵਾਲਿਆਂ ਤੋਂ ਕੁਝ ਕਾਵਿ ਗ੍ਰੰਥ ਪੜ੍ਹੇ ਤੇ ਭਾਈ ਰੂਪ ਚੰਦ ਜੀ ਦੇ ਵੰਸ਼ ਰਤਨ ਭਾਈ ਜਵਾਹਰ ਸਿੰਘ ਜੀ ਤੋਂ ਗੁਰਮਤਿ ਦੀਆਂ ਪੁਸਤਕਾਂ ਪੜ੍ਹੀਆਂ। ਢਾਈ ਤਿੰਨ ਸਾਲ ਲਾਹੌਰ, ਦਿੱਲੀ, ਲਖਨਊ ਫਿਰ-ਤੁਰ ਕੇ ਅੰਗਰੇਜ਼ੀ ਤੇ ਫ਼ਾਰਸੀ ਦੀ ਤਾਲੀਮ ਹਾਸਿਲ ਕੀਤੀ। ਮਹਾਰਾਜਾ ਹੀਰਾ ਸਿੰਘ ਨਾਭਾ ਦੀ ਪਾਰਖੂ ਅੱਖ ਨੇ ਆਪ ਨੂੰ ਆਪਣੇ ਪਾਸ ਰੱਖ ਲਿਆ ਤੇ ਟਿੱਕਾ ਰਿਪੁਦਮਨ ਸਿੰਘ ਜੀ ਦੀ ਪੜ੍ਹਾਈ ਦਾ ਕੰਮ ਆਪ ਦੇ ਜ਼ਿੰਮੇ ਲਾਇਆ। ਬਾਅਦ ਵਿਚ ਨਾਜ਼ਮੀ, ਜੱਜੀ 'ਤੇ ਵੀ ਸੁਸ਼ੋਭਿਤ ਹੋਏ। ਮਿਸਟਰ ਮੈਕਾਲਿਫ਼ (1837-1913 ਈ:) ਜੈਸੇ ਲਗਨ ਵਾਲੇ ਅੰਗਰੇਜ਼ ਸੱਜਣ ਨੂੰ

ਗੁਰਮਤਿ ਵਿੱਦਿਆ ਵਿਚ ਸੁਸਿਖਸ਼ਤ ਕਰਕੇ *ਸਿੱਖ ਰਿਲੀਜਨ* ਜੈਸੀ ਵੱਡੀ ਅੰਗਰੇਜ਼ੀ ਪੁਸਤਕ ਲਿਖਵਾਉਣੀ ਆਪ ਦੇ ਮਹਾਨ ਕਾਰਜਾਂ ਵਿੱਚੋਂ ਇਕ ਸ਼ਲਾਘਾਯੋਗ ਕਾਰਜ ਹੈ। ਸ਼ਾਇਦ ਪਾਠਕਾਂ ਨੂੰ ਪਤਾ ਨਾ ਹੋਵੇ, ਵਲਾਇਤ ਜਾ ਕੇ ਉਸ ਪੁਸਤਕ ਦੇ ਪਰੂਫ਼ ਪੜ੍ਹਨ ਤਕ ਦੀ ਸੇਵਾ ਵੀ ਆਪ ਨੇ ਹੀ ਕੀਤੀ। ਇਤਨੀ ਮਿਹਨਤ ਤੇ ਪਿਆਰ ਦੇ ਇਵਜ਼ਾਨੇ ਵਿਚ ਮਿਸਟਰ ਮੈਕਾਲਿਫ਼ ਨੇ ਆਪਣੀ ਪੁਸਤਕ ਦੇ ਸਾਰੇ ਹੱਕ ਸਦਾ ਲਈ ਭਾਈ ਕਾਨ੍ਹ ਸਿੰਘ ਜੀ ਨੂੰ ਸੌਂਪ ਦਿੱਤੇ। *ਮਹਾਨ ਕੋਸ਼* ਆਪ ਦੀ ਸਭ ਤੋਂ ਵਿਸ਼ੇਸ਼ ਰਚਨਾ ਹੈ, ਜੋ ਕਿ 14 ਸਾਲ ਦੀ ਮਿਹਨਤ ਨਾਲ 1926 ਈ: ਵਿਚ ਪੂਰੀ ਕੀਤੀ ਗਈ। ਮੇਰਾ ਖ਼ਿਆਲ ਹੈ ਕਿ ਜੇਕਰ ਹੋਰ ਕੋਈ ਵਿਦਵਾਨ ਇਤਨੀ ਵੱਡੀ ਪੁਸਤਕ ਲਿਖ ਵੀ ਲੈਂਦਾ, ਉਸ ਪ੍ਰਕਾਸ਼ਿਤ ਨਹੀਂ ਸੀ ਕਰਾ ਸਕਣੀ। ਭਾਈ ਸਾਹਿਬ ਹੀ ਸਨ, ਜਿਨ੍ਹਾਂ ਆਪਣੇ ਅਸਰ ਰਸੂਖ਼ ਦੇ ਸਦਕੇ ਪਟਿਆਲਾ ਦਰਬਾਰ ਵੱਲੋਂ ਇਹ ਮਹਾਨ ਗ੍ਰੰਥ ਆਰਟ ਪੇਪਰ 'ਤੇ ਪ੍ਰਕਾਸ਼ਿਤ ਕਰਵਾਇਆ। ਆਪ ਦਾ ਦੇਹਾਂਤ 23 ਨਵੰਬਰ, 1938 ਈ: ਨੂੰ ਹੋਇਆ। ਆਪ ਜੀ ਦੀਆਂ ਪ੍ਰਸਿੱਧ ਪੁਸਤਕਾਂ ਇਹ ਹਨ:

1. *ਗੁਰਮਤਿ ਪ੍ਰਭਾਕਰ*, 2. *ਗੁਰਮਤਿ ਸੁਧਾਕਰ*, 3. *ਗੁਰਛੰਦ ਦਿਵਾਕਰ*, 4. *ਗੁਰਸ਼ਬਦਾਲੰਕਾਰ*, 5. *ਗੁਰਸ਼ਬਦ ਰਤਨਾਕਰ (ਮਹਾਨ ਕੋਸ਼)*, 6. *ਹਮ ਹਿੰਦੂ ਨਹੀਂ*, 7. *ਅਨੇਕਾਰਥ ਕੋਸ਼*, 8. *ਸਦ ਪਰਮਾਰਥ*, 9. *ਚੰਡੀ ਦੀ ਵਾਰ ਸਟੀਕ*, 10. *ਰੂਪਦੀਪ ਪਿੰਗਲ ਸਟੀਕ*, 11. *ਸ਼ਰਾਬ ਨਿਸ਼ੇਧ*, 12. *ਗੁਰ ਮਹਿਮਾ ਰਤਨਾਵਲੀ*, 13. *ਗੁਰਮਤਿ ਮਾਰਤੰਡ*, 14. *ਨਾਮ ਮਾਲਾ ਕੋਸ਼*, 15. *ਵਲਾਇਤ ਯਾਤਰਾ*, 16. *ਪਹਾੜ ਯਾਤਰਾ*।

15. ਪ੍ਰੋ. ਪੂਰਨ ਸਿੰਘ ਜੀ

ਪ੍ਰੋ. ਪੂਰਨ ਸਿੰਘ ਜੀ ਜੈਸੇ ਪੂਰੇ ਫ਼ਕੀਰ ਆਲਮ ਬਣ ਕੇ ਕਦੀ ਕਦੀ ਹੀ ਇਸ ਦੁਨੀਆਂ ਵਿਚ ਆਉਂਦੇ ਹਨ। ਉਹ ਪੂਰਨ ਸੰਤ ਤੇ ਫਿਲਾਸਫਰ ਕਵੀ ਸੀ, ਜਿਸ ਦੀਆਂ ਲਿਖਤਾਂ ਵਿੱਚੋਂ ਥਾਂ ਥਾਂ ਰਸ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਇਸੇ ਫ਼ਕੀਰੀ ਰੰਗ ਅੰਦਰ ਉਸ ਨੇ ਸਿੱਖੀ ਦੀਆਂ ਖ਼ੂਬੀਆਂ ਨੂੰ ਆਪਣੀਆਂ ਰਚਨਾਵਾਂ ਵਿਚ ਬਿਆਨ ਕੀਤਾ ਹੈ, ਜੋ ਕਿ ਪੜ੍ਹਨ ਨਾਲ ਹੀ ਸੰਬੰਧ ਰੱਖਦੀਆਂ ਹਨ। ਆਪ ਦਾ ਜਨਮ 1881 ਈ: ਨੂੰ ਐਬਟਾਬਾਦ ਲਾਗੇ ਪਿੰਡ ਸਲਹਡ ਵਿਚ ਸ: ਕਰਤਾਰ ਸਿੰਘ ਜੀ ਦੇ ਘਰ ਹੋਇਆ। ਮੁੱਢਲੀ ਵਿੱਦਿਆ ਰਾਵਲਪਿੰਡੀ ਵਿਖੇ ਪ੍ਰਾਪਤ ਕਰਕੇ ਬਨਸਪਤੀ ਵਿਗਿਆਨ ਦੀ ਉੱਚੀ ਵਿੱਦਿਆ ਲਈ ਆਪ ਜਾਪਾਨ ਚਲੇ ਗਏ। ਉਥੇ ਬੋਧੀ ਜ਼ਿੰਦਗੀ ਨੇ ਆਪ 'ਤੇ ਖ਼ਾਸ ਪ੍ਰਭਾਵ ਪਾਇਆ ਤੇ ਸੁਆਮੀ ਰਾਮ ਤੀਰਥ ਜੀ ਦੀ ਸ਼ਖ਼ਸੀਅਤ ਦੇ ਅਸਰ ਹੇਠ ਫ਼ੌਰਨ ਸੰਨਿਆਸੀ ਬਣ ਗਏ। ਬੋਧਕ ਤੇ ਵੇਦਾਂਤੀ ਪ੍ਰਭਾਵ ਨੇ ਪੂਰਨ ਸਿੰਘ ਨੂੰ ਮਸਤਾਨਾ ਜੋਗੀ ਬਣਾ ਦਿੱਤਾ। ਕਈ ਸਾਲ ਫਿਰ ਤੁਰ ਕੇ ਦੇਸ਼ ਵਾਪਸ ਆਏ। ਮਾਂ ਦੇ ਪਿਆਰ ਤੇ ਭਾਈ ਵੀਰ ਸਿੰਘ ਜੀ ਦੀ ਪ੍ਰੇਰਨਾ ਨਾਲ ਫਿਰ ਸਿੱਖੀ ਮੰਡਲ ਵਿਚ ਆ ਗਏ। ਕੁਝ ਸਮਾਂ ਗਵਾਲੀਅਰ ਨੌਕਰੀ ਕੀਤੀ। ਡੇਹਰਾਦੂਨ ਪ੍ਰੋਫ਼ੈਸਰ ਰਹੇ ਤੇ ਕਾਫ਼ੀ ਸਮਾਂ ਆਪ ਜੜ੍ਹਾਂ ਵਾਲੇ ਰੋਸ਼ਾ ਘਾਹ ਤੋਂ ਤੇਲ ਆਦਿ ਕੱਢਣ-ਕਢਾਉਣ ਦਾ ਕੰਮ

ਕਰਦੇ ਰਹੇ, ਪਰ ਤਬੀਅਤ ਦੀ ਆਜ਼ਾਦੀ ਕਿਸੇ ਤਰ੍ਹਾਂ ਦੀ ਸੀਮਾ ਪਸੰਦ ਨਹੀਂ ਕਰਦੀ ਸੀ। ਭਾਵੇਂ ਆਪ ਨੇ ਸਿੱਖੀ ਬਾਰੇ ਦੋ ਚਾਰ ਪੁਸਤਕਾਂ ਹੀ ਲਿਖੀਆਂ, ਪਰ ਬਾਕੀ ਵੀ ਜੋ ਕੁਝ ਲਿਖਿਆ, ਉਸ ਵਿਚ ਸਿੱਖ ਸਿਧਾਂਤਾਂ ਨੂੰ ਹੀ ਫ਼ਕੀਰੀ ਰੰਗਣ ਵਿਚ ਬਿਆਨਿਆ ਹੈ। ਆਪ ਦੀਆਂ ਅੰਗਰੇਜ਼ੀ ਪੁਸਤਕਾਂ ਜ਼ਿਆਦਾਤਰ ਵਲਾਇਤ ਵਿਚ ਹੀ ਛਪੀਆਂ ਤੇ ਇਨ੍ਹਾਂ ਲਿਖਤਾਂ ਦਾ ਬਹੁਤ ਚੰਗਾ ਸੁਆਗਤ ਹੋਇਆ। ਆਪ ਜੀ ਨੇ ਭਾਰਤੀ ਸਭਿਅਤਾ ਦਾ ਰਾਜਦੂਤ ਬਣ ਕੇ ਆਪਣੀ ਕਲਮ ਨੂੰ ਦਰਿਆ ਵਾਂਗ ਵਗਾਇਆ ਤੇ ਜ਼ਿੰਦਗੀ ਦਾ ਸੁਨੇਹਾ ਦੂਰ-ਦੂਰ ਪਹੁੰਚਾਇਆ। ਦੇਹਾਂਤ ਡੇਹਰਾਦੂਨ 31 ਮਾਰਚ, 1931 ਈ: 'ਚ ਹੋਇਆ। ਇਹਨਾਂ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :

1. *ਖੁਲ੍ਹੇ ਮੈਦਾਨ*, 2. *ਖੁਲ੍ਹੇ ਘੁੰਡ*, 3. *ਖੁਲ੍ਹੇ ਅਸਮਾਨੀ ਰੰਗ*, 4. *ਖੁਲ੍ਹੇ ਲੇਖ*, 5. *ਸਿੱਖੀ ਸੌਖੀ ਤੇ ਸਿੱਖੀ ਔਖੀ*, 6. *ਕਲਾ ਤੇ ਕਲਾਧਾਰੀ ਦੀ ਪੂਜਾ* (ਕਾਰਲਾਇਲ), 7. *ਅਬਚਲੀ ਜੋਤਿ* (ਐਮਰਸਨ), 8. *ਬੌਣੇ ਬੂਟੇ* (ਜਾਪਾਨੀ ਨਾਟਕ), 9. *ਮੋਇਆਂ ਦੀ ਜਾਗ* (ਰੂਸੀ ਨਾਵਲ), 10. *ਦੀ ਬੁਕ ਆਫ਼ ਟੈੱਨ ਮਾਸਟਰਜ਼*, 11. *ਸਪ੍ਰਿਟ ਬੌਰਨ ਪੀਪਲ*, 12. *ਦੀ ਸਪ੍ਰਿਟ ਆਫ਼ ਓਰੀਐਂਟਲ ਪੋਇਟਰੀ*, 13. *ਦੀ ਪਾਥਜ਼ ਆਫ਼ ਲਾਈਫ਼* (ਆਤਮ-ਕਥਾ), 14. *ਦੀ ਸਟੋਰੀ ਆਫ਼ ਸੁਆਮੀ ਰਾਮ*, 15. *ਸੈਵਨ ਬਾਸਕਟਸ ਆਫ਼ ਪ੍ਰੋਜ਼ ਪੋਇਮਜ਼*, 16. *ਦੀ ਅਨਸਟ੍ਰੰਗ ਬੀਡਜ਼*, 17. *ਸਪ੍ਰਿਟ ਆਫ਼ ਦੀ ਸਿਖਿਜ਼ਮ*, 18. *ਲਾਈਫ਼ ਆਫ਼ ਗੁਰੂ ਨਾਨਕ*, 19. *ਗੁਰੂ ਗੋਬਿੰਦ ਸਿੰਘ*, 20. *ਐਟ ਹਿਜ਼ ਫੀਟ*, 21. *ਐਨ ਆਫ਼ਟਰ ਨੂਨ ਵਿਦ ਸੈਲਫ਼*, 22. *ਵਿਕਟਰੀ ਆਫ਼ ਫੇਥ*, 23. *ਗੁਰੂ ਨਾਨਕ'ਜ਼ ਰਬਾਬ*, 24. *ਮਾਈ ਬਾਬਾ*, 25. *ਦੀ ਵੂਆਇਸਜ਼, ਵਿੰਡਜ਼ ਐਂਡ ਵਾਟਰਜ਼*, 26. *ਦੀ ਵੀਣਾ ਪਲੇਯਰਜ਼*, 27. *ਦੀ ਸਪ੍ਰਿਟ ਆਫ਼ ਸਿੱਖ* (ਤਿੰਨ ਭਾਗ), 28. *ਇਕਬਾਲ ਐਂਡ ਸਿੰਘ*, 29. *ਵਾਲ੍ਹਟ ਵਿਟਮੈਨ ਐਂਡ ਦੀ ਸਿੱਖ ਇਨਸਿਪ੍ਰੇਸ਼ਨ*, 30. *ਵਿਭੀਸ਼ਨ ਐਂਡ ਦੀ ਵਾਰ ਆਫ਼ ਲਿਬ੍ਰੇਸ਼ਨ*, 31. *ਦੀ ਮਦਰ*, 32. *ਦੀ ਫਲੀਟਿੰਗ ਇਮੇਜਜ਼ ਆਫ਼ ਪੰਜਾਬ ਲਾਈਫ਼*, 33. *ਦੀ ਰੋਜ਼ਜ਼ ਆਫ਼ ਕਸ਼ਮੀਰ*, 34. *ਸਟੋਰੀਜ਼ ਫ਼ਰਾਮ ਪੰਜਾਬ*, 35. *ਭਗੀਰਥ*, 36. *ਦੀ ਸਨ ਆਫ਼ ਗੌਡ-ਏ ਮੈਨ*, 37. *ਪ੍ਰਕਾਸ਼ਿਨਾ—ਏ ਬੁਧਿਸਟ ਪ੍ਰਿੰਸੈਸ*, 38. *ਐਨ ਓਪਨ ਲੈਟਰ ਟੂ ਸਰ ਜੌਹਨ ਸਾਇਮਨ* (ਮਿਤੀ 21.10.28), 39. *ਦੀ ਮੈਸੇਜ ਆਫ਼ ਗੁਰੂ ਅਰਜਨ*, 40. *ਵਿਜ਼ਨ ਆਫ਼ ਗੁਰੂ ਗੋਬਿੰਦ ਸਿੰਘ*, 41. *ਦੀ ਪਰਲ ਆਫ਼ ਹੈਵਨ*, 42. *ਜ਼ੈਸਿਰੋ ਨਗੂਚੀ*, 43. *ਦੀ ਮਿਰਕਲਜ਼ ਐਸਕੇਪ*, 44. *ਬਰਨਿੰਗ ਕੈਂਡਲਜ਼* (ਕਾਵਿ-ਸੰਗ੍ਰਹਿ), 45. *ਦੀ ਟੈਂਪਲ ਟਯੂਲਿਪਸ*, 46. *ਨਰਗਸ* (ਕੁਝ ਪੰਜਾਬੀ ਕਵਿਤਾਵਾਂ ਦਾ ਅਨੁਵਾਦ), 47. *ਸੁੰਦਰੀ* (ਅੰਗਰੇਜ਼ੀ ਅਨੁਵਾਦ), 48. *ਜਪੁਜੀ* (ਅੰਗਰੇਜ਼ੀ ਅਨੁਵਾਦ), 49. *ਦਸ ਹਿੰਦੀ ਲੇਖ*, ਆਦਿਕ।

16. ਸ: ਕਰਮ ਸਿੰਘ ਜੀ ਹਿਸਟੋਰੀਅਨ

ਸ: ਕਰਮ ਸਿੰਘ ਜੀ ਹਿਸਟੋਰੀਅਨ ਪਹਿਲੇ ਵਿਦਵਾਨ ਸੱਜਣ ਹਨ, ਜਿਨ੍ਹਾਂ ਸਿੱਖ ਇਤਿਹਾਸ ਨੂੰ ਨਵੀਆਂ ਕਸਵੱਟੀਆਂ ਮੁਤਾਬਿਕ ਸੋਧ ਵਿਚਾਰ ਕੇ ਸਹੀ ਸਹੀ ਲਿਖਣ

ਦਾ ਬੀੜਾ ਉਠਾਇਆ। ਆਮ ਤੌਰ 'ਤੇ ਸਾਡਾ ਇਤਿਹਾਸ ਸਿੱਖ ਲੇਖਕਾਂ ਵੱਲੋਂ ਹਿੰਦੂਆਂ ਦੇ ਪੁਰਾਣਿਕ ਪ੍ਰਭਾਵ ਹੇਠ ਹੀ ਲਿਖਿਆ ਜਾਂਦਾ ਰਿਹਾ ਹੈ ਤੇ ਗ਼ੈਰ-ਸਿੱਖ ਲਿਖਾਰੀਆਂ ਆਪਣੇ ਆਪਣੇ ਨੁਕਤੇ ਤੋਂ ਗ਼ਲਤ-ਮਲਤ ਸ਼ਕਲ ਵਿਚ ਪੇਸ਼ ਕੀਤਾ ਹੈ। ਸ: ਕਰਮ ਸਿੰਘ ਜੀ ਨੇ ਇਸ ਕਮੀ ਨੂੰ ਦੂਰ ਕਰਨ ਹਿਤ ਵਿਗਿਆਨਕ ਤੌਰ 'ਤੇ ਸਿੱਖ ਇਤਿਹਾਸ ਲਿਖਣ ਲਈ ਕਲਮ ਚੁੱਕੀ ਪਰੰਤੂ ਉਮਰ ਦੇ ਸਾਥ ਨਾ ਦੇਣ ਕਰ ਕੇ ਉਨ੍ਹਾਂ ਨੂੰ ਆਪਣਾ ਕੰਮ ਅਧੂਰਾ ਹੀ ਛੱਡਣਾ ਪਿਆ। ਫਿਰ ਵੀ ਜੋ ਕੁਝ ਉਨ੍ਹਾਂ ਕੀਤਾ, ਉਹ ਅਤਿ ਪ੍ਰਸੰਸਾ ਯੋਗ ਹੈ।

ਆਪ ਦਾ ਜਨਮ ਚੌਧਰੀ ਲੰਗਾਹ ਦੇ ਖ਼ਾਨਦਾਨ ਵਿੱਚੋਂ ਸ: ਝੰਡਾ ਸਿੰਘ ਜੀ ਦੇ ਘਰ ਪਿੰਡ ਝਬਾਲ, ਜ਼ਿਲ੍ਹਾ ਅੰਮ੍ਰਿਤਸਰ ਵਿਚ 9 ਚੇਤ, 1884 ਈ: ਨੂੰ ਹੋਇਆ। ਤਰਨ ਤਾਰਨ ਤੋਂ ਦਸਵੀਂ ਪਾਸ ਕੀਤੀ। ਫਿਰ ਖ਼ਾਲਸਾ ਕਾਲਜ ਆ ਦਾਖ਼ਲ ਹੋਏ। ਇਤਿਹਾਸਕ ਖੋਜ ਦੀ ਚੇਟਕ ਨੇ ਪੜ੍ਹਾਈ ਦਾ ਕੰਮ ਵਿਚੇਂ ਹੀ ਛੁਡਾ ਦਿੱਤਾ। ਆਪ ਦਾ ਖ਼ਿਆਲ ਸੀ ਕਿ ਸਿੱਖ ਰਾਜ ਸਮੇਂ ਦੇ ਜੋ ਬਿਰਧ ਬਜ਼ੁਰਗ ਚੱਲਦੇ ਜਾ ਰਹੇ ਹਨ, ਉਨ੍ਹਾਂ ਪਾਸੋਂ ਅੱਖੀਂ ਡਿੱਠੇ ਜਾਂ ਕੰਨੀਂ ਸੁਣੇ ਹਾਲਾਤ ਸਭ ਕਲਮਬੰਧ ਕਰ ਲੈਣੇ ਚਾਹੀਦੇ ਹਨ, ਜੋ ਕਿ ਸਿੱਖ ਇਤਿਹਾਸ ਲਈ ਬੜੇ ਲਾਭਵੰਦ ਹੋ ਸਕਦੇ ਹਨ। ਸੋ, ਉਨ੍ਹਾਂ ਚੜ੍ਹਦੀ ਜਵਾਨੀ ਵਿਚ ਹੀ ਲੰਮੇ ਲੰਮੇ ਪੈਂਡੇ ਮਾਰ ਕੇ ਬਿਰਧਾਂ ਦੇ ਬਿਆਨ ਤੇ ਹੋਰ ਇਤਿਹਾਸਕ ਮਸਲਾ ਇਕੱਤਰ ਕਰਨਾ ਸ਼ੁਰੂ ਕੀਤਾ। ਮੁਸਲਮਾਨੀ ਭੇਸ ਧਾਰ ਕੇ ਮੱਕੇ ਦੀ ਯਾਤਰਾ ਕਰਨੀ ਚਾਹੀ ਤਾਂ ਕਿ ਗੁਰੂ ਨਾਨਕ ਸਾਹਿਬ ਦੇ ਪ੍ਰਚਾਰ-ਦੌਰੇ ਦਾ ਸਾਰਾ ਇਤਿਹਾਸ ਜਾਣਿਆ ਜਾ ਸਕੇ, ਪਰ ਬਗ਼ਦਾਦ ਤੋਂ ਅੱਗੇ ਜਾਣ ਵਿਚ ਸਫਲਤਾ ਨਾ ਮਿਲੀ। ਨਿੱਤ ਨਿੱਤ ਦੀ ਨੱਸ ਭੱਜ ਕਾਰਨ ਸਿਹਤ ਤੇ ਮਾਲੀ ਅਵਸਥਾ ਕੁਝ ਚੰਗੀ ਨਹੀਂ ਸੀ ਰਹੀ, ਪਰ ਉਹ ਇਸੇ ਤਰ੍ਹਾਂ ਦੁੱਖਾਂ ਨਾਲ ਘੁਲਦੇ ਲੜਦੇ 25 ਸਾਲ ਸਿੱਖ ਇਤਿਹਾਸ ਲਈ ਘਾਲ ਘਾਲਦੇ ਰਹੇ। ਭਾਈ ਤਖ਼ਤ ਸਿੰਘ ਜੀ ਫ਼ਿਰੋਜ਼ਪੁਰ ਤੇ ਮਹਾਰਾਜਾ ਪਟਿਆਲਾ ਨੇ ਆਪ ਦੀ ਕੁਝ ਕੁਝ ਸਹਾਇਤਾ ਕੀਤੀ। ਕੁਝ ਸਮਾਂ ਚਿੱਤਰਕਾਰੀ ਦੀ ਦੁਕਾਨ ਵੀ ਚਲਾਉਂਦੇ ਰਹੇ, ਪਰੰਤੂ ਮੁੱਖ ਉਦੇਸ਼ ਉਹਨਾਂ ਦਾ ਸਿੱਖ ਇਤਿਹਾਸ ਲਿਖਣਾ ਹੀ ਸੀ। ਜਨਵਰੀ 1930 ਈ: ਵਿਚ ਫੁਲਵਾੜੀ ਦਾ ਇਤਿਹਾਸ ਨੰਬਰ ਪ੍ਰਕਾਸ਼ਤ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਦੇ ਵੱਖ ਵੱਖ ਲੇਖ 'ਬਿਰਧਾਂ ਦੇ ਬਿਆਨ', 'ਲਾਹੌਰ ਦਰਬਾਰ ਦੇ ਰੋਜ਼ਨਾਮਚੇ', 'ਗੰਗ ਦੁਆਬ ਤੇ ਖ਼ਾਲਸਈ ਹੱਲੇ', 'ਸਰਹੰਦ ਦਾ ਸਾਕਾ', 'ਚੌਧਰੀ ਲੰਗਾਹ', 'ਜੀਵਨ ਭਾਈ ਤਾਰੂ ਸਿੰਘ ਸ਼ਹੀਦ', 'ਪਹਿਲਾ ਘਲੂਘਾਰਾ', 'ਜੰਗਨਾਮਾ', 'ਰੰਘਰੇਟੇ ਯਾ ਮਜ਼ਬੀ ਸਿੰਘ', 'ਰਾਮਗੜ੍ਹੀਏ ਕੀਕਰ ਬਣੇ', 'ਮਿਰਜ਼ਾ ਸਾਹਿਬਾਂ', 'ਸੋਹਣੀ ਮਹੀਂਵਾਲ', 'ਸਿੱਖੀ ਤੇ ਕੇਸ', 'ਸੰਧਾਵਾਲੀਆਂ ਦੀ ਵਾਰ' ਆਦਿਕ ਇਤਿਹਾਸ ਲਈ ਕੀਮਤੀ ਚੀਜ਼ਾਂ ਹਨ। ਦੱਸਿਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਤਕ ਦੇ ਸਾਰੇ ਸਮਾਚਾਰ ਉਹਨਾਂ 13 ਕਾਪੀਆਂ 'ਤੇ ਲਿਖ ਰਹੇ ਸਨ, ਪਰੰਤੂ ਬੀਮਾਰੀ ਨੇ ਪੇਸ਼ ਨਾ ਜਾਣ ਦਿੱਤੀ ਤੇ ਸਭ ਕੁਝ ਵਿੱਚੇ ਛੱਡ ਕੇ 10 ਸਤੰਬਰ, 1930 ਈ: ਨੂੰ ਤਰਨ ਤਾਰਨ ਚਲਾਣਾ ਕਰ ਗਏ। ਆਪ ਦੀਆਂ ਛਪੀਆਂ ਪੁਸਤਕਾਂ ਇਹ ਹਨ :

1. *ਕੱਤਕ ਕਿ ਵੈਸਾਖ*, 2. *ਬੰਦਾ ਬਹਾਦਰ*, 3. *ਅਮਰ ਖ਼ਾਲਸਾ*, 4. *ਗੁਰਪੁਰਬ ਨਿਰਣਯ*, 5. *ਮਹਾਰਾਜਾ ਆਲਾ ਸਿੰਘ*, 6. *ਕੇਸ ਤੇ ਸਿੱਖੀ*, 7. *ਬੰਦਾ ਕੌਨ ਥਾ* (ਉਰਦੂ), 8. *ਸੁੰਦਰਾਂ*, 9. *ਜੀਵਨ ਬੀਬੀ ਹਰਨਾਮ ਕੌਰ*, 10. *ਜੀਵਨ ਬੀਬੀ ਸਦਾ ਕੌਰ*, 11. *ਪੰਜਾਬੀ ਗੀਡਰਜ਼*, 12. *ਖ਼ਿਦਮਤ ਸਰਕਾਰ ਪਟਿਆਲਾ*, 13. *ਹਾਲਾਤ ਮੁਕੱਦਮਾ ਨਾਲੀ*, 13. *ਹਾਲਾਤ ਮੁਕੱਦਮਾ ਚੂਹਾਗਮੀਆ*।

17. ਸਰ ਜੋਗਿੰਦਰ ਸਿੰਘ ਜੀ

ਸਰ ਜੋਗਿੰਦਰ ਸਿੰਘ ਜੀ ਚੋਟੀ ਦੇ ਵਿਦਵਾਨਾਂ ਵਿੱਚੋਂ ਇਕ ਸਨ, ਜੋ ਆਪਣੇ ਘਰੇਲੂ ਤੇ ਰਾਜਸੀ ਮਾਮਲਿਆਂ ਵਿੱਚੋਂ ਵੀ ਲਿਖਣ ਪੜ੍ਹਨ ਲਈ ਕਾਫ਼ੀ ਵੇਹਲ ਕੱਢਦੇ ਰਹਿੰਦੇ ਸਨ। ਆਪ ਦਾ ਜਨਮ 25 ਮਈ, 1877 ਈ: ਪਿੰਡ ਰਸੂਲਪੁਰ, ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਚੰਗੀ ਉੱਚੀ ਵਿੱਦਿਆ ਪ੍ਰਾਪਤ ਕੀਤੀ। ਕੌਂਸਲ ਆਫ਼ ਸਟੇਟ ਦੇ ਵੀ ਮੈਂਬਰ ਰਹੇ। 1926 ਈ: ਤੋਂ 1937 ਤਕ ਪੰਜਾਬ ਦੇ ਖੇਤੀਬਾੜੀ ਦੇ ਵਜ਼ੀਰ ਰਹੇ। ਚਾਰ ਵੇਰ ਆਪ ਨੂੰ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਦੀ ਪ੍ਰਧਾਨਗੀ ਦੇ ਆਸਨ 'ਤੇ ਸੁਭਾਇਮਾਨ ਹੋਣ ਦਾ ਮਾਣ ਪ੍ਰਾਪਤ ਹੋਇਆ, ਚੰਗੇ ਪਤਵੰਤੇ ਸੱਜਣ ਸਨ। *ਈਸਟ ਐਂਡ ਵੈਸਟ* ਰਸਾਲੇ ਨੂੰ ਵੀ ਸੰਪਾਦਨ ਕਰਦੇ ਰਹੇ ਤੇ ਫਿਰ 1930 ਵਿਚ *ਖ਼ਾਲਸਾ ਰੀਵੀਊ* ਵੀ ਜਾਰੀ ਕੀਤਾ। ਆਪ ਦੀ ਲਿਖਤ ਤੇ ਤਕਰੀਰ ਵਿਚ ਕਾਫ਼ੀ ਜ਼ੋਰ ਸੀ। ਦੇਹਾਂਤ 2 ਦਸੰਬਰ, 1946 ਨੂੰ ਇਕਬਾਲ ਨਗਰ, ਜ਼ਿਲ੍ਹਾ ਮਿੰਟਗੁਮਰੀ ਵਿਖੇ ਹੋਇਆ। ਆਪ ਜੀ ਦੀਆਂ ਰਚਿਤ ਪੁਸਤਕਾਂ ਇਹ ਹਨ :

1. *ਦਸ ਸਪੋਕ ਬਾਬਾ ਨਾਨਕ* (ਅੰਗਰੇਜ਼ੀ), 2. *ਸਿੱਖ ਸਰਮਨੀਜ਼* (ਅੰਗਰੇਜ਼ੀ), 3. *ਸਿਖਿਜ਼ਮ ਟੂਡੇ ਐਂਡ ਟੂਮਾਰੋ* (ਅੰਗਰੇਜ਼ੀ), 4. *ਮਿਰੇਕਲ ਆਫ਼ ਦੀ ਸਿਖਿਜ਼ਮ* (ਅੰਗਰੇਜ਼ੀ), 5. *ਕਮਲਾ* (ਅੰਗਰੇਜ਼ੀ), 6. *ਕਾਮਣੀ* (ਅੰਗਰੇਜ਼ੀ), 7. *ਨੂਰਜਹਾਂ* (ਅੰਗਰੇਜ਼ੀ), 8. *ਨਾਸਰੀਨ* (ਅੰਗਰੇਜ਼ੀ), 9. *ਏ ਲਾਈਫ਼ ਆਫ਼ ਬਹਰਾਮਜੀ ਮਾਲਾਬਾਰੀ* (ਅੰਗਰੇਜ਼ੀ), 10. *ਕਮਲਾ* (ਪੰਜਾਬੀ), 11. *ਕਾਮਨੀ* (ਪੰਜਾਬੀ)।

18. ਸੰਤ ਗੁਰਬਖ਼ਸ਼ ਸਿੰਘ ਜੀ

ਸੰਤ ਗੁਰਬਖਸ਼ ਸਿੰਘ ਜੀ ਉਪਦੇਸ਼ਕ ਉਨ੍ਹਾਂ ਮਾਨਯੋਗ ਵਿਦਵਾਨ ਹਸਤੀਆਂ ਵਿੱਚੋਂ ਸਨ, ਜਿਨ੍ਹਾਂ ਦੇ ਪ੍ਰਚਾਰ ਦੇ ਸਦਕੇ ਅਕਾਲੀ ਲਹਿਰ ਦਾ ਤੂਫ਼ਾਨ ਪੂਰੇ ਜ਼ੋਰ ਨਾਲ ਉਭਾਰ ਵਿਚ ਆਇਆ। ਕੋਈ ਕੌਮ ਸ਼ਾਂਤਮਈ ਜਾਂ ਅਸ਼ਾਂਤਮਈ ਜਾਂ ਕਿਸੇ ਤਰ੍ਹਾਂ ਦਾ ਵੀ ਜੰਗ ਨਹੀਂ ਲੜ ਸਕਦੀ, ਜਿਤਨਾ ਚਿਰ ਉਸ ਦੀ ਆਚਰਣਕ ਉਸਾਰੀ ਚੰਗੀ ਮਜ਼ਬੂਤ ਨਾ ਹੋਈ ਹੋਵੇ। ਅਕਾਲੀ ਲਹਿਰ ਦੇ ਯੁੱਧ ਦੀ ਤਿਆਰੀ ਲਈ ਸੰਤ ਅਮਰ ਸਿੰਘ ਜੀ ਤੇ ਸੰਤ ਗੁਰਬਖ਼ਸ਼ ਸਿੰਘ ਜੀ ਆਦਿ ਸੱਜਣਾਂ ਦਾ ਕੀਤਾ ਉਸਾਰੂ ਕੰਮ ਸਦਾ ਸਤਿਕਾਰ ਨਾਲ ਯਾਦ ਕੀਤਾ ਜਾਵੇਗਾ।

ਸੰਤ ਗੁਰਬਖ਼ਸ਼ ਸਿੰਘ ਜੀ ਦਾ ਜਨਮ ਬੰਗਿਆਂ ਲਾਗੇ ਪਿੰਡ ਹਾਂਸਰੋਂ, ਜ਼ਿਲ੍ਹਾ

ਜਲੰਧਰ ਵਿਚ 1869 ਈ: ਦੇ ਲਾਗੇ ਹੋਇਆ। ਆਪ ਦੇ ਬਜ਼ੁਰਗ ਕਣਕਵਾਲ, ਰਿਆਸਤ ਪਟਿਆਲਾ ਦੇ ਵਸਨੀਕ ਸਨ ਤੇ ਫਿਰ ਚੂਨੀ ਮਛਲੀ ਚਲੇ ਆਏ ਸਨ। ਇਸੇ ਥਾਂ ਤੋਂ ਆਪ ਦੇ ਪਿਤਾ ਸਾਧੂ ਹੋ ਕੇ ਹਾਂਸਰੋ ਡੇਰਾ ਬਣਾ ਬੈਠੇ ਸਨ। ਸੰਤ ਗੁਰਬਖ਼ਸ਼ ਸਿੰਘ ਪਹਿਲੇ ਪਹਿਲ ਪੰਡਿਤ ਅਤਰ ਸਿੰਘ ਜੀ ਪਾਸੋਂ ਦਰਸ਼ਨ ਸ਼ਾਸਤਰ ਆਦਿ ਪੜ੍ਹੇ। ਯਾਦ ਰਹੇ ਪੰਡਿਤ ਅਤਰ ਸਿੰਘ ਜੀ ਧੁਰੰਧਰ ਵਿਦਵਾਨ ਸਨ। ਆਪ ਨੇ ਪ੍ਰਸਿੱਧ ਵੇਦਾਂਤੀ ਸਾਧੂ ਪੰਡਿਤ ਨਿਸ਼ਚਲ ਦਾਸ (ਕਰਤਾ *ਵੀਚਾਰ ਸਾਗਰ*) ਤੋਂ ਵਿੱਦਿਆ ਪ੍ਰਾਪਤ ਕੀਤੀ ਸੀ। ਸੰਤ ਗੁਰਬਖ਼ਸ਼ ਸਿੰਘ ਜੀ ਵਿੱਦਿਆ ਪੜ੍ਹ ਕੇ ਸੰਨ 1900 ਵਿਚ ਦਸਵੰਧ ਕਮੇਟੀ ਪਟਿਆਲਾ 'ਚ ਆ ਮੁਲਾਜ਼ਮ ਹੋਏ ਤੇ ਇਸੇ ਕਮੇਟੀ ਦੇ ਮਾਤਹਿਤ ਅੰਤ ਤਕ ਪ੍ਰਚਾਰ ਕਰਦੇ ਰਹੇ। ਆਪ ਦੀ ਕਥਨੀ ਵਿਆਖਿਆ ਤੇ ਲੈਕਚਰ ਆਦਿ ਵਿਚ ਬੜਾ ਰਸ ਹੁੰਦਾ ਸੀ ਤੇ ਕੋਈ ਵੀ ਸਰੋਤਾ ਪ੍ਰਭਾਵਿਤ ਹੋਏ ਬਿਨਾਂ ਨਹੀਂ ਸੀ ਰਹਿੰਦਾ। ਆਪ ਜੀ ਦੀ ਆਚਰਣਕ ਉੱਚਤਾ ਕਾਰਨ ਸਭ ਗ਼ਰੀਬ ਅਮੀਰ ਆਪ ਦਾ ਸਨਮਾਨ ਕਰਦੇ ਸਨ। ਦੇਹਾਂਤ 8 ਮਾਰਚ, 1925 ਈ: ਨੂੰ ਪਟਿਆਲੇ ਹੋਇਆ।

19. ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ

ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ (ਤਰਨ ਤਾਰਨ) ਉਨ੍ਹਾਂ ਗੰਭੀਰ ਸੱਜਣਾਂ ਵਿੱਚੋਂ ਸਨ, ਜਿਨ੍ਹਾਂ ਚੁੱਪ-ਚੁਪੀਤੇ ਗੁਰਮਤਿ ਪ੍ਰਚਾਰ ਲਈ ਸੈਂਕੜੇ ਪੁਸਤਕਾਂ ਤੇ ਟ੍ਰੈਕਟ ਲਿਖ ਕੇ ਤੇ ਪੱਲਿਓਂ ਪੈਸੇ ਖ਼ਰਚ ਖ਼ਰਚ ਮੁਫ਼ਤ ਸਿੱਖ ਸੰਗਤਾਂ ਵਿਚ ਵੰਡੇ। ਜਿਥੇ ਉਹਨਾਂ ਸਰੀਰਕ ਬੀਮਾਰੀਆਂ ਦੇ ਵਿਨਾਸ਼ ਲਈ ਕਈ ਪੁਸਤਕਾਂ ਲਿਖੀਆਂ, ਉਥੇ ਮਾਨਸਿਕ ਤੇ ਸਮਾਜਿਕ ਰੋਗਾਂ ਨੂੰ ਨਸ਼ਟ ਕਰਨ ਲਈ ਵੀ ਕਲਮ ਚਲਾਈ। ਆਪ ਦੀ ਕਲਮੋਂ ਪ੍ਰਕਾਸ਼ਤ ਪੁਸਤਕਾਂ ਤੇ ਟ੍ਰੈਕਟਾਂ ਦੀ ਗਿਣਤੀ ਦੋ ਸੌ ਦੇ ਲਗਭਗ ਦੱਸੀ ਜਾਂਦੀ ਹੈ। ਕਈ ਰਚਨਾਵਾਂ ਕਾਫ਼ੀ ਵਿਚਾਰ-ਪੂਰਨ ਹਨ।

ਆਪ ਦਾ ਜਨਮ ਸ: ਜੈਮਲ ਸਿੰਘ ਜੀ ਦੇ ਘਰ ਫ਼ਰਵਰੀ 1881 ਈ: ਵਿਚ ਤਰਨ ਤਾਰਨ (ਅੰਮ੍ਰਿਤਸਰ) ਹੋਇਆ। ਆਪ ਦੇ ਪਿਤਾ ਸਿਆਣੇ ਵੈਦ ਸਨ। ਸਿੰਘ ਸਭਾ ਲਹਿਰ ਨੇ ਸਿੱਖੀ ਪ੍ਰਚਾਰ ਵੱਲ ਧਿਆਨ ਖਿੱਚਿਆ। ਪੜ੍ਹਨ ਦਾ ਸ਼ੌਕ ਵਧਿਆ। ਆਪਣੀ ਲਾਇਬ੍ਰੇਰੀ ਬਣਾਈ। ਅੱਜ ਜੇਕਰ ਪੁਰਾਣੇ ਅਖ਼ਬਾਰਾਂ ਦੀ ਫ਼ਾਇਲ ਦੇਖਣ ਦੀ ਆਪ ਨੂੰ ਲੋੜ ਹੋਵੇ ਤਾਂ ਭਾਈ ਤਖ਼ਤ ਸਿੰਘ ਜੀ ਦੀ ਕੰਨਿਆ ਵਿਦਿਆਲਾ ਵਾਲੀ ਲਾਇਬ੍ਰੇਰੀ ਤੋਂ ਇਲਾਵਾ ਵੈਦ ਜੀ ਦੀ ਤਰਨ ਤਾਰਨ ਵਾਲੀ ਲਾਇਬ੍ਰੇਰੀ ਵਿੱਚੋਂ ਹੀ ਲੱਭ ਸਕੋਗੇ। ਹੋਰ ਵੀ ਪ੍ਰਾਚੀਨ ਸਿੱਖ ਲਿਟਰੇਚਰ ਸੰਗ੍ਰਹਿ ਕੀਤਾ। ਪਹਿਲੀ ਵੇਰ ਹਿੰਦੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਛਪਵਾਈ, ਜਿਸ ਦੇ ਪੌਣੇ ਅੱਠ ਸੌ ਦੇ ਲਗਭਗ ਸਫ਼ੇ ਸਨ। ਪਰੰਤੂ ਪ੍ਰਚਾਰ ਦੇ ਖ਼ਿਆਲ ਨਾਲ ਭੇਟਾ ਕੇਵਲ ਸਵਾ ਦੋ ਰੁਪਏ ਰੱਖੀ। ਗੁਰਮਤਿ ਪ੍ਰਚਾਰ ਤੇ ਪੰਜਾਬੀ ਸਾਹਿੱਤ ਨਾਲ ਆਪ ਦਾ ਡਾਢਾ ਪਿਆਰ ਸੀ, ਜਿਸ ਨੂੰ ਆਪ ਨੇ ਅੰਤ ਤਕ ਜਿਵੇਂ ਕਿਵੇਂ ਜਾਰੀ ਰੱਖਿਆ। ਇਹਨਾਂ ਦੀਆਂ ਪ੍ਰਕਾਸ਼ਿਤ ਰਚਨਾਵਾਂ ਇਹ ਹਨ :

1. *ਇਕ ਸਿੱਖ ਘਰਾਣਾ*, 2. *ਸੁਸ਼ੀਲ ਵਿਧਵਾ*, 3. *ਸ਼ੇਰ ਬਹਾਦਰ ਸ਼ੇਰ ਸਿੰਘ*, 4. *ਇਲਮ ਖ਼ਿਆਲ*, 5. *ਬੇਕਨ ਵਿਚਾਰ ਰਤਨਾਵਲੀ*, 6. *ਸੁਘੜ ਕੌਰ*, 7. *ਬਿਰਧ ਵਿਵਾਹ ਦੁਰਦਸ਼ਾ*, 8. *ਗੁਰਮਤਿ ਅਖੌਤਾਂ*, 9. *ਗੁਰਮਤਿ ਗੌਰਵਤਾ*, 10. *ਅਦੁੱਤੀ ਸਾਕਾ* (ਨਨਕਾਣਾ), 11. *ਗੁਰਮਤਿ ਵਿਰੋਧ ਬਿਨਾਸ਼*, 12. *ਦਯਾਨੰਦ ਮਤ ਦਰਪਣ*, 13. *ਦਯਾਨੰਦ ਦੇ ਧਰਮ ਦਾ ਨਮੂਨਾ*, 14. *ਆਰੀਆਂ ਦੇ ਢੋਲ ਦਾ ਪੋਲ*, 15. *ਆਰੀਆਂ ਭਾਈਆਂ ਦੇ ਸਿੱਖਾਂ ਪਰ ਬੇਜਾ ਹਮਲਿਆਂ ਦਾ ਉੱਤਰ*, 16. *ਨਿੰਦਤ ਭ੍ਰਿਸ਼ਟਾਚਾਰ*, 17. *ਤੰਬਾਕੂ ਸੇਵਨ ਦੇ ਔਗੁਣ*, 18. *ਸਰਾਧ ਪ੍ਰਬੋਧ*, 19. *ਲਿਖਣ ਦੇ ਸਾਧਨ* (ਲਿਪੀਆਂ)।

20. ਭਾਈ ਸਾਹਿਬ ਭਾਈ ਵੀਰ ਸਿੰਘ ਜੀ

ਗਿਆਨੀ ਦਿੱਤ ਸਿੰਘ ਜੀ ਨੇ ਸਿੱਖ ਹਿਰਦਿਆਂ ਦੀ ਧਰਤੀ ਨੂੰ ਆਪਣੀ ਸੂਝ ਬੂਝ ਨਾਲ ਭਰਮ-ਭੁਲੇਖਿਆਂ ਦੇ ਕੱਖ ਕਾਨੇ ਕੱਢ ਕੇ ਸਾਫ਼ ਕੀਤਾ ਸੀ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਉਹ ਪ੍ਰਸਿੱਧ ਸਿੱਖ ਲਿਖਾਰੀ ਹਨ, ਜਿਨ੍ਹਾਂ ਉਸ ਸਾਫ਼ ਧਰਤੀ ਵਿਚ ਸਿੱਖੀ ਸ਼ਰਧਾ ਤੇ ਪਿਆਰ ਦਾ ਬੀਜ ਬੀਜਿਆ। ਜਿਤਨਾ ਕੰਮ ਸਾਰੀ ਸਿੰਘ ਸਭਾ ਲਹਿਰ ਨੇ ਕੀਤਾ, ਤਕਰੀਬਨ ਉਤਨਾ ਹੀ ਭਾਈ ਸਾਹਿਬ ਜੀ ਦੀ ਇਕੱਲੀ ਜਾਦੂਗਰ ਲੇਖਣੀ ਨੇ ਕਰ ਵਿਖਾਇਆ। ਆਪ ਜੀ ਦੀ ਕੋਮਲ ਕਿਰਤ ਅਤੀ ਸੁਆਗਤ ਯੋਗ ਹੈ।

ਆਪ ਜੀ ਦਾ ਜਨਮ ਮਹਾਰਾਜਾ ਕੌੜਾ ਮਲ ਦੇ ਵੰਸ਼ ਵਿੱਚੋਂ ਡਾਕਟਰ ਚਰਨ ਸਿੰਘ ਜੀ ਦੇ ਘਰ 5 ਦਸੰਬਰ, 1872 ਈ: ਨੂੰ ਅੰਮ੍ਰਿਤਸਰ ਵਿਖੇ ਹੋਇਆ। ਸਿੱਖੀ ਪਿਆਰ ਤੇ ਗੁਰਮਤਿ ਵਿੱਦਿਆ ਦਾ ਸ਼ੌਕ ਆਪ ਨੂੰ ਵਿਰਾਸਤ ਵਿੱਚੋਂ ਹੀ ਮਿਲਿਆ। ਪਹਿਲੇ ਪਹਿਲ *ਸੁੰਦਰੀ* ਨਾਮੀ ਨਿੱਕੀ ਜਿਹੀ ਪੁਸਤਕ ਲਿਖੀ, ਜੋ ਕਿ ਅੱਜ ਤਕ ਇਕ ਲੱਖ ਦੇ ਲਗਭਗ ਛਪ ਕੇ ਵਿਕ ਚੁੱਕੀ ਹੈ। ਫਿਰ ਖ਼ਾਲਸਾ ਟ੍ਰੈਕਟ ਸੁਸਾਇਟੀ ਦੀ ਨੀਂਹ ਰੱਖੀ ਗਈ, ਇਸ ਲਈ ਲੇਖ ਲਿਖਦੇ ਰਹੇ। ਹੁਣ ਤਕ ਆਪ ਦੀ ਕਲਮੋਂ ਸੈਂਕੜੇ ਟ੍ਰੈਕਟ ਛਪ ਚੁੱਕੇ ਹਨ। 7 ਨਵੰਬਰ, 1899 ਈ: ਤੋਂ *ਖ਼ਾਲਸਾ ਸਮਾਚਾਰ* ਪੱਤਰ ਆਰੰਭ ਹੋਇਆ। ਇਸ ਰਾਹੀਂ ਵੀ ਆਪ ਨੇ ਕੌਮ ਦੀ ਕਾਫ਼ੀ ਸੇਵਾ ਕੀਤੀ ਹੈ।

ਆਪ ਅੰਗਰੇਜ਼ੀ, ਫ਼ਾਰਸੀ ਤੇ ਸੰਸਕ੍ਰਿਤ ਦੇ ਚੰਗੇ ਵਿਦਵਾਨ ਸਨ। ਜਿਥੇ ਆਪ ਨੇ ਕਈ ਪੁਸਤਕਾਂ ਲਿਖੀਆਂ, ਉਥੇ ਸਿੱਖ ਇਤਿਹਾਸ ਲਈ ਕਰੜੀ ਘਾਲ ਘਾਲ ਕੇ *ਸ੍ਰੀ ਨਾਨਕ ਪ੍ਰਕਾਸ਼* ਤੇ *ਗੁਰਪ੍ਰਤਾਪ ਸੂਰਜ* ਜੈਸੀਆਂ ਮਹਾਨ ਪੁਸਤਕਾਂ ਨੂੰ ਅਰਥਾਂ ਟਿੱਪਣੀਆਂ ਸਹਿਤ ਸੰਪਾਦਨ ਕਰ ਕੇ ਪ੍ਰਕਾਸ਼ਿਤ ਕਰਵਾਇਆ। *ਗੁਰੂ ਗ੍ਰੰਥ ਕੋਸ਼* ਦੀ ਸੋਧ ਸੁਧਾਈ ਵੀ ਆਪ ਦੀ ਮਿਹਨਤ ਦਾ ਹੀ ਸਿੱਟਾ ਹੈ। ਅਣਥੱਕ ਮਿਹਨਤ, ਸਿੱਖੀ ਸ਼ਰਧਾ, ਕਲਾ ਕੌਸ਼ਲਤਾ ਤੇ ਚੁੱਪ ਗੰਭੀਰਤਾ ਆਪ ਦੇ ਵਿਸ਼ੇਸ਼ ਗੁਣ ਹਨ। ਆਪ ਜੀ ਦੀਆਂ ਪ੍ਰਕਾਸ਼ਿਤ ਰਚਨਾਵਾਂ ਇਹ ਹਨ :

1. *ਗੁਰੂ ਨਾਨਕ ਚਮਤਕਾਰ*, 2. *ਕਲਗੀਧਰ ਚਮਤਕਾਰ*, 3. *ਰਾਣਾ ਸੂਰਤ*

ਸਿੰਘ, 4. *ਸੁੰਦਰੀ*, 5. *ਬਾਬਾ ਨੌਧ ਸਿੰਘ*, 6. *ਸਤਵੰਤ ਕੌਰ*, 7. *ਵਿਜੈ ਸਿੰਘ*, 8. *ਰਾਜਾ ਲਖਦਾਤਾ ਸਿੰਘ*, 9. *ਗੁਰਸਿਖ ਵਾੜੀ*, 10. *ਭਰਥਰੀ ਹਰੀ ਸ਼ਤਕ*, 11. *ਸੰਤ ਗਾਥਾ*, 12. *ਦੇਵੀ ਪੂਜਨ ਪੜਤਾਲ*, 13. *ਪੰਜ ਗ੍ਰੰਥੀ ਸਟੀਕ*, 14. *ਗੁਰੂ ਗ੍ਰੰਥ ਕੋਸ਼*, 15. *ਪ੍ਰੀਤ ਵੀਣਾ*, 16. *ਕੰਬਦੀ ਕਲਾਈ*, 17. *ਲਹਿਰਾਂ ਦੇ ਹਾਰ*, 18. *ਬਿਜਲੀਆਂ ਦੇ ਹਾਰ*, 19. *ਮਟਕ ਹੁਲਾਰੇ*, 20. *ਲਹਿਰ ਹੁਲਾਰੇ*।

21. ਪ੍ਰਿੰਸੀਪਲ ਜੋਧ ਸਿੰਘ ਜੀ

ਪ੍ਰਿੰਸੀਪਲ ਜੋਧ ਸਿੰਘ ਜੀ ਉਨ੍ਹਾਂ ਚੋਟੀ ਦੇ ਵਿਦਵਾਨਾਂ ਵਿੱਚੋਂ ਇਕ ਹਨ, ਜੋ ਸਿੱਖ ਫਿਲਾਸਫੀ ਨੂੰ ਪ੍ਰਾਚੀਨ ਸ਼ਾਸਤਰਾਚਾਰੀਆਂ ਵਾਂਗ ਸਮਝਦੇ ਤੇ ਨਵੀਨ ਪੱਛਮੀ ਰੌਸ਼ਨੀ ਅਨੁਸਾਰ ਬਿਆਨ ਕਰ ਸਕਣ ਦੀ ਸਮਰੱਥਾ ਰੱਖਦੇ ਹਨ। ਆਪ ਦੀ ਲਿਖਤ *ਗੁਰਮਤਿ ਨਿਰਣਯ* ਇਸ ਪਾਸੇ ਦੀ ਇਕ ਉੱਤਮ ਰਚਨਾ ਹੈ, ਜਿਸ ਤੋਂ ਸਿੱਖ ਸਿਧਾਂਤਾਂ ਨੂੰ ਦਾਰਸ਼ਨਿਕ ਤੌਰ 'ਤੇ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਆਪ ਦਾ ਜਨਮ ਪਿੰਡ ਘੁੰਗਰੀਲਾ, ਜ਼ਿਲ੍ਹਾ ਰਾਵਲਪਿੰਡੀ ਵਿਚ ਸ: ਬਖ਼ਸ਼ੀ ਰਾਮ ਸਿੰਘ ਜੀ ਦੇ ਘਰ 31 ਮਈ, 1882 ਈ: ਨੂੰ ਹੋਇਆ। 1906 ਈ: ਵਿਚ ਐੱਮ.ਏ. ਕੀਤੀ ਤੇ ਖ਼ਾਲਸਾ ਕਾਲਜ ਵਿਚ ਅਧਿਆਪਕ ਦੇ ਤੌਰ 'ਤੇ ਸੇਵਾ ਕਰਨ ਲੱਗੇ। 1913 ਈ: ਵਿਚ ਕਾਲਜ ਸਰਕਾਰੀ ਪ੍ਰਬੰਧ ਹੇਠ ਆ ਗਿਆ ਤੇ ਆਪ ਨੂੰ ਅਸਤੀਫ਼ਾ ਦੇਣਾ ਪਿਆ। ਫਿਰ 1924 ਈ: ਵਿਚ ਖ਼ਾਲਸਾ ਕਾਲਜ ਧਰਮ ਵਿੱਦਿਆ ਦੇ ਪ੍ਰੋਫ਼ੈਸਰ ਆ ਲੱਗੇ। ਇਸੇ ਵਿੱਦਿਅਕ ਸੰਸਥਾ ਦੇ ਆਪ ਪ੍ਰਿੰਸੀਪਲ ਰਹੇ। ਚੀਫ਼ ਖ਼ਾਲਸਾ ਦੀਵਾਨ ਦੇ ਮੋਢੀ ਸੰਚਾਲਕਾਂ ਵਿੱਚੋਂ ਸਨ। *ਗੁਰਮਤਿ ਨਿਰਣਯ* ਪੁਸਤਕ ਆਪ ਨੇ ਅੰਗਰੇਜ਼ੀ ਵਿਚ ਵੀ ਲਿਖੀ। ਆਪ ਜੀ ਦੀਆਂ ਛਪੀਆਂ ਰਚਨਾਵਾਂ ਇਹ ਹਨ :

1. *ਗੁਰਮਤਿ ਨਿਰਣਯ*, 2. *ਗੁਰੂ ਸਾਹਿਬ ਤੇ ਵੇਦ*, 3. *ਪ੍ਰਾਚੀਨ ਬੀੜਾਂ ਬਾਰੇ*, 4. *ਜਪੁਜੀ ਸਟੀਕ*, 5. *ਭਗਤ ਬਾਣੀ ਸਟੀਕ*, 6. *ਸਿਖਜ਼ ਐਂਡ ਅਨਟਚਬਿਲਿਟੀ* (ਅੰਗਰੇਜ਼ੀ), 7. *ਨਵਾਬ ਖ਼ਾਂ* (ਨਾਵਲ)।

22. ਪ੍ਰਿੰਸੀਪਲ ਤੇਜਾ ਸਿੰਘ ਜੀ

ਕੁਝ ਵਿਦਵਾਨ ਧਰਮ ਨੂੰ ਨਿਰੋਲ ਸਿਧਾਂਤਕ ਤੌਰ 'ਤੇ ਪੇਸ਼ ਕਰਨ ਵਾਲੇ ਹੁੰਦੇ ਹਨ ਤੇ ਕੁਝ ਹੁਨਰੀ ਢੰਗ ਨਾਲ ਉਸ ਦੀ ਜ਼ਿੰਦਗੀ ਲਈ ਡਾਢੀ ਲੋੜ ਦੱਸ ਕੇ ਧਰਮ ਨੂੰ ਕਲਾ ਦੇ ਰੂਪ ਵਿਚ ਪੇਸ਼ ਕਰਦੇ ਹਨ। ਪ੍ਰਿੰਸੀਪਲ ਤੇਜਾ ਸਿੰਘ ਜੀ ਉਹਨਾਂ ਵਿਦਵਾਨਾਂ ਵਿੱਚੋਂ ਮੁਖੀ ਸਿੱਖ ਆਲਮ ਹਨ, ਜਿਨ੍ਹਾਂ ਪੂਰਬੀ ਤੇ ਪੱਛਮੀ ਸਾਹਿੱਤ ਨੂੰ ਪੜ੍ਹ-ਘੋਖ ਕੇ ਫਿਰ ਧਰਮ ਨੂੰ ਸਾਹਿੱਤਕ ਪ੍ਰਭਾਵ ਹੇਠ ਸੁੰਦਰ ਰੂਪ ਵਿਚ ਪੇਸ਼ ਕੀਤਾ ਹੈ। ਆਪ ਨੇ ਜ਼ਿਆਦਾਤਰ ਸਿੱਖੀ ਬਾਰੇ ਅੰਗਰੇਜ਼ੀ ਪੁਸਤਕਾਂ ਲਿਖੀਆਂ ਹਨ, ਜਿਨ੍ਹਾਂ ਨੂੰ ਚੰਗੀਆਂ ਚੰਗੀਆਂ ਪ੍ਰਕਾਸ਼ਕ ਕੰਪਨੀਆਂ ਬੜੇ ਮਾਣ ਨਾਲ ਛਾਪਦੀਆਂ ਹਨ। ਸਿੱਖ ਫਿਲਾਸਫੀ, ਇਤਿਹਾਸ, ਗੁਰਬਾਣੀ, ਅਰਥ ਵਿਚਾਰ, ਸਾਹਿੱਤ ਸਭ ਪਾਸੇ ਆਪ ਦੀ ਵਿਦਵਤਾ ਕਮਾਲ ਦੀ ਮੰਨੀ ਜਾਂਦੀ ਹੈ।

ਆਪ ਦਾ ਜਨਮ ਪਿੰਡ ਅਡਿਆਲ ਜ਼ਿਲ੍ਹਾ ਰਾਵਲਪਿੰਡੀ ਵਿਚ 2 ਜੂਨ, 1894 ਈ: ਨੂੰ ਸ: ਭਲਾਕਰ ਸਿੰਘ ਜੀ ਦੇ ਘਰ ਹੋਇਆ। ਗ਼ਰੀਬੀ ਵਿਚ ਮਿਹਨਤ ਨਾਲ ਵਿੱਦਿਆ ਪੜ੍ਹੀ। ਬਹੁਤ ਲੰਮਾ ਅਰਸਾ ਖ਼ਾਲਸਾ ਕਾਲਜ ਪੜ੍ਹਾਉਂਦੇ ਰਹੇ, ਫਿਰ ਬੰਬਈ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਬਣ ਕੇ ਚਲੇ ਗਏ। ਮਹਿੰਦਰਾ ਕਾਲਜ ਪਟਿਆਲਾ ਦੇ ਪ੍ਰਿੰਸੀਪਲ ਵੀ ਰਹੇ। ਆਪ ਦਾ ਸਾਹਿੱਤਕ ਸ਼ੌਕ, ਖੋਜੀ ਤਬੀਅਤ, ਅਣਥੱਕ ਮਿਹਨਤ ਆਪਣੀ ਮਿਸਾਲ ਆਪ ਹੈ। ਪੰਜਾਬੀ ਲਿਖਾਰੀਆਂ ਤੇ ਕਵੀਆਂ ਦੀ ਅਗਵਾਈ ਕਰ ਕੇ ਸਮੁੱਚੇ ਤੌਰ 'ਤੇ ਉਹਨਾਂ ਵਰਤਮਾਨ ਸਾਹਿੱਤ 'ਤੇ ਬੜਾ ਪ੍ਰਭਾਵ ਪਾਇਆ ਹੈ। ਪ੍ਰਸਿੱਧ ਵਿਦਵਾਨ ਪ੍ਰਿੰਸੀਪਲ ਜੋਧ ਸਿੰਘ ਆਪ ਬਾਰੇ ਲਿਖਦੇ ਹਨ : "ਪਿਛਲੇ ਤੀਹਾਂ ਸਾਲਾਂ ਅਰਥਾਤ 1920 ਤੋਂ ਬਾਅਦ ਦੇ ਸਮੇਂ ਵਿਚ ਆਪ ਪੰਜਾਬੀ ਸਾਹਿੱਤਕਾਰਾਂ ਦੇ ਪ੍ਰਧਾਨ ਸਲਾਹਕਾਰ, ਦੀਖਿਆਕਾਰ ਅਰ ਸ਼ਾਸਤਰੀ ਬਣੇ ਰਹੇ ਹਨ। ਦਰਜਨਾਂ ਕਵੀਆਂ, ਲਿਖਾਰੀਆਂ ਤੇ ਨਾਟਕਕਾਰਾਂ ਨੇ ਆਪ ਦੀ ਸਿੱਖਿਆ ਨਾਲ ਆਪਣੀ ਕਿਰਤ ਨੂੰ ਸਫਲ ਕੀਤਾ ਹੈ।" *(ਦੇਖੋ ਮੈਟ੍ਰੀਕੁਲੇਸ਼ਨ ਪੰਜਾਬੀ ਕੋਰਸ, ਪੰਨਾ 74, ਤੀਜੀ ਐਡੀਸ਼ਨ)*

ਜਿਥੇ ਉਹ ਨਵੇਂ ਲੇਖਕਾਂ ਤੇ ਕਵੀਆਂ ਦੀਆਂ ਪੁਸਤਕਾਂ ਦੀ ਖੋਜ ਭਰੀ ਪੜਚੋਲ ਜਾਂ ਮੁਖਬੰਧ ਲਿਖ ਕੇ ਹੱਲਾਸ਼ੇਰੀ ਦੇਂਦੇ ਰਹੇ ਹਨ, ਉਥੇ ਜਦੋਂ ਅਸੀਂ ਵੇਖਦੇ ਹਾਂ, *ਮਹਾਨ ਕੋਸ਼* ਜੈਸੀ ਮਹਾਨ ਪੁਸਤਕ ਵੀ ਤੇਜਾ ਸਿੰਘ ਜੀ ਦੇ ਮੁਖਬੰਧ ਨਾਲ ਹੀ ਖੁੱਲ੍ਹਦੀ ਹੈ। ਪਾਨਿਨੀ ਦੇ ਅਸ਼ਟਾਧਿਆਈ ਸੂਤਰਾਂ ਵਾਂਗ *ਸ਼ਬਦਾਂਤਿਕ ਲਗਾਂ ਮਾਤ੍ਰਾਂ* ਲਿਖ ਕੇ ਗੁਰਬਾਣੀ ਦੇ ਵਿਆਕਰਣਿਕ ਨੇਮਾਂ ਦੀ ਜਾਣ-ਪਛਾਣ ਪਹਿਲੇ ਪਹਿਲ ਆਪ ਨੇ ਹੀ ਕਰਾਈ ਸੀ। *ਸ਼ਬਦਾਰਥ* ਦਾ ਜੋ ਮਹਾਨ ਕੰਮ ਗੁਰਸੇਵਕ ਸਭਾ ਵੱਲੋਂ ਕੀਤਾ ਗਿਆ ਹੈ, ਉਸ ਦੇ ਲਿਖਣ ਦਾ ਸਿਹਰਾ ਆਪ ਜੀ ਦੇ ਹੀ ਸਿਰ ਸੋਭਦਾ ਹੈ। ਵਧੇਰੇ ਮਿਹਨਤੀ ਤੇ ਰਾਤ ਦਿਨ ਲਿਖਣ ਪੜ੍ਹਨ ਵਿਚ ਲੱਗੇ ਰਹਿਣ ਕਾਰਨ ਆਪ ਦੀ ਸਿਹਤ ਅੱਛੀ ਨਾ ਰਹੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਅੰਗਰੇਜ਼ੀ ਅਨੁਵਾਦ ਕਰਨਾ ਉਨ੍ਹਾਂ ਦਾ ਸੁਨਹਿਰੀ ਸੁਪਨਾ ਸੀ, ਜੋ ਪੂਰਾ ਨਾ ਹੋਇਆ। ਅਖ਼ੀਰ ਬੀਮਾਰੀ ਕਾਰਨ 10 ਜਨਵਰੀ, 1958 ਨੂੰ ਅੰਮ੍ਰਿਤਸਰ 'ਚ ਸੁਰਗਵਾਸ ਹੋ ਗਏ। ਆਪ ਜੀ ਦੀਆਂ ਇਹ ਪੁਸਤਕਾਂ ਪ੍ਰਕਾਸ਼ਿਤ ਹੋਈਆਂ :

1. *ਦੀ ਜਪੁਜੀ* (ਅੰਗਰੇਜ਼ੀ), 2. *ਗ੍ਰੋਥ ਆਫ਼ ਰਿਸਪੌਨਸੇਬਿਲਿਟੀ ਇਨ ਸਿਖਿਜ਼ਮ* (ਅੰਗਰੇਜ਼ੀ), 3. *ਗੁਰਦੁਆਰਾ ਰੀਫ਼ਾਰਮ ਮੂਵਮੈਂਟ ਐਂਡ ਦੀ ਸਿੱਖ ਅਵੇਕਨਿੰਗ* (ਅੰਗਰੇਜ਼ੀ), 4. *ਸ਼ਬਦਾਂਤਿਕ ਲਗਾਂ ਮਾਤ੍ਰਾਂ ਦੇ ਗੁੱਝੇ ਭੇਦ*, 5. *ਆਸਾ ਦੀ ਵਾਰ* (ਅੰਗਰੇਜ਼ੀ), 6. *ਪੰਜਾਬੀ ਭੌਰੇ* (ਸ.ਸ. ਅਮੋਲ ਨਾਲ ਰਲ ਕੇ), 7. *ਚੋਣਵੀਂ ਪੰਜਾਬੀ ਕਵਿਤਾ*, 8. *ਸਿਲਵਰ ਜੁਬਲੀ ਬੁਕ* (ਭਾ: ਨਾਨਕ ਸਿੰਘ ਨਾਲ ਰਲ ਕੇ), 9. *ਹਾਈ ਰੋਡਜ਼ ਆਫ਼ ਸਿੱਖ ਹਿਸਟਰੀ* (ਤਿੰਨ ਜਿਲਦਾਂ), 10. *ਸ਼ਬਦਾਰਥ* (ਸਟੀਕ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ), 11. *ਸਿਖਿਜ਼ਮ, ਇਟਸ ਆਇਡੀਅਲਜ਼ ਐਂਡ ਇਨਸਟੀਚਿਊਸ਼ਨਜ਼* (ਅੰਗਰੇਜ਼ੀ), 12. *ਦੀ ਸਾਮ ਆਫ਼ ਪੀਸ* (ਸੁਖਮਨੀ ਦਾ ਅੰਗਰੇਜ਼ੀ ਰੂਪ), 13. *ਨਵੀਆਂ ਸੋਚਾਂ*, 14. *ਸਹਿਜ ਸੁਭਾ*, 15. *ਐਸੇਜ਼ ਇਨ ਸਿਖਿਜ਼ਮ* (ਅੰਗਰੇਜ਼ੀ), 16. *ਪੰਜਾਬੀ*

ਸ਼ਬਦ-ਜੋੜ, 17. *ਏ ਸ਼ਾਰਟ ਹਿਸਟਰੀ ਆਫ਼ ਦੀ ਸਿਖਜ਼* (ਪ੍ਰੋ. ਗੰਡਾ ਸਿੰਘ ਨਾਲ ਰਲ ਕੇ, ਅੰਗਰੇਜ਼ੀ), 18. *ਪੰਜਾਬੀ ਲਿਟਰੇਚਰ* (ਅੰਗਰੇਜ਼ੀ), 19. *ਸਾਹਿਤ ਦਰਸ਼ਨ*, 20. *ਸਿੱਖ ਧਰਮ*, 21. *ਆਰਸੀ* (ਸ੍ਵੈ-ਜੀਵਨੀ), 22. *ਪੰਜਾਬੀ ਕਿਵੇਂ ਲਿਖੀਏ ?*, 23. *ਐਂਗਲੋ ਪੰਜਾਬੀ ਡਿਕਸ਼ਨਰੀ*, 24. *ਦੀ ਹੋਲੀ ਗ੍ਰੰਥ* (ਸਿਰੀ ਤੇ ਮਾਝ, ਅੰਗਰੇਜ਼ੀ)।

23. ਬਾਵਾ ਹਰਕ੍ਰਿਸ਼ਨ ਸਿੰਘ ਜੀ

ਬਾਵਾ ਹਰਕ੍ਰਿਸ਼ਨ ਸਿੰਘ ਜੀ ਗਿਣਤੀ-ਮਿਣਤੀ ਦੇ ਚੋਣਵੇਂ ਮੁਹੱਜ਼ਬ ਸਿੱਖ ਆਲਮਾਂ ਵਿੱਚੋਂ ਇਕ ਪ੍ਰਤਿਸ਼ਠਤ ਵਿਅਕਤੀ ਸਨ। ਆਪ ਨੂੰ ਸਿੱਖ ਸਭਿਆਚਾਰ ਦੀ ਜੀਊਂਦੀ ਜਾਗਦੀ ਮੂਰਤੀ ਤੇ ਪ੍ਰਾਚੀਨ ਭਾਰਤ ਦੇ ਰਿਸ਼ੀ ਕਿਹਾ ਜਾ ਸਕਦਾ ਹੈ।

ਆਪ ਦਾ ਜਨਮ ਬਾਵਾ ਦਸੌਂਧਾ ਸਿੰਘ ਜੀ ਦੇ ਘਰ ਹੋਇਆ। ਕਈ ਸਾਲ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਅੰਗਰੇਜ਼ੀ ਤੇ ਧਰਮ ਵਿੱਦਿਆ ਦੇ ਪ੍ਰੋਫ਼ੈਸਰ ਰਹੇ। ਸੰਨ 1919 ਈ: ਵਿਚ ਪ੍ਰੋ. ਤੇਜਾ ਸਿੰਘ ਤੇ ਪ੍ਰੋ. ਨਿਰੰਜਨ ਸਿੰਘ ਜੀ ਆਦਿ ਨੂੰ ਮਿਲਾ ਕੇ ਖ਼ਾਲਸਾ ਕਾਲਜ ਦੇ ਪ੍ਰਬੰਧ ਦਾ ਸੁਧਾਰ ਕੀਤਾ। ਗੁਰਦੁਆਰਾ ਸੁਧਾਰ ਲਹਿਰ ਚਲਾਈ ਤੇ 1923 ਈ: ਵਿਚ ਗ੍ਰਿਫ਼ਤਾਰ ਕਰ ਕੇ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ ਡੱਕੇ ਗਏ। ਇਸ ਤੋਂ ਪਿੱਛੋਂ ਗੁਰੂ ਨਾਨਕ ਕਾਲਜ, ਗੁਜਰਾਂਵਾਲਾ ਦੇ ਪ੍ਰਿੰਸੀਪਲ ਜਾ ਨੀਯਤ ਹੋਏ।

ਭਾਵੇਂ ਆਪ ਨੇ ਲਿਖਿਆ ਬਹੁਤ ਘੱਟ ਹੈ, ਪਰੰਤੂ ਪ੍ਰਿੰਸੀਪਲ ਹੋਣ ਦੇ ਨਾਤੇ ਸੈਂਕੜੇ ਵਿਦਿਆਰਥੀਆਂ ਨੂੰ ਜੀਵਨ-ਗਿਆਨ ਦਿੱਤਾ ਹੈ। ਆਪ ਜਿਹੀ ਸ਼ੁੱਧ ਅੰਗਰੇਜ਼ੀ ਲਿਖਣ ਵਾਲਾ ਕੋਈ ਵਿਰਲਾ ਸਿੱਖ ਹੀ ਹੈ। ਅੰਗਰੇਜ਼ੀ ਤੇ ਪੰਜਾਬੀ ਦੇ ਬਹੁਤ ਚੰਗੇ ਸਪੀਕਰ ਸਨ। ਆਪ ਦੇ ਬਚਨ ਰਸ-ਪੂਰਨ ਤੇ ਵਿਅੰਗ ਭਰਪੂਰ ਹੁੰਦੇ ਸਨ। ਕਥਾ ਬਹੁਤ ਸੁੰਦਰ ਕਰਦੇ ਸਨ। ਸ਼ਬਦਾਰਥ ਪ੍ਰਕਾਸ਼ਨ ਵਿਚ ਆਪ ਨੇ ਕਾਫ਼ੀ ਕੰਮ ਕੀਤਾ ਹੈ। ਪੰਥਕ ਲਹਿਰਾਂ ਦੇ ਉਤਰਾਅ ਚੜ੍ਹਾਉ ਵਿਚ ਆਪ ਦਾ ਖ਼ਾਸ ਹਿੱਸਾ ਰਿਹਾ ਹੈ। ਆਪ ਸਿੱਖ ਨੈਸ਼ਨਲ ਕਾਲਜ ਕਾਦੀਆਂ (ਜ਼ਿਲ੍ਹਾ ਗੁਰਦਾਸਪੁਰ) ਦੇ ਪ੍ਰਿੰਸੀਪਲ ਵੀ ਰਹੇ।

24. ਪ੍ਰਿੰਸੀਪਲ ਨਿਰੰਜਨ ਸਿੰਘ ਜੀ

ਪ੍ਰਿੰਸੀਪਲ ਨਿਰੰਜਨ ਸਿੰਘ ਜੀ ਧਰਮਾਤਮਾ ਸੁਭਾ ਦੇ ਵਿਦਵਾਨ ਪੁਰਸ਼ ਸਨ। ਚੁੱਪ-ਚੁਪਾਤੇ ਰਹਿਣਾ ਆਪ ਦਾ ਸੁਭਾ ਸੀ। ਭਾਵੇਂ ਆਪ ਅਕਾਲੀ ਆਗੂ ਮਾਸਟਰ ਤਾਰਾ ਸਿੰਘ ਜੀ ਦੇ ਛੋਟੇ ਭਰਾਤਾ ਸਨ, ਪਰੰਤੂ ਆਪ ਦਾ ਦ੍ਰਿਸ਼ਟੀਕੋਣ ਨਿਰੋਲ ਗਾਂਧੀਵਾਦੀ ਸੀ। ਪਿਆਰ, ਹਮਦਰਦੀ, ਤਿਆਗ, ਸੇਵਾ-ਭਾਵ ਤੇ ਸਾਂਝੀਵਾਲਤਾ ਦੇ ਗੁਣਾਂ ਕਰਕੇ ਆਪ ਹਰਮਨ ਪਿਆਰੀ ਸ਼ਖ਼ਸੀਅਤ ਸਨ।

ਪਹਿਲੇ ਖ਼ਾਲਸਾ ਕਾਲਜ ਅੰਮ੍ਰਿਤਸਰ ਪੜ੍ਹਾਉਂਦੇ ਰਹੇ। ਫਿਰ ਸਿੱਖ ਨੈਸ਼ਨਲ ਕਾਲਜ ਲਾਹੌਰ ਦੇ ਪ੍ਰਿੰਸੀਪਲ ਨੀਯਤ ਹੋਏ। ਥੋੜੀ ਜਿਹੀ ਤਨਖ਼ਾਹ ਲੈ ਕੇ ਇਹ ਸੇਵਾ ਨਿਭਾਉਣੀ ਆਪ ਦਾ ਹੀ ਕੰਮ ਸੀ। ਪੰਥਕ ਮਾਮਲਿਆਂ ਵਿਚ ਵੀ ਆਪ ਕਾਫ਼ੀ ਦਿਲਚਸਪੀ ਲੈਂਦੇ ਸਨ। ਗੌਰਮਿੰਟ ਕਾਲਜ ਹੁਸ਼ਿਆਰਪੁਰ ਵਿਚ ਰਸਾਇਣ ਵਿਗਿਆਨ

ਦੇ ਮੁੱਖ ਅਧਿਆਪਕ ਰਹੇ ਤੇ ਆਪਣੇ ਸੁਤੰਤਰ ਵਿਚਾਰ ਪ੍ਰਗਟ ਕਰਨ ਲਈ ਦਿੱਲੀ ਤੋਂ *ਨਵੀਆਂ ਕੀਮਤਾਂ* ਨਾਮੀ ਮਾਸਕ ਪੱਤਰ ਵੀ ਸੰਪਾਦਨ ਕਰਦੇ ਰਹੇ। ਇਹਨਾਂ ਦੀਆਂ ਲਿਖਤ ਪੁਸਤਕਾਂ ਇਹ ਹਨ :

1. *ਪ੍ਰੇਮ ਕਣੀ* (ਨਾਵਲ), 2. *ਸੱਤ ਦੀ ਪ੍ਰਾਪਤੀ ਦੇ ਜਤਨ* (ਅਨੁਵਾਦ), 3. *ਯਰਵਦਾ ਜੇਲ੍ਹ ਤੋਂ ਚਿੱਠੀਆਂ* (ਅਨੁਭਵ)।

25. ਪ੍ਰਿੰਸੀਪਲ ਗੁਰਮੁਖ ਨਿਹਾਲ ਸਿੰਘ ਜੀ

ਪ੍ਰਿੰਸੀਪਲ ਗੁਰਮੁਖ ਨਿਹਾਲ ਸਿੰਘ ਜੀ ਰਾਵਲਪਿੰਡੀ ਨਿਵਾਸੀ ਗੁਰਮਤਿ ਖੋਜੀ ਸ: ਨਿਹਾਲ ਸਿੰਘ ਜੀ ਸੂਰੀ ਦੇ ਸਪੁੱਤਰ ਅਤੇ ਸੰਸਾਰ ਪ੍ਰਸਿੱਧ ਜਰਨਲਿਸਟ ਸੇਂਟ ਨਿਹਾਲ ਸਿੰਘ ਜੀ ਦੇ ਛੋਟੇ ਭਰਾਤਾ ਸਨ। ਵਲਾਇਤੋਂ ਬੈਰਿਸਟਰੀ ਅਤੇ ਪੁਲੀਟੀਕਲ ਸਾਇੰਸ ਦੀ ਐੱਮ.ਏ. ਦੀ ਡਿਗਰੀ ਪ੍ਰਾਪਤ ਕੀਤੀ। ਬਨਾਰਸ ਹਿੰਦੂ ਯੂਨੀਵਰਸਿਟੀ ਵਿਚ ਪ੍ਰੋਫ਼ੈਸਰ ਲੱਗੇ। ਫਿਰ ਅਹਿਮਦਾਬਾਦ ਦੀ ਕਾਮਰਸ ਕਾਲਜ ਦੇ ਪ੍ਰਿੰਸੀਪਲ ਬਣੇ। ਰਾਮ ਜਸ ਕਾਲਜ ਦਿੱਲੀ ਦੇ ਪ੍ਰਿੰਸੀਪਲ ਵੀ ਰਹੇ। ਆਪ ਆਈਨੀ ਦਿਮਾਗ ਰੱਖਣ ਵਾਲੇ ਆਲਮ ਸੱਜਣ ਸਨ। ਔਖੇ ਤੋਂ ਔਖੇ ਮਸਲੇ ਨੂੰ ਸਰਲ ਢੰਗ ਨਾਲ ਸੁਲਝਾਉਣਾ ਆਪ ਦਾ ਗੁਣ ਸੀ। ਅੰਗਰੇਜ਼ੀ ਪੰਜਾਬੀ ਦੇ ਚੰਗੇ ਲਿਖਾਰੀ ਸਨ। ਆਪ ਜੀ ਦੀਆਂ ਰਚਨਾਵਾਂ ਇਹ ਹਨ :

1. *ਸਿਖਿਜ਼ਮ ਟੂਡੇ ਐਂਡ ਟੂਮਾਰੋ* (ਅੰਗਰੇਜ਼ੀ), 2. *ਦੀ ਇੰਡੀਅਨ ਕਨਸਚੁਐਂਟ ਅਸੈਂਬਲੀ* (ਅੰਗਰੇਜ਼ੀ), 3. *ਸਤਨਾਜਾ*, 4. *ਸਿੱਖੀ ਤੇ ਵਰਤਮਾਨ ਯੁੱਗ*।

26. ਪ੍ਰਿੰਸੀਪਲ ਗੰਗਾ ਸਿੰਘ ਜੀ

ਪ੍ਰਿੰਸੀਪਲ ਗੰਗਾ ਸਿੰਘ ਜੀ ਆਪਣੇ ਸਮੇਂ ਦੇ ਲਾਸਾਨੀ ਸਿੱਖ ਲੈਕਚਰਾਰ ਸਨ। ਜਿਥੇ ਉਨ੍ਹਾਂ ਆਪਣੀ ਜਾਦੂ ਬਿਆਨ ਜ਼ਬਾਨ ਰਾਹੀਂ ਬੇਅੰਤ ਕੀਰਤੀ ਹਾਸਿਲ ਕੀਤੀ, ਉਥੇ *ਅੰਮ੍ਰਿਤ* ਮਾਸਕ ਪੱਤਰ ਦੁਆਰਾ ਅਤੇ ਹੋਰ ਕਈ ਪੁਸਤਕਾਂ ਲਿਖ ਕੇ ਸਿੱਖ ਕੌਮ ਦੀ ਕਲਮੀ ਸੇਵਾ ਵੀ ਕਾਫ਼ੀ ਕੀਤੀ ਹੈ। ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਹੁੰਦਿਆਂ ਸੈਂਕੜੇ ਨੌਜਵਾਨਾਂ ਨੂੰ ਪ੍ਰਚਾਰ ਦੀ ਸਿੱਖਿਆ ਦੇ ਕੇ ਸੁਯੋਗ ਪ੍ਰਚਾਰਕ ਬਣਾਇਆ। ਵਿਦਵਤਾ ਦੇ ਕਾਰਨ ਆਪ ਨੂੰ ਫਿਲਾਸਫਰ ਕਿਹਾ ਜਾਂਦਾ ਸੀ। ਪੱਛਮੀ ਦੌਰੇ ਦੇ ਅਸਰ ਹੇਠਾਂ ਆਪ ਸਿੱਖੀ ਤੋਂ ਦੂਰ ਚਲੇ ਗਏ, ਪਰੰਤੂ ਫਿਰ ਸਿੱਖੀ ਮੰਡਲ ਵਿਚ ਆ ਗਏ ਸਨ। ਆਪ ਦਾ ਜਨਮ ਪਿੰਡ ਜਗਤਪੁਰ, ਜ਼ਿਲ੍ਹਾ ਅੰਮ੍ਰਿਤਸਰ ਵਿਚ ਸ: ਟਹਿਲ ਸਿੰਘ ਜੀ ਦੇ ਘਰ ਹੋਇਆ। ਦਸਵੀਂ ਪਾਸ ਕਰ ਕੇ ਫਿਰ ਪ੍ਰਚਾਰਕ ਵਿਦਿਆਲਾ ਤਰਨ ਤਾਰਨ ਪੜ੍ਹਦੇ ਰਹੇ ਅਤੇ ਉਸ ਸਮੇਂ ਤੋਂ ਹੀ ਪ੍ਰਚਾਰ ਦਾ ਕੰਮ ਆਰੰਭ ਦਿੱਤਾ। 1927 ਈ: ਵਿਚ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਬਣੇ। ਮੁਬਾਹਿਸ, ਲੈਕਚਰਾਰ ਤੇ ਲਿਖਾਰੀ ਕਮਾਲ ਦਰਜੇ ਦੇ ਸਨ। ਸੁਭਾ ਦੇ ਅਤੀ ਮਿੱਠੇ, ਬੇਪ੍ਰਵਾਹ, ਸਾਦਾ ਤੇ ਸ਼ਾਇਰ ਤਬੀਅਤ ਸਨ। ਆਪ ਜੀ ਦੀਆਂ ਲਿਖਤਾਂ ਇਹ ਹਨ :

1. *ਲੈਕਚਰ ਮਹਾਂ ਚਾਨਣ*, 2. *ਬੰਦੀਛੋੜ*, 3. *ਜੀਵਨ ਕਿਰਨਾਂ*, 4. *ਪ੍ਰੀਤਿ*

ਗੀਤਿ (ਗ਼ਜ਼ਲਾਂ ਸਟੀਕ), 5. *ਜਪੁਜੀ ਸਟੀਕ*, 6. *ਬਾਰਾਂਮਾਹ ਸਟੀਕ*, 7. *ਨੌ ਰਤਨ*, 8. *ਗੰਗ ਤਰੰਗ*, 9. *ਬੀਤੀਆਂ*, 10. *ਮਹਾਂਬਲੀ*, 11. *ਜਗਤ ਪ੍ਰਦੀਪ*, 12. *ਬੰਦਾ ਬੈਰਾਗੀ*।

27. ਸ: ਉਮਰਾਉ ਸਿੰਘ ਜੀ ਸ਼ੇਰਗਿਲ

ਸ: ਉਮਰਾਉ ਸਿੰਘ ਜੀ ਮਜੀਠਾ ਚੋਣਵੇਂ ਵਿਚਾਰਵਾਨ ਸਿੱਖਾਂ ਵਿੱਚੋਂ ਸਨ। ਆਪ ਸਰ ਸੁੰਦਰ ਸਿੰਘ ਮਜੀਠਾ ਦੇ ਭਰਾਤਾ ਸਨ। ਧਾਰਮਿਕ ਖੋਜ, ਹੁਨਰ, ਦਰਸ਼ਨ ਤੇ ਇਤਿਹਾਸਕ ਖੋਜ ਨਾਲ ਆਪ ਦੀ ਚੰਗੀ ਦਿਲਚਸਪੀ ਸੀ।

ਆਪ ਦੀ ਸਪੁੱਤਰੀ ਬੀਬੀ ਅੰਮ੍ਰਿਤ ਕੌਰ ਸ਼ੇਰਗਿਲ ਨੇ ਚਿੱਤਰਕਲਾ ਵਿਚ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਕੀਤੀ, ਜੋ ਛੋਹਿਆ ਕਾਰਜ ਅਧੂਰਾ ਹੀ ਛੱਡ ਕੇ ਸਦਾ ਲਈ ਵਿਛੋੜਾ ਦੇ ਗਈ।

ਸਰਦਾਰ ਸਾਹਿਬ ਨੇ ਪੁਸਤਕ ਸ਼ਾਇਦ ਕੋਈ ਨਹੀਂ ਲਿਖੀ, ਕਦੀ ਕਦੀ ਵਿਸ਼ੇਸ਼ ਪੱਤਰਾਂ ਵਿਚ ਲੇਖ ਦਿੰਦੇ ਰਹਿੰਦੇ ਸਨ। ਬਹੁਤ ਉੱਤਮ ਆਚਾਰ ਤੇ ਵਿਚਾਰ ਦੇ ਮਾਲਕ ਸਨ।

28. ਸ: ਲਾਲ ਸਿੰਘ ਜੀ ਕਮਲਾ ਅਕਾਲੀ

ਸ: ਲਾਲ ਸਿੰਘ ਜੀ ਕਮਲਾ ਅਕਾਲੀ ਸਾਧੂ ਤੇ ਸਰਲ ਸੁਭਾ ਦੇ ਵਿਦਵਾਨ ਸੱਜਣ ਸਨ। ਅਤਿ ਦਰਜੇ ਦੇ ਸਾਊ ਤੇ ਗੰਭੀਰ ਵਿਚਾਰਵਾਨ ਸਨ। ਆਪ ਪਿੰਡ ਭਨੌੜ, ਜ਼ਿਲ੍ਹਾ ਲੁਧਿਆਣਾ ਦੇ ਵਸਨੀਕ ਸਨ। ਆਪ ਜੀ ਨੂੰ ਲਿਖਣ ਦਾ ਸ਼ੌਕ ਪਹਿਲੇ ਤੋਂ ਹੀ ਸੀ। ਪਹਿਲੇ ਆਪ ਕੁਝ ਸਮਾਂ ਬਰਮਾ ਵਿਚ ਪ੍ਰੋਫ਼ੈਸਰ ਰਹੇ, ਫਿਰ ਵਕਾਲਤ ਕੀਤੀ। ਪੰਜਾਬ ਅਸੈਂਬਲੀ ਦੇ ਮੈਂਬਰ ਵੀ ਰਹੇ। ਇਸ ਤੋਂ ਬਾਅਦ *ਰੋਜ਼ਾਨਾ ਅਜੀਤ* ਲਾਹੌਰ, ਕਾਫ਼ੀ ਸਮਾਂ ਐਡਿਟ ਕਰਦੇ ਰਹੇ। ਆਪ ਜੀ ਦੀਆਂ ਰਚਨਾਵਾਂ ਹੇਠ ਲਿਖੇ ਅਨੁਸਾਰ ਹਨ :

1. *ਮੇਰਾ ਵਲੈਤੀ ਸਫ਼ਰਨਾਮਾ*, 2. *ਮੌਤ ਰਾਣੀ ਦਾ ਘੁੰਡ*, 3. *ਸੈਲਾਨੀ ਦੇਸ਼-ਭਗਤ*, 4. *ਜੀਵਨ ਨੀਤੀ*, 5. *ਮਨ ਦੀ ਮੌਜ*, 6. *ਵਿਗਿਆਨਕ ਲੇਖ*, 7. *ਕਮਾਲਾਂ ਦੇ ਕੋਟ*, 8. *ਭਾਰਤ ਦੇ ਭਰਪੂਰ ਭੰਡਾਰੇ*।

ਕੁਝ ਚੀਜ਼ਾਂ ਆਪ ਨੇ ਕਹਾਣੀ ਰੂਪ ਵਿਚ ਲਿਖੀਆਂ, ਪਰ ਉਹ ਸੰਕਲਿਤ ਹੋ ਕੇ ਕਿਤਾਬੀ ਰੂਪ ਨਹੀਂ ਧਾਰ ਸਕੀਆਂ, ਜਿਵੇਂ ਕਿ :

1. *ਕਮਲਾ ਅਕਾਲੀ*, 2. *ਸਰਬਲੋਹ ਦੀ ਵਹੁਟੀ*, 3. *ਕਰਮ ਗਤਿ*, 4. *ਗੁੰਮਨਾਮ ਯੋਧਾ*, 5. *ਲੰਡਨ ਵਿਚ ਦਰਸ਼ਨ*, 6. *ਸਾਇਕਲ ਵਾਲੀ*, 7. *ਇਕ ਅੱਧਾ ਮਿੰਟ*।

29. ਸ: ਗੁਰਬਖ਼ਸ਼ ਸਿੰਘ ਜੀ ਪ੍ਰੀਤਲੜੀ

ਸਰਦਾਰ ਗੁਰਬਖ਼ਸ਼ ਸਿੰਘ ਸੰਪਾਦਕ *ਪ੍ਰੀਤਲੜੀ* ਚੋਣਵੇਂ ਸੂਝਵਾਨ ਪੰਜਾਬੀਆਂ ਵਿੱਚੋਂ ਇਕ ਸਨ। ਆਪ ਨੇ ਆਪਣੀ ਕਲਮ ਰਾਹੀਂ ਪੰਜਾਬੀ ਨੌਜਵਾਨਾਂ ਤੇ ਖ਼ਾਸ ਕਰਕੇ

ਸਿੱਖ ਨੌਜਵਾਨਾਂ 'ਤੇ ਵਿਸ਼ੇਸ਼ ਪ੍ਰਭਾਵ ਪਾਇਆ। ਜਨਮ ਅਪ੍ਰੈਲ 1895 ਈ: ਵਿਚ ਸਿਆਲਕੋਟ ਹੋਇਆ। ਅਮਰੀਕਾ ਤੋਂ ਉੱਚੀ ਵਿੱਦਿਆ ਪ੍ਰਾਪਤ ਕੀਤੀ ਤੇ ਦੇਸ਼ ਆ ਕੇ ਨੌਸ਼ਹਿਰੇ ਤੋਂ 1933 ਵਿਚ *ਪ੍ਰੀਤਲੜੀ* ਮਾਸਕ ਪੱਤਰ ਸ਼ੁਰੂ ਕੀਤਾ। ਪਹਿਲੇ ਪਹਿਲ ਸਿੱਖ ਸਮਾਜ ਵਿਚ ਪਏ ਵਹਿਮਾਂ ਤੇ ਭਰਮ-ਭੁਲੇਖਿਆਂ ਦੇ ਸੁਧਾਰ ਲਈ ਲਿਖਦੇ ਰਹੇ। ਫਿਰ ਸਮੁੱਚੇ ਤੌਰ 'ਤੇ ਮਜ਼ਹਬੀ ਤੇ ਸਮਾਜਿਕ ਸੁਧਾਰ ਲਈ ਕਲਮ ਵਾਹੁਣ ਲੱਗੇ। ਆਪ ਦੀ ਕਲਮ ਦਾ ਰੁਝਾਨ ਰਾਜਨੀਤਕ ਸੁਧਾਰ ਵੱਲ ਜ਼ਿਆਦਾ ਸੀ।

ਆਪ ਦੀ ਕਲਮ ਵਿਚ ਇਕ ਅਜੀਬ ਸਾਹਿੱਤਕ ਜਾਦੂਗਰੀ ਸੀ, ਜਿਸ ਦੇ ਅਸਰ ਤੋਂ ਕੋਈ ਸਿਆਣਾ ਪਾਠਕ ਨਹੀਂ ਸੀ ਬਚ ਸਕਦਾ। ਅੱਜ ਨਵੀਨ ਪੰਜਾਬੀ ਪੋਚ ਦਾ ਅਗਾਂਹ ਵਧੂ ਦ੍ਰਿਸ਼ਟੀਕੋਣ ਬਣਾਉਣ ਵਿਚ ਆਪ ਦੀ ਕਲਮ ਦਾ ਸਭ ਤੋਂ ਵਧੀਕ ਹਿੱਸਾ ਹੈ। ਆਪ ਨੇ ਜੀਵਨ-ਉੱਨਤੀ ਲਈ ਵਿਸ਼ੇਸ਼ ਸਾਹਿੱਤ ਪੈਦਾ ਕੀਤਾ। ਕਹਾਣੀਆਂ ਤੇ ਇਕਾਂਗੀ ਵੀ ਲਿਖੇ। ਉੱਤਮ ਅਨੁਵਾਦ ਵੀ ਕੀਤੇ। ਸਿੱਖ ਗੁਰੂਆਂ ਸੰਬੰਧੀ ਆਪ ਦੀ ਲਿਖੀ *ਪਰਮ ਮਨੁੱਖ* ਪੁਸਤਕ ਖ਼ਾਸ ਪ੍ਰਸਿੱਧੀ ਰੱਖਦੀ ਹੈ। ਆਪ ਜੀ ਦੀਆਂ ਪ੍ਰਕਾਸ਼ਿਤ ਰਚਨਾਵਾਂ ਇਹ ਹਨ:

1. *ਪ੍ਰੀਤ ਮਾਰਗ*, 2. *ਕੁਦਰਤੀ ਮਜ਼ਬ*, 3. *ਖੁਲ੍ਹਾ ਦਰ*, 4. *ਸਾਵੀਂ ਪੱਧਰੀ ਜ਼ਿੰਦਗੀ*, 5. *ਸੁਖਾਵੀਂ ਜ਼ਿੰਦਗੀ*, 6. *ਨਵਾਂ ਸ਼ਿਵਾਲਾ*, 7. *ਪ੍ਰਸੰਨ ਲੰਮੀ ਉਮਰ*, 8. *ਭਖਦੀ ਜੀਵਨ ਚੰਗਿਆੜੀ*, 9. *ਖ਼ੁਸ਼ਹਾਲ ਜੀਵਨ*, 10. *ਚੰਗੇਰੀ ਦੁਨੀਆ*, 11. *ਸ੍ਵੈਪੂਰਨਤਾ ਦੀ ਲਗਨ*, 12. *ਮਨੋਹਰ ਸ਼ਖ਼ਸੀਅਤ*, 13. *ਪਰਮ ਮਨੁੱਖ*, 14. *ਮੇਰੇ ਝਰੋਖੇ 'ਚੋਂ*, 15. *ਸਾਡੇ ਵਾਰਸ*, 16. *ਜ਼ਿੰਦਗੀ ਦੇ ਸਕੂਲ 'ਚੋਂ*, 17. *ਇਕ ਦੁਨੀਆ ਦੇ ਤੇਰਾਂ ਸੁਪਨੇ*, 18. *ਮੇਰੀਆਂ ਅਭੁੱਲ ਯਾਦਾਂ*, 19. *ਜ਼ਿੰਦਗੀ ਦੀ ਰਾਸ*, 20. *ਜ਼ਿੰਦਗੀ ਦੀ ਕਵਿਤਾ*, 21. *ਨਵੀਂ ਤਕੜੀ ਦੁਨੀਆ*, 22. *ਇਕ ਝਾਤ ਪੂਰਬ ਪੱਛਮ 'ਤੇ*, 23. *ਤਾਜ ਤੇ ਸੂਰ*, 24. *ਰੀਝਾਂ ਦੀ ਖੱਡੀ*, 25. *ਰੋਜ਼ਾਨਾ ਜ਼ਿੰਦਗੀ ਦੀ ਸਿਖਿਆ*, 26. *ਪ੍ਰਣ ਪੁਸਤਕ*, 27. *ਮੇਰੀ ਜੀਵਨ ਕਹਾਣੀ* (1 ਭਾਗ), 28. *ਮੰਜ਼ਲ ਦਿਸ ਪਈ* (2 ਭਾਗ), 29. *ਅਣਵਿਆਹੀ ਮਾਂ* (ਨਾਵਲ), 30. *ਰਾਜਕੁਮਾਰੀ ਲਤਿਕਾ* (ਨਾਟਕ), 31. *ਪ੍ਰੀਤਮਣੀ*, 32. *ਪ੍ਰੀਤ ਮੁਕਟ*, 33. *ਪੂਰਬ ਪੱਛਮ*, 34. *ਕੋਧਰੇ ਦੀ ਰੋਟੀ*, 35. *ਸਾਡੀ ਹੋਣੀ ਦਾ ਲਿਸ਼ਕਾਰਾ*, 36. *ਪ੍ਰੀਤ ਕਹਾਣੀਆਂ* (ਕਹਾਣੀ), 37. *ਅਨੋਖੇ ਤੇ ਇਕੱਲੇ*, 38. *ਵੀਣਾ ਵਿਨੋਦ ਅਸਮਾਨੀ ਮਹਾਂਨਦੀ*, 39. *ਨਾਗ ਪ੍ਰੀਤ ਦਾ ਜਾਦੂ*, 40. *ਪ੍ਰੀਤਾਂ ਦੀ ਪਹਿਰੇਦਾਰ*, 41. *ਜ਼ਿੰਦਗੀ ਵਾਰਸ ਹੈ*, 42. *ਸ਼ਬਨਮ*, 43. *ਮੇਰੀ ਗੁਲਬਦਨ*, 44. *ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ*, 45. *ਏਸ਼ੀਆ ਦਾ ਚਾਨਣ* (ਐ. ਆਰਨਲਡ), 46. *ਸੁਪਨੇ* (ਆਲਵ ਸ਼ਰੀਨਰ), 47. *ਮਾਂ* (ਗੋਰਕੀ), 48. *ਮੋਲੀਏਰ ਦੇ ਨਾਟਕ*, 49. *ਘਾਹ ਪੱਤੀਆਂ* (ਵਾਲਟ ਵਿਟਮੈਨ)।

30. ਸਰਦਾਰ ਜੀ.ਬੀ. ਸਿੰਘ ਜੀ

ਸ: ਜੀ.ਬੀ ਸਿੰਘ ਜੀ ਚੋਟੀ ਦੇ ਚਿੰਤਕ ਸਿੱਖ ਵਿਦਵਾਨਾਂ ਵਿੱਚੋਂ ਹੋਏ ਹਨ, ਜਿਨ੍ਹਾਂ ਦੀਆਂ ਖੋਜ ਪੂਰਤ ਲਿਖਤਾਂ ਭੁਲਾਈਆਂ ਜਾਣ ਵਾਲੀਆਂ ਨਹੀਂ। ਪ੍ਰਾਚੀਨ ਬੀੜਾਂ

ਨਾਮੀ ਪੁਸਤਕ ਦੀਆਂ ਕਈ ਗੱਲਾਂ ਨੇ ਆਪ ਬਾਰੇ ਸਿੱਖ ਕੌਮ ਵਿਚ ਹੋਰ ਤਰ੍ਹਾਂ ਦਾ ਵਾਯੂ ਮੰਡਲ ਪੈਦਾ ਕਰ ਦਿੱਤਾ ਸੀ, ਜੋ ਕਾਫ਼ੀ ਦਰੁੱਸਤ ਵੀ ਸੀ ਤੇ ਕਾਫ਼ੀ ਗ਼ਲਤ ਫ਼ਹਿਮੀ 'ਤੇ ਨਿਰਭਰ ਵੀ। ਖ਼ੈਰ! ਉਹਨਾਂ ਦੀ ਵਿਦਵਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਆਪ ਅੰਗਰੇਜ਼ੀ, ਫ਼ਾਰਸੀ, ਸੰਸਕ੍ਰਿਤ ਆਦਿ ਦੇ ਚੰਗੇ ਵਿਦਵਾਨ ਸਨ ਤੇ ਧਰਮ, ਫਿਲਾਸਫੀ, ਇਤਿਹਾਸ, ਭਾਸ਼ਾ ਤੇ ਲਿਪੀ-ਵਿਗਿਆਨ ਨਾਲ ਆਪ ਦੀ ਖ਼ਾਸ ਦਿਲਚਸਪੀ ਸੀ।

ਆਪ ਦਾ ਜਨਮ ਪਿੰਡ ਗਜਿਆਣਾ, ਜ਼ਿਲ੍ਹਾ ਗੁਜਰਾਂਵਾਲਾ ਵਿਖੇ ਸ: ਤੇਜਾ ਸਿੰਘ ਜੀ ਕਪੂਰ ਦੇ ਘਰ 18 ਫ਼ਰਵਰੀ ਸੰਨ 1877 ਈ: ਨੂੰ ਹੋਇਆ। ਉੱਚੀ ਵਿੱਦਿਆ ਹਾਸਿਲ ਕਰ ਕੇ ਇੰਜੀਨੀਅਰੀ ਦਾ ਕੋਰਸ ਪਾਸ ਕੀਤਾ, ਫਿਰ ਮੁਲਾਜ਼ਮਤ ਵਿਚ ਆ ਗਏ ਤੇ ਇਸ ਮਹਿਕਮੇ ਦੇ ਡਾਇਰੈਕਟਰ ਵੀ ਰਹੇ। ਕੁਝ ਸਮਾਂ ਪੋਸਟ ਮਾਸਟਰ ਜਨਰਲ ਦੇ ਅਹੁਦੇ 'ਤੇ ਵੀ ਕੰਮ ਕੀਤਾ। ਖ਼ਾਲਸਾ ਕਾਲਜ ਕੌਂਸਲ ਤੇ ਸਿੱਖ ਨੈਸ਼ਨਲ ਕਾਲਜ ਕੌਂਸਲ ਦੇ ਮੈਂਬਰ ਹੋਣ ਦਾ ਵੀ ਆਪ ਨੂੰ ਮਾਨ ਪ੍ਰਾਪਤ ਰਿਹਾ। ਨੌਕਰੀ ਦੇ ਦੌਰਾਨ ਆਪ ਨੂੰ ਹਿੰਦ ਭਰ ਵਿਚ ਚੱਕਰ ਲਾਉਣ ਦਾ ਮੌਕਾ ਮਿਲਿਆ ਤੇ ਇਸ ਸਮੇਂ ਇਤਿਹਾਸਕ ਲਿਖਤਾਂ ਤੇ ਹੋਰ ਪੁਰਾਤਨ ਮਸਾਲਾ ਸੰਗ੍ਰਹਿ ਕਰਦੇ ਰਹੇ ਤੇ ਨਾਲ ਨਾਲ ਮਾਸਕ ਪੱਤਰਾਂ ਤੇ ਅਖ਼ਬਾਰਾਂ ਵਿਚ ਕੀਤੀਆਂ ਖੋਜਾਂ ਪਾਠਕਾਂ ਦੇ ਸਾਹਮਣੇ ਰੱਖਦੇ ਰਹੇ। ਆਪ ਦੇ ਲੇਖ *ਖ਼ਾਲਸਾ ਸਮਾਚਾਰ*, *ਖ਼ਾਲਸਾ ਸੇਵਕ*, *ਫੁਲਵਾੜੀ*, *ਪ੍ਰੀਤਲੜੀ*, *ਪੰਜ ਦਰਿਆ*, *ਪੰਜਾਬੀ ਸਾਹਿੱਤ*, *ਦੀ ਸਿੱਖ ਰੀਵੀਊ*, *ਦੀ ਢਾਕਾ ਰੀਵੀਊ* ਤੇ *ਫ਼੍ਰੀ ਥਿੰਕਰ* ਆਦਿ ਪੱਤਰਾਂ ਵਿਚ ਪ੍ਰਕਾਸ਼ਤ ਹੁੰਦੇ ਰਹੇ ਹਨ। ਦੇਸ਼ ਦੀ ਵੰਡ ਹੋ ਜਾਣ ਬਾਅਦ ਆਪ ਆਪਣੇ ਸਪੁੱਤਰ ਡਾ. ਹਰਬੰਸ ਸਿੰਘ ਕਪੂਰ ਪਾਸ ਵਲਾਇਤ ਚਲੇ ਗਏ। ਉਥੇ ਜਾ ਕੇ 'ਰੈਸ਼ਨਲਿਸਟਸ ਐਸੋਸੀਏਸ਼ਨ' (ਬੁੱਧੀਵਾਦੀ ਸਭਾ) ਦੇ ਮੈਂਬਰ ਬਣੇ ਤੇ ਉਹਨਾਂ ਦੇ ਮਾਸਕ ਪੱਤਰ *ਫ਼੍ਰੀ ਥਿੰਕਰ* ਲਈ ਲੇਖ ਲਿਖਦੇ ਰਹੇ। ਜਿਸ ਵੇਲੇ ਆਪ ਸਿੱਖ ਇਤਿਹਾਸ ਬਾਰੇ ਆਪਣੀਆਂ ਖੋਜਾਂ ਨੂੰ ਆਖ਼ਰੀ ਰੂਪ ਦੇ ਰਹੇ ਸਨ ਤਾਂ ਅਚਾਨਕ ਪਰਮਾਤਮਾ ਦੇ ਹੁਕਮ ਅਨੁਸਾਰ 21 ਜਨਵਰੀ, 1950 ਈ: ਨੂੰ ਨੋਰਵਿਚ (ਇੰਗਲੈਂਡ) ਵਿਚ ਚਲਾਣਾ ਕਰ ਗਏ। ਆਪ ਦੀਆਂ ਪ੍ਰਸਿੱਧ ਰਚਨਾਵਾਂ ਇਹ ਹਨ:

1. *ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪ੍ਰਾਚੀਨ ਬੀੜਾਂ*, 2. *ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ*, 3. *ਭਗਤੀ ਮਾਰਗ* (ਭਗਤੀ ਸੂਤ੍ਰਾਂ ਦਾ ਅਨੁਵਾਦ), 4. *ਸਿੱਖ ਧਰਮ ਉਦਯ*, 5. *ਵੈਸ਼ਨਵ ਮਤ*, 6. *ਸ੍ਰੀ ਜੈਦੇਵ ਚਰਿਤ੍ਰ*, 7. *ਮੀਰਾਂ ਬਾਈ ਦਾ ਜੀਵਨ*, 8. *ਭਗਤ ਨਾਮਦੇਵ ਜੀ ਦਾ ਜੀਵਨ ਚਰਿਤ੍ਰ* (ਤਿੰਨ ਭਾਗ), 9. *ਸ਼ੇਖ਼ ਫ਼ਰੀਦ ਜੀ ਦਾ ਜੀਵਨ ਚਰਿਤ੍ਰ* (ਦੋ ਭਾਗ), 10. *ਵੈਦਿਕ ਰਿਸ਼ੀਆਂ ਦੇ ਇਲਮ ਹੁਨਰ*, 11. *ਵੈਦਕ ਜਾਦੂਗਰੀ*, 12. *ਵੈਦਕ ਕੁਰਬਾਨੀਆਂ*, 13. *ਯੋਗ ਦਰਸ਼ਨ*, 14. *ਗੀਤਾ ਸਾਰ*, 15. *ਭਰਤਰੀਹਰੀ ਦੇ ਤ੍ਰੈਸ਼ਤਕ*, 16. *ਹਠ ਯੋਗ ਪ੍ਰਦੀਪਿਕਾ*, 17. *ਕਿਆ ਵੇਦ ਇਲਹਾਮੀ ਹੈਂ* (ਉਰਦੂ), 18. *ਨਿਯੋਗ* (ਉਰਦੂ), 19. *ਵੈਦਕ ਰੀਤੀ* (ਉਰਦੂ), 20. *ਲਾਈਫ਼ ਐਂਡ ਟੀਚਿੰਗਜ਼ ਆਫ਼ ਭਗਤ ਨਾਮਦੇਵ* (ਅੰਗਰੇਜ਼ੀ), 21. *ਸਾਖੀਆਂ ਦੀ ਹਕੀਕਤ* (ਅਲ.), 22. *ਸਿੱਖ ਇਤਿਹਾਸ* (3 ਭਾਗ, ਅਪ੍ਰਕਾਸ਼ਤ)।

31. ਸ: ਸਰਦੂਲ ਸਿੰਘ ਜੀ ਕਵੀਸ਼ਰ

ਸ: ਸਰਦੂਲ ਸਿੰਘ ਜੀ ਕਵੀਸ਼ਰ ਦਾ ਸੰਬੰਧ ਮਹਾਰਾਜਾ ਰਣਜੀਤ ਸਿੰਘ ਜੀ ਦੇ ਦਰਬਾਰੀ ਕਵੀਸ਼ਰ ਖ਼ਾਨਦਾਨ ਨਾਲ ਹੈ। ਆਪ ਦਾ ਜਨਮ ਪਿੰਡ ਬਾਗੜੀਆਂ ਸ: ਕ੍ਰਿਪਾਲ ਸਿੰਘ ਜੀ ਦੇ ਘਰ ਹੋਇਆ। ਕਹਿੰਦੇ ਹਨ ਕਿ ਜਦੋਂ ਆਪ ਜੀ ਦੇ ਦਾਦਾ ਜੀ ਅੰਗਰੇਜ਼ਾਂ ਦੀ ਜੇਲ੍ਹ ਤੋਂ ਰਿਹਾਅ ਹੋ ਕੇ ਪਟਿਆਲੇ ਆਏ ਤਾਂ ਮਹਾਰਾਜਾ ਸਾਹਿਬ ਪਟਿਆਲਾ ਨੇ ਆਪ ਦੀ ਸਵਾਰੀ ਲਈ ਹਾਥੀ ਭੇਜਿਆ, ਮਗਰ ਆਪ ਨੇ ਇਨਕਾਰ ਕਰ ਦਿੱਤਾ। ਫਿਰ ਆਪ ਨੂੰ ਦੀਵਾਨੀ ਦੇ ਅਹੁਦੇ ਦੀ ਪੇਸ਼ਕਸ਼ ਕੀਤੀ, ਪਰੰਤੂ ਆਪ ਨਾ ਮੰਨੇ ਤੇ ਆਪਣੇ ਕਵੀ ਅੰਦਾਜ਼ ਵਿਚ ਆਖਿਆ :

ਜਬ ਏਕ ਕਰੀ ਕੀ ਨਾਹਿ ਕਰੀ,
ਤਬ ਨੌ ਕਰੀ ਕਿਉਂ ਮਨਜ਼ੂਰ ਕਰੀ।

ਇਸ ਦੇ ਦੋ ਅਰਥ ਹਨ ਕਿ ਜਦੋਂ ਪਹਿਲੇ ਹੀ ਕਰੀ (ਹਾਥੀ ਦੀ ਸਵਾਰੀ) ਤੋਂ ਇਨਕਾਰ ਕਰ ਦਿੱਤਾ, ਫਿਰ ਨੌਕਰੀ ਕਿਵੇਂ ਪ੍ਰਵਾਨ ਕੀਤੀ ਜਾ ਸਕਦੀ ਹੈ। ਦੂਸਰਾ ਅਰਥ ਹੈ ਕਿ ਜਦੋਂ ਇਕ ਕੜੀ (ਜ਼ੰਜੀਰ) ਪਹਿਨਣੋਂ ਨਾਂਹ ਕੀਤੀ ਗਈ ਹੈ ਤਾਂ ਫਿਰ ਨੌਂ ਕਰੀ (ਨੌਂ ਕੜੀਆਂ-ਨੌਂ ਜ਼ੰਜੀਰਾਂ) ਕਿਵੇਂ ਸਵੀਕਾਰ ਕੀਤੀਆਂ ਜਾ ਸਕਦੀਆਂ ਹਨ। ਕਵੀਸ਼ਰ ਸਾਹਿਬ ਆਪਣੇ ਬਜ਼ੁਰਗਾਂ ਵਾਂਗ ਬੜੇ ਉਦਾਰਚਿਤ ਤੇ ਬੇਪਰਵਾਹ ਤਬੀਅਤ ਦੇ ਮਾਲਕ ਸਨ। 12 ਸਾਲ ਸਰਬ ਹਿੰਦ ਕਾਂਗਰਸ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਰਹਿ ਚੁੱਕੇ ਸਨ ਤੇ ਫ਼ਾਰਵਰਡ ਬਲਾਕ ਦੇ ਵੀ ਪ੍ਰੈਜ਼ੀਡੈਂਟ ਰਹੇ। ਆਪ ਨੇ ਸ਼੍ਰੀ ਸੁਭਾਸ਼ ਚੰਦਰ ਬੋਸ ਨਾਲ ਮਿਲ ਕੇ ਕਾਫ਼ੀ ਕੰਮ ਕੀਤਾ। ਆਪ ਜਿਥੇ ਬਤੌਰ ਸਿਆਸਤਦਾਨ ਦੇ ਕਾਫ਼ੀ ਪ੍ਰਸਿੱਧੀ ਰੱਖਦੇ ਸਨ, ਉਥੇ ਮੰਨੇ-ਪ੍ਰਮੰਨੇ ਲਿਖਾਰੀ ਤੇ ਜ਼ੋਰਦਾਰ ਸਪੀਕਰ ਵੀ ਸਨ। *ਸਿਖ ਰੀਵੀਊ* ਅੰਗਰੇਜ਼ੀ ਮਾਸਕ ਪੱਤਰ ਵੀ ਸੰਪਾਦਨ ਕਰਦੇ ਰਹੇ। ਪਤਾ ਲੱਗਾ ਹੈ ਕਿ ਆਪ ਨੇ ਗੁਰਮਤਿ ਸਿਧਾਂਤ ਸੰਬੰਧੀ ਇਕ ਵੱਡੀ ਅੰਗਰੇਜ਼ੀ ਪੁਸਤਕ ਲਿਖ ਰੱਖੀ ਹੈ, ਜੋ ਅਜੇ ਛਪ ਨਹੀਂ ਸਕੀ। ਆਪ ਦੀਆਂ ਛਪੀਆਂ ਰਚਨਾਵਾਂ ਇਹ ਹਨ :

1. *ਸਿੱਖ ਸਟੱਡੀਜ਼* (ਅੰਗਰੇਜ਼ੀ), 2. *ਗੁਰੂ ਨਾਨਕ ਐਂਡ ਦੀ ਵਰਲਡ ਪੀਸ* (ਅੰਗਰੇਜ਼ੀ), 3. *ਗੁਰੂ ਗੋਬਿੰਦ ਸਿੰਘ ਐਂਡ ਨੈਸ਼ਨਲ ਮੂਵਮੈਂਟ* (ਅੰਗਰੇਜ਼ੀ), 4. *ਦੀ ਕਰਾਸ ਐਂਡ ਦੀ ਕਰਾਊਨ* (ਅੰਗਰੇਜ਼ੀ), 5. *ਰੀਪਬਲਕਨਿਜ਼ਮ ਇਨ ਰਿਲੀਜਨ* (ਅੰਗਰੇਜ਼ੀ), 6. *ਸਪਿਰਟ ਆਫ਼ ਸਿਖਿਜ਼ਮ* (ਅੰਗਰੇਜ਼ੀ), 7. *ਟੂ ਜਿਊਲਜ਼ ਆਫ਼ ਦੀ ਹਾਊਸ ਆਫ਼ ਦੀ ਫੂਲ* (ਅੰਗਰੇਜ਼ੀ), 8. *ਦੀ ਪਰਾਬਲਮ ਆਫ਼ ਲਾਈਫ਼ ਹੌ ਗੁਰੂ ਨਾਨਕ ਸਾਲਵਡ ਇਟ* (ਅੰਗਰੇਜ਼ੀ), 9. *ਦੀ ਸਿਟੀ ਆਫ਼ ਜੁਆਇ* (ਅੰਗਰੇਜ਼ੀ), 10. *ਸਾਕਾ ਨਨਕਾਣਾ ਸਾਹਿਬ*।

32. ਮਾਸਟਰ ਤਾਰਾ ਸਿੰਘ ਜੀ

ਮਾਸਟਰ ਤਾਰਾ ਸਿੰਘ ਜੀ ਜਿਤਨੀ ਰਾਜਨੀਤਕ ਮੰਡਲ ਵਿਚ ਪ੍ਰਸਿੱਧੀ ਰੱਖਦੇ ਸਨ, ਮੇਰੀ ਰਾਇ ਵਿਚ ਉਨ੍ਹਾਂ ਦੀ ਬਤੌਰ ਚਿੰਤਕ (Thinker) ਦੇ ਇਸ ਨਾਲੋਂ ਵਧੇਰੇ

ਮਹੱਤਤਾ ਹੈ। ਉਨ੍ਹਾਂ ਦੀ ਲਿਖਤ ਭਾਵੇਂ ਉਹ ਰਾਜਨੀਤਕ ਹੈ, ਭਾਵੇਂ ਧਾਰਮਿਕ, ਮੰਤਕ-ਭਰਪੂਰ ਮੌਲਿਕ ਸਿਆਣਪ ਨਾਲ ਗੁੱਧੀ ਹੁੰਦੀ ਹੈ। ਆਪ ਦਾ ਮੰਤਕੀ ਚੱਕਰ ਪਾਠਕ ਨੂੰ ਪ੍ਰਭਾਵਿਤ ਕੀਤੇ ਬਿਨਾਂ ਨਹੀਂ ਰਹਿ ਸਕਦਾ। ਮੇਰਾ ਖ਼ਿਆਲ ਹੈ ਕਿ ਜੇਕਰ ਉਨ੍ਹਾਂ ਨੂੰ ਰਾਜਨੀਤਕ ਅਖਾੜਿਆਂ ਵਿਚ ਨਾ ਘੁਲਣਾ ਪੈਂਦਾ, ਤਾਂ ਸ਼ਾਇਦ ਉਹ ਚੋਟੀ ਦੇ ਫਿਲਾਸਫਰ ਹੁੰਦੇ। ਆਪ ਦੀਆਂ *ਅਕਾਲੀ* ਅਖ਼ਬਾਰ ਤੇ *ਸੰਤ ਸਿਪਾਹੀ* ਵਿਚ ਛਪੀਆਂ ਲਿਖਤਾਂ ਪੜ੍ਹਨ ਵਾਲੀਆਂ ਹਨ।

ਆਪ ਦਾ ਜਨਮ 24 ਜੂਨ, 1885 ਈ: ਬਖ਼ਸ਼ੀ ਗੋਪੀ ਚੰਦ ਦੇ ਘਰ ਪਿੰਡ ਹਰਿਆਲ, ਜ਼ਿਲ੍ਹਾ ਰਾਵਲਪਿੰਡੀ ਵਿਚ ਹੋਇਆ। ਬੀ.ਏ. ਪਾਸ ਕਰਨ ਪਿੱਛੋਂ 15/- ਰੁਪਏ 'ਤੇ ਹੈੱਡ-ਮਾਸਟਰੀ ਦੀ ਸੇਵਾ ਕੀਤੀ। ਫਿਰ ਰਾਜਨੀਤਕ ਖੇਤਰ ਵਿਚ ਆ ਗਏ। *ਅਕਾਲੀ* ਅਖ਼ਬਾਰ ਦੇ ਸੰਪਾਦਕ ਰਹੇ। ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਕਾਫ਼ੀ ਸਮਾਂ ਪ੍ਰਧਾਨ ਰਹੇ। ਆਪ ਦੀ ਸੰਪਾਦਕੀ ਹੇਠ *ਸੰਤ ਸਿਪਾਹੀ* ਮਾਸਕ ਪੱਤਰ ਪ੍ਰਕਾਸ਼ਤ ਹੁੰਦਾ ਰਿਹਾ, ਜਿਸ ਤੋਂ ਆਪ ਜੀ ਦੇ ਨੀਤਕ ਤੇ ਧਾਰਮਿਕ ਵਿਚਾਰ ਪੜ੍ਹੇ ਜਾ ਸਕਦੇ ਹਨ। ਹੈਰਾਨੀ ਹੁੰਦੀ ਹੈ ਕਿ ਇਤਨੀ ਨੱਸ ਭੱਜ ਕਰਨ ਵਾਲਾ ਲੀਡਰ ਫਿਰ ਕਾਫ਼ੀ ਚੰਗਾ ਲਿਖਣ ਲਈ ਵੀ ਵਿਹਲ ਕੱਢ ਲੈਂਦਾ ਸੀ। *ਬਾਬਾ ਤੇਗ਼ਾ ਸਿੰਘ* ਆਪ ਦੀ ਉਹ ਰਚਨਾ ਹੈ, ਜਿਸ ਵਿਚ ਸਿੱਖ ਕੌਮ ਦਾ ਅੰਗਰੇਜ਼ ਵਿਰੋਧੀ ਜਜ਼ਬਾ ਪ੍ਰਤੱਖ ਮੂਰਤੀਮਾਨ ਹੋ ਰਿਹਾ ਹੈ। *ਪ੍ਰੇਮ ਲਗਨ* ਅਕਾਲੀ ਲਹਿਰ ਦਾ ਝਲਕਾਰਾ ਤੇ *ਕਿਉ ਵਰਨੀ ਕਿਵ ਜਾਣਾ* ਆਸਤਕਤਾ 'ਤੇ ਇਕ ਚੰਗੀ ਵਿਚਾਰ ਭਰਪੂਰ ਪੁਸਤਕ ਹੈ। ਆਪ ਦੇ ਖਿੰਡੇ-ਪੁੰਡੇ ਲੇਖ ਸੰਚਿਤ ਕਰਨ ਦੀ ਲੋੜ ਹੈ, ਜੋ ਕਿ ਪ੍ਰਕਾਸ਼ਕ ਤੇ ਪਾਠਕਾਂ ਦੋਹਾਂ ਲਈ ਲਾਭਵੰਦ ਹੋ ਸਕਦੇ ਹਨ। ਆਪ ਜੀ ਦੀਆਂ ਪ੍ਰਸਿੱਧ ਰਚਨਾਵਾਂ ਇਹ ਹਨ:

1. *ਪ੍ਰੇਮ ਲਗਨ*, 2. *ਬਾਬਾ ਤੇਗ਼ਾ ਸਿੰਘ*, 3. *ਕਿਉ ਵਰਨੀ ਕਿਵ ਜਾਣਾ*, 4. *ਮੇਰੀ ਯਾਦ*, 5. *ਸਿੱਖ ਰਾਜਨੀਤੀ*, 6. *ਚੜ੍ਹਦੀ ਕਲਾ*, 7. *ਪੰਥਕ ਨਿਸ਼ਾਨਾ*, 8. *ਗ੍ਰਹਿਸਤ ਧਰਮ ਸਿੱਖਿਆ* ਤੇ ਹੋਰ ਕਈ ਟ੍ਰੈਕਟ।

33. ਅਕਾਲੀ ਕੌਰ ਸਿੰਘ ਜੀ

ਅਕਾਲੀ ਕੌਰ ਸਿੰਘ ਜੀ ਦਾ ਮਹਾਨ ਵਿਅਕਤਿਤਵ ਉਨ੍ਹਾਂ ਸਿਦਕੀ ਸਿੱਖਾਂ ਜੈਸਾ ਹੈ, ਜਿਨ੍ਹਾਂ ਦਾ ਦਰਸ਼ਨ 'ਗੁਰਮੁਖਾਂ ਦਾ ਮੇਲ' ਆਖ ਕੇ ਰੋਜ਼ ਅਰਦਾਸ ਵਿਚ ਮੰਗਿਆ ਜਾਂਦਾ ਹੈ। ਆਪ ਜੀ ਨੇ ਸਿੱਖ ਸਾਹਿੱਤਕ ਦੁਨੀਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤਤਕਰਾ *ਸ੍ਰੀ ਗੁਰ ਸ਼ਬਦ ਰਤਨਾਕਰ ਪ੍ਰਕਾਸ਼* ਲਿਖ ਕੇ ਕੌਮ ਦੀ ਮਹਾਨ ਸੇਵਾ ਕੀਤੀ ਹੈ। ਇਸ ਤੋਂ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਿਸੇ ਤੁਕ ਦਾ ਵੀ ਪੰਨਾ ਦੇਖ ਕੇ ਪੂਰੀ ਤੁਕ ਲੱਭ ਸਕਦੇ ਹੋ, ਭਾਵੇਂ ਤੁਹਾਨੂੰ ਅੱਧੀ ਨਾਲੋਂ ਅੱਧੀ ਤੁਕ ਵੀ ਯਾਦ ਹੋਵੇ। ਆਪ ਨੇ ਇਹ ਕੰਮ 1907 ਈ: ਵਿਚ ਆਰੰਭਿਆ ਸੀ ਤੇ 10 ਮਾਰਚ, 1923 ਈ: ਨੂੰ ਪਿਸ਼ਾਵਰ ਵਿਚ ਪੂਰਾ ਕੀਤਾ। ਇਸ ਕੰਮ ਵਿਚ ਆਪ ਜੀ ਦੀ ਸਹਾਇਤਾ ਭਾਈ ਗੰਡਾ ਸਿੰਘ ਜੀ, ਭਾਈ ਜਗਨ ਨਾਥ ਸਿੰਘ ਤੇ ਅਕਾਲੀ ਹਜ਼ੂਰਾ ਸਿੰਘ ਆਦਿ ਨੇ ਕਾਫ਼ੀ ਕੀਤੀ।

ਆਪ ਦਾ ਜਨਮ ਪਿੰਡ ਪਧਰ (ਚਕਾਰ ਲਾਗੇ) ਰਿਆਸਤ ਕਸ਼ਮੀਰ ਵਿਚ ਭਾਈ ਮਹਾਂ ਸਿੰਘ ਜੀ ਦੇ ਘਰ ਮਹੀਨਾ ਹਾੜ 1943 ਬਿ: (1886 ਈ:) ਵਿਚ ਹੋਇਆ। ਚਕਾਰ ਵਿਖੇ 1928 ਈ: ਵਿਚ ਇਕ ਆਸ਼ਰਮ ਖੋਲ੍ਹਿਆ, ਜਿਥੇ ਆਪ ਵਿਦਿਆਰਥੀਆਂ ਨੂੰ ਵਿੱਦਿਆ ਦੇਣ ਦਾ ਪ੍ਰਬੰਧ ਕਰਦੇ ਰਹੇ। ਸੈਂਕੜੇ ਗ਼ਰੀਬਾਂ ਨੂੰ ਮੁਫ਼ਤ ਪੜ੍ਹਾਇਆ। ਇਕ ਚੰਗੀ ਲਾਇਬ੍ਰੇਰੀ ਵੀ ਬਣਾਈ, ਜਿਸ ਵਿਚ ਚਾਰ ਹਜ਼ਾਰ ਤੋਂ ਵਧੀਕ ਪੁਸਤਕਾਂ ਸਨ। ਆਪ ਦੀਆਂ ਪ੍ਰਸਿੱਧ ਰਚਨਾਵਾਂ ਇਹ ਹਨ:

1. *ਸ੍ਰੀ ਗੁਰ ਸ਼ਬਦ ਰਤਨਾਕਰ ਪ੍ਰਕਾਸ਼*, 2. *ਸ੍ਰੀ ਗੁਰ ਸੋਭਾ* (ਸੰਪਾਦਨ ਕੀਤੀ), 3. *ਇਸਤਰੀ ਸੰਕਟ ਮੋਚਨ*।

34. ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਇਕ ਮੰਨੇ-ਪ੍ਰਮੰਨੇ ਨਾਮ ਰਸੀਏ ਮਹਾਂਪੁਰਸ਼ ਹੋਏ ਹਨ। ਆਪ ਜੀ ਦੀ ਆਚਰਣਕ ਦ੍ਰਿੜ੍ਹਤਾ, ਕੁਰਬਾਨੀ ਤੇ ਸਿੱਖੀ ਸ਼ਰਧਾ ਪ੍ਰਸੰਸਾ ਦੀ ਨਜ਼ਰ ਨਾਲ ਵੇਖੀ ਜਾਂਦੀ ਹੈ। ਇਸੇ ਗੁਰਮੁਖੀ ਰੰਗਣ ਵਿਚ ਜੋ ਕੁਝ ਆਪ ਨੇ ਲਿਖਿਆ, ਉਹ ਵੀ ਇਕ ਨਿਰਾਲੀ ਸ਼ੈਲੀ ਤੇ ਅਨੋਖੇ ਰੰਗ ਢੰਗ ਦੀ ਰਚਨਾ ਹੈ। ਕਵਿਤਾ ਤੇ ਵਾਰਤਕ ਦੋਹਾਂ ਵਿਚ ਹੀ ਆਪ ਨੇ ਗੁਰਮਤਿ ਸਿਧਾਂਤਾਂ ਨੂੰ ਫ਼ਕੀਰੀ ਢੰਗ ਵਿਚ ਬਿਆਨ ਕੀਤਾ ਹੈ।

ਆਪ ਦਾ ਜਨਮ ਪਿੰਡ ਨਾਰੰਗਵਾਲ, ਜ਼ਿਲ੍ਹਾ ਲੁਧਿਆਣੇ ਵਿਖੇ ਹੋਇਆ। ਉੱਚੀ ਵਿੱਦਿਆ ਪ੍ਰਾਪਤ ਕਰ ਕੇ ਤਹਿਸੀਲਦਾਰੀ ਦੀ ਸਰਵਿਸ 'ਤੇ ਲੱਗ ਗਏ, ਪਰ ਆਜ਼ਾਦੀ ਦੀ ਸ਼ੌਕੀਨ ਤਬੀਅਤ ਨੂੰ ਇਹ ਬੰਧਨ ਨਾ ਭਾਏ ਅਤੇ ਸਰਗਰਮ ਅੰਦੋਲਨਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਇਕ ਕੇਸ ਵਿਚ ਉਮਰ ਕੈਦ ਦੀ ਸਜ਼ਾ ਹੋ ਗਈ। ਜੇਲ੍ਹ ਦੀ ਜ਼ਿੰਦਗੀ ਨੇ ਆਪ ਨੂੰ ਨਵੇਂ ਰੰਗ ਵਿਚ ਰੰਗ ਦਿੱਤਾ। ਹਰੀ ਕੀਰਤਨ ਵਿਚ ਰੱਤੇ ਰਹਿਣਾ ਆਪ ਦੀ ਬਿਰਤੀ ਦਾ ਖ਼ਾਸ ਗੁਣ ਹੈ। ਇਸੇ ਰੰਗ-ਰਤੀ ਚਾਲ ਵਿਚ ਹੀ ਆਪ ਦੀ ਲਿਖਤ ਚੱਲਦੀ ਹੈ। ਆਪ ਜੀ ਦੀਆਂ ਪ੍ਰਸਿੱਧ ਪੁਸਤਕਾਂ ਇਹ ਹਨ:

1. *ਜੇਲ੍ਹ ਚਿੱਠੀਆਂ* (ਤਿੰਨ ਹਿੱਸੇ), 2. *ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ?*, 3. *ਗੁਰਮਤਿ ਲੇਖ*, 4. *ਗੁਰਮਤਿ ਬਿਬੇਕ*, 5. *ਗੁਰਮਤਿ ਨਾਮ ਅਭਿਆਸ ਕਮਾਈ*, 6. *ਅਨਹਦ ਸ਼ਬਦ ਦਸਮ ਦੁਆਰ*, 7. *ਅਣਡਿੱਠੀ ਦੁਨੀਆ*, 8. *ਅੰਮ੍ਰਿਤ ਕਲਾ*, 9. *ਜੋਤਿ ਵਿਗਾਸ*, 10. *ਚਰਣ ਕਮਲ ਕੀ ਮਉਜ*, 11. *ਸੱਚਖੰਡ ਦਰਸ਼ਨ*, 12. *ਦਰਸ਼ਨ ਝਲਕਾਂ*, ਇਤਿਆਦਿ।

35. ਪ੍ਰੋ. ਸਾਹਿਬ ਸਿੰਘ ਜੀ

ਸਿੱਖ ਧਰਮ ਨੂੰ ਸਮਝਣ ਲਈ ਗੁਰਬਾਣੀ ਦਾ ਸਹੀ ਅਰਥ ਵਿਚਾਰ ਆਉਣਾ ਬੜਾ ਜ਼ਰੂਰੀ ਹੈ। ਪ੍ਰੋ. ਸਾਹਿਬ ਸਿੰਘ ਜੀ ਉਹ ਖੋਜੀ ਸੱਜਣ ਸਨ, ਜਿਨ੍ਹਾਂ ਪ੍ਰਾਚੀਨ ਵਿਆਕਰਣਿਕ ਨੇਮਾਂ ਅਨੁਸਾਰ ਗੁਰਬਾਣੀ ਦੇ ਅਰਥ ਸਿੱਖ ਸੰਗਤਾਂ ਸਾਹਵੇਂ ਰੱਖੇ।

ਆਪ ਅਤਿ ਦਰਜੇ ਦੇ ਮਿਹਨਤੀ ਤੇ ਸਰਲ ਸੁਭਾ ਵਿਦਵਾਨ ਸਨ, ਜੋ ਕਿ ਰਾਤ ਦਿਨ ਆਪਣੀ ਕਾਰ ਵਿਚ ਜੁਟੇ ਰਹਿੰਦੇ ਸਨ।

ਆਪ ਦਾ ਜਨਮ 16 ਫ਼ਰਵਰੀ, 1892 ਈ: ਨੂੰ ਪਿੰਡ ਥਰਪਾਲ, ਜ਼ਿਲ੍ਹਾ ਸਿਆਲਕੋਟ ਵਿਚ ਭਾਈ ਹੀਰਾ ਨੰਦ ਜੀ ਦੇ ਘਰ ਹੋਇਆ। ਮਿਹਨਤ ਨਾਲ ਵਿੱਦਿਆ ਪ੍ਰਾਪਤ ਕੀਤੀ। ਪਹਿਲੇ ਪਹਿਲ ਗੁਜਰਾਂਵਾਲਾ ਕਾਲਜ ਵਿਚ ਪ੍ਰੋਫ਼ੈਸਰ ਲੱਗੇ। ਫਿਰ 1921 ਤੋਂ 1927 ਤਕ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਬਤੌਰ ਮੀਤ ਸਕੱਤਰ ਸੇਵਾ ਨਿਭਾਹੁੰਦੇ ਰਹੇ। ਫਿਰ 1929 ਤਕ ਗੁਜਰਾਂਵਾਲੇ ਕਾਲਜ ਵਿਚ ਰਹੇ ਅਤੇ ਉਸ ਤੋਂ ਪਿੱਛੋਂ ਖ਼ਾਲਸਾ ਕਾਲਜ (ਅੰਮ੍ਰਿਤਸਰ) ਆ ਗਏ। ਆਪ ਨੂੰ *ਗੁਰਬਾਣੀ ਵਿਆਕਰਣ* ਪੁਸਤਕ ਲਿਖਣ 'ਤੇ ਸ੍ਰੀ ਦਰਬਾਰ ਸਾਹਿਬ ਕਮੇਟੀ ਵੱਲੋਂ ਇਕ ਹਜ਼ਾਰ ਰੁਪਿਆ ਇਨਾਮ ਦਿੱਤਾ ਗਿਆ। ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰ ਕੇ ਦਸ ਭਾਗਾਂ ਵਿਚ ਪ੍ਰਕਾਸ਼ਿਤ ਕੀਤਾ। ਆਪ ਜੀ ਦਾ ਦੇਹਾਂਤ 29 ਅਕਤੂਬਰ, 1977 ਈ: ਨੂੰ ਹੋਇਆ। ਆਪ ਜੀ ਦੀਆਂ ਪ੍ਰਸਿੱਧ ਪੁਸਤਕਾਂ ਇਹ ਹਨ:

1. *ਗੁਰਬਾਣੀ ਵਿਆਕਰਣ*, 2. *ਧਾਰਮਿਕ ਲੇਖ*, 3. *ਕੁਝ ਹੋਰ ਧਾਰਮਿਕ ਲੇਖ*, 4. *ਗੁਰਮਤਿ ਪ੍ਰਕਾਸ਼*, 5. *ਜਪੁਜੀ ਸਟੀਕ*, 6. *ਜਾਪੁ ਸਵੱਯੇ ਸਟੀਕ*, 7. *ਆਸਾ ਦੀ ਵਾਰ ਸਟੀਕ*, 8. *ਸੁਖਮਨੀ ਸਟੀਕ*, 9. *ਭਟ ਬਾਣੀ ਸਟੀਕ*, 10. *ਸਦ ਸਟੀਕ*, 11. *ਦਸ ਵਾਰਾਂ ਸਟੀਕ*, 12. *ਸਲੋਕ ਕਬੀਰ ਸਟੀਕ*, 13. *ਸਤੇ ਬਲਵੰਡ ਦੀ ਵਾਰ ਸਟੀਕ*, 14. *ਸਲੋਕ ਫਰੀਦ ਸਟੀਕ*, 15. *ਬਾਣੀ ਗੁਰੂ ਅੰਗਦ ਦੇਵ ਸਟੀਕ*, 16. *ਚਾਨਣ ਮੁਨਾਰੇ*, 17. *ਰੱਬੀ ਜਲਵਾ*, ਇਤਿਆਦਿ।

36. ਭਾਈ ਸੇਵਾ ਸਿੰਘ ਜੀ

ਭਾਈ ਸੇਵਾ ਸਿੰਘ ਜੀ ਐਡੀਟਰ *ਖ਼ਾਲਸਾ ਸਮਾਚਾਰ* ਚੁੱਪ-ਚਪੀਤੇ ਪੰਥਕ ਸੇਵਾ ਕ਼ਰਨ ਵਾਲੇ ਸਿਆਣੇ ਲਿਖਾਰੀਆਂ ਵਿੱਚੋਂ ਇਕ ਸਨ। ਆਪ ਦਾ ਜਨਮ 1882 ਈ: ਦੇ ਲਾਗੇ ਚਾਗੇ ਪਿੰਡ ਸਰਾਇ ਆਲਮਗੀਰ, ਜ਼ਿਲ੍ਹਾ ਗੁਜਰਾਤ ਵਿਚ ਸ: ਲਾਲ ਸਿੰਘ ਜੀ ਦੇ ਘਰ ਹੋਇਆ। ਪਹਿਲੇ ਪਿੰਡੀ ਘੇਬ ਸਕੂਲ ਵਿਚ ਕੰਮ ਕਰਦੇ ਰਹੇ, ਫਿਰ 1914 ਈ: ਵਿਚ *ਖ਼ਾਲਸਾ ਸਮਾਚਾਰ* ਅਖ਼ਬਾਰ ਵਿਚ ਕੰਮ ਕਰਨ ਲੱਗੇ। ਇਸ ਸਪਤਾਹਿਕ ਧਾਰਮਿਕ ਪੱਤਰ ਦੇ ਸੰਪਾਦਕ ਹੁੰਦਿਆਂ ਆਪ ਨੇ 30 ਸਾਲ ਦੇ ਲਗਭਗ ਪੰਥ ਦੀ ਕਲਮੀ ਸੇਵਾ ਕੀਤੀ। ਜਿਸ ਵਿਦਵਤਾ, ਧੀਰਜ ਤੇ ਮਿਠਾਸ ਨਾਲ ਆਪ ਨੇ ਮਿਰਜ਼ਈਆਂ, ਆਰੀਆ ਸਮਾਜੀਆਂ ਤੇ ਨਾਮਧਾਰੀਆਂ ਆਦਿ ਵੱਲੋਂ ਗੁਰਮਤਿ ਵਿਰੁੱਧ ਪਾਈਆਂ ਜਾ ਰਹੀਆਂ ਗ਼ਲਤ ਫ਼ਹਿਮੀਆਂ ਨੂੰ ਦੂਰ ਕੀਤਾ, ਉਹ ਪੜ੍ਹਨ ਨਾਲ ਹੀ ਸੰਬੰਧ ਰੱਖਦੀਆਂ ਹਨ। ਅਰਬੀ-ਫ਼ਾਰਸੀ ਦੇ ਆਪ ਚੰਗੇ ਵਿਦਵਾਨ ਸਨ। ਦੇਹਾਂਤ 28 ਜਨਵਰੀ, 1945 ਨੂੰ ਹੋਇਆ। ਆਪ ਜੀ ਦੀਆਂ ਪ੍ਰਸਿੱਧ ਰਚਨਾਵਾਂ ਇਹ ਹਨ:

1. *ਸਿੱਖ ਤੇ ਗੁਰਦੁਆਰੇ*, 2. *ਬਹਾਦਰ ਸਿੰਘਣੀਆਂ*, 3. *ਪੰਜਾਬ ਤੇ ਸਿੱਖ*, 4. *ਕੇਸ਼*, 5. *ਗੁਰੂ ਪਦ ਨਿਰਣਯ*, 6. *ਵਾਹਿਗੁਰੂ ਜੀ ਕੀ ਫ਼ਤਹਿ*, 7. *ਕੁਰਾਨ ਦੀ*

ਪੂੰਜੀ, 8. *ਕੁਰਾਨ ਦੀ ਕਹਾਣੀ*, 9. *ਜੀਵਨ ਹਜ਼ਰਤ ਮੁਹੰਮਦ ਸਾਹਿਬ*, 10. *ਕੁਰਾਨ ਦਾ ਤਰਜਮਾ* (ਪਹਿਲੀ ਸੂਰਤ), 11. *ਪੈਗੰਬਰੋਂ ਕੇ ਸਿਰਤਾਜ* (ਉਰਦੂ), 12. *ਫਲਸਫਾਏ ਅੰਮ੍ਰਿਤ* (ਉਰਦੂ), 13. *ਤਵਾਫ਼ਾਏ ਕਾਅਬਾ* (ਉਰਦੂ), 14. *ਗੁਰੂ ਨਾਨਕ ਔਰ ਇਸਲਾਮ* (ਉਰਦੂ), 15. *ਅਫ਼ਜ਼ੁਲ ਅੰਬੀਆ ਗੁਰੂ ਨਾਨਕ ਦੇਵ* (ਉਰਦੂ), 16. *ਨੂਰ ਕਾ ਫ਼ਤੂਰ* (ਉਰਦੂ), 17. *ਵੇਦਕ ਸ਼ਾਦੀ ਕੀ ਫ਼ਜ਼ੀਲਤ* (ਉਰਦੂ), 18. *ਚੋਲਾ ਸਾਹਿਬ*, 19. *ਧੋਤੇ ਮੂੰਹ ਚਪੇੜ*, 20. *ਹਾਇ ਔਲਾਦ*, 21. *ਦਯਾਨੰਦ ਚਰਿਤ੍ਰ*, 22. *ਸੂਗਮੇ ਲਈ ਮਮੀਰੇ ਦਾ ਸੁਰਮਾ*।

37. ਬਾਵਾ ਪ੍ਰੇਮ ਸਿੰਘ ਜੀ ਹੋਤੀ

ਬਾਵਾ ਪ੍ਰੇਮ ਸਿੰਘ ਜੀ ਹੋਤੀ ਵਾਲੇ ਪਹਿਲੇ ਸਿੱਖ ਇਤਿਹਾਸਕਾਰ ਹਨ, ਜਿਨ੍ਹਾਂ ਨਵੇਂ ਵਿਗਿਆਨਕ ਢੰਗ ਨਾਲ ਇਤਿਹਾਸ ਦੀ ਪੁਣ-ਛਾਣ ਕਰ ਕੇ ਸਿੱਖ ਰਾਜ ਸਮੇਂ ਦਾ ਇਤਿਹਾਸ ਜੀਵਨੀਆਂ ਦੀ ਸੂਰਤ ਵਿਚ ਸਾਡੇ ਸਾਹਮਣੇ ਰੱਖਿਆ ਹੈ। ਆਪ ਚੰਗੇ ਗੁਰਮੁਖ ਤੇ ਮਧੁਰ ਸੁਭਾ ਦੇ ਸੱਜਣ ਸਨ। ਆਪ ਜੀ ਦੀਆਂ ਰਚਿਤ ਪੁਸਤਕਾਂ ਇਹ ਹਨ :

1. *ਮਹਾਰਾਜਾ ਰਣਜੀਤ ਸਿੰਘ*, 2. *ਸ: ਹਰੀ ਸਿੰਘ ਨਲੂਆ*, 3. *ਅਕਾਲੀ ਫੂਲਾ ਸਿੰਘ*, 4. *ਕੰਵਰ ਨੌਨਿਹਾਲ ਸਿੰਘ*, 5. *ਖ਼ਾਲਸਾ ਰਾਜ ਦੇ ਉਸਰਈਏ* (ਭਾਗ 1-2), 6. *ਖ਼ਾਲਸਾ ਰਾਜ ਦੇ ਵਿਦੇਸ਼ੀ ਕਾਰਿੰਦੇ*, 7. *ਸ: ਸ਼ਾਮ ਸਿੰਘ ਅਟਾਰੀ* (ਅਣਛਪੀ)।

38. ਪ੍ਰੋ. ਗੰਡਾ ਸਿੰਘ ਜੀ

ਪ੍ਰੋ. ਗੰਡਾ ਸਿੰਘ ਜੀ ਨਵੀਨ ਸਿੱਖ ਇਤਿਹਾਸ ਖੋਜੀ ਹਨ, ਜਿਨ੍ਹਾਂ ਆਪਣੀ ਲਿਆਕਤ ਤੇ ਮਿਹਨਤ ਨਾਲ ਸ: ਕਰਮ ਸਿੰਘ ਜੀ ਹਿਸਟੋਰੀਅਨ ਦੇ ਆਰੰਭ ਕੀਤੇ ਕੰਮ ਨੂੰ ਜਾਰੀ ਰੱਖਿਆ। ਆਪ ਦਾ ਜਨਮ ਪਿੰਡ ਹਰਿਆਣਾ, ਜ਼ਿਲ੍ਹਾ ਹੁਸ਼ਿਆਰਪੁਰ ਵਿਚ ਸ: ਜੁਆਲਾ ਸਿੰਘ ਜੀ ਦੇ ਘਰ 15 ਨਵੰਬਰ, 1900 ਈ: ਨੂੰ ਹੋਇਆ। ਕੁਝ ਸਮਾਂ ਫ਼ੌਜੀ ਮੁਲਾਜ਼ਮਤ ਵੀ ਕੀਤੀ। ਯੂਰਪ ਦਾ ਦੌਰਾ ਕੀਤਾ ਤੇ ਫਿਰ ਖ਼ਾਲਸਾ ਕਾਲਜ ਦੀ ਇਤਿਹਾਸਕ ਖੋਜ ਵਿਭਾਗ ਦੀ ਕੁਰਸੀ 'ਤੇ ਸੁਸ਼ੋਭਿਤ ਹੋਏ। ਆਪ ਅਤਿ ਦਰਜੇ ਦੇ ਹਿੰਮਤੀ ਤੇ ਉਤਸ਼ਾਹੀ ਖੋਜੀ ਹਨ। ਜੋ ਕੁਝ ਆਪ ਨੇ ਲਿਖਿਆ, ਉਹ ਇਤਿਹਾਸਕ ਨੁਕਤੇ ਤੋਂ ਬਹੁਤ ਅਮੋਲਕ ਹੈ। 'ਸਿੱਖ ਹਿਸਟਰੀ ਸੁਸਾਇਟੀ' ਦੀ ਸਥਾਪਨਾ ਵੀ ਆਪ ਦੇ ਚੰਗੇ ਜਤਨਾਂ ਦਾ ਸਿੱਟਾ ਹੈ। ਆਪ ਜੀ ਵੱਲੋਂ ਰਚੀਆਂ ਲਿਖਤਾਂ ਇਹ ਹਨ :

1. *ਸਿੱਖ ਇਤਿਹਾਸ ਦੇ ਕੁਝ ਇਤਿਹਾਸਕ ਪੱਤਰੇ*, 2. *ਸਿੱਖ ਇਤਿਹਾਸ ਬਾਰੇ*, 3. *ਸਿੱਖ ਇਤਿਹਾਸ ਵੱਲ*, 4. *ਮ: ਕੌੜਾ ਮੱਲ*, 5. *ਪੰਜਾਬ ਦੀਆਂ ਵਾਰਾਂ*, 6. *ਸ: ਸ਼ਾਮ ਸਿੰਘ ਅਟਾਰੀ ਵਾਲਾ*, 7. *ਕੂਕਿਆਂ ਦੀ ਵਿਥਿਆ*, 8. *ਜੰਗਨਾਮਾ* (ਅੰਗਰੇਜ਼ੀ), 9. *ਬੰਦਾ ਸਿੰਘ ਬਹਾਦਰ* (ਅੰਗਰੇਜ਼ੀ), 10. *ਲਾਸਟ ਡੇਅਜ਼ ਆਫ਼ ਗੁਰੂ ਗੋਬਿੰਦ ਸਿੰਘ* (ਅੰਗਰੇਜ਼ੀ), 11. *ਨਾਨਕ ਪੰਥੀਜ਼* (ਅੰਗਰੇਜ਼ੀ), 12. *ਮਹਾਰਾਜਾ ਰਣਜੀਤ ਸਿੰਘ*

(ਅੰਗਰੇਜ਼ੀ), 13. *ਹਿਸਟਰੀ ਆਫ਼ ਗੁਰਦੁਆਰਾ ਸ਼ਹੀਦ ਗੰਜ* (ਅੰਗਰੇਜ਼ੀ), 14. *ਲਾਈਫ਼ ਆਫ਼ ਭਾਈ ਗੁਰਦਾਸ* (ਅੰਗਰੇਜ਼ੀ, ਟ੍ਰੈਕਟ), 15. *ਇਨਕਸ਼ਾਫ਼ੇ ਹਕੀਕਤ*, 16. *ਮਾਖ਼ਜ਼ਿ ਤਵਾਰੀਖ਼ੇ ਸਿੱਖਾਂ*, 17. *ਔਰਾਕਿ ਪਰੇਸ਼ਾਂ ਤਵਾਰੀਖ਼ੇ ਪੰਜਾਬ*, 18. *ਮੀਰਾਤੁੱਤੁ ਤਵਾਰੀਖ਼ੇ ਸਿੱਖਾਂ*, 18. *ਅਹਿਮਦ ਸ਼ਾਹ ਦੁਰਾਨੀ* (ਅਣਛਪੀ)।

39. ਪ੍ਰੋ. ਕਰਤਾਰ ਸਿੰਘ ਜੀ

ਪ੍ਰੋ. ਕਰਤਾਰ ਸਿੰਘ ਜੀ ਦਾ ਜਨਮ ਪਿੰਡ ਠੱਠੀ ਖਾਰਾ, ਜ਼ਿਲ੍ਹਾ ਅੰਮ੍ਰਿਤਸਰ ਵਿਚ ਸ: ਮੇਹਰ ਸਿੰਘ ਜੀ ਦੇ ਘਰ 15 ਨਵੰਬਰ, 1900 ਈ: ਨੂੰ ਹੋਇਆ।

1927 ਈ: ਵਿਚ ਐੱਮ.ਏ. ਪਾਸ ਕਰ ਕੇ ਖ਼ਾਲਸਾ ਕਾਲਜ ਅਧਿਆਪਕ ਲੱਗ ਗਏ। ਫਿਰ 1929 ਤੋਂ 1937 ਤਕ ਇਸੇ ਕਾਲਜ ਵਿਚ ਬਤੌਰ ਅੰਡਰ ਸੈਕਟਰੀ ਕੰਮ ਕੀਤਾ। ਬਾਅਦ ਵਿਚ ਸਿੱਖ ਨੈਸ਼ਨਲ ਕਾਲਜ ਲਾਹੌਰ ਚਲੇ ਗਏ। ਆਪ ਸਾਦਾ ਸੁਭਾ, ਖ਼ਾਮੋਸ਼ ਤੇ ਮਿਹਨਤੀ ਤਬੀਅਤ ਦੇ ਮਾਲਕ ਸਨ। ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ ਕਥਾ ਅੰਗਰੇਜ਼ੀ ਤੇ ਪੰਜਾਬੀ ਵਿਚ ਖੋਜ ਤੇ ਵਿਸਤਾਰਪੂਰਵਕ ਲਿਖ ਕੇ ਆਪ ਨੇ ਕੌਮ ਦੀ ਚੰਗੀ ਸੇਵਾ ਕੀਤੀ ਹੈ। ਕੁਝ ਅੰਗਰੇਜ਼ੀ ਨਾਵਲਾਂ ਦੇ ਸਫਲ ਅਨੁਵਾਦ ਵੀ ਕੀਤੇ ਹਨ। ਆਪ ਜੀ ਦੀਆਂ ਰਚਿਤ ਪੁਸਤਕਾਂ ਇਹ ਹਨ :

1. *ਜੀਵਨ ਕਥਾ ਗੁਰੂ ਨਾਨਕ*, 2. *ਜੀਵਨ ਕਥਾ ਗੁਰੂ ਗੋਬਿੰਦ ਸਿੰਘ*, 3. *ਸਿੱਖ ਧਰਮ ਬਾਰੇ*, 4. *ਦੁਖੀਏ* (ਅਨੁਵਾਦ), 5. *ਪ੍ਰਵਾਨੇ* (ਅਨੁਵਾਦ), 6. *ਕਰਮਾਂ ਦੀ ਖੇਡ* (ਅਨੁਵਾਦ), 7. *ਨਵੀਨ ਵਿਆਕਰਣ*, 8. *ਉਚੇਰੇ ਪੰਜਾਬੀ ਲੇਖ*, 9. *ਲਾਈਫ਼ ਆਫ਼ ਭਾਈ ਤਾਰੂ ਸਿੰਘ* (ਅੰਗਰੇਜ਼ੀ), 10. *ਲਾਈਫ਼ ਆਫ਼ ਗੁਰੂ ਨਾਨਕ ਦੇਵ* (ਅੰਗਰੇਜ਼ੀ), 11. *ਲਾਈਫ਼ ਆਫ਼ ਗੁਰੂ ਗੋਬਿੰਦ ਸਿੰਘ* (ਅੰਗਰੇਜ਼ੀ), 12. *ਲਾਈਫ਼ ਸਕੈੱਚ ਆਫ਼ ਗੁਰੂ ਗੋਬਿੰਦ ਸਿੰਘ* (ਅੰਗਰੇਜ਼ੀ), 13. *ਰੀਕਿੰਡਲਿੰਗ ਆਫ਼ ਸਿੱਖ ਹਾਰਟ* (ਅੰਗਰੇਜ਼ੀ), 14. *ਗੁਰੂ ਨਾਨਕ'ਜ਼ ਰੈਸਪੌਨਸ* (ਅੰਗਰੇਜ਼ੀ), 15. *ਸਿੱਖ ਸ਼ਰਾਈਨਜ਼*।

40. ਡਾਕਟਰ ਸ਼ੇਰ ਸਿੰਘ ਜੀ

ਡਾਕਟਰ ਸ਼ੇਰ ਸਿੰਘ ਜੀ ਚਿੰਤਕ ਸਿੱਖ ਵਿਦਵਾਨਾਂ ਵਿੱਚੋਂ ਇਕ ਹਨ। ਸਿਧਾਂਤਕ ਦ੍ਰਿਸ਼ਟੀਕੋਣ ਤੋਂ ਧਰਮਾਂ ਦਾ ਮੁਤਾਲਿਆ ਕਰਨਾ ਆਪ ਦਾ ਵਿਚਾਰ-ਵਿਸ਼ਾ ਰਿਹਾ ਹੈ।

ਆਪ ਦਾ ਜਨਮ ਪਿੰਡ ਬਿਲਾਸਪੁਰ, ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਹੋਇਆ। ਕਾਲਜ ਵਿੱਦਿਆ ਪ੍ਰਾਪਤ ਕਰ ਕੇ ਉੱਚੀ ਤਾਲੀਮ ਲਈ ਵਲੈਤ ਚਲੇ ਗਏ। ਉਥੇ 'ਫਿਲਾਸਫੀ ਆਫ਼ ਦੀ ਸਿਖਿਜ਼ਮ' ਥੀਸਸ ਲਿਖ ਕੇ ਪੀਐੱਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਅਜਿਹੀ ਪੁਸਤਕ ਸਿੱਖੀ ਸੰਬੰਧੀ ਅੱਜ ਤਕ ਹੋਰ ਨਹੀਂ ਲਿਖੀ ਗਈ। ਆਪ ਗੌਰਮਿੰਟ ਕਾਲਜ ਲੁਧਿਆਣੇ ਫਿਲਾਸਫੀ ਦੇ ਪ੍ਰੋਫ਼ੈਸਰ ਵੀ ਰਹੇ। ਇਹਨਾਂ ਦੀਆਂ ਰਚਨਾਵਾਂ ਇਹ ਹਨ :

1. *ਫਿਲਾਸਫੀ ਆਫ਼ ਦੀ ਸਿਖਿਜ਼ਮ* (ਅੰਗਰੇਜ਼ੀ), 2. *ਥਾਟਸ ਔਨ ਸਿੰਬਲਜ਼*

(ਅੰਗਰੇਜ਼ੀ), 3. *ਮਰਨ ਪਿੱਛੋਂ*, 4. *ਗੁਰਮਤਿ ਦਰਸ਼ਨ* (ਅਣਛਪੀ), 5. *ਸਿੱਖ ਧਰਮ ਤੇ ਪਛੜੀਆਂ ਸ਼੍ਰੇਣੀਆਂ*, 6. *ਪ੍ਰਦੇਸ ਯਾਤਰਾ*।

41. ਗਿਆਨੀ ਪਰਤਾਪ ਸਿੰਘ ਜੀ

ਗਿਆਨੀ ਪਰਤਾਪ ਸਿੰਘ ਜੀ ਪੁਰਾਣੇ ਸਿੱਖ ਮਿਸ਼ਨਰੀ ਹੈਨ, ਜੋ ਕਿ ਸ਼੍ਰੋਮਣੀ ਕਮੇਟੀ ਦੀ ਮੁਲਾਜ਼ਮਤ ਅੰਦਰ 20-25 ਸਾਲ ਤੋਂ ਸਿੱਖੀ ਪ੍ਰਚਾਰ ਦੀ ਸੇਵਾ ਕਰਦੇ ਰਹੇ ਹਨ। ਆਪ ਦਾ ਜਨਮ ਪਿੰਡ ਨਾਰਾ, ਤਹਿਸੀਲ ਕਹੂਟਾ, ਜ਼ਿਲ੍ਹਾ ਰਾਵਲਪਿੰਡੀ ਵਿਚ ਸ: ਮਖਣ ਸਿੰਘ ਜੀ ਦੇ ਘਰ ਹੋਇਆ। ਪਿੰਡ ਮੁੱਢਲੀ ਵਿੱਦਿਆ ਪ੍ਰਾਪਤ ਕਰ ਕੇ ਗੁਜਰਾਂਵਾਲੇ ਪ੍ਰਚਾਰਕ ਵਿਦਿਆਲੇ ਵਿਚ ਪੜ੍ਹਦੇ ਰਹੇ, ਫਿਰ ਖ਼ਾਲਸਾ ਕਾਲਜ ਅੰਮ੍ਰਿਤਸਰ ਆ ਕੇ ਗਿਆਨੀ ਦੀ ਟ੍ਰੇਨਿੰਗ ਕੀਤੀ। 1923 ਤੋਂ ਸ਼੍ਰੋਮਣੀ ਕਮੇਟੀ ਦੀ ਸਰਵਿਸ ਵਿਚ ਆਏ। ਅਕਾਲ ਤਖ਼ਤ ਦੇ ਮੀਤ ਜਥੇਦਾਰ ਰਹੇ ਤੇ ਸ੍ਰੀ ਕੇਸਗੜ੍ਹ ਸਾਹਿਬ ਜੀ ਦੇ ਜਥੇਦਾਰ ਵੀ ਰਹੇ। ਆਪ ਦੀਆਂ ਰਚਿਤ ਪੁਸਤਕਾਂ ਇਹ ਹਨ :

1. *ਗੁਰਮਤਿ ਸਿਧਾਂਤ ਤੇ ਛੂਤ-ਛਾਤ*, 2. *ਗੁਰਮਤਿ ਲੈਕਚਰ*, 3. *ਸਿੱਖ ਇਤਿਹਾਸਕ ਲੈਕਚਰ*, 4. *ਗੁਰਮਤਿ ਫਿਲਾਸਫੀ*, 5. *ਭਗਤ ਦਰਸ਼ਨ*, 6. *ਸੰਸਾਰ ਦਾ ਧਾਰਮਿਕ ਇਤਿਹਾਸ*, 7. *ਪਾਕਿਸਤਾਨੀ ਘਲੂਘਾਰਾ*, 8. *ਸ਼ਹੀਦ ਦਰਸ਼ਨ* (ਅਣਛਪੀ), 9. *ਅਕਾਲੀ ਲਹਿਰ ਦਾ ਇਤਿਹਾਸ* (ਅਣਛਪੀ)।

42. ਸਰਦਾਰ ਅਮਰ ਸਿੰਘ ਜੀ ਸ਼ੇਰਿ-ਪੰਜਾਬ

ਸ: ਅਮਰ ਸਿੰਘ ਸ਼ੇਰਿ-ਪੰਜਾਬ ਉਰਦੂ ਪੱਤਰਕਾਰੀ ਵਿਚ ਇਕ ਖ਼ਾਸ ਥਾਂ ਰੱਖਣ ਵਾਲੇ ਆਲਮ ਆਦਮੀ ਸਨ। ਉਨ੍ਹਾਂ ਆਪਣੇ ਹਫ਼ਤਾਵਾਰੀ ਅਖ਼ਬਾਰ *ਸ਼ੇਰਿ-ਪੰਜਾਬ* ਰਾਹੀਂ ਸਿੱਖ ਪੰਥ ਦੀ ਬੜੀ ਸੇਵਾ ਕੀਤੀ। ਆਪ ਦਾ ਜਨਮ ਪਿੰਡੀ ਘੇਬ, ਜ਼ਿਲ੍ਹਾ ਰਾਵਲਪਿੰਡੀ ਵਿਚ ਸ: ਗੁਲਾਬ ਸਿੰਘ ਜੀ ਦੇ ਘਰ ਹੋਇਆ। ਜਿਥੇ ਆਪ ਉਰਦੂ ਨਸਰ ਦੇ ਚੰਗੇ ਲਿਖਾਰੀ ਸਨ, ਉਥੇ ਉਰਦੂ ਤੇ ਫ਼ਾਰਸੀ ਵਿਚ ਨਜ਼ਮ ਵੀ ਚੰਗੀ ਲਿਖਦੇ ਸਨ।

ਵਿਅੰਗ ਭਰਪੂਰ ਚੋਟ ਕਰਨੀ ਆਪ ਦੀ ਲਿਖਤ ਦਾ ਖ਼ਾਸ ਗੁਣ ਸੀ। ਆਰੀਆ ਸਮਾਜੀਆਂ, ਮਿਰਜ਼ਈਆਂ ਤੇ ਹੋਰ ਵਿਰੋਧੀਆਂ ਨੂੰ ਚੰਗਾ ਕਰਾਰਾ ਉੱਤਰ ਦੇਂਦੇ ਸਨ। ਪੰਥ ਦੇ ਰਾਜਨੀਤਕ ਖੇਤਰ ਵਿਚ ਬਾਬਾ ਖੜਕ ਸਿੰਘ ਜੀ ਤੇ ਗਿਆਨੀ ਸ਼ੇਰ ਸਿੰਘ ਨਾਲ ਮਿਲ ਕੇ ਆਪ ਨੇ ਕਾਫ਼ੀ ਸੇਵਾ ਕੀਤੀ।

ਆਪ ਦੇ ਕੀਮਤੀ ਲੇਖ ਤੇ ਨਜ਼ਮਾਂ *ਸ਼ੇਰਿ-ਪੰਜਾਬ* ਦੀਆਂ ਫ਼ਾਈਲਾਂ ਵਿਚ ਖਿੰਡੀਆਂ-ਪੁੰਡੀਆਂ ਪਈਆਂ ਹਨ। ਉਨ੍ਹਾਂ ਨੂੰ ਤਰਤੀਬ ਸਿਰ ਸੰਚਿਤ ਕਰਨ ਦੀ ਲੋੜ ਹੈ। ਦੇਹਾਂਤ 9 ਜੁਲਾਈ, 1948 ਈ: ਨੂੰ ਦਿੱਲੀ ਹੋਇਆ।

43. ਗਿਆਨੀ ਸ਼ੇਰ ਸਿੰਘ ਜੀ

ਗਿਆਨੀ ਸ਼ੇਰ ਸਿੰਘ ਜੀ ਧੜੱਲੇਦਾਰ ਵਿਦਵਾਨਾਂ ਵਿੱਚੋਂ ਇਕ ਸਨ, ਜਿਨ੍ਹਾਂ

ਆਪਣੀ ਸ਼ਖ਼ਸੀਅਤ ਦਾ ਪ੍ਰਭਾਵ ਧਾਰਮਿਕ ਤੇ ਰਾਜਨੀਤਕ ਮੰਡਲ ਦੋਹੀਂ ਥਾਈਂ ਪਾਇਆ। ਆਪ ਜੈਸੇ ਲੈਕਚਰਾਰ ਤੇ ਮੁਬਾਹਿਸ ਘੱਟ ਹੀ ਦੇਖਣ ਵਿਚ ਆਏ ਹਨ।

ਆਪ ਦਾ ਜਨਮ ਪਿੰਡ ਠੀਕਰੀ ਵਾਲਾ, ਜ਼ਿਲ੍ਹਾ ਬਰਨਾਲੇ ਧਾਲੀਵਾਲਾਂ ਵਿਚ ਹੋਇਆ। ਸੰਤ ਜੁਆਲਾ ਦਾਸ ਜੀ ਪਾਸੋਂ ਵਿੱਦਿਆ ਪੜ੍ਹੀ, ਫਿਰ ਪੋਠੋਹਾਰ ਵੱਲ ਚਲੇ ਗਏ ਤੇ ਉਥੇ ਕਥਾ ਵਖਿਆਨਾਂ ਰਾਹੀਂ ਸਿੱਖੀ ਪ੍ਰਚਾਰ ਕਰਦੇ ਰਹੇ। ਅਕਾਲੀ ਲਹਿਰ ਸਮੇਂ ਫਿਰ ਅੱਗੇ ਆਏ। ਆਪ ਨੂੰ 'ਖੂੰਡੇ ਵਾਲਾ ਗਿਆਨੀ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। *ਕੌਮੀ ਦਰਦ*, *ਅਸਲੀ ਕੌਮੀ ਦਰਦ*, *ਸਿੱਖ ਸੇਵਕ* ਤੇ *ਪੰਜਾਬ* ਆਦਿ ਅਖ਼ਬਾਰ ਸੰਪਾਦਨ ਕਰਦੇ ਰਹੇ। ਗੁਰਮਤਿ ਟ੍ਰੈਕਟ ਲੜੀ ਵੀ ਪ੍ਰਕਾਸ਼ਤ ਕਰਦੇ ਰਹੇ। ਜਿਥੇ ਆਪ ਗੁਰਮਤਿ ਦੇ ਚੰਗੇ ਵਿਦਵਾਨ ਸਨ, ਉਥੇ ਪੋਲੀਟੀਕਲ ਮੈਦਾਨ ਦੇ ਵੀ ਚੰਗੇ ਯੋਧੇ ਸਨ। ਦਲੀਲਾਂ ਦੇ ਹਥਿਆਰਾਂ ਨਾਲ ਵਿਰੋਧੀ ਨੂੰ ਨਿਰੁਤਰ ਕਰ ਦੇਂਦੇ ਸਨ। ਆਪ ਦੀ ਯਾਦਦਾਸ਼ਤ ਬਹੁਤ ਤੇਜ਼ ਸੀ। ਦੇਹਾਂਤ ਅੰਮ੍ਰਿਤਸਰ 1944 ਵਿਚ ਹੋਇਆ। ਆਪ ਜੀ ਦੀਆਂ ਰਚਨਾਵਾਂ ਇਹ ਹਨ :

1. *ਨਿਤਨੇਮ ਸਟੀਕ*, 2. *ਗੁਰੂ ਗ੍ਰੰਥ ਪੰਥ*, 3. *ਜੀਵਨ ਗੁਰੂ ਗੋਬਿੰਦ ਸਿੰਘ* ਤੇ ਕੁਝ ਹੋਰ ਟ੍ਰੈਕਟ।

44. ਪ੍ਰਿੰਸੀਪਲ ਧਰਮਾਨੰਤ ਸਿੰਘ ਜੀ

ਪ੍ਰਿੰਸੀਪਲ ਧਰਮਾਨੰਤ ਸਿੰਘ ਜੀ ਚੋਣਵੇਂ ਸਿੱਖ ਵਿਦਵਾਨਾਂ ਵਿੱਚੋਂ ਹਨ। ਆਪ ਦਾ ਜਨਮ ਸ: ਧਰਮ ਸਿੰਘ ਜੀ ਦੇ ਘਰ 15 ਅਗਸਤ, 1888 ਈ: ਨੂੰ ਅੰਬਾਲਾ ਛਾਉਣੀ ਵਿਖੇ ਹੋਇਆ। ਮੁੱਢਲੀ ਵਿੱਦਿਆ ਪ੍ਰਾਪਤ ਕਰ ਕੇ ਇਲੈਕਟ੍ਰੀਕਲ ਇੰਜੀਨੀਅਰੀ ਦੀ ਸਟੱਡੀ ਲਈ 1906 ਈ: ਵਿਚ ਵਲੈਤ ਚਲੇ ਗਏ ਤੇ 1912 ਤਕ ਉਥੇ ਰਹੇ। ਪ੍ਰਚਾਰਕ ਵਿਦਿਆਲਾ ਤਰਨ ਤਾਰਨ ਤੇ ਸਿੱਖ ਮਿਸ਼ਨਰੀ ਕਾਲਜ ਵਿਚ (1931-34) ਕਾਫ਼ੀ ਸਮਾਂ ਬਤੌਰ ਪ੍ਰਿੰਸੀਪਲ ਸਿੱਖ ਪ੍ਰਚਾਰਕ ਟਰੇਂਡ ਕਰਦੇ ਰਹੇ। ਆਪ ਜੀ ਸੰਸਕ੍ਰਿਤ, ਫ਼ਾਰਸੀ ਤੇ ਅੰਗਰੇਜ਼ੀ ਆਦਿ ਦੇ ਚੰਗੇ ਵਿਦਵਾਨ ਸਨ। ਜਿਸ ਸਮੇਂ ਵਲਾਇਤ ਸਨ, ਉਸ ਵੇਲੇ ਆਪ ਨੇ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ 'ਤੇ ਤਿੰਨ ਕੁ ਸੌ ਸਫ਼ੇ ਦੀ ਅੰਗਰੇਜ਼ੀ ਪੁਸਤਕ ਲਿਖੀ ਸੀ, ਜੋ ਉਥੇ ਹੀ ਪ੍ਰਕਾਸ਼ਤ ਹੋਈ। ਪੁਸਤਕ ਦਾ ਨਾਮ ਹੈ: *ਪਲੈਟੋ ਐਂਡ ਦੀ ਟਰੂ ਐਨਲਾਇਟਨਰ ਆਫ਼ ਦੀ ਸੋਲ*।

'ਮਾਰੂ ਸੋਲਹੇ ਮ: ੧' ਦਾ ਆਪ ਨੇ ਅੰਗਰੇਜ਼ੀ ਅਨੁਵਾਦ ਕੀਤਾ ਹੈ, ਜੋ ਅਜੇ ਛਪਿਆ ਨਹੀਂ। ਪੰਜਾਬੀ ਵਿਚ ਆਪ ਦੇ ਲੈਕਚਰ ਗਿਆਨੀ ਉੱਤਮ ਸਿੰਘ ਜੀ ਨੇ ਸੰਕਲਿਤ ਕਰ ਕੇ ਛਾਪੇ ਸਨ, ਉਸ ਪੁਸਤਕ ਦਾ ਨਾਮ ਹੈ: *ਸੁਲੇਖ ਰਤਨਾਵਲੀ*।

ਫ਼ਰਵਰੀ 1942 ਈ: ਵਿਚ ਆਪ ਨੇ *ਵਿਚਾਰ* ਨਾਮ ਦਾ ਇਕ ਮਾਸਕ ਪੱਤਰ ਵੀ ਜਾਰੀ ਕੀਤਾ, ਪਰ ਇਹ ਜ਼ਿਆਦਾ ਦੇਰ ਨਹੀਂ ਚੱਲ ਸਕਿਆ। 1944-46 ਵਿਚ ਆਪ ਐਡਵਾਇਜ਼ਰੀ ਕਮੇਟੀ ਇਨਫ਼ਰਮੇਸ਼ਨ ਐਂਡ ਬਰਾਡਕਾਸਟਿੰਗ ਇੰਡੀਆ ਦੇ ਮੈਂਬਰ ਵੀ ਰਹੇ। ਆਪ ਸੁਭਾ ਦੇ ਸਰਲ, ਸਾਦਾ, ਖ਼ਾਮੋਸ਼ ਤੇ ਏਕਾਂਤ ਪਸੰਦ ਸਨ।

45. ਪੰਡਿਤ ਕਰਤਾਰ ਸਿੰਘ ਜੀ ਦਾਖਾ

ਪੰਡਿਤ ਕਰਤਾਰ ਸਿੰਘ ਜੀ ਦਾਖਾ ਪ੍ਰਾਚੀਨ ਢੰਗ ਦੇ ਸ਼੍ਰੋਮਣੀ ਵਿਦਵਾਨਾਂ ਵਿੱਚੋਂ ਇਕ ਹਨ। ਆਪ ਦਾ ਜਨਮ 13 ਸਤੰਬਰ, 1888 ਈ: ਨੂੰ ਪਿੰਡ ਦਾਖਾ, ਜ਼ਿਲ੍ਹਾ ਲੁਧਿਆਣਾ ਵਿਖੇ ਸ: ਰਾਮ ਸਿੰਘ ਜੀ ਦੇ ਘਰ ਹੋਇਆ। ਪੰਡਿਤ ਬਸੰਤ ਸਿੰਘ ਪਟਿਆਲੇ ਵਾਲਿਆਂ ਪਾਸੋਂ ਵਿੱਦਿਆ ਪੜ੍ਹੀ। ਸੰਸਕ੍ਰਿਤ ਵਿੱਦਿਆ ਵਿਚ ਆਪ ਦੀ ਨਿਪੁੰਨਤਾ ਮੰਨੀ-ਪ੍ਰਮੰਨੀ ਹੈ, ਵਿਆਕਰਣ ਤੇ ਨਿਆਇ ਵਿੱਦਿਆ ਦੇ ਆਪ ਧੁਰੰਧਰ ਵਿਦਵਾਨ ਹਨ। ਪ੍ਰਾਚੀਨ ਨਿਆਇਕਾਂ ਵਾਂਗ ਆਪ ਦਾ ਸ਼ਾਸਤਰਾਰਥ ਕਰਨ ਦਾ ਢੰਗ ਵੀ ਨਿਰਾਲਾ ਹੈ। ਆਪ ਨੇ ਪ੍ਰਸਿੱਧ ਪੰਡਿਤ ਗੰਗੇ ਸੂਰਾਨੰਦ ਨੂੰ 1930 ਈ: ਦੇ ਕੁੰਭ ਦੇ ਮੇਲੇ 'ਤੇ ਸਖ਼ਤ ਹਾਰ ਦਿੱਤੀ ਸੀ। ਦਯਾਨੰਦ ਵੱਲੋਂ ਕੀਤੀਆਂ ਗ਼ਲਤ ਬਿਆਨੀਆਂ ਦਾ ਉੱਤਰ ਆਪ ਨੇ ਬੜੀ ਵਿਦਵਤਾ ਨਾਲ *ਖੜਗ ਖ਼ਾਲਸਾ* ਨਾਮੀ ਪੁਸਤਕ ਵਿਚ ਦਿੱਤਾ ਹੈ। ਕੁਝ ਸਮਾਂ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਚ ਅਧਿਆਪਕ ਰਹੇ ਤੇ ਦਮਦਮਾ ਸਾਹਿਬ ਗੁਰਮਤਿ ਉਪਦੇਸ਼ ਵਿਦਿਆਲਾ ਖੋਲ੍ਹ ਕੇ ਕਾਫ਼ੀ ਸਮਾਂ ਵਿਦਿਆਰਥੀਆਂ ਨੂੰ ਸੁਸਿਖਿਸ਼ਤ ਕੀਤਾ। ਉਥੋਂ *ਗੁਰੂ ਕਾਂਸ਼ੀ ਪੱਤਰ* ਨਾਮ ਦਾ ਮਾਸਕ ਪੱਤਰ ਵੀ ਜਾਰੀ ਕੀਤਾ। ਆਪ ਸੁਭਾਅ ਦੇ ਸਾਦਾ ਤੇ ਆਜ਼ਾਦ ਤਬੀਅਤ ਸਨ। ਆਪ ਜੀ ਦੀਆਂ ਰਚਿਤ ਪੁਸਤਕਾਂ ਇਹ ਹਨ :

1. *ਸ੍ਰੀ ਗੁਰੂ ਗ੍ਰੰਥ ਵਿਆਕਰਣ ਪੰਚਾਇਣ*, 2. *ਖੜਗ ਖ਼ਾਲਸਾ*, 3. *ਗੁਰਮੁਖੀ ਤੇ ਹਿੰਦੀ ਦਾ ਟਾਕਰਾ*, 4. *ਨਿਆਇ ਪਰਿਭਾਸ਼ਾ*, 5. *ਗੁਰਕਾਵਿ ਦਰਸ਼ਨ* (ਪਿੰਗਲ), 6. *20 ਸੂਯੇ ਤੇ ਦਸ ਦੋਹਰੇ ਸਟੀਕ*, 7. *ਗੁਰੂ ਪਦਾਰਥ ਨਿਰਣਯ*, 8. *ਭਗਉਤੀ ਮੰਡਨ*, 9. *ਅਲੰਕਾਰ ਨਿਰਣਯ*, 10. *ਮਾਲਵੇ ਦਾ ਇਤਿਹਾਸ* (*ਗੁਰੂ ਕਾਂਸ਼ੀ ਪੱਤਰ* ਦਾ ਨੰਬਰ)।

46. ਸਰਦਾਰ ਸ਼ਮਸ਼ੇਰ ਸਿੰਘ ਜੀ ਅਸ਼ੋਕ

ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ ਅਤੀ ਮਿਹਨਤੀ, ਖੋਜੀ ਤੇ ਸਰਲ ਸੁਭਾ ਵਿਦਵਾਨ ਸੱਜਣ ਸਨ। ਪ੍ਰਾਚੀਨ ਲਿਖਤਾਂ ਦੀ ਦੇਖ-ਭਾਲ ਆਪ ਦਾ ਖ਼ਾਸ ਦਿਲਚਸਪ ਮਜ਼ਮੂਨ ਸੀ। ਆਪ ਦਾ ਜਨਮ 10 ਫ਼ਰਵਰੀ, 1904 ਈ: ਨੂੰ ਪਿੰਡ ਗੁਆਰਾ, ਜ਼ਿਲ੍ਹਾ ਬਰਨਾਲਾ ਵਿਖੇ ਸ: ਝਾਬਾ ਸਿੰਘ ਜੀ ਦੇ ਘਰ ਹੋਇਆ। ਗੁਰਮੁਖੀ, ਸੰਸਕ੍ਰਿਤ, ਹਿੰਦੀ ਭਾਸ਼ਾ ਦਾ ਪੁਰਾਣਾ ਸਾਹਿੱਤ ਪੜ੍ਹਿਆ। ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਦੀ ਸੰਗਤ ਨਾਲ ਖੋਜ ਵੱਲ ਰੁਚੀ ਵਧੀ। ਸਿੱਖ ਨੈਸ਼ਨਲ ਕਾਲਜ ਲਾਹੌਰ ਵਿਚ 1943-45 ਤਕ ਖੋਜ ਦਾ ਕੰਮ ਕਰਦੇ ਰਹੇ। ਫਿਰ 1945 ਤੋਂ 1947 ਤਕ ਸ਼੍ਰੋਮਣੀ ਕਮੇਟੀ ਦੇ ਮਾਤਹਿਤ ਇਸੇ ਕੰਮ ਨੂੰ ਮਿਹਨਤ ਨਾਲ ਕੀਤਾ। ਆਪ ਜੀ ਵੱਲੋਂ ਛਪੀਆਂ ਪੁਸਤਕਾਂ ਇਹ ਹਨ :

1. *ਧਰਮ, ਸਾਹਿੱਤ ਤੇ ਇਤਿਹਾਸ*, 2. *ਪ੍ਰਾਚੀਨ ਜੰਗਨਾਮੇ*, 3. *ਸਿੰਘ ਸਭਾ ਲਹਿਰ ਦਾ ਇਤਿਹਾਸ* (ਅਣਛਪੀ), 4. *ਜੀਵਨ ਗੁਰੂ ਅਰਜਨ ਦੇਵ*, 5. *ਮੁਦਰਾ ਰਾਕਸ਼ ਨਾਟਕ* (ਅਨੁਵਾਦ), 6. *ਪੁਰਸ਼ ਪ੍ਰੀਖਿਆ* (ਅਨੁਵਾਦ), 7. *ਪੰਜਾਬੀ ਪੱਤਰ ਕਲਾ ਦਾ ਇਤਿਹਾਸ* (ਅਣਛਪੀ)।

47. ਗਿਆਨੀ ਲਾਲ ਸਿੰਘ ਜੀ ਸੰਗਰੂਰ

ਗਿਆਨੀ ਲਾਲ ਸਿੰਘ ਜੀ ਸੰਗਰੂਰ ਵਾਲੇ ਉਨ੍ਹਾਂ ਪ੍ਰਾਚੀਨ ਗਿਆਨੀਆਂ ਵਿੱਚੋਂ ਹਨ, ਜਿਨ੍ਹਾਂ ਪੰਚ ਖ਼ਾਲਸਾ ਦੀਵਾਨ ਨਾਲ ਮਿਲ ਕੇ ਵਰ੍ਹਿਆਂ ਬੱਧੀ ਕਥਾ-ਵਖਿਆਨ ਤੇ ਕਲਮ ਰਾਹੀਂ ਗੁਰਮਤਿ ਪ੍ਰਚਾਰ ਦੀ ਸੇਵਾ ਕੀਤੀ।

ਆਪ ਦਾ ਜਨਮ ਪਿੰਡ ਕਨੇਚ, ਜ਼ਿਲ੍ਹਾ ਲੁਧਿਆਣਾ ਵਿਚ ਸ: ਸੁਜਾਨ ਸਿੰਘ ਦੇ ਘਰ 1890 ਈ: ਦੇ ਲਾਗੇ-ਚਾਗੇ ਹੋਇਆ। ਮੁੱਢਲੀ ਵਿੱਦਿਆ ਪ੍ਰਾਪਤ ਕਰ ਕੇ ਧਰਮ ਪ੍ਰਚਾਰ ਵਿਚ ਜੁੱਟ ਗਏ। ਬਾਬੂ ਤੇਜਾ ਸਿੰਘ ਜੀ ਨਾਲ ਮੇਲ ਹੋਇਆ ਤੇ ਪੰਚ ਖ਼ਾਲਸਾ ਦੀਵਾਨ ਵਿਚ ਕਾਫ਼ੀ ਅਰਸਾ ਕੰਮ ਕਰਦੇ ਰਹੇ। ਉਕਤ ਦੀਵਾਨ ਦੇ ਆਪ ਸਕੱਤਰ ਵੀ ਰਹੇ ਤੇ ਵਿੱਦਿਆ ਭੰਡਾਰ ਆਸ਼ਰਮ ਵਿਚ ਅਧਿਆਪਕ ਦੇ ਤੌਰ 'ਤੇ ਵੀ ਸੇਵਾ ਨਿਬਾਹੀ। ਆਮ ਤੌਰ 'ਤੇ ਸੰਪ੍ਰਦਾਇ ਗਿਆਨੀ ਕਥਾ ਵਾਚਕ ਹੀ ਹੁੰਦੇ ਹਨ, ਪਰੰਤੂ ਪੁਰਾਣੇ ਗਿਆਨੀਆਂ ਵਿੱਚੋਂ ਆਪ ਹੀ ਇੱਕੋ ਇਕ ਐਸੇ ਸੱਜਣ ਹਨ, ਜਿਨ੍ਹਾਂ ਦਰਜਨਾਂ ਪੁਸਤਕਾਂ ਲਿਖਣ ਦੀ ਸੇਵਾ ਵੀ ਕੀਤੀ ਹੈ। *ਗੁਰਮਤਿ ਨਿਰਣਯ ਭੰਡਾਰ* ਯਾ *ਗੁਰਮਤਿ ਮਾਰਤੰਡ* ਆਪ ਦੀ ਰਚੀ ਅਜਿਹੀ ਪੁਸਤਕ ਹੈ, ਜੋ ਗੁਰਬਾਣੀ ਸਮਝਣ ਵਾਸਤੇ ਪੁਰਾਣਕ ਕਥਾ ਕਹਾਣੀਆਂ ਸੰਬੰਧੀ ਪਾਠਕ ਨੂੰ ਕਾਫ਼ੀ ਲੋੜੀਂਦੀ ਵਾਕਫ਼ੀ ਦੇਂਦੀ ਹੈ। ਆਪ ਕਈ ਸਾਲ ਸੰਗਰੂਰ ਵਿਖੇ ਹੀ ਰਹੇ। ਆਪ ਜੀ ਦੀਆਂ ਲਿਖੀਆਂ ਰਚਨਾਵਾਂ ਇਹ ਹਨ :

1. *ਗੁਰਮਤਿ ਮਾਰਤੰਡ*, 2. *ਤਵਾਰੀਖ਼ ਗੁਰੂ ਖ਼ਾਲਸਾ ਪੰਥ* (ਪੰਜ ਹਿੱਸੇ), 3. *ਖ਼ਾਲਸਾ ਨੀਤੀ ਧਰਮ ਸ਼ਾਸਤਰ*, 4. *ਸਿੱਖ ਕਾਨੂੰਨ*, 5. *ਗੁਰਮਤਿ ਜੀਵਨ*, 6. *ਸ੍ਰਿਸ਼ਟੀ ਰਚਨਾ*, 7. *ਪੰਥ ਪ੍ਰਸਿੱਧ ਹਸਤੀਆਂ*, 8. *ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਤੇ ਕਠਿਨ ਪਾਠਾਂ ਦੀ ਕੁੰਜੀ*, 9. *ਕਕਾਰ ਫਿਲਾਸਫੀ*, 10. *ਖ਼ਾਲਸਾ ਸੰਸਕਾਰ ਵਿਧੀ*, 11. *ਭਾਈਚਾਰਕ ਸੁਧਾਰ*, 12. *ਗਹਿਣਾ ਪ੍ਰਹਾਰ*, 13. *ਭਾਈ ਗੁਰਦਾਸ ਦਰਸ਼ਨ*, 14. *ਨਿਤਨੇਮ ਸਟੀਕ*, 15. *ਪੰਚ ਤੰਤਰ ਸਟੀਕ*, 16. *ਆਜ਼ਾਦੀ ਦਾ ਦੇਵਤਾ*, 17. *ਗੁਰਮਤਿ ਤੇ ਇਸਲਾਮ*, 18. *ਜਾਤ-ਪਾਤ ਖੰਡਨ*, 19. *ਅਨਮਤ ਖੰਡਨ*, 20. *ਖਟ ਦਰਸ਼ਨ*।

48. ਗਿਆਨੀ ਨਰੈਣ ਸਿੰਘ ਜੀ

ਗਿਆਨੀ ਨਰੈਣ ਸਿੰਘ ਜੀ ਪ੍ਰਾਚੀਨ ਗਿਆਨੀ ਸੰਪ੍ਰਦਾ ਦੇ ਪ੍ਰਸਿੱਧ ਗਿਆਨੀ ਹਨ। ਆਪ ਜੀ ਨੇ ਗੁਰਬਾਣੀ ਦੇ ਟੀਕੇ ਕਰ ਕੇ ਕੌਮੀ ਸੇਵਾ ਕੀਤੀ ਹੈ।

ਗਿਆਨੀ ਬਦਨ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕੀਤਾ, ਜੋ *ਫ਼ਰੀਦਕੋਟੀ ਟੀਕਾ* ਨਾਮ ਤੋਂ ਪ੍ਰਸਿੱਧ ਹੈ। ਫਿਰ ਗਿਆਨੀ ਬਿਸ਼ਨ ਸਿੰਘ ਜੀ ਨੇ ਵੀ ਟੀਕਾ ਲਿਖਿਆ ਹੈ। ਦਸਮ ਗ੍ਰੰਥ ਦਾ ਟੀਕਾ ਪਹਿਲੀ ਵੇਰ ਆਪ ਨੇ ਹੀ ਲਿਖਿਆ। ਆਪ ਦੇ ਟੀਕੇ ਚੰਗੇ ਦਿਲਚਸਪੀ ਨਾਲ ਪੜ੍ਹੇ ਜਾਂਦੇ ਹਨ। ਆਪ ਜੀ ਦੀਆਂ ਪ੍ਰਸਿੱਧ ਰਚਨਾਵਾਂ ਇਹ ਹਨ :

1. *ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ*, 2. *ਸ੍ਰੀ ਦਸਮ ਗ੍ਰੰਥ ਸਟੀਕ*, 3. *ਨਿਤਨੇਮ ਸਟੀਕ*, 4. *ਵਾਰਾਂ ਭਾਈ ਗੁਰਦਾਸ ਸਟੀਕ*, 5. *ਕਬਿੱਤ ਭਾਈ ਗੁਰਦਾਸ ਸਟੀਕ*।

49. ਸ: ਰਘਬੀਰ ਸਿੰਘ ਜੀ ਬੀਰ

ਸ: ਰਘਬੀਰ ਸਿੰਘ ਜੀ ਬੀਰ ਧਾਰਮਿਕ ਵਿਚਾਰਾਂ ਸੰਬੰਧੀ ਕਲਕੱਤੇ ਤੋਂ *ਆਤਮ ਸਾਇੰਸ* ਨਾਮੀ ਮਾਸਕ ਪੱਤਰ ਪ੍ਰਕਾਸ਼ਤ ਕਰਦੇ ਰਹੇ ਹਨ। ਆਪ ਦੇ ਇਸ ਪਰਚੇ ਰਾਹੀਂ ਕਾਫ਼ੀ ਜਗਿਆਸੂਆਂ ਨੂੰ ਲਾਭ ਪੁੱਜਾ ਹੈ। ਪਰਚੇ ਤੋਂ ਇਲਾਵਾ ਆਪ ਨੇ ਸਤਿਸੰਗ ਵਿਚਾਰਾਂ ਤੇ ਗੋਸ਼ਠਾਂ ਰਾਹੀਂ ਵੀ ਲੋਕਾਂ ਨੂੰ ਧਰਮ ਵੱਲ ਪ੍ਰੇਰਿਤ ਕੀਤਾ ਹੈ। ਇਹਨਾਂ ਦੀਆਂ ਹੇਠ ਲਿਖੀਆਂ ਛਪੀਆਂ ਪੁਸਤਕਾਂ ਮਿਲਦੀਆਂ ਹਨ:

1. *ਬੰਦਗੀਨਾਮਾ*, 2. *ਗੁਰਮਤਿ ਚਾਨਣ*, 3. *ਸਿਮਰਨ ਮਹਿਮਾ*, 4. *ਚੜ੍ਹਦੀ ਕਲਾ*, 5. *ਖ਼ਾਲਸਈ ਸ਼ਾਨ*, 6. *ਰਮਜ਼ੀ ਕਹਾਣੀਆਂ*, 7. *ਰਮਜ਼ਾਂ*, 8. *ਅਰਦਾਸ ਸ਼ਕਤੀ*।

50. ਗਿਆਨੀ ਨਾਹਰ ਸਿੰਘ ਜੀ

ਗਿਆਨੀ ਨਾਹਰ ਸਿੰਘ ਜੀ ਪੁਰਾਣੇ ਸਿੱਖ ਪੱਤਰਕਾਰਾਂ ਵਿੱਚੋਂ ਮੁਖੀ ਪੱਤਰਕਾਰ ਹਨ, ਜਿਨ੍ਹਾਂ *ਅਸਲੀ ਕੌਮੀ ਦਰਦ*, *ਕੌਮੀ ਦਰਦ*, *ਗੁਰ ਸੇਵਕ*, *ਸਿੱਖ ਸੇਵਕ* ਆਦਿ ਪੱਤਰਾਂ ਨੂੰ ਸੰਪਾਦਨ ਕਰਦਿਆਂ ਸਿੱਖ ਪੰਥ ਦੀ ਸੇਵਾ ਕੀਤੀ।

ਆਪ ਦਾ ਜਨਮ ਪਿੰਡ ਗੁਜਰਵਾਲ, ਜ਼ਿਲ੍ਹਾ ਲੁਧਿਆਣਾ ਵਿਚ ਸ: ਠਾਕਰ ਸਿੰਘ ਜੀ ਦੇ ਘਰ 1893 ਈ: ਵਿਚ ਹੋਇਆ। ਪਹਿਲਾਂ ਤੋਂ ਹੀ ਕੌਮੀ ਲਹਿਰਾਂ ਵਿਚ ਹਿੱਸਾ ਲੈਣਾ ਸ਼ੁਰੂ ਕੀਤਾ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਥੇ ਨਾਲ ਮਿਲ ਕੇ ਕੰਮ ਕਰਦੇ ਰਹੇ। ਫਿਰ ਅੰਮ੍ਰਿਤਸਰ ਜਾ ਕੇ ਪ੍ਰੈੱਸ ਖੋਲ੍ਹ ਲਿਆ। ਕਈ ਅਖ਼ਬਾਰਾਂ ਦਾ ਸੰਪਾਦਨ ਕੀਤਾ। ਸਿਹਤ ਦੀ ਖ਼ਰਾਬੀ ਕਾਰਨ ਕੰਮ-ਕਾਰ ਛੱਡ ਕੇ ਇਕ ਪਾਸੇ ਹੋ ਗਏ, ਪਰੰਤੂ ਗੁਰਮਤਿ ਪ੍ਰਚਾਰ ਦੀ ਲਗਨ ਉਸੇ ਤਰ੍ਹਾਂ ਜਾਰੀ ਰਹੀ।

ਆਪ ਦਾ ਇਹ ਕੰਮ ਸਦਾ ਪ੍ਰਸੰਸਾ ਦੀ ਨਜ਼ਰ ਨਾਲ ਵੇਖਿਆ ਜਾਵੇਗਾ ਕਿ ਆਪ ਨੇ ਬੜੀ ਮਿਹਨਤ ਨਾਲ ਭਾਈ ਸਾਹਿਬ ਭਾਈ ਰਣਧੀਰ ਸਿੰਘ ਰਚਿਤ ਪੁਸਤਕਾਂ ਨੂੰ ਸੰਪਾਦਨ ਕਰ ਕੇ ਪ੍ਰਕਾਸ਼ਤ ਕਰਵਾਇਆ ਹੈ। *ਇਤਿਹਾਸ ਸ੍ਰੀ ਪੰਜਾ ਸਾਹਿਬ* ਤੇ ਕਈ ਇਕ ਹੋਰ ਟ੍ਰੈਕਟ ਵੀ ਆਪ ਦੇ ਲਿਖੇ ਮਿਲਦੇ ਹਨ।

51. ਸ: ਗੁਰਬਖ਼ਸ਼ ਸਿੰਘ ਜੀ ਸ਼ਮਸ਼ੇਰ

ਸ: ਗੁਰਬਖ਼ਸ਼ ਸਿੰਘ ਜੀ ਸ਼ਮਸ਼ੇਰ (ਪਿੰਡ ਝਬਾਲ, ਜ਼ਿਲ੍ਹਾ ਅੰਮ੍ਰਿਤਸਰ) ਉਨ੍ਹਾਂ ਖੋਜੀ ਇਤਿਹਾਸਕਾਰਾਂ ਵਿੱਚੋਂ ਸਨ, ਜਿਨ੍ਹਾਂ ਸ: ਕਰਮ ਸਿੰਘ ਹਿਸਟੋਰੀਅਨ ਦੇ ਕੰਮਾਂ ਤੋਂ ਪ੍ਰੇਰਨਾ ਲੈ ਕੇ ਸਿੱਖ ਇਤਿਹਾਸ ਦੀ ਖੋਜ ਲਈ ਜਤਨ ਆਰੰਭੇ।

ਭਾਵੇਂ ਆਪ ਦੀ ਵਿੱਦਿਆ ਬਹੁਤ ਜ਼ਿਆਦਾ ਨਹੀਂ ਸੀ, ਪਰ ਫਿਰ ਵੀ ਜਦੋਂ ਆਪ ਨੇ ਵੇਖਿਆ ਕਿ ਸਿੱਖ ਇਤਿਹਾਸ ਸੰਚਿਤ ਕਰਨ ਵੱਲੋਂ ਬੜੀ ਅਣਗਹਿਲੀ ਕੀਤੀ

ਜਾ ਰਹੀ ਹੈ, ਖ਼ਾਸ ਕਰਕੇ ਕੱਲ੍ਹ ਲੰਘੀ ਅਕਾਲੀ ਲਹਿਰ ਦਾ ਪੂਰਾ ਇਤਿਹਾਸ ਵੀ ਸਾਡੇ ਪਾਸ ਨਹੀਂ। ਇਸ ਘਾਟ ਨੂੰ ਪੂਰਿਆਂ ਕਰਨ ਲਈ ਨਨਕਾਣਾ ਸਾਹਿਬ ਕਮੇਟੀ ਦੇ ਪ੍ਰਬੰਧ ਹੇਠ ਆਪ ਨੇ ਨਨਕਾਣੇ ਦੇ ਸ਼ਹੀਦਾਂ ਦਾ ਇਤਿਹਾਸ ਖੋਜਣਾ ਆਰੰਭਿਆ। ਸੈਂਕੜੇ ਕੋਹ ਪੈਦਲ ਗਾਹੇ। ਪਿੰਡ ਪਿੰਡ ਪੁੱਜ ਕੇ ਸ਼ਹੀਦਾਂ ਦੇ ਨਾਂ, ਥਾਂ ਤੇ ਹੋਰ ਜਾਣ-ਪਛਾਣਾਂ ਲੱਭੀਆਂ ਤੇ ਬੜੀ ਮਿਹਨਤ ਬਾਦ *ਸ਼ਹੀਦੀ ਜੀਵਨ ਸ੍ਰੀ ਨਨਕਾਣਾ ਸਾਹਿਬ* ਇਕ ਵੱਡੀ ਪੁਸਤਕ ਤਿਆਰ ਕੀਤੀ। ਇਸ ਤੋਂ ਬਿਨਾਂ ਹੋਰ ਵੀ ਆਪ ਨੇ ਕੀ ਕੀ ਕੁਝ ਲਿਖਿਆ ਯਾ ਕੀ ਕੁਝ ਲਿਖਣ ਦੇ ਆਹਰ ਵਿਚ ਸਨ, ਕਿਹਾ ਨਹੀਂ ਜਾ ਸਕਦਾ। ਜੁਲਾਈ 1948 ਦੇ ਪਾਕਿਸਤਾਨੀ ਘਲੂਘਾਰੇ ਨੇ ਲਾਹੌਰ 'ਚ ਉਹਨਾਂ ਦੀ ਜਾਨ ਲੈ ਲਈ ਤੇ ਉਹ ਸਾਥੋਂ ਸਦਾ ਲਈ ਵਿਛੜ ਗਏ।

52. ਗਿਆਨੀ ਸੋਹਣ ਸਿੰਘ ਜੀ ਸੀਤਲ

ਗਿਆਨੀ ਸੋਹਣ ਸਿੰਘ ਜੀ ਸੀਤਲ ਢਾਡੀਆਂ ਵਿੱਚੋਂ ਸ਼ੋ੍ਮਣੀ ਢਾਡੀ ਹਨ, ਜਿਨ੍ਹਾਂ ਸਿੱਖ ਇਤਿਹਾਸ ਦੀ ਖੋਜ ਕਰ ਕੇ ਢਾਡੀ ਪ੍ਰਣਾਲੀ ਨੂੰ ਨਵੀਆਂ ਲੀਹਾਂ 'ਤੇ ਚਲਾਇਆ ਹੈ। ਆਪ ਜਿਥੇ ਚੰਗੇ ਕਵੀ ਤੇ ਸੋਹਣੇ ਬੁਲਾਰੇ ਸਨ, ਉਥੇ ਇਤਿਹਾਸਕ ਖੋਜ ਦੀ ਲਗਨ ਵੀ ਕਾਫ਼ੀ ਰੱਖਦੇ ਸਨ।

ਪਿੰਡ ਕਾਦੀਵਿੰਡ, ਜ਼ਿਲ੍ਹਾ ਲਾਹੌਰ ਹੈ। ਢਾਡੀਆਂ ਦੇ ਲਾਭ ਲਈ ਜਿਥੇ ਆਪ ਨੇ *ਸੀਤਲ ਕਿਰਨਾਂ*, *ਸੀਤਲ ਸੁਨੇਹੇ*, *ਸੀਤਲ ਤਰੰਗਾਂ*, *ਸੀਤਲ ਹੰਝੂ*, *ਸੀਤਲ ਹੁਲਾਰੇ*, *ਸੀਤਲ ਪ੍ਰਸੰਗ*, *ਸਜਰੇ ਹੰਝੂ* ਤੇ *ਵਹਿੰਦੇ ਹੰਝੂ* ਆਦਿ ਕਈ ਪ੍ਰਸੰਗਾਂ ਦੀਆਂ ਪੁਸਤਕਾਂ ਲਿਖੀਆਂ ਹਨ, ਉਥੇ ਇਤਿਹਾਸਕ ਖੋਜ ਦੀਆਂ ਇਹ ਪੁਸਤਕਾਂ ਕਾਫ਼ੀ ਪ੍ਰਸਿੱਧੀ ਰੱਖਦੀਆਂ ਹਨ :

1. *ਬੰਦਾ ਸਿੰਘ ਬਹਾਦਰ*, 2. *ਦੁਖੀਏ ਮਾਂ ਪੁੱਤ*, 3. *ਸਿੱਖ ਰਾਜ ਕਿਵੇਂ ਗਿਆ*, 4. *ਪੰਜਾਬ ਦਾ ਉਜਾੜਾ*, 5. *ਮੁੱਲ ਦਾ ਮਾਸ* (ਨਾਵਲ)।

•

ਸਿੱਖ ਪੰਥ ਦੀ ਦੇਸ਼-ਸੇਵਾ

ਸਿੱਖ ਚਰਿੱਤਰ ਦਾ ਮੁੱਖ ਲੱਛਣ ਇਹ ਹੈ ਕਿ ਉਹ ਸੁਤੰਤਰਤਾ ਤੇ ਸ੍ਵੈਮਾਨ ਦਾ ਮੁੱਦਈ ਹੈ। ਨਾ ਉਹ ਭੈਭੀਤ ਹੋਣਾ ਪਸੰਦ ਕਰਦਾ ਹੈ ਤੇ ਨਾ ਹੀ ਭੈਭੀਤ ਕਰਨਾ। ਉਹ ਕਦੀ ਪਰਾਧੀਨ ਨਹੀਂ ਹੁੰਦਾ। ਆਪਣਾ ਰਾਜ ਸਥਾਪਿਤ ਕਰਦਾ ਹੈ, ਪਰੰਤੂ ਜੇਕਰ ਅਜਿਹਾ ਨਾ ਹੋ ਸਕੇ ਤਾਂ ਉਹ ਬੇਚੈਨ ਰਹਿੰਦਾ ਹੈ। ਇਹ ਆਜ਼ਾਦੀ ਤੇ ਆਤਮ-ਸਨਮਾਨ ਦੀ ਗੁੜ੍ਹਤੀ ਉਸ ਨੂੰ ਗੁਰਬਾਣੀ ਤੇ ਇਤਿਹਾਸ ਤੋਂ ਮਿਲੀ ਹੈ, ਜਿਥੇ 'ਬਾਰ ਪਰਾਏ ਬੈਸਣ' ਨੂੰ ਧਿਰਕਾਰਿਆ ਗਿਆ ਹੈ ਤੇ ਪਤ-ਵਿਹੂਣੇ ਜੀਵਨ ਜੀਊਣ ਨੂੰ ਫਿਟਕਾਰਿਆ ਗਿਆ ਹੈ ਅਤੇ "ਮਨ ਤੂੰ ਜੋਤਿ ਸਰੂਪੁ ਹੈ"[1] ਕਹਿ ਕੇ ਉਸ ਦੀ ਆਤਮਾ ਨੂੰ ਵੰਗਾਰਿਆ ਗਿਆ ਹੈ ਕਿ ਤੂੰ ਆਪਣੀ ਆਜ਼ਾਦ ਹਸਤੀ ਨੂੰ ਜਿਵੇਂ ਕਿਵੇਂ ਬਰਕਰਾਰ ਰੱਖਣਾ ਹੈ। ਇਹੋ ਹੀ ਵਧੀਆ ਮਨੁੱਖ ਦਾ ਵਧੀਆ ਲੱਛਣ ਹੈ। ਆਇਨਸਟਾਇਨ ਨੇ ਠੀਕ ਕਿਹਾ ਸੀ ਕਿ ਆਜ਼ਾਦ ਤੇ ਬਿਬੇਕਵਾਨ ਇਨਸਾਨ, ਤਬਾਹ ਤਾਂ ਹੋ ਸਕਦਾ ਹੈ, ਪਰ ਕਦਾਚਿਤ ਗ਼ੁਲਾਮ ਨਹੀਂ ਹੋ ਸਕਦਾ। ਅਜਿਹੀ ਸੰਪੂਰਨ ਆਜ਼ਾਦ ਹਸਤੀ ਦਾ ਨਾਮ ਹੀ 'ਖ਼ਾਲਸਾ ਪੰਥ' ਹੈ, ਜਿਸ ਨੂੰ ਸਤਿਗੁਰਾਂ ਬਾਣੀ ਦਾ ਵਿਧਾਨ ਤੇ ਵਿਲੱਖਣ ਬਾਣੇ ਦੀ ਪਛਾਣ ਦਿੱਤੀ। ਨਿਰਾਲੀ ਚਾਲ ਚੱਲਣਾ ਕਿੰਨਾ ਬਿਖਮ ਹੈ, ਪਰ ਸ਼ਾਨਦਾਰ ਕਾਰ ਹੈ, ਜੋ ਕੋਈ ਵਿਰਲਾ ਸੂਰਬੀਰ ਹੀ ਕਰ ਸਕਦਾ ਹੈ।

ਇਹ ਕੇਸਾਧਾਰੀ ਤੇ ਦਸਤਾਰਧਾਰੀ ਖ਼ਾਲਸਾ ਸ਼ਸਤਰਧਾਰੀ ਵੀ ਹੋਇਆ ਅਤੇ ਇਸ ਨੂੰ ਝੰਡਾ ਤੇ ਨਗਾਰਾ ਵੀ ਬਖ਼ਸ਼ੇ ਗਏ, ਜੋ ਕਿ ਪ੍ਰਭੂ-ਸੱਤਾ (Sovereignty) ਦੇ ਪ੍ਰਤੀਕ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਗੱਲ ਲਈ ਦ੍ਰਿੜ੍ਹ ਸਨ ਕਿ ਦੇਸ਼ ਦੀ ਕਿਰਤੀ ਜਮਾਤ ਨੂੰ ਸ਼ਕਤੀਵਾਨ ਕਰ ਕੇ ਅੱਗੇ ਲਿਆਉਣਾ ਹੈ। ਗਿੱਦੜਾਂ ਨੂੰ ਸ਼ੇਰ ਬਣਾ ਕੇ ਚਿੜੀਆਂ ਤੋਂ ਬਾਜ਼ ਤੁੜਾ ਕੇ ਦੁਨੀਆਂ ਨੂੰ ਦੱਸਣਾ ਹੈ ਕਿ ਅਕਾਲ ਪੁਰਖ ਦੀ ਸਹੀ ਇੱਛਾ ਕੀ ਹੈ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

(ਸਿਰੀਰਾਗੁ ਮਹਲਾ ੧, ਪੰਨਾ 15)

---

1. ਆਸਾ ਮ: ੩, ਪੰਨਾ 441.

ਗੁਰੂ ਬਾਬੇ ਦੇ ਹੁਕਮ 'ਤੇ ਫੁੱਲ ਚੜ੍ਹਾਉਂਦਿਆਂ ਹੀ ਕਲਗੀਧਰ ਜੀ ਨੇ ਇਹ ਪ੍ਰਤਿੱਗਿਆ ਕਰ ਲਈ ਸੀ:

ਇਨ ਗ਼ਰੀਬ ਸਿਖਨ ਕੋ ਦੈਂ ਬਾਦਸ਼ਾਹੀ,
ਯਹ ਯਾਦ ਰਖਹਿਂ ਹਮਰੀ ਗੁਰਿਆਈ। *(ਪ੍ਰਾਚੀਨ ਪੰਥ ਪ੍ਰਕਾਸ਼)*

ਮੀਰੀ ਤੇ ਪੀਰੀ ਦੇ ਸੰਗਮ ਦਾ ਭਾਵ ਇਹੋ ਸੀ ਕਿ ਧਰਮ ਤੇ ਰਾਜਨੀਤੀ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਲਈ ਰਲ ਕੇ ਚੱਲਣ। ਧਰਮ ਅੰਦਰੂਨੀ ਮਰਯਾਦਾ ਹੈ, ਰਾਜਨੀਤੀ ਬਾਹਰਲੀ ਮਰਯਾਦਾ ਦੀ ਪਹਿਰੇਦਾਰ। ਸੱਚਾ ਧਰਮ ਪ੍ਰਧਾਨ ਹੋਵੇ ਤਾਂ ਰਾਜਨੀਤੀ ਵੀ ਸਹੀ ਚੱਲਦੀ ਹੈ ਅਤੇ ਜੇ ਸਵਾਰਥ ਵੱਸ ਰਾਜ-ਸੱਤਾ ਭਾਰੂ ਹੋ ਕੇ ਅਹੰਕਾਰੂ ਹੋ ਜਾਵੇ ਤਾਂ ਇਹ ਧਰਮ ਨੂੰ ਵੀ ਖ਼ਰਾਬ ਕਰਦੀ ਹੈ। ਨਾਮ ਮਜ਼ਬ ਦੀਨ ਦਾ ਤੇ ਗ਼ਰਜ਼ਾਂ ਆਪਣੇ ਮਨ ਕਮੀਣ ਦੀਆਂ, ਔਰੰਗਜ਼ੇਬ ਦੀ ਤਸਬੀ ਨੀਤੀ ਦਾ ਦੁਖਾਂਤ ਇਹੋ ਸੀ। ਆਪ ਤਾਂ ਮਰ ਹੀ ਗਿਆ ਤੇ ਦੇਸ਼ ਨੂੰ ਵੀ ਤਬਾਹ ਕਰ ਗਿਆ।

ਗੁਰੂ ਸਾਹਿਬਾਨ ਨੇ ਇਨ੍ਹਾਂ ਦੋਹਾਂ ਦਾ ਸੰਮੇਲਨ ਇਸ ਲਈ ਕੀਤਾ ਸੀ ਕਿ ਧਰਮ ਸ਼ਕਤੀਵਾਨ ਹੋ ਕੇ 'ਸਰਬੱਤ ਦੇ ਭਲੇ' ਦਾ ਮਿਸ਼ਨ ਪੂਰਾ ਕਰੇ ਤੇ ਰਾਜ ਸ਼ਕਤੀ ਉਸ ਦੀ ਹਰ ਤਰ੍ਹਾਂ ਸਹਾਇਤਾ ਕਰਦੀ ਜਾਵੇ। ਰਾਜਨੀਤੀ ਜਾਂ ਸਿਆਸਤ ਦਾ ਭਾਵ ਹਕੂਮਤ ਕਰਨ ਦੀ ਹਵਸ ਨਹੀਂ, ਹੋਰ ਲੋਕਾਂ ਨੂੰ ਗ਼ੁਲਾਮ ਬਣਾਉਣਾ ਜਾਂ ਉਨ੍ਹਾਂ ਦੀ ਤਮਾਮ ਸ਼ਕਤੀ ਹਥਿਆਉਣਾ ਨਹੀਂ, ਬਲਕਿ ਰਾਜਨੀਤੀ ਦਾ ਭਾਵ ਹੈ, ਸਮਾਜ ਦੀਆਂ ਪਦਾਰਥਕ ਸ਼ਕਤੀਆਂ ਉੱਤੇ ਕਾਬੂ ਪਾ ਕੇ ਉਨ੍ਹਾਂ ਨੂੰ ਸਰਬੱਤ ਦੇ ਭਲੇ ਲਈ ਵਰਤਣ ਹਿੱਤ ਵਿਉਂਤਬੱਧ ਉਪਾਉ ਕਰਨਾ। ਜੇਕਰ ਸੰਸਾਰਕ ਸ਼ਕਤੀਆਂ ਦੀ ਵਾਗ-ਡੋਰ ਕਿਸੇ ਹੋਰ ਹੱਥ ਵਿਚ ਹੋਵੇ ਤਾਂ ਧਰਮ, ਲੋਕ-ਕਲਿਆਣ ਦਾ ਮਿਸ਼ਨ ਕਿਵੇਂ ਪੂਰਾ ਕਰ ਸਕਦਾ ਹੈ ? ਸੋ, ਸ੍ਰੇਸ਼ਟ ਧਰਮ ਤੇ ਸ੍ਰੇਸ਼ਟ ਰਾਜਨੀਤੀ ਦਾ ਸੰਗਮ ਬਹੁਤ ਜ਼ਰੂਰੀ ਹੈ, ਪਰ ਇਤਿਹਾਸ ਵਿਚ ਐਸਾ ਘੱਟ ਹੀ ਹੋਇਆ ਹੈ।

ਭਾਰਤ ਦਾ ਇਤਿਹਾਸ ਤਾਂ ਸ਼ਕਤੀਹੀਣ ਧਰਮ ਦੀ ਦੁਰਗਤੀ ਦਾ ਇਤਿਹਾਸ ਹੈ। ਗੁਰੂ ਕਾਲ ਤੋਂ ਪਹਿਲਾਂ ਦੇ ਹਿੰਦੁਸਤਾਨ ਦੀ ਬਾਬ ਕਿਤਨੀ ਕੁ ਖ਼ਰਾਬ ਸੀ, ਇਹ ਬਾਬੇ ਨਾਨਕ ਦੀ ਰਬਾਬ ਦੇ ਵਿਰਲਾਪ ਤੋਂ ਜ਼ਾਹਿਰ ਹੈ। ਇਥੋਂ ਦੀ ਰਾਜਨੀਤੀ ਤਾਂ ਬਿਗਾਨੇ ਦੇਸ਼ ਦੇ ਜਰਵਾਣਿਆਂ ਕਾਬੂ ਕਰ ਲਈ ਸੀ ਤੇ ਇਸੇ ਕਰਕੇ ਹਿੰਦੁਸਤਾਨ ਭਿਆਨਕ ਅਪਮਾਨ ਤੇ ਨੁਕਸਾਨ ਦਾ ਸ਼ਿਕਾਰ ਸੀ। ਸਤਿਗੁਰੂ ਨਾਨਕ ਦੇਵ ਜੀ ਦੱਸਦੇ ਹਨ:

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥

(ਆਸਾ ਮਹਲਾ ੧, ਪੰਨਾ 360)

ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ॥

(ਤਿਲੰਗ ਮਹਲਾ ੧, ਪੰਨਾ 723)

ਇਹ ਬਾਹਰਲੇ ਹਮਲਾਵਰ ਕਿਤਨੇ ਅਸਭਿਅ, ਅਧਰਮੀ ਤੇ ਚੋਰ-ਲੁਟੇਰੇ ਸਨ ਕਿ ਉਨ੍ਹਾਂ ਦੀ ਲਿਸਟ ਗੁਰੂ ਸਾਹਿਬ ਇਉਂ ਗਿਣਾਉਂਦੇ ਹਨ:

ਅਸੰਖ ਮੂਰਖ ਅੰਧ ਘੋਰ॥
ਅਸੰਖ ਚੋਰ ਹਰਾਮਖੋਰ॥
ਅਸੰਖ ਅਮਰ ਕਰਿ ਜਾਹਿ ਜੋਰ॥
ਅਸੰਖ ਗਲਵਢ ਹਤਿਆ ਕਮਾਹਿ॥
ਅਸੰਖ ਪਾਪੀ ਪਾਪੁ ਕਰਿ ਜਾਹਿ॥
ਅਸੰਖ ਕੂੜਿਆਰ ਕੂੜੇ ਫਿਰਾਹਿ॥
ਅਸੰਖ ਮਲੇਛ ਮਲੁ ਭਖਿ ਖਾਹਿ॥ *(ਜਪੁ ਜੀ, ਪੰਨਾ 4)*

ਇਹ ਵਿਦੇਸ਼ੀ ਦੁਸ਼ਟ ਹਮਲਾਵਰਾਂ ਦਾ ਨਕਸ਼ਾ ਪੇਸ਼ ਕਰਨ ਦਾ ਮੰਤਵ ਇਤਨਾ ਹੀ ਸੀ ਕਿ ਸਾਨੂੰ ਸ਼ਰਮ ਆਵੇ ਤੇ ਅਸੀਂ ਆਪਣੇ ਆਤਮ-ਸਨਮਾਨ ਦੀ ਰਾਖੀ ਲਈ ਸਾਵਧਾਨ ਹੋਈਏ। ਪਰ ਸਾਡੇ ਰਾਖੇ ਰਾਜਨੀਤੀਵਾਨਾਂ ਦੀ ਦੁਰਦਸ਼ਾ ਵੀ ਗੁਰੂ ਸਾਹਿਬ ਦੇ ਸਾਹਮਣੇ ਸੀ, ਉਹ ਡਰੇ ਨਹੀਂ, ਬਲਕਿ ਨਿਡਰ ਹੋ ਕੇ ਉਨ੍ਹਾਂ ਖਰੀਆਂ ਖਰੀਆਂ ਸੁਣਾਈਆਂ :

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
(ਵਾਰ ਮਾਝ, ਮਹਲਾ ੧, ਪੰਨਾ 145)

ਰਾਜੇ ਸੀਹ ਮੁਕਦਮ ਕੁਤੇ॥
ਜਾਇ ਜਗਾਇਨਿ੍ ਬੈਠੇ ਸੁਤੇ॥ *(ਵਾਰ ਮਲਾਰ, ਮਹਲਾ ੧, ਪੰਨਾ 1288)*

ਰਤੁ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ ਏਵੈ ਜਾਪੈ ਭਾਉ॥
(ਵਾਰ ਮਾਝ, ਮਹਲਾ ੧, ਪੰਨਾ 142)

ਬਾਹਰਲੇ ਹਮਲਾਵਰ ਵੀ ਭੈੜੇ ਤੇ ਸਾਡੇ ਰਾਜੇ-ਰਾਣੇ ਵੀ ਭੈੜੇ। ਫਿਰ ਨਿਮਾਣੇ-ਨਿਤਾਣੇ ਜਨ-ਸਾਧਾਰਨ ਦੀ ਰੱਖਿਆ ਕੌਣ ਕਰ ਸਕਦਾ ਸੀ ਤੇ ਇਥੋਂ ਦੀ ਸੰਸਕ੍ਰਿਤੀ, ਧਰਮ ਅਤੇ ਅਣਖ-ਆਨ ਜਾਂ ਆਤਮ-ਸਨਮਾਨ ਕਿਵੇਂ ਬਚ ਸਕਦਾ ਸੀ? ਇਹ ਦਾਸਤਾ ਕਾਰਨ ਹੋਈ ਦੁਰਗਤੀ ਸੀ ਕਿ ਜਿਸ ਕਰਕੇ ਸਾਡਾ ਧਰਮ ਈਮਾਨ, ਸਾਡੀ ਜ਼ੁਬਾਨ, ਸਾਡਾ ਖਾਣ-ਪੀਣ, ਪਹਿਰਨ ਤੇ ਬਾਕੀ ਰਹਿਣੀ-ਬਹਿਣੀ ਦਾ ਰੁਝਾਨ ਵੀ ਵਿਦੇਸ਼ੀ ਬਣ ਕੇ ਰਹਿ ਗਿਆ। ਗ਼ੁਲਾਮ ਹਿੰਦੀ, ਥਾਂ ਥਾਂ ਹਾਕਮਾਂ ਦੀ ਵਿਧੀ ਵਿਧਾਨ ਨੂੰ ਹੀ ਅਪਣਾਉਣ ਲੱਗ ਪਏ। ਇਸ ਅਧੋਗਤੀ ਤੇ ਗ਼ੁਲਾਮਾਨਾ ਜ਼ਹਿਨੀਅਤ ਦਾ ਗੁਰੂ ਨਾਨਕ ਸਾਹਿਬ ਨੇ ਖ਼ਾਸ ਨੋਟਿਸ ਲਿਆ। ਭਾਵੇਂ ਹੋਰ ਕਿਸੇ ਮੱਧਕਾਲੀ ਸੰਤ-ਭਗਤ ਨੇ ਸ਼ਾਇਦ ਇਸ ਨੂੰ ਧਿਆਨ ਗੋਚਰੇ ਕਰਨ ਦੀ ਲੋੜ ਨਹੀਂ ਸਮਝੀ, ਪਰ ਗੁਰੂ ਨਾਨਕ ਸਾਹਿਬ ਇਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਜਦ ਕੋਈ ਦੇਸ਼ ਆਪਣੀ ਰਹਿਣੀ-ਬਹਿਣੀ ਤੇ ਸੰਸਕ੍ਰਿਤੀ ਨੂੰ ਖ਼ੁਦ ਹੀ ਤਿਲਾਂਜਲੀ ਦੇ ਦੇਵੇ ਤਾਂ ਉਥੇ ਆਤਮ-ਸਨਮਾਨ ਤੇ ਈਮਾਨ ਕਿਵੇਂ ਬਚ ਸਕਦਾ ਹੈ। ਗੁਰੂ ਸਾਹਿਬ ਫ਼ੁਰਮਾਉਂਦੇ ਹਨ :

ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ॥
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ॥
(ਰਾਮਕਲੀ ਮਹਲਾ ੧ ਅਸਟਪਦੀਆ, ਪੰਨਾ 903)

ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥

(ਵਾਰ ਮਾਝ ਕੀ ਤਥਾ ਸਲੋਕ ਮਹਲਾ ੧, ਪੰਨਾ 142)

ਤੁਸੀਂ ਹੈਰਾਨ ਹੋਵੋਗੇ ਕਿ ਗੁਰੂ ਨਾਨਕ ਇਸ ਸਾਰੀ ਭਿਆਨਕ ਤਬਦੀਲੀ ਤੋਂ ਪੂਰੀ ਤਰ੍ਹਾਂ ਜਾਣੂ ਸਨ ਤੇ ਉਹ ਟਕੋਰਾਂ ਲਾ ਲਾ ਕੇ ਹਿੰਦੁਸਤਾਨੀਆਂ ਨੂੰ ਦੱਸ ਰਹੇ ਸਨ ਕਿ ਤੁਹਾਡੇ ਪੱਲੇ ਆਪਣਾ ਹੈ ਹੀ ਕੀ? ਨਾ ਜ਼ਬਾਨ, ਨਾ ਈਮਾਨ ਤੇ ਨਾ ਕੋਈ ਹੋਰ ਆਨ-ਸ਼ਾਨ ਦਾ ਸਾਮਾਨ:

ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ॥
ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ॥...
ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥

(ਬਸੰਤੁ ਹਿੰਡੋਲੁ ਮਹਲਾ ੧, ਪੰਨਾ 1191)

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥

(ਧਨਾਸਰੀ ਮਹਲਾ ੧, ਪੰਨਾ 663)

ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥

(ਆਸਾ ਮਹਲਾ ੧, ਪੰਨਾ 470)

ਅਭਾਖਿਆ ਕਾ ਕੁਠਾ ਬਕਰਾ ਖਾਣਾ॥
ਚਉਕੇ ਉਪਰਿ ਕਿਸੈ ਨ ਜਾਣਾ॥ *(ਆਸਾ ਮਹਲਾ ੧, ਪੰਨਾ 472)*

ਸੋ, ਇਨ੍ਹਾਂ ਹਵਾਲਿਆਂ ਤੋਂ ਪ੍ਰਗਟ ਹੈ ਕਿ ਗੁਰੂ ਨਾਨਕ ਸਾਹਿਬ ਪਹਿਲੇ ਮਹਾਂਪੁਰਸ਼ ਸਨ, ਜਿਨ੍ਹਾਂ ਭਾਰਤੀ ਰਾਸ਼ਟਰਵਾਦ ਜਾਂ ਕੌਮੀ ਭਾਵਨਾ ਨੂੰ ਜਗਾਉਣ ਦਾ ਮੁੱਢ ਬੰਨ੍ਹਿਆ, ਕਿਉਂਕਿ ਕੋਈ ਰਾਸ਼ਟਰ ਜਾਂ ਕੋਈ ਦੇਸ਼ ਕੇਵਲ ਧਰਤੀ ਜਾਂ ਜੰਗਲਾਂ-ਪਹਾੜਾਂ ਦਾ ਨਾਮ ਹੀ ਨਹੀਂ, ਸਗੋਂ ਉਸ ਖੇਤਰ ਵਿਚ ਵੱਸਦੇ ਲੋਕਾਂ ਦੀ ਨਿਵੇਕਲੀ ਰਹਿਣੀ-ਬਹਿਣੀ ਤੇ ਚੱਜ-ਆਚਾਰ ਹੀ ਉਸ ਦਾ ਅਸਲ ਖ਼ਾਸਾ ਹੁੰਦਾ ਹੈ। ਜੇ ਉਹ ਕਿਸੇ ਕਾਰਨ ਨਸ਼ਟ-ਭ੍ਰਿਸ਼ਟ ਹੋ ਜਾਏ ਤਾਂ ਸਮਝੋ ਉਹ ਰਾਸ਼ਟਰ ਜਾਂ ਕੌਮ ਹੀ ਨਸ਼ਟ ਹੋ ਗਈ। ਸੋ, ਸਤਿਗੁਰਾਂ ਦੇਸ਼ ਦੇ ਸ੍ਵੈਮਾਨ ਤੇ ਅਣਖ-ਆਨ ਦੀ ਸੁਰੱਖਿਆ ਵੱਲ ਵਿਸ਼ੇਸ਼ ਧਿਆਨ ਦਿਵਾਇਆ, ਪਰ ਇਹ ਸੁਰੱਖਿਆ ਭਾਰਤੀ ਧਰਮਾਂ ਦੇ ਪੁਰਾਣੇ ਸੰਸਕਾਰਾਂ, ਪਲਾਇਨਵਾਦ, ਬਿਰਕਤੀ ਤੇ ਅਹਿੰਸਾ ਆਦਿ ਦੇ ਬੋਸੀਦਾ ਵਿਸ਼ਵਾਸਾਂ ਨਾਲ ਸੰਭਵ ਨਹੀਂ ਸੀ, ਜਿਥੇ ਪੁਰਾਤਨ ਧਰਮ ਇਹ ਸੰਥਾ ਪੜ੍ਹਾਉਂਦਾ ਹੋਵੇ ਕਿ ਸੰਸਾਰ ਮਿਥਿਆ ਹੈ, ਗ੍ਰਿਹਸਤ ਬੰਧਨ ਹੈ, ਇਸਤਰੀ ਮਾਇਆ ਹੈ ਤੇ ਇਹ ਸਾਰਾ ਕੂੜ ਪਸਾਰਾ ਹੈ ਤੇ ਜੇ ਧਰਮ ਕਮਾ ਕੇ ਮੁਕਤੀ ਲੈਣੀ ਹੈ ਤਾਂ ਬਨਵਾਸ ਲੈ ਕੇ ਜੰਗਲ ਨੂੰ ਤੁਰ ਜਾਣਾ ਹੀ ਇੱਕੋ ਇਕ ਰਾਹ ਹੈ।

ਗੁਰੂ ਸਾਹਿਬ ਨੇ ਇਨ੍ਹਾਂ ਸਾਰੀਆਂ ਮਨੌਤਾਂ ਨੂੰ ਰੱਦ ਕੀਤਾ ਤੇ ਕਿਹਾ—"ਇਹੁ ਜਗੁ ਸਚੈ ਕੀ ਹੈ ਕੋਠੜੀ, ਸਚੇ ਕਾ ਵਿਚਿ ਵਾਸੁ॥"[2] ਸੰਸਾਰ ਇਕ ਅਸਲੀਅਤ ਹੈ,

2. ਆਸਾ ਕੀ ਵਾਰ ਮ: ੧, ਪੰਨਾ 463.

ਯਥਾਰਥ ਹੈ, ਇਥੇ ਕਰਮਯੋਗ ਰਾਹੀਂ ਜ਼ਿੰਦਗੀ ਨੇ ਵਿਕਾਸ ਕਰਨਾ ਹੈ, ਇਸਤਰੀ ਮਾਇਆ ਨਹੀਂ, ਛਲ ਨਹੀਂ, ਇਹ ਤੁਹਾਡੀ ਜੀਵਨ-ਸਾਥਣ ਹੈ, ਇਸ ਨੂੰ ਨਿੰਦ ਕੇ ਤੁਸੀਂ ਕਿਥੇ ਜਾਓਗੇ, ਇਹੋ ਜਨਮ-ਦਾਤੀ, ਇਹੋ ਪ੍ਰਤਿਪਾਲਕ ਤੇ ਇਹੋ ਜੀਵਨ ਭਰ ਦਾ ਸਾਥੀ, ਇਸ ਨੂੰ ਕਿਉਂ ਬੁਰਾ ਭਲਾ ਕਹਿੰਦੇ ਹੋ :

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

(ਆਸਾ ਮਹਲਾ ੧, ਪੰਨਾ 473)

ਤੁਸੀਂ ਸਾਧ ਸੰਤ ਬਣ ਕੇ ਘਰ ਘਰ ਮੰਗਦੇ ਫਿਰਦੇ ਹੋ। ਇਹ ਕਿਹੜਾ ਧਰਮ ਹੈ, ਵਿਹਲੜ ਰਹਿਣਾ ਤੇ ਭੁੱਖ ਪਿਆਸ ਵੇਲੇ ਮਿਹਨਤੀ ਗ੍ਰਿਹਸਤੀਆਂ ਦੇ ਘਰ ਜਾ ਕੇ ਰਜਾ ਕਰਨਾ। ਮੈਂ ਇਸ ਧਾਰਮਿਕ ਰਹੁ-ਰੀਤਿ ਦੇ ਵਿਰੁੱਧ ਹਾਂ, ਭਿਖਿਆ ਮੰਗਣਾ ਕੋਈ ਧਰਮ ਨਹੀਂ, ਇਹ ਹੀਣਤਾ ਤੇ ਅਪਮਾਨ ਦਾ ਨਿਸ਼ਾਨ ਹੈ :

ਗੁਰੁ ਪੀਰੁ ਸਦਾਏ ਮੰਗਣ ਜਾਇ॥
ਤਾ ਕੈ ਮੂਲਿ ਨ ਲਗੀਐ ਪਾਇ॥ *(ਸਾਰੰਗ ਕੀ ਵਾਰ, ਮਹਲਾ ੧, ਪੰਨਾ 1245)*

ਸਹੀ ਜੀਵਨ-ਮਾਰਗ ਹੈ—ਖ਼ੁਦ ਹੱਥੀਂ ਕਿਰਤ ਕਮਾਈ ਕਰਨਾ ਤੇ ਵੰਡ ਕੇ ਛਕਣਾ, ਭਾਵ ਕਿਸੇ ਲੋੜਵੰਦ ਦੀ ਲੋੜ ਪੂਰਿਆਂ ਕਰਨਾ ਵੀ ਸਾਡੀ ਸਮਾਜਿਕ ਜ਼ਿੰਮੇਵਾਰੀ ਹੈ। ਸੋ, ਮੰਗ ਖਾਣਾ ਤੇ ਰਜਾ ਕਰ ਕੇ ਆਪਣੀ ਜੰਗਲ ਵਾਲੀ ਕੁਟੀਆ ਵਿਚ ਜਾ ਆਸਣ ਲਾਉਣਾ ਇਹ ਕੋਈ ਧਰਮ ਨਹੀਂ, ਇਹ ਤਾਂ ਸ਼ਰਮ ਤੇ ਧਰਮ ਦੋਹਾਂ ਦਾ ਜਲੂਸ ਕੱਢਣਾ ਹੈ। ਇਸ ਨਾਲ ਕੋਈ ਸਮਾਜ ਜਾਂ ਦੇਸ਼ ਤਰੱਕੀ ਨਹੀਂ ਕਰ ਸਕਦਾ। ਤਰੱਕੀ ਲਈ ਤਾਂ ਸਖ਼ਤ ਘਾਲ ਕਮਾਈ ਹੀ ਕੰਮ ਆਉਂਦੀ ਹੈ ਤੇ ਨਾਲ ਕੀਤੀ ਭਜਨ-ਬੰਦਗੀ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੀ ਹੈ। ਇਸੇ ਲਈ ਸਤਿਗੁਰਾਂ ਸਪੱਸ਼ਟ ਕਿਹਾ ਹੈ :

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥ *(ਜਪੁ ਜੀ, ਪੰਨਾ 8)*

ਸੋ, ਤਿਆਗ, ਵੈਰਾਗ ਜਾਂ ਸੰਨਿਆਸ ਦੀ ਥਾਂ ਘਰ ਦਾ ਨਿਵਾਸ ਬਹੁਤ ਜ਼ਰੂਰੀ ਹੈ। ਜੇ ਹਰ ਕੋਈ ਕੰਮ ਤੋਂ ਡਰਦਾ ਜੰਗਲ ਵੱਲ ਦੌੜ ਜਾਵੇ ਤਾਂ ਤੁਹਾਡੇ ਦੇਸ਼ ਦੀ ਰੱਖਿਆ ਕੌਣ ਕਰੇਗਾ। ਤੁਹਾਡੇ ਮਾਤਾ-ਪਿਤਾ ਤੇ ਬਾਲ ਬੱਚੇ ਦੀ ਸੰਭਾਲ ਕੌਣ ਕਰੇਗਾ। ਸੋ, ਆਪਣੀ ਜ਼ਿੰਮੇਵਾਰੀ ਨੂੰ ਸਮਝੋ ਤੇ ਗ੍ਰਿਹਸਤ ਵਿਚ ਰਹਿ ਕੇ ਨਿਰਲੇਪ ਰਹਿਣ ਦੀ ਜਾਚ ਸਿੱਖੋ ਤਾਂ ਹੀ ਗੁਜ਼ਾਰਾ ਹੈ, ਇਹ ਨਿਰਲੇਪਤਾ ਕੰਵਲ ਫੁੱਲ ਤੋਂ ਸਿੱਖ ਸਕਦੇ ਹੋ :

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ॥

(ਸੂਹੀ ਮਹਲਾ ੧, ਪੰਨਾ 730)

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥

(ਰਾਮਕਲੀ ਮਹਲਾ ੧, ਪੰਨਾ 938)

ਜਿਵੇਂ ਅਤਿ ਦੇ ਤਿਆਗ ਨੇ ਇਸ ਮੁਲਕ ਨੂੰ ਬਰਬਾਦ ਕੀਤਾ, ਉਸੇ ਤਰ੍ਹਾਂ ਅਤਿ ਦੀ ਅਹਿੰਸਾ ਨੇ ਤਾਂ ਇਸ ਦਾ ਸਰਬ-ਨਾਸ਼ ਹੀ ਕਰ ਦਿੱਤਾ। ਇਕ ਹਜ਼ਾਰ ਵਰ੍ਹਾ

ਇਸ ਮੁਲਕ ਉੱਤੇ ਵਿਦੇਸ਼ੀ ਹਮਲਾਵਰ ਚੜ੍ਹ-ਚੜ੍ਹ ਕੇ ਆਉਂਦੇ ਗਏ ਤੇ ਇਥੋਂ ਦਾ ਸਭ ਕੁਝ ਲੁੱਟਦੇ ਗਏ। ਉਹ ਸਾਰੇ ਲੋਕ ਹਥਿਆਰਬੰਦ ਸਨ, ਸਾਡੇ ਪਾਸ ਸਿਵਾਇ ਡੰਡ ਕਮੰਡਲ ਜਾਂ ਮੰਗਣ ਵਾਲੇ ਠੂਠੇ ਦੇ ਹੋਰ ਕੁਝ ਨਹੀਂ ਸੀ। ਅਸੀਂ ਨਾ ਆਪਣੀ ਸੁਰੱਖਿਆ ਕਰਨ ਜੋਗੇ ਸਾਂ ਤੇ ਨਾ ਹੀ ਦੇਸ਼ ਦੀ ਸੁਰੱਖਿਆ ਸਾਥੋਂ ਹੋ ਸਕਦੀ ਸੀ। ਇਸ ਹਾਲਤ ਵਿਚ ਹਰੇਕ ਦਾ ਸ਼ਸਤਰਧਾਰੀ ਹੋਣਾ ਸਾਡੀ ਪਹਿਲੀ ਜ਼ਰੂਰਤ ਸੀ। ਗੁਰੂਆਂ ਪੀਰੀ ਨਾਲ ਮੀਰੀ ਜੋੜ ਕੇ ਨਵੀਂ ਜੀਵਨ-ਧਾਰਾ ਦਾ ਮੁੱਢ ਬੰਨ੍ਹਿਆ:

ਦੋ ਤਲਵਾਰੀਂ ਬੱਧੀਆਂ, ਇਕ ਮੀਰੀ ਦੀ ਇਕ ਪੀਰ ਦੀ।
ਇਕ ਅਜ਼ਮਤਿ ਦੀ ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।

ਕੁਝ ਆਰੀਆ ਸੰਸਕ੍ਰਿਤੀ ਦੇ ਗੁਣ ਗਾਉਣ ਵਾਲੇ ਜਜ਼ਬਾਤ ਵਿਚ ਆ ਕੇ ਇਸ ਤਿਆਗ, ਵੈਰਾਗ ਤੇ ਅਹਿੰਸਾ ਨੂੰ ਬਹੁਤ ਉੱਚਾ ਦਰਜਾ ਦਿੰਦੇ ਸਨ, ਪਰ ਅਸਾਂ ਤਾਂ ਸਮਾਜਿਕ ਪ੍ਰਸੰਗ ਵਿਚ ਇਨ੍ਹਾਂ ਦੀ ਊਣਤਾਈ ਜਾਂ ਵਿਸ਼ੇਸ਼ਤਾਈ ਦਾ ਲੱਖਣ ਲਾਉਣਾ ਹੈ। ਜੇ ਕੋਈ ਕੰਮ-ਚੋਰ ਨੌਜੁਆਨ ਘਰੋਂ ਭੱਜ ਕੇ ਹਰਿਦੁਆਰ ਗੰਗਾ ਕੰਢੇ ਜਾ ਬੈਠੇ ਤਾਂ ਦੇਸ਼ ਨੂੰ ਉਸ ਦਾ ਕੀ ਲਾਭ? ਦੇਸ਼ ਦਾ ਵਿਕਾਸ ਤਾਂ ਕਰਮਯੋਗ ਤੇ ਗਿਆਨਯੋਗ 'ਤੇ ਨਿਰਭਰ ਕਰਦਾ ਹੈ। ਸੋ, ਸਾਡਾ ਕਰਤੱਵ ਹੈ ਕਿ ਆਪਣੀ ਸ਼ੁੱਧ ਭਾਵਨਾ ਨਾਲ ਕਰਮਯੋਗੀ ਤੇ ਗਿਆਨਯੋਗੀ ਹੋ ਕੇ ਦੇਸ਼ ਨੂੰ ਅੱਗੇ ਲਿਜਾਈਏ।

ਜੇ ਅਹਿੰਸਾ ਦਾ ਗ਼ਲਤ ਮਾਰਗ ਅਪਣਾ ਕੇ ਅੱਗੇ ਅਸੀਂ ਦੇਸ਼ ਦਾ ਸਤਿਆਨਾਸ਼ ਕੀਤਾ ਹੈ ਤਾਂ ਹੋਰ ਨਵਾਂ ਤਜਰਬਾ ਕਰਨ ਦੀ ਲੋੜ ਨਹੀਂ। ਅਸਾਂ ਇਤਿਹਾਸ ਤੋਂ ਸਬਕ ਲੈਣਾ ਹੈ ਕਿ ਅੱਜ ਤੋਂ ਦੋ ਢਾਈ ਹਜ਼ਾਰ ਵਰ੍ਹੇ ਪਹਿਲਾਂ ਜਦੋਂ ਬਿਰਕਤੀ ਤੇ ਅਹਿੰਸਾ ਦਾ ਰਾਹ ਅਪਣਾ ਕੇ ਸਾਡਾ ਦੇਸ਼ ਭਿਕਸ਼ੂ ਬਣ ਕੇ ਅੰਤ ਵਿਚ ਨਿਰਾ ਖੱਜਲ ਖ਼ੁਆਰ ਹੀ ਹੋਇਆ।

ਤਵਾਰੀਖ਼ ਗੁਰੂਆਂ ਦੇ ਸਾਹਮਣੇ ਸੀ, ਸੋ ਉਨ੍ਹਾਂ ਖ਼ਾਲਸੇ ਨੂੰ ਸ਼ਸਤਰਧਾਰੀ ਬਣਾਇਆ ਤੇ ਇਨ੍ਹਾਂ ਸ਼ਸਤਰਾਂ ਦੇ ਆਸਰੇ ਹੀ ਉਨ੍ਹਾਂ ਭਾਰਤ ਦੇਸ਼ ਤੇ ਭਾਰਤੀ ਸੰਸਕ੍ਰਿਤੀ ਦੀ ਹਰ ਤਰ੍ਹਾਂ ਸੁਰੱਖਿਆ ਕਰ ਕੇ ਨਵਾਂ ਇਤਿਹਾਸ ਸਿਰਜਿਆ।

ਅੱਜ-ਕੱਲ੍ਹ ਦੇ ਕੁਝ ਸਭਿਅ ਤੇ ਸਾਊ ਲੋਕਾਂ ਦਾ ਅਜੇ ਵੀ ਇਹ ਖ਼ਿਆਲ ਹੈ ਕਿ ਹਥਿਆਰਬੰਦੀ ਜਾਂ ਜੰਗੀ ਤਿਆਰੀ ਬਿਲਕੁਲ ਸਭਿਆਚਾਰ ਦੇ ਖ਼ਿਲਾਫ਼ ਹੈ, ਸਮੇਂ ਦੇ ਸ਼ਾਂਤੀ ਸਿਧਾਂਤ ਅਨੁਸਾਰ ਨਹੀਂ, ਪਰ ਸੰਸਾਰ ਦੇ ਨਿਤ ਵਰਤੀਂਦੇ ਯਥਾਰਥ ਨੂੰ ਕਿਵੇਂ ਅੱਖੋਂ ਓਝਲ ਕੀਤਾ ਜਾਵੇ? ਰਾਵਣ, ਦੁਰਯੋਧਨ, ਚੰਗੇਜ਼ ਖ਼ਾਂ, ਹਲਾਕੂ ਖ਼ਾਂ, ਤੈਮੂਰ, ਨਾਦਰ, ਹਿਟਲਰ ਤੇ ਮੈਸੋਲੀਨੀ ਵਰਗੇ ਜਾਬਰਾਂ ਦੀ ਵਹਿਸ਼ੀਆਨਾ ਤਲਵਾਰ ਦਾ ਕਿਵੇਂ ਉੱਤਰ ਦਿੱਤਾ ਜਾਵੇ, ਇਸ ਦਾ ਕੋਈ ਹੱਲ ਨਹੀਂ ਦਿੱਸਦਾ। ਇਕ ਵਾਰ ਮਹਾਤਮਾ ਗਾਂਧੀ ਜੀ ਨੇ ਅੰਗਰੇਜ਼ਾਂ ਨੂੰ ਬੇਲੋੜਾ ਮਸ਼ਵਰਾ ਦਿੱਤਾ ਸੀ ਕਿ ਉਹ ਹਥਿਆਰਾਂ ਦੀ ਵਰਤੋਂ ਨਾ ਕਰਨ ਤੇ ਪੂਰਨ ਅਹਿੰਸਾਵਾਦੀ ਰਹਿਣ ਤਾਂ ਨਾਜ਼ੀਆਂ ਦੀ ਤਾਨਾਸ਼ਾਹ ਰੁਚੀ ਆਪਣੇ ਆਪ ਬਦਲ ਜਾਵੇਗੀ, ਪਰ ਇਹ ਗੱਲ ਕਾਰ-ਆਮਦ ਹੋਣ ਵਾਲੀ ਨਹੀਂ ਸੀ। ਮੁਕਾਬਲੇ ਤੇ ਲੋਕਰਾਜੀ ਸ਼ਕਤੀਆਂ ਨੇ ਪੂਰੀ ਤਰ੍ਹਾਂ ਸ਼ਸਤਰਬੱਧ ਹੋ ਕੇ ਫਾਸ਼ੀ ਤਾਕਤਾਂ ਨੂੰ ਬੁਰੀ ਤਰ੍ਹਾਂ ਹਾਰ ਦਿੱਤੀ। ਇਹ ਪਿਛਲੀ ਵੱਡੀ ਜੰਗ ਦੀ ਗੱਲ ਹੈ।

ਕੁਝ ਲੋਕ ਕਹਿੰਦੇ ਹਨ ਕਿ ਜੀਵਨ ਲੀਲ੍ਹਾ ਹੈ ਤੇ ਕੁਝ ਇਸ ਨੂੰ ਸੰਗਰਾਮ ਦੱਸਦੇ ਹਨ। ਰੱਬ ਲਈ ਤਾਂ ਸ੍ਰਿਸ਼ਟੀ ਠੀਕ ਲੀਲ੍ਹਾ ਹੀ ਹੈ, ਪਰ ਮਨੁੱਖ ਲਈ ਤਾਂ ਜੀਵਨ-ਸੰਗਰਾਮ ਹੀ ਹੈ, ਜੋ ਸਦਾ ਚੱਲਦਾ ਰਹਿੰਦਾ ਹੈ। ਇਤਿਹਾਸ ਇਸੇ ਸੰਘਰਸ਼ ਦੀ ਵਿਥਿਆ ਸੁਣਾਉਂਦਾ ਆ ਰਿਹਾ ਹੈ ਕਿ ਕਿਵੇਂ ਸ੍ਰੀ ਰਾਮ ਚੰਦਰ ਜੀ ਨੇ ਆਪਣੀ ਸਤਵੰਤੀ ਜੀਵਨ-ਸਾਥਣ ਨੂੰ ਰਾਵਣ ਦੇ ਪੰਜੇ ਤੋਂ ਛੁਡਾਇਆ ਤੇ ਕਿਵੇਂ ਸ੍ਰੀ ਕ੍ਰਿਸ਼ਨ ਜੀ ਨੇ ਦੁਰਯੋਜਨ ਵਰਗੇ ਅਤਿਆਚਾਰੀ ਦੀ ਦ੍ਰੋਪਦਾਂ ਨੂੰ ਨਗਨ ਕਰਨ ਵਾਲੀ ਬਦਤਮੀਜ਼ੀ ਨੂੰ ਠੱਲ੍ਹ ਪਾਈ। ਇਹ ਠੀਕ ਹੈ ਕਿ ਲੜਾਈ ਜ਼ਰੂਰੀ ਨਹੀਂ, ਤੇ ਮਨੁੱਖੀ ਸਭਿਅਤਾ ਦੇ ਵਿਕਾਸ ਨੇ ਵੀ ਇਹ ਗੱਲ ਸੁਝਾਈ ਹੈ ਕਿ ਹਰ ਗੱਲ ਪਰਸਪਰ ਸੂਝ-ਬੂਝ ਤੇ ਅਮਨ ਸ਼ਾਂਤੀ ਨਾਲ ਨਜਿੱਠੀ ਜਾਣੀ ਵਧੇਰੇ ਉਚਿਤ ਹੈ। ਇਹੋ ਗੱਲ ਸ੍ਰੀ ਦਸਮੇਸ਼ ਜੀ ਨੇ ਆਖੀ ਹੈ ਕਿ ਜਦੋਂ ਕੋਈ ਕੰਮ ਤਮਾਮ ਹੀਲਿਆਂ ਤੋਂ ਲੰਘ ਹੀ ਜਾਵੇ ਤਾਂ ਤਲਵਾਰ ਦੀ ਵਰਤੋਂ ਕਰਨਾ ਜਾਇਜ਼ ਹੈ:

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ ॥ *(ਜ਼ਫਰਨਾਮਾ)*

ਇਤਿਹਾਸ ਦੇ ਪਾਠਕ ਜਾਣਦੇ ਹਨ ਕਿ ਮੁਗ਼ਲ ਬਾਦਸ਼ਾਹਾਂ ਨੇ ਫ਼ੁਰਮਾਨ ਜਾਰੀ ਕਰ ਕੇ ਹਿੰਦੂ ਪਰਜਾ ਨੂੰ ਹਥਿਆਰ ਰੱਖਣ ਦੀ ਬਿਲਕੁਲ ਮਨਾਹੀ ਕਰ ਦਿੱਤੀ ਸੀ। ਕੋਈ ਆਦਮੀ ਸ਼ਸਤਰ ਨਹੀਂ ਸੀ ਰੱਖ ਸਕਦਾ ਤੇ ਨਾ ਹੀ ਝੰਡਾ ਝੁਲਾ ਸਕਦਾ ਸੀ ਅਤੇ ਨਗਾਰਾ ਵਜਾਉਣ ਉੱਤੇ ਵੀ ਸਖ਼ਤ ਪਾਬੰਦੀ ਸੀ, ਕਿਉਂਕਿ ਇਹ ਪ੍ਰਭੂ-ਸੱਤਾ ਦੇ ਨਿਸ਼ਾਨ ਸਨ। ਪਰੰਤੂ ਗੁਰੂ ਸਾਹਿਬ ਨੇ ਇਨ੍ਹਾਂ ਸਾਰੀਆਂ ਪਾਬੰਦੀਆਂ ਦੀਆਂ ਧੱਜੀਆਂ ਉਡਾ ਕੇ 'ਰਣਜੀਤ ਨਗਾਰਾ' ਵੀ ਵਜਾਇਆ ਤੇ ਹਰ ਥਾਂ 'ਝੰਡਾ' ਵੀ ਝੁਲਾਇਆ ਅਤੇ ਹਰ ਸਿੱਖ ਨੂੰ ਹਥਿਆਰਬੰਦ ਹੋਣ ਦੀ ਸਖ਼ਤ ਤਾਕੀਦ ਕੀਤੀ, ਕਿਉਂਕਿ ਬਿਨਾਂ ਹਥਿਆਰਾਂ ਦੇ ਗ਼ੁਲਾਮੀ ਦੀਆਂ ਜ਼ੰਜੀਰਾਂ ਨਹੀਂ ਸੀ ਕੱਟੀਆਂ ਜਾ ਸਕਦੀਆਂ ਤੇ ਨਾ ਹੀ ਆਪਣੀ ਸੁਰੱਖਿਆ ਸੰਭਵ ਸੀ।

ਸੋ, ਸਤਿਗੁਰਾਂ ਬਾਰ ਬਾਰ ਹੁਕਮਨਾਮੇ ਭੇਜ ਕੇ ਸਮੂਹ ਖ਼ਾਲਸੇ ਨੂੰ ਸ਼ਸਤਰਧਾਰੀ ਹੋਣ ਦੀ ਤਾਕੀਦ ਕੀਤੀ। ਉਹ ਕਹਿੰਦੇ ਸਨ ਕਿ ਰਾਜਨੀਤਕ ਸੱਤਾ ਹਾਸਿਲ ਕਰਨ ਦਾ ਇੱਕੋ-ਇਕ ਹਥਿਆਰ, ਹਥਿਆਰ ਹੀ ਹੈ। ਭਾਈ ਸੁੱਖਾ ਸਿੰਘ ਲਿਖਦੇ ਹਨ:

ਤਬ ਇਮ ਭਨਯੋ ਗ਼ਰੀਬ ਨਿਵਾਜ਼।
ਸ਼ਸਤ੍ਰਨ ਕੇ ਅਧੀਨ ਹੈ ਰਾਜ। *(ਗੁਰਬਿਲਾਸ ਪਾ: ੧੦)*

ਪੁਨੰ ਸੰਗ ਸਾਰੇ ਪ੍ਰਭੂ ਜੀ ਸੁਨਾਈ।
ਬਿਨਾ ਤੇਗ ਤੀਰੰ ਰਹੋ ਨਾਹਿ ਭਾਈ।
ਬਿਨਾ ਸ਼ਸਤ੍ਰ ਕੇਸੰ ਨਰੰ ਭੇਡ ਜਾਨੋ।
ਗਹੈ ਕਾਨ ਤਾਕੋ ਕਿਤੈ ਲੈ ਸਿਧਾਨੋ।
ਇਹੋ ਮੋਹ ਆਗਯਾ ਸੁਨੋ ਲੈ ਪਿਆਰੇ।
ਬਿਨਾ ਕੇਸ ਤੇਗੰ ਦਿਵੋ ਨ ਦੀਦਾਰੇ। *(ਗੁਰਬਿਲਾਸ ਪਾ: ੧੦)*

ਗੁਰੂ ਸਾਹਿਬ ਦੀ ਇਹੋ ਸਿੱਖਿਆ ਭਾਈ ਸੰਤੋਖ ਸਿੰਘ ਜੀ ਨੇ ਦ੍ਰਿੜ ਕਰਾਈ ਹੈ :

ਯਾਂ ਤੇ ਸਰਬ ਖ਼ਾਲਸਾ ਸੁਨੀਅਹਿ।
ਆਯੁਧ ਸਰਬੇ ਉਤਮ ਗੁਨੀਅਹਿ।
ਜਬ ਹਮਰੇ ਦਰਸ਼ਨ ਕੋ ਆਵਹੁ।
ਬਨ ਸੁਚੇਤ ਤਨ ਸ਼ਸਤ੍ਰ ਸਜਾਵਹੁ।

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਿਤੁ 3, ਅਧਿਆਇ 23)

ਰਹਿਤਨਾਮਿਆਂ ਵਿਚ ਵੀ ਥਾਂ ਥਾਂ ਇਹੋ ਤਾਕੀਦ ਹੈ:

ਖ਼ਾਲਸਾ ਸੋ ਜੋ ਚੜ੍ਹਹਿ ਤੁਰੰਗ।
ਖ਼ਾਲਸਾ ਸੋ ਜੋ ਕਰੈ ਨਿਤ ਜੰਗ।
ਖ਼ਾਲਸਾ ਸੋ ਸ਼ਸਤਰ ਕਉ ਧਾਰੈ।
ਖ਼ਾਲਸਾ ਸੋ ਦੁਸ਼ਟ ਕਉ ਮਾਰੈ। *(ਰਹਿਤਨਾਮਾ ਭਾਈ ਨੰਦ ਲਾਲ)*

ਇਹ ਉਪਦੇਸ਼ ਦੱਸਦੇ ਹਨ ਕਿ ਸਤਿਗੁਰਾਂ ਦੇ ਧਾਰਨ ਕਰਾਏ ਸ਼ਸਤਰ ਦੁਸ਼ਟ-ਦਮਨ ਲਈ ਸਨ ਤੇ ਆਖ਼ਰੀ ਸਾਧਨ ਮੰਨ ਕੇ ਅਪਣਾਏ ਗਏ ਸਨ, ਉਦੋਂ ਹੋਰ ਕੋਈ ਰਸਤਾ ਵੀ ਨਹੀਂ ਸੀ।

ਜਦੋਂ ਦਸਮ ਗੁਰੂ ਦੱਖਣ ਯਾਤਰਾ ਸਮੇਂ ਬੰਦੇ ਬੈਰਾਗੀ ਦੇ ਡੇਰੇ ਗਏ, ਤਾਂ ਕੁਝ ਸਿੰਘਾਂ ਜਾਂਦਿਆਂ ਹੀ ਡੇਰੇ ਦੇ ਇਕ ਦੋ ਬੱਕਰੇ ਝਟਕਾ ਦਿੱਤੇ। ਇਹ ਵੇਖ ਕੇ ਬੈਰਾਗੀ ਨੇ ਬਹੁਤ ਬੁਰਾ ਮਨਾਇਆ ਤੇ ਗੁਰੂ ਸਾਹਿਬ ਪਾਸ ਸ਼ਿਕਾਇਤ ਕੀਤੀ ਕਿ ਤੁਹਾਡੇ ਸਿੱਖਾਂ ਮੇਰਾ ਡੇਰਾ ਭ੍ਰਿਸ਼ਟ ਕਰ ਦਿੱਤਾ ਹੈ। ਗੁਰੂ ਸਾਹਿਬ ਨੇ ਬੜੇ ਧੀਰਜ ਨਾਲ ਉਸ ਨੂੰ ਕਿਹਾ, “ਬੈਰਾਗੀ! ਤੈਨੂੰ ਪਤਾ ਹੈ ਕਿ ਸੈਂਕੜੇ ਹਜ਼ਾਰਾਂ ਬੇਗੁਨਾਹਾਂ, ਮਾਸੂਮਾਂ ਦੇ ਕਤਲ ਨਾਲ ਸਾਰੀ ਭਾਰਤ ਭੂਮੀ ਹੀ ਭ੍ਰਿਸ਼ਟ ਹੋ ਰਹੀ ਹੈ, ਉਸ ਦਾ ਕੀ ਇਲਾਜ ਹੈ ?” ਇਹ ਸੁਣ ਕੇ ਬੈਰਾਗੀ ਦੀਆਂ ਅੱਖਾਂ ਖੁੱਲ੍ਹੀਆਂ ਤੇ ਉਸ ਸ਼ਸਤਰਧਾਰੀ ਹੋਣਾ ਪ੍ਰਵਾਨ ਕੀਤਾ।

ਸ਼ਸਤਰਧਾਰੀ ਖ਼ਾਲਸਾ ਪੰਥ ਨੇ ਗੁਰੂ ਸਾਹਿਬ ਦੇ ਦੱਸੇ ਵਿਧੀ-ਵਿਧਾਨ ਅਨੁਸਾਰ ਲਗਾਤਾਰ ਸੌ ਸਾਲ ਦੇਸ਼ ਦੀ ਰੱਖਿਆ ਲਈ ਤਲਵਾਰ ਚਲਾਈ, ਬੜੇ ਦੁੱਖੜੇ ਉਠਾਏ, ਬਹੁਤ ਸ਼ਹੀਦੀਆਂ ਪਾਈਆਂ। ਹਿੰਦ ਦੀ ਰਾਜਧਾਨੀ ਦਿੱਲੀ ਤੇ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ ਸਿੱਖਾਂ ਦੇ ਸਿਰਾਂ ਨਾਲ ‘ਸ਼ਹੀਦ ਗੰਜ’ ਉਸਰ ਗਏ। ਸਾਧਾਰਨ ਲੋਕਾਂ ਨੂੰ ਤਲਵਾਰਾਂ, ਬੰਦੂਕਾਂ ਚਲਾਉਣ ਦੀ ਜਾਚ ਆਈ। ਮੁਗ਼ਲਾਂ ਨੇ ਬੜੇ ਜ਼ੁਲਮ ਕੀਤੇ ਤੇ ਅਹਿਮਦਸ਼ਾਹ ਅਬਦਾਲੀ ਦੇ ਲਗਾਤਾਰ 8-10 ਹਮਲਿਆਂ ਨੇ ਪੰਜਾਬ ਨੂੰ ਤਬਾਹ ਕਰ ਕੇ ਰੱਖ ਦਿੱਤਾ, ਪਰ ਜੋਧੇ ਵਰਿਆਮ ਖ਼ਾਲਸੇ ਜੂਝਦੇ ਗਏ, ਅਤੇ ਉਨ੍ਹਾਂ ਕਦੀ ਵੀ ਕਿਸੇ ਜਾਬਰ ਦੀ ਈਨ ਕਬੂਲ ਨਾ ਕੀਤੀ। ਉਹ ਸਮਾਂ ਵੀ ਆ ਗਿਆ, ਜਦ ਨਵੰਬਰ 1761 ਈ: ਵਿਚ ਲਾਹੌਰ ਉੱਤੇ ਖ਼ਾਲਸਈ ਝੰਡਾ ਝੁਲਾ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ‘ਸੁਲਤਾਨੁਲ ਕੌਮ’ ਦਾ ਖ਼ਿਤਾਬ ਦੇ ਕੇ ਸ਼ਾਹੀ ਤਖ਼ਤ ਉੱਤੇ ਬਿਠਾਇਆ ਤੇ ਸਿੱਕਾ ਜਾਰੀ ਕੀਤਾ :

ਸਿੱਕਾ ਜ਼ਰ ਦਰ ਜਹਾਂ, ਬ੍ਰਫ਼ਜ਼ਲੇ ਅਕਾਲ।
ਮੁਲਕਿ ਅਹਿਮਦ ਗ੍ਰਿਫ਼ਤ, ਜੱਸਾ ਕਲਾਲ।

ਇਸ ਤਰ੍ਹਾਂ ਸੱਤ-ਅੱਠ ਸਦੀਆਂ ਤੋਂ ਭਾਰਤ ਨੂੰ ਲੁੱਟਣ ਵਾਲੇ ਮੁਗ਼ਲ ਪਠਾਣਾਂ ਦੇ ਹੜ੍ਹ ਸਦਾ ਲਈ ਰੋਕ ਕੇ ਦੇਸ਼ ਦੀ ਜੋ ਸੇਵਾ ਖ਼ਾਲਸਾ ਪੰਥ ਨੇ ਕੀਤੀ, ਉਸ ਦਾ ਕਿਵੇਂ ਵੀ ਮੁੱਲ ਨਹੀਂ ਤਾਰਿਆ ਜਾ ਸਕਦਾ। ਇਹ ਸ਼ਸਤਰਧਾਰੀ ਸਰਬੱਤ ਖ਼ਾਲਸਾ ਇਕ ਤਰ੍ਹਾਂ ਸਰਬਲੋਹ ਦੀ ਦੀਵਾਰ ਸੀ, ਜਿਸ ਨੂੰ ਕੋਈ ਹਮਲਾਵਰ ਤੋੜ ਨਾ ਸਕਿਆ। ਚੁਨਾਂਚਿ ਈਸਟ ਇੰਡੀਆ ਕੰਪਨੀ ਦਾ ਜਨਰਲ ਬਾਰਕਰ, ਸ: ਝੰਡਾ ਸਿੰਘ ਭੰਗੀ ਦੇ ਨਾਂ 19 ਅਗਸਤ, 1771 ਈ: ਨੂੰ ਲਿਖੀ ਪੱਤ੍ਰਿਕਾ ਵਿਚ ਇਸ ਇਤਿਹਾਸਕ ਹਕੀਕਤ ਦਾ ਬਿਆਨ ਕਰਦਿਆਂ ਲਿਖਦਾ ਹੈ :

> It is clear that as long as the Khalisah Army is on the watch, no one can march upon Hindustan.

ਇਹ ਹੈ ਖ਼ਾਲਸੇ ਦੀ ਦੇਸ਼-ਸੇਵਾ ਦਾ ਸ਼ਾਨਦਾਰ ਇਤਿਹਾਸ।

ਡਾਕਟਰ ਹਰੀ ਰਾਮ ਗੁਪਤਾ ਨੇ *History of the Sikhs* ਦੇ ਅੰਤ ਵਿਚ ਲਿਖਿਆ ਹੈ :

> ਸਿੰਘਾਂ ਨੇ ਪੰਜਾਬ ਲਈ 'ਬੀਰ ਭੂਮੀ' ਯਾ 'ਸੂਰਬੀਰਾਂ ਦਾ ਦੇਸ਼' ਕਹੇ ਜਾਣ ਦਾ ਮਾਣ ਜਿੱਤਿਆ। ਉਨ੍ਹਾਂ ਦਾ ਫ਼ਖ਼ਰ ਜਾਇਜ਼ ਹੈ ਕਿ ਉਨ੍ਹਾਂ ਹਜ਼ਾਰਾਂ ਵਰ੍ਹਿਆਂ ਤੋਂ ਵਹਿੰਦੇ ਵਿਦੇਸ਼ੀ ਜਰਵਾਣਿਆਂ ਦੇ ਹੱਲਿਆਂ ਦੇ ਹੜ੍ਹ ਨੂੰ ਠੱਲ੍ਹ ਪਾਈ। ਇਸ ਕਰਕੇ ਉੱਤਰੀ ਹਿੰਦ ਦੇ ਵਸਨੀਕ ਆਮ ਤੌਰ 'ਤੇ ਅਤੇ ਪੰਜਾਬ ਵਾਸੀ ਖ਼ਾਸ ਤੌਰ 'ਤੇ ਸਿੱਖਾਂ ਦੇ ਅਤਿਅੰਤ ਰਿਣੀ ਹਨ। *(ਪੰਨਾ 272, ਜਿਲਦ 1)*

ਇਹ ਆਜ਼ਾਦੀ-ਪਸੰਦ ਸੂਰਬੀਰ ਖ਼ਾਲਸਿਆਂ ਦੀ ਬੀਰ-ਪਰੰਪਰਾ ਦਾ ਸਿੱਟਾ ਸੀ ਕਿ ਫ਼ਿਰੰਗੀ ਸਾਮਰਾਜ ਦੇ ਬੰਧਨ ਤੋੜਨ ਲਈ ਵੀ ਪੰਜਾਬੀ ਬਹਾਦਰ ਅੱਗੇ ਆਏ। ਭਾਈ ਮਹਾਰਾਜ ਸਿੰਘ ਅੰਗਰੇਜ਼ੀ ਰਾਜ ਦੀ ਬਿੱਜ ਪੈਣ ਤੋਂ ਬਚਾਉ ਕਰਦਾ ਹੀ ਫੜਿਆ ਗਿਆ, ਜੋ ਕਿ 1856 ਵਿਚ ਸਿੰਘਾਪੁਰ ਦੀ ਜੇਲ੍ਹ ਅੰਦਰ ਦੇਹਾਂਤ ਪਾ ਗਿਆ। ਵਿਚਾਰਾ ਜਲਾਵਤਨ ਮਹਾਰਾਜਾ ਦਲੀਪ ਸਿੰਘ ਲੰਡਨ ਅੰਗਰੇਜ਼ੀ ਅਦਾਲਤਾਂ ਵਿਚ ਮੁਕੱਦਮੇ ਲੜਦਾ ਪੈਰਿਸ ਦੇ ਹੋਟਲ (1893) ਵਿਚ ਦਮ ਤੋੜ ਗਿਆ। ਬਾਬਾ ਰਾਮ ਸਿੰਘ ਜੀ ਦੇ ਹੋਕੇ 'ਤੇ 66 ਬੀਰ ਜੋਧੇ ਤੋਪਾਂ ਸਾਹਮਣੇ ਉੱਡ ਗਏ, ਜ਼ਰ੍ਹਾ ਪਿਛਾਂਹ ਨਾ ਹਟੇ। ਸਤਿਆਗ੍ਰਹਿ ਤੇ ਨਾ-ਮਿਲਵਰਤਨ ਦਾ ਪਾਠ ਪੜ੍ਹਾਉਣ ਵਾਲੇ ਨਾਮਧਾਰੀ ਸਿੰਘ ਸਨ। ਗ਼ਦਰੀ ਬਾਬੇ ਵਿਦੇਸ਼ਾਂ ਤੋਂ ਇਹ ਵਾਰ ਵਾਰ ਗ਼ਦਰ ਦੇ ਸੰਦੇਸ਼ੇ ਭੇਜ ਰਹੇ ਸਨ :

> ਗੱਡ ਦਿਓ ਜੰਗ ਦੀਆਂ ਲਾਲ ਝੰਡੀਆਂ।
> ਵੱਢ ਦਿਓ ਗੋਰੇ ਮੇਮਾਂ ਕਰ ਦਿਓ ਰੰਡੀਆਂ।
> ਚਾਰ ਤੇ ਕ੍ਰੋੜ ਇਥੇ ਗੋਰੇ ਵੱਸਦੇ।
> ਤੇਤੀ ਤੇ ਕ੍ਰੋੜ ਨੇ ਹਿੰਦੀ ਵੱਸਦੇ।
> ਅੱਠ ਅੱਠ ਇਕ ਦੀਆਂ ਪਾ ਲਓ ਵੰਡੀਆਂ।
> ਵੱਢ ਦਿਓ ਗੋਰੇ ਮੇਮਾਂ ਕਰ ਦਿਓ ਰੰਡੀਆਂ।

ਅਕਾਲੀ ਲਹਿਰ ਅਕਾਲ ਦੀ ਟੇਕ ਲੈ ਕੇ ਪੰਜ ਸਾਲ ਲਗਾਤਾਰ ਕੈਦਾਂ ਕੱਟਦੀ

ਤੇ ਮਾਰਾਂ ਖਾਂਦੀ ਰਹੀ ਤੇ 'ਸਿਰ ਜਾਵੇ ਤਾਂ ਜਾਵੇ, ਪਰ ਸਿੱਖੀ ਸਿਦਕ ਨਾ ਜਾਵੇ' ਦਾ ਗੀਤ ਗਾਉਂਦੀ ਰਹੀ।

ਕਰਤਾਰ ਸਿੰਘ ਸਰਾਭਾ ਵਰਗੇ ਮਾਸੂਮ ਗੱਭਰੂ ਹੱਸਦੇ ਹੱਸਦੇ (1915) ਫਾਂਸੀ ਚੜ੍ਹ ਗਏ। ਭਗਤ ਸਿੰਘ ਦੀ ਮੰਗ ਸੀ ਕਿ 'ਅਸੀਂ ਜੰਗੇ-ਆਜ਼ਾਦੀ ਦੇ ਕੈਦੀ ਹਾਂ, ਸਾਨੂੰ ਗੋਲੀ ਨਾਲ ਉਡਾਇਆ ਜਾਵੇ', ਪਰ ਫ਼ਿਰੰਗੀ ਨੇ ਗੁੰਮਨਾਮੀ ਵਿਚ ਹੀ (ਮਾਰਚ 1931) ਫਾਂਸੀ ਦੇ ਦਿੱਤੀ। ਊਧਮ ਸਿੰਘ ਸੁਨਾਮੀ ਜਲ੍ਹਿਆਂਵਾਲੇ ਹੱਤਿਆ ਕਾਂਡ ਦਾ ਬਦਲਾ ਲੈਣ ਲਈ ਲੰਡਨ ਉਡਵਾਇਰ ਨੂੰ ਗੋਲੀ ਦਾ ਨਿਸ਼ਾਨਾ ਬਣਾ ਕੇ ਆਪ (ਜੁਲਾਈ 1940) ਫਾਂਸੀ ਚੜ੍ਹ ਗਿਆ। ਇਕ ਵਾਰ ਜਾਪਾਨੀ ਹੱਲੇ ਕਾਰਨ ਹਾਲਤ ਬਦਲੀ ਤਾਂ ਗਿਆਨੀ ਪ੍ਰੀਤਮ ਸਿੰਘ ਸਿੱਖ ਮਿਸ਼ਨਰੀ ਦੀ ਹਿੰਮਤ ਤੇ ਮਿਲਵਰਤਨ ਸਦਕਾ ਜਨਰਲ ਮੋਹਨ ਸਿੰਘ ਨੇ 'ਆਜ਼ਾਦ ਹਿੰਦ ਫ਼ੌਜ' ਖੜੀ ਕੀਤੀ, ਜਿਸ ਨੇ ਅੰਗਰੇਜ਼ਾਂ ਨੂੰ ਵਖ਼ਤ ਪਾਇਆ। ਇਸ ਵਿਚ ਸੈਂਕੜੇ ਮਲਾਇਆ ਵਾਸੀ ਪੰਜਾਬੀਆਂ ਨੇ ਜਾਨ-ਮਾਲ ਦੀ ਅਹੂਤੀ ਦਿੱਤੀ। ਹਿਸਾਬ ਕਿਤਾਬ ਕਰਨ ਵਾਲੇ ਇਤਿਹਾਸਕਾਰਾਂ ਨੇ ਮੋਟਾ ਜਿਹਾ ਅਨੁਮਾਨ ਲਾਇਆ ਹੈ ਕਿ ਸੁਤੰਤਰਤਾ-ਸੰਗਰਾਮ ਵਿਚ ਜੋ 123 ਬੰਦੇ ਫਾਂਸੀ ਲੱਗੇ ਤਾਂ 93 ਸਿੱਖ ਸਨ, ਜਲ੍ਹਿਆਂਵਾਲੇ ਬਾਗ਼ ਦੇ ਹੱਤਿਆ ਕਾਂਡ ਵਿਚ 799 ਸਿੱਖ ਸ਼ਹੀਦ ਹੋਏ, ਬਜਬਜ ਘਾਟ ਦੇ ਸਾਕੇ ਵਿਚ 671, ਕੂਕਾ ਲਹਿਰ ਅੰਦਰ 91 ਸਿੰਘ ਸ਼ਹੀਦ ਹੋਏ, ਅਕਾਲੀ ਲਹਿਰ ਵਿਚ 500।

ਇਹ ਮਾਸਟਰ ਤਾਰਾ ਸਿੰਘ ਨੂੰ ਸਿਹਰਾ ਜਾਂਦਾ ਹੈ, ਜਿਨ੍ਹਾਂ ਅੱਧਾ ਪੰਜਾਬ ਤੇ ਅੱਧਾ ਬੰਗਾਲ ਦਿਵਾ ਕੇ ਭਾਰਤ ਦੀ ਸੇਵਾ ਕੀਤੀ, ਜਦੋਂ ਕਿ ਸੱਤਾ ਦੇ ਭੁੱਖੇ ਲੋਕ ਹਰ ਸੌਦੇ ਲਈ ਤਿਆਰ ਸਨ।

ਇਸ ਤੋਂ ਇਲਾਵਾ ਜਦ ਜਦ ਦੇਸ਼ ਦੀ ਰੱਖਿਆ ਹਿਤ ਪਾਕਿਸਤਾਨ ਨਾਲ ਦੋ ਲੜਾਈਆਂ ਤੇ ਇਕ ਚੀਨੀਆਂ ਨਾਲ ਟੱਕਰ ਹੋਈ ਤਾਂ ਸਿੱਖ ਮੋਹਰੇ ਮੋਹਰੇ ਸਨ ਤੇ ਹੁਣ ਕਾਰਗਿਲ ਦੇ ਸਾਕੇ ਵਿਚ ਵੈਰੀ ਨੂੰ ਖਦੇੜਨ ਲਈ ਲਗਭਗ ਦੋ ਸੌ ਪੰਜਾਬੀ ਗੱਭਰੂ ਕੰਮ ਆਏ। ਜ਼ਾਹਿਰ ਹੈ ਕਿ ਜਦ ਵੀ ਦੇਸ਼ 'ਤੇ ਭੀੜ ਬਣੀ ਤਾਂ ਹਜ਼ਾਰਾਂ ਪੰਜਾਬੀ ਵੀਰਾਂ ਕੁਰਬਾਨੀਆਂ ਦਿੱਤੀਆਂ। ਬੰਬਈ ਯੂਨੀਵਰਸਿਟੀ ਦਾ ਪ੍ਰੋਫ਼ੈਸਰ ਗਿਲਬਰਟ ਲੋਬੋ ਤੱਤ ਕੱਢ ਕੇ ਦੱਸਦਾ ਹੈ ਕਿ ਫ਼ਿਰੰਗੀਆਂ ਵਿਰੁੱਧ ਸੰਗਰਾਮ ਵਿਚ ਜਾਨਾਂ ਵਾਰਨ ਵਾਲੇ 75 ਫ਼ੀਸਦੀ ਸਿੱਖ ਸਨ ਤੇ ਉਮਰ ਕੈਦ ਕੱਟਣ ਵਾਲੇ 80 ਫ਼ੀਸਦੀ ਸਿੱਖ। ਇਹੋ ਪ੍ਰੋਫ਼ੈਸਰ ਇਹ ਕਹਿੰਦਾ ਹੈ ਕਿ 1984 ਵਿਚ ਜਦ ਅੰਨ ਭੰਡਾਰ ਇਕੱਠਾ ਹੋਇਆ ਤਾਂ 86 ਫ਼ੀਸਦੀ ਪੰਜਾਬ ਦਾ ਹਿੱਸਾ ਸੀ। ਸਪੱਸ਼ਟ ਨਿਚੋੜ ਇਹ ਹੈ ਕਿ ਸਿੱਖ ਯੋਧੇ ਸੰਗਰਾਮ ਸਮੇਂ ਜਾਨ ਦਿੰਦੇ ਤੇ ਆਰਾਮ ਸਮੇਂ ਅੰਨ ਦਾਨ ਦੇ ਕੇ ਦੇਸ਼ ਨੂੰ ਕ੍ਰਿਤਾਰਥ ਕਰਦੇ ਸਨ। ਅਜਿਹਾ ਦੇਸ਼-ਸੇਵਕ ਹੋਰ ਕੌਣ ਹੋ ਸਕਦਾ ਹੈ। ਇਹ ਵੀਰ ਗਾਥਾ ਸੁਣ ਕੇ ਮਸਤ ਹੋਇਆ ਸਾਡਾ ਰਾਂਝਣ ਸ਼ਾਹ ਨਖਰੇ ਨਾਲ ਕਹਿ ਉਠਦਾ ਹੈ:

ਅਗਰ ਸ਼ਾਮਿਲ ਹੋ ਨਾ ਕਿੱਸਾ ਹਮਾਰਾ।
ਤੁਮਾਰੀ ਦਾਸਤਾਂ ਕੁਝ ਭੀ ਨਹੀਂ ਹੈ।

•

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਟੀਕਾਕਾਰੀ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ-ਬੋਧ ਲਈ ਕਈ ਵਿਧੀਆਂ ਪ੍ਰਚਲਿਤ ਹਨ, ਜਿਵੇਂ ਕਿ ਕਥਾਕਾਰੀ, ਕੋਸ਼ਕਾਰੀ, ਵਿਆਖਿਆਕਾਰੀ ਅਤੇ ਉਲੱਥਾਕਾਰੀ। ਕਈ ਸੱਜਣ ਇਨ੍ਹਾਂ ਨੂੰ ਰਲਾ-ਮਿਲਾ ਦਿੰਦੇ ਹਨ ਤੇ ਕੁਝ ਸਭ ਨੂੰ ਇੱਕੋ ਹੀ ਸਮਝਦੇ ਹਨ, ਪਰ ਇਹ ਦਰੁੱਸਤ ਨਹੀਂ। ਕਥਾਕਾਰੀ ਗੁਰਬਾਣੀ ਦੀ ਜ਼ਬਾਨੀ ਅਰਥ-ਵਿਆਖਿਆ ਕਰਨ ਦਾ ਨਾਂ ਹੈ। ਕੋਸ਼ਕਾਰੀ ਕੇਵਲ ਕਠਿਨ ਪਦਾਂ ਦੇ ਅਰਥ ਅੱਖਰ-ਕ੍ਰਮ ਅਨੁਸਾਰ ਜਾਂ ਕਿਸੇ ਹੋਰ ਤਰਤੀਬ ਨਾਲ ਪੇਸ਼ ਕਰਦੀ ਹੈ। ਪ੍ਰਯਾਯ ਇਸੇ ਦੀ ਇਕ ਸ਼ਾਖ਼ ਹੈ। ਟੀਕਾਕਾਰੀ ਕਿਸੇ ਰਚਨਾ ਦੇ ਲਿਖਤ ਰੂਪ ਵਿਚ ਅਤੇ ਸਰਲ ਵਾਰਤਕ ਵਿਚ ਅਰਥ ਦਰਸਾਉਂਦੀ ਹੈ। ਟੀਕਾ ਸ਼ਬਦ ਜਾਂ ਮੂਲ ਟੀਕ ਧਾਤੂ 'ਜਾਣਾ' ਦੇ ਅਰਥਾਂ ਵਿਚ ਹੈ। ਇਸ ਦਾ ਮਤਲਬ ਹੋਇਆ, ਕਿਸੇ ਮੂਲ ਰਚਨਾ ਦੇ ਭਾਵ ਵੱਲ ਤੁਰਨਾ ਜਾਂ ਜਾਣਾ। ਵਿਆਖਿਆ ਇਸ ਤੋਂ ਅਗਲਾ ਕਦਮ ਹੈ, ਜੋ ਸ਼ਬਦਾਂ ਦੇ ਅਰਥ ਉਪਰੰਤ ਪਰੰਪਰਾ ਤੇ ਪ੍ਰਸੰਗਾਂ ਸਹਿਤ ਗੁੱਝੇ ਭਾਵ ਸਵਿਸਤਾਰ ਪ੍ਰਗਟਾਉਣ ਦਾ ਉਪਰਾਲਾ ਹੁੰਦਾ ਹੈ। ਉਲੱਥਾਕਾਰੀ ਇਨ੍ਹਾਂ ਵਿਧੀਆਂ ਤੋਂ ਬਿਲਕੁਲ ਭਿੰਨ ਹੈ। ਉਹ ਕਿਸੇ ਰਚਨਾ ਦੇ ਅਰਥ-ਭਾਵ ਨੂੰ ਦੂਜੀ ਜ਼ਬਾਨ ਵਿਚ ਪਲਟਾਉਣ ਦਾ ਨਾਂ ਹੈ, ਜਦੋਂ ਕਿ ਟੀਕਾਕਾਰੀ ਕੇਵਲ ਆਪਣੀ ਜ਼ਬਾਨ ਵਿਚ ਹੀ ਉਸ ਨੂੰ ਸਰਲ ਅਤੇ ਸੁਗਮ ਰੂਪ ਵਿਚ ਪੇਸ਼ ਕਰਦੀ ਹੈ।

ਇਹ ਹਕੀਕਤ ਹੈ ਕਿ ਉਪਰੋਕਤ ਵਿਧੀਆਂ ਵਿੱਚੋਂ ਟੀਕਾਕਾਰੀ ਇਕ ਪ੍ਰਤੱਖ ਵਿਧੀ ਹੈ, ਜਿਸ ਨਾਲ ਕਿਸੇ ਸਨਾਤਨ ਗ੍ਰੰਥ ਦਾ ਅਰਥ-ਬੋਧ ਵਾਰਤਕ ਵਿਚ ਅਤੇ ਨਵੀਨ ਬੋਲੀ ਅਤੇ ਸ਼੍ਰੇਣੀ ਵਿਚ ਕੀਤਾ ਜਾਂਦਾ ਹੈ ਤਾਂ ਕਿ ਨਵੀਂ ਪੀੜ੍ਹੀ ਉਸ ਵਿਚਾਰਧਾਰਾ ਤੋਂ ਲਾਭ ਉਠਾ ਸਕੇ। ਵਰਤਮਾਨ ਸਮੇਂ ਦੇ ਮਨੁੱਖ ਨੂੰ ਪ੍ਰਾਚੀਨ ਸਮੇਂ ਦੇ ਗੌਰਵਮਈ ਗ੍ਰੰਥ ਨਾਲ ਜੋੜਨ ਵਾਲਾ ਪੁਲ ਟੀਕਾਕਾਰੀ ਹੈ। ਇਸ ਦੇ ਮਹੱਤਵ ਤੋਂ ਕਿਵੇਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜਰਮਨ ਪਾਦਰੀ ਡਾਕਟਰ ਟਰੰਪ ਨੇ 'ਹਿੰਦਵੀ ਭਾਸ਼ਾਵਾਂ' ਦਾ ਭੰਡਾਰ ਕਿਹਾ ਹੈ। ਇਹ ਇਕ ਅਸਲੀਅਤ ਹੈ ਕਿ ਭਾਸ਼ਾ-ਵਿਗਿਆਨਕ ਪੱਖ ਤੋਂ ਜਿੰਨੀ ਮੱਧਕਾਲੀ ਸ਼ਬਦਾਵਲੀ ਆਦਿ ਗ੍ਰੰਥ ਵਿਚ ਸੰਚਿਤ ਹੈ, ਓਨੀ ਹੋਰ ਕਿਤੇ ਵੀ ਪ੍ਰਾਪਤ ਨਹੀਂ। ਇਸ ਦਾ ਕਾਰਨ ਇਹ ਹੈ ਕਿ ਇਸ ਮਹਾਨ ਗ੍ਰੰਥ ਦੇ ਯੋਗਦਾਨੀ ਵੱਖੋ-ਵੱਖ ਇਲਾਕਿਆਂ, ਵੱਖੋ-ਵੱਖ ਸਮਿਆਂ ਅਤੇ ਵੱਖੋ-ਵੱਖ ਪਰੰਪਰਾਈ ਮਾਨਤਾਵਾਂ ਨਾਲ ਸੰਬੰਧਿਤ ਸਨ ਅਤੇ ਆਪਣੇ ਆਪਣੇ ਪਿਛੋਕੜ ਅਨੁਸਾਰ ਉਹ ਆਪਣਾ ਅਨੁਭਵ

ਬਿਆਨ ਕਰਦੇ ਰਹੇ ਸਨ। ਭਾਵੇਂ ਆਦਿ ਗ੍ਰੰਥ ਦੀ ਮੁੱਖ ਭਾਸ਼ਾ ਸੰਤ ਭਾਸ਼ਾ ਹੈ, ਫਿਰ ਵੀ ਇਸ ਦੀ ਅਨੇਕ ਭਾਂਤੀ ਮਿੱਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਕਰਕੇ ਇਸ ਭਾਸ਼ਾ-ਭੰਡਾਰ ਦੀ ਗਹਿਰਾਈ ਨੂੰ ਸਮਝਣਾ ਸੌਖੀ ਗੱਲ ਨਹੀਂ। ਦੂਜੀ ਗੱਲ ਇਹ ਵੀ ਹੈ ਕਿ ਸਮੇਂ ਦੇ ਫੇਰ ਨਾਲ ਜ਼ਬਾਨ ਬਦਲਦੀ ਰਹਿੰਦੀ ਹੈ ਅਤੇ ਨਵੇਂ ਲੋਕਾਂ ਲਈ ਪਿਛਲੀ ਭਾਸ਼ਾ ਇਕ ਤਰ੍ਹਾਂ ਓਪਰੀ ਹੋ ਜਾਂਦੀ ਹੈ। ਤੀਸਰੀ ਗੱਲ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗੁਹਜ ਪੂਰਨ ਅਧਿਆਤਮਕ ਵਿਸ਼ਾ-ਵਸਤੂ ਹੈ, ਜਿਸ ਨੂੰ ਨਿਰੂਪਣ ਕਰਨ ਹਿੱਤ ਬਹੁਤ ਸਾਰੇ ਬਿੰਬਾਂ, ਪ੍ਰਤੀਕਾਂ ਅਤੇ ਖ਼ਾਸ ਕਿਸਮ ਦੀ ਗੂੜ੍ਹ ਸੰਕੇਤਾਵਲੀ ਤੋਂ ਕੰਮ ਲਿਆ ਜਾਂਦਾ ਹੈ, ਜਿਸ ਕਰਕੇ ਉਸ ਨੂੰ ਸਮਝਣਾ ਸਾਧਾਰਨ ਪਾਠਕ ਦੇ ਵੱਸ ਦੀ ਗੱਲ ਨਹੀਂ ਰਹਿ ਜਾਂਦੀ ਅਤੇ ਨਾ ਹੀ ਕੇਵਲ ਜ਼ਬਾਨ ਦੇ ਗਿਆਨ ਮਾਤਰ ਨਾਲ ਉਸ ਦਾ ਪੂਰਾ ਭੇਤ ਪਾਇਆ ਜਾ ਸਕਦਾ ਹੈ।

ਅਜਿਹੀਆਂ ਕਠਿਨਾਈਆਂ ਦਾ ਹੱਲ ਕੇਵਲ ਟੀਕਾਕਾਰੀ ਜਾਂ ਕੋਸ਼ਾਕਾਰੀ ਹੀ ਕਰਦੀ ਹੈ। ਇਨ੍ਹਾਂ ਦੁਆਰਾ ਹੀ ਅਸੀਂ ਚਾਰ-ਪੰਜ ਸਦੀਆਂ ਪੁਰਾਣੀ ਰਚਨਾ ਨੂੰ ਆਧੁਨਿਕ ਯੁੱਗ ਵਿਚ ਸਮਝਣ ਦੇ ਯੋਗ ਹੋ ਸਕਦੇ ਹਾਂ।

ਸਮੁੱਚੇ ਤੌਰ ਉੱਤੇ ਗੁਰਬਾਣੀ ਦੀ ਟੀਕਾਕਾਰੀ ਦੀ ਪਰੰਪਰਾ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਸੌਖਿਆਂ ਸਮਝਿਆ ਜਾ ਸਕਦਾ ਹੈ :

1. ਪੁਰਾਤਨ ਟੀਕਾਕਾਰੀ;
2. ਨਵੀਨ ਟੀਕਾਕਾਰੀ; ਅਤੇ
3. ਆਧੁਨਿਕ ਟੀਕਾਕਾਰੀ।

ਇਹ ਟੀਕਾਕਾਰੀ ਦੀ ਪਰੰਪਰਾ ਬੜੀ ਪੁਰਾਣੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਜ਼ਮਾਨੇ ਵਿਚ ਵੀ ਸਿੱਖ ਇਕ ਦੂਜੇ ਤੋਂ ਬਾਣੀ ਦਾ ਅਰਥ-ਬੋਧ ਹਾਸਿਲ ਕਰਨ ਦਾ ਜਤਨ ਕਰਦੇ ਰਹਿੰਦੇ ਸਨ। ਭਾਈ ਗੁਰਦਾਸ ਸ਼ਾਇਦ ਪਹਿਲੇ ਵਿਦਵਾਨ ਹਨ, ਜਿਨ੍ਹਾਂ ਨੇ ਗੁਰਬਾਣੀ ਦੀਆਂ ਅਨੇਕ ਗੁੰਝਲਦਾਰ ਤੁਕਾਂ ਦੇ ਅਰਥ ਆਪਣੀਆਂ ਵਾਰਾਂ ਵਿਚ ਛੰਦਬੱਧ ਕਰ ਦਿੱਤੇ, ਜਿਸ ਤੋਂ ਅਸੀਂ ਇਸ ਗੁਹਜ ਨੂੰ ਸਮਝਣ ਵਿਚ ਕੁਝ ਕੁਝ ਜ਼ਿਆਦਾ ਸਹਾਇਤਾ ਲੈ ਸਕਦੇ ਹਾਂ। ਇਸ ਦੇ ਨਾਲ ਹੀ ਗੁਰੂ ਅਰਜਨ ਸਾਹਿਬ ਦੇ ਭਤੀਜੇ ਸੋਢੀ ਮਿਹਰਬਾਨ (1581-1640 ਈ:) ਅਤੇ ਪੋਤੇ ਹਰਿ ਜੀ (ਦੇਹਾਂਤ 1696 ਈ:) ਨੇ ਗੁਰੂ ਨਾਨਕ ਸਾਹਿਬ ਦੀਆਂ ਗੋਸ਼ਟਾਂ ਵਿਚ ਅਨੇਕਾਂ ਸ਼ਬਦਾਂ ਦੇ ਅਰਥ ਲਿਖ ਕੇ ਕਈ ਖ਼ਾਸ ਬਾਣੀਆਂ, ਜਿਵੇਂ ਕਿ ਜਪੁ, ਓਅੰਕਾਰ, ਪਟੀ ਤੇ ਸਿਧ ਗੋਸਟਿ ਆਦਿ ਦੇ 'ਪਰਮਾਰਥ' ਰਚ ਕੇ ਟੀਕਾਕਾਰੀ ਦੀ ਬੁਨਿਆਦ ਰੱਖੀ। ਪਰਮਾਰਥ ਦਾ ਅਰਥ ਹੀ ਇਥੇ ਵਿਸ਼ੇਸ਼ ਅਰਥ-ਵਿਆਖਿਆ ਹੈ।

ਇਸ ਤੋਂ ਬਾਅਦ ਕਈ ਉਦਾਸੀ ਅਤੇ ਅਨੇਕ ਨਿਰਮਲੇ ਸਾਧੂ ਹੋਏ, ਜਿਨ੍ਹਾਂ ਨੇ ਗੁਰਬਾਣੀ ਦੀ ਟੀਕਾਕਾਰੀ ਨੂੰ ਅੱਗੇ ਵਧਾਇਆ। ਉਦਾਸੀ ਸੰਤਾਂ ਵਿੱਚੋਂ ਸੁਆਮੀ ਅਨੰਦਘਨ ਦਾ ਨਾਂ ਪ੍ਰਸਿੱਧ ਹੈ, ਜਿਸ ਨੇ 19ਵੀਂ ਸਦੀ ਦੇ ਮੁੱਢ ਵਿਚ ਜਪੁ, ਓਅੰਕਾਰ, ਸਿਧ ਗੋਸਟਿ, ਆਸਾ ਦੀ ਵਾਰ ਅਤੇ ਅਨੰਦੁ ਸਾਹਿਬ ਆਦਿ ਬਾਣੀਆਂ ਦੇ ਟੀਕੇ ਕੀਤੇ।

ਇਹ ਟੀਕੇ ਸਧੁਕੜੀ ਭਾਸ਼ਾ ਵਿਚ ਅਤੇ ਜਟਿਲ ਸ਼ੈਲੀ ਵਿਚ ਸਨ। ਨਿਰਮਲੇ ਸਾਧੂਆਂ ਦਾ ਅਧਿਐਨ ਵਧੇਰੇ ਸੰਸਕ੍ਰਿਤ ਗ੍ਰੰਥ ਸਨ, ਇਸ ਕਰਕੇ ਉਨ੍ਹਾਂ ਉੱਤੇ ਸਨਾਤਨ ਸਿਧਾਂਤ ਤੇ ਨਿਆਇ ਵੇਦਾਂਤ ਦਾ ਵਿਸ਼ੇਸ਼ ਪ੍ਰਭਾਵ ਸੀ। ਇਸੇ ਅਸਰ ਹੇਠ ਉਨ੍ਹਾਂ ਨੇ ਜਪੁਜੀ ਸਾਹਿਬ ਦੇ ਟੀਕੇ ਲਿਖੇ। ਇਨ੍ਹਾਂ ਟੀਕਾਕਾਰਾਂ ਵਿਚ ਪੰਡਿਤ ਨਿਹਾਲ ਸਿੰਘ, ਪੰਡਿਤ ਤਾਰਾ ਸਿੰਘ ਨਰੋਤਮ, ਸਾਧੂ ਦੇਵਾ ਸਿੰਘ, ਪੰਡਿਤ ਸਾਧੂ ਸਿੰਘ, ਸੰਤ ਗੁਰਦਿੱਤ ਸਿੰਘ, ਸੰਤ ਗੁਲਾਬ ਸਿੰਘ, ਸੰਤ ਉਤਮ ਸਿੰਘ, ਸੰਤ ਹਰਿਭਜਨ ਸਿੰਘ ਆਦਿ ਦਾ ਨਾਂ ਲਿਆ ਜਾ ਸਕਦਾ ਹੈ।

ਇਨ੍ਹਾਂ ਲੇਖਕਾਂ ਨੇ ਜਪੁਜੀ ਸਾਹਿਬ ਉੱਤੇ ਹੀ ਜ਼ੋਰ ਦਿੱਤਾ ਅਤੇ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾਕਰਨ ਦਾ ਉੱਦਮ ਨਹੀਂ ਕੀਤਾ। ਇਹ ਉੱਦਮ ਸਿੰਘ ਸਭਾ ਲਹਿਰ ਚੱਲਣ ਨਾਲ ਸ਼ੁਰੂ ਹੋਇਆ। ਇਹੋ ਸਮਾਂ ਹੈ, ਜਦੋਂ ਬਰਤਾਨਵੀ ਸਰਕਾਰ ਦੇ ਕਹਿਣ ਉੱਤੇ ਜਰਮਨ ਪਾਦਰੀ ਮਿਸਟਰ ਟਰੰਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਤਰਜਮਾ ਕਰਨ ਦੀ ਵਿਉਂਤ ਹੱਥ ਵਿਚ ਲਈ। ਉਹ ਸਾਰੇ ਪੰਜਾਬ ਵਿਚ ਘੁੰਮਿਆ ਅਤੇ ਥਾਂ ਥਾਂ ਗੁਣੀ-ਗਿਆਨੀਆਂ ਨੂੰ ਮਿਲਿਆ, ਪਰ ਉਸ ਦੇ ਸਾਰੇ ਸਵਾਲਾਂ ਦੇ ਜਵਾਬ ਦੇਣ ਵਾਲਾ ਕੋਈ ਨਹੀਂ ਸੀ। ਅਖ਼ੀਰ ਉਸ ਨੇ ਜਿਵੇਂ ਕਿਵੇਂ ਕੁਝ ਗਿਆਨੀਆਂ ਦੀ ਮਦਦ ਨਾਲ ਗੁਰਬਾਣੀ ਦੀ ਭਾਸ਼ਾ ਤੇ ਵਿਆਕਰਣ ਨੂੰ ਜਾਣਿਆ ਅਤੇ ਉਸ ਨੇ ਪਹਿਲੇ ਹਿੱਸੇ ਦਾ ਅੰਗਰੇਜ਼ੀ ਅਨੁਵਾਦ *ਆਦਿ ਗ੍ਰੰਥ* ਨਾਂ ਹੇਠ 1877 ਈ: ਵਿਚ ਛਾਪ ਦਿੱਤਾ। ਇਹ ਅਨੁਵਾਦ ਪੂਰੀ ਤਰ੍ਹਾਂ ਸਹੀ ਨਹੀਂ ਸੀ ਅਤੇ ਇਸ ਦੀ ਭੂਮਿਕਾ ਵਿਚ ਇਸ ਵਿਦਵਾਨ ਲੇਖਕ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਕਈ ਬੇਅਦਬੀ ਭਰੇ ਤਰਕ ਵੀ ਉਠਾਏ ਸਨ।

ਸਿੱਖ ਰਵਾਇਤ ਹੈ, "ਜਬੈ ਬਾਣ ਲਾਗਯੋ, ਤਬੈ ਰੋਸ ਜਾਗਯੋ"[1]। ਇਸ ਸਮੇਂ ਸਿੰਘ ਸਭਾ ਲਹਿਰ ਵੱਲੋਂ ਉਠਾਈ ਪੁਨਰ-ਜਾਗਰਤੀ ਨੇ ਸਿੱਖ ਵਿਦਵਾਨਾਂ ਨੂੰ ਹਲੂਣਿਆ ਕਿ ਉਹ ਅੰਗਰੇਜ਼ੀ ਜਾਂ ਹੋਰ ਭਾਸ਼ਾਵਾਂ ਵਿਚ ਗੁਰਬਾਣੀ ਦਾ ਤਰਜਮਾ ਜਦ ਕਰਨਗੇ ਤਾਂ ਦੇਖੀ ਜਾਵੇਗੀ, ਪਰ ਹੁਣ ਸਹੀ ਅਰਥ-ਬੋਧ ਲਈ ਗੁਰਮੁਖੀ ਵਿਚ ਵੀ ਕੋਈ ਇਕ ਸੰਪੂਰਨ ਟੀਕਾ ਪ੍ਰਾਪਤ ਨਹੀਂ। ਇਸ ਘਾਟ ਨੂੰ ਅਨੁਭਵ ਕਰ ਕੇ ਰਿਆਸਤ ਪਟਿਆਲਾ ਵਾਲਿਆਂ ਨੇ ਪੰਡਿਤ ਤਾਰਾ ਸਿੰਘ ਨਰੋਤਮ ਦੇ ਜ਼ਿੰਮੇ ਇਹ ਕੰਮ ਲਾਇਆ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਲਿਖਣ। ਦੂਜੇ ਪਾਸੇ ਰਿਆਸਤ ਫ਼ਰੀਦਕੋਟ ਵਾਲਿਆਂ ਨੇ ਗਿਆਨੀ ਬਦਨ ਸਿੰਘ ਸੇਖਵਾਂ ਦੀ ਸੇਵਾ ਹਾਸਿਲ ਕੀਤੀ, ਜਿਨ੍ਹਾਂ ਨੇ ਇਸ ਕੰਮ ਨੂੰ 1877 ਈ: ਵਿਚ ਆਰੰਭ ਕਰ ਕੇ 1883 ਈ: ਵਿਚ ਸੰਪੂਰਨ ਕੀਤਾ। ਬਾਅਦ ਵਿਚ ਇਕ ਸੋਧਕ ਕਮੇਟੀ ਥਾਪੀ ਗਈ, ਜਿਸ ਦੇ ਮੈਂਬਰ ਮਹੰਤ ਬਾਵਾ ਸੁਮੇਰ ਸਿੰਘ, ਗਿਆਨੀ ਹਰਿਭਜਨ ਸਿੰਘ ਕਪੂਰਥਲਾ, ਗਿਆਨੀ ਝੰਡਾ ਸਿੰਘ ਨਾਨਕਿਆਣਾ, ਗਿਆਨੀ ਰਾਇ ਸਿੰਘ ਜੰਘੀਰਾਣਾ, ਗਿਆਨੀ ਧਯਾਨ ਸਿੰਘ, ਪੰਡਿਤ ਬਲਕਰਮ ਉਦਾਸੀ ਅਤੇ ਪੰਡਿਤ ਹਮੀਰ ਸਿੰਘ ਆਦਿ ਵਿਦਵਾਨ ਸਨ। ਇਸ ਵਿਦਵਾਨ ਮੰਡਲ

---

1. ਬਚਿੱਤ੍ਰ ਨਾਟਕ, ਪਾਤਸ਼ਾਹੀ ੧੦.

ਨੇ ਕਈ ਸਾਲ ਲਾ ਕੇ ਇਸ ਕੰਮ ਨੂੰ ਅੰਤਿਮ ਰੂਪ ਦਿੱਤਾ ਅਤੇ ਗਿਆਨੀ ਬਦਨ ਸਿੰਘ ਜੀ ਦੀ ਸੇਵਾ ਸਫਲ ਹੋਈ।

ਇਹ ਟੀਕਾ ਫ਼ਰੀਦਕੋਟੀ ਟੀਕਾ ਕਰ ਕੇ ਮਸ਼ਹੂਰ ਹੈ ਅਤੇ ਫ਼ਰੀਦਕੋਟ ਦਰਬਾਰ ਵੱਲੋਂ ਚਾਰ ਜਿਲਦਾਂ ਵਿਚ 1906 ਅਤੇ 1924 ਈ: ਵਿਚ ਦੋ ਵਾਰ ਛਪ ਚੁੱਕਾ ਹੈ (ਪੰਨੇ 5844)।

ਪੰਡਿਤ ਤਾਰਾ ਸਿੰਘ ਜੀ ਵੀ ਗੁਰਮਤਿ ਅਤੇ ਸੰਸਕ੍ਰਿਤ ਦੇ ਚੰਗੇ ਵਿਦਵਾਨ ਸਨ। ਉਨ੍ਹਾਂ ਨੇ ਪਟਿਆਲੇ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਹੀ ਮੁਕੰਮਲ ਨਹੀਂ ਕੀਤਾ, ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਡਿਕਸ਼ਨਰੀ *ਗੁਰੂ ਗਿਰਾਰਥ ਕੋਸ਼* 1889 ਈ: ਵਿਚ ਤਿਆਰ ਕਰ ਕੇ ਪ੍ਰਕਾਸ਼ਤ ਕੀਤੀ। ਪੰਡਿਤ ਜੀ ਵੱਲੋਂ ਕੀਤੇ ਟੀਕੇ ਦਾ ਪਹਿਲਾ ਭਾਗ 1881 ਈ: ਵਿਚ ਛਪਿਆ, ਜਿਸ ਵਿਚ ਜਪੁ, ਰਹਿਰਾਸ ਤੇ ਸੋਹਿਲਾ ਹੈ। 1882 ਈ: ਵਿਚ 'ਭਗਤ ਬਾਣੀ ਦਾ ਟੀਕਾ' ਅਤੇ 1885 ਈ: ਵਿਚ 'ਸ੍ਰੀ ਰਾਗ ਦਾ ਟੀਕਾ' ਪ੍ਰਕਾਸ਼ਤ ਹੋਇਆ। ਉਨ੍ਹਾਂ ਨੇ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕੀਤਾ ਸੀ, ਪਰ ਉਹ ਛਪ ਨਹੀਂ ਸਕਿਆ। ਉਸ ਦਾ ਕਾਫ਼ੀ ਹੱਥ-ਲਿਖਤ ਹਿੱਸਾ ਦੋ ਟਰੰਕਾਂ ਵਿਚ ਬੰਦ ਪਿਆ ਮੈਂ ਭਾਈ ਵਰਿਆਮ ਸਿੰਘ ਸ਼ਾਸਤਰੀ ਕੋਲ ਨਰੋਤਮ ਜੀ ਦੇ ਡੇਰੇ ਪਟਿਆਲੇ ਦੇਖਿਆ ਸੀ। ਹੁਣ ਕਹਿ ਨਹੀਂ ਸਕਦਾ ਕਿ ਉਹ ਕਿਥੇ ਹੈ।

ਪੰਡਿਤ ਜੀ ਧੁਰੰਧਰ ਵਿਦਵਾਨ ਸਨ। ਬਾਣੀ ਦਾ ਬੋਧ ਵੀ ਸੀ। ਪਰ ਫਿਰ ਵੀ ਉਨ੍ਹਾਂ ਨੂੰ ਟੀਕਾ ਕਰਦਿਆਂ ਇਹ ਖ਼ਿਆਲ ਆਇਆ ਕਿ ਸੰਪ੍ਰਦਾਈ ਅਰਥ-ਪ੍ਰਣਾਲੀ ਦਾ ਜਾਨਣਾ ਜ਼ਰੂਰੀ ਹੈ। ਇਸ ਮਨੋਰਥ ਲਈ ਉਨ੍ਹਾਂ ਨੇ ਆਪਣੇ ਸ਼ਿਸ਼ ਗਿਆਨੀ ਗਿਆਨ ਸਿੰਘ ਜੀ ਨੂੰ ਅੰਮ੍ਰਿਤਸਰ ਭੇਜਿਆ ਅਤੇ ਉਹ ਕਾਫ਼ੀ ਸਮਾਂ ਕਥਾ ਸੁਣ ਕੇ ਜ਼ਰੂਰੀ ਨੋਟ ਪਟਿਆਲੇ ਪੰਡਿਤ ਜੀ ਨੂੰ ਭੇਜਦੇ ਰਹੇ। ਇਸ ਦਾ ਜ਼ਿਕਰ ਗਿਆਨੀ ਜੀ ਦੇ ਜੀਵਨ-ਬਿਰਤਾਂਤ ਵਿਚ ਮਿਲਦਾ ਹੈ। ਇਸ ਘਟਨਾ ਤੋਂ ਇਕ ਗੱਲ ਜ਼ਰੂਰ ਸਪੱਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥਾਂ ਬਾਰੇ ਗਿਆਨੀ ਸੰਪ੍ਰਦਾ ਦੇ ਅਰਥਾਂ ਦਾ ਖ਼ਾਸ ਮਹੱਤਵ ਸੀ ਅਤੇ ਇਹ ਗਿਆਨੀ ਸੰਪ੍ਰਦਾ ਦੀ ਲੜੀ ਗੁਰੂ ਗੋਬਿੰਦ ਸਿੰਘ ਜੀ ਨਾਲ ਜੋੜੀ ਜਾਂਦੀ ਹੈ। ਰਵਾਇਤ ਹੈ ਕਿ ਦਸਮ ਪਾਤਸ਼ਾਹ ਨੇ ਪਹਿਲਾਂ ਪਹਿਲ ਭਾਈ ਮਨੀ ਸਿੰਘ ਜੀ ਨੂੰ ਗੁਰਬਾਣੀ ਦਾ ਅਰਥ-ਬੋਧ ਕਰਾਇਆ ਅਤੇ ਪਿੱਛੋਂ ਇਹ ਗਿਆਨੀਆਂ ਦੀ ਸੰਪ੍ਰਦਾ ਇਉਂ ਚੱਲੀ :

ਭਾਈ ਮਨੀ ਸਿੰਘ ਜੀ, ਡਾ. ਦੀਵਾਨ ਸਿੰਘ, ਗੁਰਦਿਆਲ ਸਿੰਘ ਤੇ ਗੁਰਬਖ਼ਸ਼ ਸਿੰਘ, ਭਾਈ ਕੌਲ ਸਿੰਘ, ਗਿਆਨੀ ਸੂਰਤ ਸਿੰਘ ਤੇ ਗਿਆਨੀ ਅਮਰ ਸਿੰਘ, ਭਾਈ ਜੱਸਾ ਸਿੰਘ, ਭਾਈ ਚੰਦਾ ਸਿੰਘ, ਭਾਈ ਦਯਾ ਸਿੰਘ, ਭਾਈ ਭਗਵਾਨ ਸਿੰਘ ਤੇ ਗਿਆਨੀ ਹਜ਼ਾਰਾ ਸਿੰਘ, ਭਾਈ ਅਮੀਰ ਸਿੰਘ, ਸੰਤ ਸੰਗਤ ਸਿੰਘ ਕਮਾਲੀਏ ਵਾਲੇ ਆਦਿ।

ਇਹ ਮੁਖੀ ਗਿਆਨੀਆਂ ਦੀ ਲੜੀ ਹੈ। ਇਸ ਦਾ ਮਤਲਬ ਇਹ ਨਹੀਂ ਕਿ ਕੇਵਲ ਇਨ੍ਹਾਂ ਤੋਂ ਹੀ ਇਕ ਦੂਜੇ ਨੇ ਅਰਥ-ਭਾਵ ਸਮਝੇ। ਹੋਰ ਵੀ ਅਨੇਕ ਗੁਰੂ-ਗਿਆਨੀ ਹੋਏ ਹਨ, ਜਿਨ੍ਹਾਂ ਨੇ ਇਸ ਵਿਸ਼ਾਲ ਗਿਆਨ-ਧਾਰਾ ਤੋਂ ਲਾਭ ਉਠਾਇਆ।

ਬਾਬਾ ਦੀਪ ਸਿੰਘ ਜੀ ਕਾਫ਼ੀ ਸਮਾਂ ਦਮਦਮਾ ਸਾਹਿਬ ਵਿਖੇ ਬਾਣੀ ਦਾ ਬੋਧ ਕਰਾਉਂਦੇ ਰਹੇ ਅਤੇ ਪੋਥੀਆਂ, ਗੁਟਕੇ ਅਤੇ ਬੀੜਾਂ ਵੀ ਲਿਖਾਉਂਦੇ ਰਹੇ। ਇਸ ਤਰ੍ਹਾਂ ਦਮਦਮੇ ਦੀ ਟਕਸਾਲ ਮਾਲਵੇ ਵੱਲ ਜ਼ਿਆਦਾ ਮਸ਼ਹੂਰ ਹੋਈ। ਗਿਆਨੀ ਸੁੰਦਰ ਸਿੰਘ ਭਿੰਡਰਾਂਵਾਲੇ ਇਸੇ ਟਕਸਾਲ ਦੇ ਸਨ, ਜਿਨ੍ਹਾਂ ਨੇ ਸੈਂਕੜੇ ਵਿਦਿਆਰਥੀਆਂ ਨੂੰ ਕਥਾ-ਵਾਚਕ ਗਿਆਨੀ ਬਣਾਇਆ। ਉਨ੍ਹਾਂ ਤੋਂ ਪਿੱਛੋਂ ਗਿਆਨੀ ਗੁਰਬਚਨ ਸਿੰਘ ਖ਼ਾਲਸਾ, ਗਿਆਨੀ ਮੋਹਨ ਸਿੰਘ, ਗਿਆਨੀ ਕਰਤਾਰ ਸਿੰਘ ਅਤੇ ਸੰਤ ਜਰਨੈਲ ਸਿੰਘ ਆਦਿ ਕਥਾਵਾਚਕ ਹੋਏ, ਜੋ ਆਪਣੇ ਨਾਲ ਮੰਡਲੀਆਂ ਰੱਖ ਕੇ ਬਾਣੀ ਦਾ ਬੋਧ ਕਰਾਉਂਦੇ ਰਹਿੰਦੇ ਸਨ। ਇਨ੍ਹਾਂ ਸੰਪ੍ਰਦਾਈ ਅਰਥਾਂ ਨੂੰ ਸਭ ਤੋਂ ਪਹਿਲਾਂ ਕਾਨੀਬੱਧ ਕਰਨ ਦੀ ਸੇਵਾ ਗਿਆਨੀ ਬਦਨ ਸਿੰਘ ਫ਼ਰੀਦਕੋਟ ਵਾਲਿਆਂ ਸਰੰਜਾਮ ਦਿੱਤੀ, ਜੋ ਆਪਣੇ ਆਪ ਵਿਚ ਇਕ ਬੇਮਿਸਾਲ ਆਦਰਸ਼ਕ ਟੀਕਾ ਹੈ।

ਪੰਡਿਤ ਤਾਰਾ ਸਿੰਘ ਦਾ ਮੁਕੰਮਲ ਟੀਕਾ ਨਾ ਛਪਣ ਕਾਰਨ ਉਸ ਦਾ ਮੁਲੰਕਣ ਸੰਭਵ ਨਹੀਂ, ਪਰ ਇਕ ਗੱਲ ਤਾਂ ਜ਼ਾਹਿਰ ਹੈ ਕਿ ਇਹ ਪੁਰਾਤਨ ਟੀਕਾਕਾਰੀ ਦੀ ਸਾਧ ਭਾਸ਼ਾ ਬੜੀ ਗੂੜ੍ਹੀ ਤੇ ਕਲਿਸ਼ਟ ਹੁੰਦੀ ਸੀ। ਦੂਜੇ, ਗਿਆਨੀ ਲੋਕ ਆਪਣੀ ਬੁੱਧ ਚਮਤਕਾਰ ਦਿਖਾਉਣ ਲਈ ਇਕ ਇਕ ਤੁਕ ਦੇ ਕਈ ਕਈ ਅਰਥ ਕਰਨਾ ਗੌਰਵ ਦੀ ਗੱਲ ਸਮਝਦੇ ਸਨ। ਤੀਸਰੇ, ਸਨਾਤਨੀ ਵਿਚਾਰਾਂ ਦਾ ਇਤਨਾ ਪ੍ਰਭਾਵ ਸੀ ਕਿ ਕਈ ਵਾਰ ਗੁਰਮਤਿ ਸਿਧਾਂਤ ਦੀ ਵਿਲੱਖਣਤਾ ਸਪੱਸ਼ਟ ਹੀ ਨਹੀਂ ਸੀ ਹੁੰਦੀ। ਪਰ ਫਿਰ ਵੀ ਅਸੀਂ ਇਨ੍ਹਾਂ ਸਾਰੇ ਪੰਡਿਤਾਂ, ਗਿਆਨੀਆਂ ਦੇ ਅਹਿਸਾਨਮੰਦ ਹਾਂ, ਜਿਨ੍ਹਾਂ ਦੁਆਰਾ ਇਹ ਅਰਥ-ਪਰੰਪਰਾ ਸਾਡੇ ਤਕ ਪਹੁੰਚੀ ਹੈ।

ਹੁਣ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਜੋ ਟੀਕੇ ਹਨ, ਉਨ੍ਹਾਂ ਦੀ ਸੂਚੀ ਇਸ ਪ੍ਰਕਾਰ ਹੈ :

1. ਪੰਡਿਤ ਤਾਰਾ ਸਿੰਘ ਨਰੋਤਮ (ਅਪ੍ਰਕਾਸ਼ਤ)
2. ਗਿਆਨੀ ਬਦਨ ਸਿੰਘ ਸੇਖਵਾਂ (4 ਜਿਲਦਾਂ, *ਫ਼ਰੀਦਕੋਟੀ ਟੀਕਾ*)
3. ਗਿਆਨੀ ਨਿਹਾਲ ਸਿੰਘ ਸੂਰੀ (6 ਭਾਗ, *ਭਾਵ ਪ੍ਰਕਾਸ਼ਨੀ ਟੀਕਾ*, 1936 ਈ:)
4. ਗਿਆਨੀ ਬਿਸ਼ਨ ਸਿੰਘ (8 ਜਿਲਦਾਂ, 1929-1938 ਈ:)
5. ਗਿਆਨੀ ਨਰੈਣ ਸਿੰਘ (6 ਜਿਲਦਾਂ, 1940 ਈ:)
6. ਗਿਆਨੀ ਅਮੀਰ ਸਿੰਘ ਸੰਤ ਕ੍ਰਿਪਾਲ ਸਿੰਘ (*ਸੰਪ੍ਰਦਾਈ ਟੀਕਾ ਸ੍ਰੀ ਅਮੀਰ ਭੰਡਾਰ*, 10 ਭਾਗ)
7. ਭਾਈ ਸਾਹਿਬ ਭਾਈ ਵੀਰ ਸਿੰਘ (ਸੰਥਾ ਸੈਂਚੀਆਂ 7 ਭਾਗ ਅਪੂਰਣ)
8. ਪ੍ਰੋ. ਤੇਜਾ ਸਿੰਘ (*ਸ਼ਬਦਾਰਥ*, 4 ਭਾਗ)
9. ਪ੍ਰੋ. ਸਾਹਿਬ ਸਿੰਘ (*ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ*, 10 ਭਾਗ)
10. ਡਾ. ਮਨਮੋਹਨ ਸਹਿਗਲ (ਹਿੰਦੀ ਟੀਕਾ, 4 ਭਾਗ)

ਇਨ੍ਹਾਂ ਵਿੱਚੋਂ ਪਹਿਲੇ ਦੋ ਟੀਕੇ 19ਵੀਂ ਸਦੀ ਦੀ ਕ੍ਰਿਤ ਹਨ, ਜੋ ਪੁਰਾਤਨ

ਟੀਕਾਕਾਰੀ ਦੀ ਵੰਨਗੀ ਪੇਸ਼ ਕਰਦੇ ਹਨ। ਪੰਡਿਤ ਤਾਰਾ ਸਿੰਘ ਨਰੋਤਮ ਦੀ ਬੋਲੀ ਗੂੜ੍ਹ ਅਤੇ ਸ਼ੈਲੀ ਪੁਰਾਣੇ ਸ਼ਾਸਤਰੀ ਤਰੀਕੇ ਦੀ ਸੀ, ਜਿਸ ਨੂੰ ਹਰ ਕੋਈ ਨਹੀਂ ਸੀ ਸਮਝ ਸਕਦਾ ਅਤੇ ਇਹ ਸਾਰਾ ਛਪਿਆ ਵੀ ਨਹੀਂ, ਪਰ ਗਿਆਨੀ ਬਦਨ ਸਿੰਘ ਦੇ ਟੀਕੇ ਦੀ ਖ਼ੂਬੀ ਇਹ ਹੈ ਕਿ ਉਹ 19ਵੀਂ ਸਦੀ ਦੀ ਰਚਨਾ ਹੋਣ ਦੇ ਬਾਵਜੂਦ ਬੋਲੀ ਅਤੇ ਸ਼ੈਲੀ ਦੇ ਪੱਖੋਂ ਅਤਿ ਸਰਲ ਅਤੇ ਸਪੱਸ਼ਟ ਹੈ। ਇਹ ਉਨ੍ਹਾਂ ਨੇ ਮਾਮੂਲੀ ਜਿਹੀ ਉਥਾਨਕਾ ਦੱਸ ਕੇ ਅਰਥ ਵੀ ਨਿਸਚਿਤ ਭਾਂਤ ਇੱਕੋ ਇਕ ਦਿੱਤਾ ਹੈ, ਜੋ ਅੱਜ ਦੇ ਪਾਠਕ ਨੂੰ ਵੀ ਸੰਤੁਸ਼ਟੀ ਦੇਣ ਵਾਲਾ ਹੈ। ਇਸ ਤੋਂ ਬਾਅਦ 20ਵੀਂ ਸਦੀ ਦੀ ਨਵੀਨ ਟੀਕਾਕਾਰੀ ਦੀ ਵਾਰੀ ਆਉਂਦੀ ਹੈ। ਅਸੀਂ ਇਸ ਨੂੰ ਨਵੀਨ ਇਸ ਲਈ ਆਖਦੇ ਹਾਂ, ਕਿਉਂਕਿ ਸਿੰਘ ਸਭਾ ਲਹਿਰ ਅਤੇ ਅਕਾਲੀ ਲਹਿਰ ਤੋਂ ਬਾਅਦ ਪੱਤਰਕਾਰੀ ਦੀ ਬਦੌਲਤ ਪੰਜਾਬੀ ਭਾਸ਼ਾ ਇੰਨੀ ਮਾਂਜੀ-ਸੰਵਾਰੀ ਗਈ ਸੀ ਕਿ ਹੁਣ ਇਸ ਵਿਚ ਸਧੁਕੜੀ ਭਾਸ਼ਾ ਵਾਲੇ ਕੋੜਕੂ ਨਹੀਂ ਸੀ ਰਹੇ। 1930 ਤਕ ਬੋਲੀ ਅਤੇ ਸ਼ੈਲੀ ਵਿਚ ਬਹੁਤ ਸਫ਼ਾਈ ਆ ਗਈ ਸੀ। ਇਸ ਸਮੇਂ ਗਿਆਨੀ ਨਿਹਾਲ ਸਿੰਘ ਸੂਰੀ ਰਾਵਲਪਿੰਡੀ ਵਾਲਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ *ਭਾਵ ਪ੍ਰਕਾਸ਼ਨੀ ਟੀਕਾ* ਲਿਖਿਆ, ਜੋ ਪੰਜ-ਛੇ ਜਿਲਦਾਂ ਵਿਚ ਛਪਿਆ। ਗਿਆਨੀ ਨਿਹਾਲ ਸਿੰਘ ਪੱਛਮੀ ਵਿੱਦਿਆ ਤੋਂ ਵੀ ਜਾਣੂ ਸਨ। ਇਨ੍ਹਾਂ ਨੇ ਸਿੱਖ ਧਰਮ ਬਾਰੇ ਕੁਝ ਅੰਗਰੇਜ਼ੀ ਟ੍ਰੈਕਟ ਵੀ ਲਿਖੇ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਾ ਅੰਗਰੇਜ਼ੀ ਉਲਥਾ ਵੀ ਕੀਤਾ। ਅੱਗੇ ਇਨ੍ਹਾਂ ਦੇ ਲਾਇਕ ਸਪੁੱਤਰ ਪ੍ਰਿੰ. ਗੁਰਮੁਖ ਨਿਹਾਲ ਸਿੰਘ ਅਤੇ ਸੇਂਟ ਨਿਹਾਲ ਸਿੰਘ ਹੋਏ, ਜਿਨ੍ਹਾਂ ਕਲਮ ਰਾਹੀਂ ਚੰਗਾ ਜਸ ਖੱਟਿਆ। ਸੂਰੀ ਜੀ ਦੀ ਟੀਕਾਕਾਰੀ ਕਾਫ਼ੀ ਵਿਗਿਆਨਕ ਪ੍ਰਭਾਵ ਵਾਲੀ ਹੈ।

ਗਿਆਨੀ ਬਿਸ਼ਨ ਸਿੰਘ ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਗੁਰਦੁਆਰੇ ਵਿਚ ਗ੍ਰੰਥੀ ਸਨ। ਉਨ੍ਹਾਂ ਨੂੰ ਵਿਦਵਾਨ ਪ੍ਰੋਫ਼ੈਸਰਾਂ ਦੇ ਮੇਲ-ਜੋਲ ਦਾ ਅਵਸਰ ਪ੍ਰਾਪਤ ਸੀ। ਉਨ੍ਹਾਂ ਨੇ ਦਸਮ ਗ੍ਰੰਥ ਦੇ ਟੀਕੇ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਰਚ ਕੇ ਅੱਠ ਭਾਸ਼ਾਵਾਂ ਵਿਚ ਪ੍ਰਕਾਸ਼ਤ ਕਰਵਾਇਆ, ਪਰ ਇਹ ਟੀਕਾ ਰਵਾਇਤੀ ਕਿਸਮ ਦਾ ਹੀ ਹੈ। ਪੰਡਿਤ ਨਾਰਾਇਣ ਸਿੰਘ ਮੁਜ਼ੰਗਾਂ ਵਾਲੇ ਚੰਗੇ ਵਿਦਵਾਨ ਸੱਜਣ ਸਨ। ਉਨ੍ਹਾਂ ਨੂੰ ਸੰਪ੍ਰਦਾਈ ਅਰਥਾਂ ਤੋਂ ਇਲਾਵਾ ਸੰਸਕ੍ਰਿਤ ਗ੍ਰੰਥਾਂ ਦਾ ਵੀ ਚੰਗਾ ਅਭਿਆਸ ਸੀ। ਉਨ੍ਹਾਂ ਨੇ ਦਸਮ ਗ੍ਰੰਥ ਦਾ ਵੀ ਸੋਹਣਾ ਟੀਕਾ ਕੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਜੋ ਸਟੀਕ ਕੀਤਾ, ਉਸ ਨਾਲ ਵੀ ਉਨ੍ਹਾਂ ਨੂੰ ਚੰਗੀ ਮੁਹਾਰਤ ਅਤੇ ਮਾਨਤਾ ਮਿਲੀ। ਉਨ੍ਹਾਂ ਦਾ ਕੰਮ ਸੱਚਮੁੱਚ ਵਿਦਵਾਨਾਂ ਵਾਲਾ ਹੈ ਅਤੇ ਅੱਜ ਵੀ ਲੋਕ ਪੰਡਿਤ ਨਾਰਾਇਣ ਸਿੰਘ ਜੀ ਦੇ ਟੀਕਿਆਂ ਦੀ ਤਲਾਸ਼ ਵਿਚ ਦੇਖੇ ਜਾਂਦੇ ਹਨ।

ਇਸੇ ਲੜੀ ਦਾ ਇਕ ਹੋਰ ਟੀਕਾ ਹੁਣੇ ਛਪਿਆ ਹੈ, ਉਸ ਦਾ ਨਾਂ ਸੰਤ ਅਮੀਰ ਸਿੰਘ ਜੀ ਦੇ ਨਾਂ ਉੱਤੇ *ਸੰਪ੍ਰਦਾਈ ਟੀਕਾ ਸ੍ਰੀ ਅਮੀਰ ਭੰਡਾਰ* ਰੱਖਿਆ ਗਿਆ ਹੈ, ਜਿਸ ਨੂੰ ਉਨ੍ਹਾਂ ਦੇ ਸ਼ਿਸ਼ ਸੰਤ ਕ੍ਰਿਪਾਲ ਸਿੰਘ ਜੀ ਨੇ ਕਲਮਬੰਦ ਕੀਤਾ ਹੈ। ਸਾਨੂੰ ਪਤਾ ਹੈ ਕਿ ਗਿਆਨੀ ਅਮੀਰ ਸਿੰਘ ਜੀ (1870-1954 ਈ:) ਲਗਭਗ 50-60 ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਪੜ੍ਹਾਉਂਦੇ ਰਹੇ ਅਤੇ ਉਨ੍ਹਾਂ ਦੇ ਅਨੇਕ ਨਾਮੀ ਸ਼ਾਗਿਰਦ

ਹੋਏ, ਜਿਨ੍ਹਾਂ ਵਿਚ ਪੰਡਿਤ ਨਿਸਚਲ ਸਿੰਘ, ਮਹੰਤ ਹੀਰਾ ਸਿੰਘ, ਗਿਆਨੀ ਅਰਜਨ ਸਿੰਘ, ਸੰਤ ਅਰਜਨ ਸਿੰਘ ਮੁਨੀ, ਸੋਢੀ ਤੇਜਾ ਸਿੰਘ, ਸੰਤ ਮੰਨਾ ਸਿੰਘ, ਗਿਆਨੀ ਰਾਮ ਸਿੰਘ, ਗਿਆਨੀ ਬਿਸ਼ਨ ਸਿੰਘ ਕ੍ਰੀਟ, ਗਿਆਨੀ ਤੇਜਾ ਸਿੰਘ ਵੈਦ ਸ਼ਾਸਤਰੀ ਅਤੇ ਗਿਆਨੀ ਚੇਤ ਸਿੰਘ ਆਦਿ ਵਰਣਨਯੋਗ ਹਨ, ਪਰ ਗਿਆਨੀ ਅਮੀਰ ਸਿੰਘ ਜੀ ਨੇ ਖ਼ੁਦ ਕੋਈ ਟੀਕਾ ਨਹੀਂ ਲਿਖਿਆ। ਉਨ੍ਹਾਂ ਦੀ ਸੰਪ੍ਰਦਾ ਦੇ ਅਰਥ ਲੈ ਕੇ ਸੰਤ ਕ੍ਰਿਪਾਲ ਸਿੰਘ ਜੀ ਨੇ ਇਸ ਨੂੰ ਤਿਆਰ ਕੀਤਾ। ਇਸ ਵਿਚ ਸੰਪ੍ਰਦਾਈ ਟੀਕਿਆਂ ਵਾਲੇ ਕਈ ਪੁਰਾਣੇ ਔਗੁਣ ਮੌਜੂਦ ਹਨ। ਵਿਆਕਰਣਿਕ ਬਣਤਰ ਨੂੰ ਨਜ਼ਰ-ਅੰਦਾਜ਼ ਕਰ ਕੇ ਇਕ ਤੁਕ ਦੇ ਬਾਹਲੇ ਅਰਥ ਕਰਨੇ, ਪੁਰਾਤਨ ਸ਼ਾਸਤਰੀ ਵਿਚਾਰਾਂ ਨੂੰ ਬਾਹਲਾ ਤੇ ਬੇਲੋੜਾ ਵਿਸਤਾਰ ਦੇ ਕੇ ਵਿਦਵਤਾ ਦਾ ਰੋਹਬ ਪਾਉਣ ਦਾ ਜਤਨ ਕਰਨਾ ਅਤੇ ਕਲਪਿਤ ਸਾਖੀਆਂ ਸੁਣਾ ਕੇ ਆਪਣੇ ਮੱਤ ਦੀ ਪੁਸ਼ਟੀ ਕਰਨਾ ਆਦਿ। ਇਹ ਟੀਕਾਕਾਰੀ ਕੇਵਲ ਸ਼ਰਧਾਲੂ ਭਗਤਾਂ ਲਈ ਤਾਂ ਲਾਹੇਵੰਦ ਹੋ ਸਕਦੀ ਹੈ, ਨਵੇਂ ਪਾਠਕ ਲਈ ਸ਼ਾਇਦ ਉਤਨੀ ਉਪਯੋਗੀ ਨਹੀਂ।

ਇਸ ਤੋਂ ਬਾਅਦ ਆਧੁਨਿਕ ਟੀਕਾਕਾਰੀ ਦਾ ਯੁੱਗ ਆਉਂਦਾ ਹੈ, ਜਿਸ ਵਿਚ ਵਰਣਨਯੋਗ ਨਾਂ ਭਾਈ ਵੀਰ ਸਿੰਘ, ਪ੍ਰੋ. ਤੇਜਾ ਸਿੰਘ ਅਤੇ ਪ੍ਰੋ. ਸਾਹਿਬ ਸਿੰਘ ਜੀ ਹਨ।

ਭਾਈ ਵੀਰ ਸਿੰਘ (1872-1957 ਈ:) ਸਿੰਘ ਸਭਾ ਲਹਿਰ ਦੀ ਪੈਦਾਵਾਰ ਹੋਣ ਕਾਰਨ ਗੁਰਮਤਿ ਦੇ ਚੰਗੇ ਗਿਆਤਾ ਸਨ। ਪੁਰਾਤਨਤਾ ਅਤੇ ਨਵੀਨਤਾ ਦੇ ਗੁਣ-ਅਉਗੁਣ ਦੋਵੇਂ ਉਨ੍ਹਾਂ ਦੇ ਸਾਹਮਣੇ ਸਨ। ਇਸ ਕਰਕੇ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਸਾਰੇ ਸੰਪ੍ਰਦਾਈ ਟੀਕਿਆਂ ਨੂੰ ਵਿਚਾਰ ਕੇ ਸੰਥਾ ਸੈਂਚੀਆਂ ਦੇ ਰੂਪ ਵਿਚ ਸੱਤ ਭਾਗਾਂ ਵਿਚ (ਸੋਰਠਿ ਰਾਗ ਤਕ) ਪ੍ਰਕਾਸ਼ਤ ਕੀਤਾ। ਉਨ੍ਹਾਂ ਦੇ ਦੇਹਾਂਤ ਬਾਅਦ ਉਨ੍ਹਾਂ ਦੇ ਛੋਟੇ ਭਰਾਤਾ ਡਾ. ਬਲਬੀਰ ਸਿੰਘ ਨੇ ਇਸ ਕੰਮ ਨੂੰ ਅੱਗੇ ਤੋਰਿਆ ਅਤੇ ਬਾਣੀ ਦੇ ਅਰਥ-ਬੋਧ ਲਈ ਜੋ ਦੋ ਭਾਗਾਂ ਵਿਚ 'ਨਿਰੁਕਤ' ਵੀ ਲਿਖਿਆ, ਜੋ ਆਪਣੀ ਕਿਸਮ ਦਾ ਪਹਿਲਾ ਅਤੇ ਆਖ਼ਰੀ ਜਤਨ ਸੀ। ਭਾਈ ਵੀਰ ਸਿੰਘ ਜੀ ਨੇ ਭਾਵੇਂ ਬੇਸ਼ੱਕ ਬੌਧਿਕ ਜਤਨਾਂ ਨਾਲ ਸਟੀਕ ਰਚਿਆ, ਪਰ ਫਿਰ ਵੀ ਉਨ੍ਹਾਂ ਦੇ ਕੰਮ ਉੱਤੇ ਸੰਪ੍ਰਦਾਈ ਅਰਥ ਛਾਇਆ ਰਿਹਾ। ਇਹ ਕੁਦਰਤੀ ਗੱਲ ਸੀ ਅਤੇ ਸ਼ਾਇਦ ਇਸ ਤੋਂ ਬਚਿਆ ਵੀ ਨਹੀਂ ਸੀ ਜਾ ਸਕਦਾ।

ਆਧੁਨਿਕ ਯੁੱਗ ਦੀ ਵਿਗਿਆਨਕ ਟੀਕਾਕਾਰੀ ਵਿਚ ਪ੍ਰੋ. ਤੇਜਾ ਸਿੰਘ (1894-1958 ਈ:) ਇਕ ਸਿਰਮੌਰ ਵਿਦਵਾਨ ਬਣ ਕੇ ਉਭਰਦੇ ਹਨ। ਉਹ ਪਹਿਲੇ ਟੀਕਾਕਾਰ ਹਨ, ਜੋ ਪੱਛਮੀ ਸਾਹਿੱਤ ਅਤੇ ਗਿਆਨ-ਵਿਗਿਆਨ ਤੋਂ ਭਲੀ ਪ੍ਰਕਾਰ ਪਰਿਚਿਤ ਸਨ। ਉਨ੍ਹਾਂ ਨੇ ਗੁਰਮਤਿ ਵਿਚਾਰਧਾਰਾ ਨੂੰ ਕਲਾਤਮਕ ਰੂਪ ਦੇ ਕੇ ਪੇਸ਼ ਕੀਤਾ ਅਤੇ ਧਰਮ ਦੀਆਂ ਸਿੱਖਿਆਵਾਂ ਨੂੰ ਵਧੀਆ ਜੀਵਨ-ਜੁਗਤੀ ਬਣਾ ਕੇ ਦਰਸਾਇਆ। ਉਨ੍ਹਾਂ ਨੇ ਪੁਰਾਣੇ ਗਿਆਨੀਆਂ ਵਾਂਗ ਸਾਰਾ ਟੀਕਾ ਨਹੀਂ ਲਿਖਿਆ। ਉਨ੍ਹਾਂ ਦਾ ਟੀਕਾ 1936 ਵਿਚ ਸ਼ੁਰੂ ਹੋ ਕੇ 1941 ਈ: ਵਿਚ ਸੰਪੂਰਨ ਹੋਇਆ। ਉਹ ਇਸ ਦੀ ਭੂਮਿਕਾ ਵਿਚ ਲਿਖਦੇ ਹਨ, "ਇਸ ਟੀਕੇ ਵਿਚ ਸਾਰੀ ਬਾਣੀ ਨੂੰ ਚਾਰ ਪੋਥੀਆਂ ਵਿਚ ਵੰਡ ਕੇ ਸ਼ਬਦਾਂ ਨੂੰ ਨਿਖੇੜ ਕੇ ਛਾਪਿਆ ਹੈ। ਨਾਲ ਨਾਲ ਔਖੇ ਪਦਾਂ ਦੇ ਅਰਥ

ਦਿੱਤੇ ਹਨ। ਗੂੜ੍ਹ ਭਾਵਾਂ ਨੂੰ ਖੋਲ੍ਹ ਕੇ ਦੱਸਣ ਦਾ ਜਤਨ ਕੀਤਾ ਹੈ, ਸ਼ਬਦਾਂ ਵਿਚ ਆਏ ਖ਼ਿਆਲਾਂ ਦੀ ਲੜੀ ਦੱਸ ਕੇ ਸਮੁੱਚਾ ਭਾਵ ਵੀ ਦਿੱਤਾ ਹੈ।"

ਸਾਰੇ ਜਾਣਦੇ ਹਨ ਕਿ ਪ੍ਰੋ. ਤੇਜਾ ਸਿੰਘ ਹੀ ਸਨ, ਜਿਨ੍ਹਾਂ ਨੇ 1925 ਈ: ਵਿਚ *ਸ਼ਬਦਾਂਤਿਕ ਲਗਾਂ-ਮਾਤ੍ਰਾਂ* ਨਾਂ ਦੀ 88 ਪੰਨੇ ਦੀ ਕਿਤਾਬੜੀ ਲਿਖ ਕੇ ਪਹਿਲਾਂ-ਪਹਿਲ ਗੁਰਬਾਣੀ ਵਿਚ ਵਰਤੀਂਦੇ ਵਿਆਕਰਣਿਕ ਨੇਮਾਂ ਦੀ ਸੋਝੀ ਕਰਾਈ ਸੀ। ਇਨ੍ਹਾਂ ਨੇਮਾਂ ਦੇ ਆਧਾਰ ਉੱਤੇ ਹੀ ਉਨ੍ਹਾਂ ਨੇ ਗੁਰਬਾਣੀ ਦੇ ਸਾਰੇ ਅਰਥ ਕੀਤੇ ਅਤੇ ਉਸ ਦੀ ਵਿਆਖਿਆ ਅਜਿਹੀ ਸ਼ੈਲੀ ਵਿਚ ਕੀਤੀ, ਜਿਸ ਤੋਂ ਇਹ ਨਾ ਜਾਪੇ ਕਿ ਇਹ ਪੁਰਾਤਨ ਧਰਮ ਗ੍ਰੰਥ ਦੇ ਵਾਕ ਹਨ, ਸਗੋਂ ਇਹ ਪ੍ਰਤੀਤ ਹੋਵੇ ਕਿ ਉਹ ਮੌਜੂਦਾ ਜੀਵਨ-ਵਿਕਾਸ ਲਈ ਵੀ ਅਤਿਅੰਤ ਲੋੜੀਂਦੇ ਹਨ ਅਤੇ ਉੱਚਾ-ਸੁੱਚਾ ਸਭਿਆਚਾਰਕ ਸੰਦੇਸ਼ਾ ਦੇਣ ਵਾਲੇ ਹਨ। ਪ੍ਰੋ. ਤੇਜਾ ਸਿੰਘ ਦੀ ਵਿਆਖਿਆ ਅਤੇ ਟੀਕਾਕਾਰੀ ਦੀ ਇਹ ਇਕ ਪ੍ਰਮੁੱਖ ਵਿਸ਼ੇਸ਼ਤਾ ਹੈ ਕਿ ਉਹ ਜਿਵੇਂ ਕਿਵੇਂ ਗੁਰਬਾਣੀ ਦੀ ਵਿਚਾਰਧਾਰਾ ਨੂੰ ਆਧੁਨਿਕਤਮ ਅਤੇ ਨਵੀਨਤਮ ਬਣਾ ਕੇ ਪੇਸ਼ ਕਰਦੇ ਹਨ। ਉਨ੍ਹਾਂ ਨੇ ਮੁੱਖ ਬਾਣੀਆਂ ਦੇ ਅੰਗਰੇਜ਼ੀ ਅਨੁਵਾਦ ਵੀ ਕੀਤੇ, ਜਿਨ੍ਹਾਂ ਵਿਚ ਜਪੁ, ਆਸਾ ਦੀ ਵਾਰ ਅਤੇ ਸੁਖਮਨੀ ਸਾਹਿਬ ਵਰਣਨਯੋਗ ਹਨ। ਇਨ੍ਹਾਂ ਅਨੁਵਾਦਾਂ ਦੀ ਬਹੁਤ ਸ਼ਲਾਘਾ ਹੋਈ ਹੈ। ਇਸ ਤੋਂ ਇਲਾਵਾ ਉਨ੍ਹਾਂ ਦਾ ਸੁਪਨਾ ਸੀ ਕਿ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿਚ ਤਰਜਮਾ ਕਰਾਂ। ਕੁਝ ਹਿੱਸਾ ਗਉੜੀ ਰਾਗ ਤਕ ਕੀਤਾ ਵੀ, ਪਰ ਸਿਹਤ ਦੀ ਖ਼ਰਾਬੀ ਕਾਰਨ ਮੁਕੰਮਲ ਨਾ ਕਰ ਸਕੇ। ਪਰ ਜੋ ਕੰਮ ਉਨ੍ਹਾਂ ਨੇ *ਸ਼ਬਦਾਰਥ* ਰਚ ਕੇ ਕੀਤਾ, ਉਹ ਨਵੀਨ ਚਿੰਤਨ ਦਾ ਹਾਣੀ ਹੋ ਕੇ ਨਵੀਆਂ ਲੀਹਾਂ ਪਾਉਣ ਵਾਲਾ ਅਤੇ ਨਵੀਂ ਪੀੜ੍ਹੀ ਦੇ ਕੰਮ ਆਉਣ ਵਾਲਾ ਹੈ।

ਆਧੁਨਿਕ ਟੀਕਾਕਾਰੀ ਦੇ ਦੂਜੇ ਸਿਰਮੌਰ ਵਿਦਵਾਨ ਪ੍ਰੋ. ਸਾਹਿਬ ਸਿੰਘ (1892-1977 ਈ:) ਸਨ, ਜਿਨ੍ਹਾਂ ਨੇ ਜਿਥੇ ਬੜੀ ਲੰਮੀ ਮਿਹਨਤ ਨਾਲ ਸਭ ਤੋਂ ਪਹਿਲਾਂ ਸੰਪੂਰਨ *ਗੁਰਬਾਣੀ ਵਿਆਕਰਣ* ਲਿਖਿਆ, ਉਥੇ ਉਨ੍ਹਾਂ ਹੀ ਵਿਆਕਰਣਕ ਨੇਮਾਂ ਨੂੰ ਆਧਾਰ ਬਣਾ ਕੇ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦਸ ਭਾਗਾਂ ਵਿਚ *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ* ਟੀਕਾ ਲਿਖਿਆ। ਪ੍ਰੋ. ਸਾਹਿਬ ਸਿੰਘ ਨੇ ਜਿਸ ਤਰ੍ਹਾਂ ਦਾ ਇਹ ਕੰਮ ਕੀਤਾ, ਉਹ ਇਕ ਤਰ੍ਹਾਂ ਵਿਗਿਆਨਕ ਕਾਰਜ ਦੀ ਅਦੁੱਤੀ ਮਿਸਾਲ ਹੈ। ਉਨ੍ਹਾਂ ਦੀ ਟੀਕਾਕਾਰੀ ਦੀ ਖ਼ੂਬੀ ਇਹੋ ਹੈ ਕਿ ਉਨ੍ਹਾਂ ਨੇ ਹਰ ਥਾਂ ਵਿਆਕਰਣ ਲਗਾਂ-ਮਾਤ੍ਰਾਂ ਨੂੰ ਮੁੱਖ ਰੱਖ ਕੇ ਹੀ ਅਰਥ-ਨਿਰਣਾ ਕੀਤਾ ਹੈ। ਹੋ ਸਕਦਾ ਹੈ ਕਿ ਛਪਾਈ ਵਿਚ ਕਿਤੇ ਕਿਤੇ ਲਗ-ਮਾਤ੍ਰ ਦੀ ਵਾਧ-ਘਾਟ ਵੀ ਹੋਵੇ ਅਤੇ ਇਸ ਕਰਕੇ ਅਰਥਾਂ ਵਿਚ ਉਕਾਈ ਆ ਗਈ ਹੋਵੇ, ਪਰ ਪ੍ਰੋ. ਸਾਹਿਬ ਸਿੰਘ ਵਿਆਕਰਣਿਕ ਵਿਧੀ ਉੱਤੇ ਪਹਿਰਾ ਦੇਣ ਵਾਲੇ ਸਨ। ਉਨ੍ਹਾਂ ਨੇ ਇਸ ਆਧਾਰ ਦਾ ਪੱਲਾ ਨਹੀਂ ਛੱਡਿਆ ਅਤੇ ਇਸੇ ਹੀ ਵਿਧੀ ਨਾਲ ਅਨੇਕ ਗੁੰਝਲਦਾਰ ਤੁਕਾਂ ਨੂੰ ਸੁਲਝਾ ਕੇ ਪੇਸ਼ ਕੀਤਾ ਹੈ। ਆਮ ਤੌਰ 'ਤੇ ਅਨੇਕ ਸ਼ਬਦਾਂ ਬਾਰੇ ਅਨੇਕਾਂ ਸਾਖੀਆਂ ਵੀ ਸੁਣਾਈਆਂ ਜਾਂਦੀਆਂ ਸਨ, ਪਰ ਪ੍ਰੋਫ਼ੈਸਰ ਸਾਹਿਬ ਨੇ ਇਨ੍ਹਾਂ ਮਨੋ-ਕਲਪਿਤ ਸੰਵਾਦਾਂ ਵਿਚ ਪੈਣ ਦੀ ਲੋੜ ਨਹੀਂ ਸਮਝੀ, ਕੇਵਲ ਭਾਸ਼ਾ ਤੋਂ ਹੀ ਉਸ ਦੀ ਅਰਥ-ਜੁਗਤੀ ਦਾ ਰਾਹ ਕੱਢ ਕੇ ਦਿਖਾਇਆ ਹੈ।

•

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ

'ਕੋਸ਼ਕਾਰੀ' ਉਹ ਵਿੱਦਿਆ ਹੈ, ਜਿਸ ਦੁਆਰਾ ਕਿਸੇ ਦੇਸ਼ ਦੀ ਜ਼ਬਾਨ, ਸਾਹਿੱਤਕ ਭਾਸ਼ਾ ਜਾਂ ਕਿਸੇ ਗ੍ਰੰਥ ਵਿਸ਼ੇਸ਼ ਦੀ ਭਾਸ਼ਾ ਦੇ ਸ਼ਬਦ-ਸੰਗ੍ਰਹਿ ਨੂੰ ਕਿਸੇ ਖ਼ਾਸ ਤਰਤੀਬ ਵਿਚ ਪ੍ਰੋ ਕੇ ਅਰਥਾਂ ਸਮੇਤ ਦਰਸਾਇਆ ਜਾਂਦਾ ਹੈ। ਕੋਸ਼ ਦਾ ਅੱਖਰੀ ਅਰਥ 'ਖ਼ਜ਼ਾਨ' ਜਾਂ 'ਭੰਡਾਰ' ਹੈ ਅਰਥਾਤ ਅਜਿਹਾ ਸ਼ਬਦ-ਭੰਡਾਰਾ, ਜਿਸ ਦੇ ਨਾਲ ਨਾਲ ਅਰਥ ਵਿਆਖਿਆ ਵੀ ਹੋਵੇ। ਇਹ ਅਰਥ ਦੱਸਣ ਸਮੇਂ ਵਿਆਕਰਣ, ਵਿਉਂਤਪਤੀ, ਉਚਾਰਣ ਤੇ ਹੋਰ ਜਾਣਕਾਰੀ ਤਕ ਦਾ ਵਿਸਤਾਰ ਵੀ ਦਿੱਤਾ ਜਾਂਦਾ ਹੈ ਤੇ ਕਿਤੇ ਕੇਵਲ ਸਮਾਨਾਰਥ ਜਾਂ ਪ੍ਰਯਾਯ ਮਾਤਰ ਦੇ ਕੇ ਹੀ ਬਸ ਕੀਤੀ ਜਾਂਦੀ ਹੈ। ਇਹ ਹਰ ਕੋਸ਼ਕਾਰ ਦੀ ਆਪਣੀ ਵਿਉਂਤਬੰਦੀ ਤੇ ਵਿਵੇਕਬੰਦੀ 'ਤੇ ਨਿਰਭਰ ਕਰਦਾ ਹੈ ਕਿ ਉਹ ਕੋਸ਼ ਨੂੰ ਕਿਹੋ ਜਿਹਾ ਸਰੂਪ ਪ੍ਰਦਾਨ ਕਰੇ।

ਅੱਜ-ਕੱਲ੍ਹ ਆਮ ਤੌਰ 'ਤੇ ਦੋ ਕਿਸਮ ਦੇ ਕੋਸ਼ ਮਿਲਦੇ ਹਨ—ਅਰਥ ਕੋਸ਼ ਅਤੇ ਗਿਆਨ ਕੋਸ਼। ਅਰਥ ਕੋਸ਼ਾਂ ਵਿਚ ਇਕ ਜ਼ਬਾਨ ਦੇ ਦੂਜੀ ਜ਼ਬਾਨ ਵਿਚ ਜਾਂ ਉਸੇ ਵਿਚ ਹੀ ਅਰਥ ਕੀਤੇ ਹੁੰਦੇ ਹਨ। ਗਿਆਨ ਕੋਸ਼ਾਂ ਵਿਚ ਇਕ ਇਕ ਸ਼ਬਦ ਜਾਂ ਸੰਕੇਤ ਬਾਰੇ ਕਈ ਤਰ੍ਹਾਂ ਦਾ ਪਰਿਚਯ ਦਿੱਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸੰਬੰਧੀ ਦੋਵੇਂ ਤਰ੍ਹਾਂ ਦੇ ਕੋਸ਼ ਪ੍ਰਾਪਤ ਹਨ ਤੇ ਇਸ ਕੋਸ਼ਕਾਰੀ ਦਾ ਇਤਿਹਾਸ ਪੁਰਾਣਾ ਹੈ।

ਸਿੱਖ ਇਤਿਹਾਸ ਵਿਚ ਇਹ ਜ਼ਿਕਰ ਹੈ ਕਿ ਗੁਰੂ ਅਰਜਨ ਸਾਹਿਬ ਦੇ ਭਤੀਜੇ ਮਿਹਰਵਾਨ ਨੇ ਕਈ ਬਾਣੀਆਂ ਦੇ ਅਰਥ-ਪਰਮਾਰਥ ਲਿਖਾਏ ਤੇ ਭਾਈ ਮਨੀ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅਰਥ ਪੜ੍ਹਾਏ। ਇਹ ਵੀ ਅਸੀਂ ਜਾਣਦੇ ਹਾਂ ਕਿ ਗੁਰੂ ਦਸਮੇਸ਼ ਜੀ ਦੇ ਦਰਬਾਰੀ ਵਿਦਵਾਨਾਂ ਭਾਈ ਕੀਰਤ ਸਿੰਘ ਤੇ ਭਾਈ ਗੁਰਦਾਸ ਸਿੰਘ ਨੇ ਪਹਿਲ ਪ੍ਰਿਥਮੇ ਆਦਿ ਗ੍ਰੰਥ ਦੇ ਪ੍ਰਯਾਯ ਲਿਖੇ। ਇਸ ਤੋਂ ਪਿੱਛੋਂ ਡਾ. ਪਿਸ਼ੌਰਾ ਸਿੰਘ, ਸੰਤ ਸੁਤੇਪ੍ਰਕਾਸ਼, ਗੋਬਿੰਦ ਦਾਸ ਉਦਾਸੀ, ਰਣ ਸਿੰਘ ਬੇਦੀ, ਜੱਸਾ ਸਿੰਘ, ਮੇਲਾ ਸਿੰਘ, ਸ਼ਾਮ ਸਿੰਘ ਤੇ ਡਾ. ਚੰਦਾ ਸਿੰਘ ਗਯਾਨੀ ਆਦਿ ਨੇ ਪ੍ਰਯਾਯ ਲਿਖੇ। ਇਹ ਆਦਿ ਗ੍ਰੰਥ ਦੀ ਕੋਸ਼ਕਾਰੀ ਦਾ ਮੁੱਢ ਸੀ ਤੇ ਇਸ ਦਾ ਆਧਾਰ ਭਾਸ਼ਾ-ਵਿਗਿਆਨ ਦੀ ਥਾਂ ਵਧੇਰੇ ਕਰਕੇ ਸੰਪ੍ਰਦਾਈ ਅਰਥ-ਪ੍ਰਣਾਲੀ ਸੀ।

ਪ੍ਰਾਚੀਨ ਭਾਰਤੀ ਕੋਸ਼ ਪਰੰਪਰਾ ਵਿਚ ਅੱਖਰ ਵਾਰ ਸ਼ਬਦਾਂ ਦੇ ਅਰਥ ਦੇਣ ਦੀ ਥਾਂ ਵਿਸ਼ੇ ਵਾਰ ਇਕ ਅਰਥ ਵਾਲੇ ਸ਼ਬਦਾਂ ਦੀ ਸੂਚੀ ਇਕੱਤਰ ਕਰਨ ਦਾ ਰਿਵਾਜ ਸੀ, ਜਿਵੇਂ ਕਿ ਸੰਸਕ੍ਰਿਤ ਦੇ *ਅਮਰ ਕੋਸ਼* ਵਿਚ ਪਹਿਲੇ ਦੇਵ ਵਰਗ, ਫਿਰ ਨਰ ਵਰਗ

ਤੇ ਬਨਸਪਤੀ ਵਰਗ ਦੀ ਕਾਂਡ-ਵੰਡ ਕਰ ਕੇ ਸਾਮਾਨਰਥ ਦਿੱਤੇ ਗਏ ਹਨ। ਪੰਡਿਤ ਤਾਰਾ ਸਿੰਘ ਨੇ ਵੀ *ਗੁਰਮਤਿ ਨਿਰਣਯ ਸਾਗਰ* ਦੀ ਤੇਈਵੀਂ ਉਰਮੀ (ਕਾਂਡ) ਵਿਚ ਇਸੇ ਰੀਤਿ ਨੂੰ ਅਪਣਾਇਆ ਹੈ। ਸ੍ਰੀ ਗੁਰੂ ਗ੍ਰੰਥ ਕੋਸ਼ਕਾਰੀ ਦੀ ਨਵੀਂ ਰੀਤਿ ਦੇ ਮੋਢੀ ਵੀ ਪੰਡਿਤ ਤਾਰਾ ਸਿੰਘ ਹੀ ਹਨ, ਜਿਨ੍ਹਾਂ ਉੱਨੀਵੀਂ ਸਦੀ ਦੇ ਅੰਤ ਵਿਚ ਪਹਿਲੀ ਵਾਰ ਅੱਖਰ-ਕ੍ਰਮ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕੋਸ਼ ਤਿਆਰ ਕੀਤਾ। ਦਰਅਸਲ ਜਦੋਂ ਈਸਾਈ ਮਿਸ਼ਨਰੀ ਡਾ. ਟਰੰਪ ਨੇ ਬਰਤਾਨਵੀ ਸਰਕਾਰ ਦੀ ਹਿਦਾਇਤ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਅਨੁਵਾਦ ਕਰਨਾ ਚਾਹਿਆ ਤਾਂ ਉਸ ਨੂੰ ਸਹੀ ਰਹਿਨੁਮਾਈ ਦੇ ਸਕਣ ਵਾਲੇ ਸਿੱਖ ਵਿਦਵਾਨ ਨਾ ਮਿਲ ਸਕੇ ਤੇ ਨਾ ਹੀ ਉਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਦੇ ਗੁਹਜ ਖੋਲ੍ਹਣ ਵਾਲਾ ਕੋਈ ਕੋਸ਼ ਜਾਂ ਵਿਆਕਰਣ ਹੀ ਬਣਿਆ ਸੀ, ਜਿਸ ਦੀ ਮਦਦ ਨਾਲ ਇਹ ਪੱਛਮੀ ਵਿਦਵਾਨ ਗੁਰਬਾਣੀ ਨੂੰ ਸਮਝ ਸਕਦੇ। ਇਸ ਥੁੜ ਨੂੰ ਸਿੰਘ ਸਭਾ ਲਹਿਰ ਦੇ ਮੋਢੀਆਂ ਨੇ ਅਨੁਭਵ ਕੀਤਾ ਤੇ ਸਿੱਖ ਰਾਜਿਆਂ-ਮਹਾਰਾਜਿਆਂ ਨੂੰ ਪ੍ਰੇਰਿਆ ਕਿ ਉਹ ਅਜਿਹੇ ਜ਼ਰੂਰੀ ਮਹਾਨ ਕੰਮ ਕਰਾਉਣ। ਇਸੇ ਸਮੇਂ ਮਹਾਰਾਜਾ ਫ਼ਰੀਦਕੋਟ ਨੇ 1883 ਈ: ਵਿਚ ਗਿਆਨੀ ਬਚਨ ਸਿੰਘ ਤੇ ਹੋਰ ਕਈ ਵਿਦਵਾਨਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਟੀਕਾ ਲਿਖਵਾਇਆ, ਜਿਸ ਦੀ ਪਿੱਛੋਂ ਕਈ ਵਰ੍ਹੇ ਸੋਧ ਸੁਧਾਈ ਹੁੰਦੀ ਰਹੀ। ਇਸੇ ਮੌਕੇ ਮਹਾਰਾਜਾ ਪਟਿਆਲਾ ਨੇ ਪੰਡਿਤ ਤਾਰਾ ਸਿੰਘ ਨਰੋਤਮ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕੋਸ਼ ਤਿਆਰ ਕਰਵਾਇਆ, ਜਿਸ ਦਾ ਨਾਮ *ਗੁਰੂ ਗਿਰਾਰਥ ਕੋਸ਼* ਹੈ। ਦੂਜਾ ਜਤਨ ਖ਼ਾਲਸਾ ਟ੍ਰੈਕਟ ਸੁਸਾਇਟੀ ਨੇ *ਸ੍ਰੀ ਗੁਰੂ ਗ੍ਰੰਥ ਕੋਸ਼* ਛਾਪ ਕੇ ਕੀਤਾ, ਜੋ ਭਾਈ ਵੀਰ ਸਿੰਘ ਜੀ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ ਜੀ ਦਾ ਰਚਿਆ ਹੋਇਆ ਸੀ।

ਪਹਿਲਾਂ ਇਹ ਕੋਸ਼ 480 ਪੰਨਿਆਂ ਦਾ ਸੀ। ਫਿਰ ਇਸੇ ਦੀ ਦੂਜੀ ਐਡੀਸ਼ਨ ਭਾਈ ਵੀਰ ਸਿੰਘ ਨੇ ਤਿਆਰ ਕੀਤੀ, ਜੋ 1927 ਵਿਚ ਛਪੀ। ਇਸ ਦੇ ਪੰਨੇ 1420 ਸਨ। ਤੀਜਾ ਮਹਾਨ ਤੇ ਵਿਦਵਾਨ ਜਤਨ ਭਾਈ ਕਾਨ੍ਹ ਸਿੰਘ ਨਾਭਾ ਦਾ *ਗੁਰਸ਼ਬਦ ਰਤਨਾਕਰ ਮਹਾਨ ਕੋਸ਼* ਸੀ, ਜੋ 1930 ਈ: ਵਿਚ ਪ੍ਰਕਾਸ਼ਤ ਹੋਇਆ। ਇਸ ਵਿਚ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ-ਅਰਥ ਹੀ ਨਹੀਂ, ਬਲਕਿ ਹੋਰ ਸਿੱਖ ਸਾਹਿੱਤ ਦੇ ਗ੍ਰੰਥਾਂ ਦੀ ਵੀ ਅਰਥ ਵਿਆਖਿਆ ਦਿੱਤੀ ਗਈ ਹੈ। ਇਸ ਨੁਕਤੇ ਤੋਂ ਇਹ ਕੇਵਲ ਅਰਥ ਕੋਸ਼ ਨਾ ਰਹਿ ਕੇ ਗਿਆਨ ਕੋਸ਼ ਦਾ ਵੀ ਪੂਰਾ ਪੂਰਾ ਕੰਮ ਦਿੰਦਾ ਹੈ। ਉਂਜ ਭਾਵੇਂ ਛੋਟੇ ਛੋਟੇ ਕੋਸ਼ ਤਾਂ ਕਈ ਛਪੇ ਹਨ, ਪਰ ਇਹ ਤਿੰਨ ਜਤਨ ਐਸੇ ਹਨ, ਜਿਨ੍ਹਾਂ ਦਾ ਆਲੋਚਨਾਤਮਕ ਅਧਿਐਨ ਕੀਤਾ ਜਾ ਸਕਦਾ ਹੈ।

ਗੁਰੂ ਗਿਰਾਰਥ ਕੋਸ਼

ਪੰਡਿਤ ਤਾਰਾ ਸਿੰਘ ਨਰੋਤਮ ਨੇ ਪਹਿਲੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੱਖਰ ਵਾਰ ਕੋਸ਼ ਬਣਾਉਣ ਦਾ ਸਫਲ ਜਤਨ ਕੀਤਾ, ਜੋ ਕਿ ਦੋ ਜਿਲਦਾਂ ਵਿਚ 1895 ਤੋਂ 1898 ਈ: ਵਿਚ ਰਾਜੇਂਦਰਾ ਪ੍ਰੈੱਸ, ਪਟਿਆਲਾ ਵਿਚ ਛਪਿਆ। ਪਹਿਲੀ

ਜਿਲਦ ਦੇ ਪੰਨੇ 702 ਹਨ ਤੇ ਦੂਜੀ ਜਿਲਦ ਦੇ 706। ਇਨ੍ਹਾਂ 1408 ਪੰਨਿਆਂ ਵਿਚ 14502 ਸ਼ਬਦਾਂ ਦੇ ਅਰਥ ਦਰਜ ਕੀਤੇ ਗਏ ਹਨ ਤੇ ਇਸ ਪੱਥਰ ਛਾਪੇ ਵਿਚ ਛਪਣ ਵਾਲੇ ਕੋਸ਼ ਦਾ ਖ਼ੁਸ਼ਨਵੀਸ ਕਾਤਿਬ ਸਾਧੂ ਕੁਸ਼ਾਲ ਸਿੰਘ ਹੈ, ਜਿਸ ਨੇ ਇਸ ਨੂੰ ਕਾਫ਼ੀ ਹੱਦ ਤਕ ਸ਼ੁੱਧ ਲਿਖਣ ਦੀ ਸੇਵਾ ਕੀਤੀ ਹੈ।

ਪਹਿਲੇ 12 ਸਫ਼ੇ ਵਿਦਵਾਨ ਪੰਡਿਤ ਨੇ ਕੌਮ ਦੀ ਜ਼ਰੂਰਤ ਤੋਂ ਵਰਤੀਂ ਤਕਨੀਕ ਦੇ ਦੱਸਣ ਵਿਚ ਲਾਏ ਹਨ, ਜੋ ਕਿ ਬਹੁਤ ਹੀ ਮਹੱਤਵਪੂਰਨ ਹਨ। ਉਸ ਸਮੇਂ ਪੰਜਾਬ ਤੇ ਪੰਜਾਬੀ ਲਈ ਇਹ ਨਵਾਂ ਕੰਮ ਸੀ ਕਿ ਸੰਪ੍ਰਦਾਈ ਅਰਥ-ਪਰੰਪਰਾ ਨੂੰ ਭਾਸ਼ਾ-ਵਿਗਿਆਨਕ ਪੱਖ ਤੋਂ ਨਿਰਖ ਪਰਖ ਕੇ ਅੱਖਰ ਕ੍ਰਮ ਅਨੁਸਾਰ ਸੂਤਰਬੱਧ ਕੀਤਾ ਜਾਂਦਾ। ਲੁਧਿਆਣਾ ਮਿਸ਼ਨ ਦੀ *ਡਿਕਸ਼ਨਰੀ ਆਫ਼ ਪੰਜਾਬ ਲੈਂਗੂਇਜ* (1851 ਈ:) ਪੰਡਿਤ ਜੀ ਦੇ ਸਾਹਮਣੇ ਸੀ। ਇਸ ਤੋਂ ਇਲਾਵਾ ਹੋਰ ਵੀ ਸੰਸਕ੍ਰਿਤ, ਅੰਗਰੇਜ਼ੀ ਕੋਸ਼ ਉਨ੍ਹਾਂ ਨੂੰ ਪ੍ਰਾਪਤ ਸਨ, ਜਿਸ ਤਰ੍ਹਾਂ ਕਿ ਉਨ੍ਹਾਂ ਦੇ ਡੇਰੇ ਦੀ ਲਾਇਬ੍ਰੇਰੀ ਦੇਖਣ ਤੋਂ ਪਤਾ ਲੱਗਦਾ ਹੈ, ਪਰ ਉਹ ਸੰਪ੍ਰਦਾਈ ਗਿਆਨੀਆਂ ਦੀ ਪਰੰਪਰਾ ਅਨੁਸਾਰ ਸਧੁਕੜੀ ਭਾਸ਼ਾ ਵਰਤ ਕੇ ਹੀ ਰਾਜ਼ੀ ਸਨ, ਜੋ ਕਿ ਉਸ ਸਮੇਂ ਆਮ ਵਰਤੀਂਦੀ ਸੀ। ਇਸ ਕੋਸ਼ ਵਿਚ ਵੀ ਉਨ੍ਹਾਂ ਪੰਜਾਬੀ ਦੀ ਥਾਂ ਅਜਿਹੀ ਸਾਧੂ ਭਾਸ਼ਾ ਹੀ ਵਰਤੀ ਹੈ। ਮਿਸਾਲ ਵਜੋਂ ਇਹ ਸਤਰਾਂ ਧਿਆਨਯੋਗ ਹਨ :

> 'ਕੋਸ਼' ਨਾਮੋਂ ਕੇ ਅਰਥਬੋਧਕ ਗ੍ਰੰਥੋਂ ਕੋ ਕਹਤੇ ਹੈਂ। ਸੋ ਭੀ ਬਯਾਕਰਣ ਵਤ ਵਿਦਿਯਾ ਕੇ ਅਭਯਾਸ ਕੇ ਮੂਲ ਹੈਂ। ਇਸੀ ਲੀਏ ਜੋ ਲੋਗ ਜਿਸ ਬੋਲੀ ਕੇ ਸੀਖਨੇ ਕੀ ਇੱਛਾ ਕਰਤੇ ਹੈਂ, ਪਹਲੇ ਉਸ ਕੇ ਅਰਥ ਗਯਾਨ ਵਾਸਤੇ ਤਿਸ ਕੇ ਕੋਸ਼ ਅਰ ਬਯਾਕਰਣ ਕੋ ਪੜ੍ਹਤੇ ਹੈਂ ਕਯੋਂਕਿ ਬਯਾਕਰਣ ਬਿਨਾਂ ਪਦੋਂ ਕੇ ਯੋਗਿਕ ਅਰਥੋਂ ਕਾ ਗਯਾਨ ਨਹੀਂ ਹੋ ਸਕਤਾ, ਕੋਸ਼ ਬਿਨਾਂ ਰੂਢ ਪਦੋਂ ਕਾ ਵ ਯੋਗ ਰੂਢ ਪਦੋਂ ਕਾ ਅਰਥ ਗਯਾਨ ਨਹੀਂ ਹੋ ਸਕੇ। ਪ੍ਰਾਚੀਨ ਕੋਸ਼ੋਂ ਸੇ ਭੀ ਪਦੋਂ ਕੇ ਵਹੁ ਅਰਥ ਜਾਨੇ ਜਾਤੇ ਹੈਂ, ਜਿਨ ਅਰਥੋਂ ਮੇਂ ਪਦੋਂ ਕੀ ਸ਼ਕਤੀ ਬ੍ਰਿਤਿ ਹੈ। ਜੈਸੇ ਉੱਲੂ ਪਦ ਕੀ ਊਲੂਕ ਪੱਖੀ ਮੇਂ ਸ਼ਕਤੀ ਹੈ। ਕੋਸ਼ ਮੇਂ ਉਸ ਕਾ ਯਹ ਨਾਮ ਦੇਖਨ ਸੇ ਉਸੀ ਕਾ ਗਯਾਨ ਹੋਤਾ ਹੈ। ਅਰਥੋਂ ਮੇਂ ਪਦੋਂ ਕੀ ਲਖਣਾ ਵ ਬਯੰਜਨਾ ਹੈ, ਵਹੁ ਅਰਥ, ਕੋਸ਼ ਮੇਂ ਨਹੀਂ ਲਿਖੇ ਜਾਤੇ ਜੈਸੇ ਉਲੂ ਪਦ ਕੀ ਮੂਰਖ ਪੁਰਖ ਮੇਂ ਲਖਣਾ ਹੈ। ਯਾਤੇ ਕੋਸ਼ ਮੇਂ ਮੂਰਖ ਨਾਮ ਉੱਲੂ ਨਹੀਂ ਲਿਖਾ ਜਾਤਾ। *('ਗੁਰੂ ਗਿਰਾਰਥ ਕੋਸ਼', ਪੰਨੇ 1-2)*

ਇਹ ਇਕ ਬੜਾ ਵੱਡਾ ਮਿਹਨਤ ਦਾ ਕੰਮ ਸੀ ਕਿ ਪੰਡਿਤ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਸ਼ਬਦ-ਸੰਗ੍ਰਹਿ ਨੂੰ ਅੱਖਰ ਕ੍ਰਮ ਅਨੁਸਾਰ ਤਰਤੀਬਿਆ। ਫਿਰ ਹਰ ਸ਼ਬਦ ਦੇ ਅਰਥ ਦਿੱਤੇ ਤੇ ਨਾਲ ਹੀ ਬਾਣੀ ਦੀ ਤੁਕ, ਜਿਥੇ ਕਿ ਉਸ ਸ਼ਬਦ ਦੀ ਵਰਤੋਂ ਹੋਈ ਸੀ। ਆਪ ਨੇ ਰਾਗ ਤੇ ਮਹਲਾ ਨਹੀਂ ਦਿੱਤਾ।

ਜਿਥੇ ਕੋਈ ਵਿਸ਼ੇਸ਼ ਸੰਕੇਤਕ ਪਦ ਆ ਗਿਆ, ਉਥੇ ਵਿਦਵਾਨ ਕੋਸ਼ਕਾਰ ਅਰਥ ਮਾਤਰ 'ਤੇ ਸੰਤੁਸ਼ਟ ਨਹੀਂ ਰਿਹਾ, ਸਗੋਂ ਉਸ ਬਾਰੇ ਵਿਸਤਾਰਪੂਰਨ ਵਿਚਾਰ ਦਿੱਤੀ ਹੈ, ਜਿਵੇਂ ਕਿ ਆਤਮਾ ਜਾਂ ਵੇਦ ਆਦਿ ਪਦ। 'ਵੇਦ' ਸ਼ਬਦ 'ਤੇ ਵਿਚਾਰ ਚਰਚਾ ਕਰਦਿਆਂ 12-13 ਪੰਨੇ ਲਾਏ ਹਨ ਤੇ ਇਹ ਚਰਚਾ ਬੜੀ ਹੀ ਅਰਥ ਭਰਪੂਰ ਹੈ।

ਇਸ ਵਿਚਾਰ ਵਿਆਖਿਆ ਤੋਂ ਅਸੀਂ ਅਨੁਮਾਨ ਕਰ ਸਕਦੇ ਹਾਂ ਕਿ ਸਿੰਘ ਸਭਾ ਲਹਿਰ ਦੇ ਜ਼ਮਾਨੇ ਸਾਡੀ ਬੌਧਿਕ ਜਮਾਤ—ਗਿਆਨੀ ਤੇ ਪੰਡਿਤ—ਕਿਸ ਕਿਸਮ ਦੇ ਝੁਕਾਵਾਂ ਵਿਚੀਂ ਲੰਘ ਰਹੀ ਸੀ ਤੇ ਕਿਵੇਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਸਥਾਪਨ ਵਿਚ ਪ੍ਰਯਤਨ-ਸ਼ੀਲ ਸੀ। ਵੇਦ ਬਾਰੇ ਲਿਖਦੇ ਹਨ :

> ਧਰਮ ਔ ਬ੍ਰਹਮ ਰੂਪ ਅਰਥੋਂ ਕੋ ਵਿੰਦਤਿ ਅਨੇਕ ਲਭਤੇ ਹੈਂ ਪੁਰਖ ਜਿਸ ਕਰ ਵ ਧਰਮ ਬ੍ਰਹਮ ਕੋ ਵੇਤਿ-ਅਨੇਕ ਜਾਣੇ ਹੈਂ, ਪੁਰਖ ਜਿਸ ਕਰ ਤਿਸ ਬਾਣੀ ਕਾ ਨਾਮ ਵੇਦ ਹੈ। *('ਗੁਰੂ ਗਿਰਾਰਥ ਕੋਸ਼', ਭਾਗ ਦੂਜਾ, ਪੰਨਾ 688)*

ਅੰਤ 'ਤੇ ਲਿਖਿਆ ਹੈ :

> ਈਸ਼ੁਰ ਪ੍ਰੇਰਣਾ ਕਰ ਰਚੀ ਬਾਣੀ ਕੋ ਈਸ਼ੁਰ ਕੀ ਰਚਨਾ ਸਿੱਧ ਕਰਨੇ ਕੇ ਲੀਏ ਬ੍ਰਹਮਾ ਕੋ ਦ੍ਵਾਰ ਮਾਨਨੇ ਵਤ। ਗੁਰੋਂ ਕੋ ਦ੍ਵਾਰ ਮਾਨ ਕੇ ਗ੍ਰੰਥ ਜੀ ਕੋ ਭਾਖ ਵਪੁ ਵੇਦ ਸਿੱਧ ਕਰੇ ਹੈਂ। *('ਗੁਰੂ ਗਿਰਾਰਥ ਕੋਸ਼', ਭਾਗ ਦੂਜਾ, ਪੰਨਾ 700)*

ਭਾਸ਼ਾ-ਵਿਗਿਆਨਕ ਤੇ ਸਿਧਾਂਤਕ ਪੱਖ ਤੋਂ ਅੱਜ ਅਸੀਂ ਕਈ ਥਾਂ ਪੰਡਿਤ ਜੀ ਨਾਲ ਸੰਮਤੀ ਨਹੀਂ ਵੀ ਰੱਖ ਸਕਦੇ, ਪਰ ਇਹ ਸਾਨੂੰ ਮੰਨਣਾ ਪੈਂਦਾ ਹੈ ਕਿ ਉਨ੍ਹਾਂ ਜਿਸ ਸਮੇਂ ਤੇ ਜਿਸ ਸਮੱਗਰੀ ਨਾਲ ਇਹ ਵਿਗਿਆਨਕ ਭਾਂਤ ਦਾ ਕੰਮ ਕੀਤਾ, ਉਹ ਸੱਚਮੁੱਚ ਇਕ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ ਦਾ ਉਦਘਾਟਨ ਸੀ ਤੇ ਮੋਢੀ ਕੋਸ਼ਕਾਰ ਹੋਣ ਦੇ ਨਾਤੇ ਸਾਨੂੰ ਉਨ੍ਹਾਂ ਦੀ ਪ੍ਰਸੰਸਾ ਕਰਨੀ ਬਣਦੀ ਹੈ।

ਖ਼ਾਲਸਾ ਟ੍ਰੈਕਟ ਸੁਸਾਇਟੀ ਵਾਲਾ ਕੋਸ਼

ਇਸ ਕੋਸ਼ ਦਾ ਪਹਿਲਾ ਖਰੜਾ ਗਿਆਨੀ ਹਜ਼ਾਰਾ ਸਿੰਘ ਨੇ ਬਣਾਇਆ ਤੇ ਇਸ ਵਿਚ ਸ਼ਬਦਾਂ ਦੀ ਵਿਉਂਤਪਤੀ ਲਿਖਣ ਲਈ ਡਾ. ਚਰਨ ਸਿੰਘ ਜੀ ਨੇ ਯੋਗਦਾਨ ਦਿੱਤਾ। ਇਹ ਕੋਸ਼ 1899 ਈ: ਵਿਚ ਛਪਿਆ। ਕੁਲ ਪੰਨੇ 480 ਸਨ। ਕੋਸ਼ ਦੀ ਭੂਮਿਕਾ ਵਿਚ ਇਹ ਵੀ ਲਿਖਿਆ ਮਿਲਦਾ ਹੈ ਕਿ ਗਿਆਨੀ ਹਜ਼ਾਰਾ ਸਿੰਘ ਨੂੰ ਪੰਡਿਤ ਤਾਰਾ ਸਿੰਘ ਵਾਲਾ *ਗੁਰੂ ਗਿਰਾਰਥ ਕੋਸ਼* ਨਹੀਂ ਮਿਲ ਸਕਿਆ। ਦੂਜੀ ਗੱਲ ਅਸੀਂ ਇਹ ਵੀ ਜਾਣਦੇ ਹਾਂ ਕਿ ਇਸੇ ਹੀ ਸਮੇਂ ਵਜ਼ੀਰ ਹਿੰਦ ਪ੍ਰੈੱਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਫ਼ਰੀਦਕੋਟੀ ਟੀਕੇ ਦੀਆਂ ਤਿੰਨ ਜਿਲਦਾਂ ਛਪ ਚੁੱਕੀਆਂ ਸਨ ਤੇ ਉਹ ਗਿਆਨੀ ਜੀ ਦੇ ਧਿਆਨ ਵਿਚ ਸਨ। ਸੋ, ਉਨ੍ਹਾਂ ਇਸ ਸਮੱਗਰੀ ਦੀ ਮਦਦ ਨਾਲ ਛੋਟਾ ਜਿਹਾ ਕੋਸ਼ ਤਿਆਰ ਕੀਤਾ, ਜੋ ਮੇਰੇ ਸਾਹਮਣੇ ਨਹੀਂ। ਇਸੇ ਕੋਸ਼ ਨੂੰ ਭਾਈ ਵੀਰ ਸਿੰਘ ਜੀ ਨੇ ਮੁੜ ਨਵੇਂ ਸਿਰਿਓਂ ਸੋਧ ਵਧਾ ਕੇ 1927 ਵਿਚ ਪ੍ਰਕਾਸ਼ਤ ਕੀਤਾ, ਜਿਸ ਦੇ ਪੰਨੇ 1420 ਸਨ। ਭਾਈ ਸਾਹਿਬ ਪੁਰਾਤਨ ਭਾਸ਼ਾ ਤੇ ਗੁਰਮਤਿ ਦੇ ਗਿਆਤਾ ਸਨ। ਉਨ੍ਹਾਂ ਇਸ ਨੂੰ ਨਵੀਨ ਲੀਹਾਂ 'ਤੇ ਵਿਗਿਆਨਕ ਕੋਸ਼ ਬਣਾਉਣ ਦਾ ਉਪਰਾਲਾ ਕੀਤਾ।

ਗਿਆਨੀ ਹਜ਼ਾਰਾ ਸਿੰਘ ਤੇ ਡਾ. ਚਰਨ ਸਿੰਘ ਜੀ ਦੀ ਪੁਰਾਤਨ ਸੰਪ੍ਰਦਾਈ ਜਾਣਕਾਰੀ ਤੇ ਭਾਈ ਵੀਰ ਸਿੰਘ ਦੀ ਅਪਣਾਈ ਨਵੀਨ ਕਾਰਜ ਵਿਧੀ ਇਸ ਨੂੰ

ਬਿਲਕੁਲ ਆਧੁਨਿਕ ਕਿਸਮ ਦੇ ਕੋਸ਼ ਦਾ ਰੂਪ ਦਿੰਦੀ ਹੈ। ਪੰਡਿਤ ਤਾਰਾ ਸਿੰਘ ਦੇ ਕੋਸ਼ ਦੀ ਭਾਸ਼ਾ ਸਧੁਕੜੀ ਕਿਸਮ ਦੀ ਸੀ, ਲੇਕਿਨ ਇਸ ਕੋਸ਼ ਵਿਚ ਨਿਰੋਲ ਪੰਜਾਬੀ ਦੀ ਵਰਤੋਂ ਹੋਈ ਹੈ। ਇਸ ਪੱਖੋਂ ਇਹ ਇਕ ਉੱਤਮ ਕਿਰਤ ਹੈ। ਹਰ ਸ਼ਬਦ ਦਾ ਵਿਆਕਰਣ, ਵਿਉਂਤਪਤੀ, ਅਰਥ, ਤੁਕ ਤੇ ਤੁਕ ਦਾ ਅਰਥ ਕਰਨ ਦਾ ਜਤਨ ਕੀਤਾ ਹੈ। ਕਿਤੇ ਕਿਤੇ ਜਿਥੇ ਸਪੱਸ਼ਟਤਾ ਨਹੀਂ ਹੋਈ, ਉਥੇ ਸੰਪ੍ਰਦਾਈ ਥੰਮ੍ਹੀਆਂ ਦਾ ਆਸਰਾ ਜ਼ਰੂਰ ਲਿਆ ਹੈ, ਜਿਸ ਨੂੰ ਅੱਜ ਹੂ-ਬ-ਹੂ ਪ੍ਰਵਾਨ ਕਰਨਾ ਔਖਾ ਹੈ।

ਭਾਈ ਵੀਰ ਸਿੰਘ ਜੀ ਦੀ ਕਲਮੀ ਸੇਵਾ ਕਮਾਲ ਦੀ ਹੈ। ਉਨ੍ਹਾਂ ਇਕ ਸੰਸਥਾ ਵਾਂਗ ਗੁਰਮਤਿ ਲਈ ਨਿਰੰਤਰ ਕਲਮ ਚਲਾਈ, ਪਰੰਤੂ ਇਸ ਕੋਸ਼ ਵਿਚ ਕਈ ਥਾਂ ਅਜਿਹੀਆਂ ਉਕਾਈਆਂ ਰਹਿ ਗਈਆਂ, ਜਿਨ੍ਹਾਂ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਮਿਸਾਲ ਲਈ :

(ੳ) ਆਸਤਿ ਨਾਸਤਿ ਏਕੋ ਨਾਉ—(ਅ) ਸਰਬ ਓਰ ਤੇ ਸਤਿ ਹੈ ਅਤੇ ਨਾਮ ਰੂਪ (ਨਾਸਤ) ਨਾਸੀ ਹੈ। *(ਪੰਨਾ 9)*

ਇਥੇ ਅਸਲ ਅਰਥ ਇਹ ਹੈ ਕਿ ਹੋਂਦ ਅਣਹੋਂਦ ਰੂਪ ਸਭ ਇੱਕੋ ਨਾਮ ਹੀ ਹੈ।

(ਅ) ਓਹ ਅਉਹਾਣੀ ਕਦੇ ਨਹਿ।—'ਅਉ' ਉਪਸਰਗ ਹੈ 'ਹਾਣੀ' ਬਰਾਬਰ ਦਾ।

ਗੁਰਬਾਣੀ ਵਿਚ 'ਹਾਣੀ' ਸ਼ਬਦ ਕਿਤੇ ਵੀ ਇਸ ਤਰ੍ਹਾਂ ਨਹੀਂ ਵਰਤਿਆ ਗਿਆ। ਸੋ ਇਸ ਦਾ ਇਹ ਅਰਥ ਕਰਨਾ, 'ਉਸ ਦਾ ਵਿਸ਼ੇਸ਼ ਕਰਕੇ ਪੱਕਾ ਸ਼ਰੀਕ ਕੋਈ ਕਦੀ ਨਹੀਂ' (ਪੰਨਾ 3) ਇਹ ਠੀਕ ਨਹੀਂ ਜਾਪਦਾ।

ਸਹੀ ਅਰਥ ਇਹ ਹੈ ਕਿ ਉਸ ਦਾ ਬਿਨਾਸ਼ ਕਦੇ ਨਹੀਂ ਹੁੰਦਾ।

(ੲ) ਤੇਰੀ ਸਭ ਅਸਨਾਈ—ਹੇ ਪ੍ਰਭੂ, ਆਪ ਦੀ ਸਭ ਨਾਲ ਪ੍ਰੀਤਿ ਹੈ। *(ਪੰਨਾ 10)*

ਇਹ ਅਰਥ ਠੀਕ ਨਹੀਂ, ਅਸਲ ਅਰਥ ਇਹ ਹੈ ਕਿ ਤੇਰੀ ਹੀ ਸਾਰੀ ਮਹਿਮਾ ਹੈ ਜਾਂ ਤੇਰੀ ਹੀ ਪ੍ਰੀਤਿ ਸਾਰੇ ਵਿਆਪਕ ਹੋ ਰਹੀ ਹੈ।

(ਸ) ਅਸੂਲੂ ਇਕੁ ਧਾਤੁ—ਮੂਲ ਇੱਕੋ ਧਾਤੁ ਅਰਥਾਤ ਮਾਇਆ ਹੈ। *(ਪੰਨਾ 12)*

ਸਿਧਾਂਤ ਅਨੁਸਾਰ ਸਹੀ ਅਰਥ ਇਹ ਹੈ ਕਿ ਅਸਲ ਮੂਲ ਤੱਤ (ਬ੍ਰਹਮ) ਇਕ ਹੀ ਹੈ।

(ਹ) ਕਿਤੇ ਕਿਤੇ ਸਹੀ ਅਰਥ ਦੇ ਕੇ ਨਾਲ ਗ਼ਲਤ ਅਰਥ ਵੀ ਦਰਜ ਕਰ ਦਿੱਤਾ ਹੈ। ਜਿਵੇਂ 'ਬੰਦੇ ਬੰਦਗੀ ਇਕਤੀਅਰ'। ਹੇ ਬੰਦੇ, ਬੰਦਗੀ ਇਖ਼ਤਯਾਰ ਕਰ। ਨਾਲ ਹੀ ਦੂਜਾ ਅਰਥ ਦੇ ਦਿੱਤਾ ਹੈ। 'ਹੇ ਬੰਦੇ, ਇਕ ਬੰਦਗੀ ਦੀ ਤਿਆਗੀ ਕਰ।' *(ਪੰਨਾ 92)*

ਇਹ ਤਿਆਗੀ ਵਾਲੀ ਗੱਲ ਮੂਲ ਅਨੁਸਾਰ ਨਹੀਂ ਬਣਦੀ।

(ਕ) ਉਤਮ ਸਲੋਕ ਸਾਧ ਕੇ ਬਚਨ—ਸਲੋਕ ਮੁਕਤੀ ਤੋਂ ਵੀ ਸਾਧ ਦੇ ਬਚਨ ਉੱਤਮ ਹਨ। (ਪੰਨਾ 24) ਇਥੇ ਸਲੋਕ ਮੁਕਤੀ ਦੀ ਗੱਲ ਨਹੀਂ। ਨਾ ਹੀ ਕਿਤੇ ਹੋਰ ਬਾਣੀ ਵਿਚ ਐਸਾ ਹਵਾਲਾ ਮਿਲਦਾ ਹੈ।

ਅਸਲ ਅਰਥ ਇਹ ਹੈ ਕਿ ਸਾਡੇ ਲਈ ਸਾਧੂ ਦੇ ਬਚਨ ਹੀ ਉੱਤਮ ਸਲੋਕ ਹਨ। ਇਥੇ ਸਲੋਕ ਦਾ ਭਾਵ ਪ੍ਰਮਾਣਿਕ ਕਥਨ ਹੈ।

(ਖ) ਕਾਗ ਬਤਨ—ਕਾਵਾਂ ਦਾ ਦੇਸ਼ ਭਾਵ ਅਰੂੜੀ। ਯਥਾ—'ਕਾਗ ਬਤਨ ਬਿਸਟਾ ਮਹਿ ਵਾਸ।' ਕਾਵਾਂ ਦਾ ਦੇਸ਼ ਜੋ ਵਿਸ਼ਟਾ ਹੈ, ਉਸ ਵਿਚ ਨਿਵਾਸ ਰੱਖਦੇ ਹਨ। *(ਪੰਨਾ 304)*

ਅਸਲ ਅਰਥ ਇਹ ਹੈ ਕਿ ਕਾਂ ਦੇ ਮੂੰਹ ਵਿਚ ਗੰਦ ਹੀ ਹੁੰਦਾ ਹੈ ਅਰਥਾਤ ਮਾੜਾ ਆਦਮੀ ਮਾੜੇ ਕੰਮ ਵਿਚ ਹੀ ਲੱਗਾ ਰਹਿੰਦਾ ਹੈ।

ਇਥੇ ਬਤਨ ਦਾ ਅਰਥ ਵਤਨ ਜਾਂ ਦੇਸ਼ ਨਹੀਂ, ਬਲਕਿ ਮੂੰਹ ਹੈ।

(ਗ) ਚੰਦ੍ਰਾਵਲ—'ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ' ਜੋਰ ਅਰ ਛਲ ਨੇ (ਡੇਰਾ ਆ ਲਾਇਆ) ਚੰਦ੍ਰਬੰਸੀ ਕੁਲ ਵਿਚ ਕ੍ਰਿਸ਼ਨ ਤੇ ਯਾਦਵ ਹੋਏ। *(ਪੰਨਾ 479)*

ਅਸਲ ਅਰਥ ਇਹ ਹੈ ਕਿ ਦੁਆਪਰ ਵਿਚ ਕ੍ਰਿਸ਼ਨ ਹੋਏ, ਜਿਨ੍ਹਾਂ ਸੀਨਾਜ਼ੋਰੀ ਨਾਲ ਚੰਦ੍ਰਾਵਲਿ ਸਖੀ ਨੂੰ ਛਲ ਲਿਆਂਦਾ।

ਚੰਦ੍ਰਾਵਲਿ ਦਾ ਅਰਥ ਕਿਸੇ ਕੋਸ਼ ਵਿਚ ਵੀ ਚੰਦ੍ਰਬੰਸੀ ਨਹੀਂ ਹੈ।

(ਘ) ਪੈਗੀ ਵਾਜਾ—ਪੈਰਾਂ (ਨਾਲ ਬੱਝ ਕੇ ਵਜਣ ਵਾਲਾ) ਵਾਜਾ, ਘੁੰਗਰੂ ਯਥਾ—'ਪੈਗੀ ਵਾਜਾ ਸਦਾ ਨਿਹਾਲ'। ਪੈਰਾਂ ਦਾ ਸਦਾ ਧਿਆਨ ਕਰਨਾ ਇਹੀ ਘੁੰਗਰੂ ਬੰਨ੍ਹਦੇ ਹਨ। (ਪੰਨਾ 813) ਇਹ ਅਰਥ ਠੀਕ ਨਹੀਂ।

(ਙ) ਪਰਚੂਨ—'ਪੂਰਬ ਜਨਮ ਪਰਚੂਨ ਕਮਾਏ'—ਪਿਛਲੇ ਜਨਮ ਥੋੜੇ ਥੋੜੇ (ਸ਼ੁਭ ਕਰਮ) ਕਮਾਏ। *(ਪੰਨਾ 799)*

ਇਥੇ ਪਰਚੂਨ ਦਾ ਅਰਥ ਜੋ ਅੱਜ-ਕੱਲ੍ਹ ਚੱਲਦਾ ਹੈ, ਉਹ ਲਾਉਣਾ ਠੀਕ ਨਹੀਂ। ਕਿਉਨੁ—'ਦੁਨਿਆਈ ਅਖੇ ਕਿ ਕਿਉਨੁ'। (ਡੋਮ ਭਾਸ਼ਾ) ਇਸ ਰੂਪ ਦੀ 'ਕੇ ਕੀਤੋਨੇ' ਪੋਠੋਹਾਰੀ ਵਿਚ ਅੱਜ ਵੀ ਵਰਤੋਂ ਹੈ, ਇਸ ਨੂੰ ਡੂਮ ਭਾਸ਼ਾ ਕਹਿਣਾ ਨਿਆਇ ਸੰਗਤ ਨਹੀਂ। ਇਸੇ ਤਰ੍ਹਾਂ 'ਪੈਸਕਾਰਿਆ' ਸ਼ਬਦ ਨੂੰ ਡੋਮ ਭਾਸ਼ਾ ਲਿਖਿਆ ਹੈ। (ਪੰਨਾ 734) ਇਹ ਫ਼ਾਰਸੀ ਲਫ਼ਜ਼ ਪੇਸ਼ਕਾਰ ਦਾ ਰੂਪ ਹੈ, ਇਹ ਵੀ ਡੋਮ ਭਾਸ਼ਾ ਨਹੀਂ। ਸੋ ਭਾਸ਼ਾ ਦੇ ਪੱਖ ਤੋਂ ਇਹ ਸ਼ਬਦ ਕਿਸੇ ਅਛੂਤ ਜਾਤੀ ਦੇ ਨਹੀਂ। ਇਸੇ ਤਰ੍ਹਾਂ ਵਿਦਵਾਨ ਕੋਸ਼ਕਾਰਾਂ ਨੇ ਕੋਸ਼ ਦਾ ਕ੍ਰਮ ਭਾਵੇਂ ਅੱਖਰ ਵਾਰ ਹੀ ਰੱਖਿਆ ਹੈ, ਪਰ ਆਰੰਭ 'ਅ' ਨਾਲ ਕੀਤਾ ਹੈ। ਹਾਲਾਂਕਿ 'ਆ' ਦੀ ਵਿਆਖਿਆ ਕਰਦਾ ਕੋਸ਼ਕਾਰ ਖ਼ੁਦ ਲਿਖਦਾ ਹੈ—'ਗੁਰਮੁਖੀ ਵਰਣਮਾਲਾ ਦਾ ਦੂਜਾ ਅੱਖਰ ਹੈ'। ਜੇ ਇਹ ਦੂਜਾ ਹੈ ਤਾਂ ਇਸ ਨੂੰ ਦੂਜੀ ਥਾਂ 'ਤੇ ਰੱਖਣਾ ਯੋਗ ਸੀ।

ਖ਼ੈਰ, ਇਹੋ ਜਿਹੀਆਂ ਊਣਤਾਈਆਂ ਕਈ ਥਾਂ ਮਿਲ ਜਾਂਦੀਆਂ ਹਨ, ਪਰ ਸਾਡਾ ਮਤਲਬ ਕੋਸ਼ ਦੀਆਂ ਗ਼ਲਤੀਆਂ ਕੱਢਣ ਨਾਲ ਨਹੀਂ, ਅਸੀਂ ਤਾਂ ਇਹ ਕਹਿਣਾ ਚਾਹੁੰਦੇ ਹਾਂ ਕਿ ਬਾਵਜੂਦ ਲੰਮੀ ਸੋਧ ਸੁਧਾਈ ਦੇ ਅਜੇ ਵੀ ਹੋਰ ਮਿਹਨਤ ਦਰਕਾਰ ਹੈ ਤਾਂ ਕਿ ਅਸੀਂ ਗੁਰਬਾਣੀ ਦੇ ਸ਼ਬਦਾਰਥ ਨੂੰ ਸ਼ੁੱਧ ਰੂਪ ਵਿਚ ਜਾਣ ਸਕੀਏ। ਇਸ ਤੋਂ ਅਸੀਂ ਇਨਕਾਰੀ ਨਹੀਂ ਕਿ ਇਸ ਕੋਸ਼ ਦੀ ਵਧੀਆ ਸੂਰਤ ਬਣਾਉਣ ਵਿਚ ਭਾਈ ਵੀਰ ਸਿੰਘ ਜੀ ਦੀ ਵਿਦਵਤਾ ਤੇ ਤਜਰਬੇ ਦਾ ਬਹੁਤ ਹੱਥ ਹੈ ਅਤੇ ਇਸ ਨਾਲ ਗੁਰਬਾਣੀ

ਦੇ ਖੋਜੀਆਂ ਨੂੰ ਬੇਅੰਤ ਲਾਭ ਪੁੱਜਾ ਹੈ, ਪਰ ਫਿਰ ਵੀ ਸਮੇਂ ਦੀ ਮੰਗ ਹੈ ਕਿ ਇਸ ਤੋਂ ਅਗਾਂਹ ਚਲਿਆ ਜਾਵੇ। ਭਾਈ ਵੀਰ ਸਿੰਘ ਜੀ ਦੇ ਛੋਟੇ ਭਰਾਤਾ ਡਾ. ਬਲਬੀਰ ਸਿੰਘ ਇਸ ਘਾਟ ਨੂੰ ਅਨੁਭਵ ਕਰਦੇ ਸਨ ਅਤੇ ਇਸੇ ਲਈ ਉਨ੍ਹਾਂ *ਨਿਰੁਕਤ* ਨਾਂ ਹੇਠ ਨਵੇਂ ਕੋਸ਼ ਦੀ ਸਿਰਜਣਾ ਸ਼ੁਰੂ ਕੀਤੀ। ਇਸ ਦੀ ਭੂਮਿਕਾ ਵਿਚ ਉਹ ਲਿਖਦੇ ਹਨ :

> ਤੁਕਾਂ ਦੇ ਅਰਥਾਂ ਵਿਚ ਭਾਈ ਵੀਰ ਸਿੰਘ ਜੀ ਦੇ ਕੀਤੇ ਹੋਏ ਅਰਥ ਲੋੜ ਅਨੁਸਾਰ ਅਨੇਕ ਥਾਵਾਂ 'ਤੇ ਅਪਣਾਏ ਹਨ, ਪਰ ਬਥੇਰੀਆਂ ਐਸੀਆਂ ਥਾਵਾਂ ਹਨ, ਜਿਥੇ ਉਹ ਅਰਥ ਨਹੀਂ ਲੀਤੇ। ਇਸ ਦੀ ਵਜ੍ਹਾ ਹੈ।
>
> *('ਨਿਰੁਕਤ', ਭੂਮਿਕਾ, ਪੰਨਾ 3)*

ਨਿਰੁਕਤ ਦਾ ਕੰਮ ਭਾਵੇਂ ਥੋੜਾ ਹੋਇਆ, ਪਰ ਡਾਕਟਰ ਸਾਹਿਬ ਨੇ ਕਈ ਪੱਖਾਂ ਤੋਂ ਗੰਭੀਰ ਚਿੰਤਨ ਤੇ ਵਿਚਾਰਾਂ ਦੀ ਸਪੱਸ਼ਟਤਾ ਦੁਆਰਾ ਇਸ ਕਾਰਜ ਨੂੰ ਅੱਗੇ ਵਧਾਇਆ ਹੈ, ਜਿਵੇਂ ਕਿ 'ਸ਼ਬਦ ਸੁਰਤਿ' ਦਾ ਭਾਵ ਸਮਝਾਉਂਦਿਆਂ 20-22 ਪੰਨਿਆਂ ਵਿਚ ਚੰਗੀ ਵਿਸਥਾਰਪੂਰਵਕ ਚਰਚਾ ਕੀਤੀ ਗਈ ਹੈ।

ਇਸੇ ਤਰ੍ਹਾਂ ਕਈ ਹੋਰ ਸੰਕੇਤਾਂ ਬਾਰੇ ਲਿਖੇ ਨੋਟ ਚੰਗੇ ਵਿਦਵਤਾ ਭਰਪੂਰ ਹਨ ਤੇ ਉਨ੍ਹਾਂ ਉੱਤੇ ਡਾਕਟਰ ਸਾਹਿਬ ਦੀ ਚਿੰਤਕ ਛਾਪ ਹੈ।

ਨਿਰੁਕਤ ਭਾਵੇਂ ਕੋਈ ਮੁਕੰਮਲ ਕੋਸ਼ ਨਹੀਂ, ਕੇਵਲ 'ਅ' ਮੁਕਤੇ ਤਕ ਦੇ ਹੀ ਸ਼ਬਦ ਇਸ ਵਿਚ ਆਏ ਹਨ, ਪਰ ਇਸ ਜਤਨ ਦਾ ਵਿਸ਼ਲੇਸ਼ਣ ਵੀ ਸਾਡੇ ਦਾਇਰੇ ਵਿਚ ਆਉਂਦਾ ਹੈ।

ਇਕ ਗੱਲ ਬਿਨਾਂ ਝਿਜਕ ਕਹੇ ਜਾਣ ਵਾਲੀ ਹੈ ਕਿ *ਨਿਰੁਕਤ* ਕੋਸ਼ ਪੁਨਰੁਕਤੀ ਕੋਸ਼ ਦੀ ਮਾਰ ਹੇਠ ਆ ਗਿਆ ਹੈ ਤੇ ਇਸ ਕਰਕੇ ਇਸ ਦੇ 'ਅ' ਮੁਕਤੇ ਤਕ ਦੇ ਸ਼ਬਦਾਂ ਦੇ ਪੰਨੇ ਹੀ ਇਕ ਹਜ਼ਾਰ ਤਕ ਵੱਧ ਗਏ ਹਨ। ਮਿਸਾਲ ਲਈ ਕੋਸ਼ ਦੀ ਭੂਮਿਕਾ (ਪੰਨਾ 33) ਅਨੁਸਾਰ *ਗੁਰੂ ਗਿਰਾਰਥ ਕੋਸ਼* ਵਿਚ 'ੳ' ਦੇ 336 ਸ਼ਬਦ ਹਨ। ਖ਼ਾਲਸਾ ਟ੍ਰੈਕਟ ਸੁਸਾਇਟੀ ਦੇ ਕੋਸ਼ ਵਿਚ 364 ਸ਼ਬਦ ਤੇ ਭਾਈ ਕਾਨ੍ਹ ਸਿੰਘ ਨਾਭਾ ਦੇ *ਮਹਾਨ ਕੋਸ਼* ਵਿਚ 378 ਸ਼ਬਦ ਆਏ ਹਨ। ਜਦੋਂ ਕਿ *ਨਿਰੁਕਤ* ਵਿਚ ਇਨ੍ਹਾਂ ਦੀ ਗਿਣਤੀ ਤਿਗੁਣੀ ਹੈ ਅਰਥਾਤ 1017, ਇਤਨਾ ਫ਼ਰਕ ਹੋ ਨਹੀਂ ਸਕਦਾ। ਆਖ਼ਰ ਉਪਰੋਕਤ ਨਿਪੁੰਨ ਕੋਸ਼ਕਾਰਾਂ ਵਾਹ ਲਗਦੀ ਹਰ ਸ਼ਬਦ ਦਰਜ ਕੀਤਾ ਹੈ, ਪਰ *ਨਿਰੁਕਤ* ਦੀ ਰਚਨਾ ਰਚਣ ਵੇਲੇ ਵੱਡੀ ਉਕਾਈ ਇਹ ਹੋਈ ਹੈ ਕਿ ਇੱਕੋ ਸ਼ਬਦ ਨੂੰ ਉਸੇ ਅਰਥਾਂ ਵਿਚ ਕਈ ਕਈ ਵਾਰ ਦਰਜ ਕੀਤਾ ਗਿਆ ਹੈ। ਇਹ ਤਾਂ ਨਹੀਂ ਦੱਸਿਆ ਜਾ ਸਕਦਾ ਕਿ ਇਸ ਦੇ ਪਿੱਛੇ ਕੀ ਰਹੱਸ ਸੀ, ਪਰ ਤਕਨੀਕੀ ਪੱਖ ਤੋਂ ਇਹ ਗੱਲ ਤਰਕ ਸੰਗਤ ਨਹੀਂ ਜਾਪਦੀ। ਮਿਸਾਲ ਲਈ 'ਅੰਮ੍ਰਿਤ' ਸ਼ਬਦ 66 ਵਾਰ, 'ਅੰਤਰਜਾਮੀ' 27 ਵਾਰ, 'ਉਦਕ' ਤੇ 'ਅੱਖਰ' 15-15 ਵਾਰ, 'ਉਨਮਨਿ' 14 ਵਾਰ, 'ਉਦਿਮਾਨ', 'ਉਕਤਿ' 13-13 ਵਾਰ, 'ਉਦਾਸੀ' 7 ਵਾਰ, 'ਉਗ੍ਰਸੈਨ' ਤੇ 'ਅੰਬ੍ਰੀਕ' 3-3 ਵਾਰ ਆਏ ਹਨ। ਇਸ ਦੋਹਰ ਨੇ ਇਤਨਾ ਪਸਾਰਾ ਕੀਤਾ ਹੈ ਕਿ ਕੋਸ਼ ਦੀ ਤਕਨੀਕੀ ਤੰਦ ਟੁੱਟ ਗਈ ਤੇ ਅਕਾਰ ਬੇਮੁਹਾਰ ਸੂਤਰ ਹੋ ਗਿਆ।

ਕਈ ਸ਼ਬਦਾਂ ਦੇ ਅਰਥ ਦੱਸਣ ਲੱਗਿਆਂ ਉਹੋ ਸ਼ਬਦ ਦੂਹਰਾ ਦਿੱਤਾ ਗਿਆ

ਹੈ। ਕਈ ਸ਼ਬਦਾਂ ਦੀ ਅਰਥ-ਵਿਆਖਿਆ ਬਾਣੀ ਦੀ ਸੀਮਾ ਨੂੰ ਉਲੰਘ ਕੇ ਕੀਤੀ ਗਈ ਹੈ। ਜਿਵੇਂ ਕਿ ਉਦਾਸੀ ਪਦ (ਪੰਨਾ 56) ਉੱਤੇ ਨੋਟ ਦਿੰਦਿਆਂ ਬਾਬਾ ਸ੍ਰੀ ਚੰਦ ਜੀ ਦੀ ਸੰਪ੍ਰਦਾਇ ਦੇ ਚਾਰ ਧੂੜੇ, ਛੇ ਬਖ਼ਸ਼ਸ਼ਾਂ ਤੇ ਹੋਰ ਅਖਾੜਿਆਂ ਦਾ ਲੰਮਾ ਵੇਰਵਾ ਦਿੱਤਾ ਹੈ, ਜੋ ਕਿ ਇਥੇ ਲੋੜੀਂਦਾ ਨਹੀਂ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤੁਕ ਹੈ—"ਉਦਾਸੀ ਉਦਾਸਿ ਰਾਤਾ"[1] ਇਹ ਬਾਬਾ ਸ੍ਰੀ ਚੰਦ ਵਾਲੀ ਸੰਪ੍ਰਦਾਇ ਵੱਲ ਇਸ਼ਾਰਾ ਨਹੀਂ, ਇਸ ਕਰਕੇ ਇਸ ਵਿਆਖਿਆ ਵਿਚ ਪੈਣਾ ਕੋਸ਼ਕਾਰ ਦੇ ਖੇਤਰ ਤੋਂ ਬਾਹਰ ਦੀ ਗੱਲ ਸੀ। (ਪੰਨਾ 269) ਇਸੇ ਤਰ੍ਹਾਂ 'ਅੰਮ੍ਰਿਤਸਰ' ਪਦ ਉੱਤੇ ਦੋ ਤਿੰਨ ਸਫ਼ੇ ਦਾ ਨੋਟ ਹੈ, ਜੋ ਅੰਮ੍ਰਿਤਸਰ ਸ਼ਹਿਰ ਦਾ ਚਰਚਾ ਕਰਦਾ ਹੈ, ਲੇਕਿਨ ਗੁਰਬਾਣੀ ਵਿਚ "ਅੰਮ੍ਰਿਤ ਸਰੁ ਸਿਫਤੀ ਦਾ ਘਰੁ"[2] ਤੀਜੇ ਗੁਰਾਂ ਦਾ ਬਚਨ ਹੈ, ਜਦੋਂ ਕਿ ਇਹ ਸ਼ਹਿਰ ਵਜੂਦ ਵਿਚ ਵੀ ਨਹੀਂ ਸੀ ਆਇਆ। ਸਾਡੇ ਲਈ ਉਨ੍ਹਾਂ ਇਤਿਹਾਸਕਾਰਾਂ ਨਾਲ ਸੰਮਤੀ ਰੱਖਣੀ ਅਸੰਭਵ ਜਾਪਦਾ ਹੈ, ਜੋ ਇਹ ਕਹਿੰਦੇ ਹਨ ਕਿ ਤੀਜੇ ਗੁਰਾਂ ਨੇ ਆਪਣੇ ਨਾਂ ਉੱਤੇ ਹੀ 'ਅਮਰਸਰ' ਨਾਮ ਰੱਖਿਆ ਸੀ, ਜੋ ਪਿੱਛੋਂ ਅੰਮ੍ਰਿਤਸਰ ਹੋ ਗਿਆ। ਐਸਾ ਕਿਸੇ ਗੁਰੂ ਨੇ ਵੀ ਨਹੀਂ ਕੀਤਾ ਕਿ ਆਪਣੇ ਨਾਂ ਉੱਤੇ ਉਨ੍ਹਾਂ ਖ਼ੁਦ ਕੋਈ ਤਾਲ ਜਾਂ ਨਗਰ ਵਸਾਇਆ ਹੋਵੇ। ਅੰਮ੍ਰਿਤਸਰ ਦਾ ਪੁਰਾਤਨ ਨਾਂ 'ਗੁਰੂ ਕਾ ਚੱਕ' ਸੀ, ਫਿਰ 'ਰਾਮਦਾਸਪੁਰਾ' ਗੁਰੂ ਅਰਜਨ ਦੇਵ ਜੀ ਨੇ ਰੱਖਿਆ ਤੇ ਪਿੱਛੋਂ ਸਰੋਵਰ ਦੇ ਨਾਂ 'ਤੇ ਅੰਮ੍ਰਿਤਸਰ ਨਾਮ ਦੀ ਵਧੇਰੇ ਪ੍ਰਸਿੱਧੀ ਹੋ ਗਈ। ਸੋ ਨਗਰ ਵਾਚਕ ਅਰਥ ਇਥੇ ਨਹੀਂ ਬਣਦੇ। ਕਿਤੇ ਕਿਤੇ ਕੁਝ ਸ਼ਬਦਾਂ ਦੇ ਅਰਥ ਸਹੀ ਹੋਣ ਬਾਰੇ ਵੀ ਮੈਨੂੰ ਸ਼ੰਕਾ ਹੈ। ਜਿਵੇਂ ਕਿ 'ਉਮਰਥਲ' (ਪੰਨਾ 106) ਦਾ ਅਰਥ ਨਾਜ਼ਕ ਹਿਰਦਾ ਜਾਂ ਪ੍ਰੇਮ ਵਿਚ ਉਮਕਿਆ ਹਿਰਦਾ ਕੀਤਾ ਹੈ। ਇਹ ਦਰੁਸਤ ਨਹੀਂ। ਅਸਲ ਵਿਚ 'ਉਮਰਥਲ' ਗੁੰਮ ਸੁੰਮ ਫੋੜੇ ਨੂੰ ਕਹਿੰਦੇ ਹਨ, ਜੋ ਅੰਦਰ ਹੁੰਦਾ ਹੈ। ਤੁਕ ਹੈ:

ਜਿਨਾ ਅੰਦਰਿ ਉਮਰਥਲ ਸੇਈ ਜਾਣਨਿ ਸੂਲੀਆ ॥

(ਗਉੜੀ ਕੀ ਵਾਰ ਮਹਲਾ 4, ਪੰਨਾ 311)

ਭਾਵ ਇਸ ਦਾ ਅਰਥ ਇਹ ਹੈ ਕਿ ਜਿਨ੍ਹਾਂ ਦੇ ਅੰਦਰ ਪ੍ਰੇਮ ਵਿਛੋੜੇ ਦਾ ਫੋੜਾ ਹੈ, ਉਹੋ ਉਸ ਦੀਆਂ ਪੀੜਾਂ ਜਾਣਦੇ ਹਨ।

ਕੋਸ਼ਕਾਰੀ ਦ੍ਰਿਸ਼ਟੀ ਤੋਂ ਇਹ ਗੱਲ ਵੀ ਉਚਿਤ ਨਹੀਂ ਜਾਪਦੀ ਕਿ ਕਿਸੇ ਇਕ ਸ਼ਬਦ ਵਿਚ ਦੂਜੇ ਦੀ ਵਿਸਤਾਰਪੂਰਵਕ ਵਿਆਖਿਆ ਕੀਤੀ ਜਾਵੇ। ਇਥੇ 'ਉਮਰਾਵ' ਸ਼ਬਦ ਹੇਠ 'ਸਿਕਦਾਰ' ਦੀ ਵਿਆਖਿਆ ਦਿੱਤੀ ਗਈ ਹੈ। 'ਉਗ੍ਰਸੈਨ' ਹੇਠ 'ਬਿਦਰ' ਤੇ 'ਸੁਦਾਮਾ' ਉੱਤੇ ਨੋਟ ਦਿੱਤਾ ਗਿਆ ਹੈ। 'ਅੰਬ੍ਰੀਕ' ਹੇਠ 'ਪ੍ਰਹਿਲਾਦ' ਦੀ ਕਥਾ ਦਿੱਤੀ ਗਈ ਹੈ, 'ਅੰਬਰ' ਸ਼ਬਦ ਹੇਠ 'ਦੁਹਸਾਸਨ' ਤੇ 'ਦ੍ਰੋਪਦੀ' ਦਾ ਪੂਰਾ ਵੇਰਵਾ ਦਰਜ ਹੈ। ਚਾਹੀਦਾ ਇਉਂ ਸੀ ਕਿ ਸੰਬੰਧਿਤ ਸੰਕੇਤਾਂ ਹੇਠ ਹੀ ਇਨ੍ਹਾਂ ਬਾਰੇ ਪੂਰੀ ਜਾਣਕਾਰੀ ਦਿੱਤੀ ਜਾਂਦੀ। ਜੇ ਉਥੇ ਫਿਰ ਇਹੋ ਗੱਲਾਂ ਦੁਹਰਾਵਾਂਗੇ ਤਾਂ ਫਿਰ ਪੁਨਰੁਕਤੀ ਕੋਸ਼ ਵਿਚ ਹੋਰ ਵਾਧਾ ਹੁੰਦਾ ਜਾਵੇਗਾ। ਕਈ ਥਾਂ ਸ਼ਬਦ ਦੇ ਅਰਥ ਜਾਂ ਨਿਰੁਕਤ

1. ਸਿਰੀਰਾਗੁ ਮ: ੫, ਪੰਨਾ 71.
2. ਸਲੋਕ ਵਾਰਾਂ ਤੇ ਵਧੀਕ ਮ: ੧, ਪੰਨਾ 1412.

ਦੇਣ ਦੀ ਥਾਂ ਉਸ ਦੀ ਵਿਆਖਿਆ ਵਿਚ ਲੰਮਾ ਲੇਖ ਲਿਖ ਧਰਿਆ ਹੈ, ਜੋ ਕੋਸ਼ਕਾਰੀ ਸੀਮਾ ਵਿਚ ਨਹੀਂ ਸਮਾਉਂਦਾ।

ਗੁਰਸ਼ਬਦ ਰਤਨਾਕਰ ਮਹਾਨ ਕੋਸ਼

ਸਮੁੱਚੇ *ਮਹਾਨ ਕੋਸ਼* ਨਾਂ ਹੇਠ ਸਿੱਖ ਸਾਹਿੱਤ ਦਾ ਸੁੰਦਰਤਾ ਤੇ ਵਿਦਵਤਾਪੂਰਣ ਕੋਸ਼ ਭਾਈ ਕਾਨ੍ਹ ਸਿੰਘ ਨਾਭਾ ਨੇ 1930 ਈ: ਵਿਚ ਪ੍ਰਕਾਸ਼ਤ ਕੀਤਾ, ਜੋ ਕਿ 4 ਜਿਲਦਾਂ ਵਿਚ ਸੀ ਤੇ ਪੰਨੇ 3338 ਸਨ। ਇਹ ਸਿੱਖ ਸਾਹਿੱਤ ਦਾ ਸਚਿੱਤਰ ਗਿਆਨ ਕੋਸ਼ ਹੈ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਠਿਨ ਪਦਾਂ ਦੇ ਅਰਥ ਵੀ ਆ ਗਏ ਹਨ। 1912 ਤੋਂ 1926 ਈ: ਤਕ ਚੌਦਾਂ ਸਾਲ ਲਾ ਕੇ ਭਾਈ ਸਾਹਿਬ ਨੇ ਇਸ ਨੂੰ ਲਿਖਿਆ ਤੇ ਪਟਿਆਲਾ ਦਰਬਾਰ ਨੇ 70 ਹਜ਼ਾਰ ਰੁਪਇਆ ਖ਼ਰਚ ਕਰ ਕੇ ਇਮੀਟੇਸ਼ਨ ਆਰਟ ਪੇਪਰ 'ਤੇ ਛਾਪਿਆ। ਅਜਿਹਾ ਆਲਮਾਨਾ ਸੁੰਦਰ ਕੰਮ ਪੰਜਾਬੀ ਵਿਚ ਹੋਰ ਅਜੇ ਤਕ ਨਹੀਂ ਹੋਇਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ-ਬੋਧ ਲਈ ਵੀ ਇਹ ਇਕ ਪ੍ਰਮਾਣਿਕ ਰਚਨਾ ਹੈ। ਵਿਦਵਾਨ ਕੋਸ਼ਕਾਰ ਨੇ ਹਰ ਸ਼ਬਦ ਦੀ ਮੂਲ ਵਿਉਂਤਪਤੀ ਦੱਸ ਕੇ ਅਰਥ ਸਪੱਸ਼ਟ ਕੀਤਾ ਹੈ ਤੇ ਨਾਲ ਸੰਬੰਧਿਤ ਤੁਕ ਦਾ ਹਵਾਲਾ ਦਿੱਤਾ ਹੈ। ਵਿਉਂਤਪਤੀ ਕਰਦਿਆਂ ਸੰਸਕ੍ਰਿਤ, ਅਰਬੀ, ਫ਼ਾਰਸੀ ਮੂਲ ਪਦ ਉਸੇ ਲਿਪੀ ਵਿਚ ਅੰਕਿਤ ਕੀਤਾ ਹੈ, ਜਦੋਂ ਕਿ ਹੋਰ ਕਿਸੇ ਪੰਜਾਬੀ ਕੋਸ਼ਕਾਰ ਨੇ ਐਸਾ ਨਹੀਂ ਕੀਤਾ। ਜੇ ਕੋਈ ਵੇਦ ਪੁਰਾਣ ਸ਼ਾਸਤਰ ਨਾਲ ਸੰਬੰਧ ਰੱਖਣ ਵਾਲਾ ਸੰਕੇਤ ਆ ਗਿਆ ਜਾਂ ਕੋਈ ਇਤਿਹਾਸਕ ਪਦ ਤਾਂ ਉਸ ਦੀ ਪੂਰੀ ਵਿਆਖਿਆ ਸੰਜਮ ਨਾਲ ਕੀਤੀ ਹੈ। ਥਾਂ ਥਾਂ ਗੁਰਦੁਆਰਿਆਂ, ਸ਼ਾਸਤਰਾਂ, ਪੰਛੀਆਂ ਤੇ ਪ੍ਰਸਿੱਧ ਵਿਅਕਤੀਆਂ ਦੇ ਚਿੱਤਰ ਵੀ ਦਿੱਤੇ ਹਨ।

ਭਾਈ ਸਾਹਿਬ ਦੇ ਸਮੇਂ ਤਕ ਜੋ ਸਿੱਖਾਂ ਬਾਰੇ ਖੋਜ ਪ੍ਰਾਪਤ ਸੀ, ਉਹ ਲਗਭਗ ਸਾਰੀ ਇਸ ਵਿਚ ਸਮੋ ਦਿੱਤੀ ਗਈ ਹੈ।

ਵਿਦਵਤਾ ਤੇ ਕੋਸ਼ਕਾਰੀ ਦੇ ਤਕਨੀਕੀ ਪੱਖ ਤੋਂ ਇਹ ਇਕ ਆਦਰਸ਼ਕ ਰਚਨਾ ਹੈ, ਜਿਸ ਤੱਕ ਕੋਈ ਹੋਰ ਪੰਜਾਬੀ ਕੋਸ਼ ਨਹੀਂ ਪਹੁੰਚਦਾ। ਨਾਲੇ ਹੀ ਇਹ *ਮਹਾਨ ਕੋਸ਼, ਅਰਥ ਕੋਸ਼* ਤੇ *ਗਿਆਨ ਕੋਸ਼* ਦਾ ਅਰਥ ਸਾਰਨ ਵਾਲਾ ਹੈ ਤੇ ਇਸ ਵਿਚ ਦੋਹਾਂ ਪੱਖਾਂ ਦੀ ਸੰਪੂਰਨ ਜਾਣਕਾਰੀ ਦਿੱਤੀ ਗਈ ਹੈ।

ਇਨ੍ਹਾਂ ਤਿੰਨਾਂ ਪ੍ਰਮੁੱਖ ਕੋਸ਼ਾਂ ਤੋਂ ਇਲਾਵਾ ਭਾਵੇਂ ਹੋਰ ਵੀ ਕਈ ਛੋਟੇ ਵੱਡੇ ਕੋਸ਼ ਰਚੇ ਗਏ, ਪਰ ਉਨ੍ਹਾਂ ਦੀ ਚਰਚਾ ਕਰਨ ਦੀ ਲੋੜ ਨਹੀਂ ਭਾਸਦੀ।

ਗਿਆਨ ਕੋਸ਼

ਹਾਂ, ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਤੇ ਸਿਧਾਂਤ ਦੀ ਜਾਣਕਾਰੀ ਦੇਣ ਵਾਲੇ ਕੁਝ ਗਿਆਨ ਕੋਸ਼ ਵੀ ਲਿਖੇ ਗਏ। ਉਨ੍ਹਾਂ ਦਾ ਵਰਣਨ ਜ਼ਰੂਰੀ ਹੈ, ਜਿਵੇਂ ਕਿ :

1. *ਗੁਰਮਤਿ ਮਾਰਤੰਡ* (ਭਾਈ ਕਾਨ੍ਹ ਸਿੰਘ ਨਾਭਾ)
2. *ਗੁਰਮਤਿ ਨਿਰਣਯ ਭੰਡਾਰ* (ਗਿਆਨੀ ਲਾਲ ਸਿੰਘ ਸੰਗਰੂਰ)
3. *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਨਾਵਾਂ ਤੇ ਥਾਵਾਂ ਦਾ ਕੋਸ਼* (ਮਾਸਟਰ ਮਹਿਤਾਬ ਸਿੰਘ)
4. *ਗੁਰਬਾਣੀ ਸੰਖਿਆ ਕੋਸ਼* (ਗਿਆਨੀ ਸੇਵਾ ਸਿੰਘ ਸੇਵਕ)
5. *ਗੁਰੂ ਗ੍ਰੰਥ ਵਿਚਾਰ ਕੋਸ਼* (ਪਿਆਰਾ ਸਿੰਘ ਪਦਮ)
6. *ਗੁਰੂ ਗ੍ਰੰਥ ਸੰਕੇਤ ਕੋਸ਼* (ਪਿਆਰਾ ਸਿੰਘ ਪਦਮ)
7. *ਗੁਰੂ ਗ੍ਰੰਥ ਮਹਿਮਾ ਕੋਸ਼* (ਦੋ ਸੌ ਲੇਖਕਾਂ ਦੀਆਂ ਪੰਜ ਜ਼ੁਬਾਨਾਂ ਵਿਚ ਚੋਣਵੀਆਂ ਗਾਵਾਂ)
8. *ਗੁਰੂ ਸ਼ਬਦ ਰਤਨ ਪ੍ਰਕਾਸ਼* (ਅਕਾਲੀ ਕੌਰ ਸਿੰਘ ਸੁਰਗਵਾਸੀ ਨੇ ਬੜੀ ਲੰਮੀ ਘਾਲ ਤੇ ਮਿਹਨਤ ਕਰ ਕੇ 1923 ਈ: ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਤੁਕ ਤਤਕਰਾ ਬਣਾਇਆ, ਜੋ ਕਿ ਹਰ ਇਕ ਦੇ ਕੰਮ ਆਉਣ ਵਾਲਾ ਹੈ)।

•

ਪ੍ਰੈੱਸ ਵਿਚ ਕਦ ਆਏ ਸਿੱਖ ਗ੍ਰੰਥ ?

ਇਹ ਸੰਜੋਗ ਦੀ ਗੱਲ ਹੈ ਕਿ ਜਦੋਂ 1799 ਈ: ਨੂੰ ਮਹਾਰਾਜਾ ਰਣਜੀਤ ਸਿੰਘ ਲਾਹੌਰ ਦੇ ਤਖ਼ਤ ਉੱਤੇ ਬਿਰਾਜਮਾਨ ਹੋ ਕੇ ਰਾਜਨੀਤਕ ਖੇਤਰ ਵਿਚ ਨਵੇਂ ਯੁੱਗ ਦੀ ਬੁਨਿਆਦ ਰੱਖ ਰਿਹਾ ਸੀ, ਉਸੇ ਸਾਲ ਕਲਕੱਤਾ ਤੋਂ 16 ਮੀਲ ਦੂਰ ਸੀਰਾਮਪੁਰ ਵਿਖੇ ਡਾ. ਵਿਲੀਅਮ ਕੈਰੀ (1761-1834 ਈ:) ਦੀ ਅਗਵਾਈ ਵਿਚ ਈਸਾਈ ਮਿਸ਼ਨਰੀ ਟਾਈਪ ਤਿਆਰ ਕਰਾ ਕੇ ਲਿਖਤੀ ਖੇਤਰ ਵਿਚ ਨਵਯੁੱਗ ਦੀ ਸ਼ੁਰੂਆਤ ਕਰ ਰਹੇ ਸਨ। ਇਨ੍ਹਾਂ ਦਾ ਮੁੱਖ ਮਨੋਰਥ ਇਹ ਸੀ ਕਿ ਈਸਾਈਅਤ ਦੇ ਪ੍ਰਚਾਰ ਲਈ ਇਸ ਦੇਸ਼ ਦੀਆਂ ਪ੍ਰਾਂਤਕ ਜ਼ਬਾਨਾਂ ਦੀਆਂ ਲਿਪੀਆਂ ਵਿਚ ਟਾਈਪ ਤਿਆਰ ਕਰਾ ਕੇ ਬਾਈਬਲ ਅਤੇ ਹੋਰ ਲੋੜੀਂਦਾ ਈਸਾਈ ਮਤ ਦਾ ਲਿਟਰੇਚਰ ਛਾਪ ਕੇ ਵੰਡਿਆ ਜਾਵੇ। ਗੁਰਮੁਖੀ ਟਾਈਪ ਵੀ ਪਹਿਲੇ ਪਹਿਲ ਇਥੋਂ ਹੀ ਤਿਆਰ ਹੋਇਆ। 647 ਪੰਨੇ ਦੀ ਇੰਜੀਲ 1811 ਈ: ਵਿਚ ਇਨ੍ਹਾਂ ਹੀ ਛਾਪੀ। ਫਿਰ 1812 ਈ: ਵਿਚ *ਪੰਜਾਬੀ ਗਰਾਮਰ* ਛਾਪੀ। 1835 ਈ: ਵਿਚ ਜੌਹਨ ਲੌਰੀ ਲੁਧਿਆਣੇ ਆਇਆ ਤੇ ਵਿਉਂਤ ਅਨੁਸਾਰ ਮਿਸਟਰ ਨਿਊਟਨ ਇਥੇ ਪ੍ਰੈੱਸ ਲਿਆਇਆ। ਇਨ੍ਹਾਂ ਈਸਾਈ ਮਤ ਦੇ ਪ੍ਰਚਾਰ ਲਈ ਨਿੱਕੇ ਨਿੱਕੇ ਟ੍ਰੈਕਟ 'ਚੋਪੱਤਰੀਆਂ' ਦੇ ਨਾਂ ਹੇਠ ਛਾਪੇ ਤੇ ਇੰਜੀਲਾਂ ਵੀ ਪ੍ਰਕਾਸ਼ਤ ਕੀਤੀਆਂ। 1846 ਈ: ਵਿਚ ਜੈਨਵੀਅਰ ਦੀ *ਈਡੀਓਮੈਟਿਕ ਸੈਨਟੈਨਸਜ਼ ਇਨ ਇੰਗਲਿਸ਼ ਐਂਡ ਪੰਜਾਬੀ* ਪ੍ਰਕਾਸ਼ਤ ਹੋਈ। 1851 ਈ: ਵਿਚ ਨਿਊਟਨ *ਪੰਜਾਬੀ ਗਰਾਮਰ* ਤੇ 1854 ਈ: ਵਿਚ *ਡਿਕਸ਼ਨਰੀ ਆਫ਼ ਪੰਜਾਬੀ ਲੈਂਗੁਇਜ* ਤਿਆਰ ਹੋ ਕੇ ਬਾਜ਼ਾਰ 'ਚ ਆਈ। ਇਹ ਸਭ ਕੁਝ ਈਸਾਈਅਤ ਦੇ ਪ੍ਰਚਾਰ ਮਾਤਰ ਲਈ ਹੀ ਨਹੀਂ ਸੀ, ਸਗੋਂ ਰਾਜਨੀਤਕ ਉਦੇਸ਼ਾਂ ਦੀ ਪੂਰਤੀ ਲਈ ਪੰਜਾਬ ਦੀ ਜ਼ਬਾਨ ਤੇ ਤਵਾਰੀਖ਼ ਨੂੰ ਜਾਨਣਾ ਅੰਗਰੇਜ਼ਾਂ ਲਈ ਇਸ ਤੋਂ ਵੀ ਵਧੇਰੇ ਲੋੜੀਂਦਾ ਸੀ। ਖ਼ੈਰ, ਇਸ ਦੇ ਚੰਗੇ ਪ੍ਰਭਾਵ ਵੀ ਸਾਡੇ ਸਾਹਮਣੇ ਆਏ। ਹੱਥਾਂ ਨਾਲ ਲਿਖੀਆਂ ਜਾਣ ਵਾਲੀਆਂ ਕਿਤਾਬਾਂ, ਮਸ਼ੀਨਾਂ ਰਾਹੀਂ ਛਪ ਕੇ ਸਸਤੀਆਂ ਹੋਈਆਂ ਤੇ ਹਰ ਥਾਂ ਪਹੁੰਚਣ ਲੱਗੀਆਂ। ਧਾਰਮਿਕ ਗ੍ਰੰਥਾਂ ਦੀ ਮੰਗ ਜ਼ਿਆਦਾ ਸੀ ਤੇ ਇਨ੍ਹਾਂ ਦਾ ਪ੍ਰਕਾਸ਼ਨ ਜਨ-ਸਾਧਾਰਨ ਲਈ ਲਾਹੇਵੰਦਾ ਸਿੱਧ ਹੋਇਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਛਾਪ ਸ਼ਾਇਦ 1864 ਈ: ਵਿਚ ਕੋਹਿਨੂਰ ਯੰਤਰਾਲਯ ਦਰਵਾਜ਼ਾ ਸ਼ੇਰਾਂ, ਲਾਹੌਰ ਵਿਖੇ ਲਾਲਾ ਹਰਮੁਖ ਰਾਇ ਨੇ ਪੱਥਰ ਛਾਪੇ ਵਿਚ ਛਾਪੀ ਸੀ। ਇਹ ਗੱਲ ਗਿਆਨੀ ਨਰੈਣ ਸਿੰਘ ਮੁਜੰਗਾਂ ਲਾਹੌਰ ਵਾਲੇ ਨੇ ਲਿਖੀ ਹੈ,

ਜਿਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੇ ਸੰਪੂਰਨ ਸਟੀਕ ਐਸੇ ਲਿਖੇ, ਜੋ ਅੱਜ ਵੀ ਨਵੀਨ ਲੱਗਦੇ ਹਨ। ਮੈਂ ਉਨ੍ਹਾਂ ਨੂੰ ਮਿਲਦਾ ਰਿਹਾ ਹਾਂ, ਉਹ ਸੰਪ੍ਰਦਾਈ ਗਿਆਨੀ ਹੁੰਦੇ ਹੋਏ ਸ਼ਬਦ-ਬੋਧ ਵਿਚ ਬਿਲਕੁਲ ਆਧੁਨਿਕ ਤੇ ਗੁਰਮਤਿ ਸਿਧਾਂਤਾਂ ਬਾਰੇ ਸਿੰਘ ਸਭਾਈ ਸਨ। ਬਾਬਾ ਰਾਮ ਸਿੰਘ ਦੀ ਪ੍ਰੇਰਨਾ ਸਦਕਾ ਦੀਵਾਨ ਬੂਟਾ ਸਿੰਘ ਨੇ ਆਪਣੇ ਪ੍ਰੈੱਸ ਮਤਬਾ ਆਫ਼ਤਾਬ ਪੰਜਾਬ, ਲਾਹੌਰ ਵਿਚ 1868 ਈ: 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਛਾਪਿਆ ਤੇ ਫਿਰ ਸੋਧ ਕੇ ਦੁਬਾਰਾ 1881 ਵਿਚ। ਇਹ ਸ਼ਾਇਦ ਦੂਰੋਂ-ਨੇੜਿਓਂ ਮਹਾਰਾਣੀ ਜਿੰਦਾਂ ਦੇ ਰਿਸ਼ਤੇਦਾਰ ਸਨ। ਇਸ ਤੋਂ ਬਾਅਦ ਭਾਈ ਹੀਰਾਨੰਦ ਮੁਨਸ਼ੀ ਨੇ ਖ਼ੁਦ ਟਾਈਪ ਬਣਵਾ ਕੇ ਵਿਦਿਆ ਪ੍ਰਕਾਸ਼ ਪ੍ਰੈੱਸ, ਲਾਹੌਰ ਤੋਂ 1878 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਤਿੰਨ ਸੈਂਚੀਆਂ ਵਿਚ ਛਾਪਿਆ, ਫਿਰ 1313 ਪੰਨਿਆਂ ਦਾ ਇਕੱਠਾ ਗ੍ਰੰਥ ਵੀ ਪ੍ਰਕਾਸ਼ਤ ਕੀਤਾ। ਇਸ ਵਿਚ ਉਸ ਨੇ ਕਈ ਥਾਂ ਬਿੰਦੀਆਂ ਟਿੱਪੀਆਂ ਵੀ ਲਾ ਦਿੱਤੀਆਂ, ਜੋ ਕਿ ਪਹਿਲੇ ਨਹੀਂ ਸਨ। ਇਸ ਗੱਲ ਨੂੰ ਸਿੰਘ ਸਭਾ ਦੇ ਵਿਦਵਾਨ ਆਗੂਆਂ ਪ੍ਰਵਾਨ ਨਹੀਂ ਕੀਤਾ, ਜਿਸ ਕਰਕੇ ਭਾਈ ਹੀਰਾਨੰਦ ਨੇ ਉਹ ਸਾਰੀ ਛਪਾਈ ਰੱਦ ਕਰ ਕੇ ਫਿਰ 1893 ਵਿਚ 1430 ਸਫ਼ੇ ਵਾਲੀ ਬੀੜ ਛਾਪੀ, ਜੋ ਕਿ ਅੱਗੋਂ ਇਕ ਤਰ੍ਹਾਂ ਮਾਡਲ ਹੀ ਬਣ ਗਈ।

ਦਸਮ ਗ੍ਰੰਥ ਦੀ ਬੀੜ 1158 ਪੰਨੇ ਵਾਲੀ ਗਿਆਨ ਪ੍ਰੈੱਸ, ਗੁਜਰਾਂਵਾਲਾ ਨੇ 1884 ਈ: ਵਿਚ ਛਾਪੀ ਤੇ ਟਾਈਪ 'ਚ 1894 ਈ: ਵਿਚ ਸੰਸਕ੍ਰਿਤ ਪ੍ਰੈੱਸ, ਲਾਹੌਰ ਨੇ ਛਾਪੀ। ਇਸ ਦੇ ਪੰਨੇ 1286 ਸਨ। 1280 ਪੰਨਿਆਂ ਦੀ ਬੀੜ ਖ਼ਾਲਸਾ ਨੈਸ਼ਨਲ ਏਜੰਸੀ, ਅੰਮ੍ਰਿਤਸਰ ਨੇ 1895 ਈ: ਵਿਚ ਪ੍ਰਕਾਸ਼ਤ ਕੀਤੀ। ਇਸ ਤੋਂ ਪਿੱਛੋਂ ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਨੇ ਮੁਫ਼ੀਦ ਆਮ ਪ੍ਰੈੱਸ, ਲਾਹੌਰ ਵਿਖੇ 1900 ਵਿਚ ਛਾਪੀ। ਇਸ ਦੇ 1389 ਪੰਨੇ ਸਨ।

ਫ਼ਾਰਸੀ ਅੱਖਰਾਂ ਵਿਚ ਲਿਖੀ ਦਸਮ ਗ੍ਰੰਥ ਦੀ ਬੀੜ 1914 ਵਿਚ ਪੰਡਿਤ ਸੁਖ ਲਾਲ ਉਪਦੇਸ਼ਕ ਭਾਰਤ ਧਰਮ ਮਹਾਂਮੰਡਲ ਬਨਾਰਸ ਵਾਲਿਆਂ, ਰਾਜਪੂਤ ਪ੍ਰਿੰਟਿੰਗ ਪ੍ਰੈੱਸ ਲਾਹੌਰ ਵਾਲਿਆਂ ਤੋਂ ਛਪਵਾਈ, ਇਸ ਦੇ ਪੰਨੇ 892 ਸਨ। ਮਹਾਰਾਜਾ ਗਿਆਨ ਚੰਦ ਵਾਲੀਏ ਰਿਆਸਤ ਜੁੱਬਲ (ਸ਼ਿਮਲਾ) ਨੇ ਆਪ ਪੈਸੇ ਲਾ ਕੇ ਭਾਈ ਸੰਤੋਖ ਸਿੰਘ ਦਾ *ਸੂਰਜ ਪ੍ਰਕਾਸ਼* ਲਾਹੌਰੋਂ ਛਪਵਾਇਆ ਸੀ। ਮੈਂ ਇਸ ਦੀਆਂ ਕੁਝ ਜਿਲਦਾਂ ਨਿਹੰਗ ਸਿੰਘਾਂ ਦੇ ਗੁਰਦੁਆਰੇ ਸ਼ਹੀਦੀ ਬਾਗ਼ ਅਨੰਦਪੁਰ ਵੇਖੀਆਂ ਸਨ। *ਗੁਰਬਿਲਾਸ ਪਾਤਸ਼ਾਹੀ ਛੇਵੀਂ* (ਪੰਨੇ 676) ਮਤਬੈ ਕਬੀਰ ਹਿੰਦ ਪ੍ਰੈੱਸ, ਅੰਮ੍ਰਿਤਸਰ ਵਿਚ 1887 ਈ: ਵਿਚ ਪੱਥਰ ਛਾਪੇ ਵਿਚ ਛਾਪਿਆ ਗਿਆ ਤੇ 1897 'ਚ ਮੁਨਸ਼ੀ ਗੁਲਾਬ ਸਿੰਘ ਨੇ ਆਪਣੇ ਮੁਫ਼ੀਦ ਆਮ ਪ੍ਰੈੱਸ, ਲਾਹੌਰ ਵਿਚ ਟਾਈਪ ਵਿਚ ਛਾਪਿਆ। *ਗੁਰਬਿਲਾਸ* ਕ੍ਰਿਤ ਭਾਈ ਸੁੱਖਾ ਸਿੰਘ ਗੁਰਮਤਿ ਗ੍ਰੰਥ ਪ੍ਰਚਾਰਕ ਸਭਾ, ਅੰਮ੍ਰਿਤਸਰ ਨੇ 1889 ਈ: ਵਿਚ ਚਸ਼ਮੇ ਨੂਰ ਪ੍ਰੈੱਸ ਵਿਚ ਛਪਵਾਇਆ ਸੀ। *ਗੁਰਬਿਲਾਸ* ਕ੍ਰਿਤ ਬਾਵਾ ਸੁਮੇਰ ਸਿੰਘ ਪਟਨੇ ਵਾਲਿਆਂ ਦਾ 1882 ਈ: ਵਿਚ ਆਫ਼ਤਾਬ ਪੰਜਾਬ ਪ੍ਰੈੱਸ, ਲਾਹੌਰ ਵਿਚ ਛਪਿਆ ਸੀ। *ਗੁਰਬਿਲਾਸ* ਕ੍ਰਿਤ ਭਾਈ ਕੁਇਰ ਸਿੰਘ ਸਭ ਤੋਂ ਪੁਰਾਣਾ ਹੈ। 1751 ਈ: ਦੀ ਰਚਨਾ ਹੈ, ਪਰ ਇਹ 1968 ਵਿਚ ਪੰਜਾਬੀ ਯੂਨੀਵਰਸਿਟੀ ਨੇ ਪ੍ਰਕਾਸ਼ਤ ਕੀਤਾ ਸੀ।

ਜਨਮਸਾਖੀਆਂ ਵਧੇਰੇ ਛਪਦੀਆਂ ਰਹੀਆਂ, ਕਿਉਂਕਿ ਉਨ੍ਹਾਂ ਦੀ ਮੰਗ ਜ਼ਿਆਦਾ ਸੀ ਤੇ ਵਿਕਰੀ ਵੀ।

ਪੰਡਿਤ ਸ਼ਰਧਾ ਰਾਮ ਈਸਾਈ ਮਿਸ਼ਨਰੀਆਂ ਦੇ ਬਹੁਤ ਨੇੜੇ ਸੀ। ਉਸ ਨੇ *ਸਿੱਖਾਂ ਦੇ ਰਾਜ ਦੀ ਵਿਥਿਆ* (1866), *ਪੰਜਾਬੀ ਇੰਜੀਲ* (1868) ਤੇ *ਪੰਜਾਬੀ ਬਾਤਚੀਤ* (1875) ਵੀ ਛਾਪੀ ਸੀ, ਜੋ ਅੰਗਰੇਜ਼ ਅਫ਼ਸਰਾਂ ਲਈ ਕੋਰਸ ਵੀ ਸੀ।

ਗਿਆਨੀ ਗਿਆਨ ਸਿੰਘ ਰਚਿਤ *ਸ੍ਰੀ ਗੁਰੂ ਪੰਥ ਪ੍ਰਕਾਸ਼* 1879 ਵਿਚ ਦਿੱਲੀ ਤੋਂ ਅਤੇ *ਤਵਾਰੀਖ਼ ਗੁਰੂ ਖ਼ਾਲਸਾ* 1891 ਵਿਚ ਸਿਆਲਕੋਟ ਤੋਂ ਪ੍ਰਕਾਸ਼ਤ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਕੋਸ਼ (*ਗੁਰੂ ਗਿਰਾਰਥ ਕੋਸ਼*) ਰਿਆਸਤ ਪਟਿਆਲਾ ਵੱਲੋਂ 1889 ਵਿਚ ਦੋ ਭਾਗਾਂ ਵਿਚ ਛਾਪਿਆ ਸੀ, ਪੱਥਰ ਛਾਪੇ ਵਿਚ। ਭਾਈ ਕਾਨ੍ਹ ਸਿੰਘ ਨਾਭਾ ਦੀ ਪੁਸਤਕ *ਹਮ ਹਿੰਦੂ ਨਹੀਂ* 1897 ਵਿਚ ਤੇ *ਗੁਰਮਤਿ ਪ੍ਰਭਾਕਰ* ਤੇ *ਗੁਰਮਤਿ ਸੁਧਾਕਰ* 1898 ਈ: ਵਿਚ ਛਪੀਆਂ। 1898 ਵਿਚ ਭਾਈ ਵੀਰ ਸਿੰਘ ਦਾ ਪਹਿਲਾ ਇਤਿਹਾਸਕ ਨਾਵਲ *ਸੁੰਦਰੀ* ਵੀ ਛਪਿਆ ਸੀ।

ਇਥੇ ਕੇਵਲ ਉੱਨ੍ਹੀਵੀਂ ਸਦੀ ਦੇ ਕੁਝ ਪ੍ਰਮੁੱਖ ਗ੍ਰੰਥਾਂ ਦਾ ਜ਼ਿਕਰ ਕੀਤਾ ਹੈ। ਵੀਹਵੀਂ ਸਦੀ ਤੁਹਾਡੇ ਅੱਖਾਂ ਸਾਹਵੇਂ ਲੰਘੀ ਹੈ। ਇਕ ਬੇਨਤੀ ਜ਼ਰੂਰ ਧਿਆਨ ਵਿਚ ਲਿਆਉਣੀ ਹੈ। ਹੁਣ ਵੀ ਅਨੇਕਾਂ ਪੁਰਾਤਨ ਛਪੇ ਗੁਰਮੁਖੀ ਗ੍ਰੰਥ (ਸਮੇਤ ਬੀੜਾਂ ਦੇ) ਅਸੀਂ ਜਲ-ਪ੍ਰਵਾਹ ਕਰਨ ਦੇ ਆਦੀ ਹਾਂ। ਲੋੜ ਇਤਨੀ ਹੀ ਹੈ ਕਿ ਕਿਸੇ ਪੁਰਾਤਨ ਵਿਦਵਾਨ ਗਿਆਨੀ ਪੁਰਸ਼ ਨੂੰ ਦਿਖਾ ਕੇ ਇਹ ਅੰਤਮ ਸਸਕਾਰ ਕੀਤਾ ਜਾਵੇ, ਕਿਉਂਕਿ ਕਈ ਐਸੀਆਂ ਐਡੀਸ਼ਨਾਂ ਹਨ, ਜਿਨ੍ਹਾਂ ਤੋਂ ਬਾਣੀ ਦੀ ਸੁਧਾਈ ਲਈ ਕੁਝ ਸਹਾਇਤਾ ਮਿਲ ਸਕਦੀ ਹੈ ਤੇ ਸਾਨੂੰ ਇਹ ਵੀ ਪਤਾ ਲੱਗੇਗਾ ਕਿ ਕਿਨ੍ਹਾਂ ਬੁੱਧੀਮਾਨਾਂ ਨੇ ਇਹ ਗ੍ਰੰਥ ਛਾਪੇ ਵਿਚ ਲਿਆ ਕੇ ਪ੍ਰਚਾਰੇ ਤੇ ਸਿੱਖ ਸਾਹਿੱਤ ਦੀ ਸੇਵਾ ਕੀਤੀ।

•

ਗੁਰਮੁਖੀ ਹੱਥ-ਲਿਖਤ ਵਿੱਦਿਆ

ਹੱਥ-ਲਿਖਤ ਵਿੱਦਿਆ ਉਹ ਕਲਾ ਹੈ, ਜਿਸ ਦੁਆਰਾ ਮਨੁੱਖ ਆਪਣੇ ਮਨੋ-ਭਾਵ ਤੇ ਗਿਆਨ ਤਜਰਬੇ ਅੱਖਰਾਂ ਰਾਹੀਂ ਲਿਖ ਲਿਖ ਸੰਭਾਲਦਾ ਆਇਆ ਹੈ। ਇਹ ਵਿੱਦਿਆ, ਸਮੂਹ ਵਿਦਿਆਵਾਂ ਦਾ ਮੂਲ ਹੈ। ਇਸੇ ਆਸਰੇ ਹਜ਼ਾਰਾਂ ਵਰ੍ਹਿਆਂ ਦੀ ਮਨੁੱਖੀ ਸਭਿਅਤਾ ਦਾ ਸੰਦੇਸ਼ ਸਾਡੇ ਤਕ ਪਹੁੰਚਿਆ ਹੈ। ਜੇ ਕਿਤੇ ਇਹ ਹੱਥ-ਲਿਖਤ ਵਿੱਦਿਆ ਨਾ ਹੁੰਦੀ ਤਾਂ ਸਾਡਾ ਗਿਆਨ ਦਾ ਭਾਂਡਾ ਸੱਖਣਾ ਸੱਖਣਾ ਹੋਣਾ ਸੀ। ਭਾਰਤੀ ਸਾਹਿੱਤ ਵਿਚ 'ਰੌਸਲ ਕਲਾ' ਦਾ ਚਰਚਾ ਹੈ ਤੇ ਇਸ ਵਿਚ 'ਸੁੰਦਰ ਲਿਖਾਈ' ਨੂੰ ਖ਼ਾਸ ਤੌਰ 'ਤੇ ਗਿਣਿਆ ਗਿਆ ਹੈ। ਸੋ, ਜੇ ਅਸੀਂ ਇਹ ਆਖ ਦੇਈਏ ਕਿ ਇਨਸਾਨੀ ਤਹਿਜ਼ੀਬੋ ਤਸੱਦਨ ਦਾ ਸਾਰਾ ਕਾਰੋਬਾਰ ਹੱਥ-ਲਿਖਤ ਵਿੱਦਿਆ ਦੇ ਹੱਥ ਵਿਚ ਹੀ ਰਿਹਾ ਤਾਂ ਇਹ ਕੋਈ ਅਤਿ-ਕਥਨੀ ਨਹੀਂ।

ਇਕ ਵਿਦਵਾਨ ਨੇ ਤਾਂ ਇਸ ਦੁਨੀਆ ਨੂੰ ਵੀ ਇਕ ਪ੍ਰਾਚੀਨ ਖਰੜਾ ਜਾਂ ਹੱਥ-ਲਿਖਤ ਮਸੌਦਾ ਹੀ ਦੱਸਿਆ ਹੈ, ਜਿਸ ਦੇ ਆਦਿ ਅੰਤ ਦੇ ਪੰਨੇ ਜ਼ਰਾ ਫਟੇ ਹੋਏ ਹਨ। ਉਹ ਕਹਿੰਦਾ ਹੈ ਕਿ ਅਸੀਂ ਸੰਸਾਰ ਦੇ ਆਦਿ ਅੰਤ ਤੋਂ ਬੇਖ਼ਬਰ ਹਾਂ, ਕਿਉਂਕਿ ਇਸ ਮਸੌਦੇ ਦੇ ਪਹਿਲੇ ਤੇ ਆਖ਼ਰੀ ਸਫ਼ੇ ਗੁੰਮ ਹਨ:

ਜ਼ਿ ਅਗਾਜ਼ਿ ਵ ਜ਼ਿ ਅੰਜਾਮਿ ਜਹਾਂ ਬੇਖ਼ਬਰੇਮ,
ਅਵਲ ਵ ਆਖ਼ਿਰ ਈਂ ਕੁਹਨ ਕਿਤਾਬ ਉਫ਼ਤਾਦਸਤ।

ਲਿਖਤ ਵਿੱਦਿਆ ਦਾ ਮੁੱਢ

ਹਿੰਦੁਸਤਾਨ ਵਿਚ ਲਿਖਣ ਦੇ ਸਾਧਨ-ਲਿਪੀ ਦਾ ਹੁਨਰ ਕਦੋਂ ਪ੍ਰਚਲਿਤ ਹੋਇਆ, ਇਸ ਦੀ ਨਿਸਚਿਤ ਮਿਤੀ ਤਾਂ ਸ਼ਾਇਦ ਕੋਈ ਨਹੀਂ ਦੱਸੀ ਜਾ ਸਕਦੀ, ਪਰ ਇਹ ਗੱਲ ਪ੍ਰਤੱਖ ਹੈ ਕਿ ਭਾਰਤਵਾਸੀ ਤਿੰਨ ਹਜ਼ਾਰ ਵਰ੍ਹੇ ਤੋਂ ਲਿਖਣ ਕਲਾ ਵਿਚ ਨਿਪੁੰਨ ਚਲੇ ਆ ਰਹੇ ਹਨ। ਵਿਦਵਾਨਾਂ ਦਾ ਅਨੁਮਾਨ ਹੈ ਕਿ ਵੈਦਿਕ ਰਚਨਾ 2500 ਈ:ਪੂ: ਤੋਂ 1200 ਈ:ਪੂ: ਤਕ ਹੁੰਦੀ ਰਹੀ ਤੇ ਫਿਰ ਇਨ੍ਹਾਂ ਨੂੰ ਵੇਦ ਵਿਆਸ ਨੇ ਲਿਪੀ-ਬੱਧ ਕਰ ਕੇ ਸਹਿੰਤਾ ਜਾਂ ਗ੍ਰੰਥ ਦੇ ਰੂਪ ਵਿਚ ਸੰਕਲਿਤ ਕੀਤਾ। ਇਹ ਗੱਲ ਇਸ ਦਾ ਪੱਕਾ ਸਬੂਤ ਹੈ ਕਿ ਈਸਾਈ ਸਦੀ ਤੋਂ ਇਹ ਹਜ਼ਾਰ ਵਰ੍ਹਾ ਪਹਿਲਾਂ ਵੈਦਿਕ ਸਾਹਿੱਤ ਨੂੰ ਕਲਮਬੰਦ ਕਰਨ ਵਾਲੇ ਲੋਕ ਲਿਖਣ ਕਲਾ ਵਿਚ ਪ੍ਰਬੀਨ ਸਨ। ਵੇਦ ਸੰਕਲਿਤ ਨਹੀਂ ਸੀ ਹੋ ਸਕਦੇ, ਜੇ ਲਿਖਾਈ ਦੀ ਜੁਗਤਿ ਨਾ ਹੁੰਦੀ। 'ਛਾਂਦੋਗ

ਉਪਨਿਸ਼ਧ' ਵਿਚ 'ਅੱਖਰ' ਸ਼ਬਦ ਵਰਤਿਆ ਮਿਲਦਾ ਹੈ। ਪਾਨਿਨੀ ਦਾ ਸਮਾਂ, ਵਿਦਵਾਨਾਂ ਮਹਾਤਮਾ ਬੁੱਧ ਤੋਂ ਵੀ ਪਹਿਲਾਂ ਮੰਨਿਆ ਹੈ, ਉਸ ਨੇ ਆਪਣੇ ਵਿਆਕਰਣ 'ਅਸ਼ਟਾਧਿਆਈ' ਵਿਚ ਲਿਬਿ (ਲਿਪੀ) ਤੇ ਲਿਬਿਕਰ (ਲਿਖਾਰੀ) ਲਫ਼ਜ਼ ਵਰਤੇ ਹਨ। ਨਾਲੇ ਅਜਿਹੀਆਂ ਨੇਮਬੱਧ ਭਾਵਪੂਰਤ ਗੁੱਟ ਰਚਨਾਵਾਂ ਕਦੀ ਲ/ਜ਼ਬਾਨੀ ਕੰਠ ਸਾਹਿੱਤ ਦੇ ਆਧਾਰ 'ਤੇ ਨਹੀਂ ਸੀ ਰਚੀਆਂ ਜਾ ਸਕਦੀਆਂ, 'ਲਿਖਤ' ਵਿਧੀ ਦੀ ਮੌਜੂਦਗੀ ਵਿਚ ਹੀ ਐਸਾ ਸੰਭਵ ਸੀ।

ਬੋਧੀ ਗ੍ਰੰਥਾਂ ਵਿਚ ਬੋਧੀ ਸਾਧੂਆਂ ਲਈ 'ਅੱਖਰਿਕਾ' ਖੇਡ ਖੇਡਣੀ ਮਨ੍ਹਾ ਕੀਤੀ ਗਈ ਹੈ, ਇਸ ਖੇਡ ਵਿਚ ਆਪਣੀ ਪਿੱਠ ਉੱਤੇ ਲਿਖਿਆ ਅੱਖਰ ਪੜ੍ਹਨਾ ਪੈਂਦਾ ਸੀ। ਸਿਕੰਦਰ ਦੇ ਹਮਲੇ (324 ਈ:ਪੂ:) ਨਾਲ ਆਇਆ ਯੂਨਾਨੀ ਸੈਨਾਪਤੀ ਨਿਆਰਕਸ ਲਿਖਦਾ ਹੈ ਕਿ ਹਿੰਦ ਅੰਦਰ ਲਿਖਣ ਲਈ ਡਾਢਾ ਬਾਰੀਕ ਕੱਪੜਾ ਵਰਤਿਆ ਜਾਂਦਾ ਹੈ।

ਚੰਦਰ ਗੁਪਤ ਦੇ ਦਰਬਾਰ ਵਿਚ ਸੀਰੀਆ ਦੇ ਬਾਦਸ਼ਾਹ ਦਾ ਭੇਜਿਆ ਰਾਜਦੂਤ ਮੈਗਸਥਨੀਜ਼ (306 ਈ:ਪੂ:) ਲਿਖਦਾ ਹੈ ਕਿ ਸੜਕਾਂ ਉੱਤੇ ਦਸ ਦਸ ਸਟੇਡੀਏ (ਇਕ ਮਾਪ) ਉੱਤੇ ਪੱਥਰ ਲੱਗੇ ਹੋਏ ਹਨ। *ਲਲਿਤ ਵਿਸਤਰ* ਨਾਮੀ ਸੰਸਕ੍ਰਿਤ ਪੁਸਤਕ ਵਿਚ 64 ਲਿਪੀਆਂ ਦਾ ਜ਼ਿਕਰ ਹੈ।[1]

ਬ੍ਰਾਹਮੀ ਤੇ ਖਰੋਸ਼ਠੀ ਹਿੰਦ ਦੀਆਂ ਪ੍ਰਧਾਨ ਲਿਪੀਆਂ ਰਹੀਆਂ ਹਨ। 250 ਈ:ਪੂ: ਦੇ ਮਹਾਰਾਜਾ ਅਸ਼ੋਕ ਦੇ ਲਿਖਾਏ ਸ਼ਿਲਾਲੇਖ ਆਮ ਮਿਲਦੇ ਹਨ, ਜੋ ਜ਼ਿਆਦਾਤਰ ਬ੍ਰਾਹਮੀ ਵਿਚ ਹਨ ਤੇ ਦੋ ਖਰੋਸ਼ਠੀ ਵਿਚ ਹਨ, ਜੋ ਕਿ ਪੰਜਾਬ ਦੇ ਪ੍ਰਾਚੀਨ ਨਗਰਾਂ ਸ਼ਹਿਬਾਜ਼ਗੜ੍ਹੀ ਤੇ ਮਾਨਸੇਹੋਰੇ ਤੋਂ ਮਿਲੇ ਹਨ। ਪੁਰਾਣੇ ਲੋਕ ਧਾਤਾਂ, ਪੱਥਰਾਂ, ਚਮੜਿਆਂ, ਫੱਟੀਆਂ, ਰੇਸ਼ਮੀ ਕੱਪੜਿਆਂ ਅਤੇ ਜ਼ਿਆਦਾਤਰ ਭੋਜ ਪੱਤਰਾਂ ਜਾਂ ਤਾੜ ਪੱਤਰਾਂ ਉੱਤੇ ਲਿਖਿਆ ਕਰਦੇ ਸਨ। ਤਾੜ ਦਾ ਦਰੱਖ਼ਤ ਦੱਖਣੀ ਹਿੰਦ ਵਿਚ ਸਮੁੰਦਰੀ ਕੰਢਿਆਂ 'ਤੇ ਜ਼ਿਆਦਾ ਹੁੰਦਾ ਹੈ ਤੇ ਇਸ ਦੇ ਪੱਤੇ ਬਹੁਤ ਵੱਡੇ ਹੁੰਦੇ ਹਨ। ਇਸ ਦੇ ਸੁੱਕੇ ਪੱਤਿਆਂ ਨੂੰ ਵਰਤਣ ਤੋਂ ਪਹਿਲਾਂ ਭਿਉਂ ਲੈਂਦੇ ਤੇ ਫਿਰ ਸੁਕਾ ਕੇ ਸੰਖ ਜਾਂ ਕਿਸੇ ਹੋਰ ਪੱਥਰ ਨਾਲ ਘੋਟ ਲੈਂਦੇ ਸਨ। ਅਜਿਹੇ ਪੱਤਿਆਂ ਉੱਤੇ ਦੂਜੀ ਸਦੀ ਦੀ ਪੁਰਾਣੀ ਲਿਖਤ ਮਿਲੀ ਹੈ।

ਭੂਰਜ ਬਿਰਛ ਜ਼ਿਆਦਾਤਰ ਹਿਮਾਲੀਆ ਪਹਾੜਾਂ ਵਿਚ ਹੁੰਦਾ ਹੈ। ਇਸ ਦੀ ਛਿਲ ਨੂੰ 'ਭੋਜ ਪੱਤਰ' ਕਿਹਾ ਜਾਂਦਾ ਹੈ। ਐਲ ਬਰੂਨੀ (1050 ਈ:) ਨੇ ਲਿਖਿਆ ਹੈ ਕਿ ਉੱਤਰੀ ਹਿੰਦ ਦੇ ਲੋਕ ਤੂਜ਼ (ਭੋਜ) ਦੀ ਛਿੱਲ ਉੱਤੇ ਲਿਖਦੇ ਹਨ ਤੇ ਉਹ ਇਸ ਨੂੰ ਪਹਿਲਾਂ ਭਿਉਂ ਕੇ ਤੇ ਪੱਥਰ ਨਾਲ ਘੋਟ ਕੇ ਸੋਹਣਾ ਬਣਾ ਲੈਂਦੇ ਹਨ। ਭੋਜ ਪੱਤਰ ਉੱਤੇ ਲਿਖੀਆਂ ਪੁਸਤਕਾਂ ਜ਼ਿਆਦਾ ਕਸ਼ਮੀਰ ਵਿੱਚੋਂ ਮਿਲੀਆਂ ਹਨ। ਸਭ ਤੋਂ ਪੁਰਾਣਾ ਖਰੋਸ਼ਠੀ ਲਿਪੀ ਵਿਚ ਭੋਜ ਪੱਤਰ ਉੱਤੇ ਲਿਖਿਆ ਬੋਧੀ ਪੁਸਤਕ *ਗਾਧਾਂਗੀ ਧੰਮ ਪਦ* ਦਾ ਕੁਝ ਹਿੱਸਾ ਹੈ, ਇਹ ਖੁਤਾਨ ਤੋਂ ਮਿਲਿਆ ਸੀ, ਜੋ ਸਤੂਪ ਦੇ ਪੱਥਰ

1. ਗੋਰੀ ਸ਼ੰਕਰ ਹੀਰਾ ਚੰਦ ਓਝਾ, *ਭਾਰਤੀਯ ਪ੍ਰਾਚੀਨ ਲਿਪੀ ਮਾਲਾ*, ਪੰਨੇ 4-17.

ਹੇਠ ਰਹਿਣ ਕਰਕੇ ਬਚਿਆ ਰਿਹਾ। ਇਸ ਦਾ ਲਿਖਣ ਕਾਲ ਦੂਜੀ-ਤੀਜੀ ਸਦੀ ਅਨੁਮਾਨਿਆ ਗਿਆ ਹੈ। ਇਹ ਤਾਂ ਪ੍ਰਸਿੱਧ ਹੈ ਕਿ ਪਹਿਲੇ ਪਹਿਲ ਕਾਗ਼ਜ਼ ਚੀਨ ਵਾਲਿਆਂ ਬਣਾਇਆ। ਅਰਬਾਂ ਨੇ ਅੱਠਵੀਂ ਸਦੀ ਵਿਚ ਚੀਨੀ ਕੈਦੀਆਂ ਤੋਂ ਇਹ ਜੁਗਤ ਸਿੱਖੀ ਤੇ ਫਿਰ ਮੁਸਲਮਾਨਾਂ ਨਾਲ ਇਹ ਹੁਨਰ ਸਾਡੇ ਦੇਸ਼ ਵਿਚ ਆਇਆ। ਹਿੰਦ ਵਿਚ ਕਾਗ਼ਜ਼ ਉੱਤੇ ਲਿਖੀ ਸਭ ਤੋਂ ਪੁਰਾਣੀ ਪੋਥੀ 1224 ਈ: ਦੀ ਲੱਭੀ ਹੈ। ਮਿ. ਬੇਵਰ ਨੂੰ ਮੱਧ ਏਸ਼ੀਆ (ਯਾਰਕੰਦ) ਤੋਂ ਗੁਪਤ ਲਿਪੀ ਵਿਚ ਲਿਖੇ ਚਾਰ ਪੁਸਤਕ ਮਿਲੇ ਸਨ, ਜੋ ਪੰਜਵੀਂ ਸਦੀ ਦੇ ਲਿਖੇ ਦੱਸੇ ਜਾਂਦੇ ਹਨ। ਇਨ੍ਹਾਂ ਹਵਾਲਿਆਂ ਤੋਂ ਪ੍ਰਗਟ ਹੈ ਕਿ ਭਾਰਤੀ ਲੋਕ, ਲਿਖਤ ਵਿੱਦਿਆ ਵਿਚ ਨਿਪੁੰਨ ਸਨ। ਇਹ ਲਿਖਣ ਦੇ ਸ਼ੌਕੀਨ ਲੋਕ ਢੇਰਾਂ ਦੇ ਢੇਰ ਪੋਥੀਆਂ ਲਿਖਦੇ ਤੇ ਧਰਮ-ਪ੍ਰਚਾਰ ਲਈ ਵੰਡ ਵੀ ਛੱਡਦੇ ਸਨ। ਸੱਤਵੀਂ ਸਦੀ ਵਿਚ ਚੀਨੀ ਯਾਤਰੂ ਹਿਊਨਸਾਂਗ, ਖੱਚਰਾਂ ਉੱਤੇ 657 ਖਰੜੇ, ਲੱਦ ਕੇ ਲੈ ਗਿਆ ਸੀ ਤੇ ਇਵੇਂ ਹੀ 655 ਈ: ਵਿਚ ਮੱਧ ਭਾਰਤ ਦਾ ਪੁੰਣੋਪਾਯ ਸਾਧੂ ਡੇਢ ਹਜ਼ਾਰ ਤੋਂ ਉੱਤੇ ਪੋਥੀਆਂ ਚੀਨ ਦੇਸ਼ ਨੂੰ ਪ੍ਰਚਾਰ ਲਈ ਲੈ ਕੇ ਗਿਆ ਸੀ। ਸੋ ਲਿਖਣ ਕਲਾ ਪੂਰੀ ਤਰ੍ਹਾਂ ਪ੍ਰਫੁਲਤ ਸੀ, ਜੇ ਇਤਨੀਆਂ ਕਿਤਾਬਾਂ ਲਿਖੀਆਂ ਜਾਂਦੀਆਂ ਸਨ ਤਾਂ ਹੀ ਅਜਿਹਾ ਹੋਇਆ।[2]

ਮੁਸਲਮਾਨੀ ਹਮਲਿਆਂ ਨਾਲ ਇਥੇ ਜੁਗ-ਗਰਦੀ ਹੋ ਗਈ। ਖ਼ਾਸ ਕਰਕੇ ਮਹਿਮੂਦ ਗਜ਼ਨਵੀ ਦੇ ਸਤਾਰਾਂ ਮਾਰੂ ਹਮਲਿਆਂ ਦੀ ਬੁਛਾੜ ਕਾਰਨ ਦੇਸ਼ ਦਾ ਅਮਨ ਭੰਗ ਹੋ ਗਿਆ ਤੇ ਲਿਖਣ ਪੜ੍ਹਨ ਦਾ ਕੰਮ ਵੀ ਠੱਪ ਹੋ ਗਿਆ। ਜੇ ਕੋਈ ਇਹ ਕੰਮ ਕਿਤੇ ਕਰਦਾ ਸੀ ਤਾਂ ਦੂਰ-ਦੁਰਾਡੇ ਜਾਂ ਚੋਰੀ ਛਿਪੀ ਹੀ ਕਰਦਾ ਸੀ। ਪੰਜਾਬ ਉੱਤੇ ਇਸ ਦਾ ਬਾਹਲਾ ਬੁਰਾ ਪ੍ਰਭਾਵ ਪਿਆ, ਲੁੱਟਮਾਰ, ਕਤਲੋਗ਼ਾਰਤ ਤੇ ਅੱਗਾਂ ਨੇ ਹੱਥ-ਲਿਖਤਾਂ ਕੀ, ਸਾਰਾ ਕਲਾਕਾਰੀ ਦਾ ਕੰਮ ਹੀ ਨਸ਼ਟ-ਭ੍ਰਸ਼ਟ ਕਰ ਦਿੱਤਾ। ਇਸ ਉਜੜੇ ਥੇਹ ਉੱਤੇ ਗੁਰੂ ਘਰ ਨੇ ਇਕ ਨਵਾਂ ਘਰ ਵਸਾਉਣ ਦਾ ਉਪਰਾਲਾ ਕੀਤਾ। ਪੰਜਾਬੀਆਂ ਨੂੰ ਆਪਣਾ ਵਿਰਸਾ ਚੇਤੇ ਕਰਾਇਆ। ਦੇਸ਼ ਦਾ ਸਵੈਮਾਨ ਜਗਾਉਣ ਵਾਲੇ ਗੁਰੂਆਂ ਨੇ ਉਚੇਚ ਕਰਕੇ ਇਥੋਂ ਦੀ ਬੋਲੀ ਤੇ ਲਿਖਤ ਵਿੱਦਿਆ ਨੂੰ ਫਿਰ ਸੁਰਜੀਤ ਕੀਤਾ। ਚੂੰਕਿ ਗੁਰੂ ਮੰਨਣ ਵਾਲੇ ਲੋਕ 'ਗੁਰਮੁਖ' ਆਖੇ ਜਾਂਦੇ ਸਨ, ਇਸੇ ਕਰਕੇ ਸੰਤ ਭਾਸ਼ਾ ਦੀ ਤਰ੍ਹਾਂ ਇਨ੍ਹਾਂ ਅੱਖਰਾਂ ਦਾ ਨਾਂ 'ਗੁਰਮੁਖੀ' ਪਿਆ। ਇਹ ਗੁਰਮੁਖ ਸਿੱਖ ਗੁਰੂ ਦੀ ਬਾਣੀ ਕੰਠ ਕਰਦੇ ਤੇ ਥਾਂ ਥਾਂ ਇਸ ਨੂੰ ਪ੍ਰਚਾਰਦੇ ਸਨ। ਕੀਰਤਨ ਕਰਕੇ ਨਵੀਂ ਵਿਚਾਰਧਾਰਾ ਦ੍ਰਿੜ੍ਹਾਉਣ ਲਈ ਪੋਥੀਆਂ ਤੇ ਗੁਟਕਿਆਂ ਦਾ ਲਿਖਿਆ ਜਾਣਾ ਅਤਿਅੰਤ ਜ਼ਰੂਰੀ ਸੀ। ਇਸ ਲਈ ਗੁਰਬਾਣੀ ਤੇ ਗੁਰੂਆਂ ਦੀਆਂ ਜੀਵਨ-ਸਾਖੀਆਂ ਲਿਖਣ ਦਾ ਕੰਮ ਇਸੇ ਗੁਰਮੁਖੀ ਵਿਚ ਕੀਤਾ ਜਾਣ ਲੱਗਾ ਅਤੇ ਇਸੇ ਨਾਲ ਸਾਡੀ ਨਵੀਂ ਸਾਹਿੱਤ-ਸਿਰਜਣਾ ਦੀ ਜਾਗ ਲੱਗ ਗਈ। ਇਹ ਸਾਰਾ ਸਿਹਰਾ ਹੱਥ-ਲਿਖਤ ਵਿੱਦਿਆ ਨੂੰ ਹੀ ਜਾਂਦਾ ਹੈ, ਜਿਸ ਨੇ ਨਵੀਂ ਜਾਗ੍ਰਤੀ ਲਈ ਇਹ ਨਵਾਂ ਨਰੋਆ ਸਾਹਿੱਤ ਮੁਹੱਈਆ ਕੀਤਾ। ਪ੍ਰੈੱਸ ਤਾਂ ਉਸ ਸਮੇਂ ਸੀ ਨਹੀਂ, ਹੱਥ-ਲਿਖਤ ਕਲਾ ਹੀ ਸੀ, ਜੋ ਇਹ ਸਾਰਾ ਕੰਮ ਨਿਭਾਉਂਦੀ ਸੀ।

2. *ਭਾਰਤੀਯ ਪ੍ਰਾਚੀਨ ਲਿਪੀ ਮਾਲਾ*, ਪੰਨਾ 16.

ਇਹ ਠੀਕ ਹੈ ਕਿ ਗੁਰਮੁਖੀ ਅੱਖਰਾਂ ਦੇ ਪੁਰਾਣੇ ਰੂਪ ਗੁਰੂ ਸਾਹਿਬ ਤੋਂ ਪਹਿਲਾਂ ਦੇ ਪਿੰਡ ਹਠੂਰ (ਜ਼ਿਲ੍ਹਾ ਲੁਧਿਆਣਾ) ਵਿਚ ਰਾਇ ਫ਼ਿਰੋਜ਼ ਦੇ ਪੁਰਾਣੇ ਮਕਬਰੇ ਦੀਆਂ ਕੰਧਾਂ ਉੱਤੇ ਪੰਦਰ੍ਹਵੀਂ ਸਦੀ ਦੇ ਲਿਖੇ ਮਿਲੇ ਹਨ, ਜਿਨ੍ਹਾਂ ਦਾ ਚਰਚਾ ਸਰ ਅਤਰ ਸਿੰਘ ਤੇ ਸ. ਜੀ.ਬੀ. ਸਿੰਘ ਆਦਿ ਵਿਦਵਾਨਾਂ ਕੀਤਾ ਹੈ। ਇਸ ਤੋਂ ਬਿਨਾਂ ਹਰਿਦੁਆਰ ਦੇ ਪਾਂਡਿਆਂ ਤੇ ਭੱਟਾਂ ਦੀਆਂ ਵਹੀਆਂ ਵਿਚ ਵੀ ਕੁਝ ਪ੍ਰਾਚੀਨ ਲਿਖਤਾਂ ਮੌਜੂਦ ਹਨ, ਪਰ ਇਨ੍ਹਾਂ ਸਾਰੀਆਂ ਨੂੰ ਸਾਹਿੱਤ ਨਹੀਂ ਕਿਹਾ ਜਾ ਸਕਦਾ। ਪੁਰਾਤਨ ਅੱਖਰ-ਰੂਪਾਂ ਲਈ ਇਨ੍ਹਾਂ ਦਾ ਵਿਚਾਰਨਾ ਹਿਤਕਾਰੀ ਹੈ।

ਉਪਰੋਕਤ ਵਹੀਆਂ ਨੂੰ ਛੱਡ ਕੇ ਸ਼ਿਲਾਲੇਖਾਂ ਵਹੀ-ਲੇਖਾਂ ਤੇ ਪਟਿਆਂ ਆਦਿ ਨੂੰ ਛੱਡ ਕੇ ਸਭ ਤੋਂ ਪੁਰਾਤਨ ਕਾਗ਼ਜ਼ ਉੱਤੇ ਲਿਖੀ ਪੰਜਾਬੀ ਹੱਥ-ਲਿਖਤ, ਗੋਇੰਦਵਾਲ ਵਾਲੀਆਂ ਬਾਣੀ ਦੀਆਂ ਪੋਥੀਆਂ ਹਨ, ਜਿਨ੍ਹਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਪੁੱਤਰ-ਪੋਤ੍ਰਿਆਂ ਖ਼ਾਸ ਕਰਕੇ ਸਹੰਸਰ ਰਾਮ ਨੇ ਲਿਖਿਆ ਲਿਖਾਇਆ ਤੇ ਕੁਝ ਹਿੱਸਾ ਭਾਈ ਜੇਠਾ ਜੀ ਨੇ ਵੀ ਪਾਇਆ। ਇਹ ਪੋਥੀਆਂ ਸ਼ਾਇਦ ਚਾਰ ਸਨ, ਜੋ 1574 ਈ: ਤੋਂ ਪਹਿਲਾਂ ਲਿਖੀਆਂ ਜਾ ਚੁੱਕੀਆਂ ਸਨ। ਪਰ ਇਸ ਵੇਲੇ ਦੋ ਹੀ ਪ੍ਰਾਪਤ ਹਨ—ਇਕ ਅਹੀਆਪੁਰ (ਹੁਸ਼ਿਆਰਪੁਰ) ਵਾਲੀ ਤੇ ਦੂਜੀ ਪੋਥੀ ਦਾ ਪਹਿਲਾ ਸ਼ਬਦ "ਕੋਈ ਪਡਤਾ ਸਹਿਸਾ ਕਿਰਤਾ" (ਰਾਮ ਕਲੀ) ਹੈ। ਇਨ੍ਹਾਂ ਪੋਥੀਆਂ ਵਿਚ ਗੁਰੂਆਂ ਦੀ ਬਾਣੀ ਤੋਂ ਇਲਾਵਾ ਕੁਝ ਭਗਤਾਂ ਦੇ ਸ਼ਬਦ ਵੀ ਹਨ, ਜਿਵੇਂ ਕਿ ਕਬੀਰ, ਨਾਮਦੇਵ, ਤ੍ਰਿਲੋਚਨ, ਰਵਿਦਾਸ ਤੇ ਸ਼ੇਖ਼ ਫ਼ਰੀਦ ਆਦਿ। ਭਗਤਾਂ ਦੇ ਕੁਝ ਸ਼ਬਦ ਲੰਡੇ ਅੱਖਰਾਂ ਵਿਚ ਵੀ ਅੰਕਿਤ ਹਨ। ਇਸ ਤੋਂ ਬਾਦ ਸਾਡੀ ਹੱਥ-ਲਿਖਤ ਵਿੱਦਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਅਤੇ ਜਨਮਸਾਖੀਆਂ ਦੇ ਉਤਾਰਿਆਂ ਨਾਲ ਅੱਗੇ ਵੱਧਦੀ ਜਾਂਦੀ ਤੇ ਲਿਖਾਰੀ ਹਰ ਤਰ੍ਹਾਂ ਨਿਪੁੰਨ ਹੁੰਦੇ ਜਾਂਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ ਭਾਰਤੀ ਸਾਹਿੱਤ ਦੇ ਪ੍ਰਸਿੱਧ ਗ੍ਰੰਥਾਂ ਦਾ ਅਨੁਵਾਦ ਕਰਾਇਆ ਤੇ ਕਈਆਂ ਦਾ ਗੁਰਮੁਖੀ ਵਿਚ ਲਿਪਿ-ਅੰਤਰ ਕਰਵਾਇਆ, ਇਨ੍ਹਾਂ ਖਰੜਿਆਂ ਦਾ ਵਜ਼ਨ ਨੌਂ ਮਣ ਦੱਸਿਆ ਗਿਆ ਹੈ। ਇਸ ਤੋਂ ਪਿੱਛੋਂ ਅਨੇਕਾਂ ਹਿੰਦੀ ਗ੍ਰੰਥ ਗੁਰਮੁਖੀ ਵਿਚ ਉਤਾਰੇ ਗਏ, ਜਿਨ੍ਹਾਂ ਦੀ ਸੂਚੀ ਲੰਮੀ ਹੈ।

ਇਨ੍ਹਾਂ ਹੱਥੀਂ ਲਿਖੀਆਂ ਪੁਸਤਕਾਂ ਨੂੰ ਖਰੜਾ, ਮਸੌਦਾ, 'ਪਾਂਡੂ ਲਿਪੀ' ਜਾਂ 'ਮੈਨੂਸਕ੍ਰਿਪਟ' ਕਿਹਾ ਜਾਂਦਾ ਸੀ। ਸੰਸਾਰ ਦਾ ਸਭ ਤੋਂ ਪੁਰਾਣਾ ਖਰੜਾ ਮਿਸਰੀ ਜ਼ਬਾਨ ਵਿਚ ਮਿਲਿਆ ਹੈ, ਜੋ ਕਿ ਚਾਰ ਹਜ਼ਾਰ ਵਰ੍ਹੇ ਪੁਰਾਣਾ ਹੈ। ਇਹ ਪੈਰਿਸ ਦੀ ਲਾਇਬ੍ਰੇਰੀ ਵਿਚ ਸੁਰੱਖਿਅਤ ਹੈ। ਅਰਬੀ ਲਫ਼ਜ਼ 'ਮਸੌਦਾ' ਸਾਦ ਧਾਤੂ ਤੋਂ ਬਣਿਆ ਹੈ, ਜਿਸ ਦਾ ਅਰਥ ਕਾਲਾ ਕਰਨਾ ਹੈ। 'ਸੰਗਿਆਸਵਦ' (ਕਾਲਾ ਪੱਥਰ) ਵੀ ਇਸੇ ਭਾਵ ਨੂੰ ਪ੍ਰਗਟਾਉਂਦਾ ਹੈ। ਹੱਥੀਂ ਲਿਖੀ ਚੀਜ਼ ਨੂੰ 'ਮਖ਼ਤੂਤਾ' ਵੀ ਕਹਿੰਦੇ ਹਨ। ਮੈਨੂਸਕ੍ਰਿਪਟ ਦਾ ਅੱਖਰੀ ਅਰਥ ਹੱਥਾਂ ਦਾ ਲਿਖਿਆ ਹੋਇਆ ਹੈ, ਇਸ ਦਾ ਮੂਲ ਲਾਤੀਨੀ ਪਦ manu scriptum (lit. "written by hand") ਹੈ। ਪਾਂਡੂ ਲਿਪੀ ਹਲਕੇ ਪੀਲੇ ਜਿਹੇ ਪੱਤੇ ਉੱਤੇ ਲਿਖੀ ਲਿਖਤ ਨੂੰ ਕਹਿੰਦੇ ਹਨ, ਫਿਰ ਇਹੋ ਖਰੜੇ ਦਾ ਵਾਚਕ ਹੋ ਗਿਆ। ਦੱਖਣੀ ਭਾਸ਼ਾ ਤਾਮਿਲ ਵਿਚ ਹੱਥ-ਲਿਖਤ ਨੂੰ 'ਓਲੇ' ਜਾਂ 'ਚੁਵੜੀ' ਕਹਿੰਦੇ ਹਨ।

ਲਿਖਤ ਦੇ ਸਾਧਨ

ਜਿਸ ਤਰ੍ਹਾਂ ਪੰਜਾਂ ਤੱਤਾਂ ਤੋਂ ਸਾਡੇ ਸਰੀਰ ਦੀ ਬਣਤ ਬਣਦੀ ਦੱਸੀ ਜਾਂਦੀ ਹੈ, ਤਿਵੇਂ ਕਿਸੇ ਹੱਥ-ਲਿਖਤ ਦੀ ਤਿਆਰੀ ਲਈ ਪੰਜ ਚੀਜ਼ਾਂ ਲਾਜ਼ਮੀ ਹਨ। ਗੁਰੂ ਨਾਨਕ ਸਾਹਿਬ ਨੇ ਇਨ੍ਹਾਂ ਪੰਜ ਵਸਤਾਂ ਦੀ ਗਿਣਤੀ ਇਉਂ ਕੀਤੀ ਹੈ:

ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ ॥
ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥

(ਵਾਰ ਮਲਾਰ ਮਹਲਾ ੧, ਪੰਨਾ 1291)

ਇਹ ਹਨ: ਕਾਗ਼ਜ਼, ਕਲਮ, ਸਿਆਹੀ, ਦਵਾਤ ਤੇ ਲਿਖਾਰੀ (ਕਾਤਿਬ)। ਅਰਬੀ ਵਿਚ 'ਕਿਤਾਬ' ਲਿਖੀ ਹੋਈ ਚੀਜ਼ ਨੂੰ ਕਹਿੰਦੇ ਹਨ। ਕੁਰਾਨ ਦਾ ਅੱਖਰੀ ਪੜ੍ਹਨਾ ਹੈ। ਬਾਈਬਲ ਦਾ ਅਰਥ ਕਿਤਾਬਾਂ ਦੀ ਕਿਤਾਬ ਹੈ, ਕਿਉਂਕਿ ਇਸ ਵਿਚ 66 ਕਿਤਾਬਾਂ ਸੰਕਲਿਤ ਹਨ। ਇਸੇ ਤਰ੍ਹਾਂ ਗ੍ਰੰਥ ਕਿਸੇ ਪੱਤਰਿਆਂ ਨੂੰ ਬੀੜ ਕੇ ਇਕ ਥਾਂ ਗੁੰਦਣ ਦਾ ਨਾਮ ਹੈ। ਸੋ ਇਹ ਸਭ ਪੁਰਾਣੇ ਨਾਮ ਲਿਖਤ ਵਿੱਦਿਆ ਦਾ ਚਮਤਕਾਰ ਦਰਸਾਉਂਦੇ ਹਨ।

ਇਸੇ ਸੋਚੀ-ਸਮਝੀ ਵਿਉਂਤ ਅਨੁਸਾਰ ਗੁਰੂ ਨਾਨਕ ਸਾਹਿਬ ਨੇ ਆਪਣੇ ਸਮੇਂ ਦੇ ਲਿਖਾਰੀਆਂ ਨੂੰ ਕਰਮ-ਕਾਂਡੀ ਗ੍ਰੰਥਾਂ ਦੀ ਲਿਖਾਈ ਛੁਡਾ ਕੇ ਸੰਤ ਬਾਣੀ ਤੇ ਗੁਰੂ-ਬਾਣੀ ਦੀ ਲਿਖਾਈ ਵੱਲ ਲਾਇਆ। ਇਹ ਸਾਡੇ ਹੱਥ-ਲਿਖਤ ਸਾਹਿੱਤ ਵਿਚ ਇਕ ਬਹੁਤ ਵੱਡਾ ਮੋੜ ਸੀ, ਜਿਸ ਨੇ ਸਮਾਜਿਕ ਕ੍ਰਾਂਤੀ ਦਾ ਮੁੱਢ ਰੱਖਿਆ।

ਗੁਰੂ ਨਾਨਕ ਸਾਹਿਬ ਪਾਸ ਕਰਤਾਰਪੁਰ ਆ ਕੇ ਕਈ ਲਿਖਾਰੀ ਜਿਵੇਂ ਮਨਸੁਖ, ਭਗੀਰਥ, ਪੈੜਾ, ਮੋਖਾ, ਹੱਸੂ ਲੁਹਾਰ, ਸੀਹਾਂ ਛੀਂਬਾ, ਸੈਦੋ ਘੇਉ ਆਦਿ ਬਾਣੀ ਲਿਖਣ ਦਾ ਕੰਮ ਕਰਦੇ ਰਹੇ। ਇਨ੍ਹਾਂ ਦੀਆਂ ਲਿਖੀਆਂ ਪੋਥੀਆਂ ਸਨ, ਜੋ ਗੁਰੂ ਅੰਗਦ ਸਾਹਿਬ ਪਾਸ ਆਈਆਂ ਅਤੇ ਅੱਗੇ ਇਨ੍ਹਾਂ ਤੋਂ ਗੁਰੂ ਅਮਰਦਾਸ ਜੀ ਨੇ ਹੋਰ ਪੋਥੀਆਂ ਨਕਲ ਕਰਵਾਈਆਂ ਪਰੰਤੂ ਅਫ਼ਸੋਸ ਹੈ ਕਿ ਇਹ ਸਾਰੀਆਂ ਪੋਥੀਆਂ ਪ੍ਰਾਪਤ ਨਹੀਂ, ਕੇਵਲ ਗੋਇੰਦਵਾਲ ਵਾਲੀਆਂ ਦੋ ਪੋਥੀਆਂ ਹੀ ਮਿਲਦੀਆਂ ਹਨ, ਜਿਨ੍ਹਾਂ ਤੋਂ ਉਸ ਸਮੇਂ ਦੀ ਹੱਥ-ਲਿਖਤ ਵਿੱਦਿਆ ਦਾ ਕੁਝ ਕੁਝ ਪਤਾ ਲਗਦਾ ਹੈ। ਇਸ ਤੋਂ ਬਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਸੈਂਕੜਿਆਂ ਦੀ ਗਿਣਤੀ ਵਿਚ ਲਿਖੀਆਂ ਗਈਆਂ। ਇਨ੍ਹਾਂ ਦੇ ਅਧਿਐਨ ਤੋਂ ਸਾਨੂੰ ਲਿਖਾਰੀਆਂ ਦੇ ਕਲਾ ਕੌਸ਼ਲ ਦਾ ਗਿਆਨ ਹੁੰਦਾ ਹੈ ਕਿ ਇਹ ਲੋਕ ਕਿਤਨੇ ਸੋਹਣੇ ਅੱਖਰ ਲਿਖਦੇ ਸਨ ਤੇ ਕਿਸ ਤਰ੍ਹਾਂ ਜਾਨ ਮਾਰ ਕੇ ਇਤਨੇ ਵੱਡੇ ਗ੍ਰੰਥ ਤਿਆਰ ਕਰਦੇ ਸਨ। ਲਿਖਾਰੀਆਂ ਦੀ ਸੂਝ-ਬੂਝ ਦਾ ਪਰਿਚਯ ਇਸ ਗੱਲ ਤੋਂ ਵੀ ਮਿਲਦਾ ਹੈ ਕਿ ਇਹ ਸ਼ਬਦ-ਜੋੜ ਕਿਸ ਤਰ੍ਹਾਂ ਲਿਖਦੇ ਸਨ ਤੇ ਖ਼ਾਸ ਕਰਕੇ ਹਰ ਸ਼ਬਦ ਦੇ ਅੰਤ ਵਿਚ ਵਿਆਕਰਣਿਕ ਦ੍ਰਿਸ਼ਟੀ ਤੋਂ ਮੁਕਤਾ, ਸਿਹਾਰੀ ਜਾਂ ਔਂਕੜ ਆਦਿ ਕਿਥੇ ਵਰਤਦੇ ਸਨ। ਗੁਰਬਾਣੀ ਦੀ ਲਿਖਾਈ ਦਾ ਬੁਨਿਆਦੀ ਨੁਕਤਾ ਇਹੋ ਹੈ, ਜਿਸ ਨੂੰ ਹਰ ਲਿਖਾਰੀ ਨਹੀਂ ਸੀ ਜਾਣਦਾ, ਪਰੰਤੂ ਗੁਰੂ ਸਾਹਿਬ ਦੀ ਸਿਖਲਾਈ ਨੇ ਕਈ ਲਿਖਾਰੀਆਂ ਨੂੰ ਇਸ ਤਕਨੀਕ ਵਿਚ ਨਿਪੁੰਨ ਕਰ ਦਿੱਤਾ ਸੀ। ਇਸ ਗੱਲ ਦੀ

ਸਪੱਸ਼ਟਤਾ ਲਈ ਅਸੀਂ ਕੁਝ ਕੁ ਅਜਿਹੀਆਂ ਤੁਕਾਂ ਪੇਸ਼ ਕਰਦੇ ਹਾਂ, ਜਿਥੇ ਕਿ ਇੱਕੋ ਤੁੱਕ ਵਿਚ ਸ਼ਬਦ-ਜੋੜ ਦਾ ਭੇਦ ਵਿਆਕਰਣਿਕ ਰੂਪਾਂ ਦੀ ਭਿੰਨਤਾ ਦਾ ਸੂਚਕ ਹੋ ਕੇ ਵੱਖਰਾ-ਵੱਖਰਾ ਅਰਥ ਦਰਸਾਉਂਦਾ ਹੈ:

1. **ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥** *(ਸੂਹੀ ਮੁਹਲਾ ੫, ਪੰਨਾ 736)*
2. **ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ॥**
   (ਤਿਲੰਗ ਮਹਲਾ ੧, ਪੰਨਾ 725)
3. **ਸੰਗਿ ਸੰਗੁ ਨ ਕੀਚਈ ਨਾਨਕ ਜਿਨਾ ਆਪਣਾ ਸੁਆਉ॥**
   (ਗੂਜਰੀ ਮਹਲਾ ੫, ਪੰਨਾ 520)
4. **ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥**
   (ਸਿਰੀਰਾਗੁ ਮਹਲਾ ਪਹਿਲਾ ੧, ਪੰਨਾ 14)
5. **ਮਨਿ ਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨੁ॥**
   (ਸਿਰੀਰਾਗੁ ਮਹਲਾ ੧, ਪੰਨਾ 55)

   ਜਾਂ

   ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥
   (ਬਿਲਾਵਲੁ ਮਹਲਾ ੧, ਅਸਟਪਦੀਆ, ਪੰਨਾ 831)

ਇਥੇ ਇਤਨੀ ਥਾਂ ਨਹੀਂ ਕਿ ਅਸੀਂ ਸ਼ਬਦਾਂਤਿਕ ਲਗਾਂਮਾਤ੍ਰਾਂ ਦੀ ਸਾਰਥਿਕਤਾ ਉੱਤੇ ਚਰਚਾ ਕਰੀਏ, ਪਰੰਤੂ ਇਹ ਗੱਲ ਪ੍ਰਗਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੁਰਾਤਨ ਲਿਖਾਰੀ ਇਸ ਦੀ ਪੂਰੀ ਪੂਰੀ ਸੋਝੀ ਰੱਖਦੇ ਸਨ ਤੇ ਇਸੇ ਸੂਝ-ਬੂਝ ਆਸਰੇ ਉਨ੍ਹਾਂ ਥਾਂ ਥਾਂ ਅੰਤ ਵਿਚ ਸਿਹਾਰੀ ਜਾਂ ਔਂਕੜ ਲਾਏ ਹਨ ਤੇ ਉਸ ਸਮੇਂ ਦੇ ਲਿਖਾਈ ਪ੍ਰਬੰਧ ਵਿਚ ਵਿਆਕਰਣਿਕ ਪੱਖ ਤੋਂ ਇਨ੍ਹਾਂ ਦਾ ਵਿਸ਼ੇਸ਼ ਮਹੱਤਵ ਹੈ।

ਇਸ ਸਮੇਂ ਸਾਰੇ ਹਿੰਦ ਭਰ ਵਿਚ ਇਕ ਹਜ਼ਾਰ ਤੋਂ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਲਿਖਤੀ ਬੀੜਾਂ ਮਿਲਦੀਆਂ ਹਨ, ਜਿਨ੍ਹਾਂ ਵਿੱਚੋਂ ਬਹੁਤੀਆਂ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਅੰਮ੍ਰਿਤਸਰ, ਪਟਨਾ ਸਾਹਿਬ, ਬਨਾਰਸ, ਜੰਮੂ-ਕਸ਼ਮੀਰ, ਦਮਦਮਾ ਸਾਹਿਬ, ਹਜ਼ੂਰ ਸਾਹਿਬ ਆਦਿ ਥਾਵਾਂ 'ਤੇ ਸੁਰੱਖਿਅਤ ਹਨ। 8-10 ਬੀੜਾਂ ਕਾਬਲ ਵਿਚ ਵੀ ਹਨ ਤੇ ਅੱਠ-ਦਸ ਬ੍ਰਿਟਿਸ਼ ਮਿਊਜ਼ਿਅਮ ਲੰਡਨ ਵਿਚ ਸਾਂਭੀਆਂ ਪਈਆਂ ਹਨ। ਚਕਾਰ ਆਸ਼ਰਮ ਵਿਚ ਅਕਾਲੀ ਕੌਰ ਸਿੰਘ ਜੀ ਨੇ 52 ਹੱਥ ਲਿਖਤ ਬੀੜਾਂ ਇਕੱਤਰ ਕੀਤੀਆਂ ਹੋਈਆਂ ਸਨ। ਇਨ੍ਹਾਂ ਸਾਰੀਆਂ ਬੀੜਾਂ ਦਾ ਜੇਕਰ ਸਾਰੇ ਪੱਖਾਂ ਤੋਂ ਅਧਿਐਨ ਕਰੀਏ ਤਾਂ ਪਤਾ ਲੱਗੇਗਾ ਕਿ ਸਾਡੀ ਲਿਖਾਰੀ ਜਮਾਤ ਕਿਤਨੀ ਸਿਆਣੀ, ਸੁਚੱਜੀ ਤੇ ਕਲਾਕਾਰ ਰੁਚੀਆਂ ਦੀ ਮਾਲਕ ਸੀ ਤੇ ਕਿਤਨੀ ਕਠਿਨ ਘਾਲ ਘਾਲਦੀ ਸੀ।

ਸਤਾਰ੍ਹਵੀਂ-ਅਠਾਰ੍ਹਵੀਂ ਸਦੀ ਦੇ ਅੱਖਰ ਰੂਪ ਕੀ ਸਨ ਤੇ ਕੀ ਕੀ ਉਨ੍ਹਾਂ ਵਿਚ ਸਮੇਂ ਨਾਲ ਤਬਦੀਲੀ ਆਈ ਤੇ ਕਿਸ ਤਰ੍ਹਾਂ ਅੰਮ੍ਰਿਤਸਰੀ, ਦਮਦਮੀ, ਪਹਾੜੀ, ਕਸ਼ਮੀਰੀ ਆਦਿ ਲਿਖਣ ਸ਼ੈਲੀਆਂ ਪ੍ਰਫੁਲਤ ਹੋਈਆਂ। ਸ਼ਿਲਸ਼ਤਾ ਲਿਖਤ ਕੀ ਸੀ? ਟਕਸਾਲੀ ਕੀ, ਇਹ ਸਭ ਇਨ੍ਹਾਂ ਦੇ ਵਿਸਤ੍ਰਿਤ ਅਧਿਐਨ ਤੋਂ ਹੀ ਪ੍ਰਗਟ ਹੋ ਸਕਦਾ

ਹੈ। ਇਸ ਤੋਂ ਇਲਾਵਾ ਅਨੇਕਾਂ ਬੀੜਾਂ ਦੇ ਮੁੱਢਲੇ ਪੱਤਰਿਆਂ ਉੱਤੇ ਕੀਤੀ ਚਿੱਤਰਕਾਰੀ ਦੱਸੇਗੀ ਕਿ ਇਹ ਲੋਕ ਚਿੱਤਰਕਲਾ ਵਿਚ ਵੀ ਡਾਢੀ ਰੁਚੀ ਰੱਖਦੇ ਸਨ। ਜੇ ਕਿਤੇ ਆਪ ਚਿੱਤਰਕਾਰੀ ਦੀ ਬਹੁਤੀ ਜਾਚ ਨਹੀਂ ਸੀ ਤਾਂ ਇਹ ਕਿਸੇ ਹੋਰ ਕਲਾਕਾਰ ਕੋਲੋਂ ਕਰਾ ਕੇ ਆਪਣੀ ਪੋਥੀ ਨੂੰ ਸਚਿੱਤਰ ਕਰਕੇ ਵਧੇਰੇ ਸੁਹਣਾ ਬਣਾਉਣ ਦਾ ਯਤਨ ਕਰਦੇ ਸਨ।

ਸੋ ਇਹ ਕੋਈ ਅਚੰਭੇ ਵਾਲੀ ਗੱਲ ਨਹੀਂ, ਪੇਸ਼ਾਵਰ ਲਿਖਾਰੀਆਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਲੋਕ ਲਿਖਾਈ ਦਾ ਕੰਮ ਕਰਦੇ ਰਹਿੰਦੇ ਸਨ। ਜੋ ਲਿਖਾਰੀ ਰੁਜ਼ਗਾਰ ਲਈ ਕਿਤਾਬਾਂ ਦੇ ਉਤਾਰੇ ਕਰਦੇ ਸਨ, ਇਹ ਉਨ੍ਹਾਂ ਦਾ ਖ਼ਾਨਦਾਨੀ ਕਿੱਤਾ ਸੀ। ਸਿੱਖ ਰਿਆਸਤਾਂ ਵਿਚ ਅਜੇ ਤੱਕ ਲਿਖਾਰੀ ਘਰਾਣੇ ਮੌਜੂਦ ਹਨ, ਜਿਨ੍ਹਾਂ ਦੇ ਬਜ਼ੁਰਗ ਕਿਸੇ ਕਲਾ ਆਸਰੇ ਆਪਣਾ ਰੋਟੀ-ਪਾਣੀ ਤੋਰਦੇ ਸਨ। ਪਟਿਆਲਾ, ਸੰਗਰੂਰ, ਨਾਭਾ, ਕਪੂਰਥਲਾ, ਕੈਥਲ ਤੇ ਕਲਸੀਆ ਵਿਚ ਅਜਿਹੇ ਖ਼ਾਨਦਾਨ ਅੱਜ ਵੀ ਹਨ ਤੇ ਉਨ੍ਹਾਂ ਪਾਸ ਬਜ਼ੁਰਗਾਂ ਦੀਆਂ ਲਿਖੀਆਂ ਖ਼ੁਸ਼ਖ਼ਤ ਪੁਸਤਕਾਂ ਵੀ ਮੌਜੂਦ ਹਨ। ਕਈ ਗ੍ਰੰਥੀ ਸਿੰਘ ਵੀ ਇਹ ਕੰਮ ਕਰਦੇ ਸਨ। ਇਸ ਤੋਂ ਬਿਨਾਂ ਡੇਰਿਆਂ ਦੇ ਸਾਧੂ, ਉਦਾਸੀ, ਨਿਰਮਲੇ ਸੇਵਾਪੰਥੀ ਵੀ ਧਾਰਮਿਕ ਗ੍ਰੰਥਾਂ ਦੇ ਉਤਾਰੇ ਕਰਨ ਵਿਚ ਰੁੱਝੇ ਰਹਿੰਦੇ ਸਨ ਤੇ ਉਨ੍ਹਾਂ ਸਾਡੇ ਸਾਹਿੱਤ ਦੀ ਬਹੁਤ ਨਿੱਗਰ ਸੇਵਾ ਕੀਤੀ। ਇਸ ਤੋਂ ਕੌਣ ਇਨਕਾਰ ਕਰ ਸਕਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਤੋਂ ਇਲਾਵਾ ਦਸਮ ਗ੍ਰੰਥ ਦੇ ਅਨੇਕਾਂ ਖਰੜੇ ਲਿਖੇ ਗਏ। ਸਤਿਗੁਰਾਂ ਦੀਆਂ ਜੀਵਨ ਸਾਖੀਆਂ ਢੇਰ ਲਿਖੀਆਂ ਗਈਆਂ ਤੇ ਹੋਰ ਸਿੱਖ ਇਤਿਹਾਸ ਦੇ ਗ੍ਰੰਥ ਵੀ ਨਕਲ ਕੀਤੇ ਜਾਂਦੇ ਰਹੇ। ਇਹ ਗੁਰਮਤਿ ਧਾਰਾ ਦੇ ਮੁੱਖ ਗ੍ਰੰਥਾਂ ਤੋਂ ਬਿਨਾਂ ਸੰਤਾਂ ਭਗਤਾਂ ਦੀਆਂ ਰਚਨਾਵਾਂ ਅਤੇ ਸੂਫ਼ੀਆਂ ਦਾ ਕਲਾਮ ਵੀ ਗੁਰਮੁਖੀ ਲਿਖਾਰੀਆਂ ਨੇ ਸੰਭਾਲ ਸੰਭਾਲ ਕੇ ਰੱਖਿਆ। ਇਹ ਗੱਲ ਨਹੀਂ ਕਿ ਧਾਰਮਿਕ ਰਚਨਾਵਾਂ ਹੀ ਲਿਖੀਆਂ ਜਾਂਦੀਆਂ ਸਨ, ਇਸ ਤੋਂ ਬਿਨਾਂ ਕਿੱਸਾ ਸਾਹਿੱਤ ਤੇ ਹੋਰ ਉਪਯੋਗੀ ਸਾਹਿੱਤ ਵੀ ਕਾਫ਼ੀ ਮਾਤਰਾ ਵਿਚ ਲਿਖਿਆ ਗਿਆ।

ਅਣਜਾਣ ਲਿਖਾਰੀ

ਜਿਵੇਂ ਕਿ ਅਸਾਂ ਪਹਿਲੇ ਕਿਹਾ ਹੈ ਕਿ ਕੇਵਲ ਕਲਮ ਦਵਾਤ ਹੀ ਲਿਖਾਰੀ ਬਣਨ ਲਈ ਕਾਫ਼ੀ ਨਹੀਂ, ਸਾਹਿੱਤਕ ਸੂਝ-ਬੂਝ ਦੀ ਵੀ ਆਵੱਸ਼ਕਤਾ ਹੈ। ਸੋਝੀਵਾਨ ਲਿਖਾਰੀ ਪਾਸੋਂ ਨਕਲ ਕਰਨ ਲੱਗਿਆਂ ਵੀ ਕਈ ਭੁੱਲਾਂ ਹੋ ਜਾਂਦੀਆਂ ਹਨ। ਕਈ ਵਾਰ ਲਿਖਾਰੀ ਦਾ ਵੀ ਕਸੂਰ ਨਹੀਂ ਹੁੰਦਾ, ਮਾਮੂਲੀ ਜਿਹੀ ਸਿਆਹੀ ਦੇ ਨੁਕਤੇ ਨਾਲ ਸਾਰੀ ਗੱਲ ਬਦਲ ਜਾਂਦੀ ਹੈ। ਸ਼ਾਹ ਹੁਸੈਨ ਦਾ ਸਲੋਕ ਹੈ:

ਮਨੁ ਚਾਹੇ ਮਹਿਬੂਬ ਕਉ, ਤਨ ਚਾਹੇ ਸੁਖ ਚੈਨ।
ਦੁਇ ਰਾਜੇ ਕੀ ਸੰਧਿ ਮੇਂ, ਕੈਸੇ ਬਨੇ ਹੁਸੈਨ।

ਹੁਣ 'ਸੰਧਿ' ਵਾਲੇ ਧੱਧੇ ਦੀ ਸਿਹਾਰੀ ਦਾ ਮੋਢਾ 'ਸੱਸੇ' ਵੱਲ ਜੁੜ ਗਿਆ ਤਾਂ

ਪਾਠ 'ਸੀਧ' ਬਣਾ ਦਿੱਤਾ ਗਿਆ, ਜੋ ਕਿ ਬਿਲਕੁਲ ਗ਼ਲਤ ਸੀ। ਸਾਡੇ ਸੰਪਾਦਕਾਂ, ਮੱਖੀ 'ਤੇ ਮੱਖੀ ਮਾਰ ਕੇ ਇਸੇ ਨੂੰ ਕਾਇਮ ਰੱਖਿਆ ਹੈ।

ਕਿੱਸਾਕਾਰੀ ਦੇ ਮੈਦਾਨ ਵਿਚ ਚਮਤਕਾਰ ਦਿਖਾਉਣ ਵਾਲੇ ਵਧੇਰੇ ਮੁਸਲਮਾਨ ਸ਼ਾਇਰ ਸਨ ਤੇ ਉਹ ਆਮ ਤੌਰ 'ਤੇ ਪੰਜਾਬੀ ਰਚਨਾ ਨੂੰ ਫ਼ਾਰਸੀ ਅੱਖਰਾਂ ਵਿਚ ਹੀ ਲਿਖਦੇ ਸਨ। ਇਸ਼ਕੀਆ ਲਿਟਰੇਚਰ ਦੀ ਮੰਗ ਜ਼ਿਆਦਾ ਸੀ, ਇਸ ਕਰਕੇ ਲਿਖਾਰੀਆਂ ਇਨ੍ਹਾਂ ਕਿੱਸਿਆਂ ਨੂੰ ਧੜਾਧੜ ਗੁਰਮੁਖੀ ਵਿਚ ਲਿਪਿ-ਅੰਤਰ ਕਰਨਾ ਸ਼ੁਰੂ ਕਰ ਦਿੱਤਾ ਤੇ ਕਾਹਲੀ ਵਿਚ ਅਨੇਕਾਂ ਭੁੱਲਾਂ ਹੋਈਆਂ ਜਿਨ੍ਹਾਂ ਨੂੰ ਅੱਜ ਦਰੁੱਸਤ ਕਰਨਾ ਔਖਾ ਹੋ ਰਿਹਾ ਹੈ। ਮਿਸਾਲ ਲਈ ਹਾਸ਼ਮ ਨੇ ਸੋਹਣੀ ਦਾ ਕਿੱਸਾ ਲਿਖਿਆ, ਇਸ ਦੇ ਮੁੱਢ ਵਿਚ ਤੁਕ ਹੈ :

ਇਕ ਦਿਨ ਸ਼ੌਕ ਸਮੇਂ ਜਗਦੇਈਂ, ਬੈਠਿਆਂ ਵਿਚ ਮਸੀਤੀ।
ਯਾਰਾਂ ਦਰਦਵੰਦਾਂ ਫ਼ੁਰਮਾਇਸ਼, ਨਾਲਿ ਮੁਹੱਬਤਿ ਕੀਤੀ।

ਹੁਣ ਪੱਕਾ ਮੋਮਨ ਇਹ ਗੱਲ ਝੱਲ ਨਹੀਂ ਸੀ ਸਕਦਾ ਕਿ ਖ਼ੁਦਾ ਦੇ ਘਰ ਮਸੀਤ ਵਿਚ ਬਹਿ ਕੇ ਕਿਸੇ ਨੇ ਸੋਹਣੀ ਦੇ ਇਸ਼ਕ ਦੀ ਗੱਲ ਕੀਤੀ ਹੋਵੇਗੀ। ਉਸ ਨੇ ਮਰਜ਼ੀ ਨਾਲ ਪਾਠ ਇਉਂ ਇਹ ਲਿਆ :

ਇਕ ਦਿਨ ਸ਼ੌਕ ਸਮੇਂ ਜਗਦੇਈ, ਵਿਚ ਮਕਾਨ ਮਸੀਤੀ।

(ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ)

ਜਿਸ ਲਿਖਾਰੀ ਨੂੰ ਇਹ ਖ਼ਬਰ ਨਹੀਂ ਸੀ ਕਿ ਜਗਦੇਉਂ ਕਵੀ ਦੇ ਪਿੰਡ ਦਾ ਨਾਮ ਹੈ, ਉਸ ਨੇ ਇਹੋ ਪਾਠ ਇਉਂ ਪੜ੍ਹ ਲਿਆ—ਇਕ ਦਿਨ ਸ਼ੌਕ ਸਮੇਂ ਜਗ ਦੇਖਾ, ਬੈਠਿਆਂ ਵਿਚ ਮਸੀਤੀਂ (ਮੇਰੇ ਵਾਲਾ ਖਰੜਾ) ਜਿਸ ਸੱਜਣ ਨੂੰ ਇਹ ਖ਼ਿਆਲ ਸੀ ਕਿ ਹਾਸ਼ਮ ਦਾ ਮਲਕਪੁਰੇ ਨਾਲ ਤਅੱਲਕ ਹੈ, ਉਸ ਨੇ ਇਹ ਤਬਦੀਲੀ ਕਰਨੀ ਠੀਕ ਸਮਝੀ :

ਇਕ ਦਿਨ ਮਲਕਪੁਰੇ ਵਿਚ ਬੈਠਿਆਂ, ਵਿਚ ਮਕਾਨ ਮਸੀਤੀ।

(ਰੀਕਾਰਡ ਆਫ਼ਿਸ ਸ਼ਿਮਲਾ ਦਾ ਖਰੜਾ; ਭਾਸ਼ਾ ਵਿਭਾਗ, ਖਰੜਾ 140)

ਇਸ ਤੋਂ ਪਤਾ ਲਗਦਾ ਹੈ ਕਿ ਅਣਜਾਣ ਲਿਖਾਰੀ ਕਿਵੇਂ ਕਈ ਮਨਮਰਜ਼ੀਆਂ ਕਰ ਕੇ ਅਸਲ ਲਿਖਾਰੀ ਨਾਲ ਮਜ਼ਾਕ ਕਰਦੇ ਰਹੇ ਹਨ ਤੇ ਕਈ ਪਾਠਾਂ ਨੂੰ ਹੋਰ ਦਾ ਹੋਰ ਪੜ੍ਹਾ ਕੇ ਗ਼ਲਤੀਆਂ ਦਾ ਬੀ ਬੀਜਦੇ ਗਏ ਹਨ। ਹੁਣ ਅਜਿਹੀਆਂ ਬਜਰ ਭੁੱਲਾਂ ਨੂੰ ਠੀਕ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ।

ਸਾਨੂੰ ਦੂਰ ਜਾਣ ਦੀ ਲੋੜ ਨਹੀਂ, ਸ਼ਾਹ ਮੁਹੰਮਦ ਦਾ ਕਿੱਸਾ ਕਿਸ ਨੂੰ ਭੁੱਲਾ ਹੋਇਆ ਹੈ। ਇਸ ਦੀਆਂ ਕਈ ਤੁਕਾਂ ਹੋਰ ਦੀਆਂ ਹੋਰ ਹੋ ਗਈਆਂ। ਮਿਸਾਲ ਲਈ ਵਡਾਲੇ ਦੀ ਥਾਂ 'ਵਟਾਲਾ' ਕਰ ਦਿੱਤਾ। ਲਾਟ ਸਾਹਿਬ ਆਪਣੀਆਂ ਫ਼ੌਜਾਂ ਨੂੰ ਕਹਿ ਰਿਹਾ ਹੈ :

ਹੁਕਮ ਲਾਟ ਕੀਤਾ ਲਸ਼ਕਰ ਆਪਣੇ ਨੂੰ, ਤੁਸਾਂ ਲਾਜ ਅੰਗ੍ਰੇਜ਼ ਦੀ ਰੱਖਣੀ ਜੀ।
ਸ਼ਾਹ ਮੁਹੰਮਦਾ ਕਰਨਾ ਪੰਜਾਬ ਖ਼ਾਲੀ, ਰੱਤ ਸਿੰਘ ਸਿਪਾਹੀ ਦੀ ਚੱਖਣੀ ਜੀ ॥੭੨॥

ਇਹ ਸਤਰ ਇਉਂ ਬਦਲ ਗਈ :

ਸ਼ਾਹ ਮੁਹੰਮਦਾ ਤੁਸੀਂ ਪੰਜਾਬੀ ਓ ਜੀ, ਕੀਰਤਿ ਸਿੰਘ ਸਿਪਾਹੀ ਦੀ ਰੱਖਣੀ ਜੀ।

ਹੱਥ-ਲਿਖਤਾਂ ਦੀ ਉਪਯੋਗਤਾ

1. ਸਭ ਤੋਂ ਪ੍ਰਾਚੀਨ ਪ੍ਰਮਾਣਿਕ ਖਰੜੇ ਨੂੰ ਹੀ ਆਧਾਰ ਬਣਾਇਆ ਜਾਵੇ।
2. ਇਸ ਤੋਂ ਬਾਦ ਉਸ ਸਮੇਂ ਦੇ ਨੇੜੇ ਦੀਆਂ ਹੱਥ-ਲਿਖਤਾਂ ਨਾਲ ਮਿਲਾਨ ਕੀਤਾ ਜਾਵੇ।
3. ਸ਼ੁੱਧ ਪਾਠ ਲਈ ਉਸ ਵਕਤ ਦੀ ਬੋਲੀ ਤੇ ਸ਼ੈਲੀ ਦੀ ਅਨੁਕੂਲਤਾ ਪਰਖੀ ਜਾਵੇ।
4. ਪਾਠਾਂਤਰ ਉਹੋ ਦਿੱਤੇ ਜਾਣ ਜਿਨ੍ਹਾਂ ਬਾਰੇ ਸੰਦੇਹ ਹੋਵੇ ਕਿ ਇਹੋ ਵੀ ਹੋ ਸਕਦਾ ਹੈ।
5. ਮੁਸਲਮਾਨ ਸ਼ਾਇਰਾਂ ਦੀ ਰਚਨਾ ਦਾ ਸ਼ੁੱਧ ਪਾਠ ਜਾਨਣ ਲਈ ਵਿਦਵਾਨ ਖੋਜੀ ਨੂੰ ਇਹ ਗੱਲ ਸਾਹਮਣੇ ਰੱਖਣੀ ਚਾਹੀਦੀ ਹੈ ਕਿ ਇਹ ਫ਼ਾਰਸੀ ਅੱਖਰਾਂ ਵਿਚ ਕਿਵੇਂ ਲਿਖਿਆ ਗਿਆ ਤੇ ਉਥੋਂ ਕਿਵੇਂ ਗ਼ਲਤ ਪੜ੍ਹੀਕੇ ਰੂਪ ਬਦਲੀ ਹੋਈ ਹੋਵੇਗੀ। ਇਹ ਨੁਕਤਾ ਪਾਠ ਲੱਭਣ ਵਿਚ ਵਧੇਰੇ ਮਦਦਗਾਰ ਹੋ ਸਕਦਾ ਹੈ।

ਹੱਥ-ਲਿਖਤ ਪੜ੍ਹਨ ਦੀ ਸੁਯੋਗਤਾ

ਹੱਥ-ਲਿਖਤ ਲਿਖਣਾ ਇਕ ਕਲਾ ਹੈ, ਪਰ ਹੱਥ-ਲਿਖਤਾਂ ਪੜ੍ਹਨਾ ਇਕ ਵਿਗਿਆਨ ਹੈ। ਇਸ ਦੇ ਅਧਿਐਨ ਲਈ ਜਿਥੇ ਸਿਖਲਾਈ ਦੀ ਜ਼ਰੂਰਤ ਹੈ, ਉਥੇ ਲੰਮੇ ਅਭਿਆਸ ਦੀ ਵੀ ਆਵੱਸ਼ਕਤਾ ਹੈ। ਫਿਰ ਵੀ ਕੁਝ ਗੱਲਾਂ ਧਿਆਨ ਗੋਚਰੇ ਕਰਨਾ ਜ਼ਰੂਰੀ ਸਮਝਦਾ ਹਾਂ :

1. ਮੱਧਕਾਲੀਨ ਸਾਹਿੱਤਕ ਪਰੰਪਰਾ ਦਾ ਗਿਆਨ ਜ਼ਰੂਰੀ ਹੈ।
2. ਖ਼ਾਸ ਕਰਕੇ ਸੰਸਕ੍ਰਿਤ, ਫ਼ਾਰਸੀ ਤੇ ਬ੍ਰਿਜ ਭਾਸ਼ਾ ਦੀ ਸ਼ੈਲੀ ਤੇ ਬੋਲੀ ਦੀ ਸੋਝੀ ਚਾਹੀਦੀ ਹੈ।
3. ਅਖੰਡ ਰਚਨਾ, ਜੋ ਪਦ-ਛੇਦ ਰਹਿਤ ਹੈ, ਪੜ੍ਹਨ ਦਾ ਅਭਿਆਸ ਚਾਹੀਦਾ ਹੈ।
4. ਪੁਰਾਤਨ ਅੱਖਰਾਂ ਦਾ ਪਰਿਚਯ ਵੀ ਜ਼ਰੂਰੀ ਹੈ।
5. ਆਮ ਸੂਝ-ਬੂਝ ਜਾਂ ਕਾਮਨ ਸੈਂਨਸ ਸਭ ਤੋਂ ਵੱਧ ਲੋੜੀਂਦੀ ਹੈ। ਇਸੇ ਵਿਧੀ ਨਾਲ ਸਹੀ ਤੇ ਸ਼ੁੱਧ ਪਾਠ ਲੱਭਣ ਵਿਚ ਮਦਦ ਮਿਲਦੀ ਹੈ।

ਹੱਥ-ਲਿਖਤਾਂ ਦੀ ਸੰਭਾਲ

ਇਸ ਸਮੇਂ ਗੁਰਮੁਖੀ ਹੱਥ-ਲਿਖਤਾਂ ਦੀ ਗਿਣਤੀ 10 ਹਜ਼ਾਰ ਤੋਂ ਉਪਰ ਹੈ। ਕਈ ਐਸੀਆਂ ਰਚਨਾਵਾਂ ਵੀ ਹਨ, ਜਿਨ੍ਹਾਂ ਦੀਆਂ ਕੇਵਲ ਇਕ ਦੋ ਨਕਲਾਂ ਹੀ ਮਿਲਦੀਆਂ ਹਨ :

1. ਲੋੜ ਹੈ ਅਜਿਹੇ ਦੁਰਲੱਭ ਨੁਸਖ਼ਿਆਂ ਦੀ ਜ਼ੀਰਾਕਸ ਕਾਪੀ ਕਰ ਲਈ ਜਾਵੇ।
2. ਜਿਤਨੇ ਖਰੜੇ ਨਿਜੀ ਮਲਕੀਅਤ ਹਨ, ਉਨ੍ਹਾਂ ਨੂੰ ਵੱਧ ਤੋਂ ਵੱਧ ਪੈਸੇ ਦੇ ਕੇ ਕੇਂਦਰੀ ਲਾਇਬ੍ਰੇਰੀ ਵਿਚ ਸੁਰੱਖਿਅਤ ਕਰਨਾ ਜ਼ਰੂਰੀ ਹੈ, ਕਿਉਂਕਿ ਕਈ ਪੁਸਤਕ ਮਾਲਕ ਸਹੀ ਸੰਭਾਲ ਦੀ ਜਾਚ ਨਹੀਂ ਜਾਣਦੇ, ਖਰੜਿਆਂ ਨੂੰ ਸਿਉਂਕ

ਖਾ ਜਾਂਦੀ ਹੈ ਜਾਂ ਫਿਰ ਬਰਸਾਤੀ ਅਸਰ ਨਾਲ ਜੁੜ ਕੇ ਖ਼ਰਾਬ ਹੋ ਜਾਂਦੇ ਹਨ। ਕਈ ਵਪਾਰੀ ਇਨ੍ਹਾਂ ਨੂੰ ਬਾਹਰ ਵੇਚ ਕੇ ਪੈਸੇ ਤਾਂ ਵੱਧ ਵੱਟ ਲੈਂਦੇ ਹਨ, ਪਰ ਦੇਸ਼ ਦਾ ਡਾਢਾ ਨੁਕਸਾਨ ਕਰ ਦਿੰਦੇ ਹਨ।

3. ਇਨ੍ਹਾਂ ਸਾਰਿਆਂ ਖਰੜਿਆਂ ਦੀਆਂ ਸੂਚੀਆਂ ਬਣਨੀਆਂ ਚਾਹੀਦੀਆਂ ਹਨ। ਭਾਸ਼ਾ ਵਿਭਾਗ ਨੇ ਦੋ ਸੂਚੀਆਂ ਛਾਪੀਆਂ ਹਨ, ਇਸ ਪਾਸੇ ਹੋਰ ਉੱਦਮ ਦੀ ਲੋੜ ਹੈ।
4. ਬਹੁਤ ਪ੍ਰਾਚੀਨ ਲਿਖਤਾਂ ਲੈ ਕੇ ਇਕੱਠੇ ਇਕੱਠੇ ਗੁਰਮੁਖੀ ਅੱਖਰਾਂ ਦੇ ਵਿਕਾਸ ਦੀ ਪਰੰਪਰਾ ਖੋਜਣ ਦੀ ਲੋੜ ਹੈ।
5. ਜਿਤਨੇ ਸਚਿੱਤਰ ਖਰੜੇ ਹਨ, ਉਨ੍ਹਾਂ ਵਿੱਚੋਂ ਦੁਰਲੱਭ ਚਿੱਤਰਾਂ ਦੇ ਰੰਗੀਨ ਫੋਟੋ ਲੈ ਕੇ ਇਕ ਚੰਗੀ ਚਿੱਤਰਾਵਲੀ ਤਿਆਰ ਕੀਤੀ ਜਾ ਸਕਦੀ ਹੈ।

ਸੱਚੀ ਗੱਲ ਤਾਂ ਇਹ ਹੈ ਕਿ ਇਹ ਹੱਥ-ਲਿਖਤਾਂ ਦਾ ਭੰਡਾਰ, ਸਾਡਾ ਅਮੋਲਕ ਵਿਰਸਾ ਹੈ, ਜਿਥੇ ਇਸ ਦੀ ਸੰਭਾਲ ਜ਼ਰੂਰੀ ਹੈ, ਉਥੇ ਇਨ੍ਹਾਂ ਦੀ ਵਰਤੋਂ ਦਾ ਖ਼ਿਆਲ ਕਰਨਾ ਵੀ ਆਵੱਸ਼ਕ ਹੈ। ਇਨ੍ਹਾਂ ਸਦਕੇ ਹੀ ਅਸੀਂ ਆਪਣੇ ਸਾਹਿੱਤ ਤੇ ਕਲਾ ਨੂੰ ਉਜਾਗਰ ਕਰ ਸਕਦੇ ਹਾਂ।

•

ਭਗਤ ਨਾਮਦੇਵ ਤੇ ਕਿਰਤ ਦਾ ਮਹੱਤਵ

ਭਾਰਤ ਦੇ ਪੁਰਾਣੇ ਧਰਮ-ਸ਼ਾਸਤਰੀ ਅਤੇ ਸਮਾਜ-ਸ਼ਾਸਤਰੀ ਦੋ ਅਜਿਹੀਆਂ ਵੱਡੀਆਂ ਭੁੱਲਾਂ ਦਾ ਸ਼ਿਕਾਰ ਹੋਏ, ਜਿਨ੍ਹਾਂ ਦੇਸ਼ ਦੇ ਭਵਿੱਖ ਨੂੰ ਪਿੰਗਲਾ ਬਣਾ ਕੇ ਰੱਖ ਦਿੱਤਾ। ਪਹਿਲੀ ਭੁੱਲ ਇਹ ਕਿ ਵਸਦੇ-ਰਸਦੇ ਜਗਤ ਨੂੰ 'ਮਿਥਿਆ' ਦੱਸ ਕੇ ਮਨੁੱਖ ਨੂੰ ਸੰਸਾਰੀ ਕਾਰ-ਵਿਹਾਰ ਤੋਂ ਬੇਮੁਖ ਕਰ ਦਿੱਤਾ ਤੇ ਧਰਮ ਅਤੇ ਕਰਮ ਨੂੰ ਨਿਖੇੜ ਦਿੱਤਾ, ਜਿਸ ਦਾ ਮੋਟਾ ਜਿਹਾ ਭਾਵ ਇਹ ਸੀ ਕਿ ਜਿਸ ਨੇ ਧਰਮ ਵੱਲ ਪ੍ਰਵਿਰਤ ਹੋਣਾ ਹੈ, ਉਸ ਨੂੰ ਸੰਸਾਰ ਦਾ ਕੰਮ-ਕਾਰ ਛੱਡਣਾ ਹੀ ਪਵੇਗਾ। ਇਸ ਦਾ ਮੰਦਾ ਨਤੀਜਾ ਇਹ ਹੋਇਆ ਕਿ ਲੋਕ ਕੰਮ-ਕਾਰ ਛੱਡ ਕੇ ਤਿਆਗੀ ਵੈਰਾਗੀ ਬਣਦੇ ਗਏ ਤੇ ਇਥੋਂ ਦੇ ਦਰਸ਼ਨ ਸ਼ਾਸਤਰੀ 'ਕਰਮ' ਨੂੰ 'ਬੰਧਨ' ਪੁਕਾਰਨ ਲੱਗੇ ਤੇ ਹਰ ਤਰ੍ਹਾਂ ਦੇ ਕੰਮ-ਧੰਦੇ ਨੂੰ ਤ੍ਰਿਸਕਾਰਨ ਲੱਗੇ। ਦੂਜੀ ਬੱਜਰ ਭੁੱਲ ਇਹ ਹੋਈ ਕਿ ਨਿੱਕਾ ਮੋਟਾ ਕੰਮ ਕਰਨ ਵਾਲੇ ਕਿਰਤੀ ਕਸਬੀ ਵੀ 'ਸ਼ੂਦਰ' ਕਹਿ ਕੇ ਤ੍ਰਿਸਕਾਰੇ ਗਏ ਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੇ ਧਰਮ ਜਾਂ ਰਾਜ-ਅਧਿਕਾਰ ਤੋਂ ਵੰਚਿਤ ਕਰਾਰ ਦਿੱਤਾ ਗਿਆ। ਇਨ੍ਹਾਂ ਦੋ ਗ਼ਲਤ ਧਾਰਨਾਵਾਂ ਨੇ ਭਾਰਤੀ ਸਮਾਜ ਨੂੰ ਅਧੋਗਤੀ ਦੇ ਰਸਾਤਲ ਤਕ ਪਹੁੰਚਾ ਦਿੱਤਾ ਤੇ ਮਨੁੱਖਤਾ ਦੇ ਗੌਰਵ ਨੂੰ ਘਟਾ ਦਿੱਤਾ।

ਜਿਸ ਸਮਾਜ ਵਿਚ ਕੰਮ-ਕਾਰ ਦੀ ਕਦਰ ਨਾ ਹੋਵੇ ਤੇ ਕਿਸੇ ਕੰਮ ਧੰਦੇ ਨੂੰ ਸ਼ਲਾਘਾ ਦੀ ਦ੍ਰਿਸ਼ਟੀ ਨਾਲ ਨਾ ਦੇਖਿਆ ਜਾਵੇ ਅਤੇ ਫਿਰ ਕੰਮ-ਕਾਰ ਕਰਨ ਵਾਲੇ ਨੂੰ ਵੀ ਕੋਈ ਆਦਰ ਭਾਵ ਨਾ ਦਿੱਤਾ ਜਾਵੇ, ਉਹ ਸਮਾਜ ਕਿਵੇਂ ਅੱਗੇ ਵੱਧ ਸਕਦਾ ਹੈ ਤੇ ਕਿਵੇਂ ਤਰੱਕੀ ਕਰ ਕੇ ਖ਼ੁਸ਼ਹਾਲ ਹੋ ਸਕਦਾ ਹੈ ? ਭਗਤੀ ਲਹਿਰ ਦੇ ਉਜਾਗਰ ਹੋਣ ਤੋਂ ਪਹਿਲਾਂ ਹਿੰਦੁਸਤਾਨ ਅੰਦਰ ਵੱਡੀ ਗ਼ਲਤੀ ਇਹੋ ਘਰ ਕਰ ਗਈ ਸੀ ਕਿ ਕੰਮ ਕਰਨ ਵਾਲੀ ਹਰ ਸ਼੍ਰੇਣੀ 'ਸ਼ੂਦਰ' ਜਾਂ ਨੀਚ ਕਹਿ ਕੇ ਤ੍ਰਿਸਕਾਰੀ ਜਾਂਦੀ ਸੀ ਤੇ ਫਿਰ ਉਹ ਹਰ ਕਿਸਮ ਦੇ ਅਧਿਕਾਰਾਂ ਤੋਂ ਹੱਥ ਧੋ ਬੈਠਦੀ ਸੀ। ਜਦੋਂ ਸਮਾਜ ਵਿਚ ਇਸ ਤਰ੍ਹਾਂ ਨਾ-ਬਰਾਬਰੀ ਦਾ ਵਰਤਾਰਾ ਹੋਵੇ ਤਾਂ ਇਸ ਦੀ ਪ੍ਰਤਿਕ੍ਰਿਆ ਹੋਣੀ ਵੀ ਜ਼ਰੂਰੀ ਸੀ। ਮੁਸਲਿਮ ਧਾਵਿਆਂ ਸਮੇਂ ਲੱਖਾਂ ਕਾਮੇ ਕਸਬੀ ਲੋਕ ਆਪਣੀ ਜ਼ਿੰਦਗੀ ਨੂੰ ਖ਼ੁਸ਼ਹਾਲ ਬਣਾਉਣ ਲਈ ਆਜ਼ਾਦੀ ਤੇ ਬਰਾਬਰੀ ਦਾ ਰੰਗ ਮਾਨਣ ਹਿੱਤ ਮਜਬੂਰਨ ਇਸਲਾਮ ਦੇ ਝੰਡੇ ਹੇਠ ਚਲੇ ਗਏ। ਇਹ ਘਟਨਾ ਭਾਰਤੀ ਸੰਸਕ੍ਰਿਤੀ ਲਈ ਇਕ ਤਰ੍ਹਾਂ ਮਾਰੂ ਤੇ ਅਸਹਿ ਸੱਟ ਸੀ।

ਭਗਤੀ ਲਹਿਰ ਦੇ ਸੰਤਾਂ-ਭਗਤਾਂ ਨੇ ਉਪਰੋਕਤ ਦੋ ਬੱਜਰ ਭੁੱਲਾਂ ਨੂੰ ਦਰੁਸਤ

ਕਰਨ ਦਾ ਉਪਰਾਲਾ ਕੀਤਾ ਤੇ ਕਿਰਤ ਅਤੇ ਕਿਰਤੀ ਕਾਮੇ ਦੇ ਗੌਰਵ ਨੂੰ ਬਹਾਲ ਕਰਨ ਦਾ ਜਤਨ ਕੀਤਾ। ਭਗਤ ਨਾਮਦੇਵ (1270-1350 ਈ:) ਇਸ ਲਹਿਰ ਦੇ ਮੋਢੀਆਂ ਵਿੱਚੋਂ ਸਨ, ਜੋ ਮਹਾਂਰਾਸ਼ਟਰ ਤੋਂ ਲੈ ਕੇ ਪੰਜਾਬ ਤਕ ਘੁੰਮੇ ਫਿਰੇ ਸਨ। ਪੁਰਾਣੇ ਰੂੜੀਵਾਦੀ ਧਰਮ-ਆਚਾਰਯ ਉਨ੍ਹਾਂ ਨੂੰ ਹੀਣੀ ਜਾਤ ਦਾ ਹੀ ਦੱਸਦੇ ਸਨ ਤੇ ਆਪਣੇ ਧਰਮ ਮੰਦਿਰ ਵਿੱਚੋਂ ਧੱਕੇ ਮਾਰ ਕੇ ਕੱਢ ਦੇਣਾ ਹੀ ਆਪਣਾ ਸਨਾਤਨ ਧਰਮ ਸਮਝਦੇ ਸਨ, ਲੇਕਿਨ ਭਗਤ ਜੀ ਨੇ ਇਸ ਗੱਲ ਦੀ ਪ੍ਰਵਾਹ ਨਹੀਂ ਕੀਤੀ। ਉਨ੍ਹਾਂ ਸਿੱਧੀ ਆਪਣੇ ਭਗਵਾਨ ਪਾਸ ਫ਼ਰਿਆਦ ਜ਼ਰੂਰ ਕੀਤੀ ਕਿ ਇਹ ਜੋ ਕੁਝ ਧਰਮ ਜਾਂ ਤੁਹਾਡੇ ਨਾਂ ਉੱਤੇ ਹੋ ਰਿਹਾ ਹੈ, ਉਹ ਨਿਆਇ ਨਹੀਂ, ਧਰਮ ਨਹੀਂ, ਸੱਚਾਈ ਨਹੀਂ। ਮੇਰਾ ਤਾਂ ਇਸ ਨਾਲ ਕੀ ਘਟੇਗਾ, ਤੁਹਾਡੀ ਸ਼ਾਨ ਸ਼ੋਭਾ ਨੂੰ ਜ਼ਰੂਰ ਇਸ ਨਾਲ ਦਾਗ ਲੱਗੇਗਾ। ਉਹ ਨਿਝੱਕ ਹੋ ਕੇ ਸ਼ਿਕਾਇਤ ਕਰਦੇ ਹਨ:

ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ॥
ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥
ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ॥...
ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ॥

(ਰਾਗੁ ਮਲਾਰ ਬਾਣੀ ਭਗਤ ਨਾਮਦੇਵ ਜੀਉ ਕੀ, ਪੰਨੇ 1292-93)

ਇਹ ਸਭ ਜਾਣਦੇ ਹਨ ਕਿ ਅੰਤ ਸੱਚਾਈ ਦੀ ਵਿਜੈ ਹੋਈ ਅਤੇ ਅਹੰਕਾਰੀ ਨਿੰਦਕਾਂ ਨੂੰ ਪਿੱਠ ਦੇ ਕੇ ਪਰਮੇਸ਼ਰ ਨੇ ਆਪਣੇ ਭਗਤ ਦੀ ਪੈਜ ਰੱਖੀ। ਇਹ ਕੋਈ ਰਿਆਇਤ ਨਹੀਂ ਸੀ, ਬਲਕਿ ਸਾਧਾਰਨ ਤੌਰ 'ਤੇ ਨਿਆਂ ਦੀ ਗੱਲ ਸੀ। ਭਗਤ ਨਾਮਦੇਵ ਆਪਣੀ ਕਿਰਤ ਦਾ ਗੌਰਵ ਉਜਾਗਰ ਕਰਦੇ ਦੱਸਦੇ ਹਨ ਕਿ ਮੇਰਾ ਕੰਮ ਹੀਣਤ ਵਾਲਾ ਨਹੀਂ, ਮੇਰਾ ਹੁਨਰ ਤਰ੍ਹਾਂ ਤਰ੍ਹਾਂ ਦੇ ਰੰਗਾਂ ਵਿਚ ਰੰਗੀਜ ਕੇ ਕੱਪੜਿਆਂ ਨੂੰ ਖ਼ੂਬਸੂਰਤ ਬਣਾਉਣਾ ਤੇ ਸੋਹਣੇ ਸੋਹਣੇ ਬਸਤਰ ਸੀਉਂ ਕੇ ਨਗਨ ਇਨਸਾਨੀਅਤ ਨੂੰ ਮੁਹੱਜ਼ਬ ਰੂਪ ਵਿਚ ਸਜਾਉਣਾ ਹੈ। ਮੇਰੀ ਸੂਈ ਤਾਗੇ ਤੇ ਗਜ਼ ਕੈਂਚੀ ਆਦਿਕ ਔਜ਼ਾਰ ਵਡਮੁੱਲੇ ਹਨ, ਇਨ੍ਹਾਂ ਦੀ ਕੀਮਤ ਸੋਨੇ ਚਾਂਦੀਆਂ ਤੋਂ ਕਿਤੇ ਉੱਤੇ ਹੈ। ਮੈਂ ਕੇਵਲ ਕੱਪੜੇ ਹੀ ਨਹੀਂ ਰੰਗਦਾ, ਆਪਣੇ ਮਨ ਨੂੰ ਵੀ ਰੱਬੀ ਰੰਗ ਵਿਚ ਰੰਗਦਾ ਹਾਂ। ਮੈਂ ਕੇਵਲ ਕੱਪੜੇ ਹੀ ਨਹੀਂ ਸੀਉਂਦਾ, ਸਗੋਂ ਪਾਟੇ ਦਿਲਾਂ ਨੂੰ ਵੀ ਸੀਉਂਦਾ ਰਹਿੰਦਾ ਹਾਂ। ਮੇਰਾ ਕੰਮ ਪ੍ਰੀਤਿ-ਮਜੂਰੀ ਹੈ, ਜਿਸ ਤੋਂ ਵਧੇਰੇ ਹੋਰ ਕੋਈ ਗੱਲ ਜ਼ਰੂਰੀ ਨਹੀਂ:

ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ॥
ਮਪਿ ਮਪਿ ਕਾਟਉ ਜਮ ਕੀ ਫਾਸੀ॥
ਕਹਾ ਕਰਉ ਜਾਤੀ ਕਹ ਕਰਉ ਪਾਤੀ॥
ਰਾਮ ਕੋ ਨਾਮੁ ਜਪਉ ਦਿਨ ਰਾਤੀ॥
ਰਾਂਗਨਿ ਰਾਂਗਉ ਸੀਵਨਿ ਸੀਵਉ॥
ਰਾਮ ਨਾਮ ਬਿਨੁ ਘਰੀਅ ਨ ਜੀਵਉ॥...
ਸੁਇਨੇ ਕੀ ਸੂਈ ਰੁਪੇ ਕਾ ਧਾਗਾ॥
ਨਾਮੇ ਕਾ ਚਿਤੁ ਹਰਿ ਸਉ ਲਾਗਾ॥

(ਆਸਾ ਬਾਣੀ ਸ੍ਰੀ ਨਾਮਦੇਉ ਜੀ ਕੀ, ਪੰਨਾ 485)

ਮੈਨੂੰ ਪਤਾ ਹੈ ਕਿ ਅਗਿਆਨੀ ਤੇ ਅਹੰਕਾਰੀ ਲੋਕ ਮੇਰੀ ਜਾਤ ਨੂੰ ਘਟੀਆ ਕਹਿ ਕੇ ਤ੍ਰਿਸਕਾਰਦੇ ਹਨ, ਪਰ ਇਹ ਜਾਤ ਗੌਰਵ ਵਾਲੀ ਹੈ ਤੇ ਇਸ ਦੀ ਕਲਾ-ਕਿਰਤ ਮਨੁੱਖਤਾ ਦੀ ਸ਼ਾਨ ਵਿਚ ਵਾਧਾ ਕਰਨ ਵਾਲੀ ਹੈ। ਨੰਗੇ-ਧੜੰਗੇ ਮਨੁੱਖ ਨੂੰ ਸੋਹਣੇ ਲਿਬਾਸ ਵਿਚ ਸਜਾਉਣਾ ਕੋਈ ਛੋਟਾ ਕੰਮ ਨਹੀਂ, ਪਰ ਲੋਕ ਜ਼ਰੂਰ ਇਉਂ ਗੱਲਾਂ ਕਰਦੇ ਹਨ:

ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥
ਛੀਪੇ ਕੇ ਜਨਮਿ ਕਾਹੇ ਕਉ ਆਇਆ॥

(ਭੈਰਉ ਬਾਣੀ ਨਾਮਦੇਉ ਜੀਉ ਕੀ, ਪੰਨਾ 1164)

'ਛੀਪਾ' ਸੰਕੇਤ, ਸ਼ਿਲਪੀ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਕਾਰੀਗਰ। ਖ਼ਾਸ ਕਰਕੇ ਬਸਤਰ ਬਣਾਉਣ ਵਾਲਾ ਸਿਆਣਾ ਕਾਰੀਗਰ। ਜੁਲਾਹਾ ਕੱਪੜਾ ਬੁਣਦਾ ਸੀ ਤੇ ਦਰਜ਼ੀ ਉਸ ਨੂੰ ਵਿਉਂਤ ਅਨੁਸਾਰ ਕੱਟ ਕੇ ਸੀਉਂਦਾ ਪਰੋਂਦਾ ਸੀ। ਇਸ ਸ਼ਿਲਪ ਜਾਂ ਕਾਰੀਗਰੀ ਕਰਕੇ ਉਸ ਨੂੰ ਸ਼ਿਲਪੀ, ਛੀਪੀ, ਛੀਪਾ ਜਾਂ ਛੀਂਬਾ ਕਿਹਾ ਜਾਣ ਲੱਗਾ। ਬਸਤਰ ਸੀਊਣ ਦੇ ਮਿਹਨਤਾਨੇ ਵਜੋਂ ਜੋ ਅੰਨ ਦਾਣਾ ਮਿਲਦਾ ਸੀ, ਉਸ ਨੂੰ 'ਸੇਪੀ' ਕਿਹਾ ਜਾਂਦਾ ਸੀ ਤੇ ਇਹ ਸ਼ਬਦ ਵੀ ਸ਼ਿਲਪ ਤੋਂ ਵਿਗੜ ਕੇ ਹੀ ਬਣਿਆ ਸੀ।

ਭਾਰਤੀ ਸਮਾਜ ਦੀ ਇਹ ਅਲਪੱਗਤਾ ਸੀ ਕਿ ਕੱਪੜਾ ਬੁਣਨਾ, ਕੱਪੜਾ ਸੀਊਣਾ ਜਾਂ ਜੁੱਤੀਆਂ ਸੀਊਣਾ ਆਦਰਯੋਗ ਕੰਮ-ਕਾਰ ਨਹੀਂ ਸੀ ਮੰਨੇ ਜਾਂਦੇ। ਇਸ ਕਰਕੇ ਕੋਈ ਆਦਮੀ ਇਹ ਕਸਬ ਕਰਦਾ ਹੋਇਆ ਵੀ ਮਾਣ ਨਾਲ ਇਨ੍ਹਾਂ ਦਾ ਨਾਂ ਨਹੀਂ ਸੀ ਲੈਂਦਾ, ਕਿਉਂਕਿ ਸਮਾਜ ਦੇ ਠੇਕੇਦਾਰ ਧਾਰਮਿਕ ਪਰੋਹਿਤਾਂ ਤੇ ਰਾਜਸੀ ਆਗੂਆਂ ਨੇ ਇਨ੍ਹਾਂ ਦਾ ਸਤਿਕਾਰ ਗੁਆ ਛੱਡਿਆ ਸੀ। ਲੇਕਿਨ ਭਗਤੀ ਲਹਿਰ ਦੇ ਸੰਤ ਭਗਤ ਅਜਿਹੀ ਬੇਅਦਬ ਮਾਨਤਾ ਦੇ ਵਿਰੁੱਧ ਸਨ। ਇਸ ਕਰਕੇ ਉਨ੍ਹਾਂ ਨਿਧੜਕ ਹੋ ਕੇ ਆਪਣੇ ਕਸਬ ਤੇ ਕਿੱਤੇ ਨੂੰ ਵਡਿਆਇਆ ਤੇ ਉਸ ਦਾ ਗੌਰਵ ਜਤਲਾਇਆ ਅਤੇ ਫਿਰ ਇਸ ਨੂੰ ਛੁਪਾਇਆ ਵੀ ਨਹੀਂ। ਕਬੀਰ ਸਾਹਿਬ ਕਹਿੰਦੇ ਹਨ ਕਿ ਮੇਰੀ ਜਾਤ ਨੂੰ ਹਰ ਕੋਈ ਠੱਠਾ-ਮਖ਼ੌਲ ਕਰਦਾ ਹੈ, ਪਰ ਮੈਨੂੰ ਇਸ ਦੀ ਰਤਾ ਪ੍ਰਵਾਹ ਨਹੀਂ; ਮੈਂ ਤਾਂ ਆਪਣੇ ਪ੍ਰਭੂ ਦੇ ਰੰਗ ਵਿਚ ਮਸਤ ਰਹਿੰਦਾ ਹਾਂ:

ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ॥
ਬਲਿਹਾਰੀ ਇਸ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ॥

(ਸਲੋਕ ਕਬੀਰ ਜੀ, ਪੰਨਾ 1364)

ਜਾਤਿ ਜੁਲਾਹਾ ਮਤਿ ਕਾ ਧੀਰੁ॥
ਸਹਜਿ ਸਹਜਿ ਗੁਣ ਰਮੈ ਕਬੀਰੁ॥ *(ਗਉੜੀ ਕਬੀਰ ਜੀ, ਪੰਨਾ 328)*

ਇਸੇ ਤਰ੍ਹਾਂ ਭਗਤ ਰਵਿਦਾਸ ਆਪਣੀ ਜਾਤ ਜਾਂ ਕਿੱਤੇ ਨੂੰ ਛੁਪਾਉਂਦੇ ਨਹੀਂ, ਸਗੋਂ ਗੱਜ ਵੱਜ ਕੇ ਬਨਾਰਸ ਦੇ ਬ੍ਰਾਹਮਣਾਂ ਨੂੰ ਸੰਬੋਧਨ ਕਰਦੇ ਹੋਏ ਉੱਚੀ ਉੱਚੀ ਸੁਣਾ ਕੇ ਕਹਿੰਦੇ ਹਨ:

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥
ਰਿਦੈ ਰਾਮ ਗੋਬਿੰਦ ਗੁਨ ਸਾਰੰ॥ *(ਮਲਾਰ ਬਾਣੀ ਭਗਤ ਰਵਿਦਾਸ ਜੀ, ਪੰਨਾ 1293)*

ਚਮਰਟਾ ਗਾਂਠਿ ਨ ਜਨਈ॥
ਲੋਗੁ ਗਠਾਵੈ ਪਨਹੀ॥
ਆਰ ਨਹੀ ਜਿਹ ਤੋਪਉ॥
ਨਹੀ ਰਾਂਬੀ ਠਾਉ ਰੋਪਉ॥

(ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ, ਪੰਨਾ 659)

ਭਗਤ ਨਾਮਦੇਵ ਜੀ ਨੇ ਵੀ ਆਪਣੀ ਜਾਤ ਤੇ ਕਿੱਤਾ ਕਸਬ ਦੱਸਣੋਂ ਸੰਕੋਚ ਨਹੀਂ ਕੀਤਾ, ਸਗੋਂ ਉਸ ਨੂੰ ਬੜੇ ਮਾਣ ਨਾਲ ਬਿਆਨ ਕੀਤਾ ਹੈ। ਇਹ ਗੱਲਾਂ ਇਨ੍ਹਾਂ ਭਗਤਾਂ ਨੇ ਉਦੋਂ ਕੀਤੀਆਂ, ਜਦੋਂ ਕਿ ਉਨ੍ਹਾਂ ਨੂੰ ਰੂੜੀਵਾਦੀ ਪਰੋਹਿਤ 'ਸ਼ੂਦਰ' ਕਹਿ ਕੇ ਦੁਰਕਾਰਦੇ ਸਨ ਤੇ ਉਨ੍ਹਾਂ ਦੇ ਕੰਮ ਧੰਦੇ ਨੂੰ ਨਫ਼ਰਤ ਦੀ ਨਿਗਾਹ ਨਾਲ ਦੇਖਦੇ ਸਨ। ਪੁਰਾਣੀ ਵਿਚਾਰਧਾਰਾ ਦਾ ਇਹ ਮੰਦਾ ਪ੍ਰਭਾਵ ਸੀ ਕਿ ਕੁਝ ਲੋਕ ਇਸ ਧਾਰਨਾ ਦੇ ਵੀ ਹੋ ਗਏ ਸਨ ਕਿ ਇਹ ਦੁਨਿਆਵੀ ਕੰਮ-ਕਾਰ ਤੇ ਧਾਰਮਿਕ ਕਾਰ-ਵਿਹਾਰ ਇਕੱਠੇ ਨਹੀਂ ਨਿਭਾਏ ਜਾ ਸਕਦੇ। ਜੇਕਰ ਕਿਸੇ ਨੇ ਧਾਰਮਿਕ ਕਰਤੱਵਾਂ ਦਾ ਪਾਲਣ ਕਰਨਾ ਹੀ ਹੈ ਤਾਂ ਉਸ ਨੂੰ ਸੰਸਾਰੀ ਕੰਮ-ਕਾਰ ਛੱਡ ਹੀ ਦੇਣਾ ਚਾਹੀਦਾ ਹੈ, ਕਿਉਂਕਿ ਇਹ ਕਰਮ ਬੰਧਨ ਰੂਪ ਹਨ ਤੇ ਮਨੁੱਖ ਇਨ੍ਹਾਂ ਦੇ ਜਾਲ ਵਿੱਚੋਂ ਨਿਕਲ ਨਹੀਂ ਸਕਦਾ।

ਭਗਤ ਨਾਮਦੇਵ ਜੀ ਦਾ ਮਿੱਤਰ ਭਗਤ ਤ੍ਰਿਲੋਚਨ ਵੀ ਅਜਿਹੇ ਸ਼ੰਕਿਆਂ ਦਾ ਸ਼ਿਕਾਰ ਸੀ ਕਿ ਕੀ ਕਰੀਏ ? ਸੰਸਾਰੀ ਕੰਮ-ਕਾਰ ਛੱਡੀਏ ਜਾਂ ਨਿਰੰਕਾਰੀ ਪ੍ਰੇਮ-ਪਿਆਰ ਦੀ ਕਾਰ ਤਿਆਗੀਏ ? ਉਸ ਨੂੰ ਭਗਤ ਨਾਮਦੇਵ ਜੀ ਨੇ ਪਿਆਰ ਤੇ ਤਰਕ ਦੀ ਗੰਭੀਰ ਵਿਚਾਰ ਨਾਲ ਸਮਝਾਇਆ ਕਿ ਕੋਈ ਵੀ ਕੰਮ ਛੱਡਣਾ ਬਣਦਾ ਨਹੀਂ। ਸੰਸਾਰੀ ਕਾਰ-ਵਿਹਾਰ ਜ਼ਰੂਰੀ ਹੈ, ਕਿਉਂਕਿ ਸਮਾਜ ਦੀ ਮਸ਼ੀਨ ਇਸੇ ਨਾਲ ਚੱਲਦੀ ਹੈ ਅਤੇ ਪ੍ਰਭੂ-ਪਿਆਰ ਦੀ ਕਾਰ ਇਸ ਲਈ ਜ਼ਰੂਰੀ ਹੈ ਕਿ ਸਾਡੀ ਰੂਹ ਇਸੇ ਦੇ ਸਦਕੇ ਗਤੀਮਾਨ ਹੁੰਦੀ ਹੈ। ਸੋ, ਦੋਹਾਂ ਕਰਤੱਵਾਂ ਨੂੰ ਸਾਂਵੇ-ਪੱਧਰੇ ਰੱਖ ਕੇ ਚੱਲਣ ਦੀ ਲੋੜ ਹੈ, ਇਹੋ ਸੱਚਾ ਰਾਜ-ਜੋਗ ਹੈ। ਕਬੀਰ ਸਾਹਿਬ ਨੇ ਇਨ੍ਹਾਂ ਦੋਹਾਂ ਸਮਕਾਲੀ ਭਗਤਾਂ ਦੇ ਸੰਵਾਦ ਨੂੰ ਕਲਮਬੰਦ ਕਰਦਿਆਂ ਲਿਖਿਆ ਹੈ :

ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ॥
ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ॥੨੧੨॥
ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥੨੧੩॥

(ਸਲੋਕ ਕਬੀਰ ਜੀ, ਪੰਨੇ 1375-76)

ਜ਼ਾਹਿਰ ਹੈ ਕਿ ਭਗਤ ਨਾਮਦੇਵ ਰੱਬੀ ਮਾਰਗ ਦੇ ਪੰਧਾਊ ਹੁੰਦੇ ਹੋਏ ਵੀ ਇਸ ਗੱਲ ਲਈ ਪਰਿਪੱਕ ਸਨ ਕਿ ਸੰਸਾਰੀ ਕੰਮ-ਕਾਰ ਦਾ ਆਪਣਾ ਗੌਰਵ ਹੈ, ਇਸ ਦਾ ਕਦੀ ਤਿਆਗ ਨਹੀਂ ਕਰਨਾ। ਜੋ ਹੁਨਰ ਜਾਂ ਕਸਬ ਤੁਹਾਨੂੰ ਆਉਂਦਾ ਹੈ, ਉਸ ਨੂੰ ਕਰਕੇ ਤੁਸਾਂ ਸਰੀਰ ਦਾ ਤੇ ਸਮਾਜ ਦਾ ਨਿਰਬਾਹ ਨਿਬਾਹੁਣਾ ਹੈ ਤੇ ਦੂਜੇ ਪਾਸੇ ਆਪਣੀ ਆਤਮਾ ਨੂੰ ਬਲਵਾਨ ਕਰਨ ਲਈ ਪ੍ਰਭੂ-ਪ੍ਰੀਤਿ ਨੂੰ ਵੀ ਦਿਲੋਂ ਮਨੋਂ ਕਮਾਉਣਾ ਹੈ।

ਇਹੋ ਹੀ ਸਹੀ ਮਾਰਗ ਹੈ ਕਿ ਦੁਨਿਆਵੀ ਤੇ ਦੀਨੀ ਕਰੱਤਵਾਂ ਦਾ ਪੂਰੀ ਤਰ੍ਹਾਂ ਪਾਲਣ ਕੀਤਾ ਜਾਵੇ ਅਤੇ ਕਿਰਤ ਤੇ ਕਿਰਤੀ ਦੇ ਮਹੱਤਵ ਨੂੰ ਪਛਾਣਿਆ ਜਾਵੇ।

ਗੁਰੂ ਨਾਨਕ ਸਾਹਿਬ ਨੇ 'ਲੰਮੀ ਨਦਰਿ' ਵਰਤਦਿਆਂ ਕਿਰਤ ਕਰਨ ਨੂੰ ਪਹਿਲੀ ਵਾਰ ਧਰਮ ਦਾ ਲਾਜ਼ਮੀ ਅੰਗ ਬਣਾ ਕੇ ਆਪਣੇ ਪੈਰੋਕਾਰਾਂ ਨੂੰ ਸਦਾ ਲਈ ਪੁਰਾਣੀ ਭੁੱਲ ਤੋਂ ਬਚਾ ਲਿਆ ਅਤੇ ਕਿਰਤੀ ਨੂੰ ਸਰਦਾਰੀ ਦੇ ਕੇ ਨਵੇਂ ਯੁਗ ਦਾ ਮੁੱਢ ਰੱਖ ਦਿੱਤਾ। ਅੱਜ ਮਾਇਆਧਾਰੀ ਮਲੀਨ ਦ੍ਰਿਸ਼ਟੀ ਨੇ ਕਿਰਤ ਤੇ ਕਿਰਤੀ ਦੇ ਇਸ ਮਹੱਤਵ ਨੂੰ ਫਿਰ ਨਜ਼ਰ-ਅੰਦਾਜ਼ ਕੀਤਾ ਹੋਇਆ ਹੈ। ਲੋੜ ਹੈ ਕਿ ਮਹਾਂਪੁਰਸ਼ਾਂ ਦੀ ਸਿੱਖਿਆ ਰਾਹੀਂ ਇਸ ਗੌਰਵ ਨੂੰ ਮੁੜ ਸਥਾਪਿਤ ਕੀਤਾ ਜਾਵੇ।

•

ਖੈਰੁ ਦੀਜੈ ਬੰਦਗੀ

ਸ਼ੇਖ਼ ਫ਼ਰੀਦੁਦੀਨ ਮਸਊਦ ਸ਼ਕਰਗੰਜ (1175-1265 ਈ:) ਕਿਤਨਾ ਵੱਡਾ ਮਹਾਂਪੁਰਖ ਹੋਇਆ ਹੈ, ਜਿਸ ਨੂੰ ਹਿੰਦ, ਪਾਕਿਸਤਾਨ, ਅਫ਼ਗਾਨਿਸਤਾਨ ਤੇ ਈਰਾਨ ਤਕ ਅੱਠ ਸਦੀਆਂ ਗੁਜ਼ਰ ਜਾਣ ਬਾਦ ਵੀ ਆਮ ਲੋਕੀਂ ਯਾਦ ਕਰਦੇ ਹਨ। ਉਸ ਪੰਜਾਬੀ ਫ਼ਕੀਰ ਦਰਵੇਸ਼ ਦੀ ਬੰਦਗੀ, ਸਬਰ, ਸ਼ੁਕਰ ਤੇ ਸਹਿਨਸ਼ੀਲਤਾ ਬੇਮਿਸਾਲ ਹੈ। ਉਸ ਨੂੰ ਚੇਤੇ ਕਰਦਿਆਂ ਸੌ ਸੌ ਸਲਾਮਾਂ ਹੁੰਦੀਆਂ ਹਨ। ਗੁਰੂ ਨਾਨਕ ਸਾਹਿਬ ਦੀ ਰੂਹਾਨੀ ਰਸਾਈ ਤੇ ਲੰਮੀ ਨਦਰਿ ਕਿਤਨੀ ਕਮਾਲ ਦੀ ਸੀ ਕਿ ਉਨ੍ਹਾਂ ਅੱਜ ਤੋਂ ਚਾਰ ਪੰਜ ਸਦੀਆਂ ਪਹਿਲਾਂ ਇਸ ਦਰਵੇਸ਼ ਬਾਬੇ ਦੇ ਪੰਜਾਬੀ ਕਲਾਮ ਨੂੰ ਸੰਭਾਲ ਦਿੱਤਾ ਤੇ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪਣੇ ਬਰਾਬਰ ਬਿਠਾਲ ਲਿਆ। ਇਹ ਗੁਰੂ ਸਾਹਿਬ ਦੀ ਦਰਿਆ-ਦਿਲੀ ਸੀ ਕਿ ਉਨ੍ਹਾਂ ਬਿਨਾਂ ਕਿਸੇ ਮਜ਼੍ਹਬੀ ਪੱਖਪਾਤ ਦੇ ਇਨ੍ਹਾਂ ਲਾਲਾਂ, ਜਵਾਹਰਾਂ ਦੀ ਚੋਣ ਕਰ ਕੇ ਇਕ ਰੂਹਾਨੀਅਤ ਦਾ ਸੁੰਦਰ ਹਾਰ ਪ੍ਰੋ ਛੱਡਿਆ, ਜੋ ਅੱਜ ਸਾਰੀ ਮਨੁੱਖਤਾ ਦਾ ਸ਼ਿੰਗਾਰ ਹੈ। ਚੁਨਾਂਚਿ ਬਾਬਾ ਫ਼ਰੀਦ ਦੇ ਸੌ ਤੋਂ ਉੱਤੇ ਬਚਨ ਇਸ ਹਾਰ ਵਿਚ ਗੁੰਦੇ ਗਏ। ਇਨ੍ਹਾਂ ਵਿਚ ਹੀ ਆਸਾ ਰਾਗ ਦੀਆਂ ਸੁਰਾਂ ਵਿਚ ਇਕ ਰੇਖਤਾ ਜ਼ਬਾਨ ਦਾ ਮਨੋਹਰ ਗੀਤ ਹੈ, ਜੋ ਮੁਹੱਬਤ ਦੀਆਂ ਧੁਨਾਂ ਗੁੰਜਾਉਂਦਾ ਆਪਣੇ ਮਾਲਕ ਤੋਂ ਬੰਦਗੀ ਦੀ ਖ਼ੈਰ ਮੰਗਦਾ ਹੈ:

ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥ *(ਆਸਾ ਸੇਖ ਫਰੀਦ ਜੀ, ਪੰਨਾ 488)*

'ਬੰਦਾ' ਫ਼ਾਰਸੀ ਜ਼ਬਾਨ ਦਾ ਲਫ਼ਜ਼ ਹੈ, ਜਿਸ ਦਾ ਅਰਥ ਹੈ—ਦਾਸ, ਸੇਵਕ, ਗ਼ੁਲਾਮ ਅਤੇ ਬੰਦਗੀ ਦਾ ਭਾਵ ਹੈ—ਸੇਵਾ ਭਾਵਨਾ, ਆਪਣਾ ਆਪ ਨਿਛਾਵਰ ਕਰਨ ਦੀ ਤਾਂਘ, ਸਮਰਪਣ ਦੀ ਲਾਲਸਾ। ਜੇ ਬਹੁਤ ਖੁੱਲ੍ਹੇ ਅਰਥ ਲਈਏ ਤਾਂ ਇਹ ਸੰਕੇਤ ਭਗਤੀ-ਭਾਵ ਤੇ ਪ੍ਰੇਮਾ-ਭਗਤੀ ਦਾ ਹੀ ਦੂਜਾ ਨਾਮ ਹੈ। ਰੱਬ ਦੇ ਪਿਆਰੇ ਉਸ ਦੀ ਭਗਤੀ ਜਾਂ ਬੰਦਗੀ ਨੂੰ ਹੀ ਸਰਬੋਤਮ ਧਰਮ ਮੰਨਦੇ ਹਨ। ਉਨ੍ਹਾਂ ਨੂੰ ਜ਼ਰ-ਜ਼ਮੀਨ, ਧਨ-ਦੌਲਤ, ਰਾਜ-ਭਾਗ ਜਾਂ ਦੁੱਧ-ਪੁੱਤ ਦੀ ਲਾਲਸਾ ਨਹੀਂ ਹੁੰਦੀ, ਉਹ ਕੇਵਲ ਤੇ ਕੇਵਲ ਉਸ ਪ੍ਰਭੂ ਦਾ ਸਿਮਰਨ ਜਾਂ ਬੰਦਗੀ ਦੀ ਹੀ ਮੰਗ ਕਰਦੇ ਹਨ ਤੇ ਭਾਈ ਨੰਦ ਲਾਲ ਕਹਿੰਦੇ ਹਨ ਕਿ ਬੰਦਗੀ ਦੀ ਤਾਂਘ ਕਰਕੇ ਹੀ ਅਸੀਂ ਇਸ ਜਾਮੇ ਵਿਚ ਆਏ ਹਾਂ, ਵਰਨਾ ਸਾਨੂੰ ਇਸ ਨੀਲੇ ਆਸਮਾਨ ਹੇਠ ਆਉਣ ਦੀ ਕੀ ਲੋੜ ਪਈ ਸੀ। ਸੋ ਰੱਬ ਦੇ ਪਿਆਰੇ ਆਪਣੇ ਮਹਿਬੂਬ ਦੀ ਯਾਦ ਤੋਂ ਇਲਾਵਾ ਹੋਰ ਕੋਈ ਵਧੇਰੇ ਪਿਆਰੀ ਚੀਜ਼ ਨਹੀਂ ਸਮਝਦੇ। ਬਾਬਾ ਫ਼ਰੀਦ ਦਾ ਕੌਲ ਹੈ:

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥੨੭॥

(ਸਲੋਕ ਫਰੀਦ ਜੀ, ਪੰਨਾ 1379)

ਸੋ, ਇਸ ਸੂਫ਼ੀ ਫ਼ਕੀਰ ਦੀ ਅਭਿਲਾਸ਼ਾ ਉਮਰ ਭਰ ਬੰਦਗੀ ਦੀ ਹੀ ਰਹੀ, ਹੋਰ ਉਨ੍ਹਾਂ ਕੁਝ ਚਾਹਿਆ ਹੀ ਨਹੀਂ। ਇਸ ਰਸਤੇ 'ਤੇ ਚੱਲਦਿਆਂ ਕਈ ਔਕੜਾਂ ਤੇ ਮੁਸ਼ਕਿਲਾਂ ਵੀ ਆਈਆਂ, ਪਰ ਉਨ੍ਹਾਂ ਬੜੇ ਸਬਰ, ਸੰਤੋਖ ਤੇ ਸ਼ਾਂਤੀ ਨਾਲ ਬਰਦਾਸ਼ਤ ਕੀਤੀਆਂ। ਰੱਬ ਦਾ ਬੰਦਾ ਜਾਂ ਸੇਵਕ ਬਣਨ ਲਈ ਪਹਿਲੇ ਆਪੇ ਦਾ ਤਿਆਗ ਕਰਨਾ ਪੈਂਦਾ ਹੈ ਤੇ ਫਿਰ ਸਭ ਚੰਗਾ ਮੰਦਾ ਸਹਾਰਨ ਦਾ ਜੇਰਾ ਵੀ ਰੱਖਣਾ ਪੈਂਦਾ ਹੈ—ਰੁੱਖਾਂ ਵਾਲਾ ਜੇਰਾ :

ਫਰੀਦਾ ਥੀਉ ਪਵਾਹੀ ਦਭੁ ॥
ਜੇ ਸਾਂਈ ਲੋੜਹਿ ਸਭੁ ॥
ਇਕੁ ਛਿਜਹਿ ਬਿਆ ਲਤਾੜੀਅਹਿ ॥
ਤਾਂ ਸਾਈ ਦੈ ਦਰਿ ਵਾੜੀਅਹਿ ॥੧੬॥ *(ਸਲੋਕ ਫਰੀਦ ਜੀ, ਪੰਨਾ 1378)*

ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ ॥
ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥੬੦॥

(ਸਲੋਕ ਫਰੀਦ ਜੀ, ਪੰਨਾ 1381)

ਇਕ ਵਾਰ ਹਜ਼ਰਤ ਇਬਰਾਹੀਮ ਬਾਜ਼ਾਰ ਵਿੱਚੋਂ ਇਕ ਗ਼ੁਲਾਮ ਖ਼ਰੀਦ ਕੇ ਲਿਆਏ। ਘਰ ਆ ਕੇ ਉਸ ਨੂੰ ਪੁੱਛਿਆ ਕਿ ਤੇਰਾ ਨਾਂ ਕੀ ਹੈ। ਉਸ ਦਾ ਜਵਾਬ ਸੀ ਕਿ ਜਿਸ ਨਾਂ ਨਾਲ ਮਾਲਕ ਬੁਲਾਵੇ। ਫਿਰ ਪੁੱਛਿਆ ਕਿ ਤੂੰ ਕੀ ਖਾਏ ਪੀਏਂਗਾ ? ਤਾਂ ਗ਼ੁਲਾਮ ਨੇ ਜਵਾਬ ਦਿੱਤਾ ਕਿ ਜੋ ਮਾਲਕ ਖਲਾਵੇ ਪਿਲਾਵੇ। ਇਹ ਸੁਣ ਕੇ ਹਜ਼ਰਤ ਇਬਰਾਹੀਮ ਹੈਰਾਨ ਹੋ ਕੇ ਕਹਿਣ ਲੱਗੇ ਕਿ ਤੂੰ ਅਸਲੀ ਬੰਦਾ ਹੈਂ ਤੇ ਤੈਨੂੰ ਬੰਦਗੀ ਜਾਂ ਸੇਵਕ-ਭਾਵ ਦੀ ਸਾਰੀ ਰਹੁ-ਰੀਤਿ ਆਉਂਦੀ ਹੈ। ਮੈਂ ਖ਼ੁਦਾ ਦਾ ਬੰਦਾ ਬਣਨ ਦੀ ਚਾਹ ਰੱਖਦਾ ਸਾਂ, ਪਰ ਮੈਨੂੰ ਇਸ ਰਹੁ-ਰੀਤਿ ਤੇ ਤਰੀਕੇ ਦੀ ਸਮਝ ਨਹੀਂ ਸੀ, ਪਰ ਅੱਜ ਤੇਰੇ ਸਮਰਪਣ ਦੇ ਸਲੀਕੇ 'ਤੇ ਮੈਨੂੰ ਅਸਲੀ ਬੰਦਗੀ ਦਾ ਰਾਜ਼ ਸਮਝ ਆ ਗਿਆ। ਇਹ ਕਹਿ ਕੇ ਉਹ ਆਪਣੇ ਗ਼ੁਲਾਮ ਦੇ ਪੈਰੀਂ ਪੈ ਗਏ।

ਸੋ, ਸਹੀ ਬੰਦਗੀ ਜਾਂ ਪ੍ਰੇਮਾ-ਭਗਤੀ ਇਹੋ ਹੈ ਕਿ ਆਪਣੇ ਆਪ ਦਾ ਤਿਆਗ ਕੀਤਾ ਜਾਵੇ ਤੇ ਸਭ ਕੁਝ ਮਾਲਕ ਦੇ ਸਪੁਰਦ ਕਰ ਦਿੱਤਾ ਜਾਵੇ। ਜਿਹਾ ਕਿ ਗੁਰੂ ਨਾਨਕ ਸਾਹਿਬ ਨੇ ਲਿਖਿਆ ਹੈ :

ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥

(ਮਾਰੂ ਮਹਲਾ ੧, ਪੰਨਾ 991)

ਬਾਬਾ ਫ਼ਰੀਦ ਇਸੇ ਕਿਸਮ ਦੇ ਖ਼ੁਦਾਈ ਬੰਦੇ ਸਨ, ਜੋ ਸਭ ਕੁਝ ਆਪਣੇ ਮਹਿਬੂਬ ਤੋਂ ਨਿਛਾਵਰ ਕਰਨ ਲਈ ਤਿਆਰ ਰਹਿੰਦੇ ਸਨ। ਉਨ੍ਹਾਂ ਲਈ ਮਾਲਕ ਦੀ ਮੁਹੱਬਤ

ਹੀ ਸਭ ਕੁਝ ਸੀ। ਉਨ੍ਹਾਂ ਦਾ ਫ਼ੁਰਮਾਨ ਹੈ ਕਿ ਜੇ ਮੇਰੀ ਜਵਾਨੀ ਵੀ ਇਸ ਲੇਖੇ ਲੱਗ ਜਾਵੇ ਤਾਂ ਮੈਨੂੰ ਕੋਈ ਸ਼ਿਕਾਇਤ ਨਹੀਂ ਹੋਵੇਗੀ :

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ॥
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥੩੪॥

(ਸਲੋਕ ਫਰੀਦ ਜੀ, ਪੰਨਾ 1379)

ਕੁਝ ਕੁ ਲੋਕਾਂ ਨੂੰ ਗ਼ਲਤ-ਫ਼ਹਿਮੀ ਹੈ ਕਿ ਸ਼ੇਖ਼ ਫ਼ਰੀਦ ਬਾਦਸ਼ਾਹਾਂ ਦੇ ਨਿਕਟਵਰਤੀ ਸਨ ਤੇ ਉਨ੍ਹਾਂ ਤੋਂ ਲੋੜੀਂਦੇ ਕੰਮ ਲੈਂਦੇ ਸਨ, ਪਰ ਉਨ੍ਹਾਂ ਦੀ ਫ਼ਾਰਸੀ ਤੇ ਪੰਜਾਬੀ ਰਚਨਾ ਤੋਂ ਇਸ ਗੱਲ ਦੀ ਪੁਸ਼ਟੀ ਨਹੀਂ ਹੁੰਦੀ। ਨਾਲੇ ਫ਼ਕੀਰੀ ਤੇ ਬਾਦਸ਼ਾਹੀ ਦਾ ਕੀ ਮੇਲ ਹੈ। ਆਪ ਦਾ ਇਕ ਫ਼ਾਰਸੀ ਸ਼ਿਅਰ ਹੈ ਕਿ ਜੇ ਤੂੰ ਫ਼ਰੀਦ ਹੈਂ ਤਾਂ ਬਾਦਸ਼ਾਹਾਂ ਤੋਂ ਦੂਰ ਹੀ ਰਹੁ ਤਾਂ ਕਿ ਕੋਈ ਦੂਰੋਂ ਆ ਕੇ ਇਹ ਨਾ ਕਹੇ, ਪਰ੍ਹੇ ਹਟ ਜਾ। ਪਰ ਜੇ ਤੈਨੂੰ ਬਾਦਸ਼ਾਹਾਂ ਨਾਲ ਮੇਲ-ਮੁਲਾਕਾਤ ਦੀ ਤਾਂਘ ਹੀ ਹੈ ਤਾਂ ਤੂੰ ਯਾਦ ਰੱਖ, ਤੂੰ ਆਤਮ-ਮਿਲਾਪ ਤੋਂ ਵਾਂਝਿਆਂ ਹੀ ਰਹੇਂਗਾ :

ਤੂੰ ਗਦਾਈ ਦੂਰ ਬਾਸ਼ ਅਜ਼ ਬਾਦਸ਼ਾਹ,
ਤ ਨਿਆਇਦ ਬਰਦਰੇ ਤੂ ਦੂਰ ਬਾਸ਼।
ਗਰ ਵਸਾਲਿ ਸ਼ਾਹ ਮੇ ਦਾਰੀ ਤਮਹਅ,
ਅਜ਼ ਵਸਾਲੇ ਖੇਸ਼, ਤਨ ਮਹਜੂਰ ਬਾਸ਼।

ਇਕ ਵਾਰ ਸੁਲਤਾਨ ਨਾਸਰੁੱਦੀਨ ਮਹਿਮੂਦ ਨੇ ਦਿੱਲੀ ਤੋਂ ਆਪਣੇ ਵਜ਼ੀਰ ਅਲੀ ਖ਼ਾਂ ਹੱਥ ਜਾਗੀਰ ਤੇ ਕੁਝ ਨਕਦ ਰਕਮ ਭੇਜੀ। ਇਹ ਨਕਦੀ ਤਾਂ ਆਪ ਨੇ ਲੈ ਕੇ ਦਰਵੇਸ਼ਾਂ ਵਿਚ ਵੰਡ ਦਿੱਤੀ ਤੇ ਜਾਗੀਰ ਦਾ ਪ੍ਰਵਾਨਾ ਵਾਪਸ ਮੋੜ ਕੇ ਕਿਹਾ ਕਿ ਸੁਲਤਾਨ, ਸਾਨੂੰ ਇਹ ਦੇ ਕੇ ਸਾਡੇ 'ਤੇ ਅਹਿਸਾਨ ਕਰਦਾ ਦਿੱਸਦਾ ਹੈ, ਜਦੋਂ ਕਿ ਸਾਡਾ ਅੰਨ ਦਾਤਾ ਬਿਨਾਂ ਕਿਸੇ ਅਹਿਸਾਨ ਦੇ ਸਾਨੂੰ ਹਮੇਸ਼ਾ ਰਿਜ਼ਕ ਪਹੁੰਚਾਈ ਜਾਂਦਾ ਹੈ :

ਸ਼ਾਹ ਮਾਰਾ ਦੇਹ ਦਿਹਦ ਮਿੰਨਤ ਨਿਹਦ।
ਰਾਜ਼ਕੇ ਮਾ ਰਿਜ਼ਕ, ਬੇਮਿੰਨਤ ਦਿਹਦ।

ਇਵੇਂ ਜਿਵੇਂ ਇਕ ਵਾਰ ਗ਼ਰੀਬ ਬੰਦਾ ਖਹਿੜੇ ਪੈ ਗਿਆ ਕਿ ਮੈਨੂੰ ਬਾਦਸ਼ਾਹ ਦੇ ਨਾਮ ਸਿਫ਼ਾਰਸ਼ੀ ਰੁੱਕਾ ਲਿਖ ਕੇ ਦਿਓ ਤਾਕਿ ਮੈਂ ਕੁਝ ਇਮਦਾਦ ਹਾਸਿਲ ਕਰ ਸਕਾਂ। ਫ਼ਰੀਦ ਸਾਹਿਬ ਰਹਿਮਤ ਦੇ ਘਰ ਆਏ ਤੇ ਬਾਦਸ਼ਾਹ ਵੱਲ ਲਿਖ ਦਿੱਤਾ ਕਿ ਜੇ ਤੂੰ ਇਸ ਲੋੜਵੰਦ ਨੂੰ ਕੁਝ ਦੇ ਸਕੇਂ ਤਾਂ ਇਹ ਸਮਝੀਂ ਕਿ ਦੇਣ ਵਾਲਾ ਰੱਬ ਹੈ। ਜੇ ਨਾ ਦੇ ਸਕੇਂ ਤਾਂ ਇਹੋ ਖ਼ਿਆਲ ਕੀਤਾ ਜਾਵੇਗਾ ਕਿ ਅਸੀਂ ਕੁਝ ਵੀ ਕਰਨ ਜੋਗੇ ਨਹੀਂ। ਬਾਬਾ ਫ਼ਰੀਦ ਇਸ ਤਰ੍ਹਾਂ ਦੇ ਬੇਨਿਆਜ਼ ਤੇ ਬੇਪ੍ਰਵਾਹ ਦਰਵੇਸ਼ ਸਨ, ਜੋ ਕਿਸੇ ਦੀ ਕੋਈ ਕਾਣ-ਕਨੌਂਡ ਨਹੀਂ ਸੀ ਰੱਖਦੇ। ਸੋ, ਇਨ੍ਹਾਂ ਦੀ ਦੋਸਤੀ ਬਾਦਸ਼ਾਹਾਂ ਅਮੀਰਾਂ ਨਾਲ ਕੀ ਹੋਣੀ ਸੀ, ਸਗੋਂ ਰੱਬ ਦੇ ਪਿਆਰਿਆਂ ਨਾਲ ਹੀ ਸੀ, ਭਾਵੇਂ ਉਹ ਗ਼ਰੀਬ ਹੀ ਹੋਣ :

ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਾ ਵਾਸੁ ॥
ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ॥੧੦੧॥

(ਸਲੋਕ ਫਰੀਦ ਜੀ, ਪੰਨਾ 1383)

ਜ਼ਾਹਿਰ ਹੈ ਕਿ ਰੱਬੀ ਬੰਦਗੀ ਜਾਂ ਅੱਲ੍ਹਾ ਪਾਕ ਦੇ ਵਿਰਦ ਤੋਂ ਬਿਨਾਂ ਉਨ੍ਹਾਂ ਦੀ ਹੋਰ ਕੋਈ ਚਾਹਨਾ ਨਹੀਂ ਸੀ। ਇਹ ਗੱਲ ਕੇਵਲ ਬਾਬੇ ਫ਼ਰੀਦ ਤਕ ਹੀ ਮਹਿਦੂਦ ਨਹੀਂ, ਸਗੋਂ ਰੂਹਾਨੀ ਰਾਹ ਤੁਰਨ ਵਾਲੇ ਹਰ ਪਾਂਧੀ ਦਾ ਸ਼ੌਕ ਰੱਬੀ ਪ੍ਰੀਤਿ ਹੀ ਸੀ। ਗੁਰੂ ਨਾਨਕ ਸਾਹਿਬ ਅਰਦਾਸ ਕਰਦੇ ਹਨ:

ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ *(ਜਪੁ ਜੀ, ਪੰਨਾ 2)*

ਮੋਹਣੀਆਂ ਵਾਲੇ ਮੋਤੀਆਂ ਦੇ ਮੰਦਿਰਾਂ ਤੇ ਕਸਤੂਰੀ ਕੁੰਗੂ ਨਾਲ ਮਹਿਕਦੇ ਮਹਿਲਾਂ ਨੂੰ ਨਜ਼ਰ-ਅੰਦਾਜ਼ ਕਰ ਕੇ ਇਹੋ ਅਰਜ਼ ਦੁਹਰਾਈ ਹੈ:

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥
(ਸਿਰੀਰਾਗੁ ਮਹਲਾ ੧, ਪੰਨਾ 14)

ਗੁਰੂ ਅਮਰਦਾਸ ਜੀ ਦਾ ਬਚਨ ਹੈ:

ਵਡੜੈ ਝਾਲਿ ਝਲੁੰਭਲੈ ਨਾਵੜਾ ਲਈਐ ਕਿਸੁ ॥
ਨਾਉ ਲਈਐ ਪਰਮੇਸਰੈ ਭੰਨਣ ਘੜਣ ਸਮਰਥੁ ॥
(ਸਲੋਕ ਵਾਰਾਂ ਤੇ ਵਧੀਕ, ਮ: ੩, ਪੰਨਾ 1420)

ਹਰਿ ਭਗਤਿ ਹਰਿ ਕਾ ਪਿਆਰੁ ਹੈ ਜੇ ਗੁਰਮੁਖਿ ਕਰੇ ਬੀਚਾਰੁ ॥
ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ ॥
(ਸਿਰੀਰਾਗੁ ਮਹਲਾ ੩, ਪੰਨਾ 28)

ਗੁਰੂ ਅਰਜਨ ਸਾਹਿਬ ਦੀ ਟੇਕ ਵੀ ਇਹੋ ਇੱਕੋ ਨਾਮ ਹੈ:

ਮਾਗਉ ਦਾਨੁ ਠਾਕੁਰ ਨਾਮ ॥
ਅਵਰੁ ਕਛੂ ਮੇਰੈ ਸੰਗਿ ਨ ਚਾਲੈ ਮਿਲੈ ਕ੍ਰਿਪਾ ਗੁਣ ਗਾਮ ॥
(ਟੋਡੀ ਮਹਲਾ ੫, ਪੰਨਾ 713)

ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥
(ਰਾਮਕਲੀ ਕੀ ਵਾਰ ਮਹਲਾ ੫, ਪੰਨਾ 958)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮਾਪਤੀ ਹੋ ਗਈ, ਪਰ ਇਹ ਮੰਗ ਸਿਖਰ 'ਤੇ ਰਹੀ:

ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥
ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥
(ਮੁੰਦਾਵਣੀ ਮਹਲਾ ੫, ਪੰਨਾ 1429)

ਗੁਰੂ ਗੋਬਿੰਦ ਸਿੰਘ ਕਲਗ਼ੀਆਂ ਵਾਲੇ ਤੇ ਬਾਜ਼ ਉਡਾਉਣ ਵਾਲੇ ਪਾਤਸ਼ਾਹ ਸਨ, ਪਰ ਬੇਨਤੀ ਇਹੋ ਕਰਦੇ ਹਨ:

ਹਮਰੀ ਕਰੋ ਹਾਥ ਦੈ ਰੱਛਾ ॥
ਪੂਰਨ ਹੋਇ ਚਿਤ ਕੀ ਇੱਛਾ ॥
ਤਵ ਚਰਨਨ ਮਨ ਰਹੈ ਹਮਾਰਾ ॥
ਅਪਨਾ ਜਾਨ ਕਰੋ ਪ੍ਰਤਿਪਾਰਾ ॥ *(ਕਬਿਯੋ ਬਾਚ ਬੇਨਤੀ ਚੌਪਈ, ਪਾ: ੧੦)*

ਪੂਰਨ ਹੋਇ ਹਮਾਰੀ ਆਸਾ ॥
ਤੋਰ ਭਜਨ ਕੀ ਰਹੈ ਪਿਆਸਾ ॥ *(ਕਬਿਯੋ ਬਾਚ ਬੇਨਤੀ ਚੌਪਈ, ਪਾ: ੧੦)*

ਜ਼ਾਹਿਰ ਹੈ ਕਿ ਸਾਰੀ ਭਗਤੀ ਲਹਿਰ ਦੇ ਸੰਤ ਤੇ ਤਮਾਮ ਸੂਫ਼ੀ ਫ਼ਕੀਰ ਰੱਬੀ ਬੰਦਗੀ, ਪ੍ਰਭੂ ਭਗਤੀ ਜਾਂ ਨਾਮ ਸਿਮਰਨ ਤੋਂ ਇਲਾਵਾ ਹੋਰ ਕੋਈ ਵੱਡੀ ਚੀਜ਼ ਨਹੀਂ ਸੀ ਮੰਨਦੇ। ਪਰ ਸ਼ਰਤ ਇੱਕੋ ਰੱਖਦੇ ਸਨ ਕਿ ਇਹ ਇਲਾਹੀ ਮੁਹੱਬਤ ਦਿਲੋਂ ਮਨੋਂ ਸੱਚੀ ਹੋਵੇ ਤਾਂ ਹੀ ਧੁਰ ਪ੍ਰਵਾਨ ਹੁੰਦੀ ਹੈ :

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥
ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥
ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥
ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥
(ਆਸਾ ਸੇਖ ਫਰੀਦ ਜੀ, ਪੰਨਾ 488)

ਭਾਈ ਗੁਰਦਾਸ ਜੀ ਨੇ ਵੀ ਬੰਦਗੀ ਕਰਨ ਵਾਲਿਆਂ ਦੀ ਸੰਜੀਦਗੀ ਦਾ ਚਰਚਾ ਕਰਦਿਆਂ ਲਿਖਿਆ ਹੈ :

ਪੀਰ ਪੈਕੰਬਰ ਹੋਇ ਕਰਦੇ ਬੰਦਗੀ ॥
ਸੇਖ ਮਸਾਇਕ ਹੋਇ ਕਰਿ ਮੁਹਿਛੰਦਗੀ ॥
ਗਉਸ ਕੁਤਬ ਕਈ ਲੋਇ ਦਰ ਬਖਸੰਦਗੀ ॥
ਦਰ ਦਰਵੇਸ ਖਲੋਇ ਮਸਤ ਮਸੰਦਗੀ ॥
ਵਲੀ ਉਲਹ ਸੁਣਿ ਸੋਇ ਕਰਨਿ ਪਸੰਦਗੀ ॥
ਦਰਗਹ ਵਿਰਲਾ ਕੋਇ ਬਖਤ ਬਲੰਦਗੀ ॥੩॥ *(ਵਾਰ 21, ਪਉੜੀ 3)*

ਜ਼ਿੰਦਗੀਨਾਮੇ ਵਿਚ ਭਾਈ ਨੰਦ ਲਾਲ ਬੰਦਗੀ ਨੂੰ ਇਕ ਅਮਰ ਦੌਲਤ ਦੱਸਦੇ ਕਹਿੰਦੇ ਹਨ ਕਿ ਤੂੰ ਇਸ ਨੂੰ ਕੋਈ ਛੋਟੀ ਚੀਜ਼ ਨਾ ਸਮਝ, ਇਹ ਬੰਦਗੀ ਤਾਂ ਫ਼ਕੀਰੀ ਭੇਸ ਵਿਚ ਬਾਦਸ਼ਾਹੀ ਹੈ—ਧਰਤੀ ਤੋਂ ਆਸਮਾਨ ਤਕ ਦੀ ਬਾਦਸ਼ਾਹੀ :

ਦੌਲਤੇ ਜਾਵੇਦ ਬਾਸ਼ੰਦ ਬੰਦਗੀ।
ਬੰਦਗੀ ਕੁਨ ਬੰਦਗੀ ਕੁਨ ਬੰਦਗੀ।
ਦੂਰ ਲਿਬਾਸੇ ਬੰਦਗੀ ਸ਼ਾਹੀ ਤੁਰਾਸਤ।
ਦੌਲਤੇ ਅਜ਼ਮਾਹ ਤ ਮਾਹੀ ਤੁਰਾਸਤ। *(ਜ਼ਿੰਦਗੀਨਾਮਾ)*

ਸ਼ੇਖ਼ ਫ਼ਰੀਦ ਬਾਰ ਬਾਰ ਇਸੇ ਬੰਦਗੀ ਦੀ ਮੰਗ ਕਰਦੇ ਹਨ ਤਾਂ ਜੁ ਅਸੀਂ ਵੀ ਇਸ ਪਵਿੱਤਰ ਕਾਰ ਨਾਲ ਆਪਣਾ ਆਪ ਜੋੜ ਸਕੀਏ!

•

ਸਤਲੁਜ ਕੰਢੇ ਦੋ ਬਾਬਿਆਂ ਦੀ ਮੁਲਾਕਾਤ

ਅੱਜ ਤੋਂ ਸੱਤ ਅੱਠ ਸਦੀਆਂ ਪਹਿਲਾਂ ਸਤਲੁਜ ਦਰਿਆ ਦੇ ਕੰਢੇ ਆਸਾ ਦੇਸ਼ ਵਿਚ ਅਜੋਧਨ ਨਗਰੀ ਲਾਗੇ ਇਕ ਵੱਡਾ ਪੱਤਣ ਸੀ, ਜਿਥੋਂ ਦੀ ਦਰਿਆ ਪਾਰ ਕੀਤਾ ਜਾਂਦਾ ਸੀ ਤੇ ਇਹ ਪੱਤਣ ਬਾਬਾ ਫ਼ਰੀਦ ਵਰਗੇ ਸੂਫ਼ੀ ਦਰਵੇਸ਼ ਦੀ ਚਰਣ-ਛੁਹ ਸਦਕਾ ਪਵਿੱਤਰ 'ਪਾਕਪਟਨ' ਕਹਾਇਆ। ਇਸ ਥਾਂ ਬਾਬਾ ਫ਼ਰੀਦ ਨੇ ਕਾਫ਼ੀ ਉਮਰ ਗੁਜ਼ਾਰੀ ਸੀ ਅਤੇ ਆਪਣੀ ਅਧਿਆਤਮਕ ਤੇ ਸਦਾਚਾਰਕ ਸਿੱਖਿਆ ਦਾ ਦਰਿਆ ਵਗਾਇਆ ਸੀ।

ਜਦੋਂ ਗੁਰੂ ਨਾਨਕ ਸਾਹਿਬ ਪਾਕਪਟਨ ਪਹੁੰਚੇ ਤਾਂ ਬਾਬੇ ਫ਼ਰੀਦ ਦੀ ਗੱਦੀ ਦਾ ਜਾਨਸ਼ੀਨ ਸ਼ੇਖ਼ ਇਬਰਾਹੀਮ ਸੀ। ਉਹ ਗੁਰੂ ਸਾਹਿਬ ਵਰਗੇ ਉੱਚੇ ਦਰਵੇਸ਼ ਮਹਾਂਪੁਰਸ਼ ਦਾ ਦਰਸ਼ਨ ਕਰ ਕੇ ਬਹੁਤ ਪ੍ਰਸੰਨ ਹੋਇਆ। ਗੁਰੂ ਨਾਨਕ ਸਾਹਿਬ ਰਬਾਬ ਨਾਲ ਤੌਹੀਦ ਦਾ ਇਹ ਰਾਗ ਅਲਾਪ ਰਹੇ ਸਨ:

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥

(ਵਾਰ ਮਲਾਰ ਕੀ ਮਹਲਾ ੧, ਪੰਨਾ 1291)

ਸ਼ੇਖ਼ ਇਬਰਾਹੀਮ ਨੇ ਸਵਾਲ ਕੀਤਾ ਕਿ ਤੁਸੀਂ ਇਕ ਇਕ ਦੀ ਧੁਨਿ ਲਾ ਰਹੇ ਹੋ, ਪਰ ਹਿੰਦੂ ਆਖਦੇ ਹਨ ਕਿ ਅਸਾਡਾ ਰਾਮ ਹੋਰ ਹੈ ਤੇ ਮੁਸਲਮਾਨ ਕਹਿੰਦੇ ਹਨ ਕਿ ਅਸਾਡਾ ਅੱਲ੍ਹਾ ਹੋਰ ਹੈ। ਇਹ ਤਾਂ ਦੋ ਰੱਬ ਹੋ ਗਏ, ਅਸੀਂ ਕਿਸ ਨੂੰ ਧਿਆਈਏ:

ਏਕ ਸਾਹਿਬ ਤੇ ਦੁਇ ਹਦੀਂ,
ਕਿਹੜਾ ਸੇਵੀ ਤੇ ਕਿਹੜਾ ਰੱਦੀ।

ਗੁਰੂ ਸਾਹਿਬ ਦਾ ਜਵਾਬ ਸੀ:

ਹਿਕੋ ਸਾਹਿਬੁ ਹਿਕਾ ਹਦਿ,
ਹਿਕੋ ਸੇਵਿ ਤੇ ਦੂਜਾ ਰਦਿ।

ਉਸ ਸਮੇਂ ਦੇਸ਼ ਵਿਚ 'ਵਾਰ' ਕਾਵਿ-ਰੂਪ ਬੜਾ ਪ੍ਰਚਲਿਤ ਸੀ ਤਾਂ ਸ਼ੇਖ਼ ਨੇ ਕਿਹਾ, "ਅਸਾਨੂੰ ਖ਼ੁਦਾ ਦੀ ਸਿਫ਼ਤਿ ਦੀ ਵਾਰ ਹੀ ਗਾ ਕੇ ਸੁਣਾਓ, ਕਿਉਂਕਿ ਵਾਰ ਰਚਨਾ ਲਈ ਦੂਹ ਦਾ ਹੋਣਾ ਜ਼ਰੂਰੀ ਹੈ—ਇਕ ਨਾਇਕ, ਇਕ ਪ੍ਰਤਿਨਾਇਕ। ਤੁਸੀਂ ਆਖਦੇ ਹੋ ਕਿ ਰੱਬ ਇਕ ਹੀ ਹੈ, ਫਿਰ ਜਦ ਵਾਰ ਰਚਨਾ ਕਰੋਗੇ ਤਾਂ ਦੂਜਾ ਕਿਸ ਨੂੰ ਖੜਾ ਕਰੋਗੇ, ਜਦੋਂ ਕਿ ਦੂਜਾ ਕੋਈ ਹੈ ਹੀ ਨਹੀਂ।" ਇਸ ਦੇ ਜਵਾਬ ਵਿਚ ਸਤਿਗੁਰਾਂ ਆਸਾ

ਦੀ ਵਾਰ ਇਸੇ ਆਸਾ ਦੇਸ਼ ਦੀ ਧੁਨਿ ਵਿਚ ਗਾ ਕੇ ਉਚਾਰੀ, ਜਿਸ ਤੋਂ ਸ਼ੇਖ਼ ਇਬਰਾਹੀਮ ਬਹੁਤ ਪ੍ਰਭਾਵਿਤ ਹੋਇਆ ਤੇ ਉਸ ਨੇ ਆਪਣੇ ਬਜ਼ੁਰਗ ਬਾਬਾ ਫ਼ਰੀਦ ਦਾ ਕਲਾਮ ਵੀ ਸਤਿਗੁਰਾਂ ਦੇ ਭੇਟ ਕੀਤਾ। ਗੁਰੂ ਸਾਹਿਬ ਬਹੁਤ ਖ਼ੁਸ਼ ਹੋਏ, ਕਿਉਂਕਿ ਉਹ ਐਸੇ ਰੂਹਾਨੀ ਕਲਾਮ ਦੀ ਤਲਾਸ਼ ਵਿਚ ਸਨ।

(ੳ) ਬਾਬਾ ਫ਼ਰੀਦ ਨੇ ਕਿਸੇ ਸਮੇਂ ਚਿੰਤਾਤੁਰ ਹੋ ਕੇ ਲਿਖਿਆ ਸੀ ਕਿ ਜਦੋਂ ਸਮਾਂ ਸੀ, ਉਦੋਂ ਬੇੜਾ ਤਿਆਰ ਨਹੀਂ ਕੀਤਾ। ਹੁਣ ਜਦੋਂ ਦਰਿਆ ਚੜ੍ਹ ਰਿਹਾ ਹੈ ਤੇ ਡਰਾਉਣੀਆਂ ਲਹਿਰਾਂ ਪਾਰ ਜਾਣੋਂ ਵਰਜ ਰਹੀਆਂ ਹਨ ਤਾਂ ਪਰਲੇ ਕਿਨਾਰੇ ਕੌਣ ਪੁੱਜ ਸਕੇਗਾ। ਜੇਕਰ ਆਪਣੇ ਮਾਲਕ ਨਾਲ ਮਿਲਾਪ ਵੀ ਨਾ ਹੋ ਸਕਿਆ ਤਾਂ ਫਿਰ ਕੁੱਖ ਹਰੀ ਨਹੀਂ ਹੋਵੇਗੀ ਤੇ ਛਾਤੀ ਵਿਚ ਦੁੱਧ ਤਾਂ ਕਿਥੋਂ ਆਉਣਾ ਹੈ। ਕੁਝ ਇਸ ਕਿਸਮ ਦੇ ਫ਼ਿਕਰੇ, ਬਾਬੇ ਫ਼ਰੀਦ ਦੇ ਉਸ ਹੂਕਾਂ ਭਰੇ ਗੀਤ ਵਿਚ ਰੂਹ ਨੂੰ ਫ਼ਿਕਰ ਲਾਉਂਦੇ ਦਿਸਦੇ ਸਨ:

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ॥

(ਰਾਗੁ ਸੂਹੀ ਬਾਣੀ ਸੇਖ ਫਰੀਦ ਜੀ, ਪੰਨਾ 794)

ਗੁਰੂ ਨਾਨਕ ਸਾਹਿਬ ਐਸੀ ਨਿਰਾਸਤਾ ਨੂੰ ਨੇੜੇ ਫਟਕਣ ਨਹੀਂ ਸੀ ਦਿੰਦੇ। ਉਨ੍ਹਾਂ ਆਖਿਆ ਕਿ ਕੋਈ ਗੱਲ ਨਹੀਂ, ਜੇ ਬੇੜਾ ਸਮੇਂ ਸਿਰ ਤਿਆਰ ਨਹੀਂ ਕੀਤਾ ਜਾ ਸਕਿਆ, ਤਾਂ ਹੁਣ ਵੀ ਵੇਲਾ ਹੈ ਕਿ ਇਸ ਬੇੜੇ ਨੂੰ ਬੰਨ੍ਹਣ ਦਾ ਉੱਦਮ ਕੀਤਾ ਜਾਵੇ ਤੇ ਪਾਰ ਬੈਠੇ ਸੱਜਣ ਨੂੰ ਮਿਲਣ ਦਾ ਉਪਰਾਲਾ ਕੀਤਾ ਜਾਵੇ:

ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ॥
ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ॥ *(ਸੂਹੀ ਮਹਲਾ ੧, ਪੰਨਾ 729)*

(ਅ) ਫਿਰ ਬਾਬੇ ਫ਼ਰੀਦ ਨੇ ਤਾੜਨਾ ਕੀਤੀ ਕਿ ਰਾਤ ਦੇ ਪਹਿਲੇ ਪਹਿਰ ਰੂਹਾਨੀਅਤ ਦਾ ਫੁੱਲ ਖਿੜਦਾ ਤੇ ਦੂਜੇ ਪਹਿਰ ਫਲ ਲੱਗਦਾ ਹੈ। ਜੋ ਜਾਗਦੇ ਹਨ; ਕੇਵਲ ਉਹੋ ਇਸ ਦਾਤ ਤੋਂ ਲਾਹਾ ਲੈ ਸਕਦੇ ਹਨ:

ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ॥
ਜੋ ਜਾਗੰਨਿ੍ ਲਹੰਨਿ ਸੇ ਸਾਈ ਕੰਨੋ ਦਾਤਿ॥੧੧੨॥

(ਸਲੋਕ ਫਰੀਦ ਜੀ, ਪੰਨਾ 1384)

ਬਾਬੇ ਨਾਨਕ ਨੇ ਕਿਹਾ ਕਿ ਮਾਯੂਸ ਹੋਣ ਵਾਲੀ ਕੋਈ ਗੱਲ ਨਹੀਂ। ਠੀਕ ਹੈ ਕਿ ਸਾਰੇ ਲੋਕ ਪਹਿਲੇ ਜਾਂ ਦੂਜੇ ਪਹਿਰ ਜਾਗ ਨਹੀਂ ਸਕਦੇ, ਪਰ ਇਹ ਵੀ ਗੱਲ ਯਾਦ ਰੱਖਣ ਵਾਲੀ ਹੈ ਕਿ ਮਾਲਕ ਬੜਾ ਮਿਹਰਵਾਨ ਹੈ, ਕਈ ਵਾਰ ਉਹ ਸੁੱਤਿਆਂ ਨੂੰ ਹਲੂਣਾ ਦੇ ਕੇ ਖ਼ੁਦ ਉਠਾ ਲੈਂਦਾ ਹੈ ਤੇ ਆਪਣੇ ਨਾਮ ਦਾ ਜਾਪ ਪਿਲਾ ਦਿੰਦਾ ਹੈ। ਇਹ ਉਸ ਦੀ ਦਾਤ ਹੈ, ਸਾਡੇ ਤਪ ਤੇ ਸਾਡੀ ਘਾਲ ਦਾ ਸਿੱਟਾ ਨਹੀਂ:

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥
ਇਕਿ ਜਾਗੰਦੇ ਨਾ ਲਹਨਿ੍ ਇਕਨਾ ਸੁਤਿਆ ਦੇਇ ਉਠਾਲਿ॥੧੧੩॥

(ਸਲੋਕ ਫਰੀਦ ਜੀ, ਪੰਨਾ 1384)

(ੲ) ਫਿਰ ਬਾਬੇ ਫ਼ਰੀਦ ਨੇ ਆਖਿਆ ਕਿ ਮੈਂ ਆਪਣੇ ਜਿਸਮ ਨੂੰ ਤੰਦੂਰ ਵਾਂਗ ਤਪਾਣ ਲਈ ਤਿਆਰ ਹਾਂ ਤੇ ਇਸ ਵਿਚ ਆਪਣੇ ਹੱਡਾਂ ਦਾ ਬਾਲਣ ਵੀ ਪਾ ਸਕਦਾ ਹਾਂ। ਮੈਂ ਉਸ ਦੀ ਰਾਹ 'ਤੇ ਪੈਰਾਂ ਦੀ ਥਾਂ ਸਿਰ ਭਾਰ ਹੋ ਕੇ ਵੀ ਚੱਲਣ ਲਈ ਤਿਆਰ ਹਾਂ, ਬਸ਼ਰਤੇ ਕਿ ਮੇਰਾ ਮਹਿਬੂਬ ਮੈਨੂੰ ਮਿਲ ਜਾਵੇ :

ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ੍॥
ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ੍॥੧੧੯॥

(ਸਲੋਕ ਫਰੀਦ ਜੀ, ਪੰਨਾ 1384)

ਬਾਬੇ ਨਾਨਕ ਨੇ ਕਿਹਾ ਕਿ ਫ਼ਰੀਦ ਜੀ! ਤੁਸੀਂ ਇਤਨੀ ਖੇਚਲ ਕਿਉਂ ਕਰਦੇ ਹੋ। ਇਸ ਤਨ ਨੂੰ ਤੰਦੂਰ ਬਣਾਉਣ ਦੀ ਲੋੜ ਨਹੀਂ ਤੇ ਨਾ ਹੀ ਹੱਡੀਆਂ ਦਾ ਬਾਲਣ ਕਰਨਾ ਸੋਭਦਾ ਹੈ। ਸਾਡੇ ਸਿਰ ਪੈਰ ਨੇ ਕੀ ਵਿਗਾੜਿਆ ਹੈ ਕਿ ਅਸੀਂ ਇਨ੍ਹਾਂ ਨੂੰ ਮਿੱਟੀ ਘੱਟੇ ਰੋਲੀਏ। ਤੁਸੀਂ ਧਿਆਨ ਲਾ ਕੇ ਦੇਖੋ, ਮਾਲਕ ਕਿਤੇ ਬਾਹਰ ਦੂਰ ਨਹੀਂ, ਉਹ ਤਾਂ ਤੁਹਾਡੇ ਅੰਦਰ ਹੀ ਹੈ। ਤੁਸੀਂ ਆਪਣੇ ਅੰਦਰ ਝਾਤੀ ਮਾਰੋ ਤੇ ਤੁਹਾਨੂੰ ਉਸ ਦਾ ਦੀਦਾਰ ਹੋ ਜਾਵੇਗਾ :

ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ॥
ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ॥੧੨੦॥

(ਸਲੋਕ ਫਰੀਦ ਜੀ, ਪੰਨਾ 1384)

(ਸ) ਬਾਬੇ ਫ਼ਰੀਦ ਨੇ ਕਿਹਾ ਕਿ ਮੈਂ ਇਕ ਰਾਤ ਵੀ ਉਸ ਤੋਂ ਵਿਛੜਨਾ ਬਰਦਾਸ਼ਤ ਨਹੀਂ ਕਰ ਸਕਦਾ। ਦੁਹਾਗਣੀਆਂ ਪਤਾ ਨਹੀਂ ਕਿਵੇਂ ਸਮਾਂ ਲੰਘਾਉਂਦੀਆਂ ਹਨ। ਨਾ ਉਨ੍ਹਾਂ ਦੀ ਸਹੁਰੇ ਘਰ ਇੱਜ਼ਤ ਹੈ ਤੇ ਨਾ ਹੀ ਪੇਕੇ ਘਰ। ਪਤੀ ਉਨ੍ਹਾਂ ਨਾਲ ਗੱਲ ਕਰਨ ਲਈ ਵੀ ਤਿਆਰ ਨਹੀਂ। ਫਿਰ ਉਹ ਸੁਹਾਗਣਾਂ ਕਿਵੇਂ ਹਨ :

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥੩੦॥
ਸਾਹੁਰੈ ਢੋਈ ਨਾ ਲਹੈ ਪੇਈਐ ਨਾਹੀ ਥਾਉ॥
ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ॥੩੧॥

(ਸਲੋਕ ਫਰੀਦ ਜੀ, ਪੰਨਾ 1379)

ਬਾਬਾ ਨਾਨਕ ਇਸ ਗੁੰਝਲ ਨੂੰ ਸੁਲਝਾਉਂਦੇ ਹੋਏ ਫ਼ਰਮਾਉਂਦੇ ਹਨ ਕਿ ਜੋ ਸੁਆਣੀ ਸਹੁਰੇ ਪੇਕੇ ਕੰਤ ਦੀ ਹੀ ਬਣ ਕੇ ਰਹਿੰਦੀ ਹੈ, ਉਸ ਕੰਤ ਦੀ, ਜੋ ਬੇਅੰਤ ਅਗਮ ਅਪਾਰ ਸਿਰਜਣਹਾਰ ਹੈ, ਉਹੋ ਸੱਚੀ ਸੁਹਾਗਣ ਹੈ :

ਸਾਹੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ॥
ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹ॥੩੨॥

(ਸਲੋਕ ਫਰੀਦ ਜੀ, ਪੰਨਾ 1379)

(ਹ) ਬਾਬਾ ਫ਼ਰੀਦ ਇਕ ਥਾਂ ਆਪਣੀ ਰਾਇ ਜ਼ਾਹਿਰ ਕਰਦੇ ਹਨ ਕਿ ਹੰਸਾਂ ਦੀ ਰੀਸ ਕਰ ਕੇ ਕਈ ਬਗਲੇ ਵੀ ਲੰਮੀ ਤਾਰੀ ਲਾਉਣ ਦਾ ਢੌਂਗ ਰਚਦੇ ਹਨ ਅਰਥਾਤ ਦੁਹਾਗਣਾਂ ਵੀ ਸੁਹਾਗਣਾਂ ਦੀ ਨਕਲ ਕਰ ਕੇ ਪਿਰ ਨੂੰ ਰੀਝਾਉਣ ਦਾ ਹੀਲਾ ਕਰਦੀਆਂ

ਹਨ, ਪਰੰਤੂ ਉਨ੍ਹਾਂ ਦੀ ਆਸ ਪੂਰੀ ਨਹੀਂ ਹੁੰਦੀ, ਸਗੋਂ ਮੂਧੇ ਮੂੰਹ ਡਿੱਗ ਕੇ ਖ਼ੁਆਰ ਹੀ ਹੁੰਦੀਆਂ ਹਨ। ਇਸ ਕਰਕੇ ਬਾਬਾ ਫ਼ਰੀਦ ਕਹਿੰਦੇ ਹਨ ਕਿ ਮੈਂ ਤਾਂ ਐਸੇ ਨਕਲੀ ਦਰਵੇਸ਼ਾਂ ਜਾਂ ਪਰਮ ਹੰਸਾਂ ਤੋਂ ਆਪਣਾ ਆਪ ਬਚਾਉਣਾ ਹੀ ਚਾਹੁੰਦਾ ਹਾਂ। ਮੈਨੂੰ ਇਨ੍ਹਾਂ ਦੇ ਸੰਗ ਦੀ ਲੋੜ ਨਹੀਂ:

ਮੈ ਜਾਨਿਆ ਵਡ ਹੰਸੁ ਹੈ ਤਾ ਮੈ ਕੀਆ ਸੰਗੁ ॥
ਜੇ ਜਾਣਾ ਬਗੁ ਬਪੁੜਾ ਤ ਜਨਮਿ ਨ ਦੇਦੀ ਅੰਗੁ ॥

(ਵਡਹੰਸ ਕੀ ਵਾਰ, ਮਹਲਾ ੩, ਪੰਨਾ 585)

ਪਰ ਗੁਰੂ ਨਾਨਕ ਸਾਹਿਬ ਨਿਰਾਸ਼ਾ ਨੂੰ ਆਸ ਵਿਚ ਬਦਲਦੇ ਕਹਿੰਦੇ ਹਨ ਕਿ ਕੀ ਹੰਸ ਤੇ ਕੀ ਬਗਲਾ, ਤੁਸੀਂ ਇਹ ਚਿੰਤਾ ਨਾ ਕਰੋ। ਮਾਲਕ ਚਾਹੇ ਤਾਂ ਕਾਲੇ-ਕਲੂਟੇ ਕਾਂ ਨੂੰ ਵੀ ਹੰਸ ਬਣਾ ਸਕਦਾ ਹੈ। ਸੋ ਦੁਹਾਗਣ ਨੂੰ ਸੁਹਾਗਣ ਬਣਾਉਣਾ ਮਿਹਰਵਾਨ ਮਾਲਕ ਦੀ ਮਿਹਰਬਾਨੀ ਹੈ:

ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਧਰੇ ॥
ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇ ॥੧੨੪॥

(ਸਲੋਕ ਫਰੀਦ ਜੀ, ਪੰਨਾ 1384)

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਨਾਨਕ ਸਾਹਿਬ ਨੇ ਫ਼ਰੀਦ ਬਾਣੀ ਦੇ ਐਸੇ ਸਪੱਸ਼ਟੀਕਰਣ ਦਿੱਤੇ ਹਨ ਕਿ ਜਗਿਆਸੂ ਉਦਾਸੀਨਤਾ ਤਿਆਗ ਕੇ ਆਸ਼ਾਵਾਦੀ ਹੋ ਅੱਗੇ ਵਧਣ ਦਾ ਜਤਨ ਕਰਦਾ ਹੈ।

•

ਭਾਰਤੀ ਵਿਚਾਰਧਾਰਾ ਤੇ ਗੁਰੂ ਅਮਰਦਾਸ

ਭਾਰਤੀ ਵਿਚਾਰਧਾਰਾ ਦਾ ਸਰੂਪ ਸਮਝਣ ਲਈ ਜ਼ਰੂਰੀ ਹੈ ਕਿ ਇਸ ਨੂੰ ਦੋ ਹਿੱਸਿਆਂ ਵਿਚ ਵੰਡ ਲਿਆ ਜਾਵੇ। ਪਹਿਲੇ ਇਹ ਕਿ ਇਸ ਦਾ ਅਧਿਆਤਮਕ ਵਿਸ਼ਵਾਸ ਕਿਸ ਭਾਂਤ ਦਾ ਰਿਹਾ ਹੈ ਤੇ ਦੂਜੇ, ਸਮਾਜ ਪ੍ਰਤੀ ਇਸ ਦਾ ਦ੍ਰਿਸ਼ਟੀਕੋਣ ਕੀ ਰਿਹਾ ਹੈ ਤੇ ਉਸ ਦੇ ਕੀ ਸਿੱਟੇ ਨਿਕਲੇ ਹਨ। ਇਨ੍ਹਾਂ ਦੋਹਾਂ ਪੱਖਾਂ ਨੂੰ ਵਿਚਾਰ-ਅਧੀਨ ਕਰ ਕੇ ਹੀ ਅਸੀਂ ਸਤਿਗੁਰਾਂ ਦੀ ਵਿਚਾਰਧਾਰਾ ਨੂੰ ਸੌਖੀ ਭਾਂਤ ਸਮਝਣ ਦੇ ਸਮਰੱਥ ਹੋ ਸਕਾਂਗੇ। ਭਾਰਤੀ ਵਿਚਾਰਵਾਨ ਅਧਿਆਤਮਕਤਾ ਦੇ ਸੰਕਲਪ ਤੇ ਸਰੂਪ ਬਾਰੇ ਅਨੇਕ ਭਾਂਤੀ ਤੇ ਅਸਚਰਜ ਮਾਨਤਾਵਾਂ ਮੰਨਦੇ ਆਏ ਹਨ। ਕੋਈ ਨਿਰਗੁਣਵਾਦੀ ਵਿਚਾਰ ਦੇ ਹਾਮੀ ਸਨ, ਕੋਈ ਸਰਗੁਣਵਾਦੀ ਤੇ ਕੋਈ ਬਿਲਕੁਲ ਸੰਤਵਾਦੀ। ਕਈ ਸਰਗੁਣਵਾਦੀ ਬਹੁ-ਦੇਵਵਾਦ ਦੇ ਮੁੱਦਈ ਸਨ ਤੇ ਕਈ ਅਵਤਾਰਵਾਦ ਦੇ ਅਤੇ ਇਸ ਤੋਂ ਵੀ ਅੱਗੇ ਕਈ ਮੂਰਤੀਵਾਦ ਵਿਚ ਸ਼ਰਧਾ ਰੱਖਣ ਵਾਲੇ ਅਨੇਕ ਭਾਂਤ ਦੇ ਕਰਮ-ਕਾਂਡ ਦੀ ਸਾਧਨਾ ਵਿਚ ਯਕੀਨ ਰੱਖਦੇ ਸਨ। ਆਮ ਤੌਰ 'ਤੇ ਭਾਰਤੀ ਧਾਰਮਿਕਤਾ ਦੇ ਮੁੱਦਈਆਂ ਦਾ ਰਵੱਈਆ ਸਮਾਜ ਪ੍ਰਤੀ ਤਾਂ ਅਪਸਾਰਵਾਦੀ ਹੀ ਰਿਹਾ ਹੈ। ਕਿਸੇ ਮਤ ਨੇ ਇਸ ਸਰੀਰ, ਇਸ ਦੇ ਖਾਣ-ਪਹਿਨਣ, ਗ੍ਰਹਿਸਤ ਜੀਵਨ ਜੀਊਣ ਜਾਂ ਇਸ ਸੰਸਾਰ ਨੂੰ ਇਤਨਾ ਮਹੱਤਵਪੂਰਨ ਸਵੀਕਾਰ ਨਹੀਂ ਕੀਤਾ, ਸਗੋਂ ਕਿਸੇ ਨਾ ਕਿਸੇ ਰੂਪ ਵਿਚ ਇਸ ਦੀ ਨਿਖੇਧੀ ਹੀ ਕੀਤੀ। ਇਹ ਸੱਚਾਈ ਹੈ ਕਿ ਯਥਾਰਥ ਤੋਂ ਅੱਖਾਂ ਮੀਟ ਕੇ ਕੇਵਲ ਨਿਖੇਧੀ ਮਾਤਰ ਨਾਲ ਕੋਈ ਉਸਾਰੂ ਕੰਮ ਸੰਭਵ ਨਹੀਂ।

ਸੋ, ਅਸੀਂ ਸਹਿਜੇ ਹੀ ਕਹਿ ਸਕਦੇ ਹਾਂ ਕਿ ਭਾਰਤੀ ਲੋਕਾਂ ਦਾ ਅਧਿਆਤਮਕ ਨਿਸਚਾ ਬਹੁਤਾ ਭਰਮ-ਭੁਲੇਖਿਆਂ ਦਾ ਸ਼ਿਕਾਰ ਰਿਹਾ ਹੈ ਤੇ ਇਸ ਰੇਤ ਦੀ ਦੀਵਾਰ ਉੱਤੇ ਉਸਾਰੀ ਧਾਰਮਿਕਤਾ ਕਿਤਨਾ ਕੁ ਚਿਰ ਸਥਾਈ ਹੋ ਸਕਦੀ ਸੀ ਅਤੇ ਸਮਾਜਿਕ ਦ੍ਰਿਸ਼ਟੀਕੋਣ ਤਾਂ ਕਦੀ ਵੀ ਬਹੁਤਾ ਸਿਹਤਮੰਦ ਰੂਪ ਨਹੀਂ ਧਾਰ ਸਕਿਆ। ਪਲਾਇਨਵਾਦ ਨੇ ਸਭ ਕਾਸੇ ਨੂੰ ਮਿਥਿਆ ਕਹਿ ਕੇ ਇਸ ਪਾਸਿਉਂ ਅੱਖਾਂ ਮੀਟੀ ਰੱਖੀਆਂ ਤੇ ਇਸ ਦੇ ਨਤੀਜੇ ਵੀ ਭੈੜੇ ਨਿਕਲੇ ਹਨ। ਸਾਡਾ ਦੇਸ਼ ਪਦਾਰਥਕ ਤਰੱਕੀ ਵਿਚ ਬਹੁਤ ਪਿੱਛੇ ਰਹਿ ਗਿਆ ਤੇ ਇਸ ਕਾਰਨ ਇਸ ਨੂੰ ਮੌਜੂਦਾ ਸੰਸਾਰਕ ਭਾਈਚਾਰੇ ਵਿਚ ਗੌਰਵ ਪ੍ਰਾਪਤ ਨਾ ਹੋਇਆ, ਜਿਸ ਦਾ ਕਿ ਇਹ ਅਧਿਕਾਰੀ ਸੀ। ਗੁਰੂ ਨਾਨਕ ਸਾਹਿਬ ਦਾ ਵਿਸ਼ਲੇਸ਼ਣ ਬਿਲਕੁਲ ਸਹੀ ਸੀ ਕਿ ਜਿਸ ਨੂੰ ਖ਼ੁਆਰ ਕਰਨਾ ਹੁੰਦਾ ਹੈ, ਉਸ ਵਿੱਚੋਂ ਖ਼ੁਦ ਖ਼ੁਦਾ ਹੀ ਸਭਿਆਚਾਰਕ ਖ਼ੂਬੀਆਂ ਦਾ ਖ਼ਾਤਮਾ ਕਰ ਦਿੰਦਾ ਹੈ:

ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ॥

(ਆਸਾ ਮਹਲਾ ੧, ਪੰਨਾ 417)

ਗੁਰੂ ਅਮਰਦਾਸ ਜੀ ਦੀ ਵਿਚਾਰਧਾਰਾ ਗੁਰੂ ਨਾਨਕ ਚਿੰਤਨ ਦੀ ਹੀ ਵਿਆਖਿਆ ਤੇ ਵਿਸਤਾਰ ਹੈ। ਗੁਰੂ-ਵਿਚਾਰਧਾਰਾ ਜ਼ਿੰਦਗੀ ਦਾ ਸੰਜੋਗ ਰਚਣ ਵਾਲੀ ਹੈ। ਇਹ ਦਾਰਸ਼ਨਿਕ ਨਿਖੇੜ ਜਾਂ ਵੰਡ 'ਤੇ ਆਧਾਰਿਤ ਨਹੀਂ, ਅਧਿਆਤਮਕ ਤੇ ਭਾਵਾਤਮਕ ਏਕਤਾ ਇਸ ਦਾ ਮੂਲ ਆਧਾਰ ਹੈ। ਰਹੱਸਵਾਦੀ ਮਹਾਂਪੁਰਸ਼ਾਂ ਦੇ ਸਨਮੁਖ ਆਦਰਸ਼ ਇਹ ਰਿਹਾ ਹੈ ਕਿ ਜ਼ਿੰਦਗੀ ਦਾ ਪਰਮੇਸ਼ਰ ਨਾਲ ਤੇ ਮਨੁੱਖਾਂ ਦਾ ਪਰਸਪਰ ਸੰਜੋਗ ਸਿਰਜਿਆ ਜਾਵੇ। ਭਾਰਤ ਦੀ ਆਸਤਕ ਵਿਚਾਰਧਾਰਾ ਐਸੀ ਸੀ, ਜੋ ਇਕ ਪਾਸੇ ਜੋੜਦੀ, ਪਰ ਦੂਜੇ ਪਾਸੇ ਤੋੜਦੀ ਸੀ। ਅਧਿਆਤਮਕ ਲੋਕ, ਜੀਵਨ ਤੋਂ ਉਪਰਾਮ ਰਹਿਣ ਨੂੰ ਤਰਜੀਹ ਦਿੰਦੇ ਸਨ। ਇਸ ਤੋਂ ਉਲਟ ਜੋ ਅਨ-ਈਸ਼ਵਰਵਾਦੀ ਸਨ, ਉਹ ਰੱਬੀ ਸੰਜੋਗ ਨੂੰ ਕੋਈ ਉਦੇਸ਼ ਹੀ ਨਹੀਂ ਸੀ ਮੰਨਦੇ। ਸੋ, ਆਸਤਕ ਤੇ ਨਾਸਤਕ ਵਿਚਾਰਧਾਰਾ ਇਕ ਦੂਜੇ ਦੀਆਂ ਵਿਰੋਧੀ ਸਨ, ਇਕ ਸੰਸਾਰਵਾਦੀ ਸੀ, ਪਰਮੇਸ਼ਵਰ-ਵਾਦੀ ਨਹੀਂ ਸੀ। ਦੂਜੀ ਪਰਮੇਸ਼ਰਵਾਦੀ ਇਤਨੀ ਸੀ ਕਿ ਸੰਸਾਰੀ-ਜੀਵਨ ਨੂੰ ਤਿਲਾਂਜਲੀ ਦਿੰਦੀ ਸੀ। ਗੁਰੂ ਚਿੰਤਨ ਦੀ ਇਕ ਮੌਲਿਕ ਵਿਸ਼ੇਸ਼ਤਾ ਹੈ ਕਿ ਇਹ ਅਧਿਆਤਮਵਾਦ ਨਾਲ ਓਤਪੋਤ ਹੁੰਦੀ ਸਮਾਜਿਕ ਜੀਵਨ ਤੋਂ ਉਪਰਾਮਤਾ ਨਹੀਂ ਸਿਖਾਉਂਦੀ, ਸਗੋਂ ਜੀਵਨ-ਸੰਗਰਾਮ ਵਿਚ ਕਰਮਯੋਗੀ ਬਿਰਤੀ ਨਾਲ ਜੂਝਣ ਲਈ ਪ੍ਰੇਰਨਾ ਦਿੰਦੀ ਹੈ। ਗੁਰੂ ਅਮਰਦਾਸ ਜੀ ਨੇ ਇਸ ਕੁਦਰਤੀ ਜੀਵਨ ਨੂੰ 'ਸਹਜ' ਦਾ ਨਾਮ ਦਿੱਤਾ ਹੈ। ਗੁਰੂ ਸਾਹਿਬ ਇਸ ਗੱਲ ਲਈ ਭਲੀ ਭਾਂਤ ਚੇਤਨ ਸਨ ਕਿ ਆਤਮਿਕ ਵਿਕਾਸ ਓਦੋਂ ਤਕ ਪੂਰੀ ਤਰ੍ਹਾਂ ਸੰਭਵ ਨਹੀਂ, ਜਿਤਨਾ ਚਿਰ ਸਮਾਜਿਕ, ਸਾਂਸਕ੍ਰਿਤਕ ਤੇ ਰਾਜਨੀਤਕ ਪਹਿਲੂਆਂ ਨੂੰ ਧਿਆਨ-ਗੋਚਰਾ ਨਾ ਕੀਤਾ ਜਾਵੇ। ਸਿਮਰਨ ਤੇ ਬੰਦਗੀ ਦੀ ਗੱਲ ਤਾਂ ਭਗਤੀ ਲਹਿਰ ਦੇ ਸਾਰੇ ਸੰਤ ਸਾਧੂ ਹੀ ਕਰਦੇ ਸਨ, ਪਰ ਸੰਸਾਰ ਵੱਲੋਂ ਉਪਰਾਮ ਚਿਤ ਹੋ ਕੇ। ਪਰ ਗੁਰੂ ਨਾਨਕ ਸਾਹਿਬ ਨੇ ਸੰਸਾਰਕ ਕਰਤੱਵ ਦੀ ਪਾਲਣਾ ਕਰਦਿਆਂ ਭਗਤੀ ਕਰਨ ਦੀ ਪ੍ਰੇਰਨਾ ਕੀਤੀ। ਮਨੁੱਖ ਇਕ ਸਮਾਜਿਕ ਜੀਵ ਹੈ। ਇਸ ਦੇ ਜੀਵਨ-ਨੇਮ ਅਜਿਹੇ ਸੋਚੇ ਹੀ ਨਹੀਂ ਜਾ ਸਕਦੇ, ਜੋ ਇਸ ਨੂੰ ਅਲੱਗ ਅਲੱਗ ਕਰ ਕੇ ਵਿਕਾਸ ਦਾ ਪੂਰਾ ਮਾਰਗ ਦਿਖਾ ਸਕਣ। ਸੋ ਸੰਪੂਰਨ ਮਨੁੱਖੀ ਵਿਕਾਸ ਲਈ ਸਮਾਜਿਕ ਯੋਜਨਾਬੰਦੀ ਨਿਹਾਇਤ ਜ਼ਰੂਰੀ ਸੀ, ਇਸ ਨੂੰ ਸਨਮੁਖ ਰੱਖ ਕੇ ਹੀ ਗੁਰੂ ਸਾਹਿਬ ਨੇ ਆਪਣੀ ਨਵੀਂ ਵਿਚਾਰਧਾਰਾ ਉਸਾਰੀ। ਇਸ ਵਿਚ ਜਿਥੇ ਮਨੁੱਖ ਦੇ ਵਿਅਕਤੀਗਤ ਵਿਕਾਸ ਲਈ ਸੇਧ ਮੌਜੂਦ ਸੀ, ਉਥੇ ਸਮਾਜਿਕ ਵਿਕਾਸ ਦੀ ਵੀ ਪੂਰੀ ਵਿਉਂਤ ਰੱਖੀ ਗਈ ਸੀ ਤਾਂ ਕਿ ਸੰਸਾਰ-ਬਗ਼ੀਚੇ ਨੂੰ ਹਰ ਤਰ੍ਹਾਂ ਪ੍ਰਫੁੱਲਿਤ ਕੀਤਾ ਜਾ ਸਕੇ :

1. ਸਨਾਤਨੀ ਵਿਚਾਰਧਾਰਾ ਅਨੇਕਵਾਦੀ ਸੀ, ਜਿਸ ਦੇ ਦੇਵ ਪੂਜਾ, ਅਵਤਾਰ ਪੂਜਾ ਤੇ ਮੂਰਤੀ ਪੂਜਾ ਆਦਿ ਕਈ ਰੂਪ ਸਨ। ਤੇਤੀ ਕਰੋੜ ਦੇਵੀ-ਦੇਵਤਿਆਂ ਦੀ ਕਲਪਨਾ, ਏਕਤਾ ਜਾਂ ਅਦ੍ਵੈਤ ਦੀ ਮੰਜ਼ਿਲ ਵੱਲ ਨਹੀਂ ਸੀ ਲਿਜਾ ਸਕਦੇ।

2. ਇਹ ਲੋਕ ਸੰਸਾਰ ਨੂੰ ਮਿਥਿਆ ਜਾਂ ਮਾਇਆ ਜਾਲ ਕਹਿ ਕੇ ਸਦਾ ਇਸ ਤੋਂ ਛੁਟਕਾਰੇ (ਮੁਕਤੀ) ਦੀ ਮੰਗ ਕਰਦੇ ਸਨ।
3. ਇਹ ਸਰੀਰ ਨੂੰ ਵਾਧੂ ਜਿਹਾ ਮਿੱਟੀ ਦਾ ਠੀਕਰਾ ਤੇ ਕੇਵਲ ਆਤਮਾ ਨੂੰ ਅਸਲ ਵਸਤੂ ਆਖਦੇ ਸਨ।
4. ਇਸ ਕਰਕੇ ਖਾਣਾ, ਪੀਣਾ, ਪਹਿਨਣਾ ਵੀ ਇਕ ਤਰ੍ਹਾਂ ਫ਼ਾਲਤੂ ਕੰਮ ਤਸੱਵਰ ਕੀਤੇ ਗਏ, ਜੋ ਕਿ ਉਨ੍ਹਾਂ ਦੇ ਖ਼ਿਆਲ ਵਿਚ ਕੇਵਲ ਵਿਕਾਰ ਪੈਦਾ ਕਰਨ ਵਾਲੇ ਸਨ।
5. ਕਰਮ ਮਾਤਰ ਨੂੰ ਜੰਜਾਲ ਕਹਿ ਕੇ ਬਿਰਕਤੀ ਜਾਂ ਸੰਨਿਆਸ ਨੂੰ ਸਰਬੋਤਮ ਸਮਝਿਆ ਗਿਆ, ਇਹ ਅਸਹਿਜ ਦੀ ਗੱਲ ਸੀ।
6. ਵਰਣ ਆਸ਼ਰਮ ਦੀ ਮਰਯਾਦਾ ਦਾ ਪਾਲਣ ਬਹੁਤ ਜ਼ਰੂਰੀ ਸੀ, ਭਾਵੇਂ ਇਸ ਨਾਲ ਮਨੁੱਖੀ ਸਮਾਨਤਾ ਬਰਕਰਾਰ ਨਹੀਂ ਸੀ ਰਹਿੰਦੀ।
7. ਬ੍ਰਾਹਮਣ ਆਪਣੀ ਉੱਚਤਾ ਤੇ ਪੁਰੋਹਿਤੀ ਦੱਸਣ ਲਈ ਯੱਗ, ਹੋਮ, ਮੰਤ੍ਰ, ਜਪ, ਤਪ, ਤੀਰਥ, ਵਰਤ, ਸ਼ਗਨ, ਅਪਸ਼ਗਨ, ਤਿਥ-ਵਾਰ ਦੀ ਪੂਜਾ, ਮਾਨਤਾ ਤੇ ਸਰਾਧ ਆਦਿ ਕਰਦਾ/ਕਰਾਉਂਦਾ ਸੀ। ਇਸ ਕਰਕੇ ਜਨ-ਸਾਧਾਰਨ ਇਸ ਭਰਮ-ਚੱਕਰ ਵਿੱਚੋਂ ਨਹੀਂ ਸੀ ਨਿਕਲ ਸਕਦਾ।
8. ਇਸ ਧਰਮ ਕਰਮ ਦਾ ਅੰਤਮ ਪ੍ਰਮਾਣ (Final Authority) ਵੇਦ ਸੀ, ਜਿਸ ਨੂੰ ਕੇਵਲ ਬ੍ਰਾਹਮਣ ਪੜ੍ਹ ਪੜ੍ਹਾ ਸਕਦਾ ਸੀ। ਹੋਰ ਕਿਸੇ ਨੂੰ ਅਧਿਕਾਰ ਹੀ ਨਹੀਂ ਸੀ। ਪਰੰਤੂ ਹਜ਼ਾਰਾਂ ਵਰ੍ਹਿਆਂ ਦੀ ਭਾਸ਼ਾ ਨੂੰ ਸਮਝਣਾ ਹਰ ਬ੍ਰਾਹਮਣ ਲਈ ਵੀ ਬਿਖਮ ਕੰਮ ਸੀ।
9. ਜੋਗੀ, ਸੰਨਿਆਸੀ, ਸਾਧ ਜਾਂ ਪੀਰ, ਫ਼ਕੀਰ ਸੰਸਾਰ ਦੇ ਕਰਮ-ਖੇਤਰ ਤੋਂ ਬਾਹਰ ਭੱਜ ਕੇ ਰਿਧੀ-ਸਿਧੀ, ਜਾਦੂ-ਟੂਣੇ ਜਾਂ ਜੰਤਰ-ਮੰਤਰ ਰਾਹੀਂ ਆਪਣੀ ਪ੍ਰਭੁਤਾ ਜਮਾਉਂਦੇ ਰਹਿੰਦੇ ਸਨ, ਪਰ ਇਹ ਜੀਵਨ-ਜੁਗਤੀ ਤੋਂ ਸੱਖਣੇ ਸਨ।
10. ਇਸਲਾਮ ਦਾ ਪੁਰੋਹਿਤ ਮੁੱਲਾਂ ਕਾਜ਼ੀ ਵੀ ਇਸੇ ਕਿਸਮ ਦੇ ਸ਼ਰ੍ਹਾ ਸ਼ਰੀਅਤ ਦੇ ਕਰਮ-ਕਾਂਡਾਂ ਦਾ ਜਾਲ ਲਈ ਫਿਰਦਾ ਸੀ। ਰਾਜ-ਮਦ ਕਾਰਨ ਉਸ ਵਿਚ ਜ਼ਰਾ ਕਠੋਰਤਾ ਤੇ ਕਹਿਰ ਵਧੇਰੇ ਸੀ। ਅਜਿਹੀਆਂ ਭੁੱਲਾਂ ਤੇ ਉਕਾਈਆਂ ਕਾਰਨ ਧਰਮ ਤੇ ਸਮਾਜ ਦਾ ਢਾਂਚਾ ਸਪੱਸ਼ਟ, ਸ਼ੁੱਧ ਤੇ ਸੁਖਦਾਈ ਨਹੀਂ ਸੀ ਰਿਹਾ। ਇਸ ਵਿਚ ਬੁਨਿਆਦੀ ਤਬਦੀਲੀ ਦੀ ਵੀ ਲੋੜ ਸੀ।

ਗੁਰੂ ਨਾਨਕ ਸਾਹਿਬ ਨੇ ਇਨ੍ਹਾਂ ਸਾਰੀਆਂ ਗ਼ਲਤੀਆਂ ਨੂੰ ਸੋਧਣ ਦੇ ਜਤਨ ਕੀਤੇ ਅਤੇ ਗੁਰੂ ਅਮਰਦਾਸ ਜੀ ਨੇ ਉਨ੍ਹਾਂ ਦੇ ਜਾਨਸ਼ੀਨ ਹੋਣ ਦੀ ਸੂਰਤ ਵਿਚ ਭਾਰਤੀ ਮਤਾਂ ਦੇ ਭਰਮਾਂ-ਭੁਲੇਖਿਆਂ ਨੂੰ ਮੇਟਣ ਲਈ ਖ਼ਾਸ ਉਪਰਾਲੇ ਕੀਤੇ। ਗੁਰੂ ਅੰਗਦ ਦੇਵ ਜੀ, ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਸਾਹਿਬ ਦੀ ਬਾਣੀ ਵਿਚ ਵਧੇਰੇ ਕਰਕੇ ਪ੍ਰਭੂ ਪਿਆਰ ਤੇ ਰੱਬੀ ਮਹਿਮਾ ਦਾ ਵਰਨਣ ਹੈ, ਪਰੰਤੂ ਗੁਰੂ ਅਮਰਦਾਸ ਜੀ ਦੀ ਬਾਣੀ ਦਾ ਕੇਂਦਰੀ ਧੁਰਾ ਇਥੋਂ ਦੇ ਧਰਮ ਤੇ ਸਮਾਜ ਨੂੰ ਹਰ ਤਰ੍ਹਾਂ ਸੂਛ ਕਰਨ ਦਾ ਹੈ। ਇਸ

ਕਰਕੇ ਉਹ ਭਾਰਤੀ ਮਾਨਤਾਵਾਂ ਦੀਆਂ ਕਮਜ਼ੋਰੀਆਂ ਨੂੰ ਉਘਾੜਨ ਤੋਂ ਜ਼ਰਾ ਵੀ ਸੰਕੋਚ ਨਹੀਂ ਕਰਦੇ। ਸਤਿਗੁਰਾਂ ਨੂੰ ਖ਼ੁਦ ਕਈ ਕੁ ਅਨੋਖੇ ਤਜਰਬਿਆਂ ਵਿੱਚੋਂ ਲੰਘਣਾ ਪਿਆ ਸੀ। ਉਨ੍ਹਾਂ ਦਾ ਪਹਿਲਾ ਜੀਵਨ ਵੈਸ਼ਨਵ ਵਿਚਾਰਾਂ ਦੇ ਵਾਤਾਵਰਣ ਵਾਲਾ ਸੀ, ਫਿਰ ਉਹ ਇਸ ਕਰਮ-ਕਾਂਡੀ ਜਾਲ ਵਿੱਚੋਂ ਗੁਰੂ ਉਪਦੇਸ਼ ਦੁਆਰਾ ਨਿਕਲੇ ਤੇ ਉਨ੍ਹਾਂ ਗੁਰੂ-ਭਗਤੀ ਵਿਚ ਲੀਨ ਹੋ ਕੇ ਆਪਣਾ ਆਪ ਸਵਾਰਿਆ। ਇਸ ਤੋਂ ਦੋ ਤਜਰਬੇ ਹੋਏ—ਪਹਿਲਾ ਇਹ ਕਿ ਪੁਰਾਤਨ ਕਰਮ-ਕਾਂਡ ਵਿਚ ਬੁਨਿਆਦੀ ਊਣਤਾਈ ਕੀ ਸੀ, ਦੂਜੇ ਗੁਰੂ-ਭਗਤੀ ਤੇ ਸੇਵਾ ਕਿੰਨੀ ਬਲਵਾਨ ਸਿੱਧ ਹੋ ਸਕਦੀ ਹੈ। ਇਸੇ ਕਰਕੇ ਗੁਰੂ ਅਮਰਦਾਸ ਜੀ ਦੀ ਬਾਣੀ ਦਾ ਵਿਸ਼ਾ-ਵਸਤੂ ਵਿਸ਼ੇਸ਼ ਕਰਕੇ ਜਿਥੇ ਪੁਰਾਤਨ ਮਾਨਤਾਵਾਂ ਦਾ ਵਿਸ਼ਲੇਸ਼ਣ ਹੈ, ਉਥੇ ਨਾਲ ਨਾਲ ਗੁਰੂ-ਭਗਤੀ ਤੇ ਸੇਵਾ ਦਾ ਵੀ ਸਰੇਚਨ ਕਰਦਾ ਹੈ। ਸਤਿਗੁਰਾਂ ਗੁਰੂ ਦੀ ਬਾਣੀ ਦਾ ਮਹੱਤਵ ਵੀ ਬਾਰ ਬਾਰ ਦ੍ਰਿੜ੍ਹ ਕਰਾਇਆ ਹੈ, ਜਿਸ ਨੇ ਵੇਦ-ਕਤੇਬ ਦੀ ਥਾਂ ਲੈਣੀ ਸੀ—"ਗੁਰਬਾਣੀ ਇਸੁ ਜਗ ਮਹਿ ਚਾਨਣੁ"[1] ਜਾਂ "ਸਬਦੁ ਦੀਪਕੁ ਵਰਤੈ ਤਿਹੁ ਲੋਇ"[2] ਆਦਿ ਆਪ ਦੇ ਮਾਰਗ-ਦਰਸ਼ਕ ਕਥਨ ਹਨ। ਉਨ੍ਹਾਂ ਦੇ ਕਈ ਅਜਿਹੇ ਪ੍ਰਮੁੱਖ ਬਚਨ, ਜਿਨ੍ਹਾਂ ਦੇ ਸਦਕੇ ਸਿੱਖ ਮਤ ਨੇ ਆਪਣੀ ਵਿਲੱਖਣਤਾ ਪ੍ਰਗਟਾਈ ਹੈ।

ਅਧਿਆਤਮਕ ਪੱਖ

ਅਧਿਆਤਮਿਕਤਾ ਪਰਮੇਸ਼ਰ, ਸੰਸਾਰ ਤੇ ਮਨੁੱਖ ਦੀ ਹਸਤੀ ਅਤੇ ਇਨ੍ਹਾਂ ਦੇ ਪਰਸਪਰ ਸੰਬੰਧਾਂ ਨੂੰ ਸਾਖਿਆਤਕਾਰ ਕਰਦੀ ਹੈ ਤੇ ਧਾਰਮਿਕਤਾ ਇਸ ਰਿਸ਼ਤੇ ਨੂੰ ਮੁੜ ਬਹਾਲ ਕਰਨ ਦਾ ਜਤਨ ਹੈ। ਭਾਰਤੀ ਅਧਿਆਤਮਿਕਤਾ ਇਸ ਵੰਡ ਨਾਲ ਸ਼ੁਰੂ ਹੁੰਦੀ ਹੈ। ਬ੍ਰਹਮ ਸਤਿ ਹੈ ਤੇ ਜਗਤ ਮਿਥਿਆ ਹੈ, ਲੇਕਿਨ ਗੁਰੂ ਇਸ ਭੁਲੇਖੇ ਨੂੰ ਦੂਰ ਕਰਦੇ ਹਨ ਕਿ ਪਰਮੇਸ਼ਰ ਨੂੰ ਅਵਤਾਰਾਂ ਜਾਂ ਬੁੱਤਾਂ ਵਿੱਚੋਂ ਭਾਲਣ ਦੀ ਲੋੜ ਨਹੀਂ, ਸਗੋਂ ਇਹ ਤਾਂ ਇਸੇ ਸੰਸਾਰ ਵਿਚ ਜ਼ਾਹਿਰ ਜ਼ਹੂਰ ਹੈ ਤੇ ਇਸ ਦਾ ਨੂਰ ਹਰ ਥਾਂ ਝਲਕ ਰਿਹਾ ਹੈ। ਸੋ ਨਿਰੰਕਾਰ ਸੰਸਾਰ ਤੋਂ ਵੱਖ ਨਹੀਂ।

"ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥"[3] ਮਾਇਆ ਨੂੰ ਵਿਸ ਕਹਿ ਕੇ ਉਨ੍ਹਾਂ ਸਾਰੇ ਜਗਤ ਦੀ ਐਵੇਂ ਨਿਖੇਧੀ ਨਹੀਂ ਕੀਤੀ, ਸਗੋਂ ਮਾਇਆ ਦਾ ਲੱਛਣ ਇਹ ਕੀਤਾ ਹੈ ਜੋ ਰੱਬੀ ਜੋਤਿ ਤੋਂ ਵਿਛੋੜਦੀ ਹੈ, ਦੂਜੇ, ਮਨੁੱਖ ਦੀ ਕਾਇਆ ਵਾਧੂ ਨਿਕਾਰੀ ਚੀਜ਼ ਨਹੀਂ। ਇਸ ਨੂੰ ਉਲੰਘ ਕੇ ਤੇ ਬਨਵਾਸ ਲੈ ਕੇ ਹੀ ਪਰਮੇਸ਼ਰ ਪਾਇਆ ਜਾ ਸਕਦਾ ਹੈ, ਇਹ ਭੁੱਲ ਹੈ। ਦਰਅਸਲ ਉਸ ਪਰਮੇਸ਼ਰ ਦਾ ਨਿਵਾਸ ਇਸ ਕਾਇਆ ਵਿਚ ਹੀ ਹੈ, ਇਸ ਕਰਕੇ ਇਸ ਨੂੰ ਤ੍ਰਿਸਕਾਰਨਾ ਠੀਕ ਨਹੀਂ:

---

1. ਸਿਰੀਰਾਗ ਮ: ੩, ਪੰਨਾ 67.
2. ਧਨਾਸਰੀ ਮ: ੩, ਪੰਨਾ 664.
3. ਰਾਮਕਲੀ ਮ: ੩ ਅਨੰਦੁ, ਪੰਨਾ 922.

ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥...
ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ ॥

(ਪ੍ਰਭਾਤੀ ਮਹਲਾ ੩, ਪੰਨਾ 1346)

ਕਾਇਆ ਦਾ ਮਹੱਤਵ ਪ੍ਰਗਟਾਉਣ ਲਈ ਗੁਰੂ ਅਮਰਦਾਸ ਜੀ ਵੇਰਵੇ ਨਾਲ ਲਿਖਦੇ ਹਨ:

ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ ॥
ਕਾਇਆ ਅੰਦਰਿ ਜਗਜੀਵਨ ਦਾਤਾ ਵਸੈ ਸਭਨਾ ਕਰੇ ਪ੍ਰਤਿਪਾਲਾ ॥
ਕਾਇਆ ਕਾਮਣਿ ਸਦਾ ਸੁਹੇਲੀ ਗੁਰਮੁਖਿ ਨਾਮੁ ਸਮ੍ਾਲਾ ॥੨॥
ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ ॥
ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣਿ ਜਾਈ ॥
ਸਤਿਗੁਰੁ ਸੇਵੇ ਸਦਾ ਸੁਖੁ ਪਾਏ ਸਤਿਗੁਰਿ ਅਲਖੁ ਦਿਤਾ ਲਖਾਈ ॥੩॥
ਕਾਇਆ ਅੰਦਰਿ ਰਤਨ ਪਦਾਰਥ ਭਗਤਿ ਭਰੇ ਭੰਡਾਰਾ ॥
ਇਸੁ ਕਾਇਆ ਅੰਦਰਿ ਨਉਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ ॥
ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ ॥੪॥

(ਸੂਹੀ ਮਹਲਾ ੩, ਪੰਨਾ 754)

ਮੇਰੈ ਕਰਤੈ ਇਕ ਬਣਤ ਬਣਾਈ ॥
ਇਸੁ ਦੇਹੀ ਵਿਚਿ ਸਭ ਵਥੁ ਪਾਈ ॥
ਨਾਨਕ ਨਾਮੁ ਵਣਜਹਿ ਰੰਗਿ ਰਾਤੇ ਗੁਰਮੁਖਿ ਕੋ ਨਾਮੁ ਪਾਇਦਾ ॥

(ਮਾਰੂ ਮਹਲਾ ੩, ਪੰਨਾ 1064)

ਇਸ ਮਨ ਬਾਰੇ ਵੀ ਸਾਡੇ ਸ਼ਾਸਤਰਕਾਰਾਂ ਵੱਖ ਵੱਖ ਰਾਇ ਦਿੱਤੀ ਹੈ। ਕੋਈ ਇਸ ਨੂੰ ਗਿਆਨ-ਇੰਦਰਾ ਦੱਸਦਾ ਹੈ, ਕੋਈ ਮਾਇਆ ਦਾ ਗੁਮਾਸ਼ਤਾ ਕਹਿੰਦਾ ਹੈ, ਕੋਈ ਸ਼ੈਤਾਨ ਦਾ ਏਲਚੀ। ਸਾਡਾ ਮਨ ਸਾਡੇ ਸਰੀਰ ਤੇ ਆਤਮਾ ਦੇ ਦਰਮਿਆਨ ਰਿਸ਼ਤਾ ਗੰਢਣ ਵਾਲਾ ਹੈ। ਗੁਰੂ ਸਾਹਿਬ ਇਕ ਨਵੀਂ ਚੇਤਨਾ ਜਗਾਉਂਦੇ ਹਨ:

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥

(ਆਸਾ ਮਹਲਾ ੩ ਛੰਤ, ਪੰਨਾ 441)

ਇਸ ਕਰਕੇ ਫਿਰ ਕਿਹਾ ਹੈ:

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥

(ਰਾਮਕਲੀ ਮਹਲਾ ੩ ਅਨੰਦੁ, ਪੰਨਾ 917)

ਸੋ, ਇਸ ਦ੍ਰਿਸ਼ਟੀ ਤੋਂ ਮਨ ਨੇ ਪਦਾਰਥਵਾਦੀ ਹੋਣ ਦੀ ਥਾਂ ਪਰਮਾਰਥਵਾਦੀ ਹੋਣਾ ਹੈ ਤਾਂ ਹੀ ਇਹ ਆਪਣੇ ਮੂਲ ਦੇ ਨਿਕਟ ਹੋ ਸਕਦਾ ਹੈ। ਪਰਮਾਰਥ ਦਾ ਮਨੋਰਥ ਪਰਮ ਸ਼ਕਤੀ ਦੇ ਸਰੂਪ ਨੂੰ ਜਾਨਣਾ, ਉਸ ਦੇ ਸੰਸਾਰ ਨਾਲ ਰਿਸ਼ਤੇ ਦੀ ਪਛਾਣ ਕਰਨਾ ਅਤੇ ਫਿਰ ਮਨੁੱਖੀ ਹਸਤੀ ਨਾਲ ਉਸ ਦਾ ਸੰਬੰਧ ਜੋੜਨਾ ਹੈ। ਇਸ ਰਿਸ਼ਤੇ ਨੂੰ ਮੁੜ ਕਿਵੇਂ ਬਹਾਲ ਕੀਤਾ ਜਾ ਸਕਦਾ ਹੈ। ਕੀ ਪੁਰਾਣੇ ਕਰਮ-ਕਾਂਡ ਜਾਂ ਗਿਆਨ ਦੇ ਸਾਧਨ ਇਸ ਲਈ ਸਹਾਇਕ ਹੋ ਸਕਦੇ ਹਨ ? ਗੁਰੂ ਸਾਹਿਬ ਦਾ ਜਵਾਬ ਸਾਫ਼ ਹੈ ਕਿ ਇਸ

ਰਿਸ਼ਤੇ ਵਿਚ ਅਸਲ ਬਾਧਕ ਸਾਡੀ ਹਉਮੈ ਹੈ। ਇਸ ਕਰਕੇ ਹਉਮੈ ਨੂੰ ਦੂਰ ਕਰ ਕੇ ਹੀ ਪਰਮ-ਸੱਤਾ ਨਾਲ ਸੰਪਰਕ ਸਥਾਪਿਤ ਕੀਤਾ ਜਾ ਸਕਦਾ ਹੈ:

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥

(ਵਡਹੰਸੁ ਮਹਲਾ ੩, ਪੰਨਾ 560)

ਇਸੇ ਕਰਕੇ ਭਗਤਾਂ ਦੀ ਚਾਲ ਨਿਰਾਲੀ ਕਹੀ ਗਈ ਹੈ ਤੇ ਇਸ 'ਤੇ ਤੁਰਨਾ ਖੰਡੇ ਦੀ ਧਾਰ 'ਤੇ ਤੁਰਨਾ ਹੈ। ਇਹ ਇਸੇ ਕਰਕੇ ਬਿਖਮ ਹੈ ਕਿ ਆਪਣਾ ਆਤਮ-ਸਮਰਪਣ ਕਰਨਾ ਪੈਂਦਾ ਹੈ। ਆਤਮ-ਤਿਆਗ 'ਤੇ ਹੀ ਪਰਮਾਤਮ-ਅਭੇਦਤਾ ਸੰਭਵ ਹੈ। ਕੋਈ ਨਦੀ ਨਾਲਾ ਉਤਨਾ ਚਿਰ ਦਰਿਆ ਵਿਚ ਲੀਨ ਨਹੀਂ ਹੋ ਸਕਦਾ, ਜਿਤਨਾ ਚਿਰ ਆਪਣੀ ਹਉਮੈ ਦਾ ਤਿਆਗ ਨਾ ਕਰੇ। ਜਦੋਂ ਮੈਂ-ਮੇਰੀ ਛੱਡੀ ਗਈ ਤਾਂ ਲਬ ਲੋਭ ਦੀ ਭਾਵਨਾ ਆਪਣੇ ਆਪ ਮਿਟ ਜਾਂਦੀ ਹੈ:

ਭਗਤਾ ਕੀ ਚਾਲ ਨਿਰਾਲੀ॥
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥

(ਰਾਮਕਲੀ ਮਹਲਾ ੩ ਅਨੰਦੁ, ਪੰਨੇ 918-19)

ਜਿਥੋਂ ਤਕ ਸਾਧਨਾ-ਮਾਰਗ ਦਾ ਤਅੱਲਕ ਹੈ, ਧਰਮ ਤੇ ਸਮਾਜ ਦੇ ਮੂਲ ਸਿਧਾਂਤ ਉਸ ਸਮੇਂ ਬੇਜਾਨ ਕਰਮ-ਕਾਂਡ ਬਣ ਕੇ ਰਹਿ ਗਏ ਸਨ ਤੇ ਕਈ ਗੱਲਾਂ ਭਰਮ ਵਹਿਮ ਤੋਂ ਵੱਧ ਕੁਝ ਵੀ ਨਹੀਂ ਸਨ। ਇਸ ਲਈ ਗੁਰੂ ਚਾਹੁੰਦੇ ਸਨ ਕਿ ਕੋਈ ਪਾਂਧੀ ਛੇਕੋ ਛੇਕ ਬੇੜੀਆਂ ਵਿਚ ਪੈਰ ਰੱਖਣ ਦੀ ਗ਼ਲਤੀ ਨਾ ਕਰੇ। ਇਸ ਲਈ ਪਰਖ ਪੜਤਾਲ ਤੇ ਸੋਧ ਸੁਧਾਈ ਦੀ ਸਭ ਤੋਂ ਵੱਧ ਲੋੜ ਸੀ। ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਵਿਚ ਜਿਥੇ ਭਗਤੀ-ਭਾਵ ਤੇ ਸੇਵਾ-ਭਾਵ ਦੀ ਪ੍ਰੇਰਨਾ ਕੀਤੀ ਹੈ, ਉਥੇ ਭਗਤੀ-ਮਨੌਤਾਂ ਦੇ ਕਮਜ਼ੋਰ ਤੇ ਊਣ ਪੱਖਾਂ ਨੂੰ ਬੜੀ ਸਪੱਸ਼ਟਤਾ ਤੇ ਸੰਜੀਦਗੀ ਨਾਲ ਉਘਾੜਨ ਦਾ ਜਤਨ ਕੀਤਾ ਹੈ। ਇਹ ਬਾਣੀ ਕੇਵਲ ਨਿੱਜੀ ਭਾਵਾਂ ਦਾ ਪ੍ਰਕਾਸ਼ ਨਹੀਂ, ਬਲਕਿ ਸਮਾਜ ਦੀ ਵੇਦਨਾ ਨੂੰ ਆਪਣੀ ਵੇਦਨਾ ਬਣਾ ਕੇ ਸਮੁੱਚੇ ਰੋਗ ਦੀ ਜੜ੍ਹ ਉਖਾੜਨ ਲਈ ਪ੍ਰਯਤਨਸ਼ੀਲ ਹੈ। ਉਨ੍ਹਾਂ ਦੀ ਤਰਕ ਸ਼ੈਲੀ ਵੀ ਚੰਗੀ ਕਾਟ ਕਰਨ ਵਾਲੀ ਹੈ। ਮਿਸਾਲ ਲਈ 'ਅਵਤਾਰਵਾਦ' ਬਾਰੇ ਉਹ ਕਹਿੰਦੇ ਹਨ ਕਿ ਇਹ ਸਭੇ ਅਵਤਾਰ ਮੰਨੇ ਜਾਣ ਵਾਲੇ ਵਿਅਕਤੀ ਆਪਣੇ ਆਪਣੇ ਇਲਾਕਿਆਂ ਦੇ ਰਾਜ ਰਾਣੇ ਸਨ, ਪਰ ਅਧਿਆਤਮਕ ਦ੍ਰਿਸ਼ਟੀ ਤੋਂ ਕਦੀ ਕਿਸੇ ਇਨ੍ਹਾਂ ਦਾ ਜਾਇਜ਼ਾ ਨਹੀਂ ਲਿਆ:

ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ॥

(ਆਸਾ ਮਹਲਾ ੩ ਅਸਟਪਦੀਆ, ਪੰਨਾ 423)

ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ॥

(ਵਡਹੰਸੁ ਮਹਲਾ ੩, ਪੰਨਾ 559)

ਇਸੇ ਤਰ੍ਹਾਂ ਕੁਝ ਲੋਕ ਵਿਸ਼ੇਸ਼ ਸਥਾਨਾਂ ਨੂੰ ਲੋੜ ਤੋਂ ਵੱਧ ਮਹੱਤਵ ਦਿੰਦੇ ਹਨ, ਪਰ ਧਾਰਮਿਕਤਾ ਉਨ੍ਹਾਂ ਨਾਲ ਬੱਧੀ ਹੋਈ ਨਹੀਂ ਸੀ:

ਨਾ ਕਾਸੀ ਮਤਿ ਊਪਜੈ ਨਾ ਕਾਸੀ ਮਤਿ ਜਾਇ॥
ਸਤਿਗੁਰ ਮਿਲਿਐ ਮਤਿ ਊਪਜੈ ਤਾ ਇਹ ਸੋਝੀ ਪਾਇ॥

(ਗੂਜਰੀ ਮਹਲਾ ੩, ਪੰਨਾ 491)

ਇਵੇਂ ਜਿਵੇਂ ਤੀਰਥ ਇਸ਼ਨਾਨ ਬਾਰੇ ਸਪੱਸ਼ਟ ਸਨ ਕਿ ਤਨ ਧੋਣ ਨਾਲ ਮਨ ਧੋਤਾ ਨਹੀਂ ਜਾ ਸਕਦਾ:

ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥

(ਵਡਹੰਸੁ ਮਹਲਾ ੩, ਪੰਨਾ 558)

ਫਿਰ ਆਪ ਸਤਿਗੁਰੂ ਬਾਰੇ ਵੀ ਜਗਿਆਸੂਆਂ ਨੂੰ ਅਜਿਹੇ ਭਰਮ-ਜਾਲ ਤੋਂ ਬਚਾਉਣ ਲਈ ਉਚੇਚੀ ਤਾਕੀਦ ਕਰਦੇ ਹਨ ਕਿ ਕੇਵਲ ਦਰਸ਼ਨ ਮਾਤਰ ਹੀ ਸਭ ਕੁਝ ਨਹੀਂ, ਆਪੇ ਦਾ ਪਰਿਵਰਤਨ ਵੀ ਜ਼ਰੂਰੀ ਹੈ:

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥

(ਵਡਹੰਸੁ ਕੀ ਵਾਰ, ਮਹਲਾ ੩, ਪੰਨਾ 594)

ਇਸੇ ਤਰ੍ਹਾਂ ਰਾਮ ਨਾਮ ਸਿਮਰਨ ਵੀ ਸਕਾਰਥਾ ਨਹੀਂ ਹੁੰਦਾ, ਜੇ ਉਹ ਮਨੁੱਖ ਦੇ ਮਨ ਵਿਚ ਵੱਸ ਕੇ ਉਸ ਨੂੰ ਸਮਾਨ ਦ੍ਰਿਸ਼ਟੀ ਪ੍ਰਦਾਨ ਨਾ ਕਰੇ:

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥

(ਗੂਜਰੀ ਮਹਲਾ ੩, ਪੰਨ! 491)

ਸੋ, ਬੁਨਿਆਦੀ ਚੀਜ਼ ਆਤਮ-ਸ਼ੁੱਧੀ ਤੇ ਆਤਮ-ਪਰਿਵਰਤਨ ਹੈ ਤੇ ਇਹ ਕੇਵਲ ਪ੍ਰੇਮਾ-ਭਗਤੀ ਨਾਲ ਹੀ ਸੰਭਵ ਹੈ। ਸੋ ਇਸੇ ਦੁਆਰਾ ਅਗਮ ਅਗੋਚਰ ਪ੍ਰਭੂ ਤੇ ਮਨੁੱਖੀ ਸਮਾਜ ਦੋਹਾਂ ਨੂੰ ਪ੍ਰਸੰਨ ਕੀਤਾ ਜਾ ਸਕਦਾ ਹੈ। ਕਰਮ-ਕਾਂਡ ਇਹ ਬੁੱਤਾ ਨਹੀਂ ਸਾਰ ਸਕਦੇ:

ਕਰਮ ਕਾਂਡ ਬਹੁ ਕਰਹਿ ਅਚਾਰ॥
ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ॥

(ਗਉੜੀ ਗੁਆਰੇਰੀ ਮਹਲਾ ੩, ਪੰਨਾ 162)

ਸਚੀ ਭਗਤਿ ਗੁਰ ਸਬਦ ਪਿਆਰਿ॥
ਅਪਨਾ ਪਿਰੁ ਰਾਖਿਆ ਸਦਾ ਉਰਿ ਧਾਰਿ॥

(ਗਉੜੀ ਗੁਆਰੇਰੀ ਮਹਲਾ ੩, ਪੰਨੇ 158-59)

ਹਰਿ ਭਗਤਿ ਹਰਿ ਕਾ ਪਿਆਰੁ ਹੈ...॥ *(ਸਿਰੀਰਾਗੁ ਮਹਲਾ ੩, ਪੰਨਾ 28)*

ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ॥

(ਸਿਰੀਰਾਗੁ ਮਹਲਾ ੩, ਪੰਨਾ 67)

ਹਰਿ ਮੇਰੀ ਪ੍ਰੀਤਿ ਰੀਤਿ ਹੈ ਹਰਿ ਮੇਰੀ ਹਰਿ ਮੇਰੀ ਕਥਾ ਕਹਾਨੀ ਜੀ॥

(ਗੂਜਰੀ ਮਹਲਾ ੩, ਪੰਨਾ 490)

ਗੁਰੂ ਸਾਹਿਬ ਬਾਣੀ ਦੁਆਰਾ ਇਸ ਮਨ ਨੂੰ ਆਪਣੇ ਅਸੋਲੇ ਵੱਲ ਮੋੜ ਕੇ ਸਿਮਰਨ ਵਿਚ ਜੋੜਨਾ ਚਾਹੁੰਦੇ ਹਨ ਤੇ ਸਤਿਸੰਗ ਦੀ ਟਕਸਾਲ ਵਿਚ ਢਾਲ ਕੇ ਇਸ ਦੀ ਅਧਿਆਤਮਿਕਤਾ ਨੂੰ ਇਥੇ ਹੀ ਸੰਪੂਰਨ ਕਰਿਆ ਲੋਚਦੇ ਹਨ:

ਗੁਰ ਕੈ ਸਬਦਿ ਮਨੁ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ॥
ਹਰਿ ਕਾ ਨਾਮੁ ਧਿਆਈਐ ਸਤਸੰਗਤਿ ਮੇਲਿ ਮਿਲਾਇ॥

(ਸਿਰੀਰਾਗੁ ਮਹਲਾ ੩, ਪੰਨਾ 26)

ਇਸ ਤਰ੍ਹਾਂ ਗੁਰੂ ਸਾਹਿਬ ਦੀ ਅਧਿਆਤਮਿਕਤਾ, ਸੰਸਾਰ ਦੀ ਨਿਖੇਧਾਤਮਕਤਾ 'ਤੇ ਨਿਰਭਰ ਨਹੀਂ। ਜੋ ਲੋਕ ਦੁਨੀਆਂ ਨੂੰ ਮਾਇਆ, ਇਸਤਰੀ ਨੂੰ ਜੰਜਾਲ ਤੇ ਇਸ ਕਾਇਆ ਨੂੰ ਕਸ਼ਟ ਦੇਣਾ, ਧੂਣੇ ਤਾਪਣਾ, ਭੁੱਖੇ ਮਾਰਨਾ ਜਾਂ ਨੰਗੇ ਰਹਿ ਕੇ ਵਿਚਰਨਾ ਹੀ ਕਰਮ ਸਮਝਦੇ ਸਨ, ਉਨ੍ਹਾਂ ਨੂੰ ਸਤਿਗੁਰਾਂ ਨਾ-ਪਸੰਦ ਕੀਤਾ ਹੈ। ਬਾਬਾ ਫ਼ਰੀਦ ਜੈਸੇ ਮੁਸਲਿਮ ਫ਼ਕੀਰ ਅਜਿਹੀ ਧਾਰਨਾ ਦੇ ਸਨ ਕਿ ਇਸ ਸਰੀਰ ਨੂੰ ਚੀਰ ਕੇ ਲੀਰ ਲੀਰ ਕਰ ਦਿੱਤਾ ਜਾਵੇ, ਪਰ ਸਤਿਗੁਰੂ ਅਮਰਦਾਸ ਜੀ ਨੇ ਕਿਹਾ ਕਿ ਇਸ ਸੁੰਦਰ ਪਟੋਲੇ ਨੂੰ ਪਾੜਨ ਦੀ ਕੀ ਲੋੜ ਹੈ:

ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ॥੧੦੪॥

(ਸਲੋਕ ਫਰੀਦ ਜੀ, ਪੰਨਾ 1383)

ਸਮਾਜਿਕ ਪੱਖ

ਸਮਾਜ ਦੀ ਉਸਾਰੀ ਇਕ ਸਦੀਵੀ ਪ੍ਰਕਿਰਿਆ ਹੈ, ਜੋ ਧਰਮ, ਦਰਸ਼ਨ, ਕਲਾ ਰੀਤਿ, ਰਸਮ ਤੇ ਰਾਜ-ਪ੍ਰਬੰਧਕ ਕਾਨੂੰਨਾਂ ਆਸਰੇ ਚੱਲਦਾ ਆਇਆ ਹੈ। ਕਈ ਐਸੀਆਂ ਗੱਲਾਂ ਵੀ ਹੁੰਦੀਆਂ ਰਹੀਆਂ, ਜਿਨ੍ਹਾਂ ਨੇ ਇਸ ਵਿਕਾਸ ਵਿਚ ਰੋਕ ਪਾਈ। ਮਿਸਾਲ ਲਈ ਮਨੁੱਖ ਵਿਕਾਸ ਹਿੱਤ ਸਮਾਨਤਾ ਜਾਂ ਬਰਾਬਰੀ ਦਾ ਭਾਵ ਬਹੁਤ ਹੀ ਅਹਿਮੀਅਤ ਰੱਖਦਾ ਹੈ ਕਿ ਸਾਰੇ ਮਨੁੱਖ ਬਰਾਬਰ ਹਨ ਤੇ ਉਨ੍ਹਾਂ ਦੇ ਅਧਿਕਾਰ ਵੀ ਬਰਾਬਰ ਹਨ। ਲੇਕਿਨ ਇਸ 'ਤੇ ਅਮਲ ਨਹੀਂ ਹੁੰਦਾ ਰਿਹਾ, ਸਗੋਂ ਗ਼ਲਤ ਰੀਤਿ ਰਸਮ ਕਾਰਨ ਐਸਾ ਉਲਾਰ ਪੈਦਾ ਹੋਇਆ ਕਿ ਇਸ ਬਰਾਬਰੀ 'ਤੇ ਬਰਾਬਰ ਸੱਟ ਵੱਜਦੀ ਰਹੀ ਹੈ। ਧਾਰਮਿਕ ਗ੍ਰੰਥਾਂ ਦੇ ਗਿਆਨ ਨੂੰ ਕੋਈ ਕੀ ਕਰੇ, ਜੇ ਲੋਕ-ਬੁੱਧ ਰੂੜ੍ਹੀਵਾਦ ਨੇ ਗ੍ਰਸੀ ਹੋਵੇ ਤੇ ਵਿਹਾਰ ਸਾਰਾ ਲੋਕਾਚਾਰ ਆਸਰੇ ਹੀ ਚੱਲਦਾ ਹੋਵੇ। ਪੰਦਰ੍ਹਵੀਂ-ਸੋਲ੍ਹਵੀਂ ਸਦੀ ਦਾ ਸਮਾਜ ਇਹੋ ਜਿਹੇ ਰੋਗਾਂ ਦਾ ਹੀ ਸ਼ਿਕਾਰ ਸੀ ਤੇ ਮਨੁੱਖ ਜਾਤ-ਪਾਤ, ਮਜ਼੍ਹਬ ਤੇ ਨਸਲ ਭੇਦ ਨੇ ਵੰਡਿਆ ਹੋਇਆ ਸੀ।

ਗੁਰੂ ਨਾਨਕ ਸਾਹਿਬ ਨੇ ਇਸ ਜਾਗ੍ਰਿਤੀ ਲਹਿਰ ਦਾ ਮੁੱਢ ਰੱਖਿਆ। ਉਸ ਦਾ ਆਰੰਭ ਉਨ੍ਹਾਂ ਨੇ "ਨਾ ਹਮ ਹਿੰਦੂ ਨ ਮੁਸਲਮਾਨ"[4] ਕਹਿ ਕੇ ਇਸ ਲਈ ਕੀਤਾ ਸੀ ਤਾਂ ਕਿ ਅਖੌਤੀ ਮਜ਼੍ਹਬ ਤੇ ਜਾਤ-ਪਾਤ ਦੇ ਹੱਦ ਬੰਨ੍ਹੇ ਭੰਨ ਕੇ ਮਨੁੱਖੀ ਸਮਾਨਤਾ ਦਾ ਭਾਵ ਬਹਾਲ ਕੀਤਾ ਜਾ ਸਕੇ। ਇਸ ਲਈ ਲੰਮੇ ਜਹਾਦ ਦੀ ਜ਼ਰੂਰਤ ਸੀ। ਰਾਜਸੀ ਸ਼ਕਤੀ ਦੇ ਨਸ਼ੇ ਵਿਚ ਹਾਕਮ ਮੁਸਲਮਾਨ, ਹਿੰਦੂ ਤੋਂ ਆਪਣੇ ਆਪ ਨੂੰ ਵਧੇਰੇ ਸ੍ਰੇਸ਼ਟ ਸਮਝਦਾ ਸੀ ਅਤੇ ਹਿੰਦੂ ਸਮਾਜ ਪਹਿਲਾਂ ਹੀ ਵਰਣ ਆਸ਼ਰਮ ਦੇ ਆਧਾਰ 'ਤੇ ਵੰਡਿਆ ਹੋਣ ਕਰਕੇ ਭਿੰਨ-ਭੇਦ ਦਾ ਸ਼ਿਕਾਰ ਸੀ। ਬ੍ਰਾਹਮਣ ਖਤਰੀ ਵਾਲੀਆਂ ਸਹੂਲਤਾਂ ਸ਼ੂਦਰ ਸ਼੍ਰੇਣੀ ਨੂੰ ਬਿਲਕੁਲ ਕਿਤੇ ਪ੍ਰਾਪਤ ਨਹੀਂ ਸਨ, ਇਸ ਕਰਕੇ ਛੋਟੀਆਂ ਜਾਤੀਆਂ ਰੂੜ੍ਹੀਵਾਦ ਦੇ ਦਬਾਉ ਹੇਠ ਹੋਰ ਵਧੇਰੇ ਗ਼ੁਲਾਮੀ ਦਾ ਜੀਵਨ ਬਸਰ ਕਰਦੀਆਂ ਸਨ। ਇਸ ਸਮਾਜਿਕ ਢਾਂਚੇ ਦੇ ਆਧਾਰ 'ਤੇ ਹੀ ਰਾਜ-ਪ੍ਰਬੰਧ ਆਪਣੇ ਫ਼ੈਸਲੇ ਦੇਂਦਾ ਸੀ, ਇਸ ਕਰਕੇ ਗ਼ਰੀਬ ਕਿਰਤੀ ਜਮਾਤਾਂ ਨੂੰ ਕੋਈ ਰਾਹ ਨਜ਼ਰ ਨਹੀਂ ਸੀ ਆ ਰਿਹਾ। ਗੁਰੂਆਂ ਇਸ ਜਾਤ-ਪਾਤ ਦੇ ਦੈਂਤ ਦੇ ਖ਼ਿਲਾਫ਼ ਭਾਰੀ ਸੰਗਰਾਮ ਕਰਨ ਹਿੱਤ ਲੋਕਾਂ ਨੂੰ ਸਨਦ-ਬੱਧ ਕੀਤਾ ਅਤੇ ਸਮਾਨਤਾ ਤੇ ਸੁਤੰਤਰਤਾ ਦੇ ਮੌਕੇ ਪੈਦਾ ਕਰਨ ਲਈ ਸਾਰੇ ਹੀਲੇ ਵਰਤੇ।

ਗੁਰੂ ਨਾਨਕ ਸਾਹਿਬ ਤੇ ਗੁਰੂ ਅੰਗਦ ਦੇਵ ਜੀ ਨੇ ਸਾਂਝੇ ਲੰਗਰ ਦੀ ਰੀਤਿ ਤਾਂ ਚਾਲੂ ਕਰ ਹੀ ਦਿੱਤੀ ਸੀ, ਲੇਕਿਨ ਗੁਰੂ ਅਮਰਦਾਸ ਜੀ ਨੇ ਇਕ ਵਿਸ਼ੇਸ਼ ਗੱਲ ਕੀਤੀ। ਇਕ ਐਸੀ ਸ਼ਰਤ ਲਾਈ ਕਿ ਬਹੁਤ ਸਾਰੇ ਜਾਤ-ਪਾਤ ਦੇ ਹੱਦ ਬੰਨ੍ਹੇ ਆਪਣੇ ਆਪ ਢਹਿ ਢੇਰੀ ਹੁੰਦੇ ਗਏ। ਗੁਰੂ ਸਾਹਿਬ ਨੇ ਬਾਹਰਵਾਰ ਇਕ ਵੱਡਾ ਫੱਟਾ ਲਾਇਆ ਹੋਇਆ ਸੀ:

ਜਾਤਿ ਕਾ ਗਰਬੁ ਨ ਕਰੀਅਹੁ ਕੋਈ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥

(ਭੈਰਉ ਮਹਲਾ ੩, ਪੰਨੇ 1127-28)

ਇਹ ਬਚਨ ਹਰ ਕੋਈ ਪੜ੍ਹਦਾ ਸੁਣਦਾ ਤੇ ਕੋਲੋਂ ਦੀ ਲੰਘ ਜਾਂਦਾ, ਲੇਕਿਨ ਸਤਿਗੁਰਾਂ ਇਕ ਹੋਰ ਸ਼ਰਤ ਰੱਖੀ ਸੀ ਕਿ ਕੋਈ ਵੀ ਪ੍ਰਾਨੀ ਲੰਗਰ ਦੀ ਸਾਂਝੀ ਪੰਗਤ ਵਿਚ ਬੈਠੇ ਬਗ਼ੈਰ ਸਾਡੀ ਸੰਗਤ ਵਿਚ ਹਾਜ਼ਰ ਨਾ ਹੋਵੇ—ਪਹਿਲੇ ਪੰਗਤਿ, ਪਾਛੈ ਸੰਗਤਿ। ਇਸ ਸ਼ਰਤ ਦਾ ਬਹੁਤ ਡੂੰਘਾ ਅਸਰ ਹੋਇਆ ਤੇ ਸਭ ਨੇ ਗੁਰੂ ਦੇ ਸਾਂਝੇ ਲੰਗਰ ਦਾ ਪ੍ਰਸ਼ਾਦ ਛਕਣਾ ਪ੍ਰਵਾਨ ਕੀਤਾ। ਜਿਵੇਂ ਇਸ਼ਨਾਨ-ਪਾਨ ਲਈ ਦਰਿਆ ਸਾਂਝਾ ਸੀ, ਤਿਵੇਂ ਦਰਿਆ ਕਿਨਾਰੇ ਲਗਿਆ ਇਹ ਅੰਨ ਦਾ ਭੰਡਾਰਾ ਸਭ ਦੀਆਂ ਭੁੱਖਾਂ ਮੇਟਣਹਾਰਾ ਸੀ। ਇਸ ਲੰਗਰ ਦੀ ਪੰਗਤ ਵਿਚ ਬਾਦਸ਼ਾਹ ਅਕਬਰ ਤੇ ਭਾਈ ਪ੍ਰੇਮਾ ਇਕ ਸਮਾਨ ਸੀ। ਭਾਈ ਬੱਲੂ (ਜਾਤ ਨਾਈ) ਤੇ ਪੰਡਿਤ ਬੇਣੀ ਬਰਾਬਰ ਬਰਾਬਰ

4. ਭੈਰਉ ਮ: ੫, ਪੰਨਾ 1136.

ਸਨ। ਕਿਤੇ ਕਿਤੇ ਕੋਈ ਕਰਮ-ਕਾਂਡੀ ਪੰਡਿਤ ਵੀ ਆ ਜਾਂਦਾ ਤੇ ਆਪਣੀ ਮਜਬੂਰੀ ਦੱਸ ਕੇ ਸੁੱਕੀ ਰਸਦ ਲੈ ਜਾਂਦਾ, ਪਰ ਹੈਰਾਨੀ ਉਦੋਂ ਹੁੰਦੀ, ਜਦੋਂ ਉਹ ਚੌਕਾ ਚੁੱਲ੍ਹਾ ਤਿਆਰ ਕਰਨ ਲਈ ਜ਼ਮੀਨ ਖੋਦਦਾ ਤਾਂ ਕਿਤੋਂ ਹੱਡੀਆਂ ਨਿਕਲ ਆਉਂਦੀਆਂ ਤੇ ਕਿਤੋਂ ਕੁਝ ਹੋਰ। ਅਖ਼ੀਰ ਉਹ ਭੁੱਖ ਦਾ ਮਾਰਿਆ ਗੁਰੂ ਕੇ ਲੰਗਰ ਦੀ ਸ਼ਰਨ ਵਿਚ ਆਉਂਦਾ ਤੇ ਇਹ ਲੰਗਰ ਵੀ ਚੰਗਾ ਉੱਚ ਪਾਏ ਦਾ ਪ੍ਰਸ਼ਾਦ ਪੂਰੀਆਂ ਵਾਲਾ ਸੀ, ਜੈਸਾ ਕਿ ਭਾਈ ਸੱਤੇ ਨੇ ਲਿਖਿਆ ਹੈ:

ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ॥ *(ਰਾਮਕਲੀ ਕੀ ਵਾਰ, ਪੰਨਾ 968)*

(2) ਇਸੇ ਤਰ੍ਹਾਂ ਆਮ ਆਦਮੀ ਦੀ ਲੋੜ ਨੂੰ ਮੁੱਖ ਰੱਖ ਕੇ ਗੁਰੂ ਸਾਹਿਬ ਨੇ ਕਈ ਵਰ੍ਹੇ ਲਾ ਕੇ ਇਕ ਸੁੰਦਰ ਬਾਉਲੀ ਵੀ ਤਿਆਰ ਕਰਵਾਈ, ਜਿਥੋਂ ਹਰ ਕੋਈ ਜਲ-ਪਾਨ ਕਰ ਸਕੇ। ਇਹ ਵੀ ਇਕ ਸਮਾਨਤਾ ਦਾ ਵਰਤਾਰਾ ਵਰਤਾਉਣ ਲਈ ਸਫਲ ਉਪਰਾਲਾ ਸੀ, ਜਿਸ ਨੇ ਮਨੁੱਖ ਮਾਤਰ ਨੂੰ ਨਿਰਮਲ ਜਲ ਦੇ ਸੋਮੇ ਨਾਲ ਮਿਲਾਇਆ। ਦਰਿਆ ਦਾ ਪਾਣੀ ਸਦਾ ਪੀਣ ਯੋਗ ਨਹੀਂ ਸੀ ਹੁੰਦਾ, ਹੜ੍ਹਾਂ ਬਾਰਸ਼ਾਂ ਕਾਰਨ ਮੈਲਾ ਹੋ ਜਾਂਦਾ ਸੀ, ਲੇਕਿਨ ਬਾਉਲੀ ਸੁਰੱਖਿਅਤ ਛਾਇਆਦਾਰ ਥਾਂ ਹੇਠ ਸੀ, ਇਸ ਕਰਕੇ ਸਭ ਅਮੀਰ-ਗ਼ਰੀਬ ਇਸੇ ਦੀ ਟੇਕ ਲੈਂਦੇ ਸਨ।

(3) ਵੈਸਾਖੀ ਦਾ ਸਾਲਾਨਾ ਸਮਾਗਮ ਰਚਣਾ ਗੁਰੂ ਅਮਰਦਾਸ ਜੀ ਦੀ ਹੀ ਕਾਢ ਸੀ ਤਾਂ ਕਿ ਸਭ ਊਚ-ਨੀਚ, ਬ੍ਰਾਹਮਣ, ਸ਼ੂਦਰ, ਵਪਾਰੀ, ਪੁਜਾਰੀ, ਕਿਰਤੀ, ਕਿਸਾਨ ਇਕ ਥਾਂ ਇਕੱਠੇ ਹੋ ਕੇ ਰਲ ਬੈਠਣ ਅਤੇ ਰੋਟੀ-ਬੇਟੀ ਦੀ ਸਾਂਝ ਦੁਆਰਾ ਇਕ ਦੂਜੇ ਵਿਚ ਘੁਲ-ਮਿਲ ਜਾਣ। ਜਦੋਂ ਹਜ਼ਾਰਾਂ ਲੋਕ ਦਰਿਆ ਕਿਨਾਰੇ ਬਹਿ ਕੇ ਸਤਿਸੰਗ ਕਰਦੇ, ਬਾਣੀ ਗਾਉਂਦੇ, ਰੂਹਾਨੀ ਸ਼ਾਂਤੀ ਲੱਭਦੇ ਤੇ ਇਕ ਥਾਂ ਰਲ-ਮਿਲ ਪ੍ਰਸ਼ਾਦ ਪਾਣੀ ਛਕਦੇ ਤਾਂ ਇਹ ਸਰਬ-ਸਾਂਝ ਦਾ ਪ੍ਰਤੱਖ ਨਜ਼ਾਰਾ ਅਨੇਕਾਂ ਨੂੰ ਪ੍ਰਭਾਵਿਤ ਕਰਦਾ ਤੇ ਕਈ ਤਾਂ ਇਸ ਮੇਲੇ ਨੂੰ ਵੇਖ ਕੇ ਹੀ ਛੂਤ-ਛਾਤ ਦੇ ਬੰਧਨਾਂ ਤੋਂ ਮੁਕਤ ਹੋ ਜਾਂਦੇ। ਇਹ ਮੇਲਾ ਸੱਚਮੁੱਚ, ਮਨੁੱਖ ਮਾਤਰ ਦਾ ਮੇਲ ਕਰਾਉਣ ਵਾਲਾ ਸੀ, ਜੋ ਦਿਨ-ਬਦਿਨ ਵਧਦਾ ਗਿਆ।

(4) ਫਿਰ ਇਸ ਸਰਬ ਸਾਂਝ ਵਾਲੇ ਧਰਮ ਦਾ ਪ੍ਰਚਾਰ ਕਰਨ ਲਈ ਗੁਰੂ ਸਾਹਿਬ ਨੇ 22 ਪ੍ਰਚਾਰ-ਮੰਜੀਆਂ ਸਥਾਪਿਤ ਕੀਤੀਆਂ। ਉਨ੍ਹਾਂ ਦੇ ਗੱਦੀਦਾਰ ਵਧੇਰੇ ਕਿਰਤੀ ਕਾਮਿਆਂ ਵਿੱਚੋਂ ਲਏ। ਬ੍ਰਾਹਮਣਾਂ ਵਿੱਚੋਂ ਕੇਵਲ ਨਾਮ-ਮਾਤਰ ਹੀ ਸਨ। ਅਜਿਹਾ ਕਰਨ ਨਾਲ ਛੋਟੇ ਤਬਕੇ ਨੂੰ ਵਧੇਰੇ ਸਨਮਾਨ ਵਾਲੀ ਥਾਂ ਮਿਲੀ ਅਤੇ ਮਨੁੱਖੀ ਸਮਾਨਤਾ ਦਾ ਬੋਲਬਾਲਾ ਹੋਇਆ। ਮੁੱਖ ਪ੍ਰਚਾਰਕ ਇਹ ਹਨ: ਸਾਵਣ ਮੱਲ, ਹੰਦਾਲ, ਮਾਣਕ ਚੰਦ, ਗੰਗੂ ਸ਼ਾਹ, ਮਹੇਸ਼ਾ, ਪਾਰੋ ਜੁਲਕਾ, ਮਾਈਦਾਸ, ਦੁਰਗਾ ਪੰਡਿਤ, ਅੱਲਾਯਾਰ ਰੰਗ ਸ਼ਾਹ, ਲਾਲੋ, ਸਚਨ ਸਚ, ਰਾਜਾ ਰਾਮ, ਪ੍ਰੇਮਾ, ਸਾਧਾਰਨ, ਫੇਰੀਆ, ਸੁੱਖਣ, ਕੇਦਾਰੀ, ਦਰਬਾਰੀ, ਬੂਆ।

(5) ਆਮ ਤੌਰ 'ਤੇ ਭਾਰਤੀ ਧਰਮਾਂ ਵਿਚ ਬਿਰਕਤੀ ਤੇ ਤਿਆਗ ਉੱਤੇ ਹੀ ਜ਼ਿਆਦਾ ਜ਼ੋਰ ਰਿਹਾ ਹੈ ਤੇ ਸਮਾਜ ਵਿਚ ਤਿਆਗੀ-ਵੈਰਾਗੀ ਸਾਧੂਆਂ ਦਾ ਹੀ ਸਨਮਾਨ

ਹੁੰਦਾ ਰਿਹਾ ਹੈ ਅਤੇ ਮੁਕਾਬਲੇ 'ਤੇ ਗ੍ਰਿਹਸਤੀਆਂ ਨੂੰ ਛੁਟਿਆਉਣਾ ਇਕ ਆਮ ਆਦਤ ਰਹੀ ਹੈ। ਲੇਕਿਨ ਗੁਰੂ ਸਾਹਿਬ ਨੇ ਇਸ ਪਰੰਪਰਾ ਨੂੰ ਤੋੜਿਆ, ਕਰਮ ਯੋਗ ਦੇ ਮਾਰਗ ਉੱਤੇ ਚੱਲ ਕੇ ਸੇਵਾ ਨਿਭਾਉਣ ਵਾਲੇ ਗ੍ਰਿਹਸਤੀਆਂ ਨੂੰ ਖ਼ਾਸ ਤੌਰ 'ਤੇ ਸਲਾਹਿਆ ਤੇ ਗ੍ਰਿਹਸਤ ਜੀਵਨ ਨੂੰ ਪ੍ਰਧਾਨਤਾ ਦਿੱਤੀ। ਖ਼ਾਸ ਤੌਰ 'ਤੇ "ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ"[5] ਵਾਲਾ ਆਦਰਸ਼ ਆਪ ਨੇ ਸਥਾਪਿਤ ਕੀਤਾ:

ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ॥
ਸਬਦਿ ਰਤੇ ਤਿਨਾ ਸੋਝੀ ਪਈ ਦੂਜੈ ਭਰਮਿ ਭੁਲਾਇ॥

(ਵਡਹੰਸ ਕੀ ਵਾਰ, ਮਹਲਾ ੩, ਪੰਨਾ 587)

ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ॥
ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥੬੪॥

(ਸਲੋਕ ਵਾਰਾਂ ਤੇ ਵਧੀਕ, ਮਹਲਾ ੩, ਪੰਨਾ 1421)

ਸਚਿ ਸਿਮਰਿਐ ਹੋਵੈ ਪਰਗਾਸੁ॥
ਤਾ ਤੇ ਬਿਖਿਆ ਮਹਿ ਰਹੈ ਉਦਾਸੁ॥
ਸਤਿਗੁਰ ਕੀ ਐਸੀ ਵਡਿਆਈ॥
ਪੁਤ੍ਰ ਕਲਤ੍ਰ ਵਿਚੇ ਗਤਿ ਪਾਈ॥ *(ਧਨਾਸਰੀ ਮਹਲਾ ੧, ਪੰਨਾ 661)*

'ਸ੍ਰੀ ਸਤਿਗੁਰੂ ਜੀ ਦੇ ਮੁਹੈਂ' ਦੀਆਂ ਸਾਖੀਆਂ, ਗੁਰੂ ਅਮਰਦਾਸ ਜੀ ਦੇ ਮੁਖਾਰਬਿੰਦ ਤੋਂ ਉਚਾਰੀਆਂ ਦੱਸੀਆਂ ਜਾਂਦੀਆਂ ਹਨ। ਇਸ ਵਿਚ ਆਦੇਸ਼ ਹੈ:

ਏਹੁ ਆਪਨਾ ਗੁਰੂ ਕਾ ਹੈ, ਜੋ ਸਿਖ ਉਦਾਸੀ ਕਰੇਗਾ, ਉਸਕਾ ਬੁਰਾ ਹੋਵੇਗਾ।
ਜੋ ਸਿਖ ਗ੍ਰਿਸਤ ਵਿਚਿ ਆਰਾਧੈਗਾ, ਪਰਮੇਸਰ ਗੁਰੂ ਸੁਖੀ ਰਖੇਗਾ।
ਧਰਮੈ ਕੀ ਕੀਰਤਿ ਕਰਣੀ, ਦੇਵਣਹਾਰੁ ਗੁਰੂ ਬਾਬਾ ਹੈ।
ਸਿਖ ਕੀ ਸੇਵਾ ਕਰਣੀ ਆਪਣਾ ਆਪੁ ਕਿਛੁ ਨਾਹੀ ਜਣਾਵਣਾ,
ਦੋਵੇਂ ਸਿਰੇ ਗੁਰੂ ਨੋ ਸਉਪਣੇ।
ਅਲਿਪਤੁ ਰਹਿਣਾ ਗੁਰ ਕਾ ਆਖਣਾ ਹੈ।੨੪।

(6) ਆਮ ਲੋਕ ਬ੍ਰਾਹਮਣਾਂ ਦੇ ਪਿੱਛੇ ਲੱਗੇ ਸਨ ਅਤੇ ਬ੍ਰਾਹਮਣਾਂ ਦਾ ਪ੍ਰਚਾਰ ਇਹ ਸੀ ਕਿ ਸ਼ਾਸਤਰਾਂ ਅਨੁਸਾਰ ਚੱਲੋ। ਸ਼ਾਸਤਰ ਸਾਰੇ ਸੰਸਕ੍ਰਿਤ ਵਿਚ ਸਨ, ਜਿਨ੍ਹਾਂ ਨੂੰ ਆਮ ਬ੍ਰਾਹਮਣ ਵੀ ਸਮਝਣ ਤੋਂ ਅਸਮਰਥ ਸਨ। ਗੁਰੂਆਂ ਨੇ ਲੋਕ-ਭਾਸ਼ਾ ਵਿਚ ਇਹ ਅਧਿਆਤਮਕ ਗਿਆਨ ਦਿੱਤਾ, ਜਿਸ ਨੂੰ ਪੁਰੋਹਿਤ ਜਮਾਤ ਪ੍ਰਵਾਨ ਨਹੀਂ ਸੀ ਕਰਦੀ, ਉਨ੍ਹਾਂ ਲਈ ਸੰਸਕ੍ਰਿਤ ਹੀ ਦੇਵ-ਭਾਸ਼ਾ ਤੇ ਧਰਮ-ਭਾਸ਼ਾ ਸੀ। ਇਕ ਵੇਰ ਕੁਰੂਕਸ਼ੇਤਰ ਪੰਡਿਤ ਮੰਡਲੀ ਇਹ ਰੋਸ ਜਤਾਉਣ ਵੀ ਆਈ ਕਿ ਤੁਸੀਂ ਗਵਾਰੂ ਜ਼ਬਾਨ ਵਿਚ ਧਰਮ ਦੀਆਂ ਗੱਲਾਂ ਕਿਉਂ ਕਰਦੇ ਹੋ, ਜਦੋਂ ਕਿ ਸਾਡੇ ਸ਼ਾਸਤਰ ਮੌਜੂਦ ਹਨ। ਗੁਰੂ ਸਾਹਿਬ ਦਾ ਜਵਾਬ ਬੜਾ ਹੀ ਸਾਫ਼ ਸੀ ਕਿ ਭਾਈ, ਪਾਣੀ ਤਾਂ ਖੂਹਾਂ ਵਿਚ ਹੈ, ਪਰ ਇਤਨੀ ਲੰਮੀ ਡੋਰੀ ਕਿਥੋਂ ਲਿਆਈਏ ਕਿ ਇਹ ਪਾਣੀ ਚੱਖਿਆ ਜਾਵੇ। ਜੇਕਰ

5. ਸੂਹੀ ਮ: ੩, ਪੰਨਾ 788.

ਮੇਘ ਆ ਕੇ ਬਰਸ ਜਾਵੇ ਤੇ ਸਾਰੀ ਧਰਤੀ ਨੂੰ ਠੰਡਾ ਠਾਰ ਕਰ ਦੇਵੇ ਤਾਂ ਤੁਹਾਨੂੰ ਕੀ ਇਤਰਾਜ਼ ਹੈ। ਗੁਰੂ ਸਾਹਿਬ ਦੀ ਨਜ਼ਰ ਵਿਚ ਲੋਕ-ਭਾਸ਼ਾ ਮੇਘ ਸਮਾਨ ਸੀ, ਜਿਸ ਤੋਂ ਸਭ ਕੋਈ ਵਰੋਸਾਅ[6] ਸਕਦਾ ਸੀ। ਨਵੇਂ ਸਮਾਜ ਦੀ ਉਸਾਰੀ ਲਈ ਲੋਕ-ਬੋਲੀ ਦੀ ਵਰਤੋਂ ਕਰਨਾ ਇਕ ਸੱਚਮੁੱਚ ਇਨਕਲਾਬੀ ਕਦਮ ਸੀ। ਇਸੇ ਕਰਕੇ ਸਤਿਗੁਰਾਂ ਬਾਣੀ ਦੀਆਂ ਪੋਥੀਆਂ ਲਿਖਾ ਲਿਖਾ ਆਮ ਲੋਕਾਂ ਨੂੰ ਚੇਤੰਨ ਕੀਤਾ।

(7) ਗੁਰੂ ਸਾਹਿਬ ਨੇ ਮਨੁੱਖ ਨੂੰ ਚੰਗਾ ਨਰੋਆ ਸਿਹਤ-ਮੰਦ ਸ਼ਹਿਰੀ ਬਣਾਉਣ ਲਈ ਇਸ ਗੱਲ ਉੱਤੇ ਵੀ ਜ਼ੋਰ ਦਿੱਤਾ ਕਿ ਹਰ ਤਰ੍ਹਾਂ ਦੇ ਨਸ਼ਿਆਂ ਤੋਂ ਬਚਿਆ ਜਾਵੇ, ਖ਼ਾਸ ਕਰਕੇ ਸ਼ਰਾਬ ਬਾਰੇ ਉਨ੍ਹਾਂ ਦੀ ਹਿਦਾਇਤ ਧਿਆਨ ਯੋਗ ਹੈ। ਮਾਲੂਮ ਹੁੰਦਾ ਹੈ ਕਿ ਉਸ ਸਮੇਂ ਸਾਡੇ ਸਮਾਜ ਵਿਚ ਸ਼ਰਾਬ ਦਾ ਤਕੜਾ ਜ਼ੋਰ ਸੀ ਤੇ ਆਮ ਆਦਮੀ ਇਸ ਦਾ ਸ਼ਿਕਾਰ ਸੀ। ਆਪ ਨੇ ਸਾਫ਼ ਸਮਝਾਇਆ ਕਿ ਜਿਸ ਦੇ ਪੀਤਿਆਂ ਮਨੁੱਖ ਬਾਉਲਾ ਹੁੰਦਾ ਹੈ ਤੇ ਆਪਣਾ ਪਰਾਇਆ ਵੀ ਪਛਾਣਨ ਜੋਗਾ ਨਹੀਂ ਰਹਿੰਦਾ, ਉਸ ਨਸ਼ੇ ਦੀ ਕੀ ਲੋੜ:

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥

(ਬਿਹਾਗੜੇ ਕੀ ਵਾਰ, ਮਹਲਾ ੩, ਪੰਨਾ 554)

(8) ਜਿਥੇ ਇਸ ਦੇਸ਼ ਵਿਚ ਜਨਮ-ਸੰਸਕਾਰ ਦੀਆਂ ਅਨੇਕਾਂ ਰਸਮਾਂ-ਰੀਤਾਂ ਹਨ, ਉਥੇ ਮਰਨ-ਸੰਸਕਾਰ ਸੰਬੰਧੀ ਵੀ ਬੜੇ ਵਾਧੂ ਅਡੰਬਰ ਰਚੇ ਜਾਂਦੇ ਹਨ ਤੇ ਖ਼ਾਸ ਕਰਕੇ ਪੁਰੋਹਿਤ ਜਮਾਤ ਚੰਗਾ ਮਾਲੀ ਫ਼ਾਇਦਾ ਉਠਾਉਂਦੀ ਹੈ ਤੇ ਗ਼ਰੀਬ ਜਨਤਾ ਇਸ ਦਾ ਵਾਧੂ ਬੋਝ ਚੁੱਕਦੀ ਹੈ। ਗੁਰੂ ਸਾਹਿਬ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਸਨ। ਇਸ ਕਰਕੇ ਉਨ੍ਹਾਂ ਨੇ ਆਪਣਾ ਅੰਤ ਸਮਾਂ ਨੇੜੇ ਆਇਆ ਜਾਣ ਕਰਕੇ ਸਿੱਖ ਸੇਵਕਾਂ ਨੂੰ ਇਸ ਬਾਰੇ ਹਿਦਾਇਤ ਦੇਣਾ ਜ਼ਰੂਰੀ ਸਮਝਿਆ। ਇਸ ਸਿੱਖਿਆ ਦਾ ਸਾਰ ਬਾਬਾ ਸੁੰਦਰ ਜੀ ਨੇ ਲਿਖਿਆ ਹੈ ਕਿ ਸਤਿਗੁਰਾਂ ਇਹ ਉਚੇਚੀ ਤਾਕੀਦ ਕੀਤੀ ਕਿ ਮੇਰੇ ਮਰਨ 'ਤੇ ਰੋਣਾ ਪਿੱਟਣਾ ਨਹੀਂ ਤੇ ਦੂਸਰੇ ਕਿਸੇ ਕਿਸਮ ਦੀ ਰੀਤਿ ਰਸਮ ਦੇ ਜਾਲ ਵਿਚ ਨਹੀਂ ਫਸਣਾ। ਹਾਂ, ਕੀਰਤਨ ਕਰਨਾ ਤੇ ਰੱਬੀ ਨਾਮ ਦੀ ਕਥਾ ਕਰਨਾ, ਇਹੋ ਸਾਰਾ ਕ੍ਰਿਆ ਕਰਮ ਹੈ:

ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥

(ਰਾਮਕਲੀ ਸਦੁ, ਪੰਨਾ 923)

ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ॥

(ਰਾਮਕਲੀ ਸਦੁ, ਪੰਨਾ 923)

---

6. ਬੇਦ ਪੁਰਾਨ ਕੂਪ ਜਲ ਜੈਸੇ। ਬਰੋਸਾਇ ਕੋਇਕ ਕਿਤਿ ਕੈਸੇ।੩੭।
ਸਤਿਗੁਰ ਬਾਨੀ ਮੇਘ ਸਮਾਨ। ਬਰਖੈ ਚਹੁੰ ਦਿਸ ਬਿਖੈ ਮਹਾਨ।

(ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅੰਸੂ 46)

(9) ਜਿਥੋਂ ਤਕ ਇਸਤਰੀਆਂ ਨੂੰ ਸਾਵੇਂ ਅਧਿਕਾਰ ਦੇਣ ਦਾ ਤਅੱਲਕ ਹੈ, ਗੁਰੂ ਸਾਹਿਬ ਨੇ ਸੰਗਤ ਤੇ ਪੰਗਤ ਵਿਚ ਇਨ੍ਹਾਂ ਨੂੰ ਮਨੁੱਖ ਦੇ ਬਰਾਬਰ ਬਿਠਾਇਆ। ਪਰਦੇ ਦਾ ਰਿਵਾਜ ਉਨ੍ਹਾਂ ਨੂੰ ਅਲਹਿਦਾ ਕਰਦਾ ਸੀ, ਗੁਰੂ ਸਾਹਿਬ ਨੇ ਸੰਗਤ ਵਿਚ ਆਉਣ ਵਾਲੀ ਹਰ ਇਸਤਰੀ ਨੂੰ ਇਸ ਤੋਂ ਵਰਜਿਆ। ਰਾਜਾ ਹਰੀਪੁਰ ਦੀ ਰਾਣੀ ਆਦਤ ਵੱਸ ਸੰਗਤ ਵਿਚ ਮੁੜ ਘੁੰਡ ਕੱਢ ਬੈਠੀ, ਲੇਕਿਨ ਗੁਰੂ ਸਾਹਿਬ ਉਸ ਦੇ ਝੱਲਪੁਣੇ 'ਤੇ ਮੁਸਕਰਾਏ ਤੇ ਉਹ ਆਪਣੇ ਆਪ ਸ਼ਰਮਿੰਦੀ ਹੋ ਕੇ ਬਾਹਰ ਚਲੀ ਗਈ ਤੇ ਮੁੜ ਸੁਰਤ ਸੰਭਾਲ ਕੇ ਗੁਰੂ ਆਗਿਆ ਅਨੁਸਾਰ ਖੁੱਲ੍ਹੀ ਵਿਚਰਨ ਲੱਗੀ।

ਇਸ ਤੋਂ ਇਲਾਵਾ ਭਾਰਤੀ ਇਸਤਰੀਆਂ ਵਿਚ ਇਕ ਬੜੀ ਜ਼ਾਲਮ ਰਸਮ ਪ੍ਰਚਲਿਤ ਸੀ ਕਿ ਜਿਸ ਦਾ ਮੋਢੀ ਆਦਮੀ ਸੀ, ਉਹ ਇਹ ਕਿ ਔਰਤ ਆਪਣੇ ਮੋਏ ਪਤੀ ਦੀ ਲਾਸ਼ ਨਾਲ ਜ਼ਿੰਦਾ ਜਲ ਜਾਵੇ। ਇਸ ਨੂੰ 'ਸਤੀ ਦੀ ਰਸਮ' ਕਹਿੰਦੇ ਸਨ। ਗੁਰੂ ਸਾਹਿਬ ਨੇ ਇਸ ਰਸਮ ਦਾ ਸਖ਼ਤੀ ਨਾਲ ਵਿਰੋਧ ਕੀਤਾ ਤੇ ਕਿਹਾ ਕਿ 'ਸਤੀ ਦੀ ਰਸਮ' ਉਹ ਨਹੀਂ, ਜੋ ਸਮਾਜ ਦੇ ਦਬਾਅ ਹੇਠ ਆ ਕੇ ਆਪਣਾ ਆਪ ਸਾੜ ਬਹਿੰਦੀ ਹੈ, ਸਗੋਂ ਸੱਚੀ ਸਤੀ ਉਹ ਹੈ, ਜੋ ਆਪਣੇ ਪਤੀ ਦੇ ਵਿਛੋੜੇ ਵਿਚ ਹੀ ਆਪਣਾ ਆਪ ਸਾੜ ਸੁਕਾ ਲੈਂਦੀ ਹੈ। ਸੁਚੱਜੀ ਇਸਤਰੀ ਦਾ ਗਹਿਣਾ ਸੀਲ ਤੇ ਸੰਤੋਖ ਹੈ :

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍॥
ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍॥
ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ੍॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨਿ੍॥

(ਵਾਰ ਸੂਹੀ ਮਹਲਾ ੩, ਪੰਨਾ 787)

ਭਾਵੇਂ ਬਾਦਸ਼ਾਹ ਅਕਬਰ ਨੇ ਵੀ ਕਾਨੂੰਨ ਰਾਹੀਂ ਇਸ ਰਸਮ ਨੂੰ ਰੋਕਣ ਦਾ ਕੁਝ ਉਪਰਾਲਾ ਕੀਤਾ, ਪਰ ਗੁਰੂ ਅਮਰਦਾਸ ਜੀ ਨੇ ਵਿਚਾਰਧਾਰਕ ਪੱਧਰ ਉੱਤੇ ਲੋਕਾਂ ਨੂੰ ਇਸ ਗੱਲ ਲਈ ਤਿਆਰ ਕੀਤਾ ਕਿ ਇਹ ਰੀਤਿ ਗ਼ਲਤ ਹੈ ਤੇ ਇਸ ਨਾਲ ਖ਼ਾਹਮਖ਼ਾਹ ਇਕ ਜੀਊਂਦੇ ਜਾਗਦੇ ਪ੍ਰਾਣੀ ਨੂੰ ਅੱਗ ਵਿਚ ਝੋਕਿਆ ਜਾਂਦਾ ਹੈ, ਜੋ ਠੀਕ ਨਹੀਂ। ਇਹ ਖ਼ਿਆਲ ਸਾਡੇ ਸ਼ਾਸਤਰਾਂ ਨੇ ਹੀ ਪ੍ਰਚਾਰਿਆ ਸੀ ਕਿ ਸਤੀ ਹੋਣ ਵਾਲੀ ਔਰਤ ਸਿੱਧੀ ਸੁਰਗਾਂ ਨੂੰ ਜਾਂਦੀ ਹੈ। *ਪ੍ਰਾਸ਼ਰ ਸਿਮ੍ਰਤੀ* ਦੇ ਚੌਥੇ ਅਧਿਆਇ ਵਿਚ ਲਿਖਿਆ ਹੈ ਕਿ ਪਤੀ ਨਾਲ ਸਤੀ ਹੋਣ ਵਾਲੀ ਉਤਨੇ ਵਰ੍ਹੇ ਸੁਰਗ ਵਿਚ ਬਿਤਾਉਂਦੀ ਹੈ, ਜਿਤਨੇ ਪਤੀ ਦੇ ਰੋਮ ਹੁੰਦੇ ਹਨ। ਕਈ ਕਹਿੰਦੇ ਸਨ ਕਿ ਇਸਤਰੀ ਮਾਇਆ ਹੈ, ਇਹ ਪੁਰਖ ਦੇ ਨਾਲ ਹੀ ਖ਼ਤਮ ਹੋ ਜਾਵੇ ਤਾਂ ਚੰਗਾ ਹੈ, ਨਹੀਂ ਤਾਂ ਇਹ ਹੋਰ ਕਿਸੇ ਨੂੰ ਦੂਸ਼ਿਤ ਕਰੇਗੀ।

ਇਸ ਕਿਸਮ ਦੇ ਘਟੀਆ ਤੇ ਹੋਛੇ ਖ਼ਿਆਲ ਪ੍ਰਚਾਰ ਕੇ ਇਸਤਰੀ ਦਾ ਅਪਮਾਨ ਕੀਤਾ ਜਾਂਦਾ ਰਿਹਾ ਹੈ ਤੇ ਉਸ ਦੀ ਜਾਨ ਲੈਣਾ ਵੀ ਧਰਮ-ਕਰਮ ਸਮਝਿਆ ਗਿਆ ਹੈ। ਹੋ ਸਕਦਾ ਹੈ ਕਿ ਕਿਸੇ ਸਮੇਂ ਰਾਜਪੂਤ ਸ਼੍ਰੇਣੀ ਨੇ ਇਸਤਰੀਆਂ ਦੇ ਸਤਿ ਸਨਮਾਨ ਨੂੰ ਬਚਾਉਣ ਲਈ ਇਹ ਰਸਮ ਚਾਲੂ ਰੱਖੀ ਹੋਵੇ, ਪਰ ਇਸ ਤਰ੍ਹਾਂ ਕਰਕੇ ਹਰ ਇਸਤਰੀ ਨੂੰ ਧਿੰਗੋਜ਼ੋਰੀ ਜੀਊਂਦਿਆਂ ਜੀਅ ਫੂਕ ਛੱਡਣਾ ਜ਼ਿੰਦਗੀ ਦੇ ਅਧਿਕਾਰ ਉੱਤੇ ਛਾਪਾ

ਮਾਰਨਾ ਹੈ, ਜਿਸ ਦਾ ਕਿਸੇ ਨੂੰ ਵੀ ਹੱਕ ਨਹੀਂ। ਸੋ, ਇਸ ਮਾੜੀ ਰਸਮ ਨੂੰ ਪੰਜਾਬ ਵਿਚ ਬੰਦ ਕਰਨ ਦੇ ਜਤਨ ਕੀਤੇ ਗਏ ਤੇ ਗੁਰੂ ਅਮਰਦਾਸ ਜੀ ਇਸ ਦੇ ਮੋਢੀ ਸਨ। ਇਸ ਤਰ੍ਹਾਂ ਉਨ੍ਹਾਂ ਅੰਤਰ-ਜਾਤੀ ਵਿਆਹ ਵੀ ਕੀਤੇ ਤੇ ਗ਼ਰੀਬ ਅਮੀਰਾਂ ਦੀਆਂ ਸਾਂਝਾਂ ਜੋੜੀਆਂ। ਗੋਇੰਦਵਾਲ ਨਵੀਂ ਵਸਤੀ ਸੀ, ਜਿਸ ਵਿਚ ਨਵੇਂ ਸਮਾਜ ਦੇ ਨੇਮਾਂ ਨੂੰ ਮੰਨਣ ਵਾਲੇ ਹੀ ਆ ਕੇ ਵੱਸਦੇ ਸਨ, ਕਿਉਂਕਿ ਉਨ੍ਹਾਂ ਨੂੰ ਪੁਰਾਤਨ ਪੰਥੀ ਪ੍ਰਵਾਨ ਨਹੀਂ ਸੀ ਕਰਦੇ। ਉਨ੍ਹਾਂ ਲਈ ਗੁਰੂ ਹੀ ਨਿਮਾਣਿਆਂ ਦਾ ਮਾਣ, ਨਿਥਾਵਿਆਂ ਦਾ ਥਾਂ ਸੀ। ਦੂਜੇ ਸ਼ਬਦਾਂ ਵਿਚ ਸਿੱਖ ਲਹਿਰ ਸਮਾਜ ਦੇ ਪਤਿਤ ਤੇ ਦਲਿਤ ਲੋਕਾਂ ਨੂੰ ਉਠਾਉਣ ਲਈ ਹੀ ਸੀ ਤੇ ਤੀਸਰੇ ਸਤਿਗੁਰਾਂ ਇਸ ਨਵੇਂ ਸਮਾਜ ਦੇ ਨਿਰਮਾਣ ਵਿਚ ਵਿਸ਼ੇਸ਼ ਹਿੱਸਾ ਪਾਇਆ।

ਉਨ੍ਹਾਂ ਦੀ ਅਧਿਆਤਮਿਕਤਾ ਸਮਾਜਵਾਦੀ ਸੀ ਤੇ ਸਮਾਜ ਅਧਿਆਤਮਵਾਦੀ ਰੰਗ ਵਿਚ ਰੰਗਿਆ ਹੋਇਆ ਸੀ। ਇਸ ਨਾਲ ਲੋਕ-ਪਰਲੋਕ ਦੋਵੇਂ ਸੰਵਰਦੇ ਸਨ। ਗੁਰੂਆਂ ਦੀ ਵਿਚਾਰਧਾਰਾ ਦਾ ਇਹ ਉੱਚਾ-ਸੁੱਚਾ ਆਦਰਸ਼ ਸੀ।

•

ਆਦਿ ਗ੍ਰੰਥ ਦੇ ਭੱਟ ਕਵੀ

ਭਾਰਤੀ ਸਾਹਿੱਤ ਵਿਚ ਭੱਟ ਜਾਤੀ ਦੀ ਆਪਣੀ ਪਰੰਪਰਾ ਹੈ। ਪੰਜਾਬ ਦੇ ਭੱਟ ਕੌਸ਼ਿਸ਼ ਗੋਤਰ ਦੇ ਬ੍ਰਾਹਮਣ ਮੰਨੇ ਜਾਂਦੇ ਹਨ। ਇਨ੍ਹਾਂ ਦੇ ਵਡੇਰੇ ਸਰਸੁਤੀ ਕੰਢੇ ਵੱਸਦੇ ਸਨ। ਉਰਲੇ ਪਾਸੇ ਵੱਸਣ ਵਾਲੇ 'ਸਾਰਸੁਤ' ਤੇ ਪਰਲੇ ਪਾਸੇ ਦੇ ਵਾਸੀ 'ਗੌੜ' ਕਹਿਲਾਏ। ਸਾਰਸੁਤ ਬ੍ਰਾਹਮਣ ਵਿੱਦਿਆ ਅਧਿਐਨ ਵਿਚ ਵਧੇਰੇ ਦਿਲਚਸਪੀ ਲੈਂਦੇ ਸਨ ਤੇ ਗੌੜ ਬ੍ਰਾਹਮਣ ਦਾਨ ਬਖ਼ਸ਼ੀਸ਼ ਪ੍ਰਵਾਨ ਕਰਦੇ ਤੇ ਆਪਣੇ ਜਜਮਾਨਾਂ ਦੀ ਬੰਸਾਵਲੀ ਵਹੀਆਂ ਵਿਚ ਦਰਜ ਕਰ ਛੱਡਦੇ ਸਨ। ਹੌਲੀ ਹੌਲੀ ਇਨ੍ਹਾਂ ਦੇ ਪਰਿਵਾਰ ਵਧਦੇ ਗਏ ਤੇ ਲੋੜ ਅਨੁਸਾਰ ਇਧਰ ਉਧਰ ਫੈਲਦੇ ਗਏ। ਹੁਣ ਵੀ ਸਰਸਵਤੀ ਕੰਢੇ ਪਿੰਡ ਤਲੌਂਢਾ, ਪਰਗਣਾ ਜੀਂਦ ਵਿਚ ਪਿੰਡ ਭਾਦਸੋਂ, ਪਰਗਣਾ ਲਾਡਵਾ ਤੇ ਪਿੰਡ ਕਰਸਿੰਧੂ, ਤਹਿਸੀਲ ਸਫ਼ੈਦੋਂ ਵਿਚ ਭੱਟਾਂ ਦੇ ਕਈ ਪਰਿਵਾਰ ਵੱਸਦੇ ਹਨ। ਕਰਸਿੰਧੂ ਵਾਲੇ ਭਾਈ ਸੰਤ ਸਿੰਘ ਦੀ ਵਹੀ ਵਿਚ ਉਨ੍ਹਾਂ ਭੱਟਾਂ ਦੀਆਂ ਪੀੜ੍ਹੀਆਂ ਦਾ ਕਾਫ਼ੀ ਵੇਰਵਾ ਮਿਲਦਾ ਹੈ, ਜਿਨ੍ਹਾਂ ਭੱਟਾਂ ਦੀ ਰਚਨਾ ਆਦਿ ਗ੍ਰੰਥ ਵਿਚ ਦਰਜ ਹੋਈ। ਗਿਆਨੀ ਗਰਜਾ ਸਿੰਘ ਜੀ ਨੇ ਪਹਿਲੀ ਵਾਰ ਇਸ ਖੋਜ-ਸੋਮੇ ਨੂੰ ਟੋਹਿਆ-ਭਾਲਿਆ ਤੇ ਗਿਆਨੀ ਗੁਰਦਿੱਤ ਸਿੰਘ ਜੀ ਨੇ ਇਸ ਬਾਰੇ ਲੇਖ ਵੀ ਲਿਖਿਆ ਸੀ।

ਇਸ ਭੱਟ ਘਰਾਣੇ ਦੇ ਕੁਝ ਆਦਮੀ ਸੁਲਤਾਨਪੁਰ ਜਾ ਵੱਸੇ ਤੇ ਇਥੋਂ ਹੀ ਆ ਕੇ ਭਾਈ ਭਿੱਖਾ ਤੇ ਭਾਈ ਟੋਡਾ ਗੁਰੂ ਅਮਰਦਾਸ ਜੀ ਦੇ ਸਿੱਖ ਬਣੇ। ਗਿਆਰ੍ਹਵੀਂ ਵਾਰ ਵਿਚ ਭਾਈ ਗੁਰਦਾਸ ਜੀ ਨੇ ਜਿਥੇ ਸੁਲਤਾਨਪੁਰ ਦੇ ਸਿੱਖਾਂ ਦੀ ਸੂਚੀ ਦਿੱਤੀ ਹੈ, ਉਥੇ ਸਾਫ਼ ਲਿਖਿਆ ਹੈ :

ਭਿਖਾ ਟੋਡਾ ਭਟ ਦੁਇ ਧਾਰੂ ਸੂਦ ਮਹਲ ਤਿਸੁ ਭਾਰਾ ॥੨੧॥

(ਵਾਰ 11, ਪਉੜੀ 21)

ਸਿੱਖ ਇਤਿਹਾਸ ਵਿਚ ਭਿਖੇ ਨੂੰ ਭੱਟਾਂ ਦਾ ਜਥੇਦਾਰ ਜਾਂ ਮੋਹਰੀ ਦੱਸਿਆ ਗਿਆ ਹੈ ਤੇ ਪੁਰਾਣਿਕ ਕਲਪਨਾ ਦੇ ਤਾਂ ਜਿਥੇ ਚਾਰ ਚਾਰ ਭੱਟਾਂ ਨੂੰ ਇਕ ਇਕ ਵੇਦ ਦੇ ਚਾਰ ਅਵਤਾਰ ਦੱਸਿਆ ਹੈ, ਉਥੇ ਭਿਖੇ ਨੂੰ ਵੱਡਾ ਹੋਣ ਕਰਕੇ ਬ੍ਰਹਮਾ ਦਾ ਅਵਤਾਰ ਕਿਹਾ ਹੈ। ਗੱਲ ਸਾਫ਼ ਹੈ ਕਿ ਇਹ ਇਨ੍ਹਾਂ ਦਾ ਵਡੇਰਾ ਸੀ ਤੇ ਬਾਕੀ ਬਹੁਤ ਸਾਰੇ ਇਸ ਦੇ ਪੁੱਤ ਪੋਤੇ ਸਨ, ਭਾਵੇਂ ਇਸ ਦੀ ਪੁਸ਼ਟੀ ਅਜੇ ਪੂਰੇ ਖੋਜ-ਸੋਮਿਆਂ ਤੋਂ ਪ੍ਰਾਪਤ ਨਹੀਂ।

ਭੱਟ ਵਹੀ ਅਨੁਸਾਰ ਰਈਏ ਦੇ ਛੇ ਪੁੱਤਰ ਸਨ—ਭਿੱਖਾ, ਸੇਖਾ, ਤੋਖਾ, ਗੋਖਾ, ਚੋਖਾ ਤੇ ਟੋਡਾ।

ਭਿੱਖੇ ਦੇ ਪੁੱਤਰ—ਕਲਯ, ਮਥਰਾ, ਜਾਲਪ, ਕੀਰਤ, ਮਲੀਆ ਤੇ ਦਲੀਆ ਸਨ।

ਸੇਖੇ ਦੇ ਪੁੱਤਰ—ਸੱਲ, ਭੱਲ, ਟੱਲ ਆਦਿ ਦੱਸੇ ਹਨ।

ਤੋਖੇ ਦੇ ਪੁੱਤਰ—ਦਾਸ, ਬੱਲ ਤੇ ਗੰਗ ਆਦਿ।

ਗੋਖੇ ਦੇ ਪੁੱਤਰ—ਹਰਿਬੰਸ ਤੇ ਸੇਵਕ ਆਦਿ।

ਸੇਵਕ ਦਾ ਪੁੱਤਰ ਜੱਲ੍ਹ ਸੀ।

ਚੋਖੇ ਦਾ ਪੁੱਤਰ—ਕਲਸਹਾਰ, ਗਯੰਦ ਆਦਿ ਸਨ।

ਭਿਖੇ ਦੇ ਪੁੱਤਰ ਕੀਰਤ ਦਾ ਪੁੱਤਰ ਬੋਹਥ ਸੀ।

ਅੱਗੇ ਬੋਹਥ ਦੇ ਪੁੱਤਰ ਕੇਸੋ ਸਿੰਘ, ਹਰੀ ਸਿੰਘ ਤੇ ਦੇਸੂ ਸਿੰਘ ਹੋਏ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਸਨ। ਕੇਸੋ ਦਾ ਪੁੱਤਰ ਸ਼ਿਵਲਾਲ ਸਿੰਘ ਤੇ ਨਰਬਦ ਸਿੰਘ ਭੱਟ ਸਨ। ਇਨ੍ਹਾਂ ਨਾਵਾਂ ਤੋਂ ਇਹ ਪਤਾ ਲੱਗਦਾ ਹੈ ਕਿ ਇਹ ਸ੍ਰੀ ਦਸਮੇਸ਼ ਜੀ ਦੀ ਪ੍ਰੇਰਨਾ 'ਤੇ ਸਿੰਘ ਬਣ ਗਏ ਸਨ ਤੇ ਫਿਰ ਅੱਗੇ ਇਨ੍ਹਾਂ ਆਪਣੇ ਜਜਮਾਨਾਂ ਵਿਚ ਵੀ ਸਿੱਖੀ ਦਾ ਕਾਫ਼ੀ ਪ੍ਰਚਾਰ ਕੀਤਾ। ਇਸ ਤੋਂ ਜ਼ਾਹਿਰ ਹੈ ਕਿ ਗੁਰੂ ਘਰ ਨਾਲ ਭੱਟ ਘਰਾਣੇ ਦਾ ਸੰਬੰਧ ਤੀਜੇ ਸਤਿਗੁਰੂ ਤੋਂ ਲੈ ਕੇ ਧੁਰ ਤਕ ਚੱਲਦਾ ਰਿਹਾ। ਕਈ ਇਨ੍ਹਾਂ ਵਿੱਚੋਂ ਜੋਧੇ ਬੀਰ ਵੀ ਹੋਏ, ਜਿਵੇਂ ਕੀਰਤ ਭੱਟ ਗੁਰੂ ਹਰਿਗੋਬਿੰਦ ਸਾਹਿਬ ਨਾਲ ਮੁਖ਼ਲਿਸ ਖ਼ਾਂ ਵੱਲੋਂ ਲੜੀ ਜੰਗ ਵਿਚ ਅੰਮ੍ਰਿਤਸਰ 17 ਵੈਸਾਖ, 1691 ਬਿ: ਨੂੰ ਲੜ ਕੇ ਸ਼ਹੀਦ ਹੋ ਗਿਆ ਸੀ।

ਇਸੇ ਤਰ੍ਹਾਂ ਕੇਸੋ ਸਿੰਘ, ਹਰੀ ਸਿੰਘ ਤੇ ਦੇਸੂ ਸਿੰਘ ਤਿੰਨੇ ਸਕੇ ਭਾਈ ਅਤੇ ਕੇਸੋ ਸਿੰਘ ਦਾ ਪੁੱਤਰ ਨਰਬਦ ਸਿੰਘ, ਹਰੀ ਸਿੰਘ ਦੇ ਪੁੱਤਰ ਤਾਰਾ ਸਿੰਘ, ਸੇਵਾ ਸਿੰਘ ਤੇ ਦੇਵਾ ਸਿੰਘ—ਸੱਤੇ ਭੱਟ, ਸਿੱਖ ਹੋਣ ਦੇ ਦੋਸ਼ ਵਿਚ 9 ਕੱਤਕ, 1768 ਬਿ: ਨੂੰ (11 ਅਕਤੂਬਰ, 1711 ਈ:) ਪਰਗਣਾ ਲਾਹੌਰ ਦੇ ਅਲੋਵਾਲ ਮੁਕਾਮ 'ਤੇ ਨਾਜ਼ਮ ਅਸਲਮ ਖ਼ਾਂ ਦੇ ਹੁਕਮ ਨਾਲ ਧਰਤੀ ਵਿਚ ਗੱਡ ਕੇ ਸ਼ਹੀਦ ਕਰ ਦਿੱਤੇ ਗਏ ਸਨ।[1] ਇਹ ਸ਼ਹੀਦੀ ਸਾਕੇ ਦੱਸਦੇ ਹਨ ਕਿ ਭੱਟ ਕੇਵਲ ਜਜਮਾਨੀ ਪੁਰੋਹਿਤੀ ਕਰਨ ਵਾਲੇ ਹੀ ਨਹੀਂ, ਸਗੋਂ ਸਿੱਖੀ ਸਿਦਕ ਵਿਚ ਪੂਰਨ ਹੋਣ ਕਰਕੇ ਧਰਮ ਦੀ ਖ਼ਾਤਰ ਆਪਣੀ ਜਾਨ ਵੀ ਨਿਛਾਵਰ ਕਰ ਸਕਦੇ ਸਨ। ਗੁਰੂ ਘਰ ਨਾਲ ਇਨ੍ਹਾਂ ਦਾ ਰਿਸ਼ਤਾ ਗੁਰੂ ਅਮਰਦਾਸ ਜੀ ਦੇ ਸਮੇਂ ਜੁੜਿਆ। *ਮਹਿਮਾ ਪ੍ਰਕਾਸ਼* ਦਾ ਕਰਤਾ ਲਿਖਦਾ ਹੈ:

> ਭੀਖਾ ਭੱਟ ਸੁਲਤਾਨਪੁਰ ਵਾਸੀ,
> ਹਰਿ ਕੀ ਭਗਤਿ ਫਿਰੈ ਜਗਿਆਸੀ।
> ਜਬ ਭਿਖੁ ਉਸਤਤਿ ਗੁਰ ਕਰੀ,
> ਸੁਨਿ ਪ੍ਰਸੰਨ ਭਏ ਤਬਿ ਹਰੀ।

'ਸਵਈਏ ਮਹਲੇ ਤੀਜੇ ਕੇ' ਵਿਚ ਹੀ ਭਿਖੇ ਦੇ ਦੋ ਛੰਦ ਦਰਜ ਹਨ, ਜਿਥੇ ਕਿ ਉਹ ਕਹਿੰਦਾ ਹੈ ਕਿ ਮੈਂ ਆਤਮ-ਜਗਿਆਸਾ ਧਾਰ ਕੇ ਸਾਲ ਭਰ ਢੂੰਡ ਭਾਲ

---

1. ਸੇਵਾ ਸਿੰਘ, *ਸ਼ਹੀਦ ਬਿਲਾਸ*, 1961, ਪੰਨਾ 5.

ਕਰਦਾ ਰਿਹਾ ਤੇ ਬੜੀ ਲੰਮੀ ਖੋਜ ਬਾਦ ਮੈਨੂੰ ਗੁਰੂ ਅਮਰਦਾਸ ਜੀ ਦੀ ਸ਼ਰਨ ਪ੍ਰਾਪਤ ਹੋਈ ਹੈ :

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥

(ਸਵਈਏ ਮਹਲੇ ਤੀਜੇ ਕੇ ੩, ਪੰਨੇ 1395-96)

ਇਹ ਰੀਝ ਤੇ ਲਗਨ ਦੱਸਦੀ ਹੈ ਕਿ ਭਿੱਖਾ ਨਿਰਾ-ਪੁਰਾ ਜੱਸ ਗਾਉਣ ਵਾਲਾ ਭੱਟ ਨਹੀਂ ਸੀ, ਸਗੋਂ ਪਰਮਾਰਥ ਦਾ ਸੱਚਾ ਪਾਂਧਾਊ ਵੀ ਸੀ। ਉਸੇ ਦੀ ਆਤਮ-ਛੋਹ ਨੇ ਅੱਗੇ ਉਸ ਦੇ ਪੁੱਤਰਾਂ ਤੇ ਭਤੀਜਿਆਂ ਵਿਚ ਇਹ ਲਗਨ ਲਗਾਈ ਤੇ ਉਹ ਉੱਚੇ ਸੰਤ-ਕਵੀ ਹੋ ਕੇ ਗੁਰੂ-ਜੋਤਿ ਦੇ ਗੀਤ ਗਾਉਣ ਵਾਲੇ ਹੋਏ।

ਪੁਰਾਣੇ ਸਿੱਖ ਸੰਪ੍ਦਾਈ ਗਿਆਨੀਆਂ ਅਨੁਸਾਰ ਭਟ ਗਿਣਤੀ ਵਿਚ 17 ਸਨ। ਪ੍ਰੋ. ਸਾਹਿਬ ਸਿੰਘ ਜੀ ਨੇ ਛੰਦ-ਅੰਕਾਂ ਅਨੁਸਾਰ ਇਹ ਗਿਣਤੀ 11 ਸਿੱਧ ਕੀਤੀ ਹੈ :

ਗਿਆਰਾਂ ਭੱਟ	*ਵਾਧੂ ਨਾਂ*
1. ਕਲਜ	1. ਕਲਸਹਾਰ
2. ਜਾਲਪ	2. ਜਲਜ
3. ਕੀਰਤ	3. ਦਾਸ
4. ਸਲਜ	4. ਸੇਵਕ
5. ਭਲਜ	5. ਗੰਗ
6. ਨਲਜ	6. ਟਲਜ
7. ਭਿੱਖਾ	7. ਗਯੰਦ
8. ਪਰਮਾਨੰਦ	
9. ਬਲਜ	
10. ਹਰਿਬੰਸ	
11. ਮਥਰਾ	

ਕਲਜ ਤੇ ਕਲਸਹਾਰ ਇੱਕੋ ਭੱਟ ਦਾ ਨਾਮ ਹੈ। 'ਸਵਈਏ ਮਹਲੇ ਚਉਥੇ ਕੇ' ਦੇ ਪਹਿਲੇ ਛੰਦ ਵਿਚ ਹੀ ਇਹ ਦੋਵੇਂ ਨਾਮ ਵਰਤੇ ਮਿਲਦੇ ਹਨ। ਇਵੇਂ ਜਿਵੇਂ ਜਾਲਪ ਤੇ ਜਲਜ ਵੀ ਇੱਕੋ ਦੇ ਵਾਚਕ ਹਨ। 'ਦਾਸ' ਯਾ 'ਸੇਵਕ' ਕੋਈ ਭੱਟ ਨਹੀਂ, ਕੇਵਲ ਇਹ ਨਿਰਮਾਣਤਾ ਵਾਚਕ ਪਦ ਹਨ। 'ਗੰਗ' ਪਦ ਵੀ ਭੱਟ ਦਾ ਬੋਧਕ ਨਹੀਂ, ਜਿਵੇਂ :

...ਗੰਗ ਤਰੰਗ ਅੰਤੁ ਕੋ ਪਾਵੈ ॥ *(ਪੰਨਾ 1396)*

ਜਾਂ "ਅਜੈ ਗੰਗ ਜਲੁ ਅਟਲੁ"[2] ਆਦਿ ਵਿਚ ਗੰਗਾ ਨਦੀ ਦਾ ਸੂਚਕ ਹੈ। ਟਲ ਕੋਈ ਭੱਟ ਨਹੀਂ। ਛਪੀਆਂ ਬੀੜਾਂ ਵਿਚ "ਸੁ ਕਹੁ ਟਲ ਗੁਰੁ ਸੇਵੀਐ"[3] ਜੋ ਪਾਠ ਪ੍ਰਚਲਿਤ

---

2. ਸਵਈਏ ਮਹਲੇ ਪੰਜਵੇ ਕੇ ੫, ਪੰਨਾ 1409.
3. ਸਵਈਏ ਮਹਲੇ ਦੂਜੇ ਕੇ ੨, ਪੰਨਾ 1392.

ਹੋ ਗਿਆ ਹੈ, ਉਹ ਪ੍ਰਾਚੀਨ ਹੱਥ ਲਿਖਤ ਬੀੜਾਂ ਵਿਚ "ਸੁ ਕਹੁ ਕਲ੍ਹ ਗੁਰ ਸੇਵੀਐ" ਕਰਕੇ ਹੀ ਮਿਲਦਾ ਹੈ। 'ਸਵਈਏ ਮਹਲੇ ਦੂਜੇ ਕੇ' ਹੇਠ ਦਸ ਛੰਦ ਕਲਜ ਦੇ ਹੀ ਹਨ, ਨੌਂ ਨੰਬਰ ਛੰਦ ਵਿਚ ਕਲਜ ਦਾ ਨਾਮ ਆਉਂਦਾ ਹੈ ਤੇ ਇਹ ਦਸ ਨੰਬਰ ਛੰਦ ਵੀ ਕਲਜ ਨਾਂ ਵਾਲਾ ਹੀ ਹੈ, ਟਲ ਨਹੀਂ, ਜੈਸਾ ਕਿ ਪ੍ਰਾਚੀਨ ਬੀੜਾਂ ਤੋਂ ਸਪੱਸ਼ਟ ਹੈ। ਨਾਲੇ ਇਹ ਗੱਲ ਵੀ ਧਿਆਨਯੋਗ ਹੈ ਕਿ ਕਲਜ ਭੱਟ ਨੇ ਹੀ ਪਹਿਲੇ ਤੇ ਦੂਜੇ ਗੁਰੂ ਸੰਬੰਧੀ ਦਸ ਦਸ ਛੰਦ ਆਖੇ ਹਨ, ਹੋਰ ਕਿਸੇ ਭੱਟ ਨੇ ਉਸਤਤਿ ਨਹੀਂ ਕੀਤੀ। ਸੋ 'ਟਲ' ਨਾਂ ਦੀ ਕਲਪਨਾ ਕੇਵਲ ਗ਼ਲਤ ਪਾਠ ਕਾਰਨ ਹੈ। ਇਸ ਪ੍ਰਕਾਰ ਗਿਣਤੀ 11 ਹੀ ਰਹਿ ਜਾਂਦੀ ਹੈ ਤੇ ਇਸ ਗਿਆਰਾਂ ਦੀ ਗਿਣਤੀ ਵਿਚ 'ਗਯੰਦ' ਨਾਮ ਕਿਸੇ ਭੱਟ ਦਾ ਬੋਧਕ ਨਹੀਂ ਜਾਪਦਾ, ਉਥੇ ਪਾਠ ਇਸ ਤਰ੍ਹਾਂ ਹੈ:

> ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ
> ਸਤਿਗੁਰੂ ਸਤਿਗੁਰੂ ਸਤਿਗੁਰ ਗੁਬਿੰਦ ਜੀਉ ॥੪॥੯॥

(ਸਵਈਏ ਮਹਲੇ ਚਉਥੇ ਕੇ 8, ਪੰਨਾ 1403)

'ਗਯੰਦ' ਦਾ ਲਫ਼ਜ਼ੀ ਮਾਅਨਾ ਹਾਥੀ ਹੈ ਤੇ ਮਨ ਨੂੰ ਗੁਰਬਾਣੀ ਵਿਚ ਕਈ ਥਾਂ ਮਦਮਸਤ ਹਾਥੀ ਦੀ ਉਪਮਾ ਦੇ ਕੇ ਵਰਣਨ ਕੀਤਾ ਗਿਆ ਹੈ ਤੇ ਇਥੇ ਵੀ ਇਹੋ ਅਰਥ ਹੈ ਅਤੇ ਇਹ ਛੰਦ ਪਰਮਾਨੰਦ ਭੱਟ ਦੇ ਜਾਪਦੇ ਹਨ। ਪਰਮਾਨੰਦ ਦਾ ਨਾਂ ਦੋ ਵਾਰ ਆਇਆ ਹੈ। ਇਸ ਬਾਰੇ ਹੋਰ ਖੋਜ ਦੀ ਵੀ ਲੋੜ ਹੈ।

ਉੱਤੇ ਅਸਾਂ ਭੱਟ ਵਹੀਆਂ ਦੇ ਹਵਾਲੇ ਨਾਲ ਇਨ੍ਹਾਂ ਭੱਟਾਂ ਦੇ ਪਿਤਾ-ਪਿਤਾਮਾ ਬਾਰੇ ਸੰਖੇਪ ਕਰਕੇ ਲਿਖਿਆ ਹੈ, ਪਰੰਤੂ ਪੜਤਾਲ ਕੀਤਿਆਂ ਇਹ ਜਾਣਕਾਰੀ ਇਤਿਹਾਸਕ ਤੌਰ 'ਤੇ ਪੂਰੀ ਪੂਰੀ ਸਹੀ ਸਿੱਧ ਨਹੀਂ ਹੁੰਦੀ। ਮਾਲੂਮ ਇਉਂ ਹੁੰਦਾ ਹੈ ਜਿਵੇਂ ਕਿਸੇ ਸਮੇਂ ਚਤੁਰ ਭੱਟਾਂ ਨੇ ਇਹ 17 ਵਾਲੀ ਗਿਣਤੀ ਲੈ ਕੇ ਆਪਣੀ ਬੰਸਾਵਲੀ ਵਿਚ ਪ੍ਰੋ ਲਈ। ਕੁਝ ਹਕੀਕਤ ਵੀ ਹੋ ਸਕਦੀ ਹੈ, ਪਰ ਰਲਾਵਟ ਸਾਫ਼ ਹੈ। ਜੇ ਇਹ ਰਲਾ ਨਾ ਹੁੰਦਾ ਤਾਂ ਕਲਜ ਤੇ ਕਲਸਹਾਰ ਨੂੰ ਦੋ ਥਾਂ ਨਾ ਗਿਣਿਆ ਜਾਂਦਾ ਤੇ ਨਾ ਹੀ ਲਿਖਾਰੀ ਦੀ ਉਕਾਈ ਨਾਲ ਬਣੇ 'ਟਲ' ਨੂੰ ਸੇਖੇ ਦਾ ਪੁੱਤਰ ਦੱਸਿਆ ਜਾਂਦਾ। ਕਲਜ ਨੂੰ ਭਿਖੇ ਦਾ ਤੇ ਕਲਸਹਾਰ ਨੂੰ ਚੋਖੇ ਦਾ ਬੇਟਾ ਦੱਸਿਆ ਹੈ, ਜਦੋਂ ਕਿ ਦੋਵੇਂ ਨਾਂ ਇੱਕੋ ਵਿਅਕਤੀ ਦੇ ਹਨ। ਇਹੋ ਹਾਲ ਦਾਸ, ਸੇਵਕ, ਗੰਗ ਤੇ ਗਯੰਦ ਆਦਿ ਕਲਪਿਤ ਨਾਮਾਂ ਬਾਰੇ ਹੈ। ਸੰਭਵ ਹੈ ਕਿ ਭੱਟਾਂ ਦਾ ਇਸ ਘਰਾਣੇ ਨਾਲ ਕੋਈ ਸੰਬੰਧ ਹੋਵੇ ਤੇ ਕੁਝ ਗੱਲਾਂ ਇਤਿਹਾਸਕ ਸੱਚਾਈ ਵੀ ਰੱਖਦੀਆਂ ਹੋਣ, ਪਰੰਤੂ ਰਲਾਵਟ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸੋ, ਇਸ ਲਿਖਤ ਉੱਤੇ ਪੂਰਾ ਭਰੋਸਾ ਕਰਨਾ ਔਖਾ ਹੈ। ਸਾਰੀ ਖੋਜ ਪੜਤਾਲ ਇਹ ਸਿੱਧ ਕਰਦੀ ਹੈ:

1. ਭੱਟਾਂ ਦੀ ਗਿਣਤੀ 17 ਨਹੀਂ, 11 ਹੈ।
2. ਇਹ ਸਾਰੇ ਭੱਟ ਇੱਕੋ ਵਕਤ ਇਕੱਠੇ ਨਹੀਂ ਆਏ, ਕੁਝ ਗੁਰੂ ਅਮਰਦਾਸ ਜੀ ਦੇ ਸਮੇਂ, ਕੁਝ ਰਾਮਦਾਸ ਜੀ ਤੇ ਕੁਝ ਗੁਰੂ ਅਰਜਨ ਜੀ ਪਾਸ ਆਏ।
3. ਭਿੱਖਾ ਬਜ਼ੁਰਗ ਭੱਟ ਜ਼ਰੂਰ ਸੀ, ਪਰ ਵਧੇਰੇ ਵਿਦਵਾਨ ਭੱਟ ਕਲਜ ਹੀ ਸੀ, ਸ਼ਾਇਦ ਇਸੇ ਨੇ ਹੀ ਪਹਿਲੇ ਭੱਟਾਂ ਦੀ ਰਚਨਾ ਗੁਰੂ ਅਰਜਨ ਸਾਹਿਬ ਦੇ ਪੇਸ਼ ਕੀਤੀ

ਹੋਵੇ। ਇਸ ਦੇ ਨਾਲ ਹਰਿਬੰਸ ਤੇ ਮਥਰਾ ਭੱਟ ਵੀ ਹੋ ਸਕਦੇ ਹਨ, ਜਿਨ੍ਹਾਂ ਦੇ ਗੁਰੂ ਅਰਜਨ ਦੇਵ ਜੀ ਦੀ ਉਸਤਤਿ ਵਿਚ ਉਚਾਰਣ ਕੀਤੇ ਸਵੱਈਏ ਮਿਲਦੇ ਹਨ। ਇਨ੍ਹਾਂ ਦਾ ਕੁਝ ਬਿਉਰਾ ਇਸ ਪ੍ਰਕਾਰ ਹੈ:

(1) ਭਿੱਖਾ

ਗੁਰੂ ਸਾਹਿਬ ਪਾਸ ਆਉਣ ਵਾਲੇ ਭੱਟਾਂ ਵਿੱਚੋਂ ਭਿੱਖਾ ਇਕ ਸ਼੍ਰੋਮਣੀ ਭੱਟ ਸੀ, ਜੋ ਕਿ ਸੁਲਤਾਨਪੁਰ ਦਾ ਰਹਿਣ ਵਾਲਾ ਸੀ ਤੇ ਇਹ ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੀ ਸੰਗਤ ਤੋਂ ਵਰੋਸਾਇਆ ਸੀ। ਪੁਰਾਤਨ ਭੱਟ ਵਹੀਆਂ ਦੇ ਨੋਟ ਨੂੰ ਜੇ ਠੀਕ ਮੰਨਿਆ ਜਾਵੇ ਤਾਂ ਕਲਜ, ਮਥਰਾ, ਜਾਲਪ ਤੇ ਕੀਰਤ ਆਦਿ ਭੱਟ ਇਸ ਦੇ ਪੁੱਤਰ ਸਨ। ਇਹ ਬਜ਼ੁਰਗ ਆਤਮ-ਜਗਿਆਸਾ ਦੀ ਭਾਵਨਾ ਲੈ ਕੇ ਕਈ ਵਰ੍ਹੇ ਤਪੱਸਵੀਆਂ, ਸਾਧੂਆਂ ਤੇ ਤਿਆਗੀਆਂ ਵੈਰਾਗੀਆਂ ਦੀ ਸੰਗਤ ਕਰਦਾ ਰਿਹਾ, ਪਰ ਆਤਮ-ਸ਼ਾਂਤੀ ਨਾ ਮਿਲੀ। ਅਖ਼ੀਰ ਇਸ ਨੂੰ ਪਤਾ ਲੱਗਾ ਕਿ ਸੁਲਤਾਨਪੁਰ ਤੋਂ ਥੋੜੀ ਦੂਰ ਗੋਇੰਦਵਾਲ ਵਿਚ ਸ੍ਰੀ ਗੁਰੂ ਅਮਰਦਾਸ ਜੀ ਨਿਵਾਸ ਰੱਖਦੇ ਹਨ, ਉਨ੍ਹਾਂ ਦੀ ਬੜੀ ਸ਼ੋਭਾ ਹੈ ਤਾਂ ਇਹ ਗੋਇੰਦਵਾਲ ਪਹੁੰਚਿਆ ਤੇ ਸਤਿਗੁਰਾਂ ਦੀ ਸ਼ਰਨ ਤੋਂ ਸੰਤੁਸ਼ਟਤਾ ਪ੍ਰਾਪਤ ਕੀਤੀ। *ਮਹਿਮਾ ਪ੍ਰਕਾਸ਼* ਦਾ ਕਰਤਾ ਲਿਖਦਾ ਹੈ:

ਭੀਖਾ ਭੱਟ ਸੁਲਤਾਨਪੁਰ ਵਾਸੀ,
ਹਰਿ ਕੀ ਭਗਤ ਫਿਰੈ ਜਗਿਆਸੀ।
ਜਬ ਭਿਖੇ ਉਸਤਤਿ ਗੁਰ ਕਰੀ,
ਸੁਨਿ ਪ੍ਰਸੰਨ ਭਏ ਤਬਿ ਹਰੀ।

ਭਿੱਖੇ ਦੇ ਆਪਣੇ ਕਥਨ ਤੋਂ ਜ਼ਾਹਿਰ ਹੈ ਕਿ ਉਸ ਨੂੰ ਲੰਮੀ ਢੂੰਡ ਭਾਲ ਬਾਦ ਹੀ ਸੱਚੇ ਸਤਿਗੁਰੂ ਦੀ ਪ੍ਰਾਪਤੀ ਹੋਈ ਸੀ। ਇਸ ਅਧਿਆਤਮਕ ਖੋਜ ਭਾਲ ਦਾ ਜ਼ਿਕਰ ਕਰਦਾ ਉਹ ਖ਼ੁਦ ਲਿਖਦਾ ਹੈ:

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ॥

(ਸਵਈਏ ਮਹਲੇ ਤੀਜੇ ਕੇ ੩, ਪੰਨੇ 1395-96)

ਪ੍ਰਗਟ ਹੈ ਕਿ ਇਹ ਭੱਟ ਅੰਤ ਇਸੇ ਸਿੱਟੇ 'ਤੇ ਪੁੱਜਦਾ ਹੈ ਕਿ ਨਾਮ ਸਿਮਰਨ ਹੀ ਵਧੀਆ ਮਾਰਗ ਹੈ। ਜਿਸ ਨੂੰ ਗੁਰੂ ਨੇ ਭਾਣੇ ਦਾ ਰਾਹ ਸਮਝਾ ਦਿੱਤਾ, ਉਹੋ ਪਾਰ ਉਤਰ ਗਿਆ। ਭਿੱਖਾ ਕੇਵਲ ਆਪ ਹੀ ਇਸ ਰਸਤੇ ਦਾ ਪਾਂਧੀ ਨਹੀਂ ਬਣਿਆ, ਸਗੋਂ ਉਸ ਦੇ ਪਰਿਵਾਰ ਦੇ ਅਨੇਕਾਂ ਪੁਰਸ਼ ਗੁਰੂ-ਸ਼ਰਨ ਆਏ ਤੇ ਉਨ੍ਹਾਂ ਪਰਮ-ਪਦ ਦੀ ਪ੍ਰਾਪਤੀ ਕੀਤੀ। 'ਸਵਈਏ ਮਹਲੇ ਤੀਜੇ ਕੇ ੩' ਵਿਚ ਭਿੱਖੇ ਭੱਟ ਦੇ ਛੰਦ ਦਰਜ ਹਨ:

ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ ॥
ਸਚਿ ਸਚੁ ਜਾਣੀਐ ਇਕ ਚਿਤਹਿ ਲਿਵ ਲਾਵੈ ॥
ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ ॥
ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ ॥
ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ ॥
ਗੁਰੁ ਮਿਲ੍ਯ਼ਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ ॥

(ਪੰਨਾ 1395)

(2) ਕਲਯ

ਗੁਰੂ ਸਾਹਿਬ ਦੀ ਹਜ਼ੂਰੀ ਵਿਚ ਆ ਕੇ ਵਰੋਸਾਉਣ ਵਾਲੇ ਭੱਟ ਵਧੇਰੇ ਸੁਲਤਾਨਪੁਰ ਦੇ ਰਹਿਣ ਵਾਲੇ ਭਿੱਖੇ ਭੱਟ ਦੇ ਭਤੀਜੇ ਜਾਂ ਪੁੱਤਰ ਸਨ। ਇਨ੍ਹਾਂ ਵਿੱਚੋਂ ਕਲਯ ਭਿੱਖੇ ਦਾ ਪੁੱਤਰ ਤੇ ਸਭ ਤੋਂ ਵਧੇਰੇ ਵਿਦਵਾਨ ਸੀ। ਕੁੱਲ ਭੱਟ ਰਚਨਾ ਦੇ 123 ਛੰਦਾਂ ਵਿੱਚੋਂ 54 ਇਸ ਦੀ ਰਚਨਾ ਹਨ। ਇਸ ਨੇ ਪਹਿਲੇ ਤੋਂ ਲੈ ਕੇ ਪੰਜਵੇਂ ਗੁਰੂ ਤਕ ਹਰ ਗੁਰੂ ਦੀ ਪ੍ਰਸੰਸਾ ਵਿਚ ਛੰਦ ਉਚਾਰੇ ਅਤੇ ਪਹਿਲੇ ਤੇ ਦੂਸਰੇ ਗੁਰੂ ਬਾਰੇ ਕੇਵਲ ਇਸੇ ਨੇ ਹੀ ਸਵੱਈਏ ਲਿਖੇ ਹਨ। ਫਿਰ ਇਹ ਆਪਣੀ ਰਚਨਾ ਵਿਚ ਥਾਂ ਥਾਂ ਆਪਣੇ ਆਪ ਨੂੰ 'ਕਵਿ' ਜਾਂ 'ਕਵਿਜਨ' ਕਰਕੇ ਲਿਖਦਾ ਹੈ :

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥

(ਸਵਈਏ ਮਹਲੇ ਪਹਿਲੇ ਕੇ ੧, ਪੰਨਾ 1389)

ਇਤਿਹਾਸਕ ਖੋਜ ਦੱਸਦੀ ਹੈ ਕਿ ਕਲਯ ਮੁਗ਼ਲ ਰਾਜ ਦਾ ਇਕ ਅੱਛਾ ਪ੍ਰਸਿੱਧ ਕਵੀ ਸੀ, ਇਸ ਨੇ *ਦਿੱਲੀ ਰਾਜ ਬੰਸਾਵਲੀ* ਨਾਮ ਦੀ ਇਕ ਪੁਸਤਕ ਵੀ ਲਿਖੀ, ਜਿਸ ਦੇ 119 ਛੰਦ ਹਨ, ਇਹ ਅਪ੍ਰਕਾਸ਼ਤ ਖਰੜਾ ਅਭਯ ਜੈਨ ਗ੍ਰੰਥਾਲਯ ਬੀਕਾਨੇਰ ਵਿਚ ਸੁਰੱਖਿਅਤ ਹੈ।

ਆਦਿ ਗ੍ਰੰਥ ਵਿਚ ਜੋ ਇਸ ਦੇ 54 ਛੰਦ ਦਰਜ ਹਨ, ਉਨ੍ਹਾਂ ਤੋਂ ਕਵੀ ਦੀ ਵਿਦਵਤਾ ਤੇ ਕਾਵਿ-ਕੌਸ਼ਲ ਪ੍ਰਗਟ ਹੁੰਦਾ ਹੈ। ਭੱਟ ਹੋਣ ਕਰਕੇ ਜਿਥੇ ਇਸ ਰਚਨਾ ਵਿਚ ਲੋਕ-ਧੁਨ ਦਾ ਪ੍ਰਵੇਸ਼ ਹੈ, ਉਥੇ ਵਿਦਵਾਨ ਕਵੀ ਹੋਣ ਦੇ ਨਾਤੇ ਬੌਧਿਕਤਾ, ਕਾਵਿ-ਪ੍ਰਬੀਨਤਾ, ਮਿਥਿਹਾਸ ਤੇ ਇਤਿਹਾਸ ਦੇ ਹਵਾਲੇ ਇਸ ਨੂੰ ਗੌਰਵਮਈ ਬਣਾਉਂਦੇ ਹਨ। ਗੁਰੂ-ਜੋਤਿ ਦੀ ਏਕਤਾ ਤੇ ਵਿਆਪਕਤਾ ਨੂੰ ਜਿਸ ਤਰ੍ਹਾਂ ਕਲਯ ਭੱਟ ਨੇ ਅਨੁਭਵ ਕੀਤਾ, ਉਹ ਧਿਆਨ ਯੋਗ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਪਰਮੇਸ਼ਰ ਦੀ ਦਿਵਯ ਗਿਆਨ-ਸ਼ਕਤੀ ਸਦਾ ਤੋਂ ਮਨੁੱਖ ਨੂੰ ਪ੍ਰਕਾਸ਼ ਦਿੰਦੀ ਆਈ ਹੈ :

ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥
ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥੭॥

ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ ॥
ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ ॥
ਭਗਤੁ ਬੇਣਿ ਗੁਣ ਰਵੈ ਸਹਜਿ ਆਤਮ ਰੰਗੁ ਮਾਣੈ ॥
ਜੋਗ ਧਿਆਨਿ ਗੁਰ ਗਿਆਨਿ ਬਿਨਾ ਪ੍ਰਭ ਅਵਰੁ ਨ ਜਾਣੈ ॥
ਸੁਖਦੇਉ ਪਰੀਖ੍ਯ੍ਤੁ ਗੁਣ ਰਵੈ ਗੋਤਮ ਰਿਖਿ ਜਸੁ ਗਾਇਓ ॥
ਕਬਿ ਕਲ ਸੁਜਸੁ ਨਾਨਕ ਗੁਰ ਨਿਤ ਨਵਤਨੁ ਜਗਿ ਛਾਇਓ ॥੮॥

(ਸਵਈਏ ਮਹਲੇ ਪਹਿਲੇ ਕੇ ੧, ਪੰਨਾ 1390)

(3) ਜਾਲਪ

ਜਾਲਪ ਭੱਟ ਭਿਖੇ ਦਾ ਪੁੱਤਰ ਸੀ। ਇਹ ਵੀ ਆਪਣੇ ਪਿਤਾ ਨਾਲ ਗੁਰੂ ਅਮਰਦਾਸ ਜੀ ਦੀ ਸ਼ਰਨ ਗੋਇੰਦਵਾਲ ਆਇਆ ਸੀ। ਇਸ ਦਾ ਨਿਵਾਸ-ਸਥਾਨ ਸੁਲਤਾਨਪੁਰ ਨੇੜੇ ਹੀ ਸੀ, ਸੰਭਵ ਹੈ ਕਈ ਵਾਰ ਇਹ ਸਤਿਗੁਰਾਂ ਦੇ ਦਰਸ਼ਨ ਤੋਂ ਲਾਭ ਪ੍ਰਾਪਤ ਕਰਦਾ ਰਿਹਾ ਹੋਵੇ। ਇਹ ਗੋਇੰਦਵਾਲ ਨੂੰ ਗੋਬਿੰਦਪੁਰੀ ਕਹਿ ਕੇ ਸਲਾਹੁੰਦਾ ਹੈ ਕਿ ਇਹ ਰੱਬ ਦੀ ਨਗਰੀ ਹੈ। ਫਿਰ ਅੱਗੇ ਆਪਣੇ ਅਨੁਭਵ ਦੇ ਆਧਾਰ 'ਤੇ ਲਿਖਦਾ ਹੈ ਕਿ ਕਦਮ ਉਹੋ ਸਫਲ ਹਨ, ਜੋ ਗੁਰੂ ਦੀ ਯਾਤਰਾ ਲਈ ਚੱਲਦੇ ਹਨ, ਹੱਥ ਉਹੋ ਸਕਾਰਥੇ ਹਨ, ਜੋ ਗੁਰੂ ਦੇ ਚਰਨਾਂ ਨੂੰ ਛੋਂਹਦੇ ਹਨ। ਇਸ ਤਰ੍ਹਾਂ ਸਾਰੇ ਸਰੀਰ ਦੀ ਸਫਲਤਾ ਇਸੇ ਗੱਲ ਵਿਚ ਹੈ ਕਿ ਉਹ ਗੁਰੂ ਦੀ ਯਾਦ ਵਿਚ ਮਗਨ ਰਹੇ। ਗੁਰੂ ਅਮਰਦਾਸ ਜੀ ਦੇ ਵਿਅਕਤਿਤਵ ਨੂੰ ਪ੍ਰਗਟ ਕਰਨ ਲਈ ਇਹ ਸਮਕਾਲੀ ਗਵਾਹੀ ਧਿਆਨ ਦੀ ਮੁਥਾਜ ਹੈ:

ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿ ਰਯ ॥
ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ ॥
ਜੀਹ ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ ॥
ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ ॥
ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰੁ ਅਮਰੁ ਸੁਣਿਜੈ ॥
ਸਕਯਥੁ ਸੁ ਹੀਉ ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ ॥
ਸਕਯਥੁ ਸੁ ਸਿਰੁ ਜਾਲਪੁ ਭਣੈ ਜੁ ਸਿਰੁ ਨਿਵੈ ਗੁਰ ਅਮਰ ਨਿਤ ॥੧॥੧੦॥

(ਸਵਈਏ ਮਹਲੇ ਤੀਜੇ ਕੇ ੩, ਪੰਨਾ 1394)

ਇਸ ਗੁਰੂ ਦੀ ਵਿਸ਼ੇਸ਼ਤਾ ਕੀ ਹੈ, ਉਹ ਵੀ ਜਾਲਪ ਪ੍ਰਗਟ ਕਰਦਾ ਹੈ ਕਿ ਇਸ ਨੇ ਸੰਗਤ ਨੂੰ ਇਕ ਦੀ ਆਰਾਧਨਾ ਵਿਚ ਲਾ ਕੇ ਅਤੇ ਸਾਂਝੇ ਲੰਗਰ ਆਦਿ ਚਲਾ ਕੇ ਮਨੁੱਖੀ ਏਕਤਾ ਦੀਆਂ ਬੁਨਿਆਦਾਂ ਪੱਕੀਆਂ ਕੀਤੀਆਂ ਹਨ। ਜਾਲਪ ਦੇ ਪੰਜ ਛੰਦ ਗੁਰੂ ਅਮਰਦਾਸ ਜੀ ਦੀ ਮਹਿਮਾ ਵਿਚ ਹੀ ਹਨ:

ਤੈ ਪਢਿਅਉ ਇਕੁ ਮਨਿ ਧਰਿਅਉ ਇਕੁ ਕਰਿ ਇਕੁ ਪਛਾਣਿਓ ॥
ਨਯਣਿ ਬਯਣਿ ਮੁਹਿ ਇਕੁ ਇਕੁ ਦੁਹੁ ਠਾਂਇ ਨ ਜਾਣਿਓ ॥
ਸੁਪਨਿ ਇਕੁ ਪਰਤਖਿ ਇਕੁ ਇਕਸ ਮਹਿ ਲੀਣਉ ॥
ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ ॥

ਇਕਹੁ ਜਿ ਲਾਖੁ ਲਖਹੁ ਅਲਖੁ ਹੈ ਇਕੁ ਇਕੁ ਕਰਿ ਵਰਨਿਅਉ ॥
ਗੁਰ ਅਮਰਦਾਸ ਜਾਲਪੁ ਭਣੈ ਤੂ ਇਕੁ ਲੋੜਹਿ ਇਕੁ ਮੰਨਿਅਉ ॥੩॥੧੨॥

(ਸਵਈਏ ਮਹਲੇ ਤੀਜੇ ਕੇ ੩, ਪੰਨਾ 1394)

(4) ਭਲਜ

ਭਲਜ ਭੱਟ ਵੀ ਗੁਰੂ ਅਮਰਦਾਸ ਜੀ ਦਾ ਹੀ ਸਮਕਾਲੀ ਸੀ। ਇਸ ਨੇ ਗੁਰੂ ਸਾਹਿਬ ਦੀ ਉਸਤਤਿ ਵਿਚ ਇੱਕੋ ਸਵੱਈਆ ਲਿਖਿਆ ਹੈ ਕਿ ਜਿਵੇਂ ਮੇਘ ਦੀਆਂ ਬੂੰਦਾਂ, ਬਨਸਪਤੀ ਦੇ ਪੱਤੇ, ਬਸੰਤ ਦੇ ਫੁੱਲ, ਸੂਰਜ ਚੰਦਰਮਾ ਦੀਆਂ ਕਿਰਨਾਂ ਸਾਗਰ ਦੀ ਡੂੰਘਾਣ ਤੇ ਗੰਗਾ ਦੇ ਤਰੰਗਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ, ਤਿਵੇਂ ਗੁਰੂ ਅਮਰਦਾਸ ਜੀ ਦੀ ਵਡਿਆਈ ਅਕਥਨੀਯ ਹੈ।

ਕਵੀ ਦੇ ਪ੍ਰਭਾਵ ਤੋਂ ਪਤਾ ਲੱਗਦਾ ਹੈ ਕਿ ਉਸ ਸਮੇਂ ਸਤਿਗੁਰੂ ਤੀਸਰੇ ਪਾਤਸ਼ਾਹ ਦੀ ਵਡਿਆਈ ਥਾਂ ਥਾਂ ਫੈਲ ਰਹੀ ਸੀ। ਸਾਂਝੀ ਸਿੱਖਿਆ, ਸਾਂਝੇ ਲੰਗਰ ਤੇ ਲੋਕ-ਲਾਭਾਂ ਲਈ ਬਣਾਈ ਬਾਉਲੀ ਨੇ ਸਭ ਦਾ ਮਨ ਮੋਹ ਲਿਆ ਸੀ। ਇਸ ਤੋਂ ਇਲਾਵਾ ਗੁਰੂ ਜੀ ਨੇ ਬਾਣੀ ਲਿਖਣ ਲਿਖਾਉਣ ਦਾ ਵੀ ਕਾਫ਼ੀ ਕੰਮ ਕਰਵਾਇਆ ਤੇ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਦੇ ਕਈ ਉਪਰਾਲੇ ਕੀਤੇ।

ਭਲਜ ਇਕ ਕਲਾਵਾਨ ਕਵੀ ਜਾਪਦਾ ਹੈ। ਭਾਵੇਂ ਸਾਨੂੰ ਉਸ ਦੀ ਬਹੁਤੀ ਰਚਨਾ ਪ੍ਰਾਪਤ ਨਹੀਂ, ਪਰ ਉਸ ਦਾ ਇੱਕੋ ਛੰਦ ਹੀ ਉਸ ਦੀ ਸੋਝੀ ਤੇ ਕਲਪਨਾ ਸ਼ਕਤੀ ਦੀ ਗਵਾਹੀ ਦਿੰਦਾ ਹੈ:

ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ ॥
ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ ॥
ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ਯ ਉਨਹ ਜੋੁ ਗਾਵੈ ॥
ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥

(ਸਵਈਏ ਮਹਲੇ ਤੀਜੇ ਕੇ ੩, ਪੰਨਾ 1396)

(5) ਕੀਰਤ ਭੱਟ

ਕੀਰਤ ਭੱਟ ਵੀ ਭਿੱਖੇ ਦਾ ਪੁੱਤਰ ਤੇ ਕੱਲਜ ਭੱਟ ਦਾ ਛੋਟਾ ਭਾਈ ਸੀ। ਇਹ ਵੀ ਆਪਣੇ ਪਿਤਾ ਨਾਲ ਗੋਇੰਦਵਾਲ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਨੂੰ ਆਇਆ ਸੀ। ਗੁਰਿਆਈ ਸੰਬੰਧੀ ਜੋ ਨਰੋਏ ਪ੍ਰਭਾਵ ਇਸ ਦੇ ਮਨ ਉੱਤੇ ਪਏ, ਉਹ ਇਸ ਨੇ ਤੀਸਰੇ ਗੁਰੂ ਜੀ ਦੀ ਸਿਫ਼ਤਿ ਵਿਚ ਆਖੇ ਚਾਰ ਛੰਦਾਂ ਤੇ ਚੌਥੇ ਗੁਰੂ ਰਾਮਦਾਸ ਜੀ ਦੀ ਉਸਤਤਿ ਵਿਚ ਉਚਾਰੇ ਚਾਰ ਛੰਦਾਂ ਵਿਚ ਅੰਕਿਤ ਕੀਤੇ ਹਨ। ਕੀਰਤ ਆਖਦਾ ਹੈ ਕਿ ਗੁਰੂ ਅਮਰਦਾਸ ਜੀ ਦੀ ਜੋਤਿ ਪਰਮ ਜੋਤਿ ਦਾ ਰੂਪ ਹੈ, ਜਿਸ ਨੇ ਸ਼ਬਦ-ਦੀਪਕ ਰਾਹੀਂ ਜੀਵਨ ਨੂੰ ਨੂਰੋ ਨੂਰ ਕੀਤਾ ਹੋਇਆ ਹੈ ਤੇ ਇਹ ਰੂਹਾਨੀਅਤ ਦਾ ਵਗਦਾ ਦਰਿਆ ਸਦਾ ਮਨ ਨੂੰ ਨਿਰਮਲ ਤੇ ਸੀਤਲ ਕਰਦਾ ਰਹਿੰਦਾ ਹੈ। ਸੋ ਗੁਰੂ ਇਕ ਵਿਅਕਤੀ ਨਹੀਂ, ਸਗੋਂ ਪਰਮੇਸ਼ਰ ਦੀ ਗਿਆਨ ਸਰੂਪ ਕਲਾ ਹੈ, ਜੋ ਉਸ ਨੇ ਆਪ ਵਰਤਾਈ ਹੈ:

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥
ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ॥
ਜਿਹ ਸਿਖਹ ਸੰਗ੍ਹਿਓ ਤਤੁ ਹਰਿ ਚਰਣ ਮਿਲਾਯਉ ॥
ਨਾਨਕ ਕੁਲਿ ਨਿੰਮਲੁ ਅਵਤਰ੍ਹਿਉ ਅੰਗਦ ਲਹਣੇ ਸੰਗਿ ਹੁਅ ॥
ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ ॥੨॥...
ਭਗਤਿ ਭਾਇ ਭਰਪੂਰੁ ਰਿਦੈ ਉਚਰੈ ਕਰਤਾਰੈ ॥
ਗੁਰੂ ਗਉਹਰੁ ਦਰੀਆਉ ਪਲਕ ਡੁਬੰਤ੍ਹ ਤਾਰੈ ॥...॥੩॥

(ਸਵਈਏ ਮਹਲੇ ਤੀਜੇ ਕੇ ੩, ਪੰਨਾ 1395)

ਇਸ ਤਰ੍ਹਾਂ ਗੁਰੂ ਰਾਮਦਾਸ ਜੀ ਦੇ ਵਿਅਕਤਿਤਵ ਨੂੰ ਉਜਾਗਰ ਕਰਦਾ ਭੱਟ ਕਹਿੰਦਾ ਹੈ ਕਿ ਇਨ੍ਹਾਂ ਸ਼ਬਦ ਦੀ ਕਮਾਈ ਦੁਆਰਾ ਪਰਮ-ਜੋਤਿ ਨਾਲ ਅਭੇਦਤਾ ਪ੍ਰਾਪਤ ਕਰ ਕੇ ਚੰਦਨ ਵਾਂਗ ਮਹਿਕ ਮਹਿਕਾਈ ਹੈ। ਵਿਕਾਰਾਂ ਤੇ ਮੌਤ ਦੇ ਭੈ ਤੋਂ ਬਚਣ ਦਾ ਇੱਕੋ ਇਕ ਮਾਰਗ ਗੁਰੂ ਦੀ ਸ਼ਰਨ ਹੈ, ਇਸ ਦੁਆਰਾ ਸ਼ਾਂਤੀ ਹਾਸਿਲ ਕੀਤੀ ਜਾ ਸਕਦੀ ਹੈ। ਯਾਦ ਰਹੇ, ਕੀਰਤ ਛੇਵੇਂ ਪਾਤਸ਼ਾਹ ਦੇ ਹਜ਼ੂਰ ਵੀ ਰਿਹਾ ਤੇ ਅੰਤ ਇਸ ਗੁਰੂ ਹਰਿਗੋਬਿੰਦ ਸਾਹਿਬ ਨਾਲ ਮੁਖ਼ਲਸ ਖ਼ਾਂ ਵੱਲੋਂ ਲੜੀ ਜੰਗ ਵਿਚ ਅੰਮ੍ਰਿਤਸਰ 17 ਵੈਸਾਖ, 1691 ਬਿ: ਨੂੰ ਸ਼ਹੀਦੀ ਪਾਈ ਸੀ :

ਨਾਨਕਿ ਨਾਮੁ ਨਿਰੰਜਨ ਜਾਨ੍ਹਉ ਕੀਨੀ ਭਗਤਿ ਪ੍ਰੇਮ ਲਿਵ ਲਾਈ ॥
ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀ ਨੀਵ ਰਖਾਈ ॥
ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ ॥
ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ ਬਡਾਈ ॥੩॥
ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥
ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥
ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥੪॥

(ਸਵਈਏ ਮਹਲੇ ਚਉਥੇ ਕੇ ੪, ਪੰਨਾ 1406)

(6) ਸਲ੍ਯ

ਭਿੱਖੇ ਦੇ ਭਰਾ ਸੇਖੇ ਦਾ ਪੁੱਤਰ ਸਲ੍ਯ ਸੀ, ਇਸ ਨੇ ਗੁਰੂ ਅਮਰਦਾਸ ਜੀ ਦੇ ਦਰਸ਼ਨ ਕੀਤੇ ਸਨ ਤੇ ਇਹ ਸ੍ਰੀ ਗੁਰੂ ਰਾਮਦਾਸ ਜੀ ਦੀ ਕ੍ਰਿਪਾ ਦਾ ਪਾਤਰ ਵੀ ਰਿਹਾ ਸੀ। ਮਾਲੂਮ ਹੁੰਦਾ ਹੈ ਕਿ ਇਹ ਭੱਟ ਪਰਿਵਾਰ ਸਾਰਾ ਹੀ ਸਿੱਖ ਸੀ ਤੇ ਇਨ੍ਹਾਂ ਵਿੱਚੋਂ ਕਈ ਕਵੀ ਸਨ ਅਤੇ ਆਪਣੀ ਆਪਣੀ ਭਾਵਨਾ ਤੇ ਅਨੁਭਵ ਅਨੁਸਾਰ ਗੁਰੂ ਜੱਸ ਗਾਉਂਦੇ ਰਹਿੰਦੇ ਸਨ। ਸਲ੍ਯ ਨੇ ਭੱਟ ਪਰੰਪਰਾ ਅਨੁਸਾਰ ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਨੂੰ ਮਹਾਨ ਜੋਧੇ ਦੇ ਰੂਪ ਵਿਚ ਤੱਕਿਆ ਹੈ, ਜੋ ਸਦੀਵੀ ਸਮਾਧੀ ਦੀ ਸੰਜੋਅ ਪਹਿਨ ਕੇ ਅਤੇ ਧਰਮ-ਸੀਲ ਦੇ ਤੀਰ ਕਮਾਨ ਦੁਆਰਾ ਬਦੀਆਂ ਨੂੰ ਤਹਿਸ-

ਨਹਿਸ ਕਰਦੇ ਜਾਂਦੇ ਹਨ। ਆਪ ਦੀ ਸ਼ਖ਼ਸੀਅਤ ਸੱਚਮੁੱਚ ਹੀ ਸ਼੍ਰੋਮਣੀ ਸੈਨਾਪਤੀ ਦੀ ਹੈ, ਜਿਸ ਦੀ ਥਾਂ ਥਾਂ ਜੈ-ਜੈਕਾਰ ਹੋ ਰਹੀ ਹੈ। ਭੱਟ ਕਹਿੰਦਾ ਹੈ:

ਪਹਿਰਿ ਸਮਾਧਿ ਸਨਾਹੁ ਗਿਆਨਿ ਹੈ ਆਸਣਿ ਚੜਿਅਉ ॥
ਧ੍ਰੰਮ ਧਨਖੁ ਕਰ ਗਹਿਓ ਭਗਤ ਸੀਲਹ ਸਰਿ ਲੜਿਅਉ ॥
ਭੈ ਨਿਰਭਉ ਹਰਿ ਅਟਲੁ ਮਨਿ ਸਬਦਿ ਗੁਰ ਨੇਜਾ ਗਡਿਓ ॥
ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ ॥
ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ ॥
ਗੁਰ ਅਮਰਦਾਸ ਸਚੁ ਸਲ੍ ਭਣਿ ਤੈ ਦਲੁ ਜਿਤਉ ਇਵ ਜੁਧੁ ਕਰਿ ॥

(ਸਵਈਏ ਮਹਲੇ ਤੀਜੇ ਕੇ ੩, ਪੰਨਾ 1396)

ਸਲ੍ਯ ਦੇ ਤਿੰਨ ਛੰਦ ਮਿਲਦੇ ਹਨ। ਇਕ ਗੁਰੂ ਅਮਰਦਾਸ ਜੀ ਦੀ ਸਿਫ਼ਤਿ ਵਿਚ ਤੇ ਦੋ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤਿ ਵਿਚ ਹਨ। ਚੌਥੇ ਗੁਰੂ ਦੀ ਮਹਿਮਾ ਵੀ ਇਸੇ ਤਰ੍ਹਾਂ ਗਾਈ ਹੈ ਕਿ ਇਨ੍ਹਾਂ ਵਿਜੈ ਦਾ ਡੰਕਾ ਵਜਾ ਕੇ ਰਾਜ ਜੋਗ ਦਾ ਤਖ਼ਤ ਪ੍ਰਾਪਤ ਕੀਤਾ ਹੈ:

ਸਿਰਿ ਆਤਪਤੁ ਸਚੌ ਤਖਤੁ ਜੋਗ ਭੋਗ ਸੰਜੁਤੁ ਬਲਿ ॥
ਗੁਰ ਰਾਮਦਾਸ ਸਚੁ ਸਲ੍ ਭਣਿ ਤੂ ਅਟਲੁ ਰਾਜਿ ਅਭਗੁ ਦਲਿ ॥

(ਸਵਈਏ ਮਹਲੇ ਚਉਥੇ ਕੇ ੪, ਪੰਨਾ 1406)

ਇਹ ਗੱਲ ਧਿਆਨ ਯੋਗ ਹੈ ਕਿ ਸਲ੍ਯ ਕਲਾਧਾਰੀ ਗੁਰੂ ਨੂੰ ਇਕ ਵਿਅਕਤੀ ਮੰਨ ਕੇ ਨਹੀਂ ਗਾਇਨ ਕਰ ਰਿਹਾ, ਸਗੋਂ ਉਹ ਜਾਣਦਾ ਹੈ ਕਿ ਇਹ ਪਰਮੇਸ਼ਰ ਦੀ ਕਲਾ ਹੀ ਤਿੰਨਾਂ ਲੋਕਾਂ ਵਿਚ ਗਿਆਨ ਦਾ ਚਾਨਣ ਵਰਤਾ ਰਹੀ ਹੈ ਤੇ ਇਸ ਪ੍ਰਕਾਸ਼ ਅੱਗੇ ਕੋਈ ਅੰਨ੍ਹੇਰਾ ਰਹਿ ਨਹੀਂ ਸਕਦਾ:

ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ ॥
ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ ॥
ਆਦਿ ਜੁਗਾਦਿ ਅਨਾਦਿ ਕਲਾ ਧਾਰੀ ਤ੍ਰਿਹੁ ਲੋਅਹ ॥
ਅਗਮ ਨਿਗਮ ਉਧਰਣ ਜਰਾ ਜੰਮਿਹਿ ਆਰੋਅਹ ॥
ਗੁਰ ਅਮਰਦਾਸਿ ਥਿਰੁ ਥਪਿਅਉ ਪਰਗਾਮੀ ਤਾਰਣ ਤਰਣ ॥
ਅਘ ਅੰਤਕ ਬਦੈ ਨ ਸਲ੍ ਕਵਿ ਗੁਰ ਰਾਮਦਾਸ ਤੇਰੀ ਸਰਣ ॥

(ਸਵਈਏ ਮਹਲੇ ਚਉਥੇ ਕੇ ੪, ਪੰਨਾ 1406)

(7) ਨਲ੍ਯ

ਨਲ੍ਯ ਭੱਟ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਆਇਆ ਸੀ ਤੇ ਇਸ ਨੇ 16 ਛੰਦ ਕਹੇ ਹਨ। ਕੁਝ ਛੰਦਾਂ ਵਿਚ ਇਸ ਨੇ 'ਦਾਸ' ਪਦ ਵਰਤਿਆ ਹੈ, ਜੋ ਕਵੀ ਦੀ ਨਿਰਮਾਣਤਾ ਦਾ ਸੂਚਕ ਹੈ, ਇਹ ਵੱਖਰਾ ਭੱਟ ਨਹੀਂ। ਮਾਲੂਮ ਹੁੰਦਾ ਹੈ ਕਿ ਨਲ੍ਯ ਇਕ ਚੰਗਾ ਕਵੀ ਸੀ। ਉਸ ਨੇ ਇਸ ਰਚਨਾ ਵਿਚ ਵੀ ਕਈ ਛੰਦ-ਰੂਪ ਵਰਤੇ ਹਨ। ਗੁਰੂ ਨਾਨਕ ਜੀ ਦੀ ਗੱਦੀ ਕਿਸ ਤਰ੍ਹਾਂ ਸੰਸਾਰੀ ਰਾਜ ਦੇ ਮੁਕਾਬਲੇ 'ਤੇ ਰਾਜ ਜੋਗ

ਦਾ ਕੰਮ ਚਲਾ ਰਹੀ ਹੈ ਅਤੇ ਕਿਸ ਤਰ੍ਹਾਂ ਬੜੀ ਕਠਿਨ ਪਰੀਖਿਆ ਤੋਂ ਬਾਦ ਅਧਿਕਾਰੀ ਨੂੰ ਹੀ ਇਹ ਵਡਿਆਈ ਦਿੱਤੀ ਜਾਂਦੀ ਹੈ। ਕਵੀ ਦੀ ਨਜ਼ਰ ਵਿਚ ਇਹ ਰੀਤਿ ਅਤਿਅੰਤ ਸ਼ਲਾਘਾਯੋਗ ਹੈ:

ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥
ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ
ਤਾਰਨਿ ਮਨੁਖ੍ਯ ਜਨ ਕੀਅਉ ਪ੍ਰਗਾਸ ॥
ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ
ਗਿਆਨੁ ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ ॥
ਗੁਰ ਅਮਰੁ ਗੁਰੂ ਸ੍ਰੀ ਸਤਿ ਕਲਿਜੁਗਿ ਰਾਖੀ ਪਤਿ
ਅਘਨ ਦੇਖਤ ਗਤੁ ਚਰਨ ਕਵਲ ਜਾਸ ॥
ਸਭ ਬਿਧਿ ਮਾਨ੍ਯ੍ਯਉ ਮਨੁ ਤਬ ਹੀ ਭਯਉ ਪ੍ਰਸੰਨੁ
ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥੪॥

(ਸਵਈਏ ਮਹਲੇ ਚਉਥੇ ਕੇ 4, ਪੰਨਾ 1399)

ਇਹ ਗੁਰੂ-ਜੋਤਿ ਸਦਾ ਅਮਰ ਹੈ, ਜੋ ਮਨੁੱਖ ਦੇ ਅੰਦਰੋਂ ਸ਼ਬਦ ਦੁਆਰਾ ਬੁਰਿਆਈ ਦੀ ਜੜ੍ਹ ਕੱਟ ਦਿੰਦੀ ਹੈ, ਇਸ ਲਈ ਕਵੀ ਤਾਕੀਦ ਕਰਦਾ ਹੈ:

ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ ॥
ਗੁਰੁ ਕਰੁ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ ॥

(ਸਵਈਏ ਮਹਲੇ ਚਉਥੇ ਕੇ 4, ਪੰਨਾ 1399)

ਗੁਰੂ ਦੀ ਅੰਮ੍ਰਿਤ ਦ੍ਰਿਸ਼ਟੀ ਕਿਵੇਂ ਕੱਚ ਨੂੰ ਕੰਚਨ, ਪੱਥਰ ਤੇ ਲੋਹੇ ਨੂੰ ਮਾਣਕ ਲਾਲ ਬਣਾਉਂਦੀ ਅਤੇ ਰੁੱਖੀ ਸੁੱਖੀ ਜਿੰਦ ਨੂੰ ਸੁਗੰਧਿਤ ਕਰ ਕੇ ਚੰਦਨ ਦਾ ਰੂਪ ਦਿੰਦੀ ਹੈ, ਇਹ ਕਰਾਮਾਤ ਦੇਖਣ ਯੋਗ ਹੈ। ਇਸ ਚਮਤਕਾਰ ਨੇ ਤਾਂ ਪਸ਼ੂ-ਜੀਵਨ ਨੂੰ ਦੇਵ-ਜੀਵਨ ਵਿਚ ਬਦਲ ਦਿੱਤਾ ਹੈ:

ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ ॥
ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ ॥
ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ ॥
ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ ॥
ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਅ ॥
ਸਤਿਗੁਰੂ ਚਰਨ ਜਿਨ੍ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਅ ॥

(ਸਵਈਏ ਮਹਲੇ ਚਉਥੇ ਕੇ 4, ਪੰਨਾ 1399)

(8) ਬਲ੍ਯ

ਬਲ੍ਯ ਭੱਟ, ਭੱਟ-ਵਹੀਆਂ ਅਨੁਸਾਰ ਭਿੱਖੇ ਦੇ ਛੋਟੇ ਭਰਾ ਤੋਖੇ ਦਾ ਪੁੱਤਰ ਸੀ। ਇਸ ਨੇ ਗੁਰੂ ਰਾਮਦਾਸ ਜੀ ਦੀ ਉਸਤਤਿ ਵਿਚ ਪੰਜ ਛੰਦ ਲਿਖੇ ਹਨ। ਭੱਟ ਆਪਣੇ ਤਜਰਬੇ ਦੇ ਆਧਾਰ 'ਤੇ ਕਹਿੰਦਾ ਹੈ ਕਿ ਇਸ ਸਤਿਗੁਰ ਦੇ ਦਰਸ਼ਨਾਂ ਨਾਲ ਅਗਿਆਨ ਦਾ ਅੰਨ੍ਹੇਰਾ ਤੇ ਮਨ ਦੀ ਤਪਸ਼ ਮਿਟ ਜਾਂਦੀ ਹੈ ਅਤੇ ਨਾਮ ਦੀ ਦੌਲਤ ਪ੍ਰਾਪਤ ਹੁੰਦੀ

ਹੈ। ਪਿਛਲੇ ਜ਼ਮਾਨੇ ਵਿਚ ਵੀ ਜਿਨ੍ਹਾਂ ਸੰਤਾਂ ਭਗਤਾਂ ਨੇ ਉਸ ਨੂੰ ਧਿਆਇਆ ਹੈ, ਉਹ ਵੀ ਪਾਰਗਰਾਮੀ ਹੋਏ ਹਨ। ਸੋ ਗੁਰੂ-ਜੋਤਿ ਉਸ ਮਹਾਨ ਸੱਤਾ ਤੋਂ ਭਿੰਨ ਨਹੀਂ, ਸਗੋਂ ਉਸੇ ਦਾ ਰੂਪ ਹੈ। ਕੇਵਲ ਮਨ-ਬਾਣੀ-ਕਰਮ ਕਰਕੇ ਉਸ ਦਾ ਸਿਮਰਨ ਕਰਨ ਦੀ ਲੋੜ ਹੈ :

ਨਾਰਦੁ ਧ੍ਰੂ ਪ੍ਰਹਲਾਦੁ ਸੁਦਾਮਾ ਪੁਬ ਭਗਤ ਹਰਿ ਕੇ ਜੁ ਗਣੰ ॥
ਅੰਬਰੀਕੁ ਜਯਦੇਵ ਤ੍ਰਿਲੋਚਨੁ ਨਾਮਾ ਅਵਰੁ ਕਬੀਰੁ ਭਣੰ ॥
ਤਿਨ ਕੌ ਅਵਤਾਰੁ ਭਯਉ ਕਲਿ ਭਿੰਤਰਿ ਜਸੁ ਜਗਤ੍ਰ ਪਰਿ ਛਾਇਯਉ ॥
ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ ॥
ਮਨਸਾ ਕਰਿ ਸਿਮਰੰਤ ਤੁਝੈ ਨਰ ਕਾਮੁ ਕ੍ਰੋਧੁ ਮਿਟਿਅਉ ਜੁ ਤਿਣੰ ॥
ਬਾਚਾ ਕਰਿ ਸਿਮਰੰਤ ਤੁਝੈ ਤਿਨ੍ ਦੁਖੁ ਦਰਿਦ੍ਰੁ ਮਿਟਯਉ ਜੁ ਖਿਣੰ ॥
ਕਰਮ ਕਰਿ ਤੁਅ ਦਰਸ ਪਰਸ ਪਾਰਸ ਸਰ ਬਲ੍ਯ ਭਟ ਜਸੁ ਗਾਇਯਉ ॥
ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ ॥

(ਸਵਈਏ ਮਹਲੇ ਚਉਥੇ ਕੇ 8, ਪੰਨਾ 1405)

ਇਹ ਗੁਰੂ ਦਾ ਗੌਰਵ ਹੈ ਕਿ ਉਸ ਨੇ ਪਰਮ-ਪਦਵੀ ਪਾਈ ਤੇ ਉਸ ਦੇ ਦਰਸ਼ਨ ਸਦਕੇ ਜਗਿਆਸੂ ਵੀ ਇਸ ਮੰਜ਼ਿਲ ਨੂੰ ਪਾ ਹੀ ਲੈਂਦਾ ਹੈ :

ਜਿਹ ਸਤਿਗੁਰ ਸਿਮਰੰਤ ਨਯਨ ਕੇ ਤਿਮਰ ਮਿਟਹਿ ਖਿਨੁ ॥
ਜਿਹ ਸਤਿਗੁਰ ਸਿਮਰੰਥਿ ਰਿਦੈ ਹਰਿ ਨਾਮੁ ਦਿਨੋ ਦਿਨੁ ॥
ਜਿਹ ਸਤਿਗੁਰ ਸਿਮਰੰਥਿ ਜੀਅ ਕੀ ਤਪਤਿ ਮਿਟਾਵੈ ॥
ਜਿਹ ਸਤਿਗੁਰ ਸਿਮਰੰਥਿ ਰਿਧਿ ਸਿਧਿ ਨਵ ਨਿਧਿ ਪਾਵੈ ॥
ਸੋਈ ਰਾਮਦਾਸੁ ਗੁਰੁ ਬਲ੍ਯ ਭਣਿ ਮਿਲਿ ਸੰਗਤਿ ਧੰਨਿ ਧੰਨਿ ਕਰਹੁ ॥
ਜਿਹ ਸਤਿਗੁਰ ਲਗਿ ਪ੍ਰਭੁ ਪਾਈਐ ਸੋ ਸਤਿਗੁਰੁ ਸਿਮਰਹੁ ਨਰਹੁ ॥੫॥

(ਸਵਈਏ ਮਹਲੇ ਚਉਥੇ ਕੇ 8, ਪੰਨਾ 1405)

(9) ਪਰਮਾਨੰਦ

ਪਰਮਾਨੰਦ ਭੱਟ ਦੇ 13 ਛੰਦ ਗੁਰੂ ਰਾਮਦਾਸ ਜੀ ਦੀ ਮਹਿਮਾ ਵਿਚ ਹਨ। ਕੁਝ ਸੱਜਣਾਂ ਇਸ ਦਾ ਨਾਂ 'ਗਯੰਦ' ਦੱਸਿਆ ਹੈ, ਜੋ ਠੀਕ ਨਹੀਂ। ਜਿਸ ਤੁਕ ਤੋਂ ਇਹ ਨਾਂ ਕਲਪਿਆ ਗਿਆ ਹੈ, ਉਥੇ ਪ੍ਰਸੰਗ ਅਨੁਸਾਰ ਕਿਸੇ ਵਿਅਕਤੀ ਦਾ ਨਾਮ ਨਹੀਂ ਬਣਦਾ, ਜਿਵੇਂ ਕਿ :

ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ
ਸਤਿਗੁਰੂ ਸਤਿਗੁਰੂ ਸਤਿਗੁਰ ਗੁਬਿੰਦ ਜੀਉ ॥੪॥

(ਸਵਈਏ ਮਹਲੇ ਚਉਥੇ ਕੇ 8, ਪੰਨਾ 1403)

ਗਯੰਦ ਦਾ ਲਫ਼ਜ਼ੀ ਮਾਅਨਾ ਹਾਥੀ ਹੈ ਤੇ ਗੁਰਬਾਣੀ ਵਿਚ ਕਈ ਥਾਂ ਮਨ ਨੂੰ ਮਦਮਸਤ ਹਾਥੀ ਦੀ ਉਪਮਾ ਦਿੱਤੀ ਗਈ ਹੈ। ਇਥੇ ਵੀ ਇਸੇ ਤਰ੍ਹਾਂ ਹੀ ਹੈ। ਰਚਨਾ ਕਰਨ ਵਾਲਾ ਕਵੀ ਪਰਮਾਨੰਦ ਭੱਟ ਹੈ, ਜਿਸ ਦਾ ਦੋ ਤਿੰਨ ਥਾਂ ਨਾਮ ਵੀ ਆਉਂਦਾ ਹੈ :

ਬੰਦਹਿ ਜੋ ਚਰਣ ਸਰਣਿ ਸੁਖੁ ਪਾਵਹਿ ਪਰਮਾਨੰਦ ਗੁਰਮੁਖਿ ਕਹੀਆਂ ॥੧॥

(ਸਵਈਏ ਮਹਲੇ ਚਉਥੇ ਕੇ 4, ਪੰਨਾ 1401)

ਕੁੰਡਲਨੀ ਸੁਰਝੀ ਸਤਸੰਗਤਿ ਪਰਮਾਨੰਦ ਗੁਰੂ ਮੁਖਿ ਮਚਾ ॥੫॥

(ਸਵਈਏ ਮਹਲੇ ਚਉਥੇ ਕੇ 4, ਪੰਨਾ 1402)

ਪਰਮਾਨੰਦ ਦੀ ਇਸ ਗੁਰੂ-ਮਹਿਮਾ ਵਿਚ ਉਹ ਵਿਚਾਰ ਵੀ ਆਏ ਹਨ, ਜੋ ਸਰਗੁਣਵਾਦੀ ਕਲਪਨਾ ਦਾ ਸਿੱਟਾ ਹਨ ਕਿ ਰਾਮ ਲੀਲ੍ਹਾ ਤੇ ਕ੍ਰਿਸ਼ਨ ਲੀਲ੍ਹਾ ਦੇ ਰੂਪ ਵਿਚ ਉਹੋ ਸ਼ਕਤੀ ਸਾਰੇ ਕੌਤਕ ਕਰ ਰਹੀ ਹੈ। ਇਸ ਦਾ ਭਾਵ ਇਤਨਾ ਹੀ ਹੈ ਕਿ ਸਾਰੇ ਰੂਪ ਉਸੇ ਦੇ ਹਨ, ਉਹੋ ਭਾਂਤ ਭਾਂਤ ਦੇ ਰੂਪਾਂ ਵਿਚ ਨਿਰਗੁਣ ਸਰਗੁਣ ਹੋ ਕੇ ਵਿਆਪਕ ਹੋ ਰਿਹਾ ਹੈ। ਉਸ ਦੀ ਕਥਾ ਅਸੀਂ ਆਖ ਨਹੀਂ ਸਕਦੇ ਅਤੇ ਨਾ ਹੀ ਉਸ ਦਾ ਆਦਿ ਅੰਤ ਪਾਇਆ ਜਾ ਸਕਦਾ ਹੈ। ਉਹ ਸਦੈਵ ਅਮਰ ਸ਼ਕਤੀ ਹੈ। ਕਵੀ ਨੇ ਉਸ ਦਾ ਗਾਇਨ ਕੀਤਾ ਹੈ :

ਅਕਥ ਕਥਾ ਕਥੀ ਨ ਜਾਇ ਤੀਨਿ ਲੋਕ ਰਹਿਆ ਸਮਾਇ
ਸੁਤਹ ਸਿਧ ਰੂਪੁ ਧਰਿਓ ਸਾਹਨ ਕੈ ਸਾਹਿ ਜੀਉ ॥
ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥੩॥

(ਸਵਈਏ ਮਹਲੇ ਚਉਥੇ ਕੇ 4, ਪੰਨਾ 1403)

ਸਿੱਖਾਂ ਵਿਚ ਜੋ ਪਰਮੇਸ਼ਰ ਲਈ ਵਾਹਿਗੁਰੂ ਸ਼ਬਦ ਦਾ ਪ੍ਰਯੋਗ ਹੁੰਦਾ ਹੈ, ਉਹ ਵੀ ਇਥੋਂ ਹੀ ਪ੍ਰਚਲਿਤ ਹੋਇਆ ਜਾਪਦਾ ਹੈ। ਇਥੇ ਗੁਰੂ ਨੂੰ 'ਵਾਹ ਵਾਹ' ਯਾ 'ਧੰਨ ਧੰਨ' ਕਹਿ ਕੇ ਵਡਿਆਇਆ ਗਿਆ ਹੈ। ਇਨ੍ਹਾਂ ਦੋਹਾਂ ਸ਼ਬਦਾਂ ਦੇ ਸੰਜੋਗ ਨੇ 'ਵਾਹਿਗੁਰੂ' ਸ਼ਬਦ ਦੀ ਸਾਜਨਾ ਕੀਤੀ ਹੈ :

ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ ॥
ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦ ਕਾ ॥
ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ ॥
ਚਵਰਾਸੀਹ ਲਖ ਜੋਨਿ ਉਪਾਈ ਰਿਜਕੁ ਦੀਆ ਸਭ ਹੂ ਕਉ ਤਦ ਕਾ ॥
ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ ॥੧॥੧੧॥

(ਸਵਈਏ ਮਹਲੇ ਚਉਥੇ ਕੇ 4, ਪੰਨਾ 1403)

(10) ਹਰਿਬੰਸ

ਭੱਟ ਵਹੀ ਦੇ ਨੋਟ ਅਨੁਸਾਰ ਹਰਿਬੰਸ, ਭਿੱਖੇ ਦੇ ਛੋਟੇ ਭਰਾ, ਗੋਖੇ ਦਾ ਸਪੁੱਤਰ ਸੀ। ਇਹ ਗੁਰੂ ਅਰਜਨ ਸਾਹਿਬ ਦੇ ਦਰਬਾਰ ਵਿਚ ਹਾਜ਼ਰ ਹੋਇਆ ਤੇ ਉਨ੍ਹਾਂ ਦੀ ਉਸਤਤਿ ਵਿਚ ਇਸ ਨੇ ਦੋ ਸਵੱਈਏ ਉਚਾਰੇ ਸਨ। ਇਨ੍ਹਾਂ ਸਵੱਈਆਂ ਵਿਚ ਹਰਿਬੰਸ ਦੱਸਦਾ ਹੈ ਕਿ ਗੁਰੂ-ਜੋਤਿ ਸਰੀਰਾਂ ਨਾਲ ਖ਼ਤਮ ਹੋਣ ਵਾਲੀ ਨਹੀਂ, ਇਹ ਤਾਂ ਗੰਗਾ ਦੇ ਪ੍ਰਵਾਹ ਵਾਂਗ ਅਖੰਡ ਵਹਿਣ ਵਾਲੀ ਨਿਰਮਲ ਧਾਰਾ ਹੈ, ਜਿਸ ਵਿਚ ਅਨੇਕਾਂ ਸਿੱਖ ਸੰਗਤਾਂ ਇਸ਼ਨਾਨ ਕਰਦੀਆਂ ਤੇ ਪਵਿੱਤਰਤਾ ਪ੍ਰਾਪਤ ਕਰਦੀਆਂ ਹਨ। ਰਚਨਾ

ਦੀ ਅੰਦਰਲੀ ਗਵਾਹੀ ਤੋਂ ਇਹ ਵੀ ਮਾਲੂਮ ਹੁੰਦਾ ਹੈ ਕਿ ਇਹ ਛੰਦ ਕਵੀ ਨੇ ਗੁਰੂ ਰਾਮਦਾਸ ਜੀ ਦੇ ਜੋਤੀ ਜੋਤਿ ਸਮਾਉਣ ਤੇ ਗੁਰੂ ਅਰਜਨ ਸਾਹਿਬ ਦੇ ਗੁਰਗੱਦੀ ਉੱਤੇ ਬਿਰਾਜਮਾਨ ਹੋਣ ਪਿੱਛੋਂ ਜਲਦੀ ਹੀ ਰਚੇ ਹਨ:

ਕਾਟੇ ਸੁ ਪਾਪ ਤਿਨ੍ ਨਰਹੁ ਕੇ ਗੁਰੁ ਰਾਮਦਾਸੁ ਜਿਨ੍ ਪਾਇਯਉ॥
ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ॥

(ਸਵਈਏ ਮਹਲੇ ਪੰਜਵੇ ਕੇ ੫, ਪੰਨਾ 1409)

ਹਰਿਬੰਸ ਗੁਰੂ-ਜੋਤੀ ਦੀ ਅਮਰਤਾ ਦਾ ਮੁੱਦਈ ਹੈ। ਉਹ ਜਾਣਦਾ ਹੈ ਕਿ ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਸਾਹਿਬ ਵਿਚ ਕੋਈ ਭੇਦ ਨਹੀਂ; ਪਰਮੇਸ਼ਰ ਨੇ ਆਪ ਕਲਾ ਵਰਤਾ ਕੇ ਕਾਇਆ ਹੀ ਪਲਟੀ ਹੈ, ਜੋਤਿ ਨਹੀਂ ਬਦਲੀ:

ਅਜੈ ਗੰਗ ਜਲੁ ਅਟਲੁ ਸਿਖ ਸੰਗਤਿ ਸਭ ਨਾਵੈ॥
ਨਿਤ ਪੁਰਾਣ ਬਾਚੀਅਹਿ ਬੇਦ ਬ੍ਰਹਮਾ ਮੁਖਿ ਗਾਵੈ॥
ਅਜੈ ਚਵਰੁ ਸਿਰਿ ਢੁਲੈ ਨਾਮੁ ਅੰਮ੍ਰਿਤੁ ਮੁਖਿ ਲੀਅਉ॥
ਗੁਰ ਅਰਜੁਨ ਸਿਰਿ ਛਤ੍ਰੁ ਆਪਿ ਪਰਮੇਸਰਿ ਦੀਅਉ॥
ਮਿਲਿ ਨਾਨਕ ਅੰਗਦ ਅਮਰ ਗੁਰ ਗੁਰੁ ਰਾਮਦਾਸੁ ਹਰਿ ਪਹਿ ਗਯਉ॥
ਹਰਿਬੰਸ ਜਗਤਿ ਜਸੁ ਸੰਚਰ੍ਯਉ ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ॥

(ਸਵਈਏ ਮਹਲੇ ਪੰਜਵੇ ਕੇ ੫, ਪੰਨਾ 1409)

(11) ਮਥਰਾ

ਮਥਰਾ ਭੱਟ ਇਕ ਚੰਗਾ ਪ੍ਰਸਿੱਧ ਹਿੰਦੀ ਕਵੀ ਹੋਇਆ ਹੈ। ਇਹ ਗੁਰੂ ਅਰਜਨ ਸਾਹਿਬ ਦੇ ਦਰਬਾਰ ਵਿਚ ਹਾਜ਼ਰ ਹੋਇਆ ਸੀ। ਇਸ ਦੇ 14 ਛੰਦ ਮਿਲਦੇ ਹਨ, 7 ਗੁਰੂ ਰਾਮਦਾਸ ਜੀ ਬਾਰੇ ਅਤੇ 7 ਗੁਰੂ ਅਰਜਨ ਸਾਹਿਬ ਸੰਬੰਧੀ। ਇਹ ਕਹਿੰਦਾ ਹੈ ਕਿ ਗੁਰੂ ਰਾਮਦਾਸ ਜੀ ਧਰਮ ਦੀ ਧੁਜਾ ਹੈ। ਇਹ ਮਾਨ ਸਰੋਵਰ ਹੈ, ਜਿਸ ਦੇ ਕੰਢੇ ਗੁਰਮੁਖ ਹੰਸ ਕਲੋਲਾਂ ਕਰਦੇ ਹਨ। ਇਸ ਗੁਰੂ-ਜੋਤਿ ਦੇ ਸ਼ਰਧਾਲੂ ਕੇਵਲ ਸਿੱਖ ਹੀ ਨਹੀਂ, ਬਲਕਿ ਵੱਡੇ ਵੱਡੇ ਦੇਵਤੇ, ਮੁਨੀ ਤੇ ਹੋਰ ਸਾਧਕ ਵੀ ਇਸੇ ਦਾ ਧਿਆਨ ਧਰਦੇ ਹਨ:

ਨਿਰਮਲ ਨਾਮੁ ਸੁਧਾ ਪਰਪੂਰਨ ਸਬਦ ਤਰੰਗ ਪ੍ਰਗਟਿਤ ਦਿਨ ਆਗਰੁ॥
ਗਹਿਰ ਗੰਭੀਰੁ ਅਥਾਹ ਅਤਿ ਬਡ ਸੁਭਰੁ ਸਦਾ ਸਭ ਬਿਧਿ ਰਤਨਾਗਰੁ॥
ਸੰਤ ਮਰਾਲ ਕਰਹਿ ਕੰਤੂਹਲ ਤਿਨ ਜਮ ਤ੍ਰਾਸ ਮਿਟਿਓ ਦੁਖ ਕਾਗਰੁ॥
ਕਲਜੁਗ ਦੁਰਤ ਦੂਰਿ ਕਰਬੇ ਕਉ ਦਰਸਨੁ ਗੁਰੂ ਸਗਲ ਸੁਖ ਸਾਗਰੁ॥੪॥

(ਸਵਈਏ ਮਹਲੇ ਚਉਥੇ ਕੇ ੪, ਪੰਨਾ 1404)

ਇਸੇ ਤਰ੍ਹਾਂ ਗੁਰੂ ਅਰਜਨ ਸਾਹਿਬ ਨੂੰ ਅੱਖੀਂ ਤੱਕਣ ਵਾਲਾ ਇਹ ਭੱਟ ਦੱਸਦਾ ਹੈ ਕਿ ਗੁਰੂ ਜਹਾਜ਼ ਹੈ, ਇਸ ਜਹਾਜ਼ ਦਾ ਆਸਰਾ ਲੈਣ ਨਾਲ ਹਰ ਜਗਿਆਸੂ ਦਾ ਪਾਰ ਉਤਾਰਾ ਹੋ ਜਾਂਦਾ ਹੈ। "ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲ ਛਾਯਉ" ਤੋਂ ਆਪ ਦੇ ਵਿਆਪਕ ਪ੍ਰਭਾਵ ਦਾ ਵੀ ਪਤਾ ਲੱਗਦਾ ਹੈ, ਜਿਸ ਦੀ ਪੁਸ਼ਟੀ

ਦਬਿਸਤਾਨਿ ਮਜ਼ਾਹਿਬ ਤੋਂ ਵੀ ਹੋ ਜਾਂਦੀ ਹੈ ਕਿ ਪੰਚਮ ਗੁਰੂ ਸਮੇਂ ਭਾਰਤ ਦੇ ਹਰ ਮੁੱਖ ਸ਼ਹਿਰ ਵਿਚ ਸਿੱਖ ਮੌਜੂਦ ਸਨ। ਇਸ ਪ੍ਰਭਾਵ ਦਾ ਕਾਰਨ ਗੁਰੂ ਦਾ ਉੱਚ ਵਿਅਕਤਿਤਵ ਹੈ, ਜੋ ਗੁਣਾਂ ਦਾ ਸਾਗਰ ਹੈ:

ਸਤਿ ਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ ॥
ਆਦਿ ਪੁਰਖਿ ਪਰਤਖਿ ਲਿਖ੍ਯ੍ਯਉ ਅਛਰੁ ਮਸਤਕਿ ਧੁਰਿ ॥
ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ ॥
ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥
ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ ॥
ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ ॥

(ਸਵਈਏ ਮਹਲੇ ਪੰਜਵੇ ਕੇ ੫, ਪੰਨਾ 1408)

ਮਥਰਾ ਨੇ ਇਸ ਗੱਲ 'ਤੇ ਵੀ ਚਾਨਣ ਪਾਇਆ ਹੈ ਕਿ ਗੁਰੂ ਕੇਵਲ ਕਾਇਆ ਹੀ ਬਦਲਦਾ ਹੈ, ਜੋਤਿ ਨਹੀਂ:

ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ ਸੰਗਤਿ ਸ੍ਰਿਸ੍ਟਿ ਨਿਹਾਲੁ ਕਰੀ ॥
ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ ॥੪॥

(ਸਵਈਏ ਮਹਲੇ ਪੰਜਵੇ ਕੇ ੫, ਪੰਨਾ 1409)

ਇਸ ਕਵੀ ਦੇ ਛੰਦ ਕਾਵਿ-ਕਲਾ ਦੀ ਦ੍ਰਿਸ਼ਟੀ ਤੋਂ ਵੀ ਪ੍ਰੌੜ੍ਹਤਾ ਦਾ ਪ੍ਰਮਾਣ ਪੇਸ਼ ਕਰਦੇ ਹਨ:

ਜਗ ਅਉਰੁ ਨ ਯਾਹਿ ਮਹਾ ਤਮ ਮੈ ਅਵਤਾਰੁ ਉਜਾਗਰੁ ਆਨਿ ਕੀਅਉ ॥
ਤਿਨ ਕੇ ਦੁਖ ਕੋਟਿਕ ਦੂਰਿ ਗਏ ਮਥੁਰਾ ਜਿਨ੍ਹ ਅੰਮ੍ਰਿਤ ਨਾਮੁ ਪੀਅਉ ॥
ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ ॥
ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥੫॥
ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ ॥
ਕਲਿ ਘੋਰ ਸਮੁਦ੍ਰ ਮੈ ਬੂਡਤ ਥੇ ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ ॥
ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ ॥
ਜਪ੍ਯ੍ਯਉ ਜਿਨ੍ਹ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥੬॥

(ਸਵਈਏ ਮਹਲੇ ਪੰਜਵੇ ਕੇ ੫, ਪੰਨਾ 1409)

ਇਸ ਭੱਟ ਰਚਨਾ ਤੋਂ ਜਿਥੇ ਗੁਰੂ-ਪਰੰਪਰਾ ਦੇ ਅਧਿਆਤਮਕ ਤੇ ਇਤਿਹਾਸਕ ਗੌਰਵ ਦਾ ਪਤਾ ਲੱਗਦਾ ਹੈ, ਉਥੇ ਇਹ ਵੀ ਪ੍ਰਗਟ ਹੁੰਦਾ ਹੈ ਕਿ ਪੰਜਾਬ ਵਿਚ ਭੱਟ-ਸ਼ੈਲੀ ਅੰਦਰ ਕਾਫ਼ੀ ਹਿੰਦੀ ਸਾਹਿੱਤ ਰਚਿਆ ਜਾਂਦਾ ਰਿਹਾ ਹੈ, ਜਿਸ ਨੂੰ ਉਜਾਗਰ ਕਰਨਾ ਸਾਹਿੱਤ-ਖੋਜੀਆਂ ਦਾ ਕੰਮ ਹੈ।

•

ਭਾਈ ਗੁਰਦਾਸ ਦੀ ਹਿੰਦੀ ਰਚਨਾ

ਪੰਜਾਬ ਨੂੰ ਹਿੰਦੁਸਤਾਨੀ ਕਾਵਿ-ਧਾਰਾ ਦਾ ਮੂਲ ਸਥਾਨ ਆਖਣਾ ਕੋਈ ਓਪਰੀ ਜਾਂ ਕਲਪਿਤ ਗੱਲ ਨਹੀਂ, ਸਗੋਂ ਇਹ ਇਕ ਇਤਿਹਾਸਕ ਸੱਚਾਈ ਹੈ। ਇਹ ਇਸ ਪੰਜ ਦਰਿਆਵਾਂ ਦੀ ਧਰਤੀ ਨੂੰ ਹੀ ਸਨਮਾਨ ਪ੍ਰਾਪਤ ਹੈ ਕਿ ਪ੍ਰਾਚੀਨ ਹਿੰਦੁਸਤਾਨ ਦੀ ਕੌਮੀ ਤੇ ਸਾਹਿੱਤਕ ਭਾਸ਼ਾ ਸੰਸਕ੍ਰਿਤ ਦਾ ਸਭ ਤੋਂ ਪੁਰਾਣਾ ਸਾਹਿੱਤ—ਰਿਗਵੇਦ—ਪੰਜਾਬੀਆਂ ਨੇ ਹੀ ਲਿਖਿਆ ਤੇ ਬਾਦ ਵਿਚ ਇਸੇ ਦੇਸ਼-ਵਿਆਪੀ ਭਾਸ਼ਾ ਦੇ ਦ੍ਰਿੜ ਨੇਮ ਥਾਪ ਕੇ ਪਾਣਿਨੀਯ ਨਾਮੀ ਇਕ ਪੰਜਾਬੀ ਵਿਦਵਾਨ ਨੇ ਹੀ ਇਸ ਦੇ ਪੈਰ ਜਮਾਏ। ਵਰਤਮਾਨ ਹਿੰਦ ਦੀ ਸਰਕਾਰੀ ਤੌਰ 'ਤੇ ਮੰਨੀ ਜਾ ਰਹੀ ਰਾਸ਼ਟਰ-ਭਾਸ਼ਾ ਹਿੰਦੀ ਦਾ ਮੋਢੀ ਕਵੀ ਚਾਂਦ ਬਰਦਾਈ ਵੀ ਪੰਜਾਬ (ਲਾਹੌਰ) ਦਾ ਹੀ ਜੰਮਪਲ ਸੀ। ਇਸ ਤੋਂ ਇਲਾਵਾ ਪੰਜਾਬ ਦੇ ਸੰਤਾਂ, ਸਾਧੂਆਂ, ਸਿੱਧਾਂ, ਨਾਥਾਂ, ਜੋਗੀਆਂ, ਜਿਸ ਸਧੁਕੜੀ, ਸਾਧੂਕੀ ਜਾਂ ਸਾਧ-ਭਾਖਾ ਨੂੰ ਅਪਣਾ ਕੇ ਦੇਸ਼ ਭਰ ਵਿਚ ਪ੍ਰਚਾਰਿਆ, ਉਹ ਦਰਅਸਲ ਅੱਧੀ ਤੋਂ ਵੱਧ ਪੰਜਾਬੀ ਹੀ ਸੀ ਤੇ ਇਸ ਪੰਜਾਬੀ ਪ੍ਰਧਾਨ ਸੰਤ-ਭਾਖਾ ਨੇ ਹਿੰਦੀ ਦੀ ਬਣਤਰ ਉੱਤੇ ਜੋ ਵਿਸ਼ੇਸ਼ ਪ੍ਰਭਾਵ ਪਾਇਆ, ਉਸ ਨੂੰ ਵੱਡੇ ਵੱਡੇ ਮਾਨਯੋਗ ਹਿੰਦੀ ਸਾਹਿੱਤਕਾਰਾਂ ਵੀ ਸਾਦਰ ਪ੍ਰਵਾਨ ਕੀਤਾ ਹੈ। ਇਹ ਇਕ ਵੱਖਰੀ ਗੱਲ ਹੈ ਕਿ ਬਾਦ ਵਿਚ ਰਾਜ ਦਾ ਕੇਂਦਰ ਦਿੱਲੀ ਜਾਂ ਆਗਰੇ ਚਲੇ ਜਾਣ ਕਾਰਨ 'ਸਾਧ ਭਾਖਾ' ਦੀ ਥਾਂ 'ਬ੍ਰਿਜ ਭਾਖਾ' ਨੇ ਲੈ ਲਈ ਤੇ ਕਾਫ਼ੀ ਅਰਸਾ ਸਾਹਿੱਤ ਵਿਚ ਇਸ ਦਾ ਬੋਲਬਾਲਾ ਰਿਹਾ। ਫਿਰ ਵੀ ਪੰਜਾਬੀ ਕਵੀ ਇਸ ਹਿੰਦੀ ਕਾਵਿ-ਧਾਰਾ ਵਿਚ ਬਰਾਬਰ ਹਿੱਸਾ ਪਾਉਂਦੇ ਰਹੇ। ਜੇਕਰ ਹਿੰਦੀ ਸਾਹਿੱਤ ਦੇ ਬੀਰ-ਗਾਥਾ ਕਾਲ ਵਿਚ ਅਸੀਂ ਚਾਂਦ ਬਰਦਾਈ ਵਰਗੇ ਪੰਜਾਬ ਦੇ ਹਿੰਦੀ ਕਵੀ ਦੀ ਗੂੰਜ ਸੁਣਦੇ ਹਾਂ ਤਾਂ ਮੱਧਕਾਲ ਵਿਚ ਸਾਨੂੰ ਭਾਈ ਗੁਰਦਾਸ ਤੇ ਹ੍ਰਿਦਯ ਰਾਮ (ਕਰਤਾ *ਹਨੂਮਾਨ ਨਾਟਕ*) ਜਿਹੇ ਵਿਦਵਾਨ ਕਵੀਆਂ ਦੀ ਵਿਚਾਰ ਤੇ ਪ੍ਰੇਮ ਭਰੀ ਸੱਦ ਵੀ ਸੁਣਾਈ ਦੇਂਦੀ ਹੈ। ਇਸ ਤੋਂ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ, ਭਾਈ ਸੰਤੋਖ ਸਿੰਘ ਤੇ ਸਾਧੂ ਸੰਤ ਰੇਣ ਜਿਹੇ ਮਹਾਂ-ਕਾਵਿ-ਕਰਤਿਆਂ ਦੇ ਦਰਸ਼ਨ ਹੁੰਦੇ ਹਨ, ਜਿਨ੍ਹਾਂ ਦੀ ਸਾਹਿੱਤਕ ਪ੍ਰਤਿਭਾ 'ਤੇ ਕੋਈ ਵੀ ਕੌਮ ਮਾਣ ਕਰ ਸਕਦੀ ਹੈ।

ਇਸ ਕੌੜੀ ਸੱਚਾਈ ਨੂੰ ਵੀ ਮੰਨਣਾ ਪੈਂਦਾ ਹੈ ਕਿ ਇਨ੍ਹਾਂ ਪੰਜਾਬ ਦੇ ਮਹਾਨ ਕਵੀਆਂ ਦੀ ਰਚਨਾ ਨਾਗਰੀ ਲਿਪੀ ਵਿਚ ਪ੍ਰਕਾਸ਼ਤ ਨਾ ਹੋਣ ਕਾਰਨ ਹਿੰਦੀ ਸਾਹਿੱਤਕਾਰਾਂ ਦੀ ਨਜ਼ਰ ਤੋਂ ਦੂਰ ਰਹੀ ਹੈ, ਜਿਸ ਕਰਕੇ ਇਨ੍ਹਾਂ ਸੰਬੰਧੀ ਯੋਗ ਵਿਚਾਰ-

ਚਰਚਾ ਨਹੀਂ ਹੋ ਸਕੀ। ਪਰ ਇਸ ਗੱਲ ਤੋਂ ਕੌਣ ਇਨਕਾਰ ਕਰ ਸਕਦਾ ਹੈ ਕਿ ਇਨ੍ਹਾਂ ਹਿੰਦੀ ਰਚਨਾਵਾਂ ਨੂੰ ਪੰਜਾਬੀਆਂ ਪੰਜਾਬੀ ਲਿੱਪੀ ਵਿਚ ਲਿਖ ਲਿਖ ਥਾਂ ਥਾਂ ਪ੍ਰਚਾਰਿਆ ਹੈ। ਮੇਰਾ ਖ਼ਿਆਲ ਹੈ ਕਿ ਪੰਜਾਬ ਵਿਚ ਉਤਨੀ *ਤੁਲਸੀ ਰਾਮਾਇਣ* ਨੂੰ ਥਾਂ ਨਹੀਂ ਮਿਲੀ, ਜਿਤਨਾ ਕਿ ਹ੍ਰਿਦਯ ਰਾਮ ਦਾ *ਹਨੂਮਾਨ ਨਾਟਕ* ਤੇ ਸੰਤੋਖ ਸਿੰਘ ਦਾ *ਸੂਰਜ ਪ੍ਰਕਾਸ਼* ਥਾਂ ਥਾਂ ਪੜ੍ਹਿਆ ਗਿਆ ਹੈ। ਇਸ ਤੋਂ ਸਪੱਸ਼ਟ ਹੈ ਕਿ ਜਿਥੇ ਪੰਜਾਬ ਦੇ ਕਵੀਆਂ ਹਿੰਦੀ ਸਾਹਿੱਤ ਨੂੰ ਚਾਰ ਚੰਦ ਲਾਏ ਹਨ, ਉਥੇ ਪੰਜਾਬੀ ਜਨਤਾ ਨੇ ਵੀ ਆਪਣੇ ਸਾਹਿੱਤਕ ਪ੍ਰੇਮ ਦਾ ਘੱਟ ਪ੍ਰਦਰਸ਼ਨ ਨਹੀਂ ਕੀਤਾ। ਮੱਧਕਾਲ ਦੇ ਸੰਤ ਕਵੀ ਭਾਈ ਗੁਰਦਾਸ ਵੀ ਦੇਰ ਤੋਂ ਸਾਡੀ ਇਸ ਸਾਹਿੱਤਕ ਸ਼ਰਧਾ ਦਾ ਅਸਥਾਨ ਬਣੇ ਰਹੇ ਹਨ ਤੇ ਹੁਣ ਵੀ ਹਨ।

ਭਾਈ ਗੁਰਦਾਸ (1551-1637 ਈ:) ਅਕਬਰ, ਜਹਾਂਗੀਰ ਕਾਲ ਦੇ ਪੰਜਾਬ ਦੇ ਸਭ ਤੋਂ ਵੱਡੇ ਹਿੰਦੀ ਕਵੀ ਹਨ। ਭਾਵੇਂ ਉਨ੍ਹਾਂ ਦੀ ਪੰਜਾਬੀ ਰਚਨਾ 39 ਵਾਰਾਂ ਵੀ ਖ਼ਾਸ ਪ੍ਰਸਿੱਧੀ ਰੱਖਦੀਆਂ ਹਨ, ਪਰ ਉਨ੍ਹਾਂ ਦੇ ਰਚੇ 700 ਦੇ ਲਗਭਗ ਹਿੰਦੀ ਛੰਦ ਵੀ ਘੱਟ ਮਹੱਤਤਾ ਭਰਪੂਰ ਨਹੀਂ। ਉਨ੍ਹਾਂ ਦੀ ਇਹ ਰਚਨਾ ਸਿਧਾਂਤਕ ਦ੍ਰਿਸ਼ਟੀਕੋਣ ਤੋਂ ਜਿਥੇ ਉਸ ਸਮੇਂ ਦੇ ਬਾਕੀ ਪ੍ਰਸਿੱਧ ਕਵੀਆਂ—ਸੂਰਦਾਸ, ਤੁਲਸੀ ਦਾਸ ਆਦਿ ਤੋਂ ਨਿਰਾਲੀ ਹੈ, ਉਥੇ ਉਨ੍ਹਾਂ ਦੀ ਵਿਸਮਾਦ ਭਰੀ ਸੰਤ ਵਿਅਕਤੀ ਨੇ ਉਨ੍ਹਾਂ ਦੀ ਸ਼ੈਲੀ ਅੰਦਰ ਵੀ ਇਕ ਨਿਰਾਲਾਪਣ ਲਿਆਂਦਾ ਹੈ।

ਬਿਕ੍ਰਮੀ ਦੀ ਸਤਾਰ੍ਹਵੀਂ ਸਦੀ ਹਿੰਦੀ ਸਾਹਿੱਤ ਦਾ ਸੁਨਹਿਰੀ ਯੁਗ ਮੰਨਿਆ ਜਾਂਦਾ ਹੈ। ਇਸ ਸਮੇਂ ਮੁਗ਼ਲ ਰਾਜ ਚੰਗੀ ਤਰ੍ਹਾਂ ਸਥਾਪਿਤ ਹੋ ਚੁੱਕਾ ਸੀ ਤੇ ਅਕਬਰ ਵਰਗਾ ਸ਼ਾਂਤੀ-ਪਸੰਦ ਬਾਦਸ਼ਾਹ ਦਿੱਲੀ ਦੇ ਤਖ਼ਤ 'ਤੇ ਸੀ। ਇਸ ਅਮਨ ਦੇ ਸਮੇਂ ਕੋਮਲ ਹੁਨਰ ਵੀ ਚੰਗੇ ਪ੍ਰਫੁੱਲਿਤ ਹੋਏ। ਭਗਤੀ ਲਹਿਰ ਆਪਣੇ ਪੂਰੇ ਜੋਬਨ 'ਤੇ ਆਈ ਹੋਈ ਸੀ। ਜਨਤਾ ਕਰਮ-ਕਾਂਡਾਂ ਦੀ ਉਲਝਣ ਤੇ ਖ਼ੁਸ਼ਕ ਗਿਆਨ-ਕਾਂਡ ਤੋਂ ਅਸੰਤੁਸ਼ਟ ਹੋ ਕੇ ਪ੍ਰੇਮ, ਸ਼ਰਧਾ ਦੇ ਮਾਰਗ ਨੂੰ ਅਪਣਾ ਰਹੀ ਸੀ ਅਤੇ ਕਵੀ ਵੀ ਇਸ ਲਹਿਰ ਤੋਂ ਪ੍ਰਭਾਵਿਤ ਹੋਏ। ਕਬੀਰ ਨੇ ਨਿਰਗੁਣਵਾਦੀ ਭਗਤੀ ਦੇ ਗੀਤ ਗਾਏ, ਪਰ ਉਸ ਦਾ ਨਿਰਗੁਣਵਾਦ ਸ਼ੰਕਰਾਚਾਰਯ ਵਾਲਾ ਨਿਰਾ ਦਿਮਾਗ਼ੀ ਸਿਧਾਂਤ ਨਹੀਂ ਸੀ, ਸਗੋਂ ਉਸ ਵਿਚ ਪ੍ਰੇਮ ਦਾ ਰੰਗ ਵੀ ਸੀ। ਤੁਲਸੀ ਦਾਸ ਤੇ ਸੂਰਦਾਸ ਨੇ ਸਰਗੁਣਵਾਦੀ ਕਾਵਿ-ਧਾਰਾ ਦੀ ਨੀਂਹ ਰੱਖੀ। ਤੁਲਸੀ ਦਾਸ ਦੀ ਕਲਮ ਦਾ ਮਜ਼ਮੂਨ ਸੀ—ਸ੍ਰੀ ਰਾਮ ਚੰਦਰ ਤੇ ਮੀਰਾਂ ਅਤੇ ਸੂਰਦਾਸ ਦਾ ਵਿਸ਼ਾ ਸੀ—ਕ੍ਰਿਸ਼ਨ ਮੁਰਾਰੀ। ਤੁਲਸੀ ਦਾਸ ਜੀ ਨੇ ਅਵਧੀ ਭਾਸ਼ਾ ਵਿਚ ਆਪਣਾ ਇਤਿਹਾਸ ਮਹਾਂਕਾਵਿ *ਰਾਮ ਚਰਿਤ੍ਰ ਮਾਨਸ* ਲਿਖਿਆ, ਜਿਸ ਦਾ ਪ੍ਰਸਿੱਧ ਨਾਂ *ਤੁਲਸੀ ਰਾਮਾਇਣ* ਹੈ। ਸੂਰਦਾਸ ਜੀ ਨੇ ਕ੍ਰਿਸ਼ਨ ਜੀ ਦੀ ਬਾਲ ਲੀਲ੍ਹਾ ਤੇ ਪ੍ਰੇਮ-ਕੌਤਕਾਂ ਨੂੰ ਆਪਣਿਆਂ ਪਦਿਆਂ ਵਿਚ ਗਾਇਆ, ਇਸ ਗ੍ਰੰਥ ਦਾ ਨਾਂ *ਸੂਰ ਸਾਗਰ* ਹੈ। ਤੁਲਸੀ ਦਾਸ ਵਿਚ ਜਿਥੇ ਸ਼ਰਧਾ ਜ਼ਿਆਦਾ ਹੈ, ਉਥੇ ਮੀਰਾਂ ਤੇ ਸੂਰਦਾਸ ਦੇ ਭਜਨ ਪ੍ਰੇਮ-ਪਿਆਰ ਨਾਲ ਭਰੇ ਹੋਏ ਹਨ। ਇਸੇ ਵਕਤ ਭਗਤੀ ਕਾਵਿ-ਧਾਰਾ ਦੇ ਨਾਲ ਸ਼ਿੰਗਾਰੀ ਕਵਿਤਾ ਦੀ ਨੀਂਹ ਰੱਖਣ ਵਾਲੇ ਵਿਦਵਾਨ

ਕਵੀ ਕੇਸ਼ਵ ਦਾਸ ਹੋਏ। ਇਨ੍ਹਾਂ *ਰਸਕ ਪ੍ਰਿਯਾ* ਤੇ *ਕਵੀ ਪ੍ਰਿਯਾ* ਜਿਹੀਆਂ ਰਚਨਾ ਲਿਖ ਕੇ ਸੰਸਾਰੀ ਪ੍ਰੇਮ ਨੂੰ ਉਜਾਗਰ ਕੀਤਾ। ਇਉਂ ਅਸੀਂ ਵੇਖਦੇ ਹਾਂ ਕਿ ਨਿਰਗੁਣ ਈਸ਼ਵਰ ਦੇ ਪ੍ਰੇਮ ਤੋਂ ਚੱਲ ਕੇ ਭਗਤੀ ਲਹਿਰ ਸਰਗੁਣ ਈਸ਼ਵਰ ਦੇ ਸ਼ਰਧਾ ਪ੍ਰੇਮ 'ਤੇ ਅਪੜਦੀ ਹੈ ਤੇ ਫਿਰ ਲੋਕਾਂ ਦਾ, ਸੰਸਾਰੀ ਪ੍ਰੇਮ ਵੱਲ ਝੁਕਾ ਹੋਣ ਲੱਗ ਪੈਂਦਾ ਹੈ ਤੇ ਕਵੀ ਵੀ ਇਸੇ ਲੀਹ ਉੱਤੇ ਨਾਲ ਨਾਲ ਕਦਮ ਕਦਮ ਤੁਰਦੇ ਜਾਂਦੇ ਹਨ। ਇਹ ਉਸ ਸਮੇਂ ਦੇ ਸਭ ਤੋਂ ਵੱਡੇ ਮੰਨੇ ਗਏ ਕਵੀਆਂ ਦੀ ਵਿਸ਼ੇ-ਵੰਡ ਹੈ। ਇਸੇ ਕਰਕੇ ਇਨ੍ਹਾਂ ਕਵੀਆਂ ਦੀ ਮਹਾਨਤਾ ਨੂੰ ਮੰਨਦਿਆਂ ਕਿਸੇ ਪੁਰਾਣੇ ਆਲੋਚਕ ਨੇ ਸੂਰਦਾਸ ਨੂੰ ਸੂਰਜ, ਤੁਲਸੀ ਦਾਸ ਨੂੰ ਚੰਦਰਮਾ ਤੇ ਕੇਸ਼ੋ ਦਾਸ ਨੂੰ ਕਾਵਿ-ਗਗਨ ਦੇ ਸਤਾਰੇ ਦੀ ਉਪਮਾ ਦਿੱਤੀ ਹੈ:

> ਸੂਰ ਸੂਰ ਤੁਲਸੀ ਸਸੀ,
> ਉਡ ਗਣ ਕੇਸੋ ਦਾਸ।
> ਅਉਰ ਕਵੀ ਖਦਯੋਤ ਸਮ,
> ਉਡਤ ਕਰਤ ਪ੍ਰਕਾਸ਼।

ਪੰਜਾਬ ਦੇ ਮਹਾਨ ਕਵੀ ਭਾਈ ਗੁਰਦਾਸ ਦਾ ਸਮਾਂ ਵੀ ਇਥੇ ਕੁ ਹੀ ਹੈ। ਜ਼ਰਾ ਕੁ ਇਤਿਹਾਸਕ ਦ੍ਰਿਸ਼ ਸਾਹਮਣੇ ਲਿਆਉਣਾ ਲਾਭਵੰਦ ਹੋਵੇਗਾ:

1. ਸੂਰਦਾਸ — 1540-1620 ਬਿ:
2. ਤੁਲਸੀ ਦਾਸ — 1589-1680 ਬਿ:
3. ਕੇਸ਼ਵ ਦਾਸ — 1612-1674 ਬਿ:
4. ਭਾਈ ਗੁਰਦਾਸ — 1610-1694 ਬਿ:

ਇਨ੍ਹਾਂ ਵਿਚ ਸੂਰਦਾਸ ਸਰਗੁਣਵਾਦੀ ਕ੍ਰਿਸ਼ਨ ਭਗਤੀ ਦਾ ਕਵੀ ਹੈ, ਤੁਲਸੀ ਦਾਸ ਰਾਮ ਭਗਤੀ ਦਾ ਮੋਢੀ ਕਵੀ ਹੈ ਅਤੇ ਕੇਸ਼ਵ ਦਾਸ ਸੰਸਾਰਕ ਪ੍ਰੇਮ ਦਾ ਕਵੀ ਹੈ। ਹਰ ਕਵੀ ਦੇ ਪਿੱਛੇ ਇਕ ਵਿਚਾਰਧਾਰਾ ਕੰਮ ਕਰ ਰਹੀ ਹੈ। ਪਰੰਤੂ ਭਾਈ ਗੁਰਦਾਸ ਦੀ ਕਾਵਿ-ਧਾਰਾ ਦਾ ਮਾਰਗ ਵੱਖਰਾ ਹੈ। ਅਸੀਂ ਇਨ੍ਹਾਂ ਨੂੰ ਕਿਸੇ ਉਪਰੋਕਤ ਸ਼੍ਰੇਣੀ ਵਿਚ ਨਹੀਂ ਰੱਖ ਸਕਦੇ, ਨਾ ਇਨ੍ਹਾਂ ਨੂੰ ਨਿਰਗੁਣ ਕਾਵਿ-ਧਾਰਾ ਦੇ ਕਵੀ ਕਿਹਾ ਜਾ ਸਕਦਾ ਹੈ ਤੇ ਨਾ ਹੀ ਸਰਗੁਣ ਕਾਵਿ-ਧਾਰਾ ਦੇ। ਕੇਸ਼ਵ ਵਾਲੀ ਕਾਵਿ-ਧਾਰਾ ਨਾਲ ਤਾਂ ਇਨ੍ਹਾਂ ਦਾ ਉੱਕਾ ਸੰਬੰਧ ਜੋੜਿਆ ਹੀ ਨਹੀਂ ਜਾ ਸਕਦਾ। ਭਾਈ ਗੁਰਦਾਸ ਗੁਰੂ ਨਾਨਕ ਦੇਵ ਜੀ ਦੇ ਚਲਾਏ ਸਿੱਖੀ ਪੰਥ ਦੇ ਪ੍ਰਚਾਰਕ ਤੇ ਵਿਆਖਿਆਕਾਰ ਕਵੀ ਸਨ, ਇਸ ਲਈ ਇਨ੍ਹਾਂ ਆਪਣੀ ਕਵਿਤਾ ਵਿਚ ਉਹੋ ਸਿਧਾਂਤ ਅਪਣਾਏ, ਜੋ ਗੁਰਮਤਿ ਨੇ ਸਪੱਸ਼ਟ ਕੀਤੇ ਸਨ। ਗੁਰਮਤਿ ਦੀ ਦ੍ਰਿਸ਼ਟੀ ਵਿਚ ਸ਼ੰਕਰ ਵਾਲਾ ਨਿਰਗੁਣ ਬ੍ਰਹਮ ਤੇ ਤੁਲਸੀ, ਸੂਰਦਾਸ ਵਾਲਾ ਵੈਸ਼ਨਵਾਂ ਦਾ ਸਰਗੁਣ ਬ੍ਰਹਮ ਪ੍ਰਮਾਣੀਕ ਨਹੀਂ ਸੀ। ਇਹ ਦੋਵੇਂ ਨਿਰਗੁਣਵਾਦੀ ਤੇ ਸਰਗੁਣਵਾਦੀ ਜਗਤ ਨੂੰ ਮਿਥਿਆ ਆਖ ਕੇ ਇਕ ਪਾਸੇ ਧਰ ਛੱਡਦੇ ਸਨ। ਗੁਰਮਤਿ ਨੇ ਇਸ ਜਗਤ ਜਾਂ ਬ੍ਰਹਿਮੰਡ ਵਿਚ ਹੀ ਉਸ ਮਹਾਨ ਚੇਤਨਤਾ ਨੂੰ ਵਿਆਪਕ ਦੇਖ ਕੇ ਰੱਬੀ-ਪ੍ਰੇਮ ਤੇ ਸੰਸਾਰ-ਸੇਵਾ ਦਾ ਪੰਥ ਚਲਾਇਆ। ਜਗਤ ਵਾਲੇ ਰੱਬ ਨੂੰ ਛੱਡ ਬਹਿੰਦੇ ਸਨ ਤੇ ਰੱਬ ਵਾਲੇ ਜਗਤ ਨੂੰ ਤਿਆਗ ਦਿੰਦੇ

ਸਨ, ਪਰ ਸਤਿਗੁਰਾਂ ਦੋਹਾਂ ਨੂੰ ਮਿਲਾ ਕੇ ਰਾਜ-ਜੋਗ ਦਾ ਮਤ ਤੋਰਿਆ, ਇਹੋ ਉਨ੍ਹਾਂ ਦੀ ਵਿਸ਼ੇਸ਼ਤਾ ਹੈ :

ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥

(ਸਿਰੀਰਾਗੁ ਮਹਲਾ ੧, ਪੰਨਾ 72)

ਭਾਈ ਗੁਰਦਾਸ ਨੇ ਇਸੇ ਮਤ ਦੀ ਉਸ ਸਮੇਂ ਦੀ ਸਾਹਿੱਤਕ ਬੋਲੀ—ਬ੍ਰਿਜ ਭਾਸ਼ਾ ਵਿਚ ਵਿਆਖਿਆ ਕੀਤੀ। ਜਿਥੇ ਸਤਿਗੁਰੂ ਪੰਜਾਬੀ ਬੋਲੀ ਤੇ ਸਾਧ ਭਾਖਾ ਵਿਚ ਆਪਣੇ ਰਸਾਤਮਿਕ ਢੰਗ ਨਾਲ ਇਸ ਸਿਧਾਂਤ ਦੀ ਚਰਚਾ ਕਰ ਰਹੇ ਸਨ, ਉਥੇ ਬ੍ਰਿਜ ਭਾਸ਼ਾ ਜਿਹੀ ਸਾਹਿੱਤਕ ਮਹਾਨਤਾ ਰੱਖਣ ਵਾਲੀ ਬੋਲੀ ਵਿਚ ਵੀ ਗੁਰਮਤਿ ਦੀ ਵਿਆਖਿਆ ਅਤੀ ਲੋੜੀਂਦੀ ਚੀਜ਼ ਸੀ। ਦੂਜਾ ਇਸ ਦਾ ਕਾਰਨ ਇਹ ਵੀ ਹੈ ਕਿ ਭਾਈ ਗੁਰਦਾਸ ਜੀ ਨੂੰ ਪ੍ਰਚਾਰ ਲਈ ਪੰਜਾਬ ਤੋਂ ਬਾਹਰ ਦਿੱਲੀ, ਆਗਰੇ, ਬਨਾਰਸ ਤੇ ਬੁਰਹਾਨਪੁਰ ਆਦਿਕ ਥਾਵਾਂ 'ਤੇ ਕਾਫ਼ੀ ਚਿਰ ਕੰਮ ਕਰਨਾ ਪਿਆ। ਇਸ ਗੱਲ ਨੇ ਵੀ ਉਨ੍ਹਾਂ ਨੂੰ ਪ੍ਰੇਰਨਾ ਦਿੱਤੀ ਕਿ ਉਹ ਬ੍ਰਿਜ ਭਾਸ਼ਾ ਵਿਚ ਆਪਣੇ ਵਿਚਾਰ ਪ੍ਰਗਟ ਕਰਨ। ਇਹ ਖ਼ਿਆਲ ਬਹੁਤਾ ਦਰੁਸਤ ਨਹੀਂ ਕਿ ਇਹ ਹਿੰਦੀ ਰਚਨਾ ਆਪ ਨੇ ਬਨਾਰਸ ਜਾਂ ਆਗਰੇ ਬਹਿ ਕੇ ਹੀ ਲਿਖੀ। ਸੰਭਵ ਹੈ ਅਜਿਹਾ ਹੀ ਹੋਵੇ, ਪਰ ਇਹ ਦਲੀਲ ਕੋਈ ਬਹੁਤਾ ਵਜ਼ਨ ਨਹੀਂ ਰੱਖਦੀ ਕਿ ਹਿੰਦੀ ਰਚਨਾ ਹਿੰਦੀ ਵਾਲੇ ਇਲਾਕੇ ਵਿਚ ਬੈਠ ਕੇ ਹੀ ਰਚੀ ਜਾਵੇ। ਖ਼ੈਰ, ਉਹ ਤਾਂ ਜਗਤ ਗੁਰੂ ਨਾਨਕ ਦੇਵ ਜੀ ਦਾ ਸੁਨੇਹਾ ਦੇਸ਼ ਦੇ ਕੋਨੇ ਕੋਨੇ ਵਿਚ ਪੁਚਾਉਣਾ ਚਾਹੁੰਦੇ ਸਨ ਤੇ ਉਸ ਸਮੇਂ ਇਸ ਦੀ ਵੱਡੀ ਵਿਸ਼ੇਸ਼ਤਾ ਇਹੋ ਸੀ ਕਿ ਇਹ ਮਤ ਘਰ-ਬਾਰ ਰਹਿੰਦਿਆਂ ਜੀਵਨ-ਮੁਕਤਿ ਦਾ ਰਾਹ ਦੱਸਦਾ ਹੈ। ਇਸ ਲਈ ਉਨ੍ਹਾਂ ਜੋਗੀਆਂ, ਸਿੱਧਾਂ ਤੇ ਵੈਰਾਗੀਆਂ ਦੇ ਤ੍ਰਿਸਕਾਰੇ ਹੋਏ ਗ੍ਰਿਹਸਤ ਮਾਰਗ ਨੂੰ ਪ੍ਰਧਾਨ ਮਾਰਗ ਆਖਿਆ; ਭਾਵੇਂ ਇਹ ਗੱਲ ਉਸ ਸਮੇਂ ਦੇ ਪੁਰਾਤਨ ਧਰਮਾਂ ਦੇ ਵਿਪਰੀਤ ਸੀ :

ਜੈਸੇ ਸਰ ਸਰਿਤਾ ਸਕਲ ਮੈ ਸਮੁੰਦ੍ਰ ਬਡੋ,
ਮੇਰ ਮੈ ਸੁਮੇਰ ਬਡੋ ਜਗਤੁ ਬਖਾਨ ਹੈ ॥
ਤਰਵਰ ਬਿਖੈ ਜੈਸੇ ਚੰਦਨ ਬਿਰਖੁ ਬਡੋ,
ਧਾਤੁ ਮੈ ਕਨਿਕ ਅਤਿ ਉਤਮ ਕੈ ਮਾਨਿ ਹੈ ॥
ਪੰਛੀਅਨ ਮੈ ਹੰਸੁ ਮ੍ਰਿਗਰਾਜਨ ਮੈ ਸਾਰਦੂਲ,
ਰਾਗਨ ਮੈ ਸਿਰੀ ਰਾਗੁ ਪਾਰਸ ਪਖਾਨ ਹੈ ॥
ਗਿਆਨਨ ਮੈ ਗਿਆਨ ਅਰੁ ਧਿਆਨਨ ਮੈ ਧਿਆਨ ਗੁਰ,
ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ ॥੩੭੬॥

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

ਇਹ "ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ" ਦਾ ਨਾਅਰਾ ਵੈਰਾਗੀ, ਗੋਸਾਈਂ ਤੁਲਸੀ ਜਾਂ ਸੂਰਦਾਸ ਨਹੀਂ ਸੀ ਲਾ ਸਕਦੇ, ਇਹ ਭਾਈ ਗੁਰਦਾਸ ਦਾ ਹੀ ਕੰਮ ਸੀ, ਜਿਸ ਨੂੰ ਗੁਰੂ ਨੇ ਮਾਇਆ ਵਿਚ ਉਦਾਸ ਰਹਿਣ ਦੀ ਜੁਗਤ ਸਿਖਾ ਦਿੱਤੀ ਸੀ :

1. **ਪੂਰਨ ਬ੍ਰਹਮ ਗੁਰਦੇਵ ਸੇਵ ਕਲੀਕਾਲ,**
ਮਾਇਆ ਮੈ ਉਦਾਸੀ ਗੁਰਸਿਖਨ ਜਤਾਈ ਹੈ ॥੪੫੫॥

2. ਕਾਟਿ ਮਾਇਆ ਫਾਸੀ ਗੁਰ ਗ੍ਰਿਹ ਮੈ ਉਦਾਸੀ ਕੀਨੋ,
ਅਨਭੈ ਅਭਿਆਸੀ ਪ੍ਰਿਅ ਪ੍ਰੇਮ-ਰਸ ਭੀਨ ਹੈ ॥੧੮੨॥
3. ਸਤਿਗੁਰ ਸਿਖਨ ਕਉ ਰਾਖਤ ਗ੍ਰਿਸਤ ਮੈ ਸਾਵਧਾਨ,
ਆਨ ਦੇਵ ਸੇਵ ਭਾਉ ਦੁਬਿਧਾ ਨਿਵਾਰ ਹੈ ॥੪੮੦॥

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

ਇਉਂ ਹੀ ਹਿੰਦੁਸਤਾਨੀ ਸਿਧਾਂਤਾਂ ਦੀ ਅਪਮਾਨਿਤ ਇਸਤਰੀ ਜਾਤੀ ਨੂੰ ਭਾਈ ਗੁਰਦਾਸ ਇਕ ਸੁੰਦਰ ਸਵੱਛ ਰੂਪ ਵਿਚ ਚਿਤਰਿਤ ਕਰਦੇ ਹਨ। ਨਾ ਤਾਂ ਉਹ ਤੁਲਸੀ ਦਾਸ ਵਾਂਗ ਉਸ ਲਈ ਘਿਰਣਾ ਰੱਖਦੇ ਹਨ ਤੇ ਨਾ ਹੀ ਕੇਸ਼ਵ ਦਾਸ ਵਾਲੀ ਵਿਲਾਸੀ ਦ੍ਰਿਸ਼ਟੀ। ਭਾਈ ਗੁਰਦਾਸ ਸਮਾਜਿਕ ਹਕੀਕਤ ਨੂੰ ਠੀਕ ਮੰਨ ਕੇ ਸੁਆਣੀ ਇਸਤਰੀ ਦੀ ਰੂਪ-ਰੇਖਾ ਉਲੀਕਦੇ ਹਨ ਤੇ ਫਿਰ ਆਖਦੇ ਹਨ ਕਿ ਮਰਦ ਨੂੰ ਵੀ ਅਜਿਹਾ ਸੁਲੱਛਣਾ ਗੁਰਮੁਖ ਹੋਣਾ ਚਾਹੀਦਾ ਹੈ। ਇਹ ਉਸ ਸਮੇਂ ਦੇ ਬ੍ਰਿਜ ਸਾਹਿੱਤ ਵਿਚ ਬਿਲਕੁਲ ਨਵੀਂ ਚੀਜ਼ ਸੀ ਕਿ ਇਸਤਰੀ ਆਚਾਰ ਰਾਹੀਂ ਮਨੁੱਖ ਨੂੰ ਉਪਦੇਸਿਆ ਜਾਵੇ :

ਨੈਹਰ ਕੁਟੰਬ ਤਜਿ ਬਿਆਹੇ ਸਸੁਰਾਰ ਜਾਇ,
ਗੁਨਨ ਕੈ ਕੁਲਾ-ਬਧੂ ਬਿਰਦ ਕਹਾਵਈ॥
ਪੂਰਨ ਪਤਿਬ੍ਰਤਿ ਅਉ ਗੁਰ ਜਨ ਸੇਵਾ ਭਾਇ,
ਗ੍ਰਿਹ ਮੈ ਗ੍ਰਿਹੇਸੁਰਿ ਸੁਜਸੁ ਪ੍ਰਗਟਾਵਈ॥
ਅੰਤ ਕਾਲਿ ਜਾਇ ਪ੍ਰਿਅ ਸੰਗਿ ਸਹ-ਗਾਮਿਨੀ ਹੁਇ,
ਲੋਕ ਪਰਲੋਕ ਬਿਖੈ ਊਚ ਪਦ ਪਾਵਈ॥
ਗੁਰਮੁਖਿ ਮਾਰਗਿ ਭੈ ਭਾਇ ਨਿਰਬਾਹੁ ਕਰੈ,
ਧੰਨ ਗੁਰਸਿਖ ਆਦਿ ਅੰਤਿ ਠਹਿਰਾਵਈ॥੧੧੯॥

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

ਇਸ ਬੁਨਿਆਦੀ ਮਤਭੇਦ ਤੋਂ ਇਲਾਵਾ ਪੁਰਾਣ ਅੰਧ-ਵਿਸ਼ਵਾਸੀ ਲੋਕ ਕਰਮ-ਕਾਂਡ ਦੇ ਜਾਲ ਵਿਚ ਬੁਰੀ ਤਰ੍ਹਾਂ ਉਲਝੇ ਰਹਿੰਦੇ ਸਨ। ਭਾਈ ਗੁਰਦਾਸ ਨੇ ਗੁਰਮਤਿ ਦਾ ਸਿਧਾਂਤ "ਗਿਆਨਹਿ ਕਾਰਣ ਕਰਮ ਅਭਿਆਸ, ਗਿਆਨ ਭਇਆ ਤਹਿ ਕਰਮਹਿ ਨਾਸ" ਦੀ ਵਿਆਖਿਆ ਕਰਦਿਆਂ ਦੱਸਿਆ ਕਿ ਇਹ ਚੀਜ਼ਾਂ ਬਹੁਤੀ ਕੀਮਤ ਨਹੀਂ ਰੱਖਦੀਆਂ, ਗਿਆਨ ਦਾ ਸੂਰਜ ਚੜ੍ਹਨ 'ਤੇ ਇਹ ਟਿਮਟਿਮਾਂਦੇ ਤਾਰੇ ਆਪਣੇ ਆਪ ਲੋਪ ਹੋ ਜਾਂਦੇ ਹਨ। ਇਸ ਲਈ ਕਰਮ-ਕਾਂਡ ਦੇ ਅੰਧੇਰੇ ਵਿੱਚੋਂ ਨਿਕਲ ਕੇ ਜਗਮਗ ਕਰਦੇ ਸੁਗਿਆਨਕ ਪ੍ਰਕਾਸ਼ ਵਿਚ ਆਉਣਾ ਚਾਹੀਦਾ ਹੈ, ਇਹ ਵੀ ਪੁਰਾਣੇ ਧਰਮਾਂ ਉੱਤੇ ਇਕ ਤਰ੍ਹਾਂ ਸਿੱਧੀ ਚੋਟ ਸੀ :

ਜੈਸੇ ਬਨਰਾਇ ਪਰਫੁਲਤ ਫਲ ਨਮਿਤ,
ਲਾਗਤ ਹੀ ਫਲ ਪਤ੍ਰ ਪੁਹਪ ਬਿਲਾਤ ਹੈ॥
ਜੈਸੇ ਤ੍ਰੀਆ ਰਚਿਤ ਸਿੰਗਾਰ ਭਰਤਾਰ ਹੇਤਿ,
ਭੇਟਤ ਭਰਤਾਰ ਉਰ ਹਾਰ ਨ ਸਮਾਤ ਹੈ॥
ਬਾਲਕ ਅਚੇਤ ਜੈਸੇ ਕਰਤ ਲੀਲਾ ਅਨੇਕ,
ਸੁਚਿਤ ਚਿਤੰਨ ਭਏ ਸਬੈ ਬਿਸਰਾਤ ਹੈ॥

ਤੈਸੇ ਖਟ ਕਰਮ ਧਰਮ ਸ੍ਰਮ ਗਿਆਨ ਕਾਜ,
ਗਿਆਨ ਭਾਨ ਉਦੈ ਉਡ ਕਰਮ ਉਡਾਤ ਹੈ ॥੪੦੫॥

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

ਇਉਂ ਭਾਈ ਗੁਰਦਾਸ ਦੀ ਕਾਵਿ-ਧਾਰਾ ਵਾਂਗ ਉਨ੍ਹਾਂ ਦੀ ਕਾਵਿ-ਸ਼ੈਲੀ ਵੀ ਆਪਣੇ ਆਪ ਵਿਚ ਇਕ ਨਿਵੇਕਲਾ ਰੂਪ ਰੱਖਦੀ ਹੈ। ਜਿਵੇਂ ਸੰਸਕ੍ਰਿਤ ਦਾ ਪ੍ਰਧਾਨ ਛੰਦ ਸਲੋਕ, ਅਪਭ੍ਰੰਸ਼ ਦਾ ਦੋਹਾ ਪ੍ਰਸਿੱਧ ਹੈ, ਤਿਵੇਂ ਹਿੰਦੀ ਵਿਚ ਕਬਿੱਤ ਜ਼ਿਆਦਾ ਪ੍ਰਸਿੱਧੀ ਰੱਖਦਾ ਹੈ। ਤੁਲਸੀ ਦੀ ਰਾਮਾਇਣ ਦੋਹਰਿਆਂ ਚੌਪਈਆਂ ਵਿਚ ਤੇ ਸੂਰਦਾਸ ਦਾ *ਸੂਰ ਸਾਗਰ* ਪਦਿਆਂ ਤੇ ਗੀਤਾਂ ਵਿਚ ਹੈ। ਕੇਸ਼ਵ ਦਾਸ ਦੀਆਂ ਰਚਨਾਵਾਂ ਵਿਚ ਕਬਿੱਤ ਸਵੱਈਆ ਪ੍ਰਧਾਨ ਛੰਦ ਹਨ। ਇਸ ਸਮੇਂ ਦੇ ਪੰਜਾਬ ਦੇ ਇਕ ਹੋਰ ਹਿੰਦੀ ਕਵੀ ਹ੍ਰਿਦਯ ਰਾਮ ਨੇ ਵੀ ਆਪਣੀ ਰਚਨਾ *ਹਨੂਮਾਨ ਨਾਟਕ* (1680 ਬਿ:) ਕਬਿੱਤ ਸਵੱਈਆਂ ਵਿੱਚ ਹੀ ਰਚੀ। ਭਾਈ ਗੁਰਦਾਸ ਦਾ ਪ੍ਰਧਾਨ ਛੰਦ ਵੀ ਕਬਿੱਤ ਹੈ। ਵੈਸੇ ਉਨ੍ਹਾਂ ਦੀ ਰਚਨਾ ਵਿਚ ਦੋਹਰਾ, ਛਪਯ, ਝੂਲਣਾ ਤੇ ਸਵੱਈਆ ਆਦਿ ਹੋਰ ਵੀ ਟਾਵੇਂ ਟਾਵੇਂ ਛੰਦ ਦੇਖਣ ਨੂੰ ਮਿਲਦੇ ਹਨ, ਪਰ ਕਬਿੱਤ ਸਭ ਤੋਂ ਜ਼ਿਆਦਾ ਹਨ। ਅਸਲ ਗੱਲ ਇਹ ਹੈ ਕਿ ਕਬਿੱਤ ਛੰਦ ਪੰਜਾਬੀ ਸੁਭਾਅ ਅਨੁਸਾਰ ਖੁੱਲ੍ਹਾ-ਡੁੱਲ੍ਹਾ, ਲੰਮਾ-ਝੰਮਾ ਤੇ ਮੋਕਲਾ ਛੰਦ ਹੈ, ਫਿਰ ਵਿਆਖਿਆਕਾਰ ਕਵੀ ਲਈ ਤਾਂ ਅਜਿਹਾ ਵਿਸ਼ਾਲ ਦਾਇਰੇ ਵਾਲਾ ਛੰਦ ਹੀ ਠੀਕ ਬੈਠਦਾ ਹੈ। ਇਸ ਖੁੱਲ੍ਹੇ ਆਚਰਣ ਦਾ ਪ੍ਰਮਾਣ ਸਾਨੂੰ ਪਿਛਲੇ ਪੰਜਾਬੀ ਸਾਹਿੱਤ ਤੋਂ ਵੀ ਮਿਲਦਾ ਹੈ, ਜਿਸ ਵਿਚ ਬੈਂਤ ਨੂੰ ਵਧੇਰੇ ਥਾਂ ਮਿਲੀ ਹੈ। ਭਾਈ ਸਾਹਿਬ ਦੇ ਪਹਿਲੇ ਪਹਿਲ 556 ਛੰਦਾਂ ਦੀ ਪ੍ਰਸਿੱਧੀ ਸੀ, ਪਰੰਤੂ ਭਾਈ ਵੀਰ ਸਿੰਘ ਨੇ 119 ਹੋਰ ਕਬਿੱਤ ਲੱਭ ਕੇ ਪ੍ਰਕਾਸ਼ਤ ਕੀਤੇ ਹਨ। ਹੋ ਸਕਦਾ ਹੈ, ਆਪ ਦੀ ਰਚਨਾ ਹੋਰ ਵੀ ਹੋਵੇ। ਐਨ ਸੰਭਵ ਹੈ ਕਿ ਆਪ ਨੇ ਗੁਰੂਆਂ ਦੀ ਸ਼ੈਲੀ ਅਨੁਸਾਰ ਕੁਝ ਸ਼ਬਦ ਭਜਨ ਵੀ ਲਿਖੇ ਹੋਣ, ਲੇਕਿਨ ਅਜਿਹੀ ਰਚਨਾ ਅਜੇ ਤਕ ਦੇਖਣ ਵਿਚ ਨਹੀਂ ਆਈ।

ਇਸ ਮਿਲਦੀ ਸਾਰੀ ਰਚਨਾ ਨੂੰ ਅਸੀਂ ਦੋ ਭਾਗਾਂ ਵਿਚ ਵੰਡ ਸਕਦੇ ਹਾਂ, ਕੁਝ ਐਸੀ ਰਚਨਾ ਹੈ, ਜਿਸ ਵਿਚ ਨਿਰੋਲ ਗੁਰਮਤਿ ਦੀ ਵਿਆਖਿਆ ਹੈ। ਦੂਜੀ ਕਿਸਮ ਦੀ ਉਹ ਰਚਨਾ ਹੈ, ਜਿਸ ਵਿਚ ਭਾਈ ਸਾਹਿਬ ਨਿੱਜੀ ਅਨੁਭਵ ਦੁਆਰਾ ਆਪਣੇ ਗੁਰੂ-ਪ੍ਰੇਮ ਨੂੰ ਗਾਇਨ ਕਰਦੇ ਹਨ। ਨਿੱਜੀ ਅਨੁਭਵ ਦਾ ਅੰਸ਼ ਭਾਵੇਂ ਗੁਰਮਤਿ ਵਿਆਖਿਆ ਵਿਚ ਵੀ ਕੰਮ ਕਰਦਾ ਹੈ, ਪਰ ਆਪ ਦੇ ਦਿਲ ਦੀਆਂ ਪ੍ਰੇਮ-ਕਾਂਗਾਂ ਦੇ ਉਤਰਾਅ ਚੜ੍ਹਾਅ ਤਾਂ ਦੂਸਰੀ ਭਾਂਤ ਦੀ ਕਵਿਤਾ ਨੂੰ ਵਧੇਰੇ ਰਸਾਤਮਿਕ ਬਣਾਉਂਦੇ ਹਨ। ਜਿਥੇ ਕਿਤੇ ਵੀ ਭਾਈ ਸਾਹਿਬ ਨੇ ਆਪਣੇ ਬਿਰਹੁੰ ਜਾਂ ਮਿਲਾਪ ਨੂੰ ਗਾਇਆ ਹੈ, ਉਥੇ ਕਵਿਤਾ ਦਾ ਰਸ ਦੁੱਗਣਾ ਚੌਗੁਣਾ ਹੋ ਗਿਆ ਹੈ। ਇਥੇ ਕੁਝ ਮਿਸਾਲਾਂ ਦਿੰਦੇ ਹਾਂ :

ਬਿਰਹੁੰ :

ਬਿਰਹ ਬਿਓਗ ਰੋਗ ਸੇਤ ਰੂਪ ਹੁਇ ਕ੍ਰਿਤਾਸ,
ਟੂਕ ਟੂਕ ਭਏ ਪਾਤੀ ਲਿਖੀਐ ਬਿਦੇਸ ਤੇ ॥

ਬਿਰਹ ਅਗਨਿ ਸੇ ਸਵਾਨੀ ਮਾਸੁ ਕ੍ਰਿਸਨ ਹੁਇ,
ਬਿਰਹਨੀ ਭੇਖ ਲੇਖ ਬਿਖਮ ਸੰਦੇਸ ਤੇ॥
ਬਿਰਹ ਬਿਓਗ ਰੋਗ ਲੇਖਨਿ ਕੀ ਛਾਤੀ ਫਾਟੀ,
ਰੁਦਨ ਕਰਤ ਲਿਖੈ ਆਤਮ ਅਵੇਸ ਤੇ॥
ਬਿਰਹ ਉਸਾਸਨ ਪ੍ਰਗਾਸਨ ਦੁਖਿਤ ਗਤਿ,
ਬਿਰਹਨੀ ਕੈਸੇ ਜੀਐ ਬਿਰਹ ਪਰਵੇਸ ਤੇ॥੨੧੦॥

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

ਮਿਲਾਪ :

ਸੁਪਨ ਚਰਿਤ੍ਰ ਚਿਤ੍ਰ, ਬਾਨਕ ਬਨੇ ਬਚਿਤ੍ਰ,
ਪਾਵਨ ਪਵਿਤ੍ਰ ਮਿਤ੍ਰ ਆਜ ਮੇਰੇ ਆਏ ਹੈ॥
ਪਰਮ ਦਇਆਲ ਲਾਲ ਲੋਚਨ ਬਿਸਾਲ,
ਮੁਖ ਬਚਨ ਰਸਾਲ, ਮਧੁ ਮਧੁਰ ਪੀਆਏ ਹੈ॥
ਸੋਭਿਤ ਸਿਹਜਾਸਨ ਬਿਲਾਸਨ ਦੈ ਅੰਕਮਾਲ,
ਪ੍ਰੇਮ ਰਸ ਬਿਸਮ ਹੁਇ ਸਹਜ ਸਮਾਏ ਹੈ॥
ਚਾਤ੍ਰਿਕ ਸਬਦ ਸੁਨਿ ਅਖੀਆਂ ਉਘਰ ਗਈ,
ਭਈ ਜਲ-ਮੀਨ ਗਤਿ ਬਿਰਹ ਜਗਾਏ ਹੈ॥੨੦੫॥

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

ਨਿਮਰਤਾ :

ਜਉ ਗਰਬੈ ਬਹੁ ਬੂੰਦ ਚਿਤੰਤਰਿ,
ਸਨਮੁਖ ਸਿੰਧ ਸੋਭ ਨਹੀਂ ਪਾਵੈ॥
ਜਉ ਬਹੁ ਉਡੈ ਖਗ ਧਾਰਿ ਮਹਾਂ ਬਲ,
ਪੇਖਿ ਅਕਾਸ ਰਿਦੈ ਸੁਕਚਾਵੈ॥
ਜਿਉ ਬ੍ਰਹਮੰਡ ਪ੍ਰਚੰਡ ਬਿਲੋਕਤ,
ਗੂਲਰ ਜੰਤ ਉਡੰਤ ਲਜਾਵੈ॥
ਤੂੰ ਕਰਤਾ ਹਮ ਕੀਏ ਤਿਹਾਰੇ ਜੀ,
ਤੋ ਪਹਿ ਬੋਲਨ ਕਿਉ ਬਨਿ ਆਵੈ॥੫੨੭॥

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

ਇਸ ਤੋਂ ਇਲਾਵਾ ਜਿਥੇ ਭਾਈ ਗੁਰਦਾਸ ਜੀ ਨੇ ਸਿੱਖੀ ਸਿਧਾਂਤਾਂ ਦੀ ਵਿਆਖਿਆ ਕੀਤੀ ਹੈ, ਉਥੇ ਨਿਰਾਪੁਰਾ ਗਿਆਨ ਨਹੀਂ ਛਾਂਟਿਆ, ਜਿਸ ਨਾਲ ਪਾਠਕ ਦੇ ਸਿਰ ਕੋਈ ਬੋਝ ਪਿਆ ਜਾਪੇ। ਆਪ ਦਾ ਮਨਪਸੰਦ ਢੰਗ ਇਹ ਹੈ ਕਿ ਉਹ ਆਪਣੇ ਵਿਸ਼ੇ ਦੀ ਵਿਆਖਿਆ ਲਈ ਕਬਿੱਤ ਦੀਆਂ ਪਹਿਲੀਆਂ ਤਿੰਨ ਤੁਕਾਂ ਵਿਚ ਆਮ ਵਰਤੋਂ ਜਾਂ ਜਨ-ਸਾਧਾਰਨ ਦੇ ਸਮਝ ਵਿਚ ਆ ਸਕਣ ਵਾਲੀਆਂ ਚੀਜ਼ਾਂ ਦੀਆਂ ਮਿਸਾਲਾਂ ਦਿੰਦੇ ਹਨ, ਫਿਰ ਚੌਥੀ ਤੁਕ ਵਿਚ ਆਪਣੀ ਗੱਲ ਹੌਲੀ ਜਿਹੀ ਆਖ ਦਿੰਦੇ ਹਨ। ਉਨ੍ਹਾਂ ਦਾ ਇਹ ਤਰੀਕਾ ਕਾਫ਼ੀ ਅਸਰ-ਭਰਪੂਰ, ਬਲਵਾਨ ਤੇ ਸਫਲ ਹੈ। ਦ੍ਰਿਸ਼ਟਾਂਤ-ਅਲੰਕਾਰ ਉਨ੍ਹਾਂ ਦਾ ਮਨਭਾਉਂਦਾ ਅਲੰਕਾਰ ਹੈ। ਇਸ ਅਲੰਕਾਰ ਦੀ ਵਰਤੋਂ

ਲਈ ਜਿਥੇ ਕਵੀ ਦੀ ਵਾਕਫ਼ੀ ਕਾਫ਼ੀ ਵਿਸ਼ਾਲ ਹੋਣੀ ਲੋੜੀਂਦੀ ਹੈ, ਉਥੇ ਤੁਲਨਾਤਮਕ ਨਿਰਣਾ ਕਰਨ ਵਾਲੀ ਸ਼ਕਤੀ ਵੀ ਹੋਣੀ ਜ਼ਰੂਰੀ ਹੈ। ਭਾਈ ਸਾਹਿਬ ਵਿਚ ਇਹ ਦੋਵੇਂ ਗੁਣ ਮੌਜੂਦ ਹਨ। ਨਿੱਤ ਵਰਤੀਂਦੀਆਂ ਮਿਸਾਲਾਂ ਦੀ ਸਮੱਗਰੀ ਤਾਂ ਮਾਨੋ ਉਨ੍ਹਾਂ ਦੇ ਸਾਹਮਣੇ ਹੱਥ ਜੋੜੀ ਖਲੋਤੀ ਦਿੱਸਦੀ ਹੈ। ਅਸੀਂ ਵੇਖਦੇ ਹਾਂ ਪਾਰਸ ਚੰਦਨ, ਚਿੰਤਾ-ਮਣਿ, ਕਾਮਧੇਨ, ਕਾਂ ਹੰਸ, ਸਮੁੰਦਰ ਗੰਗਾ, ਪਾਨ ਤੰਬੋਲ, ਅਸਟ ਧਾਤ, ਬਿਰਛ ਪੰਛੀ, ਬੇੜੀ ਮਲਾਹ, ਕਮਲ ਭੌਰਾ, ਸੂਰਜ ਕਮਲ, ਮੱਛੀ ਪਾਣੀ, ਕਸਤੂਰੀ ਮ੍ਰਿਗ, ਸੂਰਜ ਦੀਪਕ, ਦੀਪਕ ਭੰਬਟ, ਗਜ ਅੰਕੁਸ, ਸੱਪ ਮਣੀ, ਤਾਲ ਹੰਸ, ਹਰਣ ਸ਼ਿਕਾਰੀ, ਕੰਚਨ ਮਨੂਰ, ਪਤੀ ਪਤਨੀ, ਸੁਹਾਗਣ ਦੁਹਾਗਣ, ਮਾਂ ਪੁੱਤ, ਸੇਵਕ ਸੁਆਮੀ, ਮਜੀਠ ਕੁਸੁੰਭ, ਕੂੰਜ ਕੋਇਲ ਆਦਿ ਨਿੱਕੀਆਂ ਨਿੱਕੀਆਂ ਗੱਲਾਂ ਰਾਹੀਂ ਉਹ ਵੱਡੇ ਵੱਡੇ ਤੱਤ ਸਾਡੇ ਸਾਹਮਣੇ ਰੱਖਦੇ ਹਨ ਅਤੇ ਬਹੁਤੀ ਰਚਨਾ ਆਪ ਦੀ ਇਸੇ ਚਾਲ ਚੱਲਦੀ ਹੈ। ਇਹ ਆਮ ਚੀਜ਼ਾਂ ਦੀਆਂ ਮਿਸਾਲਾਂ ਵਾਲੀ ਸ਼ੈਲੀ ਉਸ ਸਮੇਂ ਦੀ ਹਿੰਦੀ ਕਵੀਆਂ ਵਿਚ ਨਾਂ-ਮਾਤਰ ਦਿੱਸਦੀ ਹੈ। ਭਾਈ ਸਾਹਿਬ ਨੇ ਇਸ ਦੀ ਵਰਤੋਂ ਬੜੇ ਖੁੱਲ੍ਹੇ-ਡੁੱਲ੍ਹੇ ਢੰਗ ਨਾਲ ਕੀਤੀ ਹੈ, ਜਿਸ ਨਾਲ ਆਪ ਦੀ ਰਚਨਾ ਵਿਚ ਸਰਲਤਾ ਵੀ ਬਹੁਤ ਆ ਗਈ ਹੈ। ਸਪੱਸ਼ਟਤਾ ਲਈ ਇਕ ਦੋ ਮਿਸਾਲਾਂ ਦਿੱਤੀਆਂ ਜਾਂਦੀਆਂ ਹਨ:

1. ਆਂਬ ਕੀ ਸਧਰ ਕਤ ਮਿਟਤ ਆਂਬਲੀ ਖਾਏ,
ਪਿਤਾ ਕੋ ਪਿਆਰੁ ਨ ਪਰੋਸੀ ਪਹਿ ਪਾਈਐ॥
ਸਾਗਰ ਕੀ ਨਿਧਿ ਕਤ ਪਾਈਅਤ ਪੋਖਰ ਸੈ,
ਦਿਨਕਰਿ ਸਰਿ ਦੀਪ ਜੋਤਿ ਨ ਪੁਜਾਈਐ॥
ਇੰਦ੍ਰ ਬਰਖਾ ਸਮਾਨ ਪੁਜਸਿ ਨ ਕੂਪ ਜਲ,
ਚੰਦਨ ਸੁਬਾਸ ਨ ਪਲਾਸ ਮਹਿਕਾਈਐ॥
ਸ੍ਰੀ ਗੁਰ ਦਇਆਲ ਕੀ ਦਇਆ ਨ ਆਨ ਦੇਵ ਮੈ,
ਜਉ ਖੰਡ ਬ੍ਰਹਮੰਡ ਉਦੈ ਅਸਤ ਲਉ ਧਾਈਐ॥੪੭੨॥

2. ਜੈਸੇ ਤਉ ਗੋ-ਬੰਸ ਤ੍ਰਿਣ ਖਾਇ ਦੁਹੇ ਗੋਰਸ ਦੈ,
ਗੋਰਸ ਅਉਟਾਏ ਦਧਿ ਮਾਖਨ ਪ੍ਰਗਾਸ ਹੈ॥
ਊਖ ਮੈ ਪਿਊਖ, ਤਨ ਖੰਡ ਖੰਡ ਕੇ ਪਿਰਾਏ,
ਰਸ ਕੇ ਅਉਟਾਏ ਖੰਡ ਮਿਸਰੀ ਮਿਠਾਸ ਹੈ॥
ਚੰਦਨ ਸੁਗੰਧ ਸਨਬੰਧ ਕੈ ਬਨਾਸਪਤੀ,
ਢਾਕ ਅਉ ਪਲਾਸ ਜੈਸੇ ਚੰਦਨ ਸੁਬਾਸ ਹੈ॥
ਸਾਧ ਸੰਗਿ ਮਿਲਤ ਸੰਸਾਰੀ ਨਿਰੰਕਾਰੀ ਹੋਤ,
ਗੁਰਮਤਿ ਪਰਉਪਕਾਰ ਕੈ ਨਿਵਾਸ ਹੈ॥੧੨੯॥

3. ਜੇਤੇ ਫੂਲ ਫੂਲੇ, ਤੇਤੇ ਫਲ ਨ ਲਾਗੇ ਦ੍ਰੁਮ,
ਲਾਗਤ ਜਿਤੇਕੁ, ਪਰਪਕ ਨ ਸਕਲ ਹੈ॥
ਜੇਤੇ ਸੁਤ ਜਨਮਤ, ਜੀਅਤ ਰਹੈ ਨ ਤੇਤੇ,
ਜੀਅਤ ਹੈ ਜੇਤੇ, ਤੇਤੇ ਕੁਲ ਨ ਕਮਲ ਹੈ॥

ਦਲ ਮਿਲਿ ਜਾਤ ਜੇਤੇ, ਸੁਭਟ ਨ ਹੋਹਿ ਤੇਤੇ,
ਜੇਤਕ ਸੁਭਟ, ਜੂਝਿ ਮਰਨ ਨ ਥਲ ਹੈ॥
ਆਰਸੀ ਜੁਗਤਿ ਗੁਰ ਸਿਖ ਸਭ ਹੀ ਕਹਾਵੈ,
ਪਾਵਕ ਪ੍ਰਗਾਸ ਭਏ ਬਿਰਲੇ ਅਚਲ ਹੈ॥੩੬੮॥

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

ਇਸ ਦ੍ਰਿਸ਼ਟਾਂਤ ਅਤੇ ਉਪਮਾ ਤੋਂ ਇਲਾਵਾ ਭਾਈ ਗੁਰਦਾਸ ਦੇ ਰੂਪਕ-ਅਲੰਕਾਰ ਦੀ ਛਬਿ ਵੀ ਬੜੀ ਸੁਹਾਵਣੀ ਹੈ। ਉਹ ਆਪਣੇ ਅਧਿਆਤਮਕ ਪੱਖਾਂ ਦੀ ਵਿਆਖਿਆ ਇਸ ਤਰ੍ਹਾਂ ਵੀ ਕਰਦੇ ਹਨ। ਸਾਧ ਸੰਗਤ ਨੂੰ ਮਾਨ-ਸਰੋਵਰ ਦੇ ਰੂਪ ਵਿਚ ਬਿਆਨਣਾ ਉਨ੍ਹਾਂ ਦਾ ਮਨਭਾਉਂਦਾ ਸੰਕਲਪ ਹੈ। ਇਕ ਇਕ ਅੰਗ ਨੂੰ ਸਾਂਗੋਪਾਂਗ ਮੇਲ ਕੇ ਦੱਸਦੇ ਹਨ :

ਮਾਨਸਰ ਹੰਸ, ਸਾਧ ਸੰਗਤਿ ਪਰਮ-ਹੰਸ,
ਧਰਮ ਧੁਜਾ ਧਰਮਸਾਲਾ ਚਲਿ ਆਵਹੀ॥
ਉਤ ਮੁਕਤਾਹਲ ਅਹਾਰ ਦੁਤੀਆ ਨਾਸਤਿ,
ਇਤ ਗੁਰ ਸਬਦ ਸੁਰਤਿ ਲਿਵ ਲਾਵਹੀ॥
ਉਤ ਖੀਰ ਨੀਰ ਨਿਰਵਾਰੋ ਕੈ ਬਖਾਨੀਅਤ,
ਇਤ ਗੁਰਮਤਿ ਦੁਰਮਤਿ ਸਮਝਾਵਹੀ॥
ਉਤ ਬਗ ਹੰਸ ਬੰਸ ਦੁਬਿਧਾ ਨ ਮੇਟਿ ਸਕੈ,
ਇਤ ਕਾਗ ਪਾਗਿ ਸਮ ਰੂਪ ਕੈ ਮਿਲਾਵਹੀ॥੩੪੦॥

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

ਭਾਈ ਜੀ ਦੀ ਕਲਮ ਜਿਸ ਚੀਜ਼ ਨੂੰ ਆਪਣਾ ਵਿਸ਼ਾ ਬਣਾਵੇ, ਉਹਦੇ ਸਾਰੇ ਪੱਖਾਂ ਨੂੰ ਸਾਹਮਣੇ ਲੈ ਆਉਂਦੀ ਹੈ। ਇਹ ਕਵੀ ਦੇ ਵਿਸ਼ਾਲ ਗਿਆਨ ਤੇ ਇਕਾਗਰਤਾ ਦਾ ਸਿੱਟਾ ਹੈ। ਮਿਸਾਲ ਲਈ ਤਿਲ ਦਾ ਜ਼ਿਕਰ ਛੇੜਦੇ ਹਨ ਤਾਂ ਉਸ ਤੋਂ ਬਣਨ ਵਾਲੀਆਂ ਚੀਜ਼ਾਂ ਰਿਉੜੀਆਂ, ਤਿਲੂਣੇ, ਭੁੱਗਾ, ਤੇਲ ਆਦਿ ਸਭ ਅੰਕਿਤ ਕਰਦੇ ਹਨ ਤੇ ਅੰਤ ਵਿਚ ਇਸ ਤੋਂ ਰੱਬੀ ਬੇਅੰਤਤਾ ਦਾ ਸਿੱਟਾ ਕੱਢਦੇ ਹਨ, ਜ਼ਰਾ ਇਹ ਕਬਿੱਤ ਪੜ੍ਹੋ :

ਪ੍ਰਿਥਮ ਹੀ ਤਿਲ ਬੋਏ ਧੂਰਿ ਮਿਲਿ ਬੂਟੁ ਬਾਧੇ,
ਏਕ ਸੈ ਅਨੇਕ ਹੋਤ ਪ੍ਰਗਟ ਸੰਸਾਰ ਮੈ॥
ਕੋਊ ਲੈ ਚਬਾਇ ਕੋਊ ਖਾਲ ਕਾਢੈ ਰੇਵਰੀ ਕੈ,
ਕੋਊ ਕਰੈ ਤਿਲਵਾ ਮਿਲਾਇ ਗੁਰ ਬਾਰ ਮੈ॥
ਕੋਊ ਉਖਲੀ ਡਾਰਿ ਕੁਟਿ ਤਿਲ-ਕੁਟ ਕਰੈ,
ਕੋਊ ਕੋਲੂ ਪੀਰਿ ਦੀਪ ਦਿਪਤਿ ਅੰਧਿਆਰ ਮੈ॥
ਜਾ ਕੇ ਏਕ ਤਿਲ ਕੋ ਬੀਚਾਰੁ ਨ ਕਹਿਤ ਆਵੈ,
ਅਬਿਗਤਿ ਗਤਿ ਕਤ ਆਵਤ ਬੀਚਾਰ ਮੈ॥੨੭੩॥

•

ਗੋਇੰਦਵਾਲ ਦਾ ਵਿਰਸਾ

ਜਿਵੇਂ ਬਾਲਕ ਲਈ ਪਾਣੀ ਦੀ ਪਿਆਲੀ ਜਾਂ ਕੌਲੀ ਕਾਫ਼ੀ ਹੈ, ਆਦਮੀ ਲਈ ਵੱਡਾ ਛੰਨਾ ਜਾਂ ਗਲਾਸ ਚਾਹੀਦਾ ਹੈ, ਤਿਵੇਂ ਵੱਡੇ ਸਭਿਆਚਾਰ ਦੇ ਪ੍ਰਫੁੱਲਿਤ ਹੋਣ ਲਈ ਦਰਿਆ ਦੀ ਲੋੜ ਪੈਂਦੀ ਹੈ। ਸੰਸਾਰ ਦੇ ਇਤਿਹਾਸ 'ਤੇ ਨਜ਼ਰ ਮਾਰਿਆਂ ਪਤਾ ਲੱਗਦਾ ਹੈ ਕਿ ਤਮਾਮ ਸਭਿਆਤਾਵਾਂ ਦਾ ਵਿਕਾਸ ਦਰਿਆਵਾਂ ਕੰਢੇ ਹੀ ਹੋਇਆ, ਚਾਹੇ ਉਹ ਸਿੰਧੂ ਸਭਿਅਤਾ ਸੀ, ਚਾਹੇ ਨੀਲ ਦੀ ਮਿਸਰੀ ਸਭਿਅਤਾ। ਇਹ ਇਤਿਹਾਸਕ ਸੱਚਾਈ ਹੈ ਕਿ ਦਰਿਆ ਦਾ ਮਨੁੱਖੀ ਜ਼ਿੰਦਗੀ ਨਾਲ ਡੂੰਘਾ ਸੰਬੰਧ ਹੈ। "ਪਵਣੁ ਗੁਰੂ ਪਾਣੀ ਪਿਤਾ" ਕਹਿਣ ਵਾਲਾ ਮਹਾਂਪੁਰਖ ਇਸ ਹਕੀਕਤ ਤੋਂ ਭਲੀਭਾਂਤ ਜਾਣੂ ਸੀ। ਜਦੋਂ ਗੁਰੂ ਨਾਨਕ ਸਾਹਿਬ ਨੇ ਆਪਣੀ ਨਵੀਨ ਵਿਚਾਰਧਾਰਾ ਦੀ ਬਗ਼ੀਚੀ ਲਾਈ ਤਾਂ ਉਨ੍ਹਾਂ ਰਾਵੀ ਦਾ ਕੰਢਾ ਚੁਣਿਆ ਤੇ ਉਥੇ ਵੀ ਨਵਾਂ ਨਗਰ 'ਕਰਤਾਰਪੁਰ' ਵਸਾਇਆ। ਉਨ੍ਹਾਂ ਚੇਤੰਨ ਇਨਸਾਨਾਂ ਦੀ ਇਕ ਖ਼ੁਸ਼ੀ ਇਹ ਵੀ ਦੱਸੀ ਸੀ ਕਿ ਉਹ ਦਰਿਆਵਾਂ ਨਾਲ ਦੋਸਤੀ ਰੱਖਣ ਵਾਲੇ ਹੁੰਦੇ ਹਨ। ਗੁਰੂ ਅੰਗਦ ਸਾਹਿਬ ਦਾ ਫ਼ੁਰਮਾਨ ਹੈ :

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥

(ਵਾਰ ਮਾਝ, ਸਲੋਕ ਮ: ੨, ਪੰਨਾ 146)

ਗੁਰੂ ਅੰਗਦ ਸਾਹਿਬ ਦਰਿਆ ਤੋਂ ਜ਼ਰਾ ਕੁ ਦੂਰ ਖਡੂਰ ਸਾਹਿਬ ਵਿਚ ਜੋਤਿ ਜਗਾਉਂਦੇ ਰਹੇ, ਪਰ ਉਨ੍ਹਾਂ ਇਹ ਅਨੁਭਵ ਕਰ ਲਿਆ ਕਿ ਸਿੱਖ ਲਹਿਰ ਦੇ ਵਿਕਾਸ ਲਈ ਦਰਿਆ ਦਾ ਸਹਾਰਾ ਜ਼ਰੂਰੀ ਹੈ। ਜਦੋਂ ਗੁਰੂ ਅਮਰਦਾਸ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲੀ ਤਾਂ ਉਨ੍ਹਾਂ ਦੂਜੇ ਗੁਰੂ ਸਾਹਿਬ ਦੀ ਹਿਦਾਇਤ ਅਨੁਸਾਰ ਬਿਆਸ ਦਰਿਆ ਦੇ ਕੰਢੇ ਗੋਇੰਦਵਾਲ ਦੀ ਬਸਤੀ ਨੂੰ ਰੌਣਕ ਦਿੱਤੀ ਤੇ ਲਗਾਤਾਰ 22 ਵਰ੍ਹੇ ਇਥੇ ਬਹਿ ਕੇ ਸਿੱਖੀ ਨੂੰ ਪ੍ਰਫੁੱਲਿਤ ਕੀਤਾ। ਲਾਹੌਰ ਤੋਂ ਦਿੱਲੀ ਜਾਣ ਲਈ ਇਹ ਇਕ ਵੱਡਾ ਪੱਤਣ ਸੀ, ਜਿਥੋਂ ਦੀ ਬਾਦਸ਼ਾਹ, ਅਮੀਰ, ਵਜ਼ੀਰ ਤੇ ਫ਼ੌਜ ਤੋਂ ਇਲਾਵਾ ਜਨ-ਸਾਧਾਰਨ ਦਾ ਲਾਂਘਾ ਆਮ ਗੱਲ ਸੀ। ਇਸ ਆਵਾਜਾਈ ਦਾ ਇਕ ਚੰਗਾ ਸਿੱਟਾ ਇਹ ਹੋਇਆ ਕਿ ਗੁਣ-ਗ੍ਰਾਹਕ ਤੇ ਅਭਿਲਾਸ਼ੀ ਲੋਕ ਗੁਰੂ ਦੀ ਸ਼ਰਨ ਆਉਂਦੇ ਗਏ ਤੇ ਸਿੱਖੀ ਦੇ ਖਾਤੇ ਵਿਚ ਆਪਣੇ ਨਾਂ ਲਿਖਾਉਂਦੇ ਗਏ। ਗੁਰੂ ਅਮਰਦਾਸ ਜੀ ਦੇ ਸਾਹਮਣੇ ਦੋ ਹੀ ਮੁੱਖ ਨਿਸ਼ਾਨੇ ਸਨ—ਗੁਰ-ਸੰਗਤ ਨੂੰ ਸੰਗਠਿਤ ਕਰਨਾ ਤੇ ਗੁਰਬਾਣੀ ਸੰਚਿਤ ਕਰਨਾ। ਇਨ੍ਹਾਂ ਦੋਹਾਂ ਗੱਲਾਂ ਨੂੰ ਗੁਰੂ ਨਾਨਕ ਸਾਹਿਬ ਨੇ ਗੁਰਮਤਿ

ਦਾ ਮੂਲ ਆਧਾਰ ਕਿਹਾ ਸੀ, ਇਸੇ ਕਰਕੇ ਇਨ੍ਹਾਂ ਥੰਮ੍ਹਾਂ ਦੀ ਪਕਿਆਈ ਜ਼ਰੂਰੀ ਸੀ। ਜਿਥੇ ਸਾਂਝੇ ਲੰਗਰ, ਸਾਂਝੀ ਸੰਗਤ-ਪੰਗਤ ਤੇ ਸਾਂਝੇ ਭਜਨ ਕੀਰਤਨ ਨੇ ਗੁਰ-ਸੰਗਤ ਨੂੰ ਪਰਸਪਰ ਜੋੜ ਦਿੱਤਾ, ਉਥੇ ਗੁਰਬਾਣੀ ਜਾਂ ਭਗਤ ਬਾਣੀ ਨੂੰ ਸਾਂਭ-ਸੰਭਾਲ ਕੇ ਲੋਕਾਂ ਤਕ ਪਹੁੰਚਾਉਣਾ ਬਹੁਤ ਜ਼ਰੂਰੀ ਸੀ, ਕਿਉਂਕਿ ਇਹੋ ਨਵੇਂ ਬਣੇ ਸ਼ਰਧਾਲੂਆਂ ਦੇ ਈਮਾਨ ਦਾ ਇੱਕੋ ਇਕ ਆਸਰਾ ਸੀ ਤੇ ਇਸ ਨੇ ਵੇਦ-ਕਤੇਬ ਦੀ ਥਾਂ ਲੈਣੀ ਸੀ।

ਗੁਰੂ ਨਾਨਕ ਸਾਹਿਬ ਨੇ ਬਾਣੀ ਦੀ ਪੋਥੀ ਜੋ ਗੁਰੂ ਅੰਗਦ ਸਾਹਿਬ ਨੂੰ ਸੌਂਪੀ ਸੀ, ਉਹ ਦੂਜੇ ਗੁਰੂ ਸਾਹਿਬ ਗੁਰਿਆਈ ਦੇਣ ਸਮੇਂ ਗੁਰੂ ਅਮਰਦਾਸ ਸਾਹਿਬ ਦੇ ਹਵਾਲੇ ਕਰ ਗਏ ਸਨ ਤੇ ਇਸ ਭੰਡਾਰ ਦੇ ਹੋਰ ਪ੍ਰਸਾਰ ਦੀ ਲੋੜ ਸੀ। ਪਹਿਲੀ ਗੱਲ ਜੋ ਗੁਰੂ ਅਮਰਦਾਸ ਜੀ ਨੇ ਕੀਤੀ, ਉਹ ਇਹ ਕਿ ਜਿਨ੍ਹਾਂ 19 ਰਾਗਾਂ ਵਿਚ ਗੁਰੂ ਨਾਨਕ ਸਾਹਿਬ ਨੇ ਬਾਣੀ ਰਚੀ ਸੀ, ਉਨ੍ਹਾਂ ਵਿੱਚੋਂ 17 ਰਾਗਾਂ ਵਿਚ ਆਪ ਨੇ ਅਧਿਆਤਮਕ ਅਨੁਭਵ ਦੇ ਪ੍ਰਗਟਾਉ ਅਤੇ ਵਿਆਖਿਆ ਵਜੋਂ ਹੋਰ ਬਾਣੀ ਰਚੀ, ਇਵੇਂ ਜਿਵੇਂ ਕਾਵਿ-ਰੂਪ ਤੇ ਛੰਦ-ਪ੍ਰਬੰਧ ਵੀ ਉਸੇ ਤਰ੍ਹਾਂ ਦੇ ਅਪਣਾਏ, ਜਿਵੇਂ ਚਉਪਦੇ, ਅਸਟਪਦੀ, ਵਾਰਾਂ, ਸਲੋਕ ਤੇ ਛੰਤ ਆਦਿ। ਗੁਰੂ ਨਾਨਕ ਸਾਹਿਬ ਨੇ ਪਟੀ ਜਾਂ ਅਲਾਹਣੀ ਲਿਖੀ ਤਾਂ ਗੁਰੂ ਅਮਰਦਾਸ ਸਾਹਿਬ ਨੇ ਵੀ ਐਸਾ ਕੀਤਾ।

ਫਿਰ ਗੁਰੂ ਅਮਰਦਾਸ ਜੀ ਨੇ ਇਕ ਹੋਰ ਨਵੀਂ ਗੱਲ ਕੀਤੀ ਕਿ ਜੋ ਵਿਚਾਰ ਪਹਿਲੇ ਗੁਰੂ ਸਾਹਿਬਾਨ ਜਾਂ ਭਗਤ ਜਨਾਂ ਨੇ ਪ੍ਰਗਟਾਏ ਸਨ, ਉਨ੍ਹਾਂ ਬਾਰੇ ਸਪੱਸ਼ਟੀਕਰਨ ਵਜੋਂ ਅਨੇਕਾਂ ਪਦੇ ਲਿਖੇ ਜੋ ਕਿ ਉਨ੍ਹਾਂ ਦੀ ਚੇਤਨ ਵਿਸ਼ਲੇਸ਼ਣਾਤਮਕ ਸੂਝ ਦੇ ਲਖਾਇਕ ਹਨ। ਇਹ ਕਹਿਣਾ ਭੁੱਲ ਹੈ ਕਿ ਉਨ੍ਹਾਂ ਨੇ ਕੋਈ ਦਰੁਸਤੀ ਜਾਂ ਸੁਧਾਈ ਕੀਤੀ, ਸਗੋਂ ਇਹੋ ਠੀਕ ਜਾਪਦਾ ਹੈ ਕਿ ਉਨ੍ਹਾਂ ਮਹਾਂਪੁਰਸ਼ਾਂ ਦੇ ਵਿਚਾਰਾਂ ਨੂੰ ਵਧੇਰੇ ਸਪੱਸ਼ਟ ਕਰਨ ਦਾ ਜਤਨ ਕੀਤਾ ਤਾਂ ਕਿ ਜਗਿਆਸੂ ਕਿਸੇ ਤਰ੍ਹਾਂ ਦੀ ਗੁੰਝਲ ਦਾ ਸ਼ਿਕਾਰ ਨਾ ਹੋਵੇ। ਜਿਵੇਂ ਧਨਾਸਰੀ ਰਾਗ ਵਿਚ ਗੁਰੂ ਨਾਨਕ ਸਾਹਿਬ ਦਾ ਸ਼ਬਦ, ਮਨੁੱਖ ਦੀ ਬੇਬਸੀ ਨੂੰ ਪ੍ਰਗਟਾਉਂਦਾ ਇਉਂ ਚੱਲਦਾ ਹੈ:

ਕਿਉ ਸਿਮਰੀ ਸਿਵਰਿਆ ਨਹੀ ਜਾਇ॥
ਤਪੈ ਹਿਆਉ ਜੀਅੜਾ ਬਿਲਲਾਇ॥ *(ਧਨਾਸਰੀ ਮ: ੧, ਪੰਨਾ 661)*

ਨਦਰਿ ਕਰੇ ਤਾ ਸਿਮਰਿਆ ਜਾਇ॥
ਆਤਮਾ ਦ੍ਰਵੈ ਰਹੈ ਲਿਵ ਲਾਇ॥ *(ਧਨਾਸਰੀ ਮ: ੧, ਪੰਨਾ 661)*

ਬਾਬਾ ਫ਼ਰੀਦ ਜੀ ਦੇ ਸਲੋਕਾਂ ਨਾਲ ਉਨ੍ਹਾਂ ਦੀਆਂ ਟਿੱਪਣੀਆਂ ਕਿਤਨੀਆਂ ਅਰਥ ਭਰਪੂਰ ਹਨ, ਇਹ ਵੀ ਦੇਖਿਆ ਪਰਖਿਆ ਜਾ ਸਕਦਾ ਹੈ:

ਫਰੀਦ— ਫਰੀਦਾ ਕਾਲੀਂ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ॥
ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ॥੧੨॥
ਮ: ੩॥ ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ॥
ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ॥
ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ॥੧੩॥
(ਸਲੋਕ ਫਰੀਦ ਜੀ, ਪੰਨਾ 1378)

ਫਰੀਦ— ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ ॥
ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ ॥੫੧॥
ਮ: ੩ ॥ ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ ॥
ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ ॥

(ਸਲੋਕ ਫਰੀਦ ਜੀ, ਪੰਨਾ 1380)

ਫਰੀਦ— ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥
ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥੧੦੩॥
ਮ: ੩ ॥ ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥

(ਸਲੋਕ ਫਰੀਦ ਜੀ, ਪੰਨਾ 1383)

ਗੁਰੂ ਅਮਰਦਾਸ ਜੀ ਦੇ ਅੱਠ ਨੌਂ ਸੌ ਛੰਦ ਹਨ, ਜਿਨ੍ਹਾਂ ਦਾ ਗੰਭੀਰ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਉਹ ਅਧਿਆਤਮਕ ਵਿਚਾਰਾਂ ਵਿਚ ਕਿਤਨੀ ਸਪੱਸ਼ਟਤਾ ਚਾਹੁੰਦੇ ਸਨ ਤਾਂ ਕਿ ਕੋਈ ਅਧਿਆਤਮਵਾਦ ਦੀ ਧੁੰਦ ਵਿਚ ਕਿਸੇ ਨੂੰ ਕਿਸੇ ਤਰ੍ਹਾਂ ਭਰਮ-ਗ੍ਰਸਤ ਨਾ ਕਰ ਸਕੇ।

ਫਿਰ ਸਤਿਗੁਰਾਂ ਇਸ ਬਾਨੀ ਦੀਆਂ ਪੋਥੀਆਂ ਜਾਂ ਸੰਚੀਆਂ ਲਿਖਾਈਆਂ ਤਾਂ ਕਿ ਪ੍ਰਚਾਰ ਲਈ ਸਿੱਖਾਂ ਨੂੰ ਇਧਰ ਉਧਰ ਦਿੱਤੀਆਂ ਜਾ ਸਕਣ। ਇਹ ਕੰਮ ਜਿਥੇ ਗੁਰੂ ਅਮਰਦਾਸ ਜੀ ਦੇ ਪੁੱਤਰ-ਪੋਤਰਿਆਂ—ਮੋਹਨ, ਮੋਹਰੀ ਤੇ ਮੋਹਨ ਮਸਤਾਨ ਦੇ ਪੁੱਤਰ ਸਹੰਸ੍ਰ ਰਾਮ ਆਦਿ ਨੇ ਕੀਤਾ, ਉਥੇ ਉਨ੍ਹਾਂ ਦੇ ਲਾਇਕ ਦਾਮਾਦ ਭਾਈ ਜੇਠਾ ਜੀ ਨੇ ਵੀ ਇਸ ਨੂੰ ਕੁਝ ਸਰੰਜਾਮ ਦਿੱਤਾ। ਇਹ ਸਭ ਕੁਝ ਗੋਇੰਦਵਾਲ ਦੀ ਟਕਸਾਲ ਵਿਚ ਹੋਇਆ। ਬਾਬੇ ਮੋਹਨ ਵਾਲੀਆਂ ਪ੍ਰਾਪਤ ਪੋਥੀਆਂ ਇਸ ਬਾਰੇ ਚੰਗਾ ਚਾਨਣਾ ਪਾਉਂਦੀਆਂ ਹਨ।

ਬਾਬੇ ਮੋਹਨ ਦੀਆਂ ਪੋਥੀਆਂ

ਪੰਡਾ ਵਹੀਆਂ ਤੇ ਭੱਟ ਵਹੀਆਂ ਨੂੰ ਛੱਡ ਕੇ ਸ਼ਾਇਦ ਸਭ ਤੋਂ ਪੁਰਾਤਨ ਕਾਗ਼ਜ਼ ਉੱਤੇ ਗੁਰਮੁਖੀ ਲਿਖਤ ਗੋਇੰਦਵਾਲ ਵਾਲੀਆਂ ਬਾਨੀ ਦੀਆਂ ਦੋ ਪੋਥੀਆਂ ਹੀ ਹਨ।[1] ਇਕ ਸ: ਭਗਤ ਸਿੰਘ ਪਾਸ ਪਟਿਆਲੇ ਹੈ ਤੇ ਦੂਜੀ ਬਾਬਾ ਚਾਨਣ ਸਿੰਘ ਤੇ ਸ: ਦਲੀਪ ਸਿੰਘ ਦੇ ਘਰਾਣੇ ਕੋਲ ਅਹੀਆਪੁਰ ਹੈ। ਪਹਿਲੇ ਇਹ ਪੋਥੀ ਬਾਬਾ ਮੇਲਾ ਸਿੰਘ ਭੱਲੇ ਪਾਸ ਸੀ, ਜੋ ਕਿ ਬਾਬੇ ਮੋਹਨ ਦੇ ਚਉਬਾਰੇ ਦੀ ਸੇਵਾ-ਸੰਭਾਲ ਕਰਦਾ ਸੀ। ਇਸੇ ਨੇ ਇਹ ਪੋਥੀ ਆਪਣੇ ਭਾਈ ਚਾਨਣ ਸਿੰਘ ਨੂੰ ਦਿੱਤੀ।

ਇਹ ਗੱਲ ਵੀ ਧਿਆਨਯੋਗ ਹੈ ਕਿ ਗੋਇੰਦਵਾਲ ਵਾਲੇ ਭੱਲੇ, ਮੋਹਨ ਜੀ ਦੀ

1. ਗਿਆਨੀ ਗਿਆਨ ਸਿੰਘ ਨੇ 1895 ਈ: ਵਿਚ ਪਟਿਆਲੇ ਆਈਆਂ ਦੋ ਪੋਥੀਆਂ ਦੇਖੀਆਂ ਸਨ। ਇਕ ਤਾਂ ਉਹੋ ਹੈ, ਜੋ ਹੁਣ ਪਟਿਆਲੇ ਹੈ। ਦੂਜੀ ਬਾਵਾ ਬੁੱਧ ਸਿੰਘ ਤੇ ਚੇਤ ਸਿੰਘ ਪਾਸੋਂ ਆਈ ਸੀ। ਇਸ ਵਿਚ ਸਿਰੀ ਰਾਗ, ਆਸਾ ਗਉੜੀ, ਵਡਹੰਸ, ਕਾਨੜਾ ਆਦਿ 9 ਰਾਗ ਸਨ, ਲੇਕਿਨ ਇਹ ਹੁਣ ਪਤਾ ਨਹੀਂ ਕਿ ਕਿਥੇ ਹੈ। *(ਤਵਾਰੀਖ਼ ਖ਼ਾਲਸਾ, ਪੰਨਾ 394)*

ਔਲਾਦ ਹਨ ਤੇ ਅਹੀਆਪੁਰ ਵਾਲੇ ਮੋਹਰੀ ਜੀ ਦੀ। ਮੋਹਨ ਜੀ ਦਾ ਪੁੱਤਰ ਸਹੰਸ੍ ਰਾਮ ਸੀ ਤੇ ਇਸੇ ਨੂੰ ਮਈ 1934 ਵਿਚ ਛਪੀ ਭੱਲਾ ਬੰਸਾਵਲੀ ਵਿਚ 'ਸਹਸ੍ਰਦਾਸ' ਕਰਕੇ ਲਿਖਿਆ ਗਿਆ ਹੈ। ਇਤਿਹਾਸ ਨੇ ਇਸੇ ਨੂੰ ਪੋਥੀਆਂ ਦਾ ਲਿਖਾਰੀ ਮੰਨਿਆ ਹੈ।[2] ਪੋਥੀਆਂ ਦਾ ਬਿਉਰਾ ਇਉਂ ਹੈ :

(1) ਪਟਿਆਲੇ ਵਾਲੀ ਪੋਥੀ ਦੇ 224 ਪੱਤਰੇ ਹਨ ਤੇ ਇਸ ਵਿਚ ਰਾਮਕਲੀ, ਸੋਰਠਿ, ਮਲਾਰ ਤੇ ਸਾਰੰਗ ਚਾਰ ਰਾਗਾਂ ਵਿਚ ਬਾਣੀ ਹੈ। ਇਹ ਪੋਥੀ 'ਕੋਈ ਪੜਤਾ ਸਹਸਾਕਿਰਤਾ' (ਰਾਮਕਲੀ) ਤੋਂ ਸ਼ੁਰੂ ਹੁੰਦੀ ਹੈ। ਇਸ ਦੇ ਲਿਖਣ ਦਾ ਆਰੰਭ 1627 ਬਿ: ਅੱਸੂ ਵਿਚ ਤੇ ਸਮਾਪਤੀ 1629 ਭਾਦੋਂ ਦੀ 10 ਨੂੰ ਹੋਈ ਸੀ। ਇਹ ਕਸ਼ਮੀਰੀ ਕਾਗ਼ਜ਼ 'ਤੇ ਕਾਲੀ ਸਿਆਹੀ ਨਾਲ ਲਿਖੀ ਹੋਈ ਹੈ। ਸਾਈਜ਼ 13 ਇੰਚ ਲੰਮਾ ਤੇ ਸਾਢੇ 9 ਇੰਚ ਚੌੜਾ ਹੈ। ਹਰ ਪੱਤਰੇ 'ਤੇ 13 ਸਤਰਾਂ ਹਨ ਤੇ ਹਰ ਸਤਰ ਵਿਚ 12-13 ਲਫ਼ਜ਼।

ਇਸ ਵਿਚ ਮੰਗਲਾਚਰਨ ਇਸ ਪ੍ਰਕਾਰ ਹੈ :

> ੧ਓ ਸਤਿਗੁਰੂ ਪਰਸਾਦੁ ਸਚੁ ਨਾਮੁ ਕਰਤਾਰੁ ਨਿਰਭਉ ਨਿਰੀਕਾਰ ਅਕਾਲ ਮੂਰਤਿ ਅਜੂਨੀ ਸੰਭਉ, ਗੁਰਪਰਸਾਦ॥

(2) ਅਹੀਆਪੁਰ ਵਾਲੀ ਪੋਥੀ ਦੇ ਪੱਤਰੇ 300 ਹਨ ਤੇ ਇਹ 'ਭਾਂਡਾ ਧੋਇ ਬੈਸਿ ਧੂਪ ਦੇਵਹੁ' (ਸੂਹੀ) ਤੋਂ ਸ਼ੁਰੂ ਹੁੰਦੀ ਹੈ।

ਇਸ ਦੇ ਮੁੱਢ ਵਿਚ ਸੰਮਤ 1652 ਬਿ: ਮਾਘ ਵਦੀ 1 ਪੋਥੀ ਲਿਖੀ ਅਬਿਰਿ ਬਾਬੇ ਅੰਕਿਤ ਹੈ। ਇਸ ਵਿਚ ਰਾਗ ਸੂਹੀ, ਪ੍ਰਭਾਤੀ, ਧਨਾਸਰੀ, ਬਸੰਤ, ਤਿਲੰਗ, ਗੂਜਰੀ, ਭੈਰਉ, ਵਾਰ ਆਸਾ ਕੀ, ਮਾਰੂ, ਕੇਦਾਰਾ ਆਦਿ ਸ਼ਾਮਿਲ ਹਨ। ਸੰਮਤ ਤੋਂ ਇਉਂ ਪ੍ਰਤੀਤ ਹੁੰਦਾ ਹੈ ਕਿ ਇਹ ਪੋਥੀ ਕਿਤੇ ਗੁਰੂ ਅਰਜਨ ਸਾਹਿਬ ਦੇ ਜ਼ਮਾਨੇ ਉਤਾਰੀ ਗਈ। ਇਸ ਦਾ ਕਾਗਜ਼, ਸਿਆਹੀ ਤੇ ਸਾਈਜ਼ ਵੀ ਉਸੇ ਪ੍ਰਕਾਰ ਦਾ ਹੈ। ਇਨ੍ਹਾਂ ਪੋਥੀਆਂ ਵਿਚ ਗੁਰੂਆਂ ਦੀ ਬਾਣੀ ਤੋਂ ਇਲਾਵਾ ਕੁਝ ਭਗਤਾਂ ਦੇ ਸ਼ਬਦ ਵੀ ਹਨ, ਜਿਵੇਂ ਕਬੀਰ, ਨਾਮਦੇਵ, ਤ੍ਰਿਲੋਚਨ, ਰਵਿਦਾਸ, ਜੈਦੇਵ, ਰਾਮਾਨੰਦ, ਫਰੀਦ, ਸੈਣ, ਭੀਖਣ ਆਦਿ। ਕੁਝ ਕੁ ਪੱਤਰਿਆਂ 'ਤੇ ਭਗਤਾਂ ਦੇ ਸ਼ਬਦ ਲੰਡਿਆਂ ਜਾਂ ਮਹਾਜਨੀ ਵਿਚ ਵੀ ਲਿਖੇ ਹਨ। ਕਈ ਸ਼ਬਦ ਐਸੇ ਵੀ ਆਏ ਹਨ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ।

ਇਕ ਥਾਂ ਵਾਰਤਕ ਵਿਚ ਟੂਕ ਹੈ, ਜੋ ਸ਼ਾਇਦ ਪੋਥੀ ਦੇ ਲਿਖਾਰੀ ਸਹਸ੍ ਰਾਮ ਦੀ ਦਿਲੀ ਅਰਦਾਸ ਹੈ :

> ਏ ਪਾਰਬ੍ਰਹਮ ਪਰਮੇਸਰ! ਤੇ ਅਬਿਨਾਸੀ ਪੁਰਖ ਬਾਬਾ ਨਾਨਿਕ!...
> ਅਗਦੁ, ਅਮਰਦਾਸੁ ਸਚੇ ਪਾਤਸਾਹ! ਮੇਰਾ ਚਿਤੁ ਬਾਣੀ ਬਾਬੇ...
> ਦੀ ਨਾਲਿ ਲਾਇ, ਏਦੂ ਹੋਰੁ ਊਪਰਿ ਦਾਨ ਕੋਈ ਨਾਹੀ...
> ਜਿਸ ਨੋ ਤੂ ਦੇਹਿ, ਤਿਸ ਨੋ ਮਿਲੈ ਬਾਬਾ ਪਾਤਿਸਾਹ।...

---

2. ਸਤਿਗੁਰ ਕੀ ਬਾਨੀ ਸੋ ਲਿਖੇ। ਜਿਸ ਸਰਧਾ ਹੋਇ ਸੋ ਇਨ ਤੇ ਸਿਖੇ।੧੫।
ਥਾਲੀ ਏਕ ਸਤਿਗੁਰ ਸੰਗ ਖਾਇ। ਸਰਬ ਸਿਧਿ ਬਿਧਿ ਤਾਂਤੇ ਪਾਇ। *(ਮਹਿਮਾ ਪ੍ਰਕਾਸ਼)*

ਮਾਲੂਮ ਇਹ ਹੁੰਦਾ ਹੈ ਕਿ ਤੀਜੇ ਗੁਰੂ ਤੋਂ ਬਾਅਦ ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਸਾਹਿਬ ਵੀ ਬਹੁਤਾ ਚਿਰ ਗੋਇੰਦਵਾਲ ਹੀ ਰਹੇ। ਭਾਵੇਂ ਗੁਰੂ ਕਾ ਚੱਕ (ਅੰਮ੍ਰਿਤਸਰ) ਜ਼ੋਰ-ਸ਼ੋਰ ਨਾਲ ਆਬਾਦ ਹੋਣਾ ਸ਼ੁਰੂ ਹੋ ਗਿਆ ਸੀ, ਲੇਕਿਨ ਗੋਇੰਦਵਾਲ ਦਾ ਗੌਰਵ ਸਭ ਤੋਂ ਵੱਧ ਸੀ, ਕਿਉਂਕਿ ਲਗਭਗ ਪੰਜਾਹ ਵਰ੍ਹੇ ਤੋਂ ਬਿਆਸ ਦਰਿਆ ਦੇ ਨਾਲ ਨਾਲ ਇਥੇ ਰੂਹਾਨੀਅਤ ਦਾ ਦਰਿਆ, ਅਖੰਡ ਵਹਿੰਦਾ ਆ ਰਿਹਾ ਸੀ।

ਭਿਖਾ ਤੇ ਟੋਡਾ ਵਰਗੇ ਭੱਟ ਵਿਦਵਾਨ ਇਥੇ ਹੀ ਗੁਰੂ ਸ਼ਰਨ ਆਏ ਤੇ ਉਨ੍ਹਾਂ ਤਸੱਲੀ ਪ੍ਰਗਟ ਕੀਤੀ ਕਿ ਜੋ ਕੁਝ ਲੋੜੀਂਦਾ ਸੀ, ਉਹ ਸਾਨੂੰ ਗੁਰ-ਦਰਸ਼ਨਾਂ ਤੋਂ ਮਿਲ ਗਿਆ ਹੈ :

ਕਲਿ ਮਾਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ ॥
ਗੁਰੁ ਮਿਲ੍ਹਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ ॥

(ਸਵਈਏ ਮਹਲੇ ਤੀਜੇ ਕੇ ੩, ਪੰਨਾ 1395)

ਇਸੇ ਤਰ੍ਹਾਂ ਗੋਇੰਦਵਾਲ ਦੇ ਨਜ਼ਾਰੇ ਅੱਖੀਂ ਦੇਖਣ ਵਾਲੇ ਭਾਈ ਸੱਤਾ ਤੇ ਰਾਇ ਬਲਵੰਡ ਵਰਗੇ ਰਬਾਬੀ ਵੀ ਸਾਖੀ ਭਰਦੇ ਹਨ :

ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ ॥
ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ ॥ *(ਵਾਰ ਰਾਮਕਲੀ, ਪੰਨਾ 968)*

ਜਲ੍ਹ ਭੱਟ ਬਿਆਸ ਕਿਨਾਰੇ ਬਾਣੀ ਦੀ ਗੰਗਾ ਵੇਖ ਕੇ ਅਸ਼ ਅਸ਼ ਕਰ ਉਠਿਆ ਤੇ ਉਸ ਨੇ ਪੂਰੇ ਭਰੋਸੇ ਨਾਲ ਕਿਹਾ ਕਿ ਇਹ ਤਾਂ ਸੱਚਮੁੱਚ ਰੱਬੀ ਨਗਰੀ 'ਗੋਬਿੰਦਪੁਰੀ' ਬਣ ਗਈ ਹੈ :

ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲ੍ਹਨ ਤੀਰਿ ਬਿਪਾਸ ਬਨਾਯਉ ॥

(ਸਵਈਏ ਮਹਲੇ ਚਉਥੇ ਕੇ ੪, ਪੰਨਾ 1400)

ਇਹ ਸਮਕਾਲੀ ਗਵਾਹੀਆਂ ਦੱਸਦੀਆਂ ਹਨ ਕਿ ਗੋਇੰਦਵਾਲ ਨਵੀਂ ਵਿਚਾਰਧਾਰਾ, ਨਵੀਂ ਸ਼ਿਸ਼-ਮੰਡਲੀ ਤੇ ਗੁਰਬਾਣੀ ਲਿਖਣ, ਪੜ੍ਹਨ, ਗਾਉਣ, ਕਮਾਉਣ ਦਾ ਵਿਸ਼ੇਸ਼ ਕੇਂਦਰ ਬਣ ਗਿਆ ਸੀ।

ਗੁਰੂ ਅਮਰਦਾਸ ਸਾਹਿਬ ਤੋਂ ਬਾਅਦ ਜਦ ਗੁਰੂ ਰਾਮਦਾਸ ਜੀ ਛੇ-ਸੱਤ ਸਾਲ ਗੁਰਿਆਈ ਦੀ ਗੱਦੀ ਉੱਤੇ ਰਹੇ ਤਾਂ ਉਹ ਵੀ ਬਾਣੀ ਲਿਖਣ ਲਿਖਾਉਣ ਵਿਚ ਪੂਰੀ ਦਿਲਚਸਪੀ ਲੈਂਦੇ ਰਹੇ। ਗੋਇੰਦਵਾਲ ਵਾਲੀ ਪਟਿਆਲੇ ਪਈ ਪੋਥੀ ਵਿਚ 'ਗੁਲਾਮ ਮਸਤਾਨ ਜੇਠਾ ਚੰਦ' (ਪੱਤਰਾ 93) ਕਰਕੇ ਆਪ ਦੇ ਦਸਖ਼ਤ ਵੀ ਮਿਲਦੇ ਹਨ। ਇਸ ਤੋਂ ਇਲਾਵਾ ਉਹ ਆਪ ਵੀ ਗੁਟਕੇ ਜਾਂ ਪੋਥੀਆਂ ਲਿਖਦੇ ਰਹਿੰਦੇ ਸਨ। ਜਦੋਂ ਗੁਰੂ ਅਰਜਨ ਸਾਹਿਬ ਨੇ ਆਦਿ ਗ੍ਰੰਥ ਦਾ ਸੰਪਾਦਨ ਕੀਤਾ ਤਾਂ ਮੁੱਢ ਵਿਚ 'ਜਪੁ' ਦਾ ਉਤਾਰਾ ਉਨ੍ਹਾਂ ਉਸੇ ਗੁਟਕੇ ਤੋਂ ਲਿਆ ਸੀ, ਜੋ ਗੁਰੂ ਰਾਮਦਾਸ ਜੀ ਦਾ ਹੱਥੀਂ ਲਿਖਿਆ ਹੋਇਆ ਸੀ। ਇਸੇ ਕਰਕੇ ਪ੍ਰਾਚੀਨ ਲਿਖਤੀ ਬੀੜਾਂ ਵਿਚ ਇਹ ਨੋਟ ਆਮ ਮਿਲਦਾ ਹੈ :

ਜਪੁ ਗੁਰੂ ਰਾਮਦਾਸ ਜੀਉਕੇ ਦਸਖਤਾਂ ਕਾ ਨਕਲੁ।

ਇਕ ਗੱਲ ਹੋਰ, ਗੁਰੂ ਨਾਨਕ ਸਾਹਿਬ ਨੇ 19 ਰਾਗਾਂ ਵਿਚ ਬਾਣੀ ਲਿਖੀ ਤੇ

ਗੁਰੂ ਅਮਰਦਾਸ ਜੀ ਨੇ 17 ਰਾਗਾਂ ਵਿਚ (ਤਿਲੰਗ ਤੇ ਤੁਖਾਰੀ ਛੱਡ ਕੇ), ਲੇਕਿਨ ਗੁਰੂ ਰਾਮਦਾਸ ਜੀ ਨੇ ਦਸ ਨਵੇਂ ਰਾਗਾਂ ਦਾ ਵਾਧਾ ਕਰ ਕੇ 29 ਰਾਗਾਂ ਵਿਚ ਬਾਣੀ ਲਿਖੀ। ਗੁਰੂ ਅਰਜਨ ਸਾਹਿਬ ਨੇ 30 ਰਾਗਾਂ ਵਿਚ ਬਾਣੀ ਰਚੀ। ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਗੋਇੰਦਵਾਲ ਵਿਚ ਚੰਗੇ ਚੰਗੇ ਸ਼ਾਸਤਰੀ ਸੰਗੀਤ ਦੇ ਗੁਣੀ ਗਵੱਈਏ ਆਉਂਦੇ ਜਾਂਦੇ ਰਹਿੰਦੇ ਸਨ ਤੇ ਉਨ੍ਹਾਂ ਦੀ ਸੰਗਤ ਸਦਕਾ ਹੀ ਸਿੱਖਾਂ ਵਿਚ ਸੰਗੀਤ ਕਲਾ ਏਨੀ ਪ੍ਰਫੁੱਲਿਤ ਹੋਈ। ਅਕਬਰ ਦੇ ਦਰਬਾਰ ਵਿਚ ਲੱਗਦੀਆਂ ਸੰਗੀਤ ਮਹਿਫ਼ਲਾਂ ਸਾਰੇ ਦੇਸ਼ ਨੂੰ ਪ੍ਰਭਾਵਿਤ ਕਰ ਰਹੀਆਂ ਸਨ ਤੇ ਬਾਦਸ਼ਾਹ ਲਾਹੌਰ ਵੀ ਕਾਫ਼ੀ ਅਰਸਾ ਠਹਿਰਿਆ ਰਿਹਾ ਤੇ ਇਸ ਦਾ ਅਸਰ ਸਿੱਖ ਲਹਿਰ ਉੱਤੇ ਵੀ ਪਿਆ। *ਆਇਨੇ ਅਕਬਰੀ* ਵਿਚ ਸਿਰੀਰਾਗੁ ਨੂੰ ਪ੍ਰਮੁੱਖ ਥਾਂ ਦਿੱਤਾ ਗਿਆ ਹੈ ਤੇ ਇਧਰ ਗੁਰੂ ਗ੍ਰੰਥ ਸਾਹਿਬ ਵਿਚ ਵੀ ਸਭ ਤੋਂ ਪਹਿਲਾਂ ਸਿਰੀਰਾਗੁ ਦੀ ਬਾਣੀ ਦਰਜ ਹੈ।

ਇਹ ਤਾਂ ਪ੍ਰਗਟ ਹੈ ਕਿ ਇਹ ਬਾਣੀ ਅਧਿਆਤਮਕ ਅਨੁਭਵ, ਕਾਵਿ-ਰੂਪ, ਭਾਸ਼ਾ, ਸ਼ੈਲੀ ਤੇ ਸੰਗੀਤ ਦੀ ਵੰਨ-ਸੁਵੰਨਤਾ ਦਾ ਵਚਿੱਤਰ ਭੰਡਾਰ ਸੀ, ਜੋ ਗੋਇੰਦਵਾਲ ਦੀ ਪੈਦਾਵਾਰ ਸੀ। ਭਾਵੇਂ ਗੁਰੂ ਅਰਜਨ ਸਾਹਿਬ ਕਾਫ਼ੀ ਸਮਾਂ ਬਾਹਰ ਨਵੀਆਂ ਬਸਤੀਆਂ ਵਸਾਉਣ ਵਿਚ ਰੁੱਝੇ ਰਹੇ ਤੇ ਗੁਰੂ ਕਾ ਚੱਕ (ਅੰਮ੍ਰਿਤਸਰ) ਵੀ ਕਾਫ਼ੀ ਪ੍ਰਭੁਤਾ ਲੈ ਗਿਆ, ਲੇਕਿਨ ਗੁਰਿਆਈ ਦਾ ਕੇਂਦਰ ਗੋਇੰਦਵਾਲ ਹੀ ਸੀ। ਚੁਨਾਂਚਿ ਜਦੋਂ ਇਸ ਲਹਿਰ ਦੀ ਚੜ੍ਹਦੀ ਕਲਾ 1605 ਈ: ਵਿਚ ਨਵੇਂ ਬਾਦਸ਼ਾਹ ਜਹਾਂਗੀਰ ਦੇ ਸੀਨੇ ਵਿਚ ਰੜਕੀ ਤਾਂ ਉਹ ਇਹੋ ਕਹਿੰਦਾ ਹੈ, "ਦਰਿਆ ਬਿਆਸ ਦੇ ਕਿਨਾਰੇ ਗੋਇੰਦਵਾਲ ਵਿਚ ਪੀਰਾਂ ਬਜ਼ੁਰਗਾਂ ਦੇ ਭੇਸ ਅੰਦਰ ਅਰਜਨ ਨਾਂ ਦਾ ਹਿੰਦੂ ਸੀ, ਉਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂਆਂ ਨੂੰ ਹੀ ਨਹੀਂ, ਸਗੋਂ ਕਈ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੇ ਧਰਮ ਦਾ ਸ਼ਰਧਾਲੂ ਬਣਾ ਕੇ ਆਪਣੀ ਗੁਰਿਆਈ ਦਾ ਢੋਲ ਵਜਾਇਆ ਹੋਇਆ ਸੀ ਤੇ ਲੋਕ ਉਸ ਨੂੰ 'ਗੁਰੂ' ਆਖਦੇ ਸਨ।" ਜਿਵੇਂ :

> ਦਰ ਗੋਇੰਦਵਾਲ ਕਿ ਬਰ ਕਿਨਾਰਿ ਦਰਿਆਇ ਬਿਆਹ ਵਾਕਿਆ ਅਸਤ੍ਰ, ਹਿੰਦੂਏ ਬੂਦ ਅਰਜਨ ਨਾਮ, ਦਰ ਲਿਬਾਸੇ ਪੀਰੀ ਵ ਸ਼ੇਖੀ ਚੁਨਾਂਚਿ ਬਿਸਿਆਰਿ ਅਜ਼ ਸਾਦਾ-ਲੁਹਾਨਿ ਹਨੂਦ ਬਲਕਿ ਨਾਦਾਨ ਵ ਸਫ਼ਿਹਾਨਿ ਇਸਲਾਮ ਰਾ ਮੁਕਾਇਦਿ ਇਤਬਾਰ ਵ ਅਉਜ਼ਾਇ ਖ਼ੁਦ ਸਾਖਤਾ ਕੋਸੇ ਪੀਰੀ ਵ ਵਲਾਇਤ ਰਾ ਬੁਲੰਦ ਅਵਾਜ਼ਾ ਗਰਦਾਨੀਦਾ ਬੂਦ, ਊਰਾ ਗੁਰੂ ਮੇ ਗੁਫ਼ਤੰਦ।
>
> *(ਤੁਜ਼ਕਿ ਜਹਾਂਗੀਰੀ)*

ਸ਼ਾਇਦ ਫ਼ਾਰਸੀ ਤਵਾਰੀਖ਼ ਵਿਚ ਗੋਇੰਦਵਾਲ ਦਾ ਇਹ ਪਹਿਲਾ ਹਵਾਲਾ ਹੈ, ਜੋ ਕਿ ਜਹਾਂਗੀਰ ਨੇ ਖ਼ੁਦ ਕੀਤਾ। ਇਸ ਲਿਖਤ ਤੋਂ ਇਹ ਜ਼ਾਹਿਰ ਹੈ ਕਿ ਭਾਵੇਂ ਗੁਰੂ ਅਰਜਨ ਸਾਹਿਬ ਗੁਰਿਆਈ ਦਾ ਕੇਂਦਰ, ਗੁਰੂ ਕਾ ਚੱਕ ਬਣਾ ਰਹੇ ਸਨ, ਪਰ ਪੱਕਾ ਟਿਕਾਣਾ ਗੋਇੰਦਵਾਲ ਹੀ ਸੀ। ਜਦੋਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਨ ਲੱਗੇ ਤਾਂ ਉਹ ਫਿਰ ਗੋਇੰਦਵਾਲ ਆਏ ਤੇ ਆਪਣੇ ਮਾਮਾ ਜੀ ਪਾਸੋਂ ਜਿਵੇਂ ਕਿਵੇਂ ਬਾਣੀ ਦੀਆਂ ਪੋਥੀਆਂ ਲੈ ਕੇ ਗਏ।

ਇਸ ਸਾਰੀ ਵਿਥਿਆ ਤੋਂ ਅਸੀਂ ਇਹ ਸਹਿਜੇ ਹੀ ਅਨੁਮਾਨ ਕਰ ਸਕਦੇ ਹਾਂ

ਕਿ ਗੋਇੰਦਵਾਲ ਦੀ ਸਾਹਿੱਤਕ ਪਰੰਪਰਾ ਬੜੀ ਬਲਵਾਨ ਤੇ ਅਮੀਰ ਰਹੀ ਹੈ। ਤਿੰਨ ਗੁਰੂ ਸਾਹਿਬਾਨ ਦੇ ਪੱਕੇ ਟਿਕਾਣੇ ਤੋਂ ਇਲਾਵਾ ਪੋਥੀਆਂ ਲਿਖਣ ਦੀ ਪਰੰਪਰਾ ਵੀ ਇਥੋਂ ਹੀ ਸ਼ੁਰੂ ਹੋਈ, ਜਿਥੇ ਕਿ ਪੁਰਾਤਨ ਭੰਡਾਰ ਨੂੰ ਨਵੇਂ ਰੂਪ ਵਿਚ ਤਿਆਰ ਕੀਤਾ ਜਾਂਦਾ ਸੀ। ਫਿਰ ਕਈ ਰਾਗੀ ਰਬਾਬੀ ਤੇ ਕਈ ਭੱਟ ਵੀ ਇਥੇ ਹੀ ਬਾਣੀ ਉਚਾਰਣ ਕਰਦੇ ਰਹੇ। ਭਾਈ ਸੁੰਦਰ ਨੇ ਗੁਰੂ ਅਮਰਦਾਸ ਜੀ ਦੇ ਅੰਤਮ ਉਪਦੇਸ਼ ਨੂੰ ਇਥੇ ਹੀ 'ਸਦ' ਰੂਪ ਵਿਚ ਗੁੰਥਨ ਕਰ ਕੇ ਸਾਡੇ ਇਤਿਹਾਸ ਨੂੰ ਕਈ ਅਮੁੱਲੀਆਂ ਸੂਚਨਾਵਾਂ ਦੇ ਕੇ ਕ੍ਰਿਤਾਰਥ ਕੀਤਾ।

ਸੋ ਗੁਰਬਾਣੀ ਦੀ ਟਕਸਾਲ, ਜੋ ਪਿੱਛੋਂ ਅੰਮ੍ਰਿਤਸਰ, ਅਨੰਦਪੁਰ ਜਾਂ ਦਮਦਮਾ ਸਾਹਿਬ ਵਿਚ ਭਾਗ ਲਾਉਂਦੀ ਰਹੀ, ਇਸ ਦਾ ਮੁੱਢ ਗੋਇੰਦਵਾਲ ਵਿਚ ਹੀ ਬੱਝਾ ਸੀ। ਗੁਰਮੁਖੀ ਦੇ ਲਿਖਾਰੀ ਗੋਇੰਦਵਾਲ ਨੇ ਦਿੱਤੇ ਤੇ ਗੁਰਬਾਣੀ ਦੀ ਵਿਆਖਿਆਕਾਰੀ ਵੀ ਭਾਈ ਗੁਰਦਾਸ ਤੇ ਸ੍ਰੀ ਮਿਹਰਵਾਨ ਨਾਲ ਇਥੋਂ ਹੀ ਪ੍ਰਫੁੱਲਿਤ ਹੋਈ।

ਭੱਲਾ ਘਰਾਣਾ ਦੇ ਸਾਹਿੱਤ-ਰਤਨ

ਗੁਰੂਆਂ ਤੋਂ ਇਲਾਵਾ ਗੋਇੰਦਵਾਲ ਦੀ ਸਾਹਿੱਤ-ਟਕਸਾਲ ਦੇ ਹੋਰ ਵੀ ਕਈ ਕੀਮਤੀ ਸਿੱਕੇ ਹਨ, ਜਿਨ੍ਹਾਂ ਵਿੱਚੋਂ ਭਾਈ ਗੁਰਦਾਸ ਦਾ ਨਾਂ ਪ੍ਰਮੁੱਖ ਹੈ। ਭਾਈ ਗੁਰਦਾਸ (1551-1636 ਈ:) ਗੁਰੂ ਅਮਰਦਾਸ ਜੀ ਦੇ ਛੋਟੇ ਭਾਈ ਈਸ਼ਰ ਦਾਸ ਦਾ ਪੁੱਤਰ ਸੀ, ਜੋ ਆਪਣੇ ਤਾਇਆ ਜੀ ਨਾਲ ਗੋਇੰਦਵਾਲ ਆ ਗਿਆ ਸੀ। ਆਪ ਨੂੰ ਚਾਰ ਗੁਰੂਆਂ ਦੀ ਸੰਗਤ ਦਾ ਮਾਣ ਮਿਲਿਆ ਤੇ ਬਾਹਰ ਵੀ ਦੂਰ ਦੂਰ ਰਟਨ ਕੀਤਾ। ਇਸ ਦੇ ਮੁਕਾਬਲੇ ਦਾ ਹੋਰ ਕੋਈ ਵੀ ਵਿਦਵਾਨ ਸਿੱਖ ਨਹੀਂ ਹੋਇਆ, ਜਿਸ ਨੇ ਪੰਜਾਬੀ ਤੇ ਬ੍ਰਿਜ ਭਾਸ਼ਾ ਦੋਹਾਂ ਵਿਚ ਗੁਰਮਤਿ ਬਾਰੇ ਵਧੀਆ ਕਾਵਿ-ਰਚਨਾ ਕੀਤੀ ਹੋਵੇ।

ਪ੍ਰਿਥੀ ਚੰਦ ਦਾ ਪੁੱਤਰ ਮਿਹਰਵਾਨ (1581-1639 ਈ:) ਗੁਰੂ ਅਰਜਨ ਸਾਹਿਬ ਦੀ ਨਿਗਰਾਨੀ ਵਿਚ ਸੁਸਿਖਿਅਤ ਹੋ ਕੇ ਬਾਣੀ ਦੀਆਂ ਪੋਥੀਆਂ ਲਿਖਣ ਵਿਚ ਹੱਥ ਵਟਾਉਂਦਾ ਰਿਹਾ ਸੀ। ਪਿੱਛੋਂ ਜਾ ਕੇ ਭਾਵੇਂ ਇਹ ਵੱਖਰੀ ਗੁਰਿਆਈ ਦਾ ਦਾਅਵੇਦਾਰ ਬਣਿਆ, ਪਰੰਤੂ ਇਸ ਨੇ ਜੋ ਗੁਰਬਾਣੀ ਪਰਮਾਰਥ ਲਿਖਣ ਲਿਖਾਉਣ ਦੀ ਸੇਵਾ ਕਰਵਾਈ, ਉਹ ਸ਼ਲਾਘਾਯੋਗ ਹੈ। ਇਸ ਨੇ ਵੀ ਬਿਆਸ ਦਾ ਪਾਣੀ ਪੀਤਾ ਸੀ।

ਕ੍ਰਿਸ਼ਨ ਦਾਸ ਦਾ ਪੁੱਤਰ ਹਿਰਦੇ ਰਾਮ ਭੱਲਾ ਇਸੇ ਘਰਾਣੇ ਦਾ ਹੋਰ ਚੰਨ ਚਿਰਾਗ਼ ਸੀ, ਜਿਸ ਨੇ 1623 ਈ: ਵਿਚ *ਹਨੂਮਾਨ ਨਾਟਕ* ਵਿਚ ਐਸੀ 'ਰਾਮ ਕਥਾ' ਲਿਖੀ ਕਿ ਪੰਜਾਬ ਵਿਚ ਕਿਸੇ ਹੋਰ ਰਾਮਾਇਣ ਦੇ ਪੈਰ ਨਾ ਲੱਗੇ। ਪੰਜਾਬੀ ਇਸੇ ਦਾ ਪਾਠ ਕਰਨ ਵਿਚ ਮਸਤ ਰਹੇ।

ਬਾਵਾ ਸਰੂਪ ਚੰਦ ਨੇ 1741 ਈ: ਵਿਚ *ਵਾਰਤਕ ਮਹਿਮਾ ਪ੍ਰਕਾਸ਼* ਦੀ ਰਚਨਾ ਕਰ ਕੇ ਗੁਰੂ ਸਾਖੀਆਂ ਇਕੱਤਰ ਕਰਨ ਦਾ ਮੁੱਢ ਰੱਖਿਆ ਅਤੇ ਇਸ ਦੇ ਪੁੱਤਰ ਬਾਬਾ ਕ੍ਰਿਪਾ ਦਯਾਲ ਸਿੰਘ ਨੇ ਇਸ ਨੂੰ ਹੋਰ ਵਧਾ ਕੇ ਤੇ ਛੰਦਬੱਧ ਕਰ ਕੇ 1776 ਈ:

ਵਿਚ ਪੇਸ਼ ਕੀਤਾ, ਜੋ ਕਿ ਗੁਰੂ ਜੀਵਨੀਆਂ ਲਈ ਸੋਮਾ ਬਣ ਗਿਆ। ਇਸ ਦਾ ਛੋਟਾ ਭਾਈ ਤੋਲਾ ਸਿੰਘ ਵੀ ਕਵੀ ਸੀ, ਜਿਸ ਨੇ *ਗੁਰ ਰਤਨਾਵਲੀ* ਲਿਖੀ। ਬਾਵਾ ਸੂਰੂਪ ਚੰਦ ਦੇ ਖ਼ਾਨਦਾਨ ਵਿੱਚੋਂ ਹੀ ਬਾਵਾ ਸਾਧੂ ਸਿੰਘ (1840-1907 ਈ:) ਵਿਦਵਾਨ ਹੋਏ, ਜਿਨ੍ਹਾਂ ਦੀਆਂ ਦੋ ਪੁਸਤਕਾਂ ਪ੍ਰਸਿੱਧ ਹਨ—(1) *ਸ੍ਰੀ ਮੁਖਵਾਕ ਸਿਧਾਂਤ ਜਯੋਤੀ*, (2) *ਗੁਰ ਸਿਖਯਾ ਪ੍ਰਭਾਕਰ*।

ਬਾਵਾ ਸਾਧੂ ਸਿੰਘ ਦੇ ਲਾਇਕ ਸਪੁੱਤਰ ਬਾਵਾ ਸੁਮੇਰ ਸਿੰਘ (1840-1902) ਸਨ, ਜੋ ਬ੍ਰਿਜ ਭਾਸ਼ਾ ਦੇ ਚੰਗੇ ਕਵੀ ਸਨ ਤੇ ਚਿਰ ਕਾਲ ਪਟਨਾ ਸਾਹਿਬ ਦੇ ਵੀ ਮਹੰਤ ਰਹੇ। ਆਪ ਨੇ *ਗੁਰਪਦ ਪ੍ਰੇਮ ਪ੍ਰਕਾਸ਼* ਲਿਖ ਕੇ ਗੁਰੂ ਸਾਹਿਬਾਨ ਦਾ ਚਰਿੱਤਰ ਸੁੰਦਰ ਕਾਵਿ ਵਿਚ ਗੁੰਥਨ ਕੀਤਾ। ਇਸ ਦਾ ਕੁਝ ਭਾਗ 1882 ਈ: ਵਿਚ ਪੱਥਰ ਦੇ ਛਾਪੇ ਵਿਚ ਛਪਿਆ ਸੀ। ਆਪ ਨਿਜ਼ਾਮਾਬਾਦ, ਜ਼ਿਲ੍ਹਾ ਆਜ਼ਮਗੜ੍ਹ ਵਿਚ ਨਿਵਾਸ ਰੱਖਦੇ ਸਨ ਤੇ ਕਵੀ ਮੰਡਲੀ ਆਪ ਦੇ ਇਰਦ ਗਿਰਦ ਭੌਰਾਂ ਵਾਂਗ ਮੰਡਲਾਂਦੀ ਰਹਿੰਦੀ ਸੀ। ਸ੍ਰੀ ਅਯੋਧਯਾ ਸਿੰਹੁ ਉਪਾਧਿਆਇ (1865-1941 ਈ:) ਆਪ ਦੇ ਹੀ ਸ਼ਿਸ਼ ਸਨ, ਜਿਨ੍ਹਾਂ ਆਪ ਦੀ ਵਿਦਵਤਾ ਦੀ ਬੜੀ ਤਾਰੀਫ਼ ਕੀਤੀ ਹੈ।[3]

ਪੰਜਾਬੀ ਸਾਹਿੱਤ ਦੇ ਮੁੱਢਲੇ ਖੋਜੀ ਬਾਵਾ ਬੁਧ ਸਿੰਘ (1878-1931) ਭੱਲਾ ਘਰਾਣੇ ਵਿੱਚੋਂ ਹੀ ਸਨ, ਜਿਨ੍ਹਾਂ ਵੀਹਵੀਂ ਸਦੀ ਦੇ ਮੁੱਢ ਵਿਚ ਪੰਜਾਬੀ ਲਈ ਅਣਥੱਕ ਘਾਲ ਘਾਲੀ। ਇਸੇ ਤਰ੍ਹਾਂ ਬਾਵਾ ਪ੍ਰੇਮ ਸਿੰਘ ਹਿਸਟੋਰੀਅਨ ਹੋਤੀ ਮਰਦਾਨ (1882-1954 ਈ:) ਨੇ ਜਿਸ ਤਰ੍ਹਾਂ ਪੰਜਾਬ ਦੇ ਸੂਰਬੀਰਾਂ ਦਾ ਇਤਿਹਾਸ ਲਿਖ ਕੇ ਜੋ ਸੇਵਾ ਕੀਤੀ, ਉਹ ਨਾ ਭੁਲਾਈ ਜਾਣ ਵਾਲੀ ਹੈ।

ਇਸ ਤਰ੍ਹਾਂ ਹੋਰ ਵੀ ਅਨੇਕਾਂ ਲੇਖਕ ਤੇ ਕਵੀ ਹੋਏ, ਜਿਨ੍ਹਾਂ ਉੱਤੇ ਗੁਰੂ ਅਮਰਦਾਸ ਜੀ ਦੀ ਅਮਿਟ ਛਾਪ ਦਿਖਾਈ ਦਿੰਦੀ ਹੈ ਤੇ ਉਹ ਗੋਇੰਦਵਾਲ ਦੇ ਵਿਰਸੇ ਉੱਤੇ ਮਾਣ ਕਰਦੇ ਨਹੀਂ ਥੱਕਦੇ, ਕਿਉਂਕਿ ਇਹ ਅਸਥਾਨ ਗੁਣੀ ਗਿਆਨੀਆਂ, ਕਵੀਆਂ, ਲਿਖਾਰੀਆਂ, ਰਾਗੀ-ਰਬਾਬੀਆਂ ਤੇ ਭੱਟ ਵਿਦਵਾਨਾਂ ਦਾ ਟਿਕਾਣਾ ਰਿਹਾ ਹੈ।

•

3. ਦੇਖੋ, *ਹਿੰਦੀ ਭਾਸ਼ਾ ਔਰ ਸਾਹਿੱਤ ਕਾ ਵਿਕਾਸ*।

ਦੀਵਾਨ ਭਾਈ ਮਤੀ ਦਾਸ ਅਤੇ ਉਸ ਦਾ ਘਰਾਣਾ

ਭਾਈ ਮਤੀ ਦਾਸ ਜੀ ਪਹਿਲੇ ਸਿੱਖ ਸ਼ਹੀਦ ਹਨ, ਜਿਨ੍ਹਾਂ ਸੀਸ ਉੱਤੇ ਆਰਾ ਰਖਾ ਕੇ ਜਬਰ-ਜ਼ੁਲਮ ਦੀ ਸਲਤਨਤ ਨੂੰ ਦੋਫਾੜ ਕੀਤਾ। ਇਹ ਨਵੀਂ ਗੱਲ ਸੀ ਕਿ ਆਰਾ ਆਪਣੇ ਸੀਸ ਉੱਤੇ ਫਿਰਵਾਇਆ ਜਾਵੇ ਤੇ ਚੀਰਿਆ ਦੂਜੇ ਨੂੰ ਜਾਵੇ। ਇਹ ਕੋਈ ਸ਼ਕਤੀਮਾਨ ਸ਼ੁੱਧ ਪਵਿੱਤਰ ਆਤਮਾ ਹੀ ਕਰ ਸਕਦੀ ਸੀ। ਹਜ਼ਰਤ ਈਸਾ ਮਸੀਹ ਬਾਰੇ ਮਸ਼ਹੂਰ ਹੈ ਕਿ ਉਨ੍ਹਾਂ ਆਪਣੀ ਸਲੀਬ ਖ਼ੁਦ ਮੋਢੇ ਉਠਾਈ ਸੀ। ਭਾਈ ਮਤੀ ਦਾਸ ਜੀ ਨੇ ਵੀ ਆਪਣੇ ਪੂਜਨੀਕ ਗੁਰੂ ਵਾਂਗ ਲੋਕਾਂ ਦੇ ਗੁਨਾਹਾਂ ਦੀ ਸ਼ਫ਼ਾ ਲਈ ਸਿਰ ਉੱਤੇ ਆਰਾ ਚਲਵਾਇਆ ਤੇ ਸਿੱਖੀ ਸਿਦਕ ਪੂਰਨ ਭਾਂਤ ਨਿਭਾਇਆ।

ਭਾਈ ਗੁਰਦਾਸ ਨੇ ਸ਼ਹੀਦ ਦੇ ਲੱਛਣ ਬਿਆਨ ਕਰਦਿਆਂ ਦੋ ਗੱਲਾਂ ਕਹੀਆਂ ਹਨ ਕਿ ਸ਼ਹਾਦਤ ਦਾ ਜਾਮ ਉਹੋ ਪਾਨ ਕਰ ਸਕਦਾ ਹੈ, ਜੋ ਸਬਰ ਤੇ ਸਿਦਕ ਦਾ ਧਾਰਨੀ ਹੋਵੇ। ਸਬਰ ਕਾਰਨ ਉਹ ਸੰਸਾਰਕ ਲੋਭ ਵਿਚ ਨਹੀਂ ਡਿੱਗਦਾ ਤੇ ਸਿਦਕ ਸਦਕੇ ਉਹ ਅਟੱਲ ਤੇ ਅਡੋਲ ਰਹਿੰਦਾ ਹੈ। ਦੂਸਰੇ ਸ਼ਹੀਦ ਲਈ ਭਰਮ ਅਤੇ ਭਉ ਤੋਂ ਰਹਿਤ ਹੋਣਾ ਬਹੁਤ ਜ਼ਰੂਰੀ ਹੈ। ਉਹ ਧੁੰਦਲੀ ਦਸ਼ਾ ਵਿਚ ਨਾ ਹੋਵੇ ਤੇ ਨਾ ਹੀ ਕਿਸੇ ਤਰ੍ਹਾਂ ਦੇ ਭੈਅ ਦਾ ਸ਼ਿਕਾਰ ਹੋਵੇ:

ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ॥
ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ॥ *(ਵਾਰ 3, ਪਉੜੀ 18)*

ਭਾਈ ਮਤੀ ਦਾਸ ਭਰਮ ਭੈਅ ਤੋਂ ਮੁਕਤ ਹੋ ਕੇ ਸਤਿਗੁਰੂ ਨਾਲ ਆਇਆ ਸੀ ਤੇ ਉਸ ਨੇ ਆਪਣਾ ਈਮਾਨ ਇਤਕਾਦ ਤੋੜ ਨਿਭਾਇਆ। ਇਤਿਹਾਸ ਵਿਚ ਆਇਆ ਹੈ ਕਿ ਸਤਿਗੁਰਾਂ ਦੀ ਕ੍ਰਿਪਾ ਦ੍ਰਿਸ਼ਟੀ ਸਦਕੇ ਉਸ ਨੂੰ ਅਜ਼ਮਤ ਵੀ ਪ੍ਰਾਪਤ ਸੀ ਤੇ ਉਸ ਨੇ ਇਹ ਚਾਹਿਆ ਸੀ ਕਿ ਨੌਵੇਂ ਗੁਰੂ ਜਿਹੇ ਧਰਮਾਤਮਾ ਨੂੰ ਤਸੀਹੇ ਦੇਣ ਵਾਲੀ ਦਿੱਲੀ ਦੀ ਇੱਟ ਨਾਲ ਇੱਟ ਖੜਕਾ ਦਿਆਂ, ਲੇਕਿਨ ਗੁਰੂ ਦੀ ਰਹਿਨੁਮਾਈ ਨੇ ਸਮਝਾਇਆ ਕਿ ਅਸਾਂ ਅਜਿਹਾ ਨਹੀਂ ਕਰਨਾ। ਕਰਾਮਾਤ ਕਹਿਰ ਹੈ, ਅਸਾਂ ਤਾਂ ਅਜਰ ਜਰਨਾ ਤੇ ਭਾਣੇ ਨੂੰ ਮਿੱਠਾ ਕਰਕੇ ਮੰਨਣਾ ਹੈ। ਫਿਰ ਕਾਜ਼ੀ ਨੇ ਪੁੱਛਿਆ ਸੀ ਕਿ ਭਾਈ ਸਾਹਿਬ, "ਤੁਹਾਡੀ ਕੋਈ ਅੰਤਮ ਇੱਛਾ ਹੈ?" ਤਾਂ ਆਪ ਦਾ ਇੱਕੋ ਇਕ ਜਵਾਬ ਸੀ ਕਿ ਆਰਾ ਫੇਰਨ ਸਮੇਂ ਮੇਰਾ ਮੂੰਹ ਮੇਰੇ ਮਹਿਬੂਬ ਸਤਿਗੁਰੂ ਦੇ ਪਿੰਜਰੇ ਵੱਲ ਹੀ ਰੱਖਿਆ ਜਾਵੇ ਅਤੇ ਮੇਰੇ ਲਹੂ ਨਾਲ ਲੱਥ-ਪੱਥ ਮੂੰਹ ਨੂੰ ਇਸੇ ਤਰ੍ਹਾਂ ਹੀ ਰਹਿਣ

ਦਿੱਤਾ ਜਾਵੇ ਤਾਂ ਕਿ ਮੈਂ ਇਥੋਂ ਸੁਰਖ਼ਰੂ ਹੋ ਕੇ ਜਾਵਾਂ ਤੇ ਮੇਰੀ ਪ੍ਰੀਤਿ ਤੋੜ ਨਿਭੇ; ਇਹੋ ਅੰਤਮ ਅਰਦਾਸ ਹੈ :

ਜਉ ਤਨ ਚੀਰਉ ਤਉ ਅੰਗ ਨ ਮੋਰਉ।
ਪਿੰਡ ਪਰੇ ਤਉ ਪ੍ਰੀਤਿ ਨ ਤੋਰਉ।

ਭਾਈ ਮਤੀ ਦਾਸ ਮੁਹਯਾਲ ਬ੍ਰਾਹਮਣ ਸਨ। ਸੋ ਪਹਿਲਾਂ ਮੁਹਯਾਲ ਜਾਤੀ ਬਾਰੇ ਕੁਝ ਵਿਚਾਰ ਕਰਨਾ ਜ਼ਰੂਰੀ ਹੈ। ਬ੍ਰਾਹਮਣ ਬਾਰੇ ਆਮ ਰਾਇ ਹੈ ਕਿ ਇਹ ਜਜਮਾਨੀ ਜਾਂ ਫਿਰ ਵਿੱਦਿਆ ਪੜ੍ਹਨ ਪੜ੍ਹਾਉਣ ਵਿਚ ਸਮਾਂ ਗੁਜ਼ਾਰਦੇ ਹਨ, ਪਰੰਤੂ ਮੁਹਯਾਲ ਜਾਂ ਮੁਝੈਲ, ਜੈਸਾ ਕਿ ਭੱਟ ਵਹੀਆਂ ਵਿਚ ਲਿਖਿਆ ਹੈ, ਬਿਲਕੁਲ ਭਿੰਨ ਕਿਸਮ ਦੇ ਬ੍ਰਾਹਮਣ ਹਨ, ਜੋ ਪੁਰਾਤਨ ਕਾਲ ਤੋਂ ਸ਼ਸਤਰਧਾਰੀ ਅਥਵਾ ਜੰਗਜੂ ਰਹੇ ਹਨ। *ਦੀ ਹਿਸਟਰੀ ਆੱਫ਼ ਮੁਹਯਾਲਜ਼ (ਦੀ ਮਿਲੀਟੈਂਟ ਬ੍ਰਾਹਮਣ ਰੇਸ ਆੱਫ਼ ਇੰਡੀਆ)* ਕਿਰਤ ਟੀ.ਪੀ. ਰੱਸਲ (1911 ਈ:) ਵਿਚ ਪੁਰਾਣੀਆਂ ਰਵਾਇਤਾਂ ਦੇ ਆਧਾਰ 'ਤੇ ਦੱਸਿਆ ਗਿਆ ਹੈ ਕਿ ਇਹ ਯੋਧੇ ਬ੍ਰਾਹਮਣ ਮੱਧ ਏਸ਼ੀਆ, ਅਫ਼ਗ਼ਾਨਿਸਤਾਨ ਤੇ ਪੰਜਾਬ ਦੇ ਰਾਵਲਪਿੰਡੀ ਅਤੇ ਜਿਹਲਮ ਜੰਮੂ ਦੇ ਇਲਾਕੇ ਵਿਚ ਵੱਸਦੇ ਹਨ। ਇਹ ਪ੍ਰਾਚੀਨ ਰਾਜ-ਰਿਸ਼ੀਆਂ ਦੀ ਸੰਤਾਨ ਹਨ।

1902 ਵਿਚ ਜਨਰਲ ਮੁਹਯਾਲ ਸਭਾ ਲਾਹੌਰ ਬਣੀ ਤੇ ਇਹ ਸਭਾ 'ਮੁਹਯਾਲ ਸਭਾ ਗਜ਼ਟ' ਵੀ ਛਾਪਦੀ ਰਹੀ। 1911 ਵਿਚ ਇਸੇ ਸਭਾ ਨੇ *ਦੀ ਹਿਸਟਰੀ ਆੱਫ਼ ਮੁਹਯਾਲਜ਼* ਲਿਖਾਈ। ਉਸ ਸਮੇਂ ਬਰਤਾਨਵੀ ਫ਼ੌਜ ਵਿਚ 45 ਕਮਿਸ਼ੰਡ ਅਫ਼ਸਰ ਮੁਹਯਾਲ ਬ੍ਰਾਹਮਣ ਸਨ ਤੇ ਹੋਰ ਵੀ ਕਈ ਉੱਚੇ ਉੱਚੇ ਅਹੁਦਿਆਂ 'ਤੇ ਸਨ।

ਮੁਹੰਮਦ ਬਿਨ ਕਾਸਮ, ਮਹਿਮੂਦ ਗ਼ਜ਼ਨਵੀ ਅਤੇ ਬਾਬਰ ਆਦਿ ਨਾਲ ਵੀ ਇਨ੍ਹਾਂ ਦੇ ਟਾਕਰਿਆਂ ਦਾ ਚਰਚਾ ਭੱਟਾਂ ਨੇ ਕੀਤਾ ਹੈ। ਇਨ੍ਹਾਂ ਦੀਆਂ ਸੱਤ ਜਾਤਾਂ ਹਨ : ਦੱਤ, ਵੈਦ, ਛਿੱਬਰ, ਬਾਲੀ, ਮੋਹਨ, ਲਾਉ ਤੇ ਭੀਮਯਾਲ। ਅੱਗੇ ਇਨ੍ਹਾਂ ਜਾਤਾਂ ਵਿਚ ਭਾਰਦਵਾਜ, ਭਾਰਗਲ, ਪਰਾਸ਼ਰ, ਕੱਸ਼ਪ, ਵਸ਼ਿਸ਼ਠ, ਕੌਸ਼ਲ ਆਦਿ ਗੋਤ ਹਨ। ਪੰਜਾਬ ਵਿਚ ਛਿੱਬਰਾਂ ਦਾ ਮੁੱਢਲਾ ਸਥਾਨ ਭੇਰਾ (ਜ਼ਿਲ੍ਹਾ ਸ਼ਾਹਪੁਰ), ਕੜਿਆਲਾ ਤੇ ਮੀਰਪੁਰ ਰਿਹਾ ਹੈ। ਕਹਿੰਦੇ ਹਨ ਕਿ ਭੱਦਰਵਤੀ ਕਿਸੇ ਸਮੇਂ ਛਿੱਬਰਾਂ ਦੀ ਸਟੇਟ ਸੀ। ਬਹਿਲੋਲ ਲੋਧੀ ਦੇ ਜ਼ਮਾਨੇ ਗੌਤਮ ਲੜਦਾ ਰਿਹਾ, ਇਹ ਬਾਬਰ ਨੂੰ ਵੀ ਮਿਲਿਆ ਸੀ। ਇਸ ਦਾ ਚੰਗਾ ਤਕੜਾ ਕਿਲ੍ਹਾ ਸੀ। ਕਈਆਂ ਦਾ ਖ਼ਿਆਲ ਹੈ ਕਿ ਕੜਿਆਲਾ ਵੀ ਇਸੇ ਨੇ ਵਸਾਇਆ। ਭੱਟਾਂ ਨੇ ਇਸ ਬੀਰ ਜਾਤੀ ਦੇ ਤਰ੍ਹਾਂ ਤਰ੍ਹਾਂ ਗੁਣ ਗਾਏ ਹਨ। ਉਦਾਹਰਣ ਵਜੋਂ :

ਮੁਹਯਾਲ ਕਹਾਵੈ ਸੋਇ ਜੋ ਆਪਣਾ ਆਪ ਮੁਹਾਵੇ।
ਮੁਹਯਾਲ ਕਹਾਵੈ ਸੋ ਜੁ ਮੰਗਲ ਸਦਨ ਮਨਾਵੈ।
ਮੁਹਯਾਲ ਕਹਾਵੈ ਸੋਇ ਕਰੈ ਕਰਤੂਤ ਚੰਗੇਰੀ।
ਮੁਹਯਾਦ ਕਹਾਵੇ ਸੋਇ ਦਾਨ ਦੇ ਕਰੈ ਦਲੇਰੀ।
ਮੁਹਯਾਦ ਕਹਾਵੈ ਕਠਿਨ ਹੈ, ਮੁਖ ਕਹੈ ਨ ਹੋ ਮੁਹਯਾਲ।
ਦੇਵੈ ਦਿਲਾਵੈ ਰਣ ਭਿੜਹਿ, ਤਬ ਕਹੀਅਹਿ ਮੁਹਯਾਲ।

ਨੰਦ ਭੱਟ ਦਾ ਕਥਨ ਵੀ ਧਿਆਨਯੋਗ ਹੈ:

ਪ੍ਰਿਥਮੈ ਆਦ ਗਣੇਸ਼ ਮਨਾਊਂ।
ਬ੍ਰਹਮਾ ਵਿਸ਼ਣੂ ਅਰੁ ਸ਼ਿਵ ਕੋ ਧਿਆਊਂ।
ਮਹਿਮਾ ਸਾਤ ਬੰਸ ਮਦਿਹਯਾਲਾਂ।
ਰਾਜਬੰਸ ਬ੍ਰਾਹਮਣ ਭੂਪਾਲਾ।
ਲਾਉ ਲਖੀਏ ਕਰਤੂਤੀਂ ਭਾਰੇ।
ਸਖੀ, ਸਤੀ ਸੰਤੋਖੀ ਸਾਰੇ।
ਛਿੱਬਰ ਛਬਿ ਕੇ ਧਣੀ ਘਨੇਰੇ।
ਜਾਂ ਕੀ ਸ਼ੋਭਾ ਕਰੈਂ ਚੰਗੇਰੇ।
ਬਾਲੀ ਬਲ ਤੇ ਬਲੀ ਕਹਾਵੈਂ।
ਰਣ ਮੈਂ ਜੂਝਹਿਂ ਪਿਛਾਂਹ ਨ ਜਾਵੈ।
ਵੈਦਾਂ ਹੱਥ ਕਟੀਰੂ ਸ਼ੋਭਹਿ।
ਚੜਤਲ ਸ਼ੇਰਾਂ ਰਣ ਵਿਚ ਖੋਭਹਿ।
ਦਾਤੇ ਦੱਤ ਦਾਨ ਕੇ ਪੂਰੇ।
ਹਾਥ ਕੈ ਸਖੀ ਤੇਗ ਕੇ ਸੂਰੇ।
ਸਬਹੂੰ ਸਰਸ ਭੀਮਯਾਲ ਜੁ ਹੋਵਣ।
ਜਹਾਂ ਹਾਥ ਕਰੈ ਦਰਿਦ੍ਰ ਧੋਵਣ।
ਮੋਹਨ ਬੈਠਹਿਂ ਮਸਨਦ ਲਾ ਕੇ।
ਸਰਸ ਮੁਹਯਾਲ 'ਨੰਦ ਭੱਟ' ਆਖੈ।

ਭਾਈ ਮਤੀ ਦਾਸ ਛਿੱਬਰ ਜਾਤਿ ਦੇ ਮੁਹਯਾਲ ਬ੍ਰਾਹਮਣ ਸਨ, ਜੋ ਕਿ ਜ਼ਿਲ੍ਹਾ ਜਿਹਲਮ ਦੇ ਨਗਰ ਕੜਿਆਲਾ ਦੇ ਜੰਮਪਲ ਸਨ। ਇਹ ਪਿੰਡ ਕਟਾਸਰਾਜ ਤੀਰਥ ਵਾਲੀ ਸੜਕ 'ਤੇ ਚਕਵਾਲ ਤੋਂ ਛੇ ਕੁ ਮੀਲ 'ਤੇ ਵਾਕਿਆ ਹੈ, ਜਿਸ ਦਾ ਚੁਗਿਰਦਾ ਬੜਾ ਹੀ ਮਨੋਹਰ ਹੈ। ਇਥੋਂ ਦੇ ਵਸਨੀਕ ਵੀ ਸੁੰਦਰ, ਸੁਨੱਖੇ ਅਤੇ ਸੁਚੱਜੀਆਂ ਸਾਊ ਸ਼ਖ਼ਸੀਅਤਾਂ ਦੇ ਮਾਲਕ ਹਨ। ਆਪ ਦਾ ਘਰਾਣਾ ਮੁੱਢ ਤੋਂ ਹੀ ਗੁਰੂ ਘਰ ਨਾਲ ਜੁੜਿਆ ਹੋਇਆ ਸੀ। ਆਪ ਦਾ ਵਡਾਰੂ ਭਾਈ ਗੌਤਮ ਪਹਿਲੇ ਪਹਿਲ ਸਿੱਖੀ ਮੰਡਲ ਵਿਚ ਆਇਆ ਤੇ ਗੌਤਮ ਦਾ ਪੁੱਤਰ ਭਾਈ ਪਰਾਗਾ ਗੁਰੂ ਹਰਿਗੋਬਿੰਦ ਸਾਹਿਬ ਦਾ ਨਾਮੀ ਸੂਰਬੀਰ ਹੋਇਆ, ਜਿਸ ਨੇ ਰੁਹੀਲੇ (ਸ੍ਰੀ ਗੋਬਿੰਦਪੁਰ) ਵਿਖੇ 3 ਕੱਤਕ, 1678 ਬਿ: (1621 ਈ:) ਨੂੰ ਰਣ ਵਿਚ ਜੂਝ ਕੇ ਸ਼ਹੀਦੀ ਪਾਈ। ਭੱਟ ਵਹੀ ਦੀ ਟੂਕ ਹੈ:

> ਨਾਨੂ ਮੂਲੇ ਕਾ, ਪੋਤਾ ਗਾਊ ਕਾ, ਪੜਪੋਤਾ ਚਾਹੜ ਕਾ, ਬੰਸ ਬੀਝੇ ਕਾ ਬੰਝਰਉਤ ਸਾਲ ਸਤ੍ਹਾਂ ਸੈ ਅਠੱਤਰਾ ਕੱਤਕ ਪ੍ਰਵਿਸ਼ਠੇ ਤੀਜ ਕੇ ਹਿੰਦੂ ਗਾਮ ਰੁਹੀਲਾ, ਪੁਰਾਣਾ ਬਟਾਲਾ ਕੇ ਮਲਹਾਨ ਗੁਰੂ ਕਾ ਬਚਨ ਪਾਇ ਰਤਨਾ ਬੇਟਾ ਭਿਖੇ ਕਾ, ਪੋਤਾ ਰਈਏ ਕਾ, ਪੜਪੋਤਾ ਨਰਸੀ ਕਾ ਬੰਸ ਭਗੀਰਥ ਕਾ ਕੌਸ਼ਲ ਗੋਤ੍ਰ ਛਿੱਬਰ ਬ੍ਰਾਹਮਣ, ਹੋਰ ਰਣ ਜੂਝੰਤੇਂ ਗੁਰੂ ਕੇ ਜੋਧੇ, ਸਾਹਵੇਂ ਮਾਥੇ ਰਣ ਮੈਂ ਜੂਝ ਕਰਿ ਮਰੈ।
>
> *(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਬੰਝਰਾਉਤੋਂ ਕਾ)*

ਭਾਈ ਪਰਾਗੇ ਦਾ ਪੁੱਤਰ ਦੁਆਰਕਾ ਦਾਸ ਸੀ ਤੇ ਅੱਗੋਂ ਦੁਆਰਕਾ ਦਾਸ ਦਾ

ਪੁੱਤਰ ਜਾਂ ਭਤੀਜਾ ਦਰਗਹ ਮੱਲ ਦੀਵਾਨ ਸੀ, ਜੋ ਗੁਰੂ ਹਰਿਰਾਇ ਜੀ ਅਤੇ ਗੁਰੂ ਹਰਿਕ੍ਰਿਸ਼ਨ ਜੀ ਦੇ ਸਮੇਂ ਦੀਵਾਨੀ ਦੀ ਸੇਵਾ ਨਿਭਾਉਂਦਾ ਰਿਹਾ। ਦੀਵਾਨ, ਗੁਰੂ ਦਰਬਾਰ ਮੱਲ ਛਿੱਬਰ ਦਿੱਲੀ ਤੋਂ ਗੁਰੂ ਤੇਗ਼ ਬਹਾਦਰ ਜੀ ਲਈ ਗੁਰਿਆਈ ਦਾ ਤਿਲਕ ਤੇ ਨਾਰੀਅਲ ਲੈ ਕੇ ਬਕਾਲੇ ਆਇਆ ਸੀ। ਉਮਰ ਵਡੇਰੀ ਹੋਣ ਕਰਕੇ ਇਸ ਨੇ ਸਤਿਗੁਰਾਂ ਤੋਂ ਰੁਖ਼ਸਤ ਲੈ ਲਈ ਅਤੇ ਇਸ ਤੋਂ ਬਾਅਦ ਇਸ ਦੇ ਭਤੀਜੇ ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਜੀ ਨੇ ਇਹ ਜ਼ਿੰਮੇਵਾਰੀ ਸੰਭਾਲੀ। ਕਰਤਾ *ਮਹਿਮਾ ਪ੍ਰਕਾਸ਼* ਲਿਖਦਾ ਹੈ :

ਮਤੀ ਦਾਸ ਗੁਰ ਕੇ ਦੀਵਾਨ।
ਸਿਖੀ ਮੋਂ ਪੂਰਣ ਪ੍ਰਮਾਨ।
ਭਾਈ ਨਾਨੋ ਸਭ ਹਕੀਕਤ ਕਹਿ ਸੁਨਾਈ।
ਜਿਉਂ ਤਿਉਂ ਸਾਹਿਬ ਉਪਰਿ ਬੀਤੀ ਆਹੀ।
ਕਹੇ : ਜੀ ਦੁਇ ਬ੍ਰਹਮਨ ਸਾਹਿਬ ਦੇ ਨਾਲਿ ਮਾਰੇ।
ਮਤੀਦਾਸ ਸਤੀਦਾਸ ਜੋ ਦੀਵਾਨ ਉਚਾਰੇ।੧੫੨। *(ਬੰਸਾਵਲੀਨਾਮਾ, ਨੌਵਾਂ ਚਰਣ)*

ਖ਼ਾਨਦਾਨੀ ਦੁਆਰਕਾ ਰਵਾਇਤ ਇਹ ਦੱਸਦੀ ਹੈ ਕਿ ਦੁਆਰਕਾ ਦਾਸ ਦੇ ਪੁੱਤਰ—ਲਖਮੀ ਦਾਸ, ਹਰਨਾਮ ਦਾਸ, ਹਰਿ ਭਗਤ ਤੇ ਕਬੂਲ ਦਾਸ, ਚਾਰ ਭਾਈ ਸਨ ਤੇ ਅੱਗੋਂ ਕਬੂਲ ਦਾਸ ਦੇ ਪੁੱਤਰ—ਮਤੀ ਦਾਸ, ਸਤੀ ਦਾਸ ਤੇ ਜਤੀ ਦਾਸ ਸਨ। ਹਰਿਦੁਆਰ ਦੀ ਵਹੀ ਉੱਤੇ ਕਬੂਲ ਦਾਸ ਨੂੰ 'ਰਾਮਦਾਸ' ਵਿਸ਼ੇਸ਼ਣ ਨਾਲ ਯਾਦ ਕੀਤਾ ਗਿਆ ਹੈ। ਇਹ ਸੰਕੇਤ ਮੁਖੀ ਆਗੂ ਦਾ ਵਾਚਕ ਸੀ, ਜੋ ਸੰਗ ਤੋਂ ਕਾਰ ਭੇਟ ਉਗਰਾਹ ਕੇ ਗੁਰੂ ਪਾਸ ਪਹੁੰਚਾਉਂਦਾ ਸੀ। ਪਿੱਛੋਂ ਇਨ੍ਹਾਂ ਮੁਖੀਆਂ ਨੂੰ ਹੀ 'ਮਸੰਦ' ਨਾਮ ਨਾਲ ਪੁਕਾਰਿਆ ਜਾਣ ਲੱਗਾ। ਭੱਟਾਂ ਦੀਆਂ ਵਹੀਆਂ ਵਿਚ ਭਾਈ ਮਤੀ ਦਾਸ ਜੀ ਦੇ ਪਿਤਾ ਦਾ ਨਾਮ ਹੀਰਾ ਮੱਲ ਜਾਂ ਹੀਰਾ ਨੰਦ ਕਰਕੇ ਲਿਖਿਆ ਹੈ। ਜਾਪਦਾ ਹੈ ਕਿ ਕਿਸੇ ਸਮੇਂ ਇਸ ਭੱਟ ਨੂੰ ਸਹੀ ਜਾਣਕਾਰੀ ਨਹੀਂ ਮਿਲੀ, ਉਸ ਨੇ ਜੋ ਪਿਤਾ ਦਾ ਨਾਂ ਸੁਣਿਆ, ਉਹ ਦਰਜ ਕਰ ਦਿੱਤਾ ਤੇ ਅੱਗੋਂ ਬਾਕੀ ਦੇ ਭੱਟ ਵੀ ਉਸੇ ਦੀ ਨਕਲ ਕਰਦੇ ਗਏ। *ਦੀ ਹਿਸਟਰੀ ਆਫ਼ ਦੀ ਮੁਹਯਾਲਜ਼* ਵਿਚ ਪਿਤਾ ਦਾ ਨਾਮ ਭਾਈ ਲਖੀਆ ਦੱਸਿਆ ਹੈ। ਪਰੰਤੂ ਹਰਿਦੁਆਰ ਦੇ ਪਾਂਡਿਆਂ ਦੀ ਵਹੀ ਵਿਚ ਦਾਦੇ ਦਾ ਨਾਮ ਦੁਆਰਕਾ ਦਾਸ ਤੇ ਪਿਤਾ ਦਾ ਨਾਮ ਕਬੂਲ ਦਾਸ ਸਾਫ਼ ਲਿਖਿਆ ਹੈ ਅਤੇ ਉਥੇ ਭਾਈ ਸਤੀ ਦਾਸ ਅਤੇ ਭਾਈ ਮਤੀ ਦਾਸ ਜੀ ਦੀ ਆਪਣੀ ਹੱਥ ਲਿਖਤ ਵੀ ਮੌਜੂਦ ਹੈ।

ਉਸ ਸਮੇਂ ਪਰਮੇਸ਼ਰੀ ਦਾਸ ਪੁਰੋਹਿਤ ਸੀ ਤੇ ਹੁਣ ਇਹ ਪੁਰਾਤਨ ਵਹੀ ਪੰਡਿਤ ਮਹੇਸ਼ਵਰੀ ਨਾਥ ਪਾਸ ਸੁਰੱਖਿਅਤ ਹੈ। ਇਸ ਦੀ ਫੋਟੋ-ਕਾਪੀ ਅਸਾਂ ਆਪਣੀ ਪੁਸਤਕ *ਤੇਗ ਬਹਾਦਰ ਸਿਮਰੀਐ* ਵਿਚ ਛਾਪ ਦਿੱਤੀ ਹੈ।

ਗੁਰੂ ਤੇਗ਼ ਬਹਾਦਰ ਜੀ ਦੀ ਤ੍ਰੈ ਸੌ ਸਾਲਾ ਯਾਦਗਾਰ ਮਨਾਉਣ ਸਮੇਂ ਮਿਲਦੇ ਮਸਾਲੇ ਤੋਂ ਇਤਿਹਾਸਕਾਰਾਂ ਚੰਗੀ ਤਰ੍ਹਾਂ ਜਾਚ ਲਿਆ ਸੀ ਕਿ ਨੌਵੇਂ ਸਤਿਗੁਰਾਂ ਨੂੰ ਮੁਗ਼ਲ ਸਰਕਾਰ ਨੇ ਦੋ ਵਾਰ ਗ੍ਰਿਫ਼ਤਾਰ ਕੀਤਾ। ਪਹਿਲੇ 1722 ਬਿ: ਕੱਤਕ ਸੁਦੀ

ਇਕਾਦਸੀ ਨੂੰ ਧਮਧਾਨ ਸਾਹਿਬ ਤੋਂ ਤੇ ਦੂਜੀ ਵਾਰ ਦਸ ਸਾਲ ਬਾਅਦ 1732 ਬਿ: 12 ਸਾਵਣ ਨੂੰ ਮਲਕਪੁਰੇ, ਰੋਪੜ ਲਾਗਿਉਂ। ਦੋਵੇਂ ਥਾਈਂ ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਆਪ ਦੇ ਨਾਲ ਗ੍ਰਿਫ਼ਤਾਰ ਹੋਏ। ਭਾਈ ਕੇਸਰ ਸਿੰਘ ਛਿੱਬਰ ਨੇ ਰੋਪੜ ਲਾਗੇ ਗ੍ਰਿਫ਼ਤਾਰੀ ਸਮੇਂ ਦੀ ਇਕ ਘਟਨਾ ਵੀ ਦਿੱਤੀ ਹੈ ਕਿ ਸਤਿਗੁਰੂ ਜੀ ਨੇ ਪਾਣੀ ਪੀਣਾ ਚਾਹਿਆ, ਲਾਗੇ ਖੂਹ ਸੀ ਤੇ ਭਾਈ ਮਤੀ ਦਾਸ ਦੌੜੇ ਦੌੜੇ ਗਏ ਤੇ ਕਾਹਲੀ ਕਰ ਕੇ ਖੂਹ ਵਿਚ ਡਿਗ ਪਏ, ਪਰ ਡੋਲੇ ਨਹੀਂ ਤੇ ਹਿੰਮਤ ਕਰਕੇ ਪਾਣੀ ਭਰ ਹੀ ਲਿਆਏ। ਜਦ ਨੂੰ ਰੋਪੜ ਦੀ ਪੁਲਿਸ ਆ ਗਈ ਤੇ ਚਹੁੰਆਂ ਨੂੰ ਗ੍ਰਿਫ਼ਤਾਰ ਕਰ ਕੇ ਸਰਹਿੰਦ ਲੈ ਗਈ। ਪੁਸ਼ਟੀ ਲਈ ਭੱਟ ਵਹੀਆਂ ਦਾ ਹਵਾਲਾ ਧਿਆਨ ਯੋਗ ਹੈ:

> ਗੁਰੂ ਤੇਗ ਬਹਾਦਰ ਜੀ ਮਹਲ ਨਾਵੇਂ ਕੋ ਨਗਰ ਧਮਧਾਣ ਪਰਗਣਾਂ ਬਾਂਗਰ ਸੇ ਆਸਲ ਖ਼ਾਨ ਰੁਹੇਲਾ ਸ਼ਾਹੀ ਹੁਕਮ ਗੈਲ ਦਿੱਲੀ ਕੋ ਲੈ ਕਰ ਆਇਆ, ਸਾਲ ਸਤ੍ਹਰ ਸੈ ਬਾਈਸ ਕਾਤਕ ਸੀ ਗਿਆਰਸ ਕੋ ਬੁਧਵਾਰ ਕੇ ਦਿਹੁੰ ਸਾਥ ਮਤੀ ਦਾਸ, ਸਤੀ ਦਾਸ ਬੇਟੇ ਹੀਰਾ ਮੱਲ ਛਿੱਬਰ ਕੇ, ਗੁਆਲ ਦਾਸ ਬੇਟਾ ਛੁੱਟੇ ਮੱਲ ਛਿੱਬਰ ਕਾ, ਗੁਰਦਾਸ ਬੇਟਾ ਕੀਰਤ ਬਢ਼ਤੀਏ ਕਾ, ਸੰਗਤ ਬੇਟਾ ਬਿੱਨੇ ਉਪਲ ਕਾ, ਜੇਠਾ, ਦਿਆਲ ਦਾਸ ਬੇਟੇ ਮਤੀ ਦਾਸ ਕੇ ਜਲਹਾਨੇ ਬਲਊਂਤ, ਹੋਰ ਸਿਖ ਫ਼ਕੀਰ ਆਏ।
>
> *(ਭੱਟ ਵਹੀ ਜਾਦੋਬੰਸੀਆਂ ਕੀ)*

> ਗੁਰੂ ਤੇਗ ਬਹਾਦਰ ਜੀ ਮਹਲ ਨਾਵੇਂ ਕੋ ਨੂਰ ਮੁਹੰਮਦ ਖ਼ਾਨ ਮਿਰਜ਼ਾ ਚੌਕੀ ਰੋਪੜ ਵਾਲੇ ਨੇ ਸਾਲ ਸਤ੍ਰਾ ਸੈ ਬਤੀਸ ਸਾਵਣ ਪ੍ਰਵਿਸ਼ਠੇ ਬਾਰਾਂ ਕੇ ਦਿਹੁ, ਗਾਉਂ ਮਲਕਪੁਰ ਰੰਘੜਾਂ ਪਰਗਣਾ ਘਨੌਲਾ ਸੇ ਪਕੜ ਕੇ ਸਰਹੰਦ ਪਹੁੰਚਾਇਆ। ਗੈਲਹੁੰ ਦੀਵਾਨ ਮਤੀ ਦਾਸ, ਸਤੀ ਦਾਸ–ਬੇਟੇ ਹੀਰਾ ਮੱਲ ਛਿੱਬਰ ਕੇ, ਗੈਲ ਦਿਆਲ ਦਾਸ ਬੇਟਾ ਮਾਈ ਦਾਸ ਬਲਊਂਤ ਕਾ ਪਕੜਿਆ ਆਇਆ। ਗੁਰੂ ਜੀ ਚਾਰ ਮਾਸ ਬਸੀ ਪਠਾਣਾਂ ਕੇ ਬੰਦੀਖ਼ਾਨੇ ਮੈ ਬੰਦ ਰਹੇ। ਅੱਠ ਦਿਵਸ ਕੁਤਵਾਲੀ ਮੈਂ ਬੰਦ ਰਹੇ।
>
> *(ਭੱਟ ਵਹੀ ਪੂਰਬੀ ਦੱਖਣੀ)*

ਇਨ੍ਹਾਂ ਹਵਾਲਿਆਂ ਤੋਂ ਪਤਾ ਲੱਗਦਾ ਹੈ ਕਿ ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਸਤਿਗੁਰਾਂ ਦੇ ਗੁਰਿਆਈ ਕਾਲ ਵਿਚ ਹਮੇਸ਼ਾ ਨਾਲ ਰਹੇ ਤੇ ਅੰਤ ਸ਼ਹੀਦੀ ਵੀ ਨਾਲ ਹੀ ਪਾਈ। ਇਸ ਬਾਰੇ ਵੀ ਭੱਟ ਵਹੀ ਦੀ ਟੂਕ ਪੜ੍ਹਨਯੋਗ ਹੈ:

> ਦਿਆਲ ਦਾਸ ਬੇਟਾ ਮਾਈ ਦਾਸ ਕਾ, ਪੋਤਾ ਬੱਲੂ ਰਾਉ ਕਾ, ਪੜਪੋਤਾ ਮੂਲ ਚੰਦ ਕਾ, ਬੰਸ ਬੀਝੇ ਕਾ ਭਰਦੁਆਸੀ ਗੋਤ੍ਰ ਪੁਆਰ...ਗੁਰੂ ਤੇਗ ਬਹਾਦਰ ਗੈਲ ਹੂੰ ਸਾਲ ਸਤ੍ਹਰ ਸੈ ਬਤੀਸ ਮਰਾਸਰ ਸੁਦੀ ਪੰਚਮੀ ਵੀਰਵਾਰ ਕੇ ਦਿਹੁੰ ਦਿੱਲੀ ਚਾਂਦਨੀ ਚਉਂਕ ਕੇ ਮਲਹਾਨ, ਸ਼ਾਹੀ ਹੁਕਮ ਗੈਲ ਮਾਰਾ ਗਯਾ ਸਾਥ ਮਤੀ ਦਾਸ, ਸਤੀ ਦਾਸ ਬੇਟੇ ਹੀਰਾ ਮੱਲ ਕੇ ਪੋਤੇ ਦਵਾਰਾ ਦਾਸ ਕੇ ਭਾਰਗਵ ਗੋਤ੍ਰ ਛਿੱਬਰ ਬ੍ਰਾਹਮਣ ਮਾਰੇ ਗਏ।
>
> *(ਭਟ ਵਹੀ ਤਲਊਂਡਾ, ਪਰਗਣਾ ਜੀਂਦ)*

ਸਤਿਗੁਰੂ ਭਾਣੇ ਵਿਚ ਰਹਿ ਕੇ ਰਾਜ਼ੀ ਸਨ ਤੇ ਕਰਾਮਾਤ ਨੂੰ 'ਕਹਿਰ' ਕਹਿੰਦੇ ਸਨ। ਸੋ ਗੁਰੂ ਆਦੇਸ਼ ਅਨੁਸਾਰ ਭਾਈ ਮਤੀ ਦਾਸ ਜੀ ਨੇ ਵੀ ਐਸਾ ਹੀ ਕੀਤਾ। ਜਪੁ ਸਾਹਿਬ ਦਾ ਪਾਠ ਕਰਦਿਆਂ ਤਨ ਚਿਰਵਾ ਲਿਆ, ਪਰ ਸਿਦਕ ਨੂੰ ਜ਼ਰਾ ਆਂਚ ਨਾ ਆਉਣ ਦਿੱਤੀ। ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ:

ਮਤੀਦਾਸ ਕੋ ਕੀਨਿ ਬੁਲਾਵਨਿ।
ਦੁਇ ਤਖਤੇ ਮਹਿਂ ਕਰਯੋ ਬੰਧਾਵਨਿ।
ਹੁਕਮ ਜਲਾਦਨਿ ਤਬਹਿ ਉਚਾਰਾ।
ਲੈ ਆਰਾ ਸਿਰ ਪਰ ਤਿਸ ਧਾਰਾ।੪੫।
ਅਰਧੋ ਅਰਧ ਚਿਰਾਇ ਸੁ ਢਾਰਾ।
ਪਰਯੋ ਪ੍ਰਿਥੀ ਪਰ ਹ੍ਵੈ ਦੋ ਫਾਰਾ।
ਦੋਨਹੁੰ ਤਨ ਤੇ ਜਪੁਜੀ ਪਢੈ।
ਹੇਰਤਿ ਸਭਿ ਕੋ ਅਚਰਜ ਬਢੈ।੪੬।
ਹੋਇ ਦੁਖੰਡ ਨ ਜੀਵਤਿ ਕੋਈ।
ਇਹ ਤੌ ਪਠਤਿ ਜਿਯਤਿ ਜਿਮ ਹੋਈ।
ਭੋਗ ਪਾਇ ਕਰਿ ਦੋਨਹੁੰ ਤਨ ਤੇ।
ਗੁਰ ਪੁਰਿ ਪਹੁੰਚਯੋ ਪ੍ਰੇਮੀ ਮਨ ਤੇ।੪੭।

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ 12, ਅੰਸੂ 54, ਪੰਨਾ 4432)

ਭਾਈ ਸਤੀ ਦਾਸ

ਜਿਹਾ ਕਿ ਭੱਟ ਵਹੀਆਂ ਤੇ ਪਾਂਡਾ ਵਹੀਆਂ ਤੋਂ ਸਿੱਧ ਹੈ ਕਿ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਜਤੀ ਦਾਸ ਤਿੰਨ ਭਾਈ ਸਨ। ਭਾਈ ਮਤੀ ਦਾਸ ਦਰਬਾਰੀ ਦੀਵਾਨ ਸੀ ਤੇ ਸਤੀ ਦਾਸ ਘਰਬਾਰੀ ਦੀਵਾਨ। ਸਤੀ ਦਾਸ ਅੱਛਾ ਫ਼ਾਰਸੀਦਾਨ ਲਿਖਾਰੀ ਸੀ, ਜੋ ਗੁਰੂ ਜੀ ਦਾ ਲਿਖਣ ਪੜ੍ਹਨ ਦਾ ਕੰਮ ਕਰਦਾ ਸੀ। ਮੇਰੀ ਪੁਸਤਕ *ਤੇਗ ਬਹਾਦਰ ਸਿਮਰੀਐ* ਵਿਚ ਦੋਹਾਂ ਭਰਾਵਾਂ ਦੇ ਦਸਖ਼ਤਾਂ ਵਾਲੀ ਲਿਖਤ (ਹਰਿਦੁਆਰ ਪਾਂਡਾ ਵਹੀ) ਦਾ ਫੋਟੋ ਵੀ ਦਿੱਤਾ ਗਿਆ ਹੈ। ਹੁਕਮਨਾਮਿਆਂ ਦੀ ਲਿਖਾਈ ਤੇ ਪਾਂਡਾ ਵਹੀ ਦੀ ਲਿਖਤ ਮਿਲਾ ਕੇ ਇਹ ਸਿੱਟਾ ਕੱਢਣਾ ਔਖਾ ਨਹੀਂ ਕਿ ਬਹੁਤਾ ਚਿੱਠੀ ਪੱਤਰ ਭਾਈ ਸਤੀ ਦਾਸ ਹੀ ਕਰਦਾ ਰਿਹਾ। ਇਸ ਨੇ ਸਤਿਗੁਰਾਂ ਦੀ ਬਾਣੀ ਨੂੰ ਸੰਭਾਲਣ ਦਾ ਵੀ ਉਪਰਾਲਾ ਕੀਤਾ, ਜੈਸਾ ਕਿ ਭਾਈ ਕੇਸਰ ਸਿੰਘ ਲਿਖਦਾ ਹੈ :

ਬਾਣੀ ਜੋ ਸਾਹਿਬ ਕਰਨ ਉਚਾਰ।
ਸੋ ਸਤੀਦਾਸ ਨਿਤ ਕਰੇ ਫਾਰਸੀ ਵਿਚ ਉਤਾਰੁ।੯੭।...
ਸੋ ਨਿੱਤ ਹੀ ਸਾਹਿਬ ਬਾਣੀ ਉਚਾਰਦੇ ਜਾਨ।
ਅਤੇ ਸਤੀਦਾਸ ਲਿਖਿ ਲਿਖਿ ਰੱਖਣ ਅਮਾਨ।
ਬਾਣੀ ਬਹੁਤੁ ਆਹੀ ਸਤੀਦਾਸ ਪਾਸ ਲਿਖੀ ਹੋਈ।
ਸਭੋ ਤੁਰਕਾਂ ਖੋਹਿ ਲੀਤੀ ਸੋਈ।੧੦੦। *(ਬੰਸਾਵਲੀਨਾਮਾ, ਨੌਵਾਂ ਚਰਣ)*

ਇਤਿਹਾਸ ਤੋਂ ਪ੍ਰਗਟ ਹੈ ਕਿ ਇਹ ਵੀ ਆਪਣੇ ਭਰਾ ਵਾਂਗ ਦਸ ਵਰ੍ਹੇ ਗੁਰੂ ਜੀ ਦੇ ਅੰਗ ਸੰਗ ਰਿਹਾ। ਦੋ ਵਾਰ ਗ੍ਰਿਫ਼ਤਾਰ ਵੀ ਨਾਲ ਹੀ ਹੋਇਆ ਤੇ ਅੰਤ ਮੁਗ਼ਲ ਸਰਕਾਰ ਵੱਲੋਂ ਦਿੱਲੀ ਰੂੰ ਵਿਚ ਲਪੇਟ ਕੇ ਜੀਉਂਦਿਆਂ-ਜੀਅ ਸਾੜ ਦਿੱਤਾ ਗਿਆ।

ਆਮ ਤਵਾਰੀਖ਼ਾਂ ਵਿਚ ਭਾਈ ਮਤੀ ਦਾਸ ਜੀ ਦਾ ਆਰੇ ਨਾਲ ਚੀਰੇ ਜਾਣਾ ਅੰਕਿਤ ਹੈ, ਪਰ ਸਤੀ ਦਾਸ ਬਾਰੇ ਕੋਈ ਵੇਰਵਾ ਨਹੀਂ। ਪਰੰਤੂ ਭੱਟ ਵਹੀਆਂ ਵਿਚ ਸਾਫ਼ ਲਿਖਿਆ ਹੈ ਕਿ ਭਾਈ ਸਤੀ ਦਾਸ ਨੂੰ ਰੂੰ ਵਿਚ ਲਪੇਟ ਕੇ ਅਗਨਿ ਭੇਟ ਕਰ ਦਿੱਤਾ ਗਿਆ ਤੇ ਭਾਈ ਮਨੀ ਸਿੰਘ ਜੀ ਦੇ ਵੱਡੇ ਭਰਾ ਦਿਆਲਾ ਜੀ ਨੂੰ ਦੇਗ ਵਿਚ ਉਬਾਲ ਕੇ ਸ਼ਹੀਦ ਕੀਤਾ ਗਿਆ। *ਗੁਰੂ ਕੀਆਂ ਸਾਖੀਆਂ* ਤੋਂ ਇਸ ਦੀ ਪੁਸ਼ਟੀ ਹੁੰਦੀ ਹੈ। ਇਹ ਸਭ ਘਟਨਾਵਾਂ ਸ਼ਾਇਦ ਮੱਘਰ ਸੁਦੀ ਪੰਚਮੀ ਤੋਂ ਪਹਿਲੇ ਹੋਈਆਂ। ਇਨ੍ਹਾਂ ਦਾ ਸਾਰਾ ਮਨੋਰਥ ਗੁਰੂ ਸਾਹਿਬ ਨੂੰ ਭੈ-ਭੀਤ ਕਰ ਕੇ ਆਪਣੇ ਆਦਰਸ਼ਾਂ ਤੋਂ ਡੁਲਾਉਣਾ ਸੀ, ਪਰ ਉਹ ਅਚੱਲ ਤੇ ਅਡੋਲ ਰਹੇ ਤੇ ਗੁਰੂ ਕੇ ਸਿੱਖ ਵੀ ਨਿਰਭੈ ਹੋ ਕੇ ਜਾਨਾਂ ਵਾਰਦੇ ਗਏ, ਕਿਸੇ ਜ਼ਰਾ 'ਸੀ' ਤਕ ਨਹੀਂ ਕੀਤੀ। ਧੰਨ ਸਨ ਇਹ ਸਿੱਖ ਜਿਨ੍ਹਾਂ ਅੰਤ ਤਕ ਸਿੱਖੀ ਸਿਦਕ ਨਿਬਾਹਿਆ ਤੇ ਸਿੱਖ ਲਹਿਰ ਨੂੰ ਕੁਰਬਾਨੀ ਦਾ ਸ਼ਾਹ-ਰਾਹ ਦਿਖਾਇਆ। ਸਿੱਖ ਅਰਦਾਸ ਇਨ੍ਹਾਂ ਨੂੰ ਹੀ ਸ਼ਰਧਾਂਜਲੀ ਅਰਪਣ ਕਰਦੀ ਹੈ : "ਜਿਨ੍ਹਾਂ ਆਰਿਆਂ ਨਾਲ ਸੀਸ ਚਿਰਾਏ, ਜਿਉਂਦੇ ਜੀਅ ਅੱਗ ਵਿਚ ਸਾੜੇ ਗਏ" ਆਦਿ।

ਸੰਤਾਨ

ਭਾਈ ਮਤੀ ਦਾਸ ਜੀ ਦੇ ਤਿੰਨ ਪੁੱਤਰ ਸਨ—ਸਾਹਿਬ ਚੰਦ, ਮੁਕਦ ਰਾਇ ਤੇ ਚਰਨ ਦਾਸ। ਸਾਹਿਬ (ਚੰਦ) ਸਿੰਘ ਗੁਰੂ ਦਸਮੇਸ਼ ਜੀ ਦਾ ਘਰਬਾਰੀ ਦੀਵਾਨ ਰਿਹਾ, ਜੋ 7 ਕੱਤਕ, 1757 ਬਿ: ਨੂੰ ਨਿਰਮੋਹਗੜ੍ਹ ਦੀ ਜੰਗ ਵਿਚ ਸ਼ਹੀਦ ਹੋਇਆ। ਭਾਈ ਚਰਨ ਦਾਸ ਬਾਰੇ ਮਸ਼ਹੂਰ ਹੈ ਕਿ ਇਹ ਸਾਧੂ ਬਾਣੇ ਵਿਚ ਵਿਚਰਦਾ ਰਿਹਾ ਹੈ ਤੇ ਇਸ ਨੇ ਕਾਫ਼ੀ ਅਰਸਾ ਭਦੌੜ ਨਿਵਾਸ ਕੀਤਾ। *ਬੰਸਾਵਲੀਨਾਮੇ* ਵਿਚ ਚਰਨ ਦਾਸ ਨੂੰ ਸਾਹਿਬ ਸਿੰਘ ਦਾ ਬੇਟਾ ਲਿਖਿਆ ਹੈ, ਭਾਈ ਨਹੀਂ। ਸੰਭਵ ਹੈ, ਐਸਾ ਹੀ ਹੋਵੇ, ਇਸ ਬਾਰੇ ਹੋਰ ਖੋਜ ਦੀ ਲੋੜ ਹੈ। ਇਕ ਗੱਲ ਤਾਂ ਸਾਫ਼ ਹੀ ਹੈ ਕਿ ਇਸ ਸ਼ਹੀਦ ਸਿੱਖ ਦੀ ਸੰਤਾਨ ਵੀ ਸ਼ਹਾਦਤਾਂ ਦੇ ਦੇ ਕੇ ਸਿੱਖੀ ਲਹਿਰ ਦੀ ਸੇਵਾ ਕਰਦੀ ਰਹੀ।

•

ਭਾਈ ਮਨੀ ਸਿੰਘ ਜੀ ਦਾ ਸ਼ਹੀਦ ਘਰਾਣਾ

ਪੰਜਾਹ ਵਰ੍ਹੇ ਗੁਰੂ ਚਰਨਾਂ ਵਿਚ ਤੇ ਪੱਚੀ ਵਰ੍ਹੇ ਪੰਥ ਦੀ ਅਗਵਾਈ ਵਿਚ ਲਾਉਣ ਵਾਲੇ ਨੱਬੇ ਵਰ੍ਹਿਆਂ ਦੇ ਭਾਈ ਮਨੀ ਸਿੰਘ ਜੀ ਦੀ ਬਜ਼ੁਰਗ ਸ਼ਖ਼ਸੀਅਤ (ਜਨਮ ਚੇਤ ਸੁਦੀ ਦੁਆਦਸੀ 1701—ਸ਼ਹੀਦੀ ਹਾੜ ਸੁਦੀ ਪੰਚਮੀ 1791 ਬਿ:) ਵਚਿੱਤਰ ਕਿਸਮ ਦੀ ਹੈ, ਜਿਨ੍ਹਾਂ ਧਰਮ ਲਈ ਖ਼ੁਦ ਹੀ ਸ਼ਹੀਦੀ ਨਹੀਂ ਪਾਈ, ਬਲਕਿ ਉਹਨਾਂ ਦੇ ਬਜ਼ੁਰਗ-ਵਾਰ ਦਾਦਾ, ਭਾਈ ਜਾਨ, ਪੁੱਤਰ ਪੋਤਰਿਆਂ ਤੇ ਹੋਰ ਸੰਬੰਧੀਆਂ ਵੀ ਖ਼ੁਸ਼ੀ ਖ਼ੁਸ਼ੀ ਆਪਣੇ ਬਲੀਦਾਨ ਦਿੱਤੇ। ਮਨੀ ਸਿੰਘ ਜੀ ਦੇ ਬਾਬਾ ਬੱਲੂ ਰਾਉ ਨੇ 17 ਵੈਸਾਖ, 1691 ਬਿ: ਨੂੰ ਗੁਰੂ ਕੇ ਚੱਕ (ਅੰਮ੍ਰਿਤਸਰ) ਦੀ ਲੜਾਈ ਵਿਚ ਗੁਰੂ ਅਰਜਨ ਸਾਹਿਬ ਦੇ ਕਾਤਲ ਮੁਗ਼ਲ ਜਰਨੈਲ ਮੁਫ਼ਤਜ਼ਾ ਖ਼ਾਂ ਨੂੰ ਰਣ-ਖੇਤਰ ਵਿਚ ਮਾਰ ਮੁਕਾ ਕੇ ਖ਼ੁਦ ਸ਼ਹੀਦੀ ਪਾਈ ਸੀ। ਬੱਲੂ ਦੇ ਛੋਟੇ ਭਾਈ ਨਾਨੂ ਰਾਉ ਨੇ 3 ਕੱਤਕ, 1678 ਬਿ: ਨੂੰ ਰੁਹੀਲੇ ਦੀ ਜੰਗ ਵਿਚ ਜੂਝ ਕੇ ਪ੍ਰਾਣ ਦਿੱਤੇ ਸਨ ਤੇ ਇਸੇ ਤਰ੍ਹਾਂ ਇਸ ਦੇ ਭਾਈ ਦਰੀਏ ਦੀ ਸੰਤਾਨ ਨੇ ਗੁਰੂ ਖ਼ਾਤਰ ਆਪਣੇ ਪ੍ਰਾਣ ਨਿਛਾਵਰ ਕੀਤੇ। ਦਰੀਏ ਦਾ ਪੁੱਤਰ ਆਲਮ ਸਿੰਘ 1 ਅੱਸੂ, 1757 ਬਿ: ਨੂੰ ਨਿਰਮੋਹਗੜ੍ਹ (ਅਨੰਦਪੁਰ) ਜੂਝ ਮੋਇਆ ਸੀ। ਗੋਕਲ ਸਿੰਘ 14 ਕੱਤਕ, 1757 ਨੂੰ ਨਿਰਮੋਹਗੜ੍ਹ ਜੂਝ ਮੋਇਆ ਸੀ।

ਬੱਲੂ ਰਾਉ ਦੇ 12 ਪੁੱਤਰ ਸਨ—ਮਲੂਕਾ, ਮਾਈ ਦਾਸ, ਰੂੜੀਆ, ਰੂਪੀਆ, ਜੈਮੱਲ, ਬੀਰੀਆ, ਨਠੀਆ ਨੇਤਾ, ਸਾਹੂ, ਸੁੰਦਰ, ਮਾਧੋ, ਰਯਾ, ਸੁਹੇਲਾ। ਇਕ ਧੀ ਮਲੂਕੀ ਸੀ, ਜੋ ਸੁਖੀਏ ਮਾਂਡਨ (ਰਾਠੌਰ) ਨੂੰ ਵਿਆਹੀ ਹੋਈ ਸੀ ਤੇ ਇਹ ਸੁਖੀਆ ਮਰਾੜ ਦੀ ਜੰਗ ਵਿਚ 17 ਪੋਹ, 1691 ਬਿ: ਨੂੰ ਸ਼ਹੀਦੀ ਪਾ ਗਿਆ ਸੀ।

ਮਾਧੋ ਤੇ ਸੁਹੇਲਾ ਤਾਂ ਕਰਤਾਰਪੁਰ ਦੀ ਜੰਗ ਵਿਚ ਵੈਸਾਖ 1692 ਬਿ: ਵਿਚ ਸ਼ਹੀਦ ਹੋ ਗਏ ਸਨ।

ਮਾਈ ਦਾਸ ਸ਼ਾਹ ਜਹਾਨ ਦੇ ਜ਼ਮਾਨੇ ਚੰਗੇ ਸਰਕਾਰੀ ਅਹੁਦੇ 'ਤੇ ਸੀ। ਇਸ ਦੀਆਂ ਦੋ ਪਤਨੀਆਂ (ਮਧੁਰੀ ਬਾਈ ਤੇ ਲਡਿਕੀ) ਤੋਂ 12 ਸਪੁੱਤਰ ਸਨ—ਜੇਠਾ, ਦਿਆਲ, ਮਨੀ ਰਾਮ, ਦਾਨ ਚੰਦ, ਮਾਨ ਚੰਦ, ਅਮਰ ਚੰਦ, ਰੂਪ ਚੰਦ, ਜਗਤ ਚੰਦ, ਸੋਹਣ ਚੰਦ, ਲਹਿਣਾ, ਰਾਇ ਚੰਦ, ਹਠੀ ਚੰਦ। ਸਿਵਾਏ ਅਮਰ ਚੰਦ ਦੇ ਇਹ 11 ਹੀ ਸ਼ਹੀਦੀ ਮਾਰਗ ਦੇ ਪਾਂਧੀ ਬਣੇ। ਜੇਠਾ ਤੇ ਰੂਪ ਚੰਦ 9 ਕੱਤਕ, 1768 ਬਿ: ਆਲੋਵਾਲ (ਲਾਹੌਰ) ਦੇ ਮੁਕਾਮ 'ਤੇ 38 ਸਾਥੀਆਂ ਸਮੇਤ ਸ਼ਹੀਦ, ਭਾਈ ਦਿਆਲਾ ਦੇਗ ਵਿਚ ਉਬਾਲਿਆ ਜਾ ਕੇ ਦਿੱਲੀ ਸ਼ਹੀਦ, ਭਾਈ ਮਨੀ ਸਿੰਘ ਬੰਦ ਬੰਦ ਕਟਵਾ

ਕੇ ਲਾਹੌਰ ਸ਼ਹੀਦ, ਨਾਲ ਜੇਠੇ ਦਾ ਪੁੱਤਰ ਭੂਪਤਿ ਸਿੰਘ ਅੱਖਾਂ ਕਢਾ ਕੇ ਤੇ ਆਲਮ ਸਿੰਘ ਅਤੇ ਆਲਮ ਸਿੰਘ ਦਾ ਪੁੱਤਰ ਗੁਲਜਾਰਾ ਸਿੰਘ ਪੁੱਠੀ ਖੱਲ ਲੁਹਾ ਕੇ ਸ਼ਹੀਦ ਹੋਏ ਅਤੇ ਆਪ ਦੇ ਵੱਡੇ ਪੁੱਤਰ ਚਿਤਰ ਸਿੰਘ, ਜਗਤ ਸਿੰਘ, ਗੁਰਬਖ਼ਸ਼ ਸਿੰਘ ਤੇ ਨਾਲ ਚਾਚੇ ਨਠੀਏ ਦੇ ਪੁੱਤਰ ਸੰਗਤ ਸਿੰਘ ਤੇ ਰਣ ਸਿੰਘ ਆਦਿ ਕਈ ਗੱਭਰੂ ਸਿੱਖ ਸ਼ਹੀਦ ਕੀਤੇ ਗਏ ਸਨ। ਯਾਦ ਰਹੇ ਨਠੀਏ ਦੇ ਦੋ ਪੁੱਤਰ—ਸੁੱਖਾ ਸਿੰਘ ਤੇ ਲਾਲ ਸਿੰਘ 15 ਮੱਘਰ, 1767 ਸਰਹਿੰਦ ਵਿਚ ਲੜਦੇ ਸ਼ਹੀਦੀ ਪਾ ਗਏ ਸਨ। ਚਿਤਰ ਸਿੰਘ ਨੂੰ ਚਰਖੜੀ ਚਾੜ੍ਹਿਆ ਗਿਆ ਸੀ। ਸੋਹਣ ਚੰਦ 22 ਚੇਤ, 1747 ਜੰਗ ਨਦੌਣ ਵਿਚ ਸ਼ਹੀਦ, ਹਠੀ ਚੰਦ 18 ਅੱਸੂ, 1745 ਬਿ: ਜੰਗ ਭੰਗਾਣੀ ਵਿਚ ਸ਼ਹੀਦ, ਲਹਿਣਾ ਸਿੰਘ 23 ਫਗਣ, 1752 ਬਿ: ਗੁਲੇਰ ਦੀ ਜੰਗ ਵਿਚ ਸ਼ਹੀਦ, ਦਾਨ ਸਿੰਘ ਚਮਕੌਰ ਸ਼ਹੀਦ, ਮਾਨ ਸਿੰਘ 6 ਵੈਸਾਖ, 1765 ਬਿ: ਨੂੰ ਚਿਤੌੜ ਸ਼ਹੀਦ ਅਤੇ ਭਾਈ ਰਾਇ ਸਿੰਘ ਨੇ ਸਣੇ ਆਪਣੇ ਦੋ ਸਪੁੱਤਰਾਂ—ਸੀਤਲ ਸਿੰਘ ਤੇ ਮਹਾਂ ਸਿੰਘ—30 ਪੋਹ, 1762 ਬਿ: ਨੂੰ ਮੁਕਤਸਰ ਸ਼ਹੀਦੀ ਪ੍ਰਾਪਤ ਕੀਤੀ ਸੀ। ਇਸੇ ਰਾਇ ਸਿੰਘ ਦੇ ਦੋ ਪੁੱਤਰ ਸੁੱਖਾ ਸਿੰਘ 1 ਅੱਸੂ, 1757 ਲੋਹਗੜ੍ਹ (ਅਨੰਦਪੁਰ) ਤੇ ਬਾਘ ਸਿੰਘ 31 ਭਾਦੋਂ, 1757 ਬਿ: ਨੂੰ ਅਗੰਮਗੜ੍ਹ, ਅਨੰਦਪੁਰ ਦੀ ਜੰਗ ਵਿਚ ਜੂਝ ਮੋਏ ਸਨ।

ਭਾਈ ਮਨੀ ਸਿੰਘ (ਦੋ ਸੁਪਤਨੀਆਂ—ਸੀਤੋ ਬਾਈ ਸਪੁੱਤਰੀ ਲੱਖੀ ਸ਼ਾਹ ਤੇ ਖੇਮੀ ਸਪੁੱਤਰੀ ਗੁਰੀਆ ਚੌਹਾਨ) ਦੇ 10 ਸਪੁੱਤਰ ਸਨ—ਚਿਤਰ ਸਿੰਘ, ਬਚਿੱਤਰ ਸਿੰਘ, ਉਦੈ ਸਿੰਘ, ਅਨਿਕ ਸਿੰਘ, ਅਜਬ ਸਿੰਘ, ਅਜਾਇਬ ਸਿੰਘ, ਗੁਰਬਖ਼ਸ਼ ਸਿੰਘ, ਭਗਵਾਨ ਸਿੰਘ, ਬਲਰਾਮ ਸਿੰਘ ਤੇ ਦੇਸਾ ਸਿੰਘ। ਪਹਿਲੇ ਅੱਠਾਂ ਸ਼ਹੀਦੀ ਜਾਮ ਪੀਤਾ। ਚਿਤਰ ਸਿੰਘ, ਜਗਤ ਸਿੰਘ ਤੇ ਗੁਰਬਖ਼ਸ਼ ਸਿੰਘ ਪਿਤਾ ਜੀ ਨਾਲ ਸ਼ਹੀਦ; ਬਚਿੱਤਰ ਸਿੰਘ 8 ਪੋਹ, 1762 ਕੋਟਲਾ ਨਿਹੰਗ ਖ਼ਾਂ; ਉਦੈ ਸਿੰਘ ਸ਼ਾਹੀ ਟਿੱਬੀ ਪਾਸ 7 ਪੋਹ, 1762 ਲੜ ਕੇ ਸ਼ਹੀਦ; ਅਨਕ ਸਿੰਘ, ਅਜਬ ਸਿੰਘ, ਅੰਜਾਇਬ ਸਿੰਘ ਤਿੰਨੇ ਚਮਕੌਰ ਸ਼ਹੀਦ; ਭਗਵਾਨ ਸਿੰਘ ਇਸ ਤੋਂ ਪਹਿਲਾਂ ਹੀ 30 ਭਾਦੋਂ, 1757 ਬਿ: ਫ਼ਤਹਗੜ੍ਹ (ਅਨੰਦਪੁਰ) ਦੀ ਜੰਗ ਵਿਚ ਜੂਝ ਸ਼ਹੀਦ ਹੋਇਆ ਸੀ।

ਚਿਤਰ ਸਿੰਘ ਦੇ ਪੁੱਤਰ ਕੇਸੋ ਸਿੰਘ ਪੋਹ 1768 ਨੂੰ ਬਿਲਾਸਪੁਰ ਸ਼ਹੀਦ, ਸੈਣਾ ਸਿੰਘ ਸਢੌਰੇ ਤੇ ਹਾਠੂ ਸਿੰਘ ਚੇਤ 1815 ਬਿ: ਵਿਚ ਸਰਹਿੰਦ ਸ਼ਹੀਦ। ਬਚਿੱਤਰ ਸਿੰਘ ਦਾ ਪੁੱਤਰ ਸੰਗਰਾਮ ਸਿੰਘ ਚਪੜ ਚਿੜੀ ਦੀ ਜੰਗ ਜੇਠ ਵਦੀ ਇਕਾਦਸੀ 1767 ਬਿ: ਵਿਚ ਤੇ ਦੂਜਾ ਪੁੱਤਰ ਰਾਮ ਸਿੰਘ ਬੰਦਾ ਬਹਾਦਰ ਨਾਲ ਦਿੱਲੀ ਸ਼ਹੀਦ। ਇਵੇਂ ਜਿਵੇਂ ਉਦੈ ਸਿੰਘ ਦੇ ਦੋ ਪੁੱਤਰ ਮਹਿਬੂਬ ਸਿੰਘ ਤੇ ਫ਼ਤਹਿ ਸਿੰਘ ਚਪੜ ਚਿੜੀ ਦੀ ਲੜਾਈ ਵਿਚ ਕੰਮ ਆਏ ਅਤੇ ਅਲਬੇਲ ਸਿੰਘ ਤੇ ਮੋਹਰ ਸਿੰਘ ਸਢੌਰੇ ਦੀ ਜੰਗ ਵਿਚ।

ਭਾਈ ਮਨੀ ਸਿੰਘ ਦਾ ਚਾਚਾ ਨਠੀਆ ਨੇਤਾ ਸੀ ਤੇ ਨਠੀਏ ਦੇ ਬੀਰ ਸਪੂਤ ਸਨ—ਭਾਗੂ, ਕੁਰੀਆ, ਬਾਜੂ, ਰਣਸੀ, ਸ਼ਾਮਾ, ਸੁੱਖਾ, ਸੰਤਾ ਤੇ ਸੰਗਤ। ਇਹੋ ਸਿੰਘ ਸਜ ਕੇ ਭਗਵੰਤ ਸਿੰਘ, ਕੌਰ ਸਿੰਘ, ਬਾਜ਼ ਸਿੰਘ, ਸ਼ਾਮ ਸਿੰਘ ਆਦਿ ਕਹਿਲਾਏ ਤੇ ਬੰਦਾ ਬਹਾਦਰ ਦੇ ਨਾਲ ਹੀ ਹਾੜ ਸੁਦੀ ਏਕਮ 1773 ਬਿ: ਦਿੱਲੀ ਸ਼ਹੀਦ ਕੀਤੇ

ਗਏ। ਨਠੀਏ ਦਾ ਇਕ ਪੁੱਤਰ ਚਮਕੌਰ ਵਿਚ ਸ਼ਹੀਦੀ ਪਾਉਣ ਵਾਲਾ ਭਾਈ ਸੰਤ ਸਿੰਘ ਬੰਗੇਸਰੀ ਵੀ ਏਸੇ ਦਾ ਹੀ ਬੇਟਾ ਸੀ।

1802 ਬਿ: ਵਿਚ ਭੀਮ ਸਿੰਘ ਭੱਟ ਨੇ ਇਸ ਘਰਾਣੇ ਦੇ ਮੋਢੀ ਸ਼ਹੀਦਾਂ ਬਾਰੇ ਇਕ ਪ੍ਰਭਾਵਸ਼ਾਲੀ ਪਉੜੀ ਗਾ ਕੇ ਸੁਣਾਈ ਸੀ:

ਜਲ੍ਹਾਨੇ ਪੰਵਾਰ ਬੀਸ ਜਲ੍ਹੇ ਕਾ, ਚਹੁੰ ਕੁੰਟੀ ਨਾਉ ਤਊ ਦਾ ਪਰਿਆ।
ਜਸ ਗਾਊਂ ਤਊ ਬਾਬੇ ਬੱਲੂ ਕਾ, ਜੂਝਿ ਸੂਰਾ ਰਣ ਭੀਤਰਿ ਮਰਿਆ।
ਜਸ ਗਾਊਂ ਤਊ ਦਾਦੇ ਜੇਠਾ ਸਿੰਘ ਕਾ, ਲੈ ਭਾਈ ਪੂਤ ਸਾਕਾ ਜਿਹ ਕਰਿਆ।
ਧੰਨ ਧੰਨ ਦਯਾਲ ਦਾਸ ਜਸ ਤਊ ਕਾ, ਰਿਧਿ ਚੁੱਗਤੇ ਦੇਗੇ ਭੀਤਰ ਧਰਿਆ।
ਧੰਨ ਧੰਨ ਮਨੀ ਸਿੰਘ ਜਸ ਤਊ ਕਾ, ਬੰਦ ਬੰਦ ਕਟਿ ਪੋਸ਼ਿਸ ਉਖਰਿਆ।
ਬਚਿਤਰ ਸਿੰਘ ਜਸ ਤਊ ਕਾ ਗਾਊਂ, ਸਾਂਹਵੇ ਜੂਝਾ ਨਹਿ ਤਊ ਡਰਿਆ।
ਧੰਨ ਧੰਨ ਉਦੈ ਸਿੰਘ ਜਸ ਤਊ ਕਾ, ਦਵਾਦਸ ਘਰੀ ਇਕੇਲਾ ਲਗਿਆ।
ਘੋੜਾ ਦਾਨ ਦੀਓ ਤਊ ਉਜਲ, ਭਟੋ ਕਾ ਮੂੰਡ ਭਾਗੂ ਸਿੰਘ ਭਰਿਆ।
ਭੀਮ ਸਿੰਘ ਜਸ ਜੋੜ ਕੇ ਭਣਿਆ,
ਸਾਲ ਅਠਾਰਾਂ ਸੈ ਦੋ ਗਾਮ ਲਿਖ ਯਾੜੇ ਭੀਤਰ ਹਰਿਆ।
ਬੇਲ ਵਧੇ ਤਊ ਬੀਰ ਸੰਗ੍ਰਾਮ ਸਿੰਘ ਕੀ, ਭੱਟ ਗਾਵੇਂ ਦਰ ਤਉਂਤੇ ਖੜਿਆ।

(ਭੱਟ ਵਹੀ ਤਲਊਂਢਾ, ਪਰਗਣਾ ਜੀਂਦ)

ਭਾਈ ਮਨੀ ਸਿੰਘ ਦੀ ਭੂਆ ਦਾ ਰਾਠੌਰ ਬੰਸ

ਇਹ ਭੂਆ ਮਲੂਕੀ ਰਾਠੌਰ ਰਾਜਪੂਤਾਂ ਦੇ ਸੁਖੀਏ ਮਾਂਡਨ ਨੂੰ ਵਿਆਹੀ ਹੋਈ ਸੀ। ਭੱਟਾਂ ਨੇ ਇਸ ਦੀ ਮਹਿਮਾ ਕਰਦਿਆਂ ਇਹ ਵੀ ਲਿਖਿਆ ਹੈ ਕਿ ਅਕਬਰ ਨੇ ਇਸ ਨੂੰ ਆਪਣੀ ਧੀ ਕਹਿ ਕੇ ਸਨਮਾਨਿਆ ਅਤੇ ਤਾਂਬਾ ਪੱਤਰ ਉੱਤੇ ਨਿਸ਼ਾਨ ਨਗਾਰੇ ਦੀ ਬਖ਼ਸ਼ਿਸ਼ ਲਿਖ ਕੇ ਦਿੱਤੀ ਸੀ। ਇਹ ਪਰਿਵਾਰ ਪਹਿਲਾਂ ਸੋਧਰੇ (ਵਜ਼ੀਰਾਬਾਦ) ਰਹਿੰਦਾ ਸੀ, ਪਿੱਛੋਂ ਇਹਨਾਂ ਦੇ ਪੁੱਤ-ਪੋਤੇ ਲਾਡਵੇ (ਥਾਨੇਸਰ) ਆ ਗਏ ਸਨ। ਨੱਥੂ ਦੇ ਦੋ ਪੁੱਤਰ ਸਨ—ਊਦਾ ਤੇ ਰਾਮਾ, ਊਦੇ ਦਾ ਮਾਂਡਨ ਸੀ, ਮਾਂਡਨ ਦਾ ਸੁਖੀਆ ਜੋ ਭਾਈ ਮਨੀ ਸਿੰਘ ਦਾ ਫੁੱਫੜ ਲੱਗਦਾ ਸੀ। ਅੱਗੇ ਸੁਖੀਏ ਦੇ ਬੇਟੇ ਸਹਸਾ, ਤੇਗਾ, ਭਾਗਾ, ਰਾਮਾ ਤੇ ਮੱਖਣ ਸਨ। ਰਾਮੇ ਦੇ ਪੁੱਤਰ ਸਨ—ਜੀਤਾ ਸਿੰਘ, ਨੇਤਾ ਸਿੰਘ, ਉਦੇ ਸਿੰਘ ਤੇ ਬੱਜਰ ਸਿੰਘ। ਅੱਗੇ ਜੀਤਾ ਸਿੰਘ ਦੇ 7 ਪੁੱਤਰ ਸਨ—ਹਿੰਮਤ ਸਿੰਘ, ਸੇਵਾ ਸਿੰਘ, ਮੋਹਰ ਸਿੰਘ, ਮਾਨ ਸਿੰਘ, ਪ੍ਰਸੰਨ ਸਿੰਘ, ਅਨੂਪ ਸਿੰਘ ਤੇ ਕੇਹਰ ਸਿੰਘ। ਹਿੰਮਤ ਸਿੰਘ, ਸੇਵਾ ਸਿੰਘ, ਮੋਹਰ ਸਿੰਘ ਤਿੰਨੇ ਪਿਤਾ ਦੇ ਨਾਲ ਹੀ ਨਿਰਮੋਹਗੜ੍ਹ (13 ਕੱਤਕ, 1757) ਜੂਝਦੇ ਹੋਏ ਸ਼ਹੀਦ ਹੋਏ ਸਨ। ਮਾਨ ਸਿੰਘ 19 ਚੇਤ, 1764 ਬਿ: ਨੂੰ ਗੰਭੀਰ ਨਦੀ ਕੰਢੇ ਬਘੌਰ ਸ਼ਹੀਦ ਹੋ ਗਿਆ ਸੀ। ਚਿਤੌੜ ਸ਼ਹੀਦੀ ਪਾਉਣ ਵਾਲਾ ਮਨੀ ਸਿੰਘ ਦਾ ਭਾਈ ਮਾਨ ਸਿੰਘ ਪੁਆਰ ਸੀ। ਪ੍ਰਸੰਨ ਸਿੰਘ, ਅਨੂਪ ਸਿੰਘ ਤੇ ਕੇਹਰ ਸਿੰਘ ਤਿੰਨੇ 9 ਕੱਤਕ, 1768 ਬਿ: ਨੂੰ ਅੱਲੋਵਾਲ ਦੇ ਮੁਕਾਮ 'ਤੇ ਸ਼ਾਹੀ ਹੁਕਮ ਨਾਲ ਬਾਕੀ 30-35 ਸਾਥੀਆਂ ਸਮੇਤ ਧਰਤੀ ਵਿਚ ਗੱਡ ਕੇ ਸ਼ਹੀਦ

ਕਰ ਦਿੱਤੇ ਗਏ ਸਨ। ਮਾਨ ਸਿੰਘ ਦਾ ਪੁੱਤਰ ਚਾਨਣ ਸਿੰਘ ਵੀ ਇਨ੍ਹਾਂ ਵਿਚ ਹੀ ਸੀ। ਨੇਤਾ ਸਿੰਘ ਦਾ ਬੇਟਾ ਆਲਮ ਸਿੰਘ ਤੇ ਕੀਰਤ ਸਿੰਘ ਬੇਟਾ ਫ਼ਤਹਿ ਸਿੰਘ ਦਾ ਭਾਈ ਮਨੀ ਸਿੰਘ ਨਾਲ ਸ਼ਹੀਦ ਹੋ ਗਿਆ ਸੀ। ਨੇਤਾ ਸਿੰਘ ਦਾ ਦੂਜਾ ਬੇਟਾ ਕਾਨ੍ਹ ਸਿੰਘ ਮੱਘਰ ਵਦੀ ਪੰਚਮੀ 1760 ਬਿ: ਨੂੰ ਅਨੰਦਪੁਰ ਜੰਗ ਵਿਚ ਸ਼ਹੀਦੀ ਪਾ ਗਿਆ ਸੀ ਤੇ ਇਸੇ ਦਾ ਤੀਜਾ ਪੁੱਤਰ ਤਾਰੂ ਸਿੰਘ ਜੇਠ ਵਦੀ ਇਕਾਦਸੀ 1767 ਬਿ: ਨੂੰ ਚਪੜ ਚਿੜੀ ਦੀ ਜੰਗ ਵਿਚ ਮਾਰਿਆ ਗਿਆ ਤੇ ਨਾਲ ਹੀ ਬਾਬਾ ਬੱਜਰ ਸਿੰਘ।

ਉਪਰੋਕਤ ਬੰਸ ਵਿੱਚੋਂ ਸਹਸੇ ਦਾ ਪੁੱਤਰ ਅੜੂ ਸੀ ਤੇ ਇਸ ਦੇ ਅੱਗੇ ਗੁੱਲੂ, ਮਲੂਕਾ ਤੇ ਭੂਣਾ ਤਿੰਨ ਪੁੱਤਰ ਸਨ। ਭੂਣੇ ਦਾ ਪੁੱਤਰ ਮੁਰਾਰੀ ਸੀ। ਇਹ ਪਰਿਵਾਰ ਮਾਛੀਵਾੜੇ ਵਾਸਾ ਰੱਖਦਾ ਸੀ। ਅੱਗੇ ਮੁਰਾਰੀ ਦੇ ਛਬੀਲ ਸਿੰਘ, ਭੀਖਾ ਸਿੰਘ ਆਦਿਕ ਸਨ। ਛਬੀਲ ਸਿੰਘ ਸਣੇ ਆਪਣੇ ਦੋ ਪੁੱਤਰਾਂ—ਗੁਰਮੁਖ ਸਿੰਘ ਤੇ ਸੰਗਤ ਸਿੰਘ ਦੇ 15 ਵੈਸਾਖ, 1766 ਬਿ: ਨੂੰ ਅੰਮ੍ਰਿਤਸਰ ਦੀ ਜੰਗ ਵਿਚ ਸ਼ਹੀਦ ਹੋਇਆ ਸੀ। ਗੁੱਲੂ ਦਾ ਬੇਟਾ ਦਿਆਲ ਸਿੰਘ 1 ਅੱਸੂ, 1757 ਬਿ: ਨੂੰ ਅਗੰਮਗੜ੍ਹ ਦੀ ਰਣਭੂਮੀ ਵਿਚ ਸ਼ਹੀਦੀ ਪਾ ਗਿਆ ਸੀ। ਭੀਖੇ ਦਾ ਪੁੱਤਰ—ਮਾਹੀ ਸਿੰਘ ਤੇ ਦਰਗਾਹੀ ਸਿੰਘ 9 ਅੱਸੂ 1769 ਬਿ: ਨੂੰ ਸਾਂਬਾ ਦੇ ਮੁਕਾਮ 'ਤੇ (ਪਰਗਣਾ ਜੰਮੂ) ਲੋਗੜ ਵਿਚ ਲਪੇਟ ਕੇ ਫੂਕ ਦਿੱਤੇ ਗਏ ਸਨ। ਗੁੱਲੂ ਦਾ ਬੇਟਾ ਡੂਗਰ (ਜਨਮ 1708 ਬਿ:) ਤੇ ਡੂਗਰ ਦਾ ਬੇਟਾ ਮਨੀ ਸਿੰਘ 5 ਮਾਘ, 1802 ਬਿ: ਨੂੰ ਤਿੰਨ ਪੁੱਤਰਾਂ—ਸੰਗਤ ਸਿੰਘ, ਮਾਨ ਸਿੰਘ, ਰਾਮ ਸਿੰਘ ਸਮੇਤ ਮਾਛੀਵਾੜੇ ਪੁੱਠੀ ਖੱਲ ਲਾਹ ਕੇ ਸ਼ਹੀਦ ਕਰ ਦਿੱਤਾ ਸੀ। ਇਹ ਖ਼ਾਨਦਾਨ ਸਹਸੀਆਣਾ ਕਹਾਉਂਦਾ ਹੈ, ਕਿਉਂਕਿ ਇਹਨਾਂ ਦਾ ਵਡਾਰੂ ਸਹਸਾ ਸੁਖੀਏ ਦਾ ਵੱਡਾ ਪੁੱਤਰ ਸੀ। ਭਾਈ ਮਨੀ ਸਿੰਘ ਜੀ ਦੀ ਭੂਆ ਦਾ ਪੋਤਰਾ ਇਹ ਰਾਠੌਰ ਸਨ ਤੇ ਭਾਈ ਮਨੀ ਸਿੰਘ ਰਾਠੌਰ ਬੰਸ ਦੇ ਵੇਰਵੇ 'ਮੋਹਰਾਂ ਵਾਲੀ ਵਹੀ' ਵਿਚ ਤੇ ਪੁਆਰ ਬੰਸ ਦੇ ਬਿਉਰੇ 'ਭੱਟ ਵਹੀ ਮੁਲਤਾਨੀ ਸਿੰਧੀ' ਵਿਚ ਅੰਕਿਤ ਹਨ, ਜੋ ਇਸ ਬੰਸ ਦੀਆਂ ਸ਼ਾਨਦਾਰ ਸ਼ਹੀਦੀਆਂ ਦਾ ਪਤਾ ਦਿੰਦੇ ਹਨ। ਆਮ ਛਪੀਆਂ ਪੁਸਤਕਾਂ ਵਿਚ ਇਹ ਵੇਰਵੇ ਤੇ ਨਾਮ ਤਕ ਨਹੀਂ ਮਿਲਦੇ।

•

ਭਾਈ ਕੇਸਰ ਸਿੰਘ ਛਿੱਬਰ

ਭਾਈ ਕੇਸਰ ਸਿੰਘ ਛਿੱਬਰ (1705-1780) ਇਕ ਵਧੀਆ ਇਤਿਹਾਸਕਾਰ ਹੀ ਨਹੀਂ, ਬਲਕਿ ਇਕ ਚੰਗਾ ਕਵੀ ਵੀ ਸੀ, ਜਿਸ ਦੀਆਂ ਦਰਜਨ ਦੇ ਲਗਭਗ ਰਚਨਾਵਾਂ ਮਿਲਦੀਆਂ ਹਨ। ਇਹ ਜਿਹਲਮ ਕੰਢੇ ਦੇ ਪਿੰਡ ਕੜਿਆਲਾ ਦਾ ਵਸਨੀਕ ਸੀ ਤੇ ਇਸ ਦਾ ਮੁਇਆਲ ਛਿੱਬਰ (ਬ੍ਰਾਹਮਣ) ਘਰਾਣਾ[1] ਮੁੱਢ ਤੋਂ ਹੀ ਗੁਰੂ ਘਰ ਨਾਲ ਜੁੜਿਆ ਹੋਇਆ ਸੀ। ਇਸ ਦਾ ਵਡਾਰੂ ਭਾਈ ਪਰਾਗਾ ਗੁਰੂ ਹਰਿਗੋਬਿੰਦ ਜੀ ਦਾ ਮੁਖੀਆ ਯੋਧਾ ਸੀ ਤੇ ਭਾਈ ਦਰਗਾਹ ਮਲ ਗੁਰੂ ਹਰਿਰਾਇ ਸਾਹਿਬ ਦਾ ਦੀਵਾਨ ਰਿਹਾ ਸੀ, ਪਿੱਛੋਂ ਇਸ ਦੇ ਪੁੱਤਰ ਧਰਮ ਚੰਦ ਤੇ ਸਾਹਿਬ ਚੰਦ ਸ੍ਰੀ ਦਸਮੇਸ਼ ਜੀ ਦੇ ਦਰਬਾਰੀ ਤੇ ਘਰਬਾਰੀ ਦੀਵਾਨ ਨੀਯਤ ਹੋਏ। ਧਰਮ ਚੰਦ ਦਾ ਪੁੱਤਰ ਗੁਰਬਖ਼ਸ਼ ਸਿੰਘ ਸੀ, ਜੋ ਦਿੱਲੀ ਮਾਤਾ ਸਾਹਿਬਾਨ ਦੀ ਸੇਵਾ ਵਿਚ ਰਿਹਾ ਤੇ ਸੰਕਟ ਕਾਲ ਵਿਚ ਅੰਮ੍ਰਿਤਸਰ ਦਾ ਪ੍ਰਬੰਧ ਚਲਾਉਂਦਾ ਰਿਹਾ। ਇਸੇ ਗੁਰਬਖ਼ਸ਼ ਸਿੰਘ ਦਾ ਪੁੱਤਰ ਭਾਈ ਕੇਸਰ ਸਿੰਘ ਛਿੱਬਰ ਸੀ, ਜਿਸ ਨੇ ਮਾਤਾ ਸੁੰਦਰੀ, ਮਾਤਾ ਸਾਹਿਬ ਦੇਵਾਂ, ਭਾਈ ਮਨੀ ਸਿੰਘ, ਮਾਮਾ ਕ੍ਰਿਪਾਲ ਚੰਦ, ਭਾਈ ਚੌਪਾ ਸਿੰਘ, ਭਾਈ ਮਜਲਸ ਰਾਇ, ਭਾਈ ਕੌਰ ਸਿੰਘ ਚੰਦਾ—ਆਦਿ ਹਜ਼ੂਰੀ ਸਿੱਖਾਂ ਦੀ ਸੰਗਤ ਤੋਂ ਫ਼ੈਜ਼ ਉਠਾਇਆ ਸੀ। ਇਹ ਜ਼ਿਆਦਾ ਚਿਰ ਅੰਮ੍ਰਿਤਸਰ, ਦਿੱਲੀ ਤੇ ਜੰਮੂ[2] ਰਿਹਾ ਤੇ ਇਸ ਨੇ ਬੰਦਾ ਬਹਾਦਰ ਤੋਂ ਲੈ ਕੇ ਸਿੱਖ ਮਿਸਲਾਂ ਦੀ ਸਾਰੀ ਜਦੋ-ਜਹਿਦ ਜਿਵੇਂ ਕਿਵੇਂ ਅੱਖੀਂ ਵੇਖੀ ਜਾਂ ਵੇਖਣ ਵਾਲਿਆਂ ਤੋਂ ਸੁਣੀ। ਪੜ੍ਹਨ-ਲਿਖਣ ਦਾ ਮੁੱਢੋਂ ਸ਼ੌਕੀਨ ਸੀ। ਆਪਣੇ ਬਾਬੇ ਧਰਮ ਚੰਦ ਵਾਲੀ ਅਨੰਦਪੁਰ ਦੀ ਵਹੀ ਇਸ ਨੂੰ ਪ੍ਰਾਪਤ ਸੀ:

> ਸੋ ਤਿਸ ਦਸਵੇਂ ਪਾਤਸ਼ਾਹ ਦੇ ਖ਼ਰਚ ਖ਼ਜ਼ਾਨੇ ਦੀ ਵਹੀ ਆਹੀ ਮੇਰੇ ਪਾਸ।
> ਸੰਮਤੁ ਦਿਨ ਕੁਛ ਵਹੀ ਉਪਰੋਂ ਦੇਖ ਲਿਖੇ ਤਾਸ।੧੮੯।
> ਸੋ ਵਹੀ ਬਸੰਤਰ ਦੇਵਤਾ ਭਖ ਲਈ।
> ਜੰਮੂ ਨਗਰੀ ਮੈਂ ਆਗ ਲਾਗਤ ਭਈ।੧੯੦।

---

1. ਮੁਇਆਲ ਨੂੰ ਪੁਰਾਤਨ ਭੱਟ ਵਹੀਆਂ ਵਿਚ ਮੁਝਾਲ ਜਾਂ ਮੁਝਿਆਲ ਲਿਖਿਆ ਗਿਆ ਹੈ। ਸ਼ਾਇਦ ਇਹ ਮਾਝੇ ਵਿੱਚੋਂ ਉਠ ਕੇ ਗਏ ਬ੍ਰਾਹਮਣ ਹੋਣ। ਇਨ੍ਹਾਂ ਦੀਆਂ ਸੱਤ ਗੋਤਾਂ ਪ੍ਰਸਿੱਧ ਹਨ—ਦੱਤ, ਬਾਲੀ, ਛਿੱਬਰ, ਮੋਹਨ, ਲਾਉ, ਵੈਦ ਤੇ ਭੀਮਯਾਲ। ਇਹ ਸਭ ਗੋਤ ਵਧੇਰੇ ਜੰਮੂ ਜਿਹਲਮ ਦੇ ਇਲਾਕੇ ਵਿਚ ਵੱਸਦੇ-ਮਿਲਦੇ ਹਨ।
2. ਸੰਬਤ ਅਠਾਰਾਂ ਸੈ ਛਬੀਸ ਮੇਂ, ਸਾਵਣ ਸੁਦਿ ਦਸ ਚਾਰ
   ਜੰਮੂ ਨਗਰੀ ਕੇ ਬਿਖੈ, ਬੈਠੇ ਥੇ ਧਰਮਸਾਲ।੧੦। *(ਪਹਿਲਾ ਚਰਣ)*

ਇਸ ਤੋਂ ਕਾਫ਼ੀ ਇਤਿਹਾਸਕ ਜਾਣਕਾਰੀ ਹਾਸਿਲ ਕੀਤੀ। ਹੋਰ ਸੋਮਿਆਂ ਤੋਂ ਮਿਲਦਾ ਮਸਾਲਾ ਵੀ ਇਕੱਤਰ ਕੀਤਾ ਅਤੇ ਬੜੀ ਰੀਝ ਤੇ ਨੀਝ ਨਾਲ 1769 ਈ: ਵਿਚ *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ* (ਚੌਦਾਂ ਚਰਣ) ਸੰਪੂਰਨ ਕੀਤਾ। ਦਸ ਚਰਣ—ਦਸ ਗੁਰੂਆਂ ਬਾਰੇ ਹਨ, ਚਾਰ ਚਰਣ—ਬੰਦਾ ਸਿੰਘ, ਜੀਤ ਸਿੰਘ, ਮਾਤਾ ਸਾਹਿਬ ਦੇਵਾਂ ਤੇ ਸਮੇਂ ਦੀ ਅਵਸਥਾ ਬਾਰੇ ਹਨ। ਇਹ ਗ੍ਰੰਥ ਸਿੱਧੀ-ਸਾਦੀ ਛੰਦਾਬਦੀ ਵਿਚ ਹੈ ਤੇ ਲੇਖਕ ਨੇ ਗੁਰੂਆਂ ਸੰਬੰਧੀ ਵੱਧ ਤੋਂ ਵੱਧ ਘਟਨਾਵਾਂ ਦੀਆਂ ਤਰੀਕਾਂ ਤੇ ਸੰਮਤ ਆਦਿ ਦੇਣ ਦਾ ਜਤਨ ਕੀਤਾ ਹੈ ਅਤੇ ਬਹੁਤ ਸਾਰੇ ਸੰਮਤ ਆਮ ਪ੍ਰਚਲਿਤ ਸੰਮਤਾਂ ਨਾਲੋਂ ਭਿੰਨ ਵੀ ਹਨ, ਪਰ ਭੱਟ ਵਹੀਆਂ ਦੇ ਮਿਲਦੇ ਪ੍ਰਮਾਣਾਂ ਤੋਂ ਪਤਾ ਲੱਗਦਾ ਹੈ ਕਿ ਕੇਸਰ ਸਿੰਘ ਦੇ ਦਿੱਤੇ ਸਾਲ ਸੰਮਤ ਕਾਫ਼ੀ ਹੱਦ ਤਕ ਠੀਕ ਹੀ ਹਨ। ਕਿਤੇ ਉਕਾਈ ਵੀ ਹੋ ਸਕਦੀ ਹੈ, ਪਰ ਇਸ ਤੋਂ ਇਨਕਾਰ ਨਹੀਂ ਕਿ ਗੁਰੂ ਸਾਹਿਬਾਨ ਬਾਰੇ ਜਿਤਨੀ ਠੋਸ ਸਮੱਗਰੀ ਇਸ ਇਕੱਲੀ ਕਿਤਾਬ ਵਿਚ ਹੈ, ਉਹ ਹੋਰ ਕਿਤੇ ਨਹੀਂ। ਛਿੱਬਰ ਨੇ ਖ਼ੁਦ ਲਿਖਿਆ ਹੈ ਕਿ ਮੈਂ ਇਸ ਕਿਤਾਬ ਉੱਤੇ ਕਈ ਵਰ੍ਹੇ ਲਾਏ ਤੇ ਵੱਧ ਤੋਂ ਵੱਧ ਲੋੜੀਂਦਾ ਮਸਾਲਾ ਸੰਗ੍ਰਹਿ ਕੀਤਾ ਹੈ, ਪਰ ਦਾਅਵਾ ਕੋਈ ਨਹੀਂ। ਅੰਤ ਨਿਮਰਤਾ ਪ੍ਰਗਟ ਕਰਦਿਆਂ ਕਿਹਾ ਹੈ :

ਸਿੰਘ ਕੇਸਰ ਛਿੱਬਰ ਮੂਰਖ ਹੈ।
ਦੇਖਣ ਨੂੰ ਚੰਗੀ ਸੂਰਤ ਹੈ।
ਦੇਖਣ ਨੂੰ ਸੋਨਾ ਭਾਰਾ ਹੈ।
ਭੀਤਰ ਭਰੀ ਭੰਗਾਰਾ ਹੈ।੬੨੮।
ਦੇਖਣ ਨੂੰ ਰੁਪਯਾ ਟਕਸਾਲੀ ਹੈ।
ਭੀਤਰ ਖੋਟਾ ਖ਼ਾਲੀ ਹੈ।
ਦੇਖਣ ਨੂੰ ਚਿੱਟਾ ਚਾਂਦੀ ਹੈ।
ਭੀਤਰ ਭਰੀ ਭੰਗਾਰਾਂ ਦੀ ਹੈ।੬੨੯।
ਦੇਖਣ ਨੂੰ ਚਤੁਰ ਗਿਆਨੀ ਹੈ।
ਮਨ ਅਪਨੇ ਇਕ ਨ ਮਾਨੀ ਹੈ।
ਵਿਚ ਮਜਲਸ ਬੈਠਾ ਸ਼ੋਭਾ ਪਾਂਦਾ ਹੈ।
ਅਤੇ ਮਨ ਵਿਕਾਰਾਂ ਨੂੰ ਚਲਿ ਜਾਂਦਾ ਹੈ।
ਉਤਮ ਜਾਮਾ ਬ੍ਰਹਮਨ ਹੈ।
ਕਛੁ ਵਿਦਿਆ ਨ ਸਿਖੀ ਦੇ ਮਨ ਹੈ।
ਦੇਖਣ ਨੂੰ ਬਿਰਧ ਅਵਸਥਾ ਹੈ।
ਮਨ ਵਿਕਾਰਾਂ ਵਿਚਿ ਨਸਦਾ ਹੈ।੬੩੦।
ਦੇਖਣ ਨੂੰ ਕੇਸਾਧਾਰੀ ਹੈ।
ਅਤੇ ਮਨ ਖੋਟਾ ਕੂੜਿਆਰੀ ਹੈ।
ਸ਼ਬਦ ਬਾਣੀ ਭੀ ਪੜ੍ਹਦਾ ਹੈ।
ਅਤੇ ਫੇਰ ਕੁਸੰਗਤਿ ਵਿਚ ਵੜਦਾ ਹੈ।...

ਧਰਮ ਚੰਦ ਗੁਰੂ ਕੇ ਖ਼ਜ਼ਾਨਚੀ ਕਾ ਨਾਤੀ ਹੈ।
ਅਤੇ ਗੁਰੂ ਕੀ ਵਡਿਆਈ ਇਕ ਨ ਜਾਤੀ ਹੈ।੬੩੧। *(ਚੌਦਵਾਂ ਚਰਣ)*

ਇਹੋ ਜਿਹੇ ਬਜ਼ੁਰਗ, ਮਿਹਨਤੀ, ਨਿਮਰਤਾਵਾਨ ਲੇਖਕ ਲਈ ਡਾ. ਰਤਨ ਸਿੰਘ ਜੱਗੀ ਦਾ ਇਹ ਲਿਖਣਾ ਕਿ "ਉਹ ਇਕ ਸਾਧਾਰਨ ਬੁੱਧੀ ਅਤੇ ਜੇਟਕੀ ਪ੍ਰਤਿਭਾ ਦਾ ਤੁੱਕੜ ਕਵੀ ਹੈ," ਸਾਹਿਤਿਕ ਸਭਿਆਚਾਰ ਦਾ ਅਭਾਵ ਪ੍ਰਗਟਾਉਂਦਾ ਹੈ। ਕੇਸਰ ਸਿੰਘ ਛਿੱਬਰ ਇਤਿਹਾਸ ਲਿਖ ਰਿਹਾ ਹੈ। ਇਤਿਹਾਸ ਵਿੱਚੋਂ ਆਪਣੇ ਆਪ ਕਾਵਿ-ਖ਼ੂਬੀਆਂ ਲੱਭਣਾ ਭੁਲੇਖਾ ਖਾਣ ਵਾਲੀ ਗੱਲ ਹੈ। ਉਹ ਭਾਰਤੀ ਪੁਰਾਣ ਦਾ ਗਿਆਤਾ ਹੈ ਤੇ ਹਰ ਗੱਲ ਨੂੰ ਕਰਮ ਫਲ ਨਾਲ ਜੋੜਦਾ ਹੈ, ਪਰ ਜ਼ਰੂਰੀ ਨਹੀਂ ਕਿ ਅਸੀਂ ਉਸ ਦੀ ਹਰੇਕ ਗੱਲ ਨੂੰ ਪ੍ਰਵਾਨੀਏ। ਅਜਿਹੇ ਮਤਭੇਦਾਂ ਦੇ ਬਾਵਜੂਦ ਸਾਨੂੰ ਉਸ ਦੀ ਸੋਝੀ ਤੇ ਸ਼ੌਕ ਦੀ ਦਾਦ ਦੇਣੀ ਬਣਦੀ ਹੈ:

ਸਿੰਘ ਜੀ ਸਿੰਘ ਜੀ ਕਰਿ ਆਖੇ ਸਭ ਕੋਈ, ਸਿੰਘ ਜੀ ਹੋਣਾ ਅਉਖਾ।
ਸਿੰਘ ਜੀ ਹੋਇ ਮੁਰਦਾਰੁ ਨਾ ਖਾਏ, ਨਹੀਂ ਸਿੰਘ ਸਦਾਵਿਨ ਸਉਖਾ।੨੦੪।

ਲੋਹੇ ਦੇ ਬਾਟਿਆਂ ਵਿਚ ਪਾਹੁਲ ਲੈਣ ਵਾਲੇ ਜਦ ਸੋਨੇ ਦੇ ਕਟੋਰਿਆਂ ਵਿਚ ਸ਼ਰਾਬ ਪੀਣ ਲੱਗ ਜਾਣ ਤਾਂ ਹਾਲਤ ਖ਼ਰਾਬ ਹੋ ਜਾਂਦੀ ਹੈ। ਛਿੱਬਰ ਦੇ ਕਹਿਣ ਅਨੁਸਾਰ ਮਿਸਲਾਂ ਦੇ ਜ਼ਮਾਨੇ ਦੇ ਸਿੱਖ ਸਰਦਾਰ 'ਮਾਇਕੀ' (ਰਉਲੇ ਦੇ ਸਿੱਖ) ਹੋ ਗਏ ਸਨ, ਜੈਸਾ ਕਿ ਲੰਮੇ ਸੰਗਰਾਮ ਬਾਅਦ ਮਿਲਣ 'ਤੇ ਹੋ ਜਾਣਾ ਸੁਭਾਵਿਕ ਸੀ। ਭਾਈ ਕੇਸਰ ਸਿੰਘ ਨੇ ਇਸ ਦੀ ਥਾਂ ਥਾਂ ਨਿਖੇਧੀ ਕੀਤੀ ਹੈ। ਨਾਲ ਹੀ ਆਪਣੇ ਬਾਰੇ ਕਿਹਾ ਹੈ:

ਅਗੋਂ ਹੁਣ ਚਤੁਰ ਬੁਧਿਵਾਨ ਕਵੀਸ਼ਰ ਬਹੁਤੇ ਹੋਵਨਗੇ।
ਕਥਨੀ ਸੁੰਦਰੁ ਕਰਿ ਕਰਿ ਨਜ਼ਰਾਂ ਰਾਜਿਆਂ ਅੱਗੇ ਢੋਵਨਗੇ।
ਹੋਣੀ ਅਣਹੋਣੀ ਬਣਾਇ, ਪਉਦਾ ਮੂਹੁ ਦਿਖਾਵਣਗੇ।
ਕਾਰਨ ਪੇਟ ਦੇ ਰਾਜਿਆਂ, ਅਗੇ ਮੁਜਰੇ ਪਾਵਣਗੇ।੪੦੩।
ਮੈਨੂੰ ਕਿਸੇ ਰਾਜੇ-ਪਰਜੇ ਧਨੀ ਨਾਲਿ ਨਹੀਂ ਅਸ਼ਨਾਈ।
ਅਤੇ ਨਾ ਮੈਂ ਨਜ਼ਰਾਂ ਦਿਖਾਈ ਨ ਮੁਜਰਾ ਹੈ ਪਾਈ।
ਬਾਲਕ ਅਵਸਥਾ ਮਾਤਾ ਜੀ ਦੇ ਦਰਬਾਰ।
ਸੁਣਨ ਪੜ੍ਹਨ ਲਿਖਣ ਦਾ ਲੱਗਾ ਸੀ ਪਿਆਰ।੪੦੪।
ਸੋਈ ਕਥਾ-ਕਹਾਨੀ ਸੁਨੀ ਸੁਨਾਈ।
ਅਪਨੀ ਸ਼ਉਕ ਨਾਲਿ ਪੋਥੀ ਹੈ ਬਨਾਈ।
ਵਾਸਤੇ ਗੁਰੂ ਦੇ ਭਾਈ ਸਿਖੋ! ਮੇਰੇ ਉਪਰ ਕਿਸੇ ਗੁੱਸਾ ਨਹੀਂ ਕਰਨਾ।
ਅੱਗੇ ਗੁਰੂ ਕੇ ਬਚਨ ਸੁਣੋ ਅਤੇ ਪਾਵੋਂ ਸਰਨਾ।੪੦੫।

ਅੰਤ ਵਿਚ 'ਮਾਝ' ਦਿੱਤੀ ਹੈ:

ਆਜਜ਼ ਨੂੰ ਅਜ਼ਮਾਏ ਨ ਮੂਲੇ, ਆਜਜ਼ ਤਾਉ ਨ ਸਹਿਸੀ।
ਕੱਚ ਦੇ ਕੰਗਣਿ ਦਾ ਕੀ ਠਨਕਾਰਨ, ਠੋਕਰ ਲਗੀ ਭੇਜਿ ਵੈਸੀ।
ਜੇ ਤੂੰ ਆਜਜ਼ ਨੂੰ ਅਜ਼ਮਾਵਣ ਲਗੋਂ ਤਾਂ ਆਜਜ਼ ਕਿਛੁ ਨ ਰਹਿਸੀ।
ਆਜਜ਼ ਦਰ ਤੇਰੇ ਹੈ ਢਠਾ, ਤੂੰ ਰਖੇਂ ਤਾਂ ਰਹਿਸੀ।੬੪੪।

ਰਚਨਾ

ਜਿਥੋਂ ਤਕ ਇਸ ਦੀ ਰਚਨਾਵਲੀ ਦਾ ਸੰਬੰਧ ਹੈ, ਉਹ ਹੁਣ ਤਕ ਅਣਗੌਲੀ ਹੀ ਵੱਖ ਵੱਖ ਥਾਈਂ ਹੱਥ-ਲਿਖਤ ਵਿਚ ਪਈ ਹੈ। ਮੇਰੀ ਜਾਣਕਾਰੀ ਅਨੁਸਾਰ ਰਚਨਾ ਸੂਚੀ ਇਉਂ ਹੈ :

1. *ਬੰਸਾਵਲੀਨਾਮਾ* (1769)
2. *ਗੁਰਪ੍ਰਣਾਲੀ*
3. *ਸ਼ੋਭਾ ਸ੍ਰੀ ਅੰਮ੍ਰਿਤਸਰ ਜੀ ਕੀ*
4. *ਕਲਿ ਪ੍ਰਧਾਨੀ*
5. *ਬਾਰਾਂਮਾਹ ਨਾਜ਼ਕ*
   (ਇਹ ਦੋਵੇਂ *ਪੰਜਾਬੀ ਬਾਰਾਂਮਾਹੇ* ਵਿਚ ਮੇਰੇ ਵੱਲੋਂ ਛਾਪ ਦਿੱਤੇ ਗਏ ਸਨ।)
6. *ਬਾਰਾਂਮਾਹ ਕੇਸਰ ਸਿੰਘ*
7. *ਬਾਰਾਂਮਾਹ ਮਾਤਾ ਸੀਤਾ ਦਾ*
8. *ਸੀਹਰ.ਫੀ ਹੀਰ*
9. *ਸੀਹਰ.ਫੀ ਰਾਧੇ ਕ੍ਰਿਸ਼ਨ* (ਪੈਂਤੀਸ ਅੱਖਰੀ ਹੈ)
10. *ਸਤਵਾਰਾ*
11. *ਥਿਤੀ*
12. *ਕੇਸਰੀ ਚਰਖਾ*

ਕੇਸਰ ਸਿੰਘ ਦਾ ਭਾਈ ਸੰਤ ਸਿੰਘ ਛਿੱਬਰ ਸੀ, ਜਿਸ ਨੇ *ਸਾਖੀ ਗੁਰੂ ਨਾਨਕ ਸ਼ਾਹ ਜੀ ਕੀ* 1770 ਈ: ਵਿਚ ਛੰਦਬੱਧ ਕੀਤੀ।

ਕੇਸਰ ਸਿੰਘ ਦਾ ਪੁੱਤਰ ਸੇਵਾ ਸਿੰਘ ਸੀ, ਇਸ ਦੀ *ਸੀਹਰ.ਫੀ ਸਸੀ ਪੁੰਨੂੰ* ਮਿਲਦੀ ਹੈ। ਛਿੱਬਰ ਦਾ ਪੋਤਰਾ ਮਿਹਰ ਸਿੰਘ ਗੁਜਰਾਤੀ ਸੀ, ਜਿਸ ਨੇ ਇਹ ਚੀਜ਼ਾਂ ਲਿਖੀਆਂ :

1. *ਸੀਹਰ.ਫੀ ਦੇਵੀ*
2. *ਸੀਹਰ.ਫੀ ਗੋਪੀ ਚੰਦ*
3. *ਸੀਹਰ.ਫੀ ਸੋਹਣੀ ਮਹੀਂਵਾਲ*
4. *ਕਿੱਸਾ ਰਉਸ਼ਨ ਪੰਜਾਬ*

ਕਿੱਸਾ ਰਉਸ਼ਨ ਪੰਜਾਬ 182 ਪੱਤਰਿਆਂ ਦਾ ਖਰੜਾ ਹੈ, ਜਿਸ ਦੇ 1266 ਛੰਦ ਹਨ। ਇਹ ਮਿਹਰ ਸਿੰਘ ਨੇ ਖ਼ੁਦ 1859 ਈ: ਵਿਚ ਅਸਿਸਟੈਂਟ ਜੋਹਨ ਬੀਮਜ਼ ਨੂੰ ਭੇਂਟ ਕੀਤਾ ਸੀ ਤੇ ਹੁਣ ਇਸ ਦਾ ਇੱਕੋ ਇਕ ਖਰੜਾ ਇੰਡੀਆ ਆਫ਼ਿਸ ਲਾਇਬ੍ਰੇਰੀ ਐਂਡ ਰਿਕਾਰਡਜ਼ ਲੰਡਨ ਵਿਚ ਸੁਰੱਖਿਅਤ ਹੈ।

ਮਿਹਰ ਸਿੰਘ ਦਾ ਭਾਈ ਸਹਾਈ ਸਿੰਘ ਸੀ, ਜਿਸ ਨੇ *ਵਾਰ ਹਰੀ ਸਿੰਘ ਨਲਵਾ* ਤੋਂ ਇਲਾਵਾ *ਜਨਮ ਫਲ* ਤੇ *ਭੂਚਾਲ ਨਾਮਾ* ਵੀ ਰਚਿਆ। *ਭੂਚਾਲ ਨਾਮਾ* ਕਿਸੇ ਫ਼ਾਰਸੀ ਕਿਤਾਬ ਦਾ ਤਰਜਮਾ ਸੀ :

ਸਿੰਘ ਸਹਾਈ ਏਹੁ ਬਨਾਇਆ।
ਫ਼ਾਰਸੀ ਵਿਚਹੁੰ ਹੈ ਉਲਟਾਇਆ।

ਮੇਰੇ ਪਾਸ ਇਕ ਪੁਰਾਣੀ ਹੱਥ-ਲਿਖਤ ਹੈ, ਜਿਸ ਵਿਚ ਇਹ ਸੀਹਰਫ਼ੀਆਂ ਤੇ ਬਾਰਾਂਮਾਹੇ ਆਦਿ ਸੰਚਿਤ ਹਨ। ਜਾਪਦਾ ਹੈ ਕਿ ਇਹ ਖਰੜਾ ਕਿਸੇ ਛਿੱਬਰ ਘਰਾਣੇ ਦੇ ਖ਼ੁਸ਼ਨਵੀਸ ਨੇ ਲਿਖਿਆ ਹੈ। ਇਸ ਵਿਚ ਇਕ ਸੀਹਰਫ਼ੀ ਗੁਰਬਖ਼ਸ਼ ਸਿੰਘ ਕਿਰਤ ਵੀ ਹੈ, ਜਿਸ ਵਿਚ ਸੰਸਾਰ ਦੀ ਨਾਸ਼ਮਾਨਤਾ ਦਰਸਾਈ ਹੈ:

ਅਲਫ਼ ਉਸ ਦੀ ਤਰਫ਼ ਨਿਗਾਹ ਕਰਕੇ,
ਕਿੱਸੇ ਛੋਡ ਸਭੇ ਬਦਖ਼ਾਹੀਆਂ ਦੇ।
ਗੁਨਾਹਗਾਰ ਨੂੰ ਬਖ਼ਸ਼ ਕੇ ਰਾਜ ਦੇਨਿ,
ਵੇ ਪੁੱਛਦਾ ਨਹੀਂ ਉਗਾਹੀਆਂ ਦੇ।
ਚਾਹੇ ਚਿੜੀਆਂ ਥੀਂ ਬਾਜ ਤੁੜਾਇ ਸੁਟੇ,
ਬੌੜ ਗਰਕ ਕਰਦਾ ਬਾਤਸ਼ਾਹੀਆਂ ਦੇ।
ਗੁਰਬਖ਼ਸ਼ ਸਿੰਘ ਡਰੀਏ ਸਚੇ ਰੱਬ ਕੋਲਹੁੰ,
ਉਸ ਦੇ ਖ਼ਿਆਲ ਨੀ ਬੇਪ੍ਰਵਾਹੀਆਂ ਦੇ।੧।

ਕੋਈ ਵੱਡੀ ਗੱਲ ਨਹੀਂ ਕਿ ਇਹ ਕੇਸਰ ਸਿੰਘ ਦੇ ਪਿਤਾ ਦੀ ਰਚਨਾ ਹੀ ਹੋਵੇ, ਜਿਸ ਨੇ ਮੁਗ਼ਲ ਰਾਜ ਦੀ ਅਧੋਗਤੀ ਤੇ ਅਨੰਦਪੁਰ ਦੀ ਬਰਬਾਦੀ ਅੱਖੀਂ ਦੇਖੀ ਸੀ। ਸਾਡੀ ਇਸ ਚਰਚਾ ਤੋਂ ਇਤਨਾ ਹੀ ਭਾਵ ਹੈ ਕਿ ਇਹ ਲਿਖਾਰੀ ਘਰਾਣਾ ਸੀ। ਕੇਸਰ ਸਿੰਘ ਆਪ ਚੰਗਾ ਵਿਦਵਾਨ ਲੇਖਕ ਤੇ ਕਵੀ ਸੀ ਤੇ ਇਸ ਦੇ ਪੁੱਤ-ਪੋਤੇ ਵੀ ਚੰਗੇ ਸਾਹਿੱਤਕਾਰ ਹੋਏ।

ਇਕ *ਕੇਸਰੀ ਚਰਖਾ* ਨਾਮ ਦੀ ਰਚਨਾ ਭਾਈ ਵੀਰ ਸਿੰਘ ਜੀ ਨੇ ਆਪਣੇ ਪਿਤਾ ਡਾ. ਚਰਨ ਸਿੰਘ (1850-1908 ਈ:) ਦੀ ਕਿਰਤ ਸਮਝ ਕੇ ਭੁਲੇਖੇ ਨਾਲ ਛਾਪੀ ਸੀ, ਪਰ ਉਹ ਮੈਨੂੰ ਕੇਸਰ ਸਿੰਘ ਦੀ ਕਿਰਤ ਹੀ ਜਾਪਦੀ ਹੈ। ਡਾ. ਚਰਨ ਸਿੰਘ ਸਾਹਿੱਤ ਦੇ ਸ਼ੌਕੀਨ ਸਨ, ਪਰ ਉਨ੍ਹਾਂ ਕਿਸੇ ਪੂਣੀ ਕੀਤੀ ਪੁਰਾਣੀ ਹੱਥ-ਲਿਖਤ ਤੋਂ ਇਸ ਦਾ ਉਤਾਰਾ ਕੀਤਾ ਸੀ। ਲੇਕਿਨ ਉਨ੍ਹਾਂ ਦੇ ਦੇਹਾਂਤ ਬਾਅਦ 1912 ਵਿਚ ਇਸ ਨੂੰ ਉਨ੍ਹਾਂ ਦੀ ਸ੍ਵੈ-ਕਿਰਤ ਸਮਝ ਕੇ ਛਾਪ ਦਿੱਤਾ ਗਿਆ। *ਕੇਸਰੀ ਚਰਖਾ* ਵਿਚ ਦੋ ਤਿੰਨ ਥਾਂ ਕੇਸਰ ਸਿੰਘ ਦਾ ਨਾਂ ਸਾਫ਼ ਆਇਆ ਹੈ, ਜਿਵੇਂ ਕਿ:

ਕੇਸਰ ਕਿਸਨੋ ਆਖੀਐ, ਇਹ ਵੇਲਾ ਕਿਹੜਾ
ਸੇਜ ਪਲੰਘ ਦੁਲੀਚੜੇ ਗਇਅਸੁ ਜਿਹੜਾ।
ਅਜੇ ਸੁ ਵਲ ਨ ਆਇਆ, ਗੀਸ ਸੜਿ ਰਹੀਆ
ਚਰਖੀ ਹੱਲੀ ਗੁਡੀਆਂ, ਪੀਹੜੀ ਭਜ ਪਈਆ।
ਮੈਂ ਰੱਤ ਰੋਂਦੀ ਅਥਰੂ, ਹਾਇ ਕੋਈ ਛੁਡਾਏ
ਕੇਸਰ ਸਿੰਘ ਗ਼ੁਲਾਮ ਹੋਇ, ਸਦ ਘੁਮੇ ਜਾਏ।

ਇਸ ਨਾਂ ਉੱਤੇ ਨਿਸ਼ਾਨ ਲਾ ਕੇ ਨੋਟ ਦਿੱਤਾ ਗਿਆ ਹੈ, "ਇਹ ਉਨ੍ਹਾਂ ਗੁਰਮੁਖਾਂ ਦਾ ਨਾਮ ਜਾਪਦਾ ਹੈ, ਜਿਨ੍ਹਾਂ ਦੀ ਸੁਹਬਤ ਵਿਚ ਆਪ ਨੂੰ ਆਤਮ ਜੀਵਨ ਦਾ ਲਾਭ

ਹੋਇਆ ਸੀ।" ਪਰ *ਸ੍ਰੀ ਚਰਣ ਹਰਿ ਵਿਸਥਾਰਿ* ਵਿਚ ਕਿਧਰੇ ਅਜਿਹੇ ਮਹਾਂਪੁਰਸ਼ ਦਾ ਨਾਮ ਨਹੀਂ ਮਿਲਦਾ। ਸੋ ਡਾਕਟਰ ਸਾਹਿਬ ਨੇ ਤਾਂ *ਕੇਸਰੀ ਚਰਖਾ* ਦਾ ਉਤਾਰਾ ਮਾਤਰ ਕੀਤਾ ਸੀ, ਲੇਕਿਨ ਉਨ੍ਹਾਂ ਦੇ ਦੇਹਾਂਤ ਬਾਅਦ ਭੁਲੇਖੇ ਨਾਲ ਇਹ ਰਚਨਾ ਉਨ੍ਹਾਂ ਦੇ ਨਾਮ ਨਾਲ ਮਨਸੂਬ ਹੋ ਗਈ। ਅਸੀਂ ਕਿਸੇ ਨੂੰ ਦੋਸ਼ੀ ਨਹੀਂ ਠਹਿਰਾਉਂਦੇ। ਅੰਤਮ ਨਿਰਣਾ ਕਿਸੇ ਪੁਰਾਣੀ ਹੱਥ-ਲਿਖਤ ਮਿਲਣ 'ਤੇ ਹੀ ਸੰਭਵ ਹੈ। ਸਾਨੂੰ ਪਤਾ ਹੈ ਕਿ ਡਾਕਟਰ ਚਰਨ ਸਿੰਘ ਵਧੇਰੇ ਗੱਦਕਾਰ ਸਨ, ਬ੍ਰਿਜ ਭਾਸ਼ਾ ਵਿਚ ਕਵਿਤਾ ਵੀ ਕਰਦੇ ਸਨ, ਪਰ ਪੰਜਾਬੀ ਕਾਵਿ ਰਚਨਾ ਉਨ੍ਹਾਂ ਦਾ ਸ਼ੌਕ ਨਹੀਂ ਸੀ, ਨਾਲੇ ਬੋਲੀ ਤੇ ਸ਼ੈਲੀ ਵੀ ਉਨ੍ਹਾਂ ਨਾਲ ਮੇਲ ਨਹੀਂ ਖਾਂਦੀ।

ਇਥੇ ਕੇਸਰ ਸਿੰਘ ਦੀ ਇਕ ਚੀਜ਼ ਦਿੰਦੇ ਹਾਂ, ਇਸ ਵਿਚ ਕਵੀ ਨੇ ਸਤਵਾਰਾ ਤੇ ਬਾਰਾਂਮਾਹ ਇਕੱਠਾ ਨਿਬਾਹਿਆ ਹੈ:

ਬਾਰਾਂ ਮਾਹ ਸਤਵਾਰਾ ਕੇਸਰ ਸਿੰਘ

ਦੇਵੀ ਪੂਜੇ ਸੁਰਸਤੀ, ਕਰ ਮਾਤਾ ਮਾਲਾ ਨਾਮੁ
ਸਿੰਘ ਕੇਸਰ ਛਿਬੁ ਕੀ ਬੇਨਤੀ, ਸਦਾ ਭਜੋ ਭਗਵਾਨ।੧।
ਸਾਵਣ ਮਾਸ ਫੁਹਾਰ ਦ੍ਰਿਗ, ਪੀਆ ਗਏ ਪਰਦੇਸ
ਵਾਢੀ ਬਿਹਨੀ ਅਤਿ ਸ਼ਮੀ, ਕੀਤੇ ਪੂਰਬ ਜੁਆਏ ਪੇਸ਼।੨।
ਭਾਦੋਂ ਭਨੀ ਨ ਰੁਤ ਮੁਤਿ, ਮਨੋ ਬਿਸਾਰੀ ਨਾਹਿ,
ਜਾਂਕੇ ਪੀਆ ਪਰਦੇਸ ਹੈਂ, ਜੋ ਜੀਵਤ ਨਰਕੇ ਮਾਂਹਿ।੩।
ਅਸੂ ਅਉਂਸੀਆਂ ਪਾਉਤੀ, ਮੋਰ ਉਡਾਰਤ ਕਾਗ।
ਬ੍ਰਿਹੁ ਕੇਸਰ ਲਗੇ ਕਾਰੀ, ਦੇਖਿ ਬੰਦੀ ਕੇ ਭਾਗ।੪।
ਕੱਤਕ ਕੋਊ ਨ ਝੱਲਈ, ਹਉਂ ਕਿਤ ਜਾਵਾਂ ਠਉਰ।
ਰਾਧੇ ਰੰਗ ਤਗੀਰ ਅਬੁ, ਬਿਛਰਿ ਗਏ ਜਦ ਕਉਰ।੫।
ਸੀਤ ਸੁਹਾਵੀ ਸੁਰਤ ਰੁਤ, ਮਘਰ ਮੋ ਘਰ ਨਹੀਂ ਕੰਤ।
ਦਰਦਾਂ ਕੇਸਰ ਲਗੇ ਕਾਰੀ, ਗਣਤ ਨ ਆਵੈ ਅੰਤ।੬।
ਪੋਹ ਪੁਵਾਂਦੀ ਪੈ ਰਹੀ, ਲਾਤ ਜੁ ਮਾਰੀ ਨਾਹ।
ਕਹਹੁ ਕਵਨ ਕੋ ਜਾ ਇਕੈ, ਸਰ ਲਗੇ ਉਰ ਮਾਹਿ।੭।
ਮਾਹੁ ਮੁਮਾਰਖ ਕਹਤ ਹੈ, ਕੋਈ ਮੁਝ ਭੀ ਦੇਸੀ ਆਇ।
ਜੀਉ ਕਰਾਂ ਕੁਰਬਾਨ ਤਿਹ ਪਕੜੋਂ ਤਾ ਕੇ ਪਾਂਇ।੮।
ਫਾਗਨ ਫੂਟੇ ਰੁੱਖ ਸਭ, ਅਰ ਮਉਲੀ ਬਨਰਾਇ।
ਮੇਰਾ ਹੀਅਰਾ ਹੈ ਫੁਟਾ, ਮੈਂ ਮਉਲਾਂ ਦਰਸ਼ਨ ਪਾਇ।੯।
ਚੇਤ੍ਰ ਚਿੰਤਾ ਅਧਿਲਗੀ, ਗਏ ਮਹੀਨੇ ਨਉਂ।
ਵਾਢੀ ਬ੍ਰਿਹਨੀ ਇਉਂ ਕਹੈ, ਅਤ ਦੁਖੀ ਬਿਆਕੁਲ ਹਉਂ।੧੦।
ਵਸਾਖ ਪੱਕੀ ਸ਼ਾਖ ਸਭ, ਪਕਾ ਰੋਜ਼ਾ ਮੋਹਿ।
ਰਾਧੈ ਕਹਿੰਦੀ ਕ੍ਰਿਸ਼ਨ ਜੀ, ਤਰਸ ਭੀ ਆਵੈ ਤੋਹਿ।੧੧।
ਜੇਠ ਜੁਠਰ ਪਾਤੀ ਲਿਖੀ, ਸੋ ਪਹੁਤੀ ਮੁਝ ਆਇ।
ਆਵਨ ਕੀ ਆਸਾ ਲਗੀ, ਮੁਖ ਦੇਖੇ ਦੁਖ ਜਾਇ।੧੨।

ਗ੍ਰੀਖਮ ਰੁਤ ਅਸਾੜ ਕੀ, ਤਪਿਆ ਧਰਤਿ ਅਕਾਸ਼।
ਮੇਰੇ ਘਰਿ ਬਸੰਤ ਹੈ, ਸਿੰਘ ਕੇਸਰ ਪੁੰਨੀ ਆਸ।੧੩।
ਐਤਵਾਰ ਆ ਸਭ ਕਿਛੁ ਘਰਿ ਸੁਖ ਦਾਤਾ ਕੰਤੁ।
ਲੋਕਾਂ ਗਰਮੀ ਘਾਮ ਅਤਿ, ਮੁਝ ਕੋ ਭਯਾ ਬਸੰਤ।੧੪।
ਸੋਮ ਸਪੂਰਨ ਚੰਦ੍ਰਮਾ, ਸੋਲਾਂ ਕਲਾਂ ਜੁ ਆਹਿ।
ਵਾਢੀ ਪੁੰਨੀ ਆਸ ਪ੍ਰਭ, ਕੁੰਡਲਨੀ ਗਲ ਲਾਇ।੧੫।
ਮੰਗਲ ਮਾਂਗ ਸੰਧੂਰ ਭਉਰ, ਅਰ ਮੋਤੀਅਨ ਕੀ ਮਾਲ।
ਦਰਸ਼ਨ ਪਾਇਓ ਕ੍ਰਿਸ਼ਨ ਜੀ, ਰਾਧੇ ਭਈ ਨਿਹਾਲ।੧੬।
ਉਜਲ ਬੁਧਿ ਅਤਿ ਨਿਰਮਲੀ ਚਰਨ ਗਹੇ ਗੁਰਦੇਵ।
ਮਨ ਮਾਲਾ ਤੁਮਰੇ ਨਾਮ ਕੀ, ਕਰਾਂ ਜੁ ਅਹਿਨਿਸ ਸੇਵ।੧੭।
ਵੀਰ ਪਿਆਰੀ ਕੰਨਿਆ, ਭਈ ਸੁਹਾਗਵੰਤਿ ਜੁ ਨਾਰਿ।
ਧਨ ਪਿਰ ਨੇਹੁ ਜਾਂ ਹੋਇਆ, ਖੋੜਸ ਬਣੈ ਸ਼ੀਂਗਾਰ।੧੮।
ਸੁਕ੍ਰਿਤ ਲੱਛਣ ਸੋਹਣੇ ਜੋ ਭਾਣੀ ਕਰਤਾਰ।
ਅੰਗਣ ਤਾਂ ਕੇ ਚੰਨ ਹੈ, ਭਾਗਾਂ ਰਤੀ ਚਾਰ।੧੯।
ਸਨਮੁਖ ਬੈਰੀ ਨਾਹੁ ਕੇ, ਸ਼ਨਿਵਾਰ ਦਿਨ ਆਇ।
ਰੰਗ ਖੁਲ੍ਹਾ ਕੇਸਰ ਸਿੰਘ ਉਜਲਾ, ਕਰ ਮਾਲਾ ਮਾਤ ਸੁਹਾਇ।੨੦।

•

ਗੋਸ਼ਟਿ ਸਾਹਿੱਤ

-1-

ਗੋਸ਼ਟਿ ਦਾ ਅਰਥ ਹੈ ਬਹਿਸ ਜਾਂ ਵਿਚਾਰ ਕਰਨਾ। ਪ੍ਰਾਚੀਨ ਪੰਜਾਬੀ ਸਾਹਿੱਤ ਵਿਚ ਗੋਸ਼ਟਾਂ ਇਕ ਵਿਸ਼ੇਸ਼ ਥਾਂ ਰੱਖਦੀਆਂ ਹਨ, ਜਿਨ੍ਹਾਂ ਵਿਚ ਤਰਕਵਾਦੀ ਪੱਖ ਤੋਂ ਅਧਿਆਤਮਕ ਸਿਧਾਂਤਾਂ ਤੇ ਮਜ਼੍ਹਬੀ ਅਕੀਦਿਆਂ ਦੀ ਪਰਖ ਪੜਤਾਲ ਕੀਤੀ ਮਿਲਦੀ ਹੈ। ਪੁਰਾਣੇ ਸੰਸਕ੍ਰਿਤ ਦੇ ਦਾਰਸ਼ਨਿਕ ਸਾਹਿੱਤ ਵਿਚ ਵੀ ਇਹ ਪਰਿਪਾਟੀ ਪਾਈ ਜਾਂਦੀ ਹੈ ਕਿ ਕਿਸੇ ਮਸਲੇ ਉੱਤੇ ਵਾਦੀ ਪ੍ਰਤਿਵਾਦੀ ਮਿੱਥ ਕੇ ਸ਼ੰਕਾਵਾਂ ਖੜੀਆਂ ਕੀਤੀਆਂ ਜਾਂਦੀਆਂ ਤੇ ਫਿਰ ਉਨ੍ਹਾਂ ਦਾ ਸਮਾਧਾਨ ਕੀਤਾ ਹੁੰਦਾ ਹੈ। ਸ਼ੰਕਾਵਾਦੀ ਉਹ ਉਹ ਸਵਾਲ ਉਠਾਉਂਦਾ ਹੈ, ਜੋ ਵੀ ਆਮ ਤੌਰ 'ਤੇ ਉਸ ਬਾਰੇ ਉਠਾਏ ਜਾ ਸਕਦੇ ਹਨ ਤੇ ਆਚਾਰੀ ਉਨ੍ਹਾਂ ਸ਼ੰਕਾਵਾਂ ਨੂੰ ਦੂਰ ਕਰ ਕੇ ਆਪਣਾ ਮਤ ਸਪੱਸ਼ਟ ਤੇ ਨਿਰਦੋਸ਼ ਕਰ ਕੇ ਦੱਸਦਾ ਹੈ। ਯੂਨਾਨੀ ਫਿਲਾਸਫਰ ਸੁਕਰਾਤ ਦਾ ਸਿਧਾਂਤ ਵੀ ਇਸੇ ਵਾਰਤਾਲਾਪੀ ਤਰੀਕੇ ਵਿਚ ਅੰਕਿਤ ਕੀਤਾ ਮਿਲਦਾ ਹੈ। ਕੁਝ ਚੇਲੇ ਸਵਾਲ ਕਰਦੇ ਹਨ ਤੇ ਸੁਕਰਾਤ ਦਾਰਸ਼ਨਿਕ ਪੱਖ ਤੋਂ ਉਨ੍ਹਾਂ ਦਾ ਨਿਰਣਾ ਕਰ ਕੇ ਉੱਤਰ ਦੇਂਦਾ ਹੈ। ਇਨ੍ਹਾਂ ਗੋਸ਼ਟਾਂ ਵਿਚ ਵੀ ਲਗਭਗ ਇਸੇ ਤਰੀਕੇ ਨੂੰ ਅਪਣਾਇਆ ਗਿਆ ਹੈ।

ਇਸ ਤਰੀਕੇ ਦਾ ਵੱਡਾ ਲਾਭ ਇਹ ਹੈ ਕਿ ਕਿਸੇ ਸਿਧਾਂਤ ਜਾਂ ਮਤ ਬਾਰੇ ਬੌਧਿਕ ਪੱਖ ਤੋਂ ਸੂਖਮ ਤੋਂ ਸੂਖਮ ਨੁਕਤਿਆਂ ਦਾ ਭਲੀ ਭਾਂਤ ਵਿਸ਼ਲੇਸ਼ਣ ਤੇ ਨਿਰਣਯ ਹੋ ਜਾਂਦਾ ਹੈ ਅਤੇ ਜਗਿਆਸੂ ਇਸ ਨਾਲ ਇਕ ਤਰ੍ਹਾਂ ਦੀ ਵਿਸ਼ੇਸ਼ ਤਸੱਲੀ ਅਨੁਭਵ ਕਰਦਾ ਹੈ। ਜਦੋਂ ਵੀ ਕੋਈ ਨਵਾਂ ਮਤ ਉਠਦਾ ਹੈ, ਚਾਹੇ ਉਹ ਅਧਿਆਤਮਕ ਹੋਵੇ, ਚਾਹੇ ਰਾਜਸੀ, ਉਸ ਸਮੇਂ ਇਕ ਕਿਸਮ ਦੇ ਵਿਚਾਰਾਂ ਦੀ ਜੁਗ-ਗਰਦੀ ਪੈਦਾ ਹੁੰਦੀ ਹੈ ਤੇ ਸ਼ਾਸਤਰਾਰਥ ਦਾ ਪ੍ਰਵਾਹ ਚੱਲਦਾ ਹੈ। ਪੁਰਾਣੇ ਮਤਾਂ ਵਾਲੇ ਆਪਣੇ ਮਤ ਦੇ ਸਿਧਾਂਤਾਂ ਨੂੰ ਸਹੀ ਸਿੱਧ ਕਰਨ ਲਈ ਬਚਾਉ ਦੇ ਤਰੀਕੇ ਸੋਚਦੇ ਹਨ ਤੇ ਨਵਾਂ ਮਤ ਪੁਰਾਣਿਆਂ ਮਤਾਂ ਦੀਆਂ ਕਮਜ਼ੋਰੀਆਂ ਉੱਤੇ ਚੋਟ ਕਰ ਕੇ ਅਤੇ ਆਪਣੀਆਂ ਵਿਸ਼ੇਸ਼ਤਾਵਾਂ ਦੱਸ ਕੇ ਜਗਿਆਸੂਆਂ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰਦਾ ਹੈ।

ਅਸਾਂ 19ਵੀਂ ਸਦੀ ਦੇ ਅੰਤ ਵਿਚ ਪੰਜਾਬ ਅੰਦਰ ਤੱਕਿਆ ਹੈ ਕਿ ਕਿਵੇਂ ਅੱਜ ਤੋਂ 80-90 ਵਰ੍ਹੇ ਪਹਿਲਾਂ ਜਦੋਂ ਅੰਗਰੇਜ਼ੀ ਦੇ ਘੋੜੇ 'ਤੇ ਸਵਾਰ ਹੋ ਕੇ ਈਸਾਈ ਮਤ ਪੰਜਾਬ ਵਿਚ ਆਇਆ ਤਾਂ ਹਰ ਮਤ ਨੇ ਆਪਣੇ ਬਚਾਉ ਲਈ ਜਥੇਬੰਦ ਤੇ ਤਰਕ-ਬੱਧ ਬਚਾਉ ਲੱਭੇ ਤੇ ਆਰੀਆ ਸਮਾਜ ਤੇ ਮਿਰਜ਼ਈ ਲਹਿਰ ਦੇ ਲਿਖਤਾਂ ਤੇ ਜ਼ਬਾਨੀ

ਹੋਏ ਬਹਿਸ-ਮੁਬਾਹਸਿਆਂ ਅਤੇ ਵਾਦਾਂ-ਸੰਵਾਦਾਂ ਵਿਚ ਇਸ ਨੂੰ ਪ੍ਰਤੱਖ ਦੇਖਿਆ ਜਾ ਸਕਦਾ ਹੈ।

-2-

ਜਦੋਂ ਅੱਜ ਤੋਂ ਚਾਰ ਪੰਜ ਸੌ ਵਰ੍ਹੇ ਪਹਿਲਾਂ ਗੁਰੂ ਨਾਨਕ ਸਾਹਿਬ ਨੇ ਆਪਣਾ ਮਤ ਤੋਰਿਆ ਤਾਂ ਹੋਰ ਕਰਮ-ਕਾਂਡੀ ਤੇ ਸ਼ਰੀਅਤ ਪੱਖੀ ਲੋਕਾਂ ਵੱਲੋਂ ਇਸ ਦਾ ਵਿਰੋਧ ਹੋਣਾ ਕੁਦਰਤੀ ਗੱਲ ਸੀ, ਜਿਨ੍ਹਾਂ ਦੀਆਂ ਰੇਤਲੀਆਂ ਦੀਵਾਰਾਂ ਨੂੰ ਇਹ ਢਾਹ ਲਾਉਂਦਾ ਸੀ। ਜਦੋਂ ਗੁਰੂ ਸਾਹਿਬ ਅਧਿਆਤਮਕ ਜਗਿਆਸੂਆਂ ਜਾਂ ਸੱਚ ਦੇ ਪਾਂਧੀਆਂ ਨੂੰ "ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥ ਏਹੁ ਜਨੇਊ ਜੀਅ ਕਾ..."[1] ਦੱਸ ਰਹੇ ਸਨ ਤੇ ਜਦੋਂ ਉਹ ਆਪਣੀ ਕਿਸਮ ਦੀ ਗਗਨ ਮੰਡਲ ਵਿਚ ਹੋ ਰਹੀ ਪ੍ਰਭੂ ਦੀ 'ਆਰਤੀ' ਵੱਲ ਇਸ਼ਾਰਾ ਕਰ ਰਹੇ ਸਨ ਤਾਂ ਬੁੱਧੀ ਸੰਪੰਨ ਤਬਕੇ ਵਿਚ ਚੇਤੰਨਤਾ ਆਉਣੀ ਤੇ ਕਰਮ-ਕਾਂਡੀ ਜਨੇਊ/ਆਰਤੀਆਂ ਵੱਲੋਂ ਸੰਕੋਚ ਪੈਦਾ ਹੋਣਾ ਇਕ ਕੁਦਰਤੀ ਗੱਲ ਸੀ। ਇਸੇ ਤਰ੍ਹਾਂ ਜਦੋਂ ਉਹ ਕਹਿ ਰਹੇ ਹੋਣ:

> **ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥**
> **ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥**
>
> *(ਵਾਰ ਮਾਝ ਕੀ, ਸਲੋਕ ਮਹਲਾ ੧, ਪੰਨਾ 140)*

ਤਾਂ ਲਾਜ਼ਮੀ ਗੱਲ ਸੀ ਕਿ ਸੱਚੇ ਮੁਸਲਮਾਨ ਜਾਂ ਪੱਕੇ ਮੋਮਨ ਬਣਨ ਲਈ ਲੋਕ ਗੁਰੂ ਦੀ ਦੱਸੀ ਮਸਜਿਦ ਵਿਚ ਸਿਦਕ ਦਾ ਮੁਸੱਲਾ ਵਿਛਾ ਕੇ ਸੱਚ, ਹਲਾਲ, ਦਾਨ, ਸੁੱਚਤਾ ਤੇ ਸਿਫ਼ਤਿ ਦੀਆਂ ਨਿਮਾਜ਼ਾਂ ਪੜ੍ਹਦੇ। ਗੁਰੂ ਸਾਹਿਬ ਵੱਲੋਂ ਇਹ ਪੁਰਾਣੇ ਧਰਮਾਂ-ਕਰਮਾਂ 'ਤੇ ਕੀਤੀ ਗਈ ਨੁਕਤਾਚੀਨੀ ਤੇ ਪਰਖ-ਪੜਤਾਲ ਬੜੇ ਉਸਾਰੂ ਢੰਗ ਦੀ ਸੀ। ਉਹ ਇਨ੍ਹਾਂ ਨੂੰ ਨਿੰਦਣ ਦੀ ਥਾਂ ਆਪਣੇ ਵੱਲੋਂ ਠੋਸ ਤੇ ਸੱਚੀ ਨਿਮਾਜ਼ ਤੇ ਆਰਤੀ ਦਾ ਬਖਾਨ ਕਰਦੇ ਸਨ ਤੇ ਜਗਿਆਸੂ ਆਪਣੇ ਆਪ ਉਨ੍ਹਾਂ ਦੀ ਗੱਲ ਮੰਨ ਜਾਂਦੇ ਸਨ।

ਪਰੰਤੂ ਕਈ ਥਾਈਂ ਗੁਰੂ ਨਾਨਕ ਸਾਹਿਬ ਨੂੰ ਸਿੱਧਾ ਤਰਕਵਾਦੀ ਢੰਗ ਵੀ ਅਪਣਾਉਣਾ ਪਿਆ ਤੇ ਜਿਥੇ ਜਿਥੇ ਉਨ੍ਹਾਂ ਇਹ ਢੰਗ ਅਪਣਾਇਆ, ਲੋਕਾਂ ਉਨ੍ਹਾਂ 'ਤੇ ਸਵਾਲ ਕੀਤੇ ਅਤੇ ਆਪ ਨੇ ਬੜੀ ਤਸੱਲੀ ਨਾਲ ਉਨ੍ਹਾਂ ਦੇ ਉੱਤਰ ਦਿੱਤੇ। ਇਨ੍ਹਾਂ ਧਾਰਮਿਕ ਸਵਾਲਾਂ-ਜਵਾਬਾਂ ਜਾਂ ਪ੍ਰਸ਼ਨੋਤਰੀਆਂ ਨੂੰ ਹੀ 'ਗੋਸ਼ਟਾਂ' ਨਾਂ ਦੀਆਂ ਰਚਨਾਵਾਂ ਵਿਚ ਕਲਮਬੰਦ ਕੀਤਾ ਗਿਆ ਹੈ। ਕਈ ਗੋਸ਼ਟਾਂ ਛੰਦਾਬੰਦੀ ਵਿਚ ਹਨ ਤੇ ਕਈ ਵਾਰਤਕ ਵਿਚ ਅਤੇ ਕਈ ਦੋਹਾਂ ਵਿਚ ਰਲੀਆਂ-ਮਿਲੀਆਂ। ਕੁਝ ਇਨ੍ਹਾਂ ਵਿੱਚੋਂ ਇਤਿਹਾਸਕ ਸਾਖੀਆਂ ਉੱਤੇ ਆਧਾਰਿਤ ਹਨ ਤੇ ਕੁਝ ਕਲਪਿਤ। ਆਸ਼ਾ ਕੇਵਲ ਇਤਨਾ ਹੀ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਮਤ ਨੂੰ ਤਰਕਵਾਦੀ ਨੁਕਤੇ ਤੋਂ ਪੇਸ਼ ਕਰ ਕੇ ਬੁੱਧੀਮਾਨ ਤਬਕੇ ਨੂੰ ਪ੍ਰਭਾਵਿਤ ਕੀਤਾ ਜਾਵੇ।

ਸਭ ਤੋਂ ਪੁਰਾਣੀ ਗੋਸ਼ਟਿ ਜੋ ਮਿਲਦੀ ਹੈ, ਉਹ ਗੁਰੂ ਨਾਨਕ ਸਾਹਿਬ ਦੀ ਆਪਣੀ

---

1. ਆਸਾ ਕੀ ਵਾਰ ਮ: ੧, ਪੰਨਾ 471.

ਲਿਖੀ 'ਸਿਧ ਗੋਸਟਿ' ਹੈ, ਜੋ ਕਿ 73 ਛੰਦਾਂ ਵਿਚ ਰਾਮਕਲੀ ਰਾਗ ਵਿਚ ਹੈ। ਗੁਰੂ ਸਾਹਿਬ ਦੇ ਜ਼ਮਾਨੇ ਵਿਚ ਲੋਕਾਂ ਉੱਤੇ ਜੋਗ ਮਤ ਦਾ ਕਾਫ਼ੀ ਪ੍ਰਭਾਵ ਸੀ। ਪਤੰਜਲੀ ਦੇ ਯੋਗ ਸ਼ਾਸਤਰ ਤੇ ਗੋਰਖ ਨਾਥ ਦੇ ਹਠ ਤਪ ਨੇ ਇਸ ਨੂੰ ਇਕ ਸੰਪ੍ਰਦਾਇ ਦਾ ਰੂਪ ਦੇ ਦਿੱਤਾ ਸੀ। ਭਾਵੇਂ ਹਿੰਦੁਸਤਾਨ ਦੇ ਪੁਰਾਣੇ ਦਰਸ਼ਨ ਵਿਚ ਆਤਮਿਕ ਕਲਿਆਣ ਲਈ ਤਿਆਗ ਉੱਤੇ ਬੜਾ ਜ਼ੋਰ ਦਿੱਤਾ ਗਿਆ ਹੈ, ਪਰ ਜੋਗੀਆਂ ਦਾ ਪੰਥ ਤਾਂ ਬਿਰਕਤੀ ਤੇ ਸੰਸਾਰ ਤਿਆਗ ਨੂੰ ਪਹਿਲੀ ਤੇ ਲਾਜ਼ਮੀ ਗੱਲ ਮੰਨਦਾ ਸੀ। ਦੂਜੇ ਜੋਗੀ ਲੋਕ ਕਰਾਮਾਤਾਂ ਦੇ ਚਮਤਕਾਰੇ ਦਿਖਾ ਕੇ ਲੋਕਾਂ ਨੂੰ ਮਗਰ ਲਾਉਣ ਵਿਚ ਆਪਣਾ ਕਮਾਲ ਸਮਝਦੇ ਸਨ। ਇਹ ਦੋਵੇਂ ਗੱਲਾਂ ਸਮਾਜਿਕ ਜੀਵਨ ਲਈ ਸਿਹਤਮੰਦ ਨਹੀਂ ਸਨ। ਇਸ ਕਰਕੇ ਗੁਰੂ ਸਾਹਿਬ ਨੇ ਜੋਗ ਮਤ ਦੀਆਂ ਮੋਟੀਆਂ ਮੋਟੀਆਂ ਮਨੌਤਾਂ ਦੀ ਖ਼ੂਬ ਪਰਖ-ਪੜਤਾਲ ਕੀਤੀ ਤੇ ਉਨ੍ਹਾਂ ਦੀ ਇਸ ਬਾਰੇ ਸਿੱਧਾਂ-ਜੋਗੀਆਂ ਨਾਲ ਅਚੱਲ ਵਟਾਲੇ ਤੇ ਸੁਮੇਰ ਪਰਬਤ 'ਤੇ ਚਰਚਾ ਵੀ ਹੋਈ, ਜਿਸ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ :

ਬਾਬੇ ਕੀਤੀ ਸਿਧ ਗੋਸਟਿ ਸਬਦ ਸਾਂਤਿ ਸਿਧੀ ਵਿਚ ਆਈ॥
ਜਿਣਿ ਮੇਲਾ ਸਿਵਰਾਤਿ ਦਾ ਖਟ ਦਰਸਨ ਆਦੇਸਿ ਕਰਾਈ॥

(ਵਾਰ 1, ਪਉੜੀ 44)

ਸਿੱਧਾਂ ਨਾਲ ਇਸ ਬਹਿਸ ਸਮੇਂ ਹੋਏ ਸਵਾਲ ਜਵਾਬ ਨੂੰ ਹੀ ਗੁਰੂ ਜੀ ਨੇ 'ਸਿਧ ਗੋਸਟਿ' ਰਚਨਾ ਵਿਚ ਕਲਮਬੰਦ ਕੀਤਾ ਹੈ। ਸਵਾਲ ਲਗਭਗ ਸਭ ਸਿੱਧਾਂ ਵੱਲੋਂ ਕੀਤੇ ਗਏ ਹਨ ਤੇ ਗੁਰੂ ਸਾਹਿਬ ਉਨ੍ਹਾਂ ਦਾ ਜਵਾਬ ਦਿੰਦੇ ਹਨ। ਇਹ ਪ੍ਰਸ਼ਨੋਤਰ ਮਾਲਾ ਧਰਮ ਦੇ ਜਗਿਆਸੂਆਂ ਦੇ ਕੰਮ ਆਉਣ ਵਾਲੀ ਚੀਜ਼ ਸੀ, ਇਸ ਲਈ ਆਪ ਨੇ ਇਸ ਨੂੰ ਗੁਰਬਾਣੀ ਵਿਚ ਗੁੰਦ ਕੇ ਸਦਾ ਲਈ ਸੰਭਾਲ ਦਿੱਤਾ।

ਮੁੱਢ ਵਿਚ ਹੀ ਚਰਪਟ ਸਵਾਲ ਕਰਦਾ ਹੈ ਕਿ ਤੁਹਾਡੇ ਖ਼ਿਆਲ ਵਿਚ ਦੁਨੀਆਂ ਤੋਂ ਕਿਵੇਂ ਪਾਰ ਉਤਾਰਾ ਹੋ ਸਕਦਾ ਹੈ :

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ॥

(ਰਾਮਕਲੀ ਮਹਲਾ ੧, ਸਿਧ ਗੋਸਟਿ, ਪੰਨਾ 938)

ਗੁਰੂ ਸਾਹਿਬ ਬੜਾ ਸਪੱਸ਼ਟ ਤੇ ਜ਼ੋਰ ਨਾਲ ਉੱਤਰ ਦਿੰਦੇ ਹਨ :

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥

(ਰਾਮਕਲੀ ਮਹਲਾ ੧, ਸਿਧ ਗੋਸਟਿ, ਪੰਨਾ 938)

ਇਹ ਇਕ ਬੁਨਿਆਦੀ ਗੱਲ ਸੀ ਕਿ ਮਨੁੱਖ ਦਾ ਕਲਿਆਣ ਸੰਸਾਰ ਵਿਚ ਰਹਿਣ ਨਾਲ ਹੈ ਜਾਂ ਸੰਸਾਰ ਨੂੰ ਛੱਡਣ ਨਾਲ। ਗ੍ਰਹਿਸਤ ਚੰਗਾ ਹੈ ਜਾਂ ਵਿਰਕਤੀ ਮਾਰਗ ? ਗੁਰੂ ਸਾਹਿਬ ਨੇ ਕਮਲ ਵਾਂਗ ਨਿਰਲੇਪ ਰਹਿ ਕੇ ਗ੍ਰਹਿਸਤੀ ਜੀਵਨ ਬਤੀਤ ਕਰਨ ਨੂੰ ਤਰਜੀਹ ਦਿੱਤੀ।

ਫਿਰ ਸਿੱਧਾਂ ਨੇ ਗੁਰੂ ਸਾਹਿਬ 'ਤੇ ਸਵਾਲ ਕੀਤਾ ਕਿ ਇਕ ਪਾਸੇ ਤਿਆਗ ਨੂੰ ਨਿੰਦਦੇ ਹੋ ਤੇ ਦੂਜੇ ਪਾਸੇ ਆਪ ਵੀ ਤਿਆਗੀ ਸਾਧੂ ਬਣੇ ਫਿਰਦੇ ਹੋ, ਇਹ ਕੀ ਗੱਲ ਹੈ :

ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ ॥
ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ॥
ਕਿਸੁ ਵਖਰ ਕੇ ਤੁਮ ਵਣਜਾਰੇ ॥
ਕਿਉ ਕਰਿ ਸਾਥੁ ਲੰਘਾਵਹੁ ਪਾਰੇ ॥੧੭॥

(ਰਾਮਕਲੀ ਮਹਲਾ ੧, ਸਿਧ ਗੋਸਟਿ, ਪੰਨਾ 939)

ਆਪ ਇਸ ਦਾ ਵੀ ਉੱਤਰ ਦਿੰਦੇ ਹਨ :

ਗੁਰਮੁਖਿ ਖੋਜਤ ਭਏ ਉਦਾਸੀ ॥
ਦਰਸਨ ਕੈ ਤਾਈ ਭੇਖ ਨਿਵਾਸੀ ॥
ਸਾਚ ਵਖਰ ਕੇ ਹਮ ਵਣਜਾਰੇ ॥
ਨਾਨਕ ਗੁਰਮੁਖਿ ਉਤਰਸਿ ਪਾਰੇ ॥੧੮॥

(ਰਾਮਕਲੀ ਮਹਲਾ ੧, ਸਿਧ ਗੋਸਟਿ, ਪੰਨਾ 939)

ਇਸ ਗੋਸ਼ਟਿ ਦੀ ਇਕ ਵਿਸ਼ੇਸ਼ ਖ਼ੂਬੀ ਹੈ ਕਿ ਜੋ ਵੀ ਉੱਤਰ ਦਿੱਤੇ ਗਏ ਹਨ, ਉਹ ਬੜੇ ਢੁਕਵੇਂ (to the point) ਤੇ ਸੰਜਮ ਭਰਪੂਰ ਹਨ ਤੇ ਬੜੇ ਠਰ੍ਹੰਮੇ ਨਾਲ ਦਿੱਤੇ ਗਏ ਹਨ। ਮਿਸਾਲ ਲਈ ਸਿੱਧ ਪੁੱਛਦੇ ਹਨ :

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥

(ਰਾਮਕਲੀ ਮਹਲਾ ੧, ਸਿਧ ਗੋਸਟਿ, ਪੰਨਾ 946)

ਗੁਰੂ ਸਾਹਿਬ ਦਾ ਜਵਾਬ ਹੈ :

ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥

(ਰਾਮਕਲੀ ਮਹਲਾ ੧, ਸਿਧ ਗੋਸਟਿ, ਪੰਨਾ 946)

ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ ॥
ਗਿਆਨ ਕੀ ਮੁਦ੍ਰਾ ਕਵਨ ਕਥੀਅਲੇ ਘਟਿ ਘਟਿ ਕਵਨ ਨਿਵਾਸੋ ॥੨੧॥

(ਰਾਮਕਲੀ ਮਹਲਾ ੧, ਸਿਧ ਗੋਸਟਿ, ਪੰਨਾ 940)

ਜਵਾਬ ਹੈ :

ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ ॥
ਅਕਲਪਤ ਮੁਦ੍ਰਾ ਗੁਰ ਗਿਆਨੁ ਬੀਚਾਰੀਅਲੇ ਘਟਿ ਘਟਿ ਸਾਚਾ ਸਰਬ ਜੀਆ ॥੨੩॥

(ਰਾਮਕਲੀ ਮਹਲਾ ੧, ਸਿਧ ਗੋਸਟਿ, ਪੰਨਾ 940)

ਹੋਰ :

ਇਹੁ ਮਨੁ ਮੈਗਲੁ ਕਹਾ ਬਸੀਅਲੇ ਕਹਾ ਬਸੈ ਇਹੁ ਪਵਨਾ ॥
ਕਹਾ ਬਸੈ ਸੁ ਸਬਦੁ ਅਉਧੂ ਤਾ ਕਉ ਚੂਕੈ ਮਨ ਕਾ ਭਵਨਾ ॥

(ਰਾਮਕਲੀ ਮਹਲਾ ੧, ਸਿਧ ਗੋਸਟਿ, ਪੰਨਾ 945)

ਜਵਾਬ :

ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ ਗੁਰਮੁਖਿ ਮੂਲੁ ਪਛਾਣਿ ਰਹੈ॥
ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੈ॥

(ਰਾਮਕਲੀ ਮਹਲਾ ੧, ਸਿਧ ਗੋਸਟਿ, ਪੰਨਾ 945)

ਫਿਰ ਸਵਾਲ ਕੀਤਾ ਹੈ :

ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈਠੈ ਰਹਤਾ॥
ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਤਾ॥

(ਰਾਮਕਲੀ ਮਹਲਾ ੧, ਸਿਧ ਗੋਸਟਿ, ਪੰਨਾ 945)

ਜਵਾਬ :

ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ॥
ਨਾਭਿ ਕਮਲੁ ਅਸਥੰਭੁ ਨ ਹੋਤੋ ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ॥

(ਰਾਮਕਲੀ ਮਹਲਾ ੧, ਸਿਧ ਗੋਸਟਿ, ਪੰਨਾ 945)

ਸਿਧ ਗੋਸਟਿ ਤੋਂ ਬਾਦ ਜਿਸ ਗੋਸ਼ਟਿ ਦੀ ਵਧੇਰੇ ਚਰਚਾ ਹੈ, ਉਹ ਮੱਕੇ ਮਦੀਨੇ ਦੀ ਗੋਸ਼ਟਿ ਹੈ ਤੇ ਇਸੇ ਦਾ ਦੂਜਾ ਨਾਂ ਪਾਕ-ਨਾਮਾ ਵੀ ਹੈ। ਇਹ ਹੱਥ-ਲਿਖਤ ਪੋਥੀਆਂ ਵਿਚ ਅੱਡਰੀ ਵੀ ਮਿਲਦੀ ਹੈ ਤੇ ਬਾਲੇ ਦੀ ਜਨਮਸਾਖੀ ਵਿਚ ਸ਼ਾਮਿਲ ਕੀਤੀ ਹੋਈ ਵੀ। ਜਿਵੇਂ ਸਿਧ ਗੋਸਟਿ ਵਿਚ ਜੋਗ ਮਤ ਦੇ ਮੁਕਾਬਲੇ 'ਤੇ ਗੁਰੂ ਨਾਨਕ ਦੇਵ ਜੀ ਨੇ ਆਪਣਾ ਮਤ ਸਪੱਸ਼ਟ ਕਰ ਕੇ ਦੱਸਿਆ ਹੈ, ਇਸੇ ਤਰ੍ਹਾਂ ਇਸ ਗੋਸ਼ਟਿ ਵਿਚ ਇਸਲਾਮੀ ਸ਼ਰ੍ਹਾ ਸ਼ਰੀਅਤ ਤੇ ਮੰਨ-ਮਨੌਤ ਦੀ ਸਾਰਥਿਕਤਾ ਦੀ ਚੀਰ ਫਾੜ ਕੀਤੀ ਗਈ ਹੈ। ਸਿਧ ਗੋਸਟਿ ਤਾਂ ਗੁਰੂ ਸਾਹਿਬ ਦੀ ਆਪ ਲਿਖੀ ਹੋਈ ਹੈ ਤੇ ਇਹ ਸੰਵਾਦ ਕਿਸੇ ਸਿਆਣੇ ਲੇਖਕ ਨੇ ਰਚ ਕੇ ਇਸ ਨੂੰ ਗੋਸ਼ਟਿ ਦਾ ਰੂਪ ਦਿੱਤਾ ਹੈ ਅਤੇ ਇਸ ਵਿਚ ਕਵਿਤਾ ਤੇ ਵਾਰਤਕ ਮਿਲੀ-ਜੁਲੀ ਹੈ। ਜਿਨ੍ਹਾਂ ਕਾਜ਼ੀ ਮੁਲਾਣਿਆਂ ਨਾਲ ਇਹ ਬਹਿਸ ਹੋਈ, ਉਨ੍ਹਾਂ ਵਿੱਚੋਂ ਕਾਜ਼ੀ ਰੁਕਨ ਦੀਨ, ਇਮਾਮ ਕਰੀਮ ਦੀਨ, ਪੀਰ ਬਹਾਉਦੀਨ, ਪੀਰ ਜਲਾਲੁਦੀਨ ਆਦਿ ਦੇ ਨਾਂ ਖ਼ਾਸ ਤੌਰ 'ਤੇ ਵਰਣਨ ਯੋਗ ਹਨ। ਨਮੂਨੇ ਲਈ ਅਸੀਂ ਕਰੀਮ ਦੀਨ ਨਾਲ ਹੋਏ ਸਵਾਲ-ਜਵਾਬ ਇਥੇ ਪੇਸ਼ ਕਰਦੇ ਹਾਂ :

ਕਹੈ ਇਮਾਮ ਕਰੀਮ ਦੀਨ, ਪੈਗੰਬਰ ਕੀ ਜਦ
ਅੱਗੇ ਇਕ ਖ਼ੁਦਾਇ ਹੈ, ਏਥੇ ਕਿਉਂ ਦੁਇ ਹੱਦ ?
ਹਿੰਦੂ ਮੁਸਲਮਾਨ ਹੈਂ, ਦੂੰਹ ਵਿਚ ਕੇਹੜੇ ਰੱਦ
ਰਖੋ ਸੱਚ ਸਲਾਮਤੀ, ਕੂੜ ਸਲਾਮਤ ਛਡ।

ਗੁਰੂ ਸਾਹਿਬ ਇਸ ਦਾ ਨਿਝੱਕ ਹੋ ਕੇ ਉੱਤਰ ਦਿੰਦੇ ਹਨ :

ਨਾਨਕ ਕਹੈ ਕਰੀਮ ਦੀਨ, ਇਕ ਸਾਹਿਬ ਦੁਇ ਹੱਦ
ਹਿੰਦੂ ਮੁਸਲਮਾਨ ਦੁਇ, ਇਹ ਫਿਰਕੇ ਤੂੰ ਰੱਦ।
ਦਾਇਮ ਸੱਚ ਸਲਾਮਤੀ, ਝੂਠ ਨ ਰਹਿਸੀ ਮੂਲ
ਜੋ ਕਰਨ ਇਬਾਦਤ ਰੱਬ ਦੀ, ਦਰਗਹ ਪਵਹਿ ਕਬੂਲ।

ਇਕ ਥਾਂ ਇਸ *ਸਵਾਲ-ਜਵਾਬ-ਮਾਲਾ* ਵਿਚ ਇਸ਼ਕ ਦੀਆਂ ਕਿਸਮਾਂ ਨੂੰ ਬੜੀ ਵਧੀਆ ਤਰ੍ਹਾਂ ਨਿਖਾਰਿਆ ਗਿਆ ਹੈ। ਪਾਠਕਾਂ ਦੀ ਦਿਲਚਸਪੀ ਲਈ ਇਹ ਟੋਟਕਾ ਵੀ ਇਥੇ ਦਰਜ ਕੀਤਾ ਜਾਂਦਾ ਹੈ:

ਕਹੇ ਇਮਾਮ ਕਰੀਮਦੀਨ, ਸੱਚਾ ਦੇਹ ਸਨੇਹ
ਜਿਸ ਬਿਧਿ ਕਾਇਮ ਹੋਇ ਤਨ, ਸੋਈ ਅਮਲ ਕਰੇਇ।
ਕਾਇਮ ਹੋਇ ਕਿਆਮਤੀ, ਜੁਸੇ ਖਾਕ ਨ ਖਾਇ
ਖੁਲ੍ਹੇ ਨ ਜੁਸਾ ਤਿਸਦਾ, ਫੇਰ ਨ ਆਵੈ ਜਾਇ।
ਕਉਣ ਇਬਾਦਤ ਰੱਬ ਦੀ, ਜਿਤ ਕਾਇਮ ਹੋਵੈ ਰੂਹ
ਫੇਰ ਨ ਫਿਰੈ ਚਉਰਾਸੀਏਹ, ਬਹੁੜੀ ਹੋਇ ਨ ਧਰੂਹ।
ਕੇਹੀ ਸੂਰਤ ਰੱਬ ਦੀ, ਕਿਸ ਬਿਧਿ ਲਾਈਐ ਧਿਆਨ
ਕਿਸ ਬਿਧਿ ਚਿਲੇ ਸਾਧੀਅਨਿ, ਸਚਾ ਦੇਇ ਬਿਆਨ।

ਅੱਗੇ ਜਵਾਬ ਇਉਂ ਚੱਲਦਾ ਹੈ:

ਨਾਨਕ ਆਖੈ ਗ਼ਾਹ ਸਚੁ, ਸੁਣਹੁ ਇਮਾਮ ਕਰੀਮ
ਜੀਵਦਿਆਂ ਤੂੰ ਹੋਇ ਰਹੁ, ਦੁਨੀਆਂ ਵਿਚ ਯਤੀਮ!
ਚਾਰੋਂ ਇਸ਼ਕ ਖ਼ੁਦਾਇ ਦੇ, ਮਨ ਅੰਦਰ ਸੁਣ ਲਾਇ
ਇਕ ਹਿਕਾਨੀ ਇਸ਼ਕ ਹੈ, ਹੱਕੋ ਹੱਕ ਕਮਾਇ।
ਗੋਸ਼ ਨਸ਼ੀਨੀ ਹੋਇ ਰਹੁ, ਧਰਤੀ ਸੀਸ ਟਿਕਾਇ
ਕਰਹੁ ਇਬਾਦਤ ਰੱਬ ਦੀ, ਚਿੱਲੇ ਬੈਠਹੁ ਜਾਇ।
ਦੂਜਾ ਇਸ਼ਕ ਸੱਚ ਬੰਦਗੀ, ਬੁਰੇ ਭਲੇ ਸਭ ਤਿਆਗ
ਏਕਾ ਏਕੀ ਹੋਇ ਰਹੁ, ਜਾਂ ਜਾਗਨ ਤੈਂਡੇ ਭਾਗ।
ਤੀਜਾ ਇਸ਼ਕ ਜ਼ਹੀਰ ਹੈ, ਖਾਣ ਪੀਣ ਸਭ ਜਾਇ
ਬੈਠਹੁ ਆਸਨ ਮਾਰ ਕਰ, ਜੋਗ ਧਿਆਨੈ ਲਾਇ।
ਮਾਹਰ ਇਕ ਘਰ ਰਖ, ਭਿੰਨ ਭਿੰਨ ਰਹਿਨ ਨ ਦੋਇ
ਆਵਾਗਉਣ ਨ ਹੋਇ ਫਿਰ, ਜੇ ਨਿਤ ਨਿਤ ਸਾਧੈ ਕੋਇ।
ਚਉਥਾ ਇਸ਼ਕ ਮਿਜ਼ਾਜ ਹੈ, ਜਿਉਂ ਦੀਵੇ ਜਲਹਿ ਪਤੰਗ
ਗੁਝੀ ਆਤਸ਼ ਇਸ਼ਕ ਦੀ, ਇਸ਼ਕ ਮੁਸ਼ਾਕਾ ਸੰਗ।
ਚਾਰੋਂ ਇਸ਼ਕ ਮਹਿਬੂਬ ਦੇ, ਰੱਬ ਜਿਸਨੋ ਆਣੇ ਰਾਸ
ਜੋਗੀ ਭੋਗੀ ਆਸ਼ਕਾਂ, ਪੂਰਣ ਹੋਵੈ ਆਸ।
ਬਾਝਹੁ ਲਗੇ ਇਸ਼ਕ ਦੇ, ਕੋਇ ਨ ਪਵਹਿ ਕਬੂਲ
ਇਸ਼ਕ ਲਗਾਈਐ ਰੱਬ ਸੇ, ਜ਼ਾਹਰ ਥੀਏ ਰਸੂਲ।

ਇਸ ਗੋਸ਼ਟੀ ਦੀ ਬੋਲੀ ਖ਼ਾਸ ਧਿਆਨ ਦੀ ਮੁਥਾਜ ਹੈ। ਇਸ ਵਿਚ ਫ਼ਾਰਸੀ ਅੰਸ਼ ਕਾਫ਼ੀ ਮਿਲਦਾ ਹੈ। ਇਸਲਾਮ ਦੀ ਚਰਚਾ ਹੋਣ ਕਰਕੇ ਐਸਾ ਹੋਣਾ ਜ਼ਰੂਰੀ ਵੀ ਸੀ, ਪਰ ਸਿਆਣੇ ਲੇਖਕ ਨੇ ਇਸ ਸੰਵਾਦ ਦੇ ਵਾਤਾਵਰਣ ਨੂੰ ਬੰਨ੍ਹਣ ਲਈ ਵੀ ਅਜਿਹਾ ਜਾਣ ਬੁੱਝ ਕੇ ਕੀਤਾ ਹੈ। *ਹਾਜ਼ਰਨਾਮਾ, ਨਸੀਹਤਨਾਮਾ* ਆਦਿ ਰਚਨਾਵਾਂ ਵੀ ਇਸੇ ਵਿਚ ਆਉਂਦੀਆਂ ਹਨ।

ਇਸ ਤੋਂ ਇਲਾਵਾ ਗੁਰੂ ਨਾਨਕ ਸਾਹਿਬ ਦੀਆਂ *ਨਿਰੰਕਾਰ ਨਾਲ ਗੋਸ਼ਟਿ, ਜਨਕ ਨਾਲ ਗੋਸ਼ਟਿ, ਕਲਜੁਗ ਨਾਲ ਗੋਸ਼ਟਿ, ਬੁੱਢਣ ਨਾਲ ਗੋਸ਼ਟਿ, ਕਾਰੂੰ ਨਾਲ ਗੋਸ਼ਟਿ, ਅਜਿਤੇ ਰੰਧਾਵੇ ਨਾਲ ਗੋਸ਼ਟਿ* ਵਗ਼ੈਰਾ ਕਈ ਗੋਸ਼ਟਾਂ ਮਿਲਦੀਆਂ ਹਨ, ਜਿਨ੍ਹਾਂ ਵਿਚ ਕਈ ਕਲਪਿਤ ਹਨ ਤੇ ਕਈ ਇਤਿਹਾਸਕ। ਪਰ ਇਨ੍ਹਾਂ ਗੋਸ਼ਟਾਂ ਵਿਚ ਤਰਕਵਾਦੀ ਪੱਖ ਪ੍ਰਧਾਨ ਰੂਪ ਵਿਚ ਨਹੀਂ ਮਿਲਦਾ, ਜੋ ਕਿ ਗੋਸ਼ਟਾਂ ਦਾ ਵਿਸ਼ੇਸ਼ ਲੱਛਣ ਹੈ। ਇਥੇ ਕੇਵਲ ਗੱਲਬਾਤ ਜਾਂ ਵਾਰਤਾਲਾਪ ਨੂੰ ਹੀ ਗੋਸ਼ਟਿ ਦਾ ਨਾਂ ਦੇ ਦਿੱਤਾ ਗਿਆ ਹੈ। ਪ੍ਰਿਥੀ ਚੰਦ ਦੇ ਪੁੱਤਰ ਬਾਬਾ ਮਿਹਰਵਾਨ ਦੀਆਂ ਗੋਸ਼ਟਾਂ ਵੀ ਇਸੇ ਪ੍ਰਕਾਰ ਹਨ, ਪਰੰਤੂ ਬੋਲੀ ਦੇ ਨੁਕਤੇ ਤੋਂ ਇਹ ਚੀਜ਼ਾਂ ਸਾਡੀ ਪ੍ਰਾਚੀਨ ਵਾਰਤਕ ਦਾ ਬੜਾ ਵਧੀਆ ਨਮੂਨਾ ਹਨ ਤੇ ਇਨ੍ਹਾਂ ਤੋਂ ਇਹ ਅਸਲੀਅਤ ਵੀ ਪ੍ਰਗਟ ਹੁੰਦੀ ਹੈ ਕਿ ਸਾਡੇ ਪੁਰਾਣੇ ਕਵਿਤਾ ਸਾਹਿੱਤ ਵਾਂਗ ਵਾਰਤਕ ਸਾਹਿੱਤ ਉੱਤੇ ਵੀ ਸੰਤ ਭਾਸ਼ਾ ਦਾ ਤਕੜਾ ਪ੍ਰਭਾਵ ਪੈਂਦਾ ਰਿਹਾ ਹੈ।

-3-

ਹੁਣ ਤਕ ਅਸੀਂ ਵੇਖਿਆ ਹੈ ਕਿ ਵਧੇਰੇ ਗੋਸ਼ਟਾਂ ਗੁਰੂ ਨਾਨਕ ਸਾਹਿਬ ਦੀ ਸ਼ਖ਼ਸੀਅਤ ਦੁਆਲੇ ਹੀ ਘੁੰਮਦੀਆਂ ਹਨ। ਇਸ ਦਾ ਮਤਲਬ ਇਹ ਨਹੀਂ ਕਿ ਹੋਰ ਗੋਸ਼ਟਾਂ ਲਿਖੀਆਂ ਨਹੀਂ ਗਈਆਂ। ਇਸ ਤੋਂ ਇਲਾਵਾ ਹੋਰ ਬਜ਼ੁਰਗਾਂ ਦੀਆਂ ਗੋਸ਼ਟਾਂ ਵੀ ਸਾਹਿੱਤ ਵਿਚ ਮਿਲਦੀਆਂ ਹਨ, ਜਿਨ੍ਹਾਂ ਵਿੱਚੋਂ ਬਾਬੇ ਲਾਲ ਦੀ ਦਾਰਾ ਸ਼ਕੋਹ ਨਾਲ ਹੋਈ ਗੋਸ਼ਟੀ ਸਾਡਾ ਧਿਆਨ ਮੰਗਦੀ ਹੈ। ਇਸ ਵਿਚ ਦਾਰਾ ਸ਼ਕੋਹ ਨੇ, ਜੋ ਸੰਤਾਂ ਫ਼ਕੀਰਾਂ ਨਾਲ ਸਨੇਹ ਰੱਖਦਾ ਸੀ, ਕੁਝ ਪ੍ਰਸ਼ਨ ਪੁੱਛੇ ਹਨ ਤੇ ਬਾਬਾ ਲਾਲ ਨੇ ਉਨ੍ਹਾਂ ਦੇ ਉੱਤਰ ਦਿੱਤੇ ਹਨ। ਕਿਤੇ ਕਿਤੇ ਇਹ ਉੱਤਰ ਬੜੇ ਢੁੱਕਵੇਂ ਤੇ ਫ਼ਕੀਰੀ ਰੰਗ ਵਾਲੇ ਹਨ। ਵੰਨਗੀ ਲਈ ਅਸੀਂ ਕੁਝ ਸਵਾਲ-ਜਵਾਬ ਆਪ ਨੂੰ ਸੁਣਾਉਣਾ ਚਾਹੁੰਦੇ ਹਾਂ :

ਸਵਾਲ	*ਜਵਾਬ*
1. ਤੋਸਾ ਫ਼ਕੀਰ ਕਾ ਕਿਆ ਹੈ ?	ਭਰੋਸਾ ਭਗਵਾਨ ਕਾ।
2. ਮਹਿਮਾਨ ਫ਼ਕੀਰ ਕਾ ਕਉਣ ਹੈ ?	ਸਰੀਰ ਅਰ ਜੀਉ।
3. ਘਰ ਫ਼ਕੀਰ ਦਾ ਕਿਹੜਾ ਹੈ ?	ਸਾਰਾ ਜਗਤ।
4. ਅਹਾਰ ਫ਼ਕੀਰ ਕਾ ਕਿਆ ਹੈ ?	ਮਾਸ ਆਪਣਾ ਅਹਾਰ ਕਰਨਾ।
5. ਜਾਮਾ ਫ਼ਕੀਰ ਕਾ ਕਿਆ ਹੈ ?	ਸਭ ਕਿਸੀ ਕਾ ਪਾਪ ਕੱਜਣਾ।
6. ਪਾਤਸ਼ਾਹੀ ਫ਼ਕੀਰ ਕੀ ਕਿਆ ਹੈ ?	ਬੇਪ੍ਰਵਾਹੀ ਜਗਤ ਸਿਉਂ ਅਰ ਅਪਨੇ ਸਰੀਰ ਸਿਉਂ।
7. ਇੱਛਾ ਫ਼ਕੀਰ ਕੀ ਕਿਆ ਹੈ ?	ਹਰ ਕਿਸੀ ਪਰ ਪਰਉਪਕਾਰ ਕਰਨਾ।

ਇਹ ਸਾਨੂੰ ਮੰਨਣਾ ਪਵੇਗਾ ਕਿ ਇਸ ਗੋਸ਼ਟਿ ਸਾਹਿੱਤ ਨੇ ਜਿਥੇ ਸਾਡੇ ਲਿਟਰੇਚਰ

ਵਿਚ ਤਰਕਵਾਦੀ ਦ੍ਰਿਸ਼ਟੀਕੋਣ ਤੋਂ ਪਰਮਾਰਥ ਦੇ ਗੂੜ੍ਹੇ ਮਸਲਿਆਂ ਨੂੰ ਵਿਚਾਰਿਆ ਤੇ ਸੁਲਝਾਇਆ ਹੈ, ਉਥੇ ਪ੍ਰਾਚੀਨ ਪੰਜਾਬੀ ਵਾਰਤਕ ਨੂੰ ਵੀ ਭਾਗ ਲਾਏ ਹਨ। ਖ਼ਾਸ ਕਰਕੇ ਦਾਰਸ਼ਨਿਕ ਪੱਧਰ ਦੀ ਵਾਰਤਕ ਰਚਨਾ, ਖ਼ਾਸ ਕਿਸਮ ਦੀ ਸੰਕੇਤਾਵਲੀ ਦੀ ਅਣਹੋਂਦ ਕਾਰਨ ਆਪਣੇ ਆਪ ਵਿਚ ਇਕ ਔਖਾ ਕੰਮ ਸੀ, ਪਰ ਗੋਸ਼ਟਾਂ ਦੀ ਰਚਨਾ ਦੱਸਦੀ ਹੈ ਕਿ ਸਾਡੇ ਪ੍ਰਾਚੀਨ ਗੱਦਕਾਰ ਇਸ ਵਿਚ ਵੀ ਕਿਸੇ ਤਰ੍ਹਾਂ ਪਿੱਛੇ ਨਹੀਂ ਰਹੇ ਤੇ ਉਨ੍ਹਾਂ ਨੇ ਯੋਗ ਸੰਕੇਤਾਵਲੀ ਉਧਾਰੀ ਲੈ ਕੇ ਪੰਜਾਬੀ ਨੂੰ ਅਮੀਰ ਕੀਤਾ ਹੈ।

•

ਸੇਵਾ-ਪੰਥੀਆਂ ਦਾ ਵੇਦ-ਵਿਆਸ : ਭਾਈ ਸਹਿਜ ਰਾਮ

ਸਿੱਖਾਂ ਦੀ ਸੇਵਾ-ਪੰਥੀ ਸੰਪ੍ਰਦਾ ਕੇਵਲ ਸਰੀਰਕ ਸੇਵਾ ਲਈ ਹੀ ਪ੍ਰਸਿੱਧ ਨਹੀਂ, ਸਾਹਿੱਤਕ ਸੇਵਾ ਦੇ ਖੇਤਰ ਵਿਚ ਵੀ ਇਕ ਆਪਣਾ ਵਿਸ਼ੇਸ਼ ਸਥਾਨ ਰੱਖਦੀ ਹੈ। ਇਸ ਜਮਾਤ ਦੇ ਉਪਕਾਰੀ ਆਗੂਆਂ ਜਿਥੇ ਆਮ ਲੋੜਵੰਦਾਂ ਲਈ ਥਲ ਵਰਗੇ ਸੋਕੇ ਮਾਰੇ ਇਲਾਕੇ ਵਿਚ ਪਾਣੀ ਖ਼ਾਤਰ ਖੂਹ, ਤਲਾ ਲਵਾਏ, ਆਰਾਮ ਲਈ ਮੰਜੇ ਬਿਸਤਰੇ ਤੇ ਬਿਸਰਾਮ-ਸਥਾਨ ਬਣਾਏ, ਭੁੱਖਿਆਂ ਲਈ ਅੰਨ ਦਾ ਪ੍ਰਬੰਧ ਕੀਤਾ ਤੇ ਦਵਾਈ ਬੂਟੀ ਦਾ ਵੀ ਆਹਰ ਕਰਦੇ ਰਹੇ, ਉਥੇ ਮਾਨਸਿਕ ਸੰਤੁਸ਼ਟਤਾ ਲਈ ਸਾਹਿੱਤ ਰਚਨਾ ਦਾ ਕਾਰਜ ਵੀ ਚੋਖਾ ਕੀਤਾ ਹੈ। ਇਹ ਸਾਹਿੱਤ ਵਧੇਰੇ ਸਦਾਚਾਰਕ ਸਿੱਖਿਆ, ਆਤਮਿਕ ਪਵਿੱਤਰਤਾ ਤੇ ਸ਼ਰਧਾ ਸਿਦਕ ਦ੍ਰਿੜ੍ਹਾਉਣ ਵਾਲਾ ਹੈ ਤੇ ਕਈ ਥਾਂ ਇਸ ਦਾ ਗੱਦ ਰੂਪ ਇਤਨਾ ਮਨੋਹਰ ਹੈ ਕਿ ਇਸ ਅੱਗੇ ਕਵਿਤਾ ਮਾਤ ਪੈ ਜਾਂਦੀ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਲਿਖਣ ਵਾਲੇ ਦਰਵੇਸ਼ੀ ਜੀਵਨ ਬਿਤਾਉਣਹਾਰ ਨਿਸ਼ਕਾਮ ਬਿਰਤੀ ਦੇ ਸਾਧੂ ਫ਼ਕੀਰ ਸਨ। ਉਨ੍ਹਾਂ ਦੀ ਕੋਈ ਪਦਾਰਥਕ ਇੱਛਾ ਨਹੀਂ ਸੀ, ਇਸੇ ਕਰਕੇ ਉਨ੍ਹਾਂ ਦੀ ਆਤਮਿਕ ਨਿਰਮਲਤਾ ਦਾ ਪ੍ਰਤਿਬਿੰਬ ਇਸ ਸਿੱਧੇ-ਸਾਦੇ ਸਾਹਿੱਤ ਵਿਚ ਡਲ੍ਹਕਦਾ ਮਿਲਦਾ ਹੈ। ਸੇਵਾ-ਪੰਥੀ ਸੰਤ ਸਿੱਖਾਂ ਦੇ ਅਜਿਹੇ ਸੰਨਿਆਸੀ ਸਾਧੂ ਹਨ, ਜੋ ਤਿਆਗੀ ਵੈਰਾਗੀ ਹੁੰਦੇ ਹੋਏ ਵੀ ਕਿਰਤ ਕਰਮ ਵਿਚ ਵਿਸ਼ਵਾਸ ਰੱਖਦੇ ਹਨ। ਇਨ੍ਹਾਂ ਦੀ ਇਹ ਰਹਿਣੀ ਵੀ ਇਨ੍ਹਾਂ ਦੇ ਸਾਹਿੱਤ ਨੂੰ ਵਡਿਆਈ ਪ੍ਰਦਾਨ ਕਰਦੀ ਹੈ। ਦੂਜੇ ਇਨ੍ਹਾਂ ਲੇਖਕਾਂ ਦੇ ਸਾਹਵੇਂ ਭਾਈ ਕਨ੍ਹਈਆ (1705 ਬਿ:—1775 ਬਿ:), ਭਾਈ ਸੇਵਾ ਰਾਮ (1785 ਬਿ: ਦੇਹਾਂਤ) ਤੇ ਭਾਈ ਅੱਡਣਸ਼ਾਹ (1814 ਬਿ: ਦੇਹਾਂਤ) ਵਰਗੇ ਕਮਾਈ ਵਾਲੇ ਮਹਾਂਪੁਰਸ਼ਾਂ ਦੇ ਆਦਰਸ਼ਕ ਜੀਵਨ ਸਨ, ਜਿਨ੍ਹਾਂ ਸਾਰੀ ਜ਼ਿੰਦਗੀ ਹੀ ਸਰਬੱਤ ਦੇ ਭਲੇ ਵਿਚ ਗੁਜ਼ਾਰੀ ਸੀ। ਫਿਰ ਇਨ੍ਹਾਂ ਮਹਾਨੁਭਾਵਾਂ ਦੀ ਖ਼ੁਦ ਵੀ ਸੱਚੇ ਸਾਹਿੱਤ ਵਿਚ ਡੂੰਘੀ ਦਿਲਚਸਪੀ ਸੀ। ਉਨ੍ਹਾਂ ਆਪ ਇਸ ਲਈ ਤਕੜੇ ਉੱਦਮ ਕੀਤੇ। ਭਾਈ ਅੱਡਣਸ਼ਾਹ ਜੀ ਦੀ ਸਰਪ੍ਰਸਤੀ ਹੇਠ ਪ੍ਰਸਿੱਧ ਸੂਫ਼ੀ ਵਿਦਵਾਨ ਅਿਮਾਮ ਗ਼ਜ਼ਾਲੀ ਦੀ ਫ਼ਾਰਸੀ ਪੁਸਤਕ *ਕੀਮੀਆਏ ਸਾਅਦਤ* ਦਾ *ਪਾਰਸ ਭਾਗ* ਨਾਂ ਹੇਠ ਉਲਥਾ ਹੋਇਆ ਤੇ ਸੰਸਕ੍ਰਿਤ ਤੋਂ *ਯੋਗ ਵਸ਼ਿਸ਼ਠ* ਦਾ ਅਨੁਵਾਦ ਕੀਤਾ ਗਿਆ। ਸਾਧੂ ਸਦਾ ਨੰਦ ਜੀ ਨੇ ਕਈ ਅਧਿਆਤਮਕ ਕਿਰਤਾਂ ਰਚੀਆਂ। ਮੌਲਾਨਾ ਰੂਮੀ ਦੀ ਮਸਨਵੀ ਦੀ ਕਥਾ ਵਿਆਖਿਆ ਹੋਣੀ ਇਕ ਆਮ ਗੱਲ ਸੀ। *ਬਚਨ ਗੋਬਿੰਦ ਲੋਕਾਂ ਦੇ* ਤੇ

ਸੁਖ਼ਨ ਫ਼ਕੀਰਾਂ ਦੇ ਆਦਿ ਨਾਮ ਹੇਠ ਕਈ ਸੁੰਦਰ ਬਚਨਾਂ ਦੇ ਗੁਲਦਸਤੇ ਸਜੇ, ਜਿਹਾ ਕਿ ਸੂਫ਼ੀ ਦਰਵੇਸ਼ਾਂ ਦੇ *ਮਲਫ਼ੂਜ਼ਾਤ* ਮਿਲਦੇ ਹਨ। ਅੱਡਣਸ਼ਾਹ ਜੀ ਦੇ ਸ਼ਾਹਦਰੇ (ਲਾਹੌਰ) ਵਾਲੇ ਡੇਰੇ ਦੀ ਕਲਮੀ ਸੇਵਾ ਇਤਨੀ ਪ੍ਰਸਿੱਧ ਸੀ ਕਿ ਉਨ੍ਹਾਂ ਦੇ ਨਾਮ 'ਤੇ 'ਅੱਡਣਸ਼ਾਹੀ ਸਿਆਹੀ' ਸਲਾਹੀ ਜਾਂਦੀ ਰਹੀ ਹੈ, ਜਿਸ ਨੂੰ ਲਿਖਾਰੀ ਲੋਕ ਖ਼ਾਸ ਤੌਰ 'ਤੇ ਪਸੰਦ ਕਰਦੇ ਸਨ।

ਸੇਵਾ-ਪੰਥੀ ਕਲਮਧਾਰੀਆਂ ਵਿਚ ਭਾਈ ਮੰਗੂ, ਭਾਈ ਰਾੜੂ, ਭਾਈ ਦੁਖਭੰਜਨ, ਭਾਈ ਟਹਿਲ ਦਾਸ, ਭਾਈ ਹਜ਼ਾਰੀ ਰਾਮ ਆਦਿ ਕਈ ਨਾਮ ਮਿਲਦੇ ਹਨ, ਪਰ ਭਾਈ ਸਹਿਜ ਰਾਮ ਜੀ ਦਾ ਨਾਂ ਸਭ ਤੋਂ ਵਧੇਰੇ ਪ੍ਰਸਿੱਧ ਹੈ। ਆਪ ਨੂੰ ਸੇਵਾ-ਪੰਥੀ ਸੰਪ੍ਰਦਾ ਦਾ 'ਵੇਦ ਵਿਆਸ' ਕਿਹਾ ਜਾ ਸਕਦਾ ਹੈ। ਆਪ ਪੱਛਮੀ ਪੰਜਾਬ ਦੇ ਜ਼ਿਲ੍ਹਾ ਸ਼ਾਹਪੁਰ ਵਿਚ ਨੂਰਪੁਰ ਥਲ ਦੇ ਰਹਿਣ ਵਾਲੇ ਸਨ। ਭਾਈ ਸੇਵਾ ਰਾਮ ਜੀ ਦੀ ਆਤਮਿਕ ਛੋਹ ਸਦਕਾ ਪਰਮਾਰਥਕ ਲਗਨ ਲੱਗੀ। ਸੇਵਾ ਦਾ ਚਾਉ ਇਤਨਾ ਸੀ ਕਿ ਕਰੜੇ ਤੋਂ ਕਰੜੇ ਕੰਮ ਤੋਂ ਵੀ ਨਹੀਂ ਸੀ ਘਬਰਾਉਂਦੇ। ਇਕ ਵੇਰ ਕੋਟ ਈਸੇ ਸ਼ਾਹ ਤੋਂ ਆਟਾ ਪੀਹਣ ਵਾਲੀ ਚੱਕੀ ਮੋਢੇ 'ਤੇ ਲਟਕਾ ਕੇ ਨੂਰਪੁਰ ਥਲ ਲੈ ਆਏ ਸਨ, ਜਦੋਂ ਕਿ ਪ੍ਰਬੰਧਕ ਇਹ ਸੋਚ ਰਹੇ ਸਨ ਕਿ ਇਸ ਨੂੰ ਕਿਸੇ ਊਠ 'ਤੇ ਲੱਦ ਕੇ ਲਿਆਂਦਾ ਜਾਵੇਗਾ। ਜਤੀ-ਸਤੀ ਹੋਣ ਕਰਕੇ ਜਿਥੇ ਆਪ ਸਰੀਰਕ ਤੌਰ 'ਤੇ ਬਲਵਾਨ ਸਨ, ਉਥੇ ਸਾਹਿੱਤ ਤੇ ਸੰਗੀਤ ਦੇ ਵੀ ਗੁਣਵੰਤ ਕਲਾਕਾਰ ਸਨ। ਇਕ ਵਾਰ ਲਾਹੌਰ ਕੀਰਤਨ ਕਰ ਰਹੇ ਸਨ ਤਾਂ ਇਕ ਪਠਾਣ ਨੇ ਆਪ ਦਾ ਜਲਾਲੀ ਚਿਹਰਾ ਤੱਕ ਕੇ ਕਿਹਾ ਕਿ ਜੇ ਇਹ ਆਦਮੀ ਸ਼ਸਤਰ ਫੜ ਕੇ ਮੈਦਾਨ ਵਿਚ ਨਿਤਰੇ ਤਾਂ ਇਕੱਲਾ ਦਸਾਂ ਨੂੰ ਥਾਂ ਰੱਖੇ। ਭਾਈ ਅੱਡਣਸ਼ਾਹ ਜੀ ਨੇ ਆਖਿਆ, "ਪਠਾਣਾ, ਦਸਾਂ ਦੀ ਕੀ ਗੱਲ ਹੈ, ਇਹ ਤਾਂ ਹੁਣ ਮਧੁਰ ਕੀਰਤਨ ਦੇ ਸਦਕੇ ਅਢਾਈ ਤਿੰਨ ਸੌ ਸੰਤ ਮਹਾਤਮਾ ਨੂੰ ਆਪਣੇ ਬਚਨਾਂ ਨਾਲ ਬੰਨ੍ਹੀ ਬੈਠਾ ਹੈ।"

ਬਾਵਜੂਦ ਅਜਿਹੇ ਗੁਣਾਂ ਦੇ ਨਿਮਰਤਾ ਇਤਨੀ ਸੀ ਕਿ ਭਾਵੇਂ ਆਪ ਭਾਈ ਅੱਡਣਸ਼ਾਹ ਦੇ ਗੁਰਭਾਈ ਸਨ, ਪਰ ਸੇਵਕ ਬਣ ਕੇ ਹੀ ਸਮਾਂ ਗੁਜ਼ਾਰਿਆ। ਆਪ ਦਾ ਕੰਮ ਕੀਰਤਨ ਕਰਨਾ, ਕਥਾ ਵਿਆਖਿਆ ਸੁਣਾਉਣਾ ਜਾਂ ਫਿਰ ਸੰਤਾਂ-ਸਾਧੂਆਂ ਦੀ ਕਥਾ ਕਹਾਣੀ ਲਿਖਣਾ ਸੀ। ਗੁਰਬਾਣੀ ਲਿਖਣ ਦਾ ਆਪ ਨੂੰ ਖ਼ਾਸ ਸ਼ੌਕ ਸੀ। ਇਕ ਵਾਰ ਇਕ ਬਾਲਕ ਨੇ ਸੁਖਮਨੀ ਕੰਠ ਕਰਨ ਦੀ ਉਤਕੰਠਾ ਪ੍ਰਗਟ ਕੀਤੀ ਤਾਂ ਆਪ ਨੇ ਉਸੇ ਸਮੇਂ ਇਕ-ਟਕ ਬੈਠ ਕੇ ਉਸ ਲਈ ਗੁਟਕਾ ਲਿਖ ਦਿੱਤਾ। ਇਸ ਤਰ੍ਹਾਂ ਉਹ ਉਪਕਾਰੀ ਬਿਰਤੀ ਦੇ ਮਹਾਂ-ਪੁਰਸ਼ ਸਨ ਤੇ ਉਨ੍ਹਾਂ ਦਾ ਬਹੁਤਾ ਸਮਾਂ ਪੋਥੀਆਂ ਲਿਖਣ ਲਿਖਾਉਣ ਵਿਚ ਹੀ ਲੰਘਿਆ। ਭਾਈ ਗੁਰਦਾਸ ਜੀ ਦਾ ਇਹ ਬਚਨ ਆਪ 'ਤੇ ਪੂਰਾ ਪੂਰਾ ਢੁਕਦਾ ਹੈ :

ਗੁਰਮੁਖਿ ਹਥਿ ਸਕਥ ਹਨਿ ਸਾਧ ਸੰਗਤਿ ਗੁਰ ਕਾਰ ਕਮਾਵੈ॥...
ਗੁਰਬਾਣੀ ਲਿਖਿ ਪੋਥੀਆ ਤਾਨ ਮ੍ਰਿਦੰਗ ਰਬਾਬ ਵਜਾਵੈ॥

(ਵਾਰ 6, ਪਉੜੀ 12)

ਭਾਈ ਸਹਿਜ ਰਾਮ ਜੀ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. *ਪਰਚੀ ਭਾਈ ਕਨ੍ਹਈਆ ਜੀ ਦੀ*
2. *ਪਰਚੀ ਭਾਈ ਸੇਵਾ ਰਾਮ ਜੀ ਦੀ*
3. *ਪਰਚੀ ਭਾਈ ਅੱਡਣ ਸ਼ਾਹ ਜੀ ਦੀ*
4. *ਸਾਖੀਆਂ ਭਾਈ ਅੱਡਣ ਸ਼ਾਹ ਜੀ ਦੀਆਂ*
5. *ਪੋਥੀ ਆਸਾਵਰੀਆਂ*

ਇਹ ਪੰਜੇ ਪੁਸਤਕਾਂ ਸੇਵਾ-ਪੰਥੀ ਸੰਪ੍ਰਦਾ ਦੀਆਂ ਪ੍ਰਮਾਣੀਕ ਰਚਨਾਵਾਂ ਹਨ, ਜਿਨ੍ਹਾਂ ਵਿਚ ਉਪਰੋਕਤ ਮਹਾਂਪੁਰਖਾਂ ਦੀਆਂ ਜੀਵਨ-ਸਾਖੀਆਂ ਰਾਹੀਂ ਉੱਤਮ ਸਿੱਖਿਆ ਦ੍ਰਿੜ੍ਹਾਈ ਗਈ ਹੈ ਤੇ ਇਨ੍ਹਾਂ ਦੇ ਆਧਾਰ 'ਤੇ ਹੀ ਸੰਤ ਲਾਲ ਚੰਦ ਜੀ ਨੇ *ਸੰਤ ਰਤਨ ਮਾਲ* ਤੇ ਸੰਤ ਸ਼ਾਮ ਸਿੰਘ ਜੀ ਨੇ *ਪ੍ਰੇਮ ਪ੍ਰਕਾਸ਼* ਦੀ ਰਚਨਾ ਕੀਤੀ ਹੈ। ਸੋ ਭਾਈ ਸਹਿਜ ਰਾਮ ਜੀ ਦਾ ਪਰਉਪਕਾਰ ਭੁਲਾਇਆ ਜਾਣ ਵਾਲਾ ਨਹੀਂ ਹੈ। ਇਹ ਉਪਕਾਰ ਸੇਵਾ-ਪੰਥੀਆਂ ਖ਼ਾਤਰ ਹੀ ਨਹੀਂ, ਸਗੋਂ ਤਮਾਮ ਅਧਿਆਤਮਕ ਜਗਿਆਸੂਆਂ ਹਿੱਤ ਲਾਹੇਵੰਦਾ ਹੈ। ਸਪੱਸ਼ਟ ਹੈ ਕਿ ਇਕ ਮਨੋਹਰ ਗੱਦਕਾਰ ਦੇ ਤੌਰ 'ਤੇ ਭਾਈ ਜੀ ਦੀ ਕਲਮ ਵਿਸ਼ੇਸ਼ ਪ੍ਰਸੰਸਾ ਦੀ ਅਧਿਕਾਰੀ ਹੈ। ਸੇਵਾ-ਪੰਥੀ ਸੰਪ੍ਰਦਾ ਵਿਚ ਤਾਂ ਇਹ ਵੀ ਰਵਾਇਤ ਹੈ ਕਿ *ਪੋਥੀ ਆਸਾਵਰੀਆਂ* ਵਿਚ ਜੋ ਸੇਵਾ ਰਾਮ ਜੀ ਦੇ ਨਾਂ 'ਤੇ ਕਵਿਤਾ ਮਿਲਦੀ ਹੈ, ਇਹ ਭਾਈ ਸਹਿਜ ਰਾਮ ਜੀ ਦੀ ਹੀ ਰਚਨਾ ਹੈ। ਉਨ੍ਹਾਂ ਨੇ ਜਾਣ ਕੇ ਆਪਣਾ ਨਾਮ ਛੱਡ ਕੇ ਆਪਣੇ ਸਿੱਖਿਆ ਦਾਤਾ ਦਾ ਨਾਮ ਦਿੱਤਾ ਹੈ। ਜੇਕਰ ਇਸ ਰਵਾਇਤ ਨੂੰ ਪ੍ਰਵਾਨ ਕਰ ਲਿਆ ਜਾਵੇ ਤਾਂ ਭਾਈ ਸਾਹਿਬ ਨੂੰ ਚੰਗਾ ਕਵੀ ਮੰਨਣ ਵਿਚ ਵੀ ਕੋਈ ਆਪੱਤੀ ਨਹੀਂ ਰਹਿ ਜਾਂਦੀ।

ਸੇਵਾ-ਪੰਥੀਆਂ ਲਈ ਭਾਈ ਕਨ੍ਹਈਆ ਜੀ ਦਾ, ਹਰ ਇਕ ਦੇ ਕੰਮ ਆਉਣ ਵਾਲਾ ਸੇਵਾ-ਮਈ ਜੀਵਨ, ਇਕ ਆਦਰਸ਼ ਜੀਵਨ ਹੈ। ਭਾਈ ਸਹਿਜ ਰਾਮ ਜੀ ਨੇ ਪੰਜਾਬ ਦੀ ਇਸ ਸੁਹਿਰਦ ਤੇ ਪਰਉਪਕਾਰੀ ਸ਼ਖ਼ਸੀਅਤ ਨੂੰ ਸਭ ਤੋਂ ਪਹਿਲੇ ਮਨੋਹਰ ਢੰਗ ਨਾਲ ਸਾਡੇ ਸਾਹਮਣੇ ਲਿਆਂਦਾ ਹੈ। ਖ਼ਾਸ ਕਰਕੇ ਲੋਕ-ਹਿਤਕਾਰੀ ਹੋਣ ਦੇ ਨਾਤੇ ਆਪ ਦੀ ਕਰਮਯੋਗੀ ਤਸਵੀਰ ਬਹੁਤ ਹੀ ਸੋਹਣੀ ਚਿੱਤਰੀ ਗਈ ਹੈ। ਭਾਈ ਕਨ੍ਹਈਆ ਜੀ ਅਮੀਰ ਘਰਾਣੇ ਦੇ ਜੰਮ-ਪਲ ਸਨ। ਆਪ ਨੇ ਘਰੋਂ ਜੇਬ ਪੈਸਿਆਂ ਕੌਡੀਆਂ ਨਾਲ ਭਰ ਲਿਆਉਣੀ ਤੇ ਦਿਨ ਭਰ ਲੋਕਾਂ ਨੂੰ ਵੰਡਦੇ ਰਹਿਣਾ। ਜੇ ਕੋਈ ਗ਼ਰੀਬ ਬੇਗਾਰ ਵਿਚ ਫੜਿਆ ਪੰਡ ਚੁੱਕੀ ਆਉਂਦਾ ਤੱਕਣਾ ਤਾਂ ਉਸ ਦੀ ਭਾਰੀ ਪੰਡ ਖ਼ੁਦ ਚੁੱਕ ਲੈਣੀ। ਕਈ ਵਾਰ ਮਾਪਿਆਂ ਕਹਿਣਾ, "ਕਨ੍ਹਈਆ! ਤੇਰੀ ਇਸ ਕਰਤੂਤ ਨਾਲ ਸਾਡੀ ਖ਼ਾਨਦਾਨੀ ਸ਼ਾਨ ਨੂੰ ਧੱਕਾ ਲੱਗਦਾ ਹੈ, ਤੂੰ ਇਉਂ ਨਾ ਕਰਿਆ ਕਰ।" ਨੌਜੁਆਨ ਕਨ੍ਹਈਏ ਦਾ ਉੱਤਰ ਸੀ, "ਮਾਤਾ ਜੀ! ਘਰਾਂ ਵਿਚ ਆਖ਼ਰ ਕਈ ਬਾਉਲੇ ਪੁੱਤਰ ਵੀ ਹੁੰਦੇ ਹਨ, ਮੈਨੂੰ ਬਾਉਲਾ ਹੀ ਸਮਝ ਛੱਡੀਂ।"

ਆਮ ਸਾਧੂ ਆਤਮਿਕ ਅਨੰਦ ਲਈ ਬਨਵਾਸ ਲੈਣਾ ਜ਼ਰੂਰੀ ਦੱਸਦੇ ਸਨ, ਪਰ ਭਾਈ ਕਨ੍ਹਈਆ ਰਾਜ-ਜੋਗੀ ਗੁਰੂ ਨਾਨਕ ਦਰੋਂ ਵਰੋਸਾਏ ਹੋਏ ਸਨ, ਇਸ ਲਈ ਉਨ੍ਹਾਂ ਇਸ ਸ੍ਰਿਸ਼ਟੀ ਵਿਚ ਵੱਸਦਿਆਂ ਰਸਦਿਆਂ ਪ੍ਰਭੂ ਖੋਜਣ ਦੀ ਤਾਕੀਦ ਕੀਤੀ ਹੈ:

ਸੋ ਗੋਬਿੰਦ ਕਾ ਮੇਲਾ ਗੋਬਿੰਦ ਲੋਕਾਂ ਕਉ ਮਿਲ ਕਰ ਹੋਵੈਗਾ। ਸੋ ਗੋਬਿੰਦ ਲੋਕ ਨਗਰੋਂ ਅਰ ਮਨੁਖੋਂ ਮੇਂ ਹੋਤੇ ਹੈਂ। ਸੋ ਤੁਮਾਰਾ ਇਹ ਸੁਭਾਉ ਹੂਆ ਹੈ ਜੋ ਲੋਕੋਂ ਅਰ ਨਗਰੋਂ ਤੇ ਕਿਨਾਰਾ ਕੀਏ ਫਿਰਤੇ ਹੈ, ਸੋ ਸੰਤੋਂ ਤੇ ਭੀ ਕਿਨਾਰਾ ਹੂਆ। ਜੈਸੇ ਸੁਨਾਰੇ ਕੀ ਰਾਖ ਸਿਉਂ ਸੋਨਾ ਨਿਕਲਤਾ ਹੈ ਜਬ ਰਾਖ ਕਾ ਤਿਆਗ ਕੀਆ ਤਬ ਸੋਨੇ ਕਾ ਤਿਆਗ ਭੀ ਸਾਥ ਹੋਇ ਗਇਆ। ਤਾਂ ਤੇ ਤੁਮ੍ਹ ਨਗਰੋਂ ਔਰ ਮਨੁਖੋਂ ਬੀਚ ਸੰਤਾ ਕਉ ਖੋਜਉ।

(ਪਰਚੀ ਭਾਈ ਕਨ੍ਹਈਆ ਜੀ ਕੀ, ਪੰਨਾ 24)

ਇਸ ਤਰ੍ਹਾਂ ਇਕ ਵਾਰ ਸਵਾਲ ਉਠਾਇਆ ਗਿਆ ਕਿ ਸੇਵਾ ਕਿਸ ਦੀ ਕੀਤੀ ਜਾਵੇ ਤੇ ਇਸ ਦਾ ਚੰਗਾ ਤਰੀਕਾ ਕਿਹੜਾ ਹੈ ਤਾਂ ਇਸ ਦੇ ਜਵਾਬ ਵਿਚ ਭਾਈ ਕਨ੍ਹਈਆ ਜੀ ਨੇ ਫ਼ੁਰਮਾਇਆ ਕਿ ਸੇਵਾ ਕੇਵਲ ਕਿਸੇ ਪੀਰ ਅਵਤਾਰ ਦੀ ਹੀ ਨਹੀਂ ਕਰਨੀ, ਸਗੋਂ ਪ੍ਰਾਣੀ ਮਾਤਰ ਦੀ ਸੇਵਾ ਜੀਵਨ-ਆਦਰਸ਼ ਹੈ:

ਏਕ ਸਾਧ ਨੇ ਪ੍ਰਸ਼ਨ ਕੀਆ ਕਿ ਸੇਵਾ ਕਰਨੇ ਕੀ ਭਲੀ ਜੁਗਤਿ ਕਿਆ ਹੈ ਤਬ ਭਾਈ ਕਨ੍ਹਈਆ ਜੀ ਨੇ ਇਸ ਪ੍ਰਕਾਰ ਬਚਨ ਕਹੇ, 'ਜੋ ਘਟ ਘਟ ਮਹਿ ਰਮਤ ਰਾਮ ਕੋ ਜਾਨ ਕਰ ਸੇਵਾ ਕਰਨੀ ਇਹੀ ਭਲੀ ਜੁਗਤਿ ਹੈ। ਜਗਤ ਕੇ ਲੋਗ ਤਉ ਚਉਬੀਸ ਅਵਤਾਰ ਹੂਏ ਹੀ ਮਾਨਤੇ ਹੈਂ। ਅਰੁ ਗੁਰਮੁਖਹੁ ਕੀ ਰਹਿਣੀ ਇਹ ਹੈ ਕਿ ਜੇਤੇ ਪ੍ਰਾਣੀ ਮਾਤ੍ਰ ਹੈਂ, ਸਭੀ ਹੀ ਅਵਤਾਰ ਦ੍ਰਿਸ਼ਟਿ ਦੇਖਤੇ ਹੈਂ।'

(ਪਰਚੀ ਭਾਈ ਕਨ੍ਹਈਆ ਜੀ ਕੀ, ਪੰਨਾ 46)

ਇਸ ਕਿਸਮ ਦੇ ਕੀਮਤੀ ਬਚਨ ਕਰਮਯੋਗੀ ਮੌਲਿਕ ਉਪਦੇਸ਼ ਦਾ ਸ਼ਿੰਗਾਰ ਹਨ, ਜਿਸ ਤੋਂ ਵਿਸ਼ਵ-ਸਾਂਝ ਤੇ ਵਿਸ਼ਵ-ਪਿਆਰ ਦੀ ਸਿੱਖਿਆ ਸਹਿਜੇ ਹੀ ਮਿਲ ਜਾਂਦੀ ਹੈ। ਇਹ ਸਿੱਖਿਆ ਉਨ੍ਹਾਂ ਕੇਵਲ ਬਚਨਾਂ ਰਾਹੀਂ ਹੀ ਨਹੀਂ ਦ੍ਰਿੜ੍ਹਾਈ, ਸਗੋਂ ਆਪਣੇ ਅਮਲਾਂ ਰਾਹੀਂ ਦ੍ਰਿੜ੍ਹਾ ਕੇ ਜਗਤ-ਸੇਵਾ ਦਾ ਮਾਰਗ ਦੱਸਿਆ ਹੈ।

ਇਸੇ ਤਰ੍ਹਾਂ *ਪਰਚੀ ਭਾਈ ਸੇਵਾ ਰਾਮ ਜੀ ਦੀ* ਤੇ *ਪਰਚੀ ਭਾਈ ਅੱਡਣਸ਼ਾਹ ਜੀ ਦੀ* ਵਿਚ ਇਨ੍ਹਾਂ ਮਹਾਂਪੁਰਸ਼ਾਂ ਦਾ ਜੀਵਨ ਬੜੀ ਹੀ ਸਾਊ ਤੇ ਸੁਸ਼ੀਲ ਸ਼ੈਲੀ ਵਿਚ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਦੇ ਅਸੀਂ ਵਿਸਤਾਰ ਵਿਚ ਨਹੀਂ ਜਾਂਦੇ। ਇਹ ਰਚਨਾਵਾਂ ਸਾਡੇ ਸਦਾਚਾਰਕ ਸਾਹਿੱਤ ਵਿਚ ਬੜਾ ਕੀਮਤੀ ਵਾਧਾ ਕਰਨ ਵਾਲੀਆਂ ਹਨ। ਇਨ੍ਹਾਂ ਤੋਂ ਇਲਾਵਾ *ਸਾਖੀਆਂ ਭਾਈ ਅੱਡਣ ਸ਼ਾਹ ਜੀ ਦੀਆਂ* ਇਕ ਵੱਖਰੀ ਪੁਸਤਕ ਹੈ, ਜਿਸ ਵਿਚ ਤੱਤ ਦੀਆਂ ਗੱਲਾਂ ਬਹੁਤ ਸੁੰਦਰ ਢੰਗ ਨਾਲ ਆਖੀਆਂ ਗਈਆਂ ਹਨ। ਡਾ. ਮੋਹਨ ਸਿੰਘ ਜੀ ਦੇ ਕਥਨ ਅਨੁਸਾਰ ਇਹ ਅੱਡਣ ਸ਼ਾਹ ਕ੍ਰਿਤ ਸਾਖੀਆਂ ਹਨ। ਪਰ ਦਰਅਸਲ ਇਨ੍ਹਾਂ ਦਾ ਕਰਤਾ ਵੀ ਭਾਈ ਸਹਿਜ ਰਾਮ ਹੀ ਹੈ ਭਾਵੇਂ ਇਨ੍ਹਾਂ ਵਿਚ ਕਈ ਸਾਖੀਆਂ ਭਾਈ ਅੱਡਣਸ਼ਾਹ ਜੀ ਬਾਰੇ ਜ਼ਰੂਰ ਹਨ। ਇਹ ਗੱਲ ਹੀ ਇਸ ਦਾ ਪ੍ਰਮਾਣ ਹੈ ਕਿ ਕੋਈ ਹੋਰ ਲੇਖਕ ਹੈ, ਜੋ ਅੱਡਣਸ਼ਾਹ ਜੀ ਤੇ ਹੋਰ ਸਾਧਾਂ ਸੰਤਾਂ ਦੇ ਜੀਵਨ-ਤੱਤ ਦੀਆਂ ਗੱਲਾਂ ਸਾਨੂੰ ਦੱਸ ਰਿਹਾ ਹੈ।

ਇਹ ਬਚਨ ਕਿਸ ਤਰ੍ਹਾਂ ਸਾਹਿੱਤਕ ਤੇ ਸਦਾਚਾਰਕ ਮਹੱਤਵ ਨਾਲ ਭਰੇ ਹੋਏ ਹਨ ਤੇ ਇਨ੍ਹਾਂ ਦੇ ਲੇਖਕ ਭਾਈ ਸਹਿਜ ਰਾਮ ਜੀ ਵਿਚ ਕਿਤਨਾ ਕੁ ਕਲਾ ਚਮਤਕਾਰ ਮੌਜੂਦ ਸੀ, ਇਹ ਜਾਨਣ ਲਈ ਕੁਝ ਵੰਨਗੀਆਂ ਦੇਖਣੀਆਂ ਜ਼ਰੂਰੀ ਹਨ:

1. ਪ੍ਰਿਥਮ ਬਚਨ ਏਹੁ ਹੈ, ਸਉ ਕੰਮ ਤਿਆਗ ਕੇ ਇਸਨਾਨ ਕਰ ਲੈਣਾ।੧।
ਦੂਜਾ ਬਚਨ ਏਹੁ ਹੈ, ਹਜ਼ਾਰ ਕੰਮ ਛੋੜ ਕੇ ਦਾਨ ਕਰਨਾ।੨।
ਤੀਜਾ ਬਚਨੁ ਏਹੁ ਹੈ, ਲੱਖ ਕੰਮ ਛੋੜ ਕੇ ਭਜਨ ਕਰਨਾ।੩।
ਚੌਥਾ ਬਚਨੁ ਏਹੁ ਹੈ, ਕਰੋੜ ਕੰਮ ਤਿਆਗ ਕੇ ਪ੍ਰਸਾਦਿ ਪਾਇ ਲੇਵਣਾ, ਰੋਸ ਨਹੀਂ ਕਰ ਬੈਠਣਾ ਕਿਸੀ ਬਾਤ ਪਰ, ਪ੍ਰਸਾਦ ਕੇ ਸਮੇਂ।੪।
ਪੰਜਵਾਂ ਬਚਨ ਏਹੁ ਹੈ, ਜੋ ਅਸੰਖ ਕੰਮ ਤਿਆਗ ਕੇ ਆਤਮਦੇਵ ਕੀ ਪੂਜਾ ਕਰ ਲੈਣੀ।੫।
ਆਤਮਦੇਵ ਕੀ ਪੂਜਾ ਏਹ ਹੈ, ਜੋ ਦੀਨ ਹੋਇ ਕਰ ਅਰਦਾਸ ਕਰੇ, ਤਿਸਕੀ ਅਰਦਾਸ ਮੰਨ ਲੈਣੀ, ਜਿਥੋਂ ਤੀਕ ਪਹੁੰਚ ਹੋਵੇ, ਢਿੱਲ ਨਹੀਂ ਕਰਨੀ ਮਨ-ਬਾਂਛਤ ਦੀਨ ਜਨ ਕੋ ਸੁਖ ਦੇਵਣਾ ਇਸ ਕਰ ਪਰਮਾਤਮਾ ਦੇਵ ਜੋ ਹੈ ਭਗਵੰਤ, ਸੋ ਪ੍ਰਸੰਨ ਹੋਤਾ ਹੈ।

2. ਧਰਤੀ ਮਾਤਾ ਕਹਤੀ ਹੈ, ਜੋ ਮੇਰੀ ਸਿੱਖਿਆ ਧਾਰਤਾ ਹੈ, ਸੋ ਸੰਤ ਹੋਤਾ ਹੈ। ਮੇਰੀ ਸਿੱਖਿਆ ਕਿਆ ਹੈ, ਮੇਰੀ ਸਿੱਖਿਆ ਸਹਿਣਸ਼ੀਲਤਾ ਹੈ...ਜੇ ਮੇਰੀ ਸਿੱਖਿਆ ਨਾ ਧਾਰੀ ਜਾਏ ਤਬ ਏਹ ਕੰਮ ਕਰੇ, ਮੇਰੇ ਗੁਣ ਧਾਰੇ।
ਪ੍ਰਿਥਮੇ ਇਹ ਗੁਣ ਹੈ, ਜੋ ਮੇਰੀ ਓਰ ਦੇਖ ਕਰ ਤੁਰੇ ਤਿਸਕੇ ਪਾਉਂ ਕੋ ਚੋਟ ਨਹੀਂ ਲਗਨੇ ਦੇਤੀ।੧।
ਦੂਜਾ ਗੁਣ ਏਹੁ ਹੈ ਜੋ ਮੇਰੀ ਓਰ ਦੇਖ ਕਰਿ ਤੁਰੇ, ਤਿਸਕੇ ਪਾਉਂ ਮਲੀਣ ਭੀ ਨਹੀਂ ਹੋਣੇ ਦੇਤੀ।੨।
ਤੀਜਾ ਗੁਣ ਏਹ ਹੈ ਜੋ ਮੇਰੀ ਓਰ ਦੇਖ ਕਰਿ ਤੁਰੇ, ਜੋ ਮੇਰੇ ਉਪਰਿ ਪਦਾਰਥ ਹੋਤਾ ਹੈ, ਸੋ ਭੀ ਬਤਾਇ ਦੇਤੀ ਹੋਂ।੩।
ਤੇ ਚੌਥਾ ਗੁਣ ਹੋਰ ਬੜਾ ਹੈ। ਜੋ ਮੇਰੀ ਓਰ ਦੇਖ ਕਰਿ ਤੁਰੇ, ਤਿਸ ਕੋ ਪਾਪੋਂ ਤੇ ਰੱਛਿਆ ਕਰਤੀ ਹੋਂ, ਕਾਹੇ ਤੇ ਜੋ ਕੀਟ ਆਦਿਕ ਭੀ ਨਹੀਂ ਮਰਤੇ, ਨੀਚੇ ਦੇਖਣੇ ਕਰ। ਤੇ ਉਪਰ ਦ੍ਰਿਸ਼ਟ ਪਦਾਰਥ ਦੇਖਣੇ ਕਰ ਬੜਾ ਪਾਪ ਹੋਤਾ ਹੈ, ਸੋ ਭੀ ਨਹੀਂ ਹੋਤਾ।੪।
ਤੇ ਏਕ ਔਰ ਪੰਜਵਾਂ ਗੁਣ ਹੈ, ਸੋ ਬਡੇ ਤੇ ਬਡਾ ਗੁਣ ਹੈ, ਜੋ ਮੇਰੀ ਓਰ ਦੇਖ ਕਰਿ ਤੁਰਤਾ ਹੈ, ਤਿਸਕਾ ਨਾਉਂ ਮੈਂ ਸੰਤ ਪਾਵਤੀ ਹੂੰ।

3. ਏਕ ਬੇਰ ਭਾਈ ਅੱਡਣ ਜੀ ਪਾਸ ਏਕ ਸਾਧ ਨੇ ਅਰਦਾਸਿ ਕੀਤੀ ਜੀ ਉਹ ਕਉਣਸਾ ਨਾਮ ਹੈ ਜਿਸ ਕੇ ਸਿਮਰਤੇ ਹਮਾਰਾ ਕਲਿਆਣ ਹੋਵੈ ? ਭਾਈ ਅੱਡਣ ਜੀ ਤਿਸ ਸਮੇਂ ਦਰੀਯਾਉ ਊਪਰਿ ਖੜੇ ਥੇ। ਤਬ ਉਸ ਸਾਧ ਕੋ ਕਹਿਆ, ਇਨ੍ਹਾਂ ਬੇੜੀਆਂ ਵਿਚ ਉਹ ਕੌਣ ਸੀ ਬੇੜੀ ਹੈ ਜੋ ਪਾਰ ਉਤਾਰਤੀ ਹੈ ? ਤਬ ਉਸ ਸਾਧ ਕਹਿਆ ਜੀ ਮਲਾਹ ਸਿਉ ਪੂਛੀਏ।
ਭਾਈ ਮਲਾਹੋ ! ਬੇੜੀ ਕੌਣ ਸੀ ਪਾਰ ਕਰਤੀ ਹੈ ?
ਤਾਂ ਮਲਾਹ ਕਹਿਆ ਜੀ ! ਸਭ ਬੇੜੀਆਂ ਪਾਰ ਉਤਾਰਦੀਆਂ ਹਨ ਕਿਸੀ ਪਰ ਚੜ੍ਹਿ ਬੈਠਹੁ।

4. ਗੁਰਮੁਖਿ ਸਤਿਗੁਰ ਕੇ ਸਿਵਾਇ ਸਬ ਸੇ ਬੇਖ਼ੌਫ਼ ਰਹਤਾ ਹੈ। ਮਨਮੁਖ ਸਤਿਗੁਰ ਕੇ ਸਿਵਾਇ, ਸਭ ਸੇ ਡਰਤਾ ਹੈ।

   ਗੁਰਮੁਖਿ ਸਤਿਗੁਰ ਕੇ ਸਿਵਾਇ ਸਭ ਸੇ ਨਿਰਾਸ ਰਹਤਾ ਹੈ। ਮਨਮੁਖਿ ਸਤਿਗੁਰ ਕੇ ਸਿਵਾਇ ਸਬ ਸੇ ਆਸਾ ਰਖਤਾ ਹੈ।

   ਗੁਰਮੁਖਿ ਧਨ ਕੋ ਪਰਮਾਰਥ ਪਰ ਨਯੋਛਾਵਰ ਕਰਤਾ ਹੈ। ਮਨਮੁਖਿ ਪਰਮਾਰਥ ਕੋ ਧਨ ਪਰ ਕੁਰਬਾਨ ਕਰਤਾ ਹੈ।

   ਗੁਰਮੁਖਿ ਖੇਤ ਬੀਜਤਾ ਅਰੁ ਡਰਤਾ ਹੈ ਕਿ ਸ਼ਾਇਦ ਖੇਤ ਕਾਟਨੇ ਕੋ ਮਿਲੇ ਯਾ ਨਾ ਮਿਲੇ। ਮਨਮੁਖਿ ਖੇਤ ਬੀਜਤਾ ਭੀ ਨਹੀਂ ਅਰ ਆਸ ਰਾਖਤਾ ਹੈ ਕਿ ਕਾਟ ਕਰਿ ਖਲਵਾੜਾ ਭਰੂੰ।

ਪੋਥੀ ਆਸਾਵਰੀਆਂ ਵੀ ਇਸੇ ਤਰ੍ਹਾਂ ਦੀ ਸੁਚੱਜੀ ਸਿੱਖਿਆ ਨਾਲ ਭਰਪੂਰ ਹੈ। ਉਸ ਵਿਚ ਭਾਈ ਸਹਿਜ ਰਾਮ ਜੀ ਨੇ ਕਈ ਸੰਤ ਕਵੀਆਂ ਦੀ ਸੁੰਦਰ ਕਵਿਤਾ ਵਰਤ ਕੇ ਜਿਥੇ ਆਪਣੀ ਕਥਨੀ ਦੀ ਪੁਸ਼ਟੀ ਕੀਤੀ ਹੈ, ਉਥੇ ਨਾਲ ਹੀ ਅਠਾਰ੍ਹਵੀਂ ਸਦੀ ਦੇ ਕਈ ਕਵੀਆਂ ਦੀ ਕਾਵਿ-ਵੰਨਗੀ ਵੀ ਸੰਭਾਲ ਦਿੱਤੀ ਹੈ, ਜਿਨ੍ਹਾਂ ਵਿਚ ਚੂਹੜ, ਗਵਾਲ, ਬਿਹਾਰੀ, ਕੇਸੋ, ਮਨਹਰ, ਭਾਵਨ, ਸੇਵਾਰਾਮ, ਗੁਨਕਾਰੀ, ਲਾਲ ਦਾਸ, ਉੱਤਮ, ਨਿਰੀਕਾਰ, ਜਹਾਂਗੀਰੀ, ਕਾਸਮ, ਬਨਵਾਰੀ, ਭਗਵਾਨ ਤੇ ਦਰਸ਼ਨ ਆਦਿ ਦਾ ਨਾਂ ਵਰਣਨਯੋਗ ਹੈ। ਇਸ ਤੋਂ ਇਹ ਵੀ ਜ਼ਾਹਿਰ ਹੈ ਕਿ ਭਾਈ ਸਹਿਜ ਰਾਮ ਕੇਵਲ ਕਲਮ ਵਾਹੁਣ ਵਾਲੇ ਹੀ ਨਹੀਂ ਸਨ, ਸਗੋਂ ਉਨ੍ਹਾਂ ਚੰਗੇ ਕਵੀਆਂ ਦਾ ਕਲਾਮ ਖ਼ੂਬ ਪੜ੍ਹਿਆ ਵੀ ਹੋਇਆ ਸੀ।

•

ਆਲਮ ਦੀ ਰਾਗਮਾਲਾ ਬਾਰੇ ਚਰਚਾ

[*ਨੋਟ :* ਇਹ ਲੇਖ ਸਿੱਖ ਮਿਸ਼ਨਰੀ ਕਾਲਜ ਵਿਚ ਅਧਿਆਪਨ ਕਾਰਜ ਸਮੇਂ ਲਿਖਿਆ ਗਿਆ ਤੇ *ਸੰਤ ਸਿਪਾਹੀ* ਰਸਾਲੇ ਵਿੱਚੋਂ ਲਿਆ ਗਿਆ ਹੈ। ਲੇਖਕ ਦੀ ਆਪਣੀ ਰਾਇ ਹੈ, ਹਰ ਪਾਠਕ ਦੀ ਸਹਿਮਤੀ ਜ਼ਰੂਰੀ ਨਹੀਂ।]

ਜਿਸ ਤਰ੍ਹਾਂ ਸਾਡੇ ਪੰਜਾਬੀ ਸਾਹਿੱਤ ਵਿਚ ਕਿੱਸਾਕਾਰਾਂ ਨੇ ਸੋਹਣੀ ਮਹੀਂਵਾਲ ਤੇ ਮਿਰਜ਼ਾ ਸਾਹਿਬਾਂ ਦੀਆਂ ਪ੍ਰੇਮ-ਕਹਾਣੀਆਂ ਸਵਾਦ ਲਾ ਲਾ ਬਿਆਨ ਕੀਤੀਆਂ ਹਨ, ਇਸੇ ਤਰ੍ਹਾਂ ਪੁਰਾਣੇ ਹਿੰਦੁਸਤਾਨੀ ਸਾਹਿੱਤ ਵਿਚ ਮਾਧਵਾ-ਨਲ ਤੇ ਕਾਮ-ਕੰਦਲਾ ਦੀ ਕਹਾਣੀ ਕਈ ਕਵੀਆਂ ਦੀ ਲਿਖੀ ਮਿਲਦੀ ਹੈ। ਕਾਮ-ਕੰਦਲਾ ਸੰਬੰਧੀ ਪੁਰਾਣੇ ਸਾਹਿੱਤ ਦੇ ਵਿਸ਼ੇਸ਼ ਖੋਜੀ ਪ੍ਰੋਫ਼ੈਸਰ ਐਮ.ਆਰ. ਮਜੂਮਦਾਰ ਇਕ ਚਿੱਠੀ ਰਾਹੀਂ ਸਾਨੂੰ ਦੱਸਦੇ ਹਨ ਕਿ ਸਭ ਤੋਂ ਪਹਿਲਾਂ ਗਿਆਰ੍ਹਵੀਂ ਸਦੀ ਵਿਚ ਪੰਡਿਤ ਅਨੰਤ ਧਰ ਨੇ 'ਮਾਧਵਾਨਲਾ ਖਿਆਰ' ਨਾਮੀ ਨਸਰ ਤੇ ਨਜ਼ਮ ਮਿਲੀ। ਸੰਸਕ੍ਰਿਤ ਪੁਸਤਕ ਲਿਖੀ। ਵਿਚ ਵਿਚ ਪ੍ਰਾਕ੍ਰਿਤ ਦੀਆਂ ਪਹੇਲੀਆਂ ਵੀ ਹਨ। ਕਵੀ ਨੇ ਕਹਾਣੀ ਨੂੰ ਮਾਮੂਲੀ ਨਾਟਕੀ ਰੂਪ ਵਿਚ ਪੇਸ਼ ਕਰਨ ਦਾ ਜਤਨ ਕੀਤਾ ਹੈ। ਇਸ ਤੋਂ ਪਿੱਛੋਂ ਗੁਜਰਾਤੀ ਕਵੀ ਨੇ, ਜੋ ਕਿ ਆਮੋਦ, ਜ਼ਿਲ੍ਹਾ ਬੜੋਚ (ਗੁਜਰਾਤ) ਦਾ ਵਸਨੀਕ ਸੀ, 1584 ਬਿਕ੍ਰਮੀ ਵਿਚ *ਮਾਧਵਾ-ਨਲ ਕਾਮ ਕੰਦਲਾ ਪ੍ਰਬੋਧ* ਸੁੰਦਰ ਮਹਾਂਕਾਵਿ ਲਿਖਿਆ। ਇਸ ਦੇ ਅੱਠ ਅੰਗ (ਅਧਯਾ) ਤੇ 2565 ਛੰਦ ਹਨ। ਸਾਹਿੱਤਕ ਨੁਕਤਾ ਨਿਗਾਹ ਤੋਂ ਇਹ ਪੁਸਤਕ ਰਸਕ ਵਿਦਵਾਨਾਂ ਦੇ ਪੜ੍ਹਨ ਯੋਗ ਹੈ। ਇਸ ਤੋਂ ਪਿੱਛੋਂ 1616 ਬਿ: ਵਿਚ 'ਕੋਸ਼ਲ ਲਾਭਵਾਚਕ' ਰਚਿਤ *ਮਾਧਵਾ-ਨਲ ਕਾਮ ਕੰਦਲਾ ਚੌਪਈ* ਸਾਨੂੰ ਮਿਲਦੀ ਹੈ। ਇਹ ਦੋਵੇਂ ਪੁਸਤਕਾਂ ਪੱਛਮੀ ਰਾਜਸਥਾਨੀ ਭਾਸ਼ਾ ਵਿਚ ਹਨ ਤੇ ਇਨ੍ਹਾਂ ਵਿਚ ਪ੍ਰਾਕ੍ਰਿਤ ਦਾ ਕਾਫ਼ੀ ਅਸਰ ਨਜ਼ਰੀਂ ਪੈਂਦਾ ਹੈ। ਇਸੇ ਕਹਾਣੀ ਨੂੰ ਸੰਸਕ੍ਰਿਤ ਰਚਨਾ ਤੇ ਪ੍ਰਾਕ੍ਰਿਤ ਪੁਸਤਕਾਂ ਦੇ ਆਧਾਰ 'ਤੇ ਅਕਬਰ ਦੇ ਸਮਕਾਲੀ ਕਵੀ ਆਲਮ[1] ਨੇ 1640 ਬਿਕ੍ਰਮੀ ਵਿਚ *ਮਾਧਵਾ-ਨਲ ਕਥਾ* ਨਾਮ ਦੀ ਪੁਸਤਕ ਹਿੰਦੀ ਭਾਸ਼ਾ ਵਿਚ ਲਿਖੀ। ਇਸ ਦੇ 353 ਛੰਦ ਹਨ। ਜ਼ਿਆਦਾਤਰ ਚੌਪਈ ਛੰਦ ਵਰਤਿਆ ਗਿਆ ਹੈ। ਇਹ ਕਹਾਣੀ

---

1. ਪਾਠਕਾਂ ਦੀ ਦਿਲਚਸਪੀ ਲਈ ਇਹ ਦੱਸਣਾ ਗ਼ੈਰ-ਜ਼ਰੂਰੀ ਨਹੀਂ ਹੋਵੇਗਾ ਕਿ ਆਲਮ ਤੋਂ ਬਾਦ 1737 ਬਿ: ਵਿਚ ਦਮੋਦਰ ਕਵੀ ਨੇ *ਮਾਧਮ ਕਥਾ* ਨਾਮ ਦੀ ਹੋਰ ਪੁਸਤਕ ਲਿਖੀ। ਦਸਮੇਸ਼ ਜੀ ਨੇ ਵੀ ਇਸੇ ਕਹਾਣੀ ਨੂੰ 1755 ਬਿ: ਵਿਚ 'ਚਰਿਤ੍ਰ ਪਖਯਾਨ' ਦੇ 91ਵੇਂ ਚਰਿੱਤਰ ਵਿਚ ਦਰਜ ਕੀਤਾ ਹੈ। 1830-37 ਬਿ: ਦੇ ਦਰਮਿਆਨ ਦੀ ਲਿਖੀ ਇਕ *ਮਾਧਵ ਕਥਾ* ਬੁਧ ਸਿੰਘ ਕਵੀ ਦੀ ਦੱਸੀ ਜਾਂਦੀ ਹੈ। ਪੰਜਾਬੀ ਵਿਚ *ਬੈਤਾਲ ਪਚੀਸੀ* ਵਿਚ ਵੀ ਇਹ ਕਹਾਣੀ ਲਿਖੀ ਮਿਲਦੀ ਹੈ।

ਚੂੰਕਿ ਪਹਿਲੇ ਪਹਿਲ ਗੁਜਰਾਤ ਵਿਚ ਕਾਫ਼ੀ ਪ੍ਰਸਿੱਧ ਹੋ ਚੁੱਕੀ ਸੀ, ਇਸੇ ਲਈ ਅਕਬਰ ਦੇ ਗੁਜਰਾਤ ਨੂੰ ਫ਼ਤਹਿ ਕਰਨ ਤੋਂ ਬਾਦ ਛੇਤੀ ਹੀ ਇਸ ਕਹਾਣੀ ਦਾ ਹਿੰਦੀ ਭਾਸ਼ਾ 'ਚੋਂ ਉਲਥਾ ਕਰਵਾਇਆ ਗਿਆ। ਇਸ ਦਾ ਇਸ਼ਾਰਾ ਆਲਮ ਨੇ ਪੁਸਤਕ ਦੇ ਆਰੰਭ ਵਿਚ ਦਿੱਤਾ ਹੈ। ਪ੍ਰੋ. ਮਜੂਮਦਾਰ ਇਸ ਸੰਬੰਧੀ ਲਿਖਦੇ ਹਨ :

> This story appears to have been popular mostly in Western India, only very a late period it came to be adopted in Marathi. The version of the story in Hindi by a 'Muslim Poet Alam' styled Madva Nal Katha was composed in Hijri Samat 991 (1640 Bi:-1584 A.D.) only a decade after Akbar's conquest of Gujrat at the express desire of Raja Todar Mal for the pleasure of Emperor Akbar.

ਇਸੇ ਖ਼ਿਆਲ ਨੂੰ *ਮਿਸ਼ਰ ਬੰਧੂ ਬਿਨੋਦ* ਵਿਚ ਮਿਸ਼ਰ ਭਾਈਆਂ—ਪੰਡਿਤ ਰਾਮ ਚੰਦਰ ਸ਼ੁਕਲ ਤੇ ਗੰਗਾ ਪ੍ਰਸਾਦ—ਆਦਿ ਨੇ ਮੰਨਿਆ ਹੈ। ਡਾਕਟਰ ਹੀਰਾ ਲਾਲ ਬੀ.ਏ. ਦੇ ਕਥਨ ਤੋਂ ਵੀ ਇਸੇ ਗੱਲ ਦੀ ਪੁਸ਼ਟੀ ਹੁੰਦੀ ਹੈ। ਇਹ ਸਾਰਾ ਵਿਚਾਰ ਵਿਦਵਾਨਾਂ ਨੇ ਕਿਸੇ ਇਤਿਹਾਸਕ ਸ੍ਰੋਤ ਦੇ ਆਧਾਰ 'ਤੇ ਹੀ ਨਹੀਂ ਅਪਣਾਇਆ, ਬਲਕਿ ਪੁਸਤਕ ਦੀ ਅੰਦਰਲੀ ਗਵਾਹੀ 'ਤੇ ਨਿਰਭਰ ਹੈ। ਆਲਮ ਵੀ ਆਪ ਲਿਖਦਾ ਹੈ :

ਚੌਪਈ
ਜਗਪਤ ਰਾਜ ਕੋਟ ਜੁਗ ਕੀਜੈ,
ਸ਼ਾਹ ਜਲਾਲ ਛਤਰ ਪਤ ਜੀਜੈ।
ਦਿੱਲੀ ਪਤ ਅਕਬਰ ਸੁਲਤਾਨਾ।
ਸਪਤ ਦੀਪ ਮਹਿ ਜਾਕੀ ਆਨਾ।
ਧਰਮ ਰਾਜ ਸਭ ਦੇਸ਼ ਚਲਾਵਾ।
ਹਿੰਦੂ ਤੁਰਕ ਪੰਥ ਸਭ ਲਾਵਾ।
ਆਗੈ ਨੈਬ ਮਹਾ ਮਤ ਮੰਤ੍ਰੀ।
ਨ੍ਰਿਪ ਰਾਜ ਟੋਡਰ ਮਲ ਛਤ੍ਰੀ।...
ਦੇਸ਼ ਦੇਸ਼ ਕੇ ਭੂਪਤ ਆਵਹਿ।
ਦੁਆਰੇ ਭੀਰ ਵਾਰ ਨਹ ਪਾਵਹਿ।...
ਸਨ ਨੌ ਸੌ ਇਕ ਆਵਨ ਆਹੀ।
ਕਰੋ ਕਥਾ ਅਬ ਬੋਲੋ ਤਾਹੀ।...
'ਕ੍ਛੁ ਅਪਨੀ ਕਛ ਪ੍ਰਾਕ੍ਰਿਤ ਚੋਰੋ।
ਯਥਾ ਸ਼ਕਤ ਕਰ ਅਛਰ ਜੋਰੋ।'...

ਇਸ ਤੋਂ ਅੱਗੇ ਪੁਸਤਕ ਦੀ ਕਹਾਣੀ ਸੰਖੇਪ ਇਉਂ ਚੱਲਦੀ ਹੈ ਕਿ ਇਕ ਮਾਧਵਾਨਲ ਨਾਮੀ ਗਵੱਈਆ ਪੁਸ਼ਪਾਵਤੀ ਨਗਰੀ ਵਿਚ ਰਹਿੰਦਾ ਸੀ। ਤਮਾਮ ਸ਼ਹਿਰੀ ਸੁੰਦਰੀਆਂ ਇਸ 'ਤੇ ਮੋਹਿਤ ਹੋ ਗਈਆਂ। ਰਾਜੇ ਨੇ ਮਾਧਵ ਨੂੰ ਦੇਸ਼-ਨਿਕਾਲਾ ਦੇ ਦਿੱਤਾ। ਇਹ ਕਾਮ ਸੈਨ ਰਾਜੇ ਦੀ ਕਾਮਾਵਤੀ ਨਗਰੀ ਵਿਚ ਪੁੱਜਿਆ, ਜਿਥੇ

ਕਾਮ ਕੰਦਲਾ ਨਾਮੀ ਨਾਚੀ ਰਾਜ ਦਰਬਾਰ ਵਿਚ ਨਾਚ ਕਰ ਰਹੀ ਸੀ। ਇਥੇ ਆ ਕੇ ਆਲਮ ਕਵੀ ਨੇ ਮੌਕਾ ਤਾੜ ਕੇ ਆਪਣਾ ਰਾਗ-ਗਿਆਨ ਦੱਸਣ ਲਈ ਕਾਮ ਕੰਦਲਾ ਤੋਂ ਹਨੂਮੰਤ ਮਤ ਮੁਤਾਬਿਕ ਸਾਰੀ 'ਰਾਗ ਪ੍ਰਣਾਲੀ' ਗਾਇਨ ਕਰਵਾਈ ਹੈ। ਸਾਹਿੱਤਕ ਨੁਕਤਾ ਨਿਗਾਹ ਤੋਂ ਕਾਵਯ ਦੀ ਨਾਇਕਾ ਦਾ ਰਾਗ ਤੇ ਨਿਰਤ-ਪ੍ਰਬੀਨ ਹੋਣਾ ਜ਼ਰੂਰੀ ਹੈ। ਸੋ ਕਵੀ ਨੇ ਦੋ ਗੱਲਾਂ ਨੂੰ ਖ਼ੂਬ ਨਿਬਾਹਿਆ ਹੈ। ਪਹਿਲੇ ਬਹੁਤ ਸਾਰੇ ਸਾਜ਼ਾਂ ਦੇ ਵੱਜਣ ਦਾ ਨਕਸ਼ਾ ਖਿਚਿਆ ਹੈ, ਫਿਰ ਰਾਗ ਗਾਇਨ ਆਰੰਭ ਹੁੰਦਾ ਹੈ। ਕਵੀ ਦੇ ਸ਼ਬਦਾਂ ਵਿੱਚੋਂ ਹੀ ਸੁਣੋ :

ਚੌਪਈ
ਬੀਨ ਉਪੰਗ ਬੰਸਰੀ ਬਾਜੇ।
ਢਾਡੀ ਜੰਤ੍ਰ ਅੰਮ੍ਰਿਤੀ ਸਾਜੈ।
ਸੁਰ ਮੰਡਲ ਵਾਜੈ ਘਨ ਤੰਤੀ।
ਰੁਦਰ ਬੀਨ ਸਾਰੰਗ ਬਹੁ ਭੰਤੀ।
ਉਝਲ ਤਾਲ ਕੰਠ ਤਾਲ ਬਜਾਵੈ।
ਅਗਨ ਤਾਲ ਤਰੰਗ ਉਪਜਾਵੈ।
ਜਲ ਤਰੰਗ ਅੰਮ੍ਰਿਤ ਕੁੰਡਲੀ।
ਕੁੰਭਰ ਬਾਜੈ ਮਿਲ ਧੁਨ ਭਲੀ।

ਦੋਹਰਾ
ਬਾਜੈ ਸਰਬ ਸੰਗੀਤ ਗਤ ਤੰਤ ਅਤੰਤ ਘਨ ਤਾਲ।
ਬਹੁਰ ਅਲਾਪੈ ਕਾਰ ਖਟ ਪੰਚ ਪੰਚ ਸੰਗ ਬਾਲ॥੩੩॥

ਚੌਪਈ—"ਪ੍ਰਿਥਮ ਰਾਗ ਭੈਰਉਵੈ ਕਰਈ। ਪਾਚੁਹਂ ਕਾਮਨੀ ਉਚਰਹੀ।" ਇਸ ਤੋਂ ਅੱਗੇ ਸਾਰੀ ਰਾਗਮਾਲਾ ਹੈ। ਇਹ ਰਾਗਾਂ ਦੀ ਮਾਲਾ ਨੂੰ ਇਸ ਪੁਸਤਕ ਵਿੱਚੋਂ ਪੜ੍ਹ ਕੇ ਕਿਸੇ ਰਾਗ ਦੇ ਸ਼ੌਕੀਨ ਨੇ ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਦਿੱਤਾ ਹੈ। ਯਾਦ ਰਹੇ ਕਿ ਬੀੜ ਦੀ ਰਚਨਾ [2]1648 ਬਿ: ਦੇ ਲਾਗੇ-ਚਾਗੇ ਸਿਰੇ ਚਾੜ੍ਹੀ

2. ਅਸਲ ਆਦਿ ਬੀੜ ਜੋ ਗੁਰੂ ਅਰਜਨ ਦੇਵ ਜੀ ਨੇ ਲਿਖਵਾਈ ਕਿਤੋਂ ਪ੍ਰਾਪਤ ਨਹੀਂ ਹੁੰਦੀ, ਉਸ ਦੀਆਂ ਕੇਵਲ ਨਕਲਾਂ ਮਿਲਦੀਆਂ ਹਨ। ਇਤਿਹਾਸ ਸਭ ਤੋਂ ਪਹਿਲੀ ਨਕਲ 'ਭਾਈ ਬੰਨੋ ਦੀ ਬੀੜ' ਨੂੰ ਦੱਸਦਾ ਹੈ, ਜਿਸ ਦਾ ਸੰਮਤ 1649 ਬਿ: ਹੈ, ਇਸੇ ਸੰਮਤ ਦੀ ਲਿਖੀ ਬੋਹਤ ਵਾਲੀ ਬੀੜ ਹੈ। ਸੋ ਜਾਪਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ 1649 ਬਿ: ਦੇ ਲਾਗੇ ਚਾਗੇ ਹੀ ਆਦਿ ਬੀੜ ਲਿਖਵਾਈ ਹੋਵੇਗੀ, ਜਿਸ ਤੋਂ ਅੱਗੇ ਭਾਈ ਬੰਨੋ ਜੀ ਨੇ ਨਕਲ ਕੀਤੀ।

ਭਾਈ ਗੁਲਾਬ ਸਿੰਘ ਜੀ *ਗੁਰਪ੍ਰਨਾਲਕਾ* ਵਿਚ ਆਦਿ ਬੀੜ ਦਾ ਰਚਨਾ ਸੰਮਤ 1653 ਬਿਕ੍ਰਮੀ ਦੱਸਦੇ ਹਨ। ਸ: ਕੇਸਰ ਸਿੰਘ ਛਿੱਬਰ *ਬੰਸਾਵਲੀਨਾਮੇ* ਵਿਚ 1658 ਬਿ: ਲਿਖਦੇ ਹਨ ਤੇ ਆਮ ਇਤਿਹਾਸਕਾਰ ਭਾਈ ਸੰਤੋਖ ਸਿੰਘ ਤੇ ਗਿਆਨੀ ਗਿਆਨ ਸਿੰਘ ਆਦਿ 1661 ਬਿ: ਦੱਸਦੇ ਹਨ। ਇਹ ਸਭ ਨਕਲਾਂ ਕਰਨ ਦੇ ਸੰਮਤ ਹੀ ਜਾਪਦੇ ਹਨ; ਅਸਲ ਆਦਿ ਬੀੜ ਦਾ ਸੰਮਤ 1649 ਬਿ: ਤੋਂ ਅੱਗੇ ਦਾ ਹੀ ਹੋ ਸਕਦਾ ਹੈ। 1661 ਬਿ: ਵਿਚ ਨਕਲ ਹੋਈ ਬੀੜ 'ਆਦਿ' ਕਹਿਣਾ ਦਰੁਸਤ ਨਹੀਂ ਜਾਪਦਾ। ਕਰਤਾਰਪੁਰੀ ਸੋਢੀਆਂ ਨੇ ਆਪਣੀ ਬੀੜ ਨੂੰ ਹੀ 'ਆਦਿ ਬੀੜ' ਦੱਸ ਕੇ ਪੂਜਾ ਦਾ ਕੇਂਦਰ ਬਣਾਇਆ, ਇਸੇ ਤੋਂ 1661 ਸੰਮਤ ਪ੍ਰਚਲਿਤ ਹੋ ਗਿਆ। ਵੈਸੇ ਕਰਤਾਰਪੁਰ ਸੋਢੀਆਂ ਪਾਸ ਵੀ ਇਕ ਤੋਂ ਵਧੀਕ ਲਿਖਤੀ ਬੀੜਾਂ ਹਨ। ਜੋ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨੇ ਵੇਖੀ ☛

ਗਈ ਸੀ, ਪਰੰਤੂ ਇਹ ਰਾਗਮਾਲਾ 1640 ਬਿ: ਵਿਚ ਹੀ ਰਚੀ ਜਾ ਚੁੱਕੀ ਸੀ। ਵਰਤਮਾਨ ਖੋਜੀਆਂ ਦੀ ਇਹ ਰਾਇ ਤੇ ਪੁਸਤਕ ਦੀ ਅੰਦਰਲੀ ਗਵਾਹੀ ਦੇ ਬਾਵਜੂਦ ਪ੍ਰਿੰਸੀਪਲ ਜੋਧ ਸਿੰਘ ਵਰਗੇ ਵਿਦਵਾਨ ਦਾ ਇਹ ਲਿਖਣਾ ਕਿ "ਰਾਗਮਾਲਾ ਆਲਮ ਕਵੀ ਨੇ ਅਕਬਰ ਵੇਲੇ ਲਿਖੀ, ਉੱਕੀ ਨਿਰਮੂਲ ਹੈ।" ਇਹ ਖ਼ਿਆਲ ਬਿਲਕੁਲ ਬੇ-ਬੁਨਿਆਦ ਤੇ ਨਿਰਮੂਲ ਜਾਪਦਾ ਹੈ।

ਉਹ ਕਹਿੰਦੇ ਹਨ ਕਿ ਅਕਬਰ ਦੇ ਸਮੇਂ ਜੋਧ ਕਵੀ ਨੇ *ਮਾਧਵਾਨਲ ਕਾਮ ਕੰਦਲਾ* ਕੋਈ ਪੁਸਤਕ ਲਿਖੀ ਸੀ। ਆਲਮ ਉਸ ਸਮੇਂ ਕੋਈ ਨਹੀਂ ਹੋਇਆ। ਇਹ ਆਲਮ ਦਸਮੇਸ਼ ਜੀ ਦੇ ਸਮੇਂ ਹੋਇਆ ਹੈ। ਇਸ ਨੇ ਉਸ ਸੰਸਕ੍ਰਿਤ ਪੋਥੀ ਦਾ ਹਿੰਦੀ ਅਨੁਵਾਦ ਕੀਤਾ ਤੇ ਰਾਗਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਚੁਰਾ ਕੇ ਆਪਣੀ ਕਿਤਾਬ ਵਿਚ ਰੱਖ ਲਈ, ਕਿਉਂਕਿ ਆਲਮ ਗੁਰੂ ਦਰਬਾਰ ਵਿਚ ਰਹਿਣ ਕਰਕੇ ਸਿੱਖ ਸਾਹਿੱਤ ਤੋਂ ਚੰਗਾ ਵਾਕਿਫ਼ ਸੀ। ਜੋ ਪੁਸਤਕ ਵਿਚ 991 ਹਿ: ਸੰਮਤ ਪਾਇਆ ਜਾਂਦਾ ਹੈ, ਇਹ ਗ਼ਲਤੀ ਨਾਲ ਉਸ ਨੇ ਅਸਲ ਸੰਮਤ ਦਾ ਹੀ ਅਨੁਵਾਦ ਕਰ ਦਿੱਤਾ ਹੈ। ਵੈਸੇ ਹਿੰਦੀ ਪੁਸਤਕ ਜੋ ਆਲਮ ਨੇ ਲਿਖੀ, ਉਸ ਦਾ 'ਰਚਨਾ ਸਾਲ' ਪ੍ਰਿੰਸੀਪਲ ਜੀ ਦੇ ਕਥਨ ਅਨੁਸਾਰ 1774 ਬਿ: ਬਣਦਾ ਹੈ। ਇਸ ਪੁਸ਼ਟੀ ਲਈ ਉਨ੍ਹਾਂ ਇਕ ਦੋਹਰਾ ਵੀ ਦਿੱਤਾ ਹੈ:

ਦੋਹਰਾ
ਬੇਦੁ ਦੀਪੁ ਮੁਨਿ ਇੰਦੁ ਧਰ, ਸਵਿਤਾ ਜੁਵਤ ਗਤਾਨ।
ਹੰਸ ਵਾਰ, ਥਿਤ ਅਸ਼ਟਮੀ, ਸ਼ਾਕਾ ਬਿਕ੍ਰਮ ਜਾਨ।

ਹੁਣ ਅਸੀਂ ਇਸ 'ਤੇ ਵਿਚਾਰ ਕਰਨੀ ਚਾਹੁੰਦੇ ਹਾਂ। ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਇਹ ਸਭ ਕੁਝ ਪ੍ਰਿੰਸੀਪਲ ਸਾਹਿਬ ਜੀ ਨੇ ਗਿਆਨੀ ਸਾਹਿਬ ਸਿੰਘ ਜੀ ਦੀ ਲਿਖੀ *ਰਾਗਮਾਲਾ ਪ੍ਰਬੋਧ* ਦੇ ਆਧਾਰ 'ਤੇ ਲਿਖਿਆ ਹੈ। ਇਸ ਗੱਲ ਨੂੰ ਉਨ੍ਹਾਂ ਆਪਣੇ ਲੇਖਾਂ ਵਿਚ ਮੰਨਿਆ ਵੀ ਹੈ। ਪਹਿਲੀ ਗੱਲ, ਉਪਰ ਜੋ ਦੋਹਰਾ ਦਿੱਤਾ ਹੈ, ਇਸ ਤੋਂ 1774 ਬਿ: ਰਚਨਾ ਸੰਮਤ ਕੱਢਿਆ ਜਾਂਦਾ ਹੈ। ਇਹ ਦੋਹਰਾ ਪੁਰਾਣੇ ਕਿਸੇ ਲਿਖਤੀ ਖਰੜੇ ਵਿਚ ਨਹੀਂ ਮਿਲਦਾ। ਹਿੰਦੀ ਦੇ ਦੋ ਲਿਖਤੀ ਖਰੜੇ ਮਿਲੇ ਹਨ। ਇਕ 'ਨਾਗਰੀ ਪ੍ਰਚਾਰਨੀ ਸਭਾ ਬਨਾਰਸ' ਪਾਸ ਹੈ ਅਤੇ ਇਕ ਬੀਕਾਨੇਰ ਦੀ 'ਫ਼ੋਰਟ ਲਾਇਬ੍ਰੇਰੀ' ਵਿਚ ਹੈ। ਇਨ੍ਹਾਂ ਦੋਹਾਂ ਵਿਚ ਇਹ ਦੋਹਰਾ ਨਹੀਂ। ਗੁਰਮੁਖੀ ਅੱਖਰਾਂ ਵਿਚ ਲਿਖੀ ਇਕ ਹੱਥ ਲਿਖੀ ਕਾਪੀ 'ਗੁਰੂ ਰਾਮਦਾਸ ਲਾਇਬ੍ਰੇਰੀ' ਅੰਮ੍ਰਿਤਸਰ ਵਿਚ ਹੈ। ਇਨ੍ਹਾਂ ਦੋਹਾਂ ਵਿਚ ਵੀ ਇਹ ਦੋਹਰਾ ਨਹੀਂ। ਅਸ਼ੋਕ ਜੀ ਨੇ ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ ਦੇ ਖਰੜੇ ਵੇਖੇ ਹਨ, ਉਨ੍ਹਾਂ ਵਿਚ ਵੀ ਇਹ ਦੋਹਰਾ ਨਹੀਂ। ਪ੍ਰਿੰਸੀਪਲ ਸਾਹਿਬ ਇਹ ਦੋਹਰਾ ਕਿਥੋਂ ਦੇ ਰਹੇ ਹਨ ? ਇਹ ਮੈਂ ਨਹੀਂ ਜਾਣਦਾ। ਜੇਕਰ ਇਹ ਕਿਸੇ ਪੋਥੀ ਦੇ ਅੰਤ ਵਿਚ ਹੋਵੇਗਾ ਵੀ, ਤਾਂ ਇਹ ਉਸ ਖਰੜੇ ਦੇ ਨਕਲ ਕਰਨ ਦਾ ਸੰਮਤ ਹੋ

☛ ਸੀ, ਉਹ ਹੋਰ ਸੀ। ਜੋ ਹੁਣੇ ਧਾਰਮਿਕ ਸਲਾਹਕਾਰ ਕਮੇਟੀ ਨੇ ਵੇਖੀ ਹੈ, ਉਹ ਹੋਰ ਹੈ। ਦਸਮੇਸ਼ ਜੀ ਦੀ ਲਿਖਾਈ ਤੇ ਬਾਬਾ ਦੀਪ ਸਿੰਘ ਜੀ ਦੀ ਹੱਥ ਲਿਖੀ ਮੁਸਤਨਦ ਬੀੜ ਦਮਦਮੇ ਸਾਹਿਬ ਤੋਂ ਮਿਲ ਗਈ ਹੈ, ਜੋ ਕਿ ਬਿਨਾਂ ਰਾਗਮਾਲਾ ਤੋਂ ਹੈ ਤੇ ਤਰਤੀਬ ਐਨ ਛਪੀਆਂ ਬੀੜਾਂ ਵਾਲੀ ਹੈ।

ਸਕਦਾ ਹੈ, ਰਚਨਾ ਦਾ ਨਹੀਂ, ਕਿਉਂਕਿ ਰਚਨਾ ਦਾ ਸੰਮਤ 1640 ਬਿ: ਪੁਸਤਕ ਦੇ ਆਰੰਭ ਵਿਚ ਸਾਫ਼ ਦਿੱਤਾ ਗਿਆ ਹੈ, ਪਰੰਤੂ ਇਸ ਅਸਲ 'ਰਚਨਾ ਸੰਮਤ' ਨੂੰ ਰਾਗ ਮਾਲੀਏ ਜੋਧ ਕਵੀ ਦੀ ਹੋਂਦ ਦਾ ਢਕਵੰਜ ਖੜਾ ਕਰ ਕੇ ਇਹ ਕਹਿੰਦੇ ਹਨ ਕਿ ਇਹ ਜੋਧ ਦੀ ਸੰਸਕ੍ਰਿਤ ਪੁਸਤਕ ਦਾ ਸੰਮਤ ਹੈ, ਜੋ ਆਲਮ ਨੇ ਗ਼ਲਤੀ ਨਾਲ ਵਿਚੇ ਅਨੁਵਾਦ ਕਰ ਦਿੱਤਾ ਹੈ। ਮੈਂ ਰਾਗਮਾਲਾ ਮੰਡਨੀ ਵੀਰਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਕੋਈ ਜੋਧ ਕਵੀ ਹੋਇਆ ਵੀ ਹੈ, ਜਿਸ ਨੇ ਅਕਬਰ ਸਮੇਂ ਸੰਸਕ੍ਰਿਤ ਵਿਚ 'ਮਾਧਵਾਨਲ ਕਥਾ' ਲਿਖੀ ਹੋਵੇ ? ਅਸਲੀਅਤ ਇਹ ਹੈ ਕਿ ਪੁਰਾਣੇ ਸੰਸਕ੍ਰਿਤ ਕਵੀਆਂ ਦੀ ਲਿਸਟ ਵਿਚ ਅਕਬਰ ਸਮੇਂ ਤਾਂ ਕੀ, ਕਿਸੇ ਸਮੇਂ ਵੀ ਸੰਸਕ੍ਰਿਤ ਦੇ ਜੋਧ ਕਵੀ ਦਾ ਕੋਈ ਜ਼ਿਕਰ ਨਹੀਂ ਆਉਂਦਾ। ਪੁਸ਼ਟੀ ਲਈ *ਸੰਸਕ੍ਰਿਤ ਕਵਿਤਾ ਕੌਮ ਦੀ, ਸੰਸਕ੍ਰਿਤ ਕਵੀਓਂ ਕਾ ਇਤਿਹਾਸ* ਤੇ *History of Sanskrit Literature* ਆਦਿਕ ਪੁਸਤਕਾਂ ਵੇਖੀਆਂ ਜਾ ਸਕਦੀਆਂ ਹਨ। ਪ੍ਰੋ. ਮਜੂਮਦਾਰ ਨੇ ਲੇਖਕ ਨੂੰ ਪੱਤ੍ਰਕਾ ਰਾਹੀਂ ਦੱਸਿਆ ਹੈ ਕਿ ਜੋਧ ਕਵੀ ਦੀ ਲਿਖਤ *ਮਾਧਵ ਕਥਾ* ਕਿਤੇ ਪੁਰਾਣੇ ਖਰੜਿਆਂ ਦੇ ਜ਼ਿਕਰ ਵਿਚ ਨਹੀਂ ਆਈ, ਨਾ ਹੀ ਜੋਧ ਕਵੀ ਮੈਂ ਕੋਈ ਹੋਇਆ ਸੁਣਿਆ ਹੈ। ਰਾਗਮਾਲੀਏ ਵੀਰ ਦੱਸਣ, ਕੀ ਉਸ ਦੀ ਸੰਸਕ੍ਰਿਤ *ਮਾਧਵ ਕਥਾ* ਛਪੀ ਜਾਂ ਅਣਛਪੀ ਸੂਰਤ ਵਿਚ ਕਿਤੇ ਦੇਖੀ ਜਾ ਸਕਦੀ ਹੈ ?

ਰਾਗਮਾਲੀਏ ਭਾਈ ਜੋਧ ਕਵੀ ਦੇ ਕੁਝ ਸੰਸਕ੍ਰਿਤ ਸ਼ਲੋਕ ਵੀ ਪੇਸ਼ ਕਰਦੇ ਹਨ, ਜੋ ਕਿ ਆਲਮ ਦੀ ਹਿੰਦੀ ਕਵਿਤਾ ਨਾਲ ਮਿਲਦੇ-ਜੁਲਦੇ ਹਨ। ਅਸਲ ਗੱਲ ਇਹ ਹੈ ਕਿ ਇਹ ਸ਼ਲੋਕ ਕਿਸੇ ਨਿਰਮਲੇ ਪੰਡਿਤ ਦੀ ਘਾੜਤ ਹਨ, ਜਿਸ ਨਾਲ ਰਾਗਮਾਲਾ ਨੂੰ ਬਾਣੀ ਬਣਾਉਣ ਦਾ ਜਤਨ ਕੀਤਾ ਗਿਆ ਹੈ। ਪੁਰਾਣੀਆਂ ਸੰਸਕ੍ਰਿਤ ਲਿਖਤਾਂ ਵਿਚ ਆਮ ਰਿਵਾਜ ਹੈ ਕਿ ਕੋਈ ਸੰਮਤ ਦੇਣ ਲੱਗਿਆਂ ਪੁੱਠੇ ਅੰਕ ਦਿੱਤੇ ਜਾਂਦੇ ਹਨ, ਪਰੰਤੂ ਇਥੇ 'ਸੰਨ ਨੌ ਸੈ ਇਕਿਆਵਨ ਆਹੀ' ਦਾ ਅਨੁਵਾਦ ਕਰਦਿਆਂ ਬਨਾਉਟੀ ਸੰਸਕ੍ਰਿਤ ਕਵੀ ਨੇ ਸਿੱਧਾ ਹੀ ਸੰਮਤ ਲਿਖ ਧਰਿਆ ਹੈ। ਖ਼ੈਰ ਰਾਗਮਾਲੀਏ ਭਾਈਆਂ ਤੋਂ ਅਸੀਂ ਪੁੱਛਦੇ ਹਾਂ ਕਿ ਕੀ ਉਹ ਹੋਰ ਸ਼ਲੋਕ ਜੋਧ ਕਵੀ ਦੀ ਰਚਨਾ ਦਿਖਾ ਸਕਦੇ ਹਨ ? ਜਾਂ ਕੇਵਲ ਇਹੋ ਹੀ ਗਿਆਨੀ ਸਾਹਿਬ ਸਿੰਘ ਦੀ ਖੋਜ ਵਾਲੇ ਪੰਜ ਸਤ ਸ਼ਲੋਕ ਬਾਕੀ ਰਹਿ ਗਏ ਹਨ ? ਇਹ ਮੁਲੰਮਾਂ ਸਦਾ ਕਾਇਮ ਨਹੀਂ ਰਹਿ ਸਕਦਾ, ਅਸਲੀਅਤ ਵਿਦਵਾਨਾਂ ਦੇ ਸਾਹਮਣੇ ਹੈ। ਰਾਗਮਾਲਾ ਮੰਡਨੀ ਜੋਧ ਕਵੀ ਦੀ ਪੁਸਤਕ ਬਾਬਤ ਹੋਰ ਕੁਝ ਨਹੀਂ ਜਾਣਦੇ। ਸਿਰਫ਼ ਇਤਨਾ 'ਵਿਸ਼ੇਸ਼ ਗਿਆਨ' ਜ਼ਰੂਰ ਰੱਖਦੇ ਹਨ ਕਿ ਉਸ ਸੰਸਕ੍ਰਿਤ ਕਿਤਾਬ ਵਿਚ 'ਰਾਗਮਾਲਾ' ਨਹੀਂ ਸੀ। ਰਾਗਮਾਲਾ ਆਲਮ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਹੀ ਲਈ। ਇਹੋ ਉਨ੍ਹਾਂ ਦੀ ਕਪੋਲ ਕਲਪਣਾ ਵਾਲੀ ਖੋਜ ਸਾਰਾ ਪਾਜ ਖੋਲ੍ਹ ਦੇਂਦੀ ਹੈ। ਅਸਲ ਗੱਲ ਇਹ ਹੈ ਕਿ ਅਕਬਰ ਦੇ ਸਮਕਾਲੀ ਕਵੀ ਆਲਮ ਨੇ ਅਨੰਦ ਧਰ ਦੀ ਸੰਸਕ੍ਰਿਤ ਪੁਸਤਕ ਜੋ ਕਿ ਗਿਆਰ੍ਹਵੀਂ ਸਦੀ (ਸ਼ਾਇਦ ਚੌਧਵੀਂ ਸਦੀ) ਵਿਚ ਲਿਖੀ ਗਈ ਤੇ ਗਣਪਤੀ ਆਦਿਕ ਦੀਆਂ ਪ੍ਰਾਕ੍ਰਿਤਕ ਰਚਨਾਵਾਂ ਦੇ ਆਧਾਰ 'ਤੇ ਆਪਣੀ ਹਿੰਦੀ *ਮਾਧਵਾ-ਨਲ ਕਥਾ* ਲਿਖੀ। ਨਾ ਕੋਈ ਜੋਧ ਕਵੀ

ਹੋਇਆ ਹੈ, ਨਾ ਕੋਈ ਉਸ ਦੀ ਰਚਨਾ ਹੈ। ਜੇਕਰ ਕੁਝ ਚਿਰ ਲਈ ਮੰਨ ਵੀ ਲਿਆ ਜਾਵੇ ਕਿ 'ਸ਼ਿਵ ਸਿੰਘ ਸਰੋਜ' ਦੇ ਅਨੁਸਾਰ ਜਿਸ ਦੇ ਸੰਮਤ ਅਮੂਮਨ ਗ਼ਲਤ ਹਨ, ਆਲਮ ਦਾ ਜਨਮ 1712 ਬਿ: ਵਿਚ ਹੋਇਆ ਤੇ ਪ੍ਰਿੰਸੀਪਲ ਜੀ ਦੇ ਦਿੱਤੇ ਦੋਹਰੇ ਅਨੁਸਾਰ 1774 ਬਿ: ਵਿਚ ਇਹ ਕਥਾ ਉਸ ਲਿਖੀ (ਭਾਵੇਂ ਇਹ ਗ਼ਲਤ ਸਿੱਧ ਹੋ ਚੁੱਕਿਆ ਹੈ)। ਇਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਆਲਮ ਨੇ 62 ਸਾਲ ਦੀ ਉਮਰ ਵਿਚ ਬੁਢਾਪੇ ਸਮੇਂ ਇਕ ਵੇਸਵਾ ਦੀ ਕਹਾਣੀ ਨੂੰ ਲਿਖਣਾ ਪਸੰਦ ਕੀਤਾ। ਫਿਰ ਉਸ ਆਲਮ ਨੇ, ਜੋ ਗੁਰੂ ਦੇ ਦਰਬਾਰ ਵਿਚ ਵੀ ਕਾਫ਼ੀ ਚਿਰ ਰਹਿ ਚੁੱਕਾ ਸੀ, ਮਾਨਸਿਕ ਦ੍ਰਿਸ਼ਟੀਕੋਣ ਤੋਂ ਇਹ ਕਿਸੇ ਤਰ੍ਹਾਂ ਦਰੁਸਤ ਨਹੀਂ ਜਾਪਦਾ। ਚੂੰਕਿ ਅਜਿਹੇ 'ਪ੍ਰੀਤ ਕਿੱਸੇ' ਜਵਾਨੀ ਦੇ ਉਛਾਲਾਂ ਵਿਚ ਹੀ ਲਿਖੇ ਜਾਂਦੇ ਹਨ। ਦੂਸਰੇ ਜੇਕਰ ਇਸੇ ਆਲਮ ਨੇ ਹੀ ਇਹ 'ਮਾਧਵ ਕਥਾ' ਲਿਖੀ ਹੁੰਦੀ, ਤਾਂ ਇਸ ਵਿਚ ਕਵੀ ਦਸਮੇਸ਼ ਜੀ ਦਾ ਜਾਂ ਬਹਾਦਰ ਸ਼ਾਹ ਦਾ ਜ਼ਿਕਰ ਜ਼ਰੂਰ ਕਰਦਾ। ਮਗਰ ਕਵੀ ਇਥੇ ਅਕਬਰ ਦੇ ਹੀ ਗੁਣ ਗਾਉਂਦਾ ਹੈ ਜਾਂ ਟੋਡਰ ਮਲ ਦੀ ਪ੍ਰਸੰਸਾ ਕਰਦਾ ਹੈ। ਇਹ ਤਾਂ ਮੰਨਿਆ ਜਾ ਸਕਦਾ ਹੈ ਕਿ ਦਸਮੇਸ਼ ਜੀ ਦੇ ਸਮੇਂ ਵੀ ਕੋਈ ਦੂਜਾ ਆਲਮ ਕਵੀ ਹੋਇਆ ਹੋਵੇ, ਪਰੰਤੂ ਇਹ ਨਿਸਚਿਤ ਹੈ ਕਿ *ਮਾਧਵਾਨਲ ਕਥਾ* ਹਿੰਦੀ ਦਾ ਲਿਖਾਰੀ ਅਕਬਰ ਸਮੇਂ ਹੀ ਹੋਇਆ ਹੈ, ਜਿਸ ਨੇ ਆਪਣੀ ਪੁਸਤਕ ਵਿਚ ਰਾਗਮਾਲਾ ਵਾਲੀ ਰਚਨਾ ਕੀਤੀ ਤੇ ਜਿਸ ਨੂੰ ਕਿਸੇ ਸੱਜਣ ਨੇ 'ਰਾਗਮਾਲਾ' ਸਿਰਲੇਖ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ ਜਾ ਚਾੜ੍ਹਿਆ। ਮੁਮਕਿਨ ਹੈ, ਹੋਰ ਫ਼ਾਲਤੂ ਰਚਨਾਵਾਂ 'ਰਤਨਮਾਲਾ' ਆਦਿਕ ਵਾਂਗ ਭਾਈ ਬੰਨੋ ਨੇ ਹੀ ਰਾਗਮਾਲਾ ਚੜ੍ਹਵਾਈ ਹੋਵੇ, ਕਿਉਂਕਿ ਬੰਨੋ ਵਾਲੀ ਬੀੜ ਵਿਚ ਰਾਗਮਾਲਾ ਸਾਰੀਆਂ ਫ਼ਾਲਤੂ ਰਚਨਾਵਾਂ ਦੇ ਅਖ਼ੀਰ 'ਤੇ ਮਿਲਦੀ ਹੈ। ਜੇਕਰ ਰਾਗਮਾਲਾ ਗੁਰੂ ਅਰਜਨ ਦੇਵ ਜੀ ਨੇ ਹੀ ਲਿਖਵਾਈ ਹੁੰਦੀ ਤਾਂ ਜ਼ਰੂਰੀ ਸੀ ਕਿ ਭਾਈ ਬੰਨੋ ਵਾਲੀ ਬੀੜ ਵਿਚ ਮੁੰਦਾਵਣੀ ਤੋਂ ਅੱਗੇ ਲਿਖੀ ਹੁੰਦੀ, ਕਿਉਂਕਿ ਭਾਈ ਬੰਨੋ ਨੇ ਭਾਈ ਗੁਰਦਾਸ ਦੀ ਲਿਖੀ ਬਾਣੀ ਦਾ ਸਾਰਾ ਉਤਾਰਾ ਕਰਾ ਕੇ ਹੀ ਆਪਣੇ ਵੱਲੋਂ ਮਿਲਦੇ ਸ਼ਬਦ ਲਿਖਵਾਏ ਸਨ, ਪਰੰਤੂ ਭਾਈ ਬੰਨੋ ਦੀ ਬੀੜ ਵਿਚ ਰਾਗਮਾਲਾ ਸਭ ਬਾਣੀਆਂ ਦੇ ਅੰਤ 'ਤੇ ਹੈ। ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਰਾਗਮਾਲਾ ਸ਼ਾਇਦ ਭਾਈ ਬੰਨੋ ਨੇ ਹੀ ਕਿਸੇ ਸੱਜਣ ਤੋਂ ਸੁਣ ਸੁਣਾ ਕੇ ਲਿਖਵਾਈ ਹੋਵੇ। ਵੈਸੇ ਇਹ ਗੱਲ ਅਜੇ ਖੋਜ ਦੀ ਮੁਥਾਜ ਹੈ ਕਿ ਰਾਗਮਾਲਾ ਕਿਸ ਨੇ ਅਤੇ ਕਦੋਂ ਚਾੜ੍ਹੀ ? ਮੁਮਕਿਨ ਹੈ ਕਿ ਭਾਈ ਬੰਨੋ ਵਾਲੀ ਬੀੜ 'ਤੇ ਵੀ ਕਿਸੇ ਹੋਰ ਨੇ ਬਾਦ ਵਿਚ ਚੜ੍ਹਾਈ ਹੋਵੇ। ਇਥੋਂ ਇਹ ਜ਼ਰੂਰ ਸਪੱਸ਼ਟ ਹੋ ਜਾਂਦਾ ਹੈ ਕਿ ਭਾਈ ਬੰਨੋ ਨੇ ਜਿਸ ਬੀੜ ਦੀ ਨਕਲ ਕੀਤੀ ਸੀ, ਉਸ 'ਤੇ ਰਾਗਮਾਲਾ ਨਹੀਂ ਸੀ। ਅਸੀਂ ਇਥੇ ਅਜਿਹੇ ਹੋਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਸਮਝਦੇ ਹਾਂ, ਜਿਨ੍ਹਾਂ ਵਿਚ ਰਾਗਮਾਲਾ ਉੱਕੀ ਨਹੀਂ ਹੈ। ਪ੍ਰਾਚੀਨ ਬੀੜਾਂ ਦੇ ਖੋਜੀ ਸ: ਜੀ.ਬੀ. ਸਿੰਘ ਦੱਸਦੇ ਹਨ ਕਿ ਬੁਰਹਾਨਪੁਰ ਵਿਚ ਉਨ੍ਹਾਂ ਆਪ ਇਕ ਬੀੜ ਰਾਗਮਾਲਾ ਤੋਂ ਬਿਨਾਂ ਵੇਖੀ ਹੈ। ਅਜਿਹੀਆਂ ਬੀੜਾਂ ਵੀ ਉਨ੍ਹਾਂ ਤੱਕੀਆਂ ਹਨ, ਜਿਨ੍ਹਾਂ ਵਿਚ ਰਾਗਮਾਲਾ 'ਸਿਆਹੀ ਕੀ

ਬਿਧ' ਤੋਂ ਵੀ ਬਾਦ ਲਿਖੀ ਹੈ। (*ਪ੍ਰਾਚੀਨ ਬੀੜਾਂ*, ਪੰਨਾ 385)। ਹੋਰ ਵੀ ਕਾਫ਼ੀ ਬੀੜਾਂ ਬਿਨਾਂ ਰਾਗਮਾਲਾ ਤੋਂ, ਜਿਵੇਂ ਕਿ ਤਰਨ ਤਾਰਨ ਝੰਡੇ ਬੁੰਗੇ ਵਿਚ, ਗੋਦਲਾਂ ਵਾਲਾ (ਗੁਜਰਾਂਵਾਲਾ), ਕਾਨਗੜ੍ਹ, ਬੁਰਜ ਬਾਬਾ ਆਲਾ ਸਿੰਘ ਪਟਿਆਲਾ, ਪਿੰਡ ਢੋਡੇ (ਪਟਿਆਲਾ), ਗਊ ਘਾਟ ਪਟਨਾ ਸਾਹਿਬ ਆਦਿਕ ਵਿਚ ਪਈਆਂ ਮਿਲਦੀਆਂ ਹਨ। ਬਾਬਾ ਦੀਪ ਸਿੰਘ ਜੀ ਲਿਖਤ ਦੋ ਬੀੜਾਂ ਬਿਨਾਂ ਰਾਗਮਾਲਾ ਤੋਂ ਦਮਦਮੇ ਸਾਹਿਬ ਪਈਆਂ ਮਿਲਦੀਆਂ ਹਨ। ਇਨ੍ਹਾਂ ਹੱਥ ਲਿਖਤੀ ਬੀੜਾਂ ਤੋਂ ਬਿਨਾਂ ਗੁਰਮਤਿ ਪ੍ਰੈੱਸ, ਅੰਮ੍ਰਿਤਸਰ ਤੇ ਬੰਬਈ ਵਿਚ ਛਪੀਆਂ ਬੀੜਾਂ ਵੀ ਬਿਨਾਂ ਰਾਗਮਾਲਾ ਤੋਂ ਦੱਸੀਆਂ ਜਾਂਦੀਆਂ ਹਨ। ਰਾਗਮਾਲਾ ਮੰਡਨੀ ਸੱਜਣ ਇਸ ਦਾ ਉੱਤਰ ਦੇਣੋਂ ਅਸਮਰੱਥ ਰਹੇ ਹਨ ਕਿ ਇਹ ਬੀੜਾਂ ਕਿਉਂ ਬਿਨਾਂ ਰਾਗਮਾਲਾ ਤੋਂ ਰਹਿ ਗਈਆਂ। ਇਥੋਂ ਤਕ ਸੀ ਰਾਗਮਾਲਾ ਦੀ ਇਤਿਹਾਸਕ ਬਹਿਸ।

ਹੁਣ ਅਸੀਂ ਰਾਗਮਾਲਾ ਦੀ ਅੰਦਰਲੀ ਗਵਾਹੀ ਸਾਹਮਣੇ ਲਿਆਉਣਾ ਚਾਹੁੰਦੇ ਹਾਂ, ਜਿਸ ਤੋਂ ਪਤਾ ਲੱਗ ਸਕੇ ਕਿ ਇਹ ਕਿਸ ਥਾਂ ਦੀ ਤੇ ਕਿਸ ਮਜ਼ਮੂਨ ਨਾਲ ਪ੍ਰੋਤੀ ਰਚਨਾ ਹੈ। ਸਭ ਤੋਂ ਪਹਿਲੇ ਇਸ ਰਾਗਮਾਲਾ ਵਿਚ ਆਏ ਪੜਨਾਂਵ ਹੀ ਦੱਸਦੇ ਹਨ ਕਿ ਇਨ੍ਹਾਂ ਦਾ ਨਾਂਵ ਪਹਿਲੇ ਕਿਤੇ ਰਚਨਾ ਵਿਚ ਆ ਚੁੱਕਾ ਹੈ, ਜੋ ਕਿ ਆਲਮ ਦੀ *ਮਾਧਵਾਨਲ ਕਥਾ* ਪੜ੍ਹਿਆਂ ਸਾਫ਼ ਜ਼ਾਹਿਰ ਹੋ ਜਾਂਦਾ ਹੈ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਰਾਗਮਾਲਾ ਨੂੰ ਜੇਕਰ 'ਸੁਤੰਤਰ ਰਚਨਾ' ਮੰਨਿਆ ਜਾਵੇ ਤਾਂ ਇਨ੍ਹਾਂ ਪੜਨਾਵਾਂ ਦਾ ਇਸ਼ਾਰਾ ਕੋਈ ਸਮਝ ਵਿਚ ਨਹੀਂ ਆਉਂਦਾ। ਭਾਈ ਵੀਰ ਸਿੰਘ ਜੀ ਦੱਸਦੇ ਹਨ ਕਿ ਤੀਸਰੇ ਪਾਤਸ਼ਾਹ ਨੇ ਅਨੰਦੁ ਸਾਹਿਬ ਵਿਚ "ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ"[3] ਜੋ ਕਿਹਾ ਹੈ ਕਿ ਇਸ ਰਾਗਮਾਲਾ ਵਿਚ ਉਨ੍ਹਾਂ 'ਰਾਗ ਪਰੀਆ' ਵੱਲ ਇਸ਼ਾਰਾ ਹੈ। ਮੈਨੂੰ ਤਾਂ ਇਸ ਵਿਆਕਰਣ ਜੋੜ ਦੀ ਕੋਈ ਸਮਝ ਨਹੀਂ ਆਈ ਕਿ ਤੀਸਰੇ ਗੁਰੂ ਦੀ ਕਿਸੇ ਰਚਨਾ ਵਿਚ ਵਰਤੇ ਨਾਂਵ ਦੀ ਥਾਂ ਪੰਜਵੇਂ ਗੁਰੂ ਨੇ ਆਪਣੀ ਬਾਣੀ ਵਿਚ ਪੜਨਾਂਵ ਵਰਤਿਆ ਹੋਵੇ। ਜੇਕਰ ਭਾਈ ਸਾਹਿਬ ਦੀ ਬਜ਼ੁਰਗੀ ਕਰਕੇ ਇਹ ਗੱਲ ਮੰਨ ਵੀ ਲਈ ਜਾਵੇ ਕਿ 'ਵੈ', 'ਉਨ' ਆਦਿ ਪੜਨਾਂਵ 'ਰਾਗ ਪਰੀਆ' ਨਾਂਵ ਦੀ ਥਾਂ ਆਏ ਹਨ, ਤਾਂ ਸਵਾਲ ਉਠਦਾ ਹੈ ਕਿ "ਪ੍ਰਥਮ ਰਾਗ ਭੈਰਉ ਵੈ ਕਰਹੀ" ਦਾ ਅਰਥ ਕੀ ਇਹ ਬਣੇਗਾ ? ਕਿ 'ਵੈ' ਉਨ੍ਹਾਂ (ਰਾਗਾਂ) ਨੇ ਪਹਿਲੋਂ ਭੈਰਉ ਨੂੰ ਗਾਵਿਆ ? ਯਾਨੀ ਰਾਗਾਂ ਨੇ ਰਾਗਾਂ ਨੂੰ ਹੀ ਗਾਵਿਆ ? ਇਸ ਗੁੰਝਲ ਦਾ ਹੱਲ ਭਾਈ ਸਾਹਿਬ ਹੀ ਜਾਣ ਸਕਦੇ ਹਨ।

ਇਸ ਤੋਂ ਅੱਗੇ ਹੇਠ ਲਿਖੀਆਂ ਸਤਰਾਂ ਵਿਚ ਆਈਆਂ ਕਿਰਿਆਵਾਂ ਪਾਠਕਾਂ ਦੇ ਧਿਆਨਯੋਗ ਹਨ :

ਪ੍ਰਥਮ ਰਾਗ ਭੈਰਉ ਵੈ 'ਕਰਹੀ'॥
ਪੰਚਮ ਹਰਖ ਦਿਸਾਖ 'ਸੁਨਾਵਹਿ'॥
ਦੁਤੀਆ ਮਾਲਕਉਸਕ 'ਆਲਾਪਹਿ'॥
ਉਠਹਿ ਤਾਨ ਕਲੋਲ 'ਗਾਇਨ' ਤਾਰ ਮਿਲਾਵਹੀ॥

3. ਰਾਮਕਲੀ ਮ: ੩ ਅਨੰਦੁ, ਪੰਨਾ 917.

ਸਭ ਮਿਲਿ ਸਿਰੀਰਾਗ 'ਵੈ ਗਾਵਹਿ'॥
ਤਿਹ ਪਾਛੈ ਸਿੰਧਵੀ 'ਅਲਾਪੀ'॥
'ਊਚੈ ਸੁਰਿ ਸੂਹਉ ਪੁਨਿ ਕੀਨੀ'॥
ਖਸਟ ਰਾਗ 'ਉਨਿ ਗਾਏ' ਸੰਗਿ ਰਾਗਨੀ ਤੀਸ॥

ਇਨ੍ਹਾਂ ਕਿਰਿਆਵਾਂ ਤੋਂ ਸਾਫ਼ ਪ੍ਰਗਟ ਹੋ ਰਿਹਾ ਹੈ ਕਿ ਕੋਈ ਭੈਰਉ ਛੇੜ ਰਿਹਾ ਹੈ, ਦਿਸਾਖ ਕਿਸੇ ਨੂੰ ਸੁਣਾ ਰਿਹਾ ਹੈ, ਮਾਲਕੌਸ ਅਲਾਪ ਰਿਹਾ ਹੈ ਤੇ ਤਾਰ ਮਿਲਾ ਕੇ ਗਾਇਨ ਕਰ ਰਿਹਾ ਹੈ, ਸੂਹੀ ਰਾਗ ਨੂੰ ਉੱਚੀ ਸੁਰ ਨਾਲ ਸ਼ੁਰੂ ਕਰ ਰਿਹਾ ਹੈ, ਆਦਿਕ। ਇਹ ਸਭ ਕੁਝ ਕੌਣ ਕਰ ਰਿਹਾ ਹੈ ? ਜੇਕਰ ਗੁਰੂ ਅਰਜਨ ਦੇਵ ਜੀ ਨੇ ਇਹ ਕੇਵਲ ਰਾਗਾਂ ਦੀ ਹੀ ਲਿਸਟ ਦਿੱਤੀ ਹੈ ਤਾਂ ਇਸ ਵਿਚ ਉੱਚੀ ਉੱਚੀ ਤਾਰ ਮਿਲਾ ਮਿਲਾ ਕੇ ਅਲਾਪਣ ਗਾਉਣ ਦਾ ਕੀ ਮਤਲਬ ਹੈ ? ਪ੍ਰਿੰਸੀਪਲ ਜੋਧ ਸਿੰਘ ਜੀ 25 ਅਗਸਤ ਦੇ *ਖ਼ਾਲਸਾ ਐਡਵੋਕੇਟ* ਵਿਚ ਲਿਖਦੇ ਹਨ : "ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗਾਂ ਵਿਚ ਲਿਖਿਆ ਹੈ, ਜ਼ਰੂਰੀ ਸੀ ਕਿ ਦੱਸਿਆ ਜਾਂਦਾ ਕਿ ਰਾਗ ਕਿਹੜੇ ਮਤ ਅਨੁਸਾਰ ਗਾਵਣੇ ਠੀਕ ਹਨ।" ਡਾਟਕਰ ਜੀ ਤਾਂ ਇਸ ਸਿੱਟੇ 'ਤੇ ਪੁੱਜੇ ਹਨ ਕਿ ਗੁਰੂ ਸੰਗੀਤ ਮਤ ਅਗਲੇ ਮਤਾਂ ਨਾਲੋਂ ਅੱਡਰਾ ਹੈ। ਇਸ ਲਈ ਉਨ੍ਹਾਂ ਆਪਣੀ ਰਾਗਮਾਲਾ ਰਚ ਕੇ ਪ੍ਰਗਟ ਕੀਤਾ ਹੈ। ਕੀ ਇਸ ਰਾਗਮਾਲਾ ਤੋਂ 'ਕਿਹੜੇ ਮਤ ਅਨੁਸਾਰ ਗਾਵਣੇ ਠੀਕ ਹਨ' ਦਾ ਪਤਾ ਲੱਗਦਾ ਹੈ ? ਕੋਈ ਸਿਆਣਾ ਦੱਸੇ ਕਿ ਕਿਹੜੇ ਰਾਗ ਦੀਆਂ ਸੁਰਾਂ ਜਾਂ ਕਿਸ ਦੇਸ਼ ਕਾਲ ਬਾਬਤ ਇਸ ਵਿਚ ਵਿਚਾਰ ਕੀਤੀ ਗਈ ਹੈ ? ਦੂਸਰੀ ਗੱਲ ਇਹ ਹੈ ਕਿ ਜੇਕਰ ਠੀਕ ਗਾਵਣ ਲਈ ਹੀ ਗੁਰੂ ਜੀ ਨੇ ਆਪਣਾ ਪ੍ਰਵਾਨ ਮਤ ਲਿਖਿਆ ਹੈ ਤਾਂ ਸਤਿਗੁਰੂ ਜੀ ਨੇ ਆਪਣੀ ਪੁਸਤਕ ਸ੍ਰੀ ਰਾਗ ਤੋਂ ਕਿਉਂ ਸ਼ੁਰੂ ਕੀਤੀ ? ਭੈਰਉ ਵਿਚਾਰੇ ਨੂੰ ਕਿਉਂ ਪੰਜੀਵੀਂ ਥਾਂ ਦਿੱਤੀ ਗਈ ? ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਰਾਗਾਂ ਨੂੰ ਗੁਰੂ ਜੀ ਨੇ ਆਪਣੀ ਲਿਸਟ ਵਿਚ ਕਿਉਂ ਨਾ ਦਰਜ ਕੀਤਾ ? ਤੇ ਜੋ ਨਹੀਂ ਵਰਤੇ, ਉਹ ਕਿਉਂ ਦਰਜ ਕੀਤੇ ਹਨ ? ਪਾਠਕਾਂ ਨੂੰ ਯਾਦ ਰਹੇ ਕਿ ਰਾਗਮਾਲਾ ਵਿਚ ਨੌਂ ਰਾਗਾਂ ਦਾ ਜ਼ਿਕਰ ਨਹੀਂ, ਜੋ ਗੁਰਬਾਣੀ ਵਿਚ ਵਰਤੇ ਗਏ ਹਨ। ਅਸਲ ਗੱਲ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਜ਼ਮੂਨ ਸੱਚਾਈ ਜਾਂ ਰੂਹਾਨੀ ਗਿਆਨ ਹੈ, ਸੰਗੀਤ ਨਹੀਂ। ਇਹ ਕੇਵਲ ਕੋਰੀ ਕਲਪਨਾ ਹੀ ਹੈ।

ਇਸ ਤੋਂ ਅੱਗੇ ਬੀੜ ਵਿਚ ਚਾੜ੍ਹੀ ਰਾਗਮਾਲਾ ਦੀਆਂ ਅਸ਼ੁੱਧੀਆਂ ਵੀ ਦੱਸਦੀਆਂ ਹਨ ਕਿ ਕਿਸੇ ਸੱਜਣ ਨੇ ਇਹ ਰਚਨਾ ਸੁਣੀ-ਸੁਣਾਈ ਜ਼ਬਾਨੀ ਤੇ ਕਾਹਲੀ ਨਾਲ ਲਿਖੀ ਹੈ। 'ਬੰਗਾਲਾ' ਨੂੰ 'ਬੰਗਾਲਮ', 'ਕਾਲੇਖੀ' ਨੂੰ 'ਕਾਛੇਲੀ', 'ਕਾਲਿੰਗਨ' ਨੂੰ 'ਕਾਲੰਕਾ', 'ਕਲਿਆਣਾ' ਨੂੰ 'ਕਲਾਣਾ', 'ਸਿੰਧਰੀ' ਨੂੰ 'ਸੰਦੂਰ', 'ਸੁਹਵੀ' ਨੂੰ 'ਸੂਹਉ', 'ਬਰਬਲ' ਨੂੰ 'ਪ੍ਰਬਲ', 'ਮਾਲਵ' ਨੂੰ 'ਸਾਲੂ', 'ਕੁੰਕਨੀ' ਨੂੰ 'ਗੁਨਗੁਨੀ', 'ਕੌਖਟ' ਨੂੰ 'ਖੌਖਟ' ਤੇ 'ਜਲੰਧਰ' ਨੂੰ 'ਜਬਲੀਧਰ' ਕਰਕੇ ਲਿਖਿਆ ਹੈ। ਇਹ ਸ਼ੁੱਧ ਸ਼ਬਦ ਆਲਮ ਦੀ *ਮਾਧਵ ਕਥਾ* ਵਿੱਚੋਂ ਲਏ ਹਨ। ਕਈ ਥਾਈਂ ਤੁਕਾਂ ਹੀ ਗ਼ਲਤ ਹਨ। ਮਿਸਾਲ ਦੇ ਤੌਰ 'ਤੇ—'ਮਾਲ ਕੌਂਸ ਰਾਗ ਸੰਗ ਲਾਈ' ਨੂੰ ਰਾਗਮਾਲਾ ਵਿਚ 'ਮਾਲ ਰਾਗ ਕੌਂਸਕ ਸੰਗ ਲਾਈ' ਤੇ 'ਕਵਲ ਕੁਸਮ ਪੰਚਨ ਕੇ ਨਾਮਾ' ਨੂੰ 'ਕਵਲ ਕੁਸਮ ਚੰਪਕ ਕੇ ਨਾਮਾ'

ਲਿਖਿਆ ਹੈ। ਇਹ ਅਸ਼ੁੱਧੀਆਂ ਇਸ ਗੱਲ ਦੀਆਂ ਸੂਚਕ ਹਨ ਕਿ ਗੁਰੂ ਜੀ ਨੇ ਇਹ ਨਹੀਂ ਲਿਖੀ, ਸਗੋਂ ਕਿਸੇ ਸੱਜਣ ਨੇ ਸੁਣੀ-ਸੁਣਾਈ ਲਿਖੀ ਹੈ।

ਰਾਗਮਾਲਾ ਵਿਚ ਇਕ ਤੁਕ ਆਈ ਹੈ "ਅਸਟ ਪੁਤ੍ਰ ਭੈਰਵ ਕੇ ਗਾਵਹਿ ਗਾਇਨ ਪਾਤ੍ਰ"[4] ਇਥੇ 'ਪਾਤ੍ਰ' ਸ਼ਬਦ ਦਾ ਅਰਥ ਵੇਸ਼ਵਾ ਹੈ ਯਾਨੀ 'ਕਾਮ ਕੰਦਲਾ'। ਪ੍ਰਿੰਸੀਪਲ ਜੋਧ ਸਿੰਘ ਜੀ ਨੇ ਕਾਫ਼ੀ ਖਿਚੋਤਾਣ ਕਰਦਿਆਂ ਲਿਖਿਆ ਹੈ ਕਿ 'ਪਾਤ੍ਰ' ਦੇ ਅਰਥ ਵੇਸ਼ਵਾ ਨਹੀਂ ਹੁੰਦੇ, ਪਰੰਤੂ ਅਸੀਂ ਹੇਠਾਂ ਕੁਝ *ਮਾਧਵ ਕਥਾਵਾਂ* ਵਿਚ ਹੀ ਕਾਮ ਕੰਦਲਾ ਲਈ ਵਰਤਿਆ ਇਹ ਸ਼ਬਦ ਦਿਖਾਉਂਦੇ ਹਾਂ :

ਦੋਹਰਾ

ਨਿਰਤ ਕਰਹਿ ਨਵਲੀ ਗਤਇ, ਕਾਮ ਕੰਦਲਾ 'ਪਾਤਰ'।

('ਮਾਧਵਾ-ਨਲ ਕਾਮ ਕੰਦਲਾ ਪ੍ਰਬੋਧ', ਕ੍ਰਿਤ ਗਨਪਤ, ਛੰਦ 35, ਅੰਗ 5)

ਮਾਧਵ ਵਾਟਇ ਪੂਛਊ, ਕਿਣ ਨਗਰੀਐ ਪਾਤਰ,
ਕਾਮ ਸੈਨ ਕਾਮਾ ਵਤੀ, ਕਾਮ ਕੰਦਲਾ 'ਪਾਤਰ' *(ਛੰਦ 236)*

ਰਾਜਾ ਘਰ ਅਵਸਰ ਘਣੋ ਨਾਚਇ 'ਪਾਤਰ' ਅਪਾਰ। *(ਛੰਦ 237)*

ਤਿਣਿ ਨਗਰ 'ਪਾਤਰ' ਘਣੀ ਰੂਪ ਵਤੀ ਸੋ ਵੀਚਾਰ।

('ਮਾਧਵਾਨਲ ਕਥਾ' ਕ੍ਰਿਤ ਦਮੋਦਰ, 238)

ਆਲਮ ਨੇ ਵੀ ਹੋਰ ਕਈ ਥਾਂ 'ਪਾਤਰ' ਸ਼ਬਦ ਕੰਚਨੀ ਦੇ ਅਰਥਾਂ ਵਿਚ ਵਰਤਿਆ ਹੈ, ਜਿਵੇਂ : 'ਫੁਨ ਮਿਲ ਸਕਲ ਏਕ ਸੁਰ ਕੀਨੇ, ਰੰਗ ਭੂਮੀ 'ਪਾਤਰ' ਪਗ ਦੀਨੇ'। 'ਪਾਤਰ ਦੋਸ਼ ਨ ਚਾਹੇ'। ਆਦਿਕ।

ਖ਼ੈਰ! ਇਹ ਸਪੱਸ਼ਟ ਹੋ ਗਿਆ ਕਿ ਰਾਗਮਾਲਾ ਕੰਚਨੀ ਗਾਇਨ ਕਰ ਰਹੀ ਹੈ ਤੇ ਆਲਮ ਉਸ ਦਾ ਮੂਲ ਲੇਖਕ ਹੈ। ਜੋ ਲੋਕ ਇਸ ਨੂੰ ਗੁਰੂ ਅਰਜਨ ਕ੍ਰਿਤ ਦੱਸਦੇ ਹਨ, ਉਹ ਇਹ ਨਹੀਂ ਦੱਸ ਸਕਦੇ ਕਿ ਇਸ 'ਤੇ ਮਹਲਾ ਪੰਜਵਾਂ ਕਿਉਂ ਨਹੀਂ ਲਿਖਿਆ ਗਿਆ ਤੇ ਇਸ ਸਾਰੀ ਰਚਨਾ ਵਿਚ 'ਨਾਨਕ' ਨਾਮ ਕਿਉਂ ਨਹੀਂ ਪਾਇਆ, ਜੋ ਕਿ ਹੋਰ ਸਾਰੀਆਂ ਬਾਣੀਆਂ ਵਿਚ ਪਾਇਆ ਜਾਂਦਾ ਹੈ ? ਫਿਰ ਇਸ ਦੀ ਬੋਲੀ ਤੇ ਸ਼ੈਲੀ ਵੀ ਗੁਰੂ ਅਰਜਨ ਸਾਹਿਬ ਦੀ ਸਾਦਗੀ ਤੇ ਸਪੱਸ਼ਟਤਾ ਨਾਲ ਨਹੀਂ ਰਲਦੀ। ਜਿਥੇ ਆਲਮ "ਅਸਟ ਪੁਤ੍ਰ ਮੈ ਕਹੇ ਸਵਾਰੀ"[5] ਕਹਿੰਦਾ ਹੈ ਕਿ ਮੈਂ (ਗਰਬ ਨਾਲ) ਸਵਾਰ ਕੇ ਲਿਖ ਰਿਹਾ ਹਾਂ, ਉਥੇ ਅਜਿਹਾ ਲਿਖਣ ਢੰਗ ਗੁਰੂ ਅਰਜਨ ਦੇਵ ਜੀ ਦਾ ਕਿਤੇ ਨਹੀਂ ਦਿਸ ਆਉਂਦਾ। ਫਿਰ ਰਾਗਮਾਲਾ ਦੇ ਛੰਦਾਂ ਦੇ ਅੰਕ ਵੀ ਇਸ ਦਾ ਪਾਜ ਖੋਲ੍ਹ ਦੇਂਦੇ ਹਨ, ਕਿਉਂਕਿ ਸਾਰੀ ਰਾਗਮਾਲਾ ਵਿਚ ਇਕ, ਦੋ, ਤਿੰਨ ਦੀ ਥਾਂ ਭੁੱਲੜ ਲਿਖਾਰੀ ਨੇ ਬਾਰਾਂ ਵੇਰ 'ਏਕਾ' ਹੀ ਵਰਤਿਆ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਰਾਗਮਾਲਾ ਚਾੜ੍ਹਨ ਵਾਲਾ ਸੱਜਣ ਪੁਸਤਕ ਦੇ ਛੰਦ ਅੰਕ ਦੇਣੋਂ ਸ਼ਰਮਾ ਕੇ ਦੂਜੇ ਸਹੀ ਅੰਗ ਦੇਣੇ ਵੀ ਭੁੱਲ ਗਿਆ ਹੈ। ਕੀ ਇਕੱਲੇ ਏਕਿਆਂ ਨਾਲ ਵੀ ਕੋਈ ਗਿਣਤੀ ਹੋ ਸਕਦੀ ਹੈ ?

---

4. ਰਾਗਮਾਲਾ, ਪੰਨਾ 1430.
5. *ਉਹੀ*।

ਕੀ ਕਿਤੇ ਹੋਰ ਗੁਰੂ ਅਰਜਨ ਦੇਵ ਜੀ ਨੇ ਅਜਿਹਾ ਢੰਗ ਵਰਤਿਆ ਹੈ ? ਕੁਝ ਲੋਕ ਇੱਕੋ ਕਲਮ ਤੇ ਇੱਕੋ ਸਿਆਹੀ ਦਾ ਵੀ ਵਾਵੇਲਾ ਕਰਦੇ ਹਨ ਕਿ ਭਾਈ ਗੁਰਦਾਸ ਨੇ ਸਾਰੀ ਬੀੜ ਇੱਕੋ ਕਲਮ ਨਾਲ ਲਿਖੀ ਹੈ, ਇਹ ਕਦੇ ਨਹੀਂ ਹੋ ਸਕਦਾ ਕਿ ਸਾਰੀ ਰਚਨਾ ਲਿਖਣ ਵਾਲਾ ਲਿਖਾਰੀ ਇੱਕੋ ਕਲਮ ਨਾਲ ਸਾਰ ਲਵੇ ਤੇ ਇੱਕੋ ਦਵਾਤ ਦੀ ਸਿਆਹੀ ਉਸ ਨੂੰ ਤੋੜ ਤਕ ਕੰਮ ਦੇਈ ਜਾਵੇ। ਇਹ ਸਭ ਬੇ-ਦਲੀਲੀ ਦੀ ਸੂਰਤ ਵਿਚ ਰਾਗਮਾਲੀਆਂ ਦਾ ਵਾਧੂ ਰਾਮ-ਰੌਲਾ ਸੀ। ਉਪਰੋਕਤ ਵਿਚਾਰ ਤੋਂ ਸਪੱਸ਼ਟ ਹੈ ਕਿ ਰਾਗਮਾਲਾ ਗੁਰੂ ਅਰਜਨ ਦੇਵ ਜੀ ਨੇ ਨਹੀਂ ਲਿਖੀ, ਸਗੋਂ ਆਲਮ ਦੀ ਰਚਨਾ ਵਿੱਚੋਂ ਆਈ ਫ਼ਾਲਤੂ ਬਾਣੀ ਹੈ। ਇਸ ਨੂੰ ਗੁਰਬਾਣੀ ਕਹਿਣਾ ਬਾਣੀ ਦੀ ਬੇਅਦਬੀ ਹੀ ਨਹੀਂ, ਬਲਕਿ ਸਿੱਖ ਧਰਮ ਨੂੰ ਵੀ ਭਾਰੀ ਸੱਟ ਮਾਰਨੀ ਹੈ। ਗੁਰਬਾਣੀ ਦੀ ਤਾਰੀਫ਼ ਤਾਂ ਗੁਰੂ ਜੀ ਨੇ ਸਾਫ਼ ਕਹੀ ਹੈ :

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥

(ਨਟ ਮਹਲਾ ੪, ਪੰਨਾ 982)

ਯਾਨੀ ਬਾਣੀ ਉਹ ਹੋ ਸਕਦੀ ਹੈ, ਜਿਸ ਵਿਚ ਸੱਚਾਈ, ਨਾਮ, ਅੰਮ੍ਰਿਤ ਹੋਵੇ। ਅਜਿਹੀ ਗੁਰਬਾਣੀ ਦਾ ਭੋਗ ਮੁੰਦਾਵਣੀ 'ਤੇ ਪਾ ਦਿੱਤਾ ਗਿਆ ਹੈ। ਸਮਾਪਤੀ ਦੀ ਮੋਹਰ ਲੱਗ ਜਾਣ ਬਾਅਦ ਕੋਈ ਵੀ ਰਚਨਾ ਚਾੜ੍ਹਨ ਲਈ ਅੱਗੇ ਗੁੰਜਾਇਸ਼ ਨਹੀਂ ਰਹਿ ਜਾਂਦੀ। ਭਾਈ ਵੀਰ ਸਿੰਘ ਜੀ ਨੇ ਸਾਰੇ ਸੰਪ੍ਰਦਾਈ ਅਰਥਾਂ ਦੇ ਵਿਰੁੱਧ ਇਸ ਮੁੰਦਾਵਣੀ ਦਾ 'ਬੁਝਾਰਤ' ਅਰਥ ਦੱਸ ਕੇ ਰਾਗਮਾਲਾ ਨੂੰ ਗੁਰਬਾਣੀ ਬਣਾਉਣ ਦਾ ਜਤਨ ਕੀਤਾ ਹੈ, ਜੋ ਕਿ ਬੁਨਿਆਦੀ ਤੌਰ 'ਤੇ ਗ਼ਲਤ ਹੈ। ਭਾਈ ਸਾਹਿਬ ਕਹਿੰਦੇ ਹਨ ਕਿ ਸੋਰਠਿ ਦੀ ਵਾਰ ਵਿਚ ਆਈ ਮੁਦਾਵਣੀ ਦਾ ਇਹ 'ਮੁੰਦਾਵਣੀ' ਉੱਤਰ ਹੈ। ਅਸਲ ਗੱਲ ਇਹ ਹੈ, ਨਾ ਉਥੇ ਕੋਈ 'ਮੁੰਦਾਵਣੀ' ਸਿਰਲੇਖ ਹੈ, ਨਾ 'ਮੁੰਦਾਵਣੀ' ਸ਼ਬਦ ਹੈ। ਉਥੇ ਤਾਂ ਟਿੱਪੀ ਬਿਨਾਂ 'ਮੁਦਾਵਣੀ' ਸ਼ਬਦ ਹੈ, ਜੋ ਕਿ ਮੁਦ (ਖ਼ੁਸ਼ੀ) ਧਾਤੂ ਤੋਂ ਬਣਿਆ ਹੈ, ਜਿਸ ਦਾ ਮਤਲਬ ਹੈ ਬਹਿਲਾਵੇ ਦੀ ਚੀਜ਼ ਯਾਨੀ ਬੁਝਾਰਤ। ਉਥੇ ਤੀਸਰੇ ਗੁਰੂ ਜੀ ਨੇ ਇਹ ਵੀ ਦੱਸਿਆ ਹੈ ਕਿ "ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ"[6], ਭਾਵ ਗੁਰੂ ਜੀ ਦੀ ਪਾਈ ਪਹੇਲੀ ਨੂੰ ਸਿੱਖਾਂ ਲੱਭ ਲਿਆ ਹੈ। ਇਸ ਬੁਝੀ ਹੋਈ ਬੁਝਾਰਤ ਨੂੰ ਗੁਰੂ ਅਰਜਨ ਦੇਵ ਜੀ ਨੂੰ ਖੋਹਲਣ ਦੀ ਕੀ ਲੋੜ ਸੀ ? ਜੇ ਇਹ ਬੁਝਾਰਤ ਦਾ ਹੀ ਉੱਤਰ ਹੈ ਤਾਂ ਇਹ ਸ਼ਬਦ ਸੋਰਠਿ ਦੀ ਵਾਰ ਵਿਚ ਹੀ ਆਉਣਾ ਚਾਹੀਦਾ ਸੀ। ਖ਼ੈਰ, ਇਥੇ ਅਖ਼ੀਰ 'ਤੇ ਪੰਚਮ ਗੁਰੂ ਦੇ ਉਚਾਰੇ ਜੋ 'ਮੁੰਦਾਵਣੀ' ਸਿਰਲੇਖ ਹੇਠ ਸ਼ਬਦ ਹਨ, ਇਹ 'ਮੁਦਾਵਣੀ' ਸ਼ਬਦ ਨਹੀਂ, ਸਗੋਂ 'ਮੁੰਦ' ਧਾਤੂ ਤੋਂ ਬਣਿਆ 'ਮੁੰਦਾਵਣੀ' ਸ਼ਬਦ ਹੈ, ਇਸ ਦੇ ਅਰਥ ਹਨ ਸਮਾਪਤੀ ਦੀ ਮੋਹਰ ਛਾਪ। *ਗੁਰੂ ਗ੍ਰੰਥ ਕੋਸ਼, ਬਾਣੀ ਬਿਉਰੇ, ਫ਼ਰੀਦਕੋਟੀਏ ਟੀਕੇ* ਵਿਚ ਇਹੋ ਅਰਥ ਕੀਤੇ ਗਏ ਹਨ, ਪਰੰਤੂ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਭਾਈ ਵੀਰ ਸਿੰਘ ਜੀ ਨੇ ਸੁਸਾਇਟੀ ਦੇ *ਗੁਰੂ ਗ੍ਰੰਥ ਕੋਸ਼* ਤੇ ਡਾ. ਚਰਨ ਸਿੰਘ ਦੀ *ਬਾਣੀ ਬਿਉਰੇ* ਦੀ ਨਵੀਂ

6. ਸੋਰਠਿ ਮ: ੪, ਪੰਨਾ 645.

ਐਡੀਸ਼ਨ ਵਿਚ ਮੂਲ ਲੇਖਕਾਂ ਦੇ ਅਰਥ ਬਦਲ ਕੇ 'ਮੁਦਾਵਣੀ' ਤੇ 'ਮੁੰਦਾਵਣੀ' ਨੂੰ ਇੱਕੋ ਸ਼ਬਦ ਬਣਾ ਕੇ ਆਪਣੀ ਵਿਦਵਤਾ ਤੇ ਕਵੀ ਕੋਸ਼ਲਤਾ ਨੂੰ ਭਾਰੀ ਸੱਟ ਮਾਰੀ ਹੈ। ਕਿਸੇ ਲਿਖਾਰੀ ਦੇ ਸ਼ਬਦਾਂ ਨੂੰ ਬਦਲਣਾ ਕਿਸੇ ਕਲਾਕਾਰ ਆਤਮਾ ਲਈ ਸੋਭਦਾ ਨਹੀਂ, ਵੈਸੇ ਭਾਈ ਸਾਹਿਬ ਜੋ ਸੁਤੰਤਰ ਵਿਚਾਰ ਰੱਖਣ, ਸਾਨੂੰ ਕੋਈ ਗਿਲਾ ਨਹੀਂ। ਇਥੇ ਅਸੀਂ ਗਵਾਹੀ ਦੇ ਤੌਰ 'ਤੇ ਰਾਗਮਾਲਾ ਨੂੰ ਗੁਰਬਾਣੀ ਨਾ ਮੰਨਣ ਵਾਲਿਆਂ ਵਿਦਵਾਨਾਂ ਦੇ ਕੇਵਲ ਨਾਮ ਦੇਂਦੇ ਹਾਂ, ਜਿਸ ਤੋਂ ਪਤਾ ਲੱਗ ਸਕੇ ਕਿ ਸਿਆਣਿਆਂ ਪੁਰਸ਼ਾਂ ਦੀ ਇਸ ਸੰਬੰਧੀ ਕੀ ਰਾਇ ਹੈ। ਚੋਣਵੇਂ ਨਾਮ ਇਹ ਹਨ:

ਮਹਾਂਕਵੀ ਸੰਤੋਖ ਸਿੰਘ, ਪੰਡਿਤ ਤਾਰਾ ਸਿੰਘ ਨਰੋਤਮ, ਗਿਆਨੀ ਦਿੱਤ ਸਿੰਘ, ਪ੍ਰੋ. ਗੁਰਮੁਖ ਸਿੰਘ, ਗਿਆਨੀ ਗਿਆਨ ਸਿੰਘ, ਸਾਧੂ ਗੋਬਿੰਦ ਸਿੰਘ ਨਿਰਮਲੇ, ਪੰਡਿਤ ਹਜ਼ਾਰਾ ਸਿੰਘ, ਡਾ. ਚਰਨ ਸਿੰਘ (ਰਾਗਮਾਲਾ ਨੂੰ ਉਪ-ਤਤਕਰਾ ਕਹਿੰਦੇ ਹਨ, ਬਾਣੀ ਨਹੀਂ ਮੰਨਦੇ), ਪੰਡਿਤ ਬਸੰਤ ਸਿੰਘ, ਕਨਿੰਘਮ, ਮੈਕਾਲਿਫ਼, ਭਾਈ ਸਾਹਿਬ ਭਾਈ ਕਾਨ੍ਹ ਸਿੰਘ, ਭਾਈ ਸਾਹਿਬ ਭਾਈ ਰਣਧੀਰ ਸਿੰਘ, ਮਾਸਟਰ ਮੋਤਾ ਸਿੰਘ, ਗਿਆਨੀ ਸ਼ੇਰ ਸਿੰਘ, ਗਿਆਨੀ ਅਰਜਨ ਸਿੰਘ, ਬਾਬੂ ਤੇਜਾ ਸਿੰਘ, ਮਾਸਟਰ ਮੈਹਤਾਬ ਸਿੰਘ, ਗਿਆਨੀ ਨਾਹਰ ਸਿੰਘ, ਮਾਸਟਰ ਤਾਰਾ ਸਿੰਘ, ਪ੍ਰਿੰਸੀਪਲ ਧਰਮਾਨੰਤ ਸਿੰਘ, ਸ: ਜੀ.ਬੀ. ਸਿੰਘ, ਪ੍ਰਿੰਸੀਪਲ ਗੰਗਾ ਸਿੰਘ, ਪ੍ਰੋ. ਤੇਜਾ ਸਿੰਘ, ਪ੍ਰੋ. ਗੰਡਾ ਸਿੰਘ, ਪ੍ਰੋ. ਸਾਹਿਬ ਸਿੰਘ, ਪ੍ਰੋ. ਨਰਾਇਣ ਸਿੰਘ, ਗਿਆਨੀ ਬਾਦਲ ਸਿੰਘ, ਸ: ਸ਼ਮਸ਼ੇਰ ਸਿੰਘ 'ਅਸ਼ੋਕ', ਪੰਡਿਤ ਕਰਤਾਰ ਸਿੰਘ 'ਦਾਖਾ', ਬਾਵਾ ਹਰਕਿਸ਼ਨ ਸਿੰਘ, ਸ: ਗੁਰਬਖ਼ਸ਼ ਸਿੰਘ ਪ੍ਰੀਤਲੜੀ, ਪ੍ਰੋ. ਕਰਤਾਰ ਸਿੰਘ, ਪ੍ਰੋ. ਗੁਰਬਚਨ ਸਿੰਘ, ਗਿਆਨੀ ਹੀਰਾ ਸਿੰਘ ਦਰਦ, ਹਰਮਿੰਦਰ ਸਿੰਘ, ਡਾ. ਤ੍ਰਿਲੋਚਨ ਸਿੰਘ, ਪ੍ਰਿੰਸੀਪਲ ਗੁਰਮੁਖ ਨਿਹਾਲ ਸਿੰਘ, ਨਿਰੰਜਨ ਸਿੰਘ ਆਦਿਕ ਸਿਆਣੇ ਤੇ ਖੋਜੀ ਸੱਜਣ ਰਾਗਮਾਲਾ ਨੂੰ ਬਾਣੀ ਨਹੀਂ ਮੰਨਦੇ। ਗਿਆਨੀ ਗਿਆਨ ਸਿੰਘ ਜੀ ਨੇ ਦੱਸਿਆ ਹੈ ਕਿ 1906 ਵਿਚ 'ਰਾਗਮਾਲਾ ਗੁਰਬਾਣੀ ਨਹੀਂ' ਦਾ ਪੰਥਕ ਫ਼ੈਸਲਾ ਵੀ ਹੋ ਚੁੱਕਿਆ ਹੈ। ਗਿਆਨੀ ਜੀ ਲਿਖਦੇ ਹਨ:

ਸੰਮਤ ਉਨੀ ਸੌ ਛੇ ਮਾਹ।
ਬਿਕਰਮ ਪਾਵਨ ਕੱਤਕ ਆਹ।
ਸੰਤ ਦਿਆਲ ਸਿੰਘ ਕੇ ਡੇਰੇ।
ਪੰਥ ਇਕਠਾ ਭਯੋ ਵਧੇਰੇ।
ਇਸ ਪਰ ਭਯੋ ਵੀਚਾਰ ਅਪਾਰਾ।
ਦੀਪ ਮਾਲ ਪਰ ਨਿਰਨੇ ਵਾਰਾ।
ਭਯੋ ਨਿਬੇਰ ਵੀਚਾਰਿਓ ਯਾ ਹੈ।
'ਰਾਗਮਾਲਾ ਗੁਰਬਾਣੀ ਨਾ ਹੈ'। *(ਪੰਥ ਸੇਵਕ, ਲਾਹੌਰ, 10 ਅਪ੍ਰੈਲ, 1918)*

ਸੋ, ਇਸ ਸਮੇਂ ਪੰਥਕ ਫ਼ੈਸਲੇ ਵਿਰੁੱਧ ਰਾਗਮਾਲਾ ਨੂੰ ਬਾਣੀ ਕਹਿਣ ਵਾਲੇ ਕੇਵਲ ਮੈਨੂੰ ਤਾਂ ਦੋ ਹੀ ਸੱਜਣ ਦਿੱਸਦੇ ਹਨ। ਪ੍ਰਿੰਸੀਪਲ ਜੋਧ ਸਿੰਘ ਤੇ ਭਾਈ ਵੀਰ ਸਿੰਘ ਜੀ। ਪ੍ਰਿੰਸੀਪਲ ਤੇ ਭਾਈ ਸਾਹਿਬ ਜੀ ਤਾਂ ਕਿਸੇ ਸਮੇਂ ਰਾਗਮਾਲਾ ਖੰਡਨੀ ਵੀ ਰਹੇ

ਹਨ, ਪਰੰਤੂ ਹੁਣ ਐਸਾ ਨਹੀਂ। ਹੁਣ ਸਿਆਣੇ ਸੱਜਣ ਆਪ ਫ਼ੈਸਲਾ ਕਰ ਸਕਦੇ ਹਨ ਕਿ ਕੀ ਕੁਝ ਠੀਕ ਹੈ। ਮੈਨੂੰ ਤਾਂ ਜਿਲਦ ਨੌਂ ਨੰਬਰ 26 *ਖ਼ਾਲਸਾ ਸਮਾਚਾਰ* ਵਿਚ ਨਿਕਲੇ ਇਹ ਸ਼ਬਦ ਬਿਲਕੁਲ ਠੀਕ ਜਾਪਦੇ ਹਨ ਜੋ ਕਿ ਹੁਣ ਭਾਵੇਂ *ਖ਼ਾਲਸਾ ਸਮਾਚਾਰ* ਤੇ ਉਪਰੋਕਤ ਤਿੰਨਾਂ ਸੱਜਣਾਂ ਦੇ ਵਿਰੁੱਧ ਹੀ ਜਾਂਦੇ ਹਨ, ਉਹ ਇਹ ਹਨ:

> ਰਾਗਮਾਲਾ ਗੁਰਬਾਣੀ ਨਹੀਂ ਬਣ ਸਕਦੀ, ਕਿਆ ਹਛੀ ਬਾਤ ਹੋਵੇ ਕਿ ਅਗੇ ਨੂੰ ਜੋ ਗੁਰੂ ਸਾਹਿਬ ਦੀ ਬੀੜ ਪ੍ਰਕਾਸ਼ਤ ਕੀਤੀ ਜਾਵੇ, ਉਸ ਵਿਚ ਰਾਗ ਮਾਲਾ ਨਾ ਲਿਖੀ ਜਾਵੇ। *(ਖ਼ਾਲਸਾ ਸਮਾਚਾਰ)*

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥

(ਰਾਮਕਲੀ ਮਹਲਾ ੩ ਅਨੰਦੁ, ਪੰਨਾ 920)

•

ਅਕਾਲ ਤਖ਼ਤ ਨੂੰ ਸਮੇਂ ਦਾ ਹਾਣੀ ਬਣਾਓ

ਸਿੱਖੀ ਦਾ ਮਹੱਲ ਜਿਨ੍ਹਾਂ ਦੋ ਸ਼ਕਤੀਵਾਨ ਸਤੰਭਾਂ ਆਸਰੇ ਸਥਿਤ ਹੈ, ਉਹ ਹਨ—ਗੁਰਬਾਣੀ ਤੇ ਗੁਰ-ਸੰਗਤਿ। ਗੁਰਬਾਣੀ ਦਾ ਸੰਪੂਰਨ ਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਤੇ ਸੰਗਤਿ ਦਾ ਵਿਕਸਿਤ ਰੂਪ—ਗੁਰੂ ਪੰਥ ਹੈ। ਗੁਰੂ-ਜੋਤਿ ਗ੍ਰੰਥ ਵਿਚ ਵਰਤਦੀ ਹੈ ਤੇ ਗੁਰੂ-ਜੁਗਤਿ ਪੰਥ ਵਿਚ, ਦੋਹਾਂ ਦਾ ਸੰਯੁਕਤ ਸਰੂਪ ਗੁਰੂਤਾ ਹੈ। ਇਸ ਗੁਰੂਤਾ ਦਾ ਸਿਧਾਂਤਕ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ। ਵਿਵਹਾਰਕ ਜਾਂ ਅਮਲੀ ਸਰੂਪ, ਗੁਰੂ ਪੰਥ ਵਿਚ ਵਰਤਦਾ ਹੈ ਤੇ ਗੁਰੂ ਪੰਥ ਪੰਚ ਪ੍ਰਧਾਨੀ ਸਿਧਾਂਤ ਦਾ ਸਾਕਾਰ ਸਰੂਪ ਹੈ। ਇਹ ਗੱਲ ਪਹਿਲਾਂ ਤੋਂ ਹੀ ਅਲੰਕਾਰਕ ਰੂਪ ਵਿਚ ਪ੍ਰਵਾਣ ਚਲੀ ਆ ਰਹੀ ਹੈ ਕਿ ਆਦਿ ਗੁਰੂ ਗ੍ਰੰਥ ਰੂਹ ਹੈ ਤੇ ਪੰਥ ਜਿਸਮ, ਅਰਥਾਤ ਇਕ ਆਤਮਾ ਹੈ, ਦੂਜਾ ਕਾਇਆ। ਦੋਹਾਂ ਦਾ ਸੰਗਮ ਹੀ ਜੀਵਨ-ਪ੍ਰਗਤੀ ਦਾ ਸੰਪੂਰਨ ਮਾਰਗ ਦਰਸਾਉਂਦਾ ਹੈ। ਸਾਡੇ ਪੁਰਾਤਨ ਧਰਮ-ਸ਼ਾਸਤਰੀ ਵੀ ਇਸੇ ਤਰ੍ਹਾਂ ਦੀ ਵਿਆਖਿਆ ਕਰਦੇ ਸਨ। ਕੁਝ ਪ੍ਰਮਾਣ ਦ੍ਰਿਸ਼ਟੀਗੋਚਰੇ ਕਰਨੇ ਜ਼ਰੂਰੀ ਹਨ:

1. **ਇਕੁ ਸਿੱਖ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ ॥**

(ਵਾਰਾਂ ਭਾਈ ਗੁਰਦਾਸ ਜੀ, ਵਾਰ 13, ਪਉੜੀ 19)

2. ਅਪਨ ਪੌ ਗੁਰ ਖ਼ਾਲਸੇ ਦੀਨਾ, ਦੁਤੀਯ ਰੂਪ ਸਤਿਗੁਰੂ ਗ੍ਰੰਥਾ।
   ਪ੍ਰਤਖਯ ਕਲਾ ਪਾਰ ਬ੍ਰਹਿਮ ਧਣੀ ਛੈ, ਗ੍ਰੰਥ ਪੰਥ ਖ਼ਾਲਸਾ ਵਰਤੰਤ੍ਰਾ।

(ਸਰਬਲੋਹ ਗ੍ਰੰਥ)

3. ਪੰਥ ਖ਼ਾਲਸਾ ਰੂਪ ਹਮਾਰਾ।
   ਖੋਜਹਿ ਸਬਦ ਸੋਈ ਮੂਲ ਪਿਆਰਾ।
   ਪੰਚ ਸਿਖ ਜੋ ਕਹਹਿੰ ਸੋ ਮਾਨਹਿ।
   ਪੰਥ ਖ਼ਾਲਸਾ ਗੁਰੂ ਪਛਾਨਹਿ।

(ਜਨਮਸਾਖੀ ਗੁਰੂ ਨਾਨਕ ਸ਼ਾਹ ਕੀ, ਸੰਤ ਸਿੰਘ ਛਿੱਬਰ)

4. ਅਕਾਲ ਪੁਰਖ ਕੇ ਬਚਨ ਸਿਉਂ, ਪ੍ਰਗਟ ਚਲਾਯੋ ਪੰਥ।
   ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨੀਅਹੁ ਗ੍ਰੰਥ।
   ਗੁਰੂ ਖ਼ਾਲਸਾ ਮਾਨੀਅਹਿ, ਪ੍ਰਗਟ ਗੁਰੂ ਕੀ ਦੇਹਿ।
   ਜੋ ਸਿੱਖ ਮੋ ਮਿਲਬੋ ਚਹਹਿ, ਖੋਜ ਇਨਹੂੰ ਮਹਿ ਲੇਹੁ।

(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ)

5. ਗੁਰੂ ਸਰੂਪ ਖ਼ਾਲਸਾ ਹਈਏ।
ਜਾਂਕੀ ਟਹਿਲ ਪਰਮਸੁਖ ਲਹੀਏ। *(ਰਹਿਤਨਾਮਾ ਭਾਈ ਦੇਸਾ ਸਿੰਘ)*

6. (ੳ) ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖ਼ਾਲਸੇ ਕਾ।
(ਅ) ਗੁਰਿਆਈ ਸਰਬਤ ਖ਼ਾਲਸੇ ਕੀ। ਤੇ ਆਸਰਾ ਗੁਰੂ ਕੇ ਸ਼ਬਦੋਂ ਕਾ।
(ਰਹਿਤਨਾਮਾ ਭਾਈ ਚੌਪਾ ਸਿੰਘ)

ਸ੍ਰੀ ਗੁਰੂ ਗ੍ਰੰਥ ਸਾਹਿਬ ਜੋ ਜੋਤਿ ਜਾਂ ਗਿਆਨ ਸਰੂਪ ਹੋ ਕੇ ਮੁੱਢ ਤੋਂ ਮਾਨਵਤਾ ਦੀ ਰਹਿਨੁਮਾਈ ਕਰਦਾ ਆਇਆ ਹੈ, ਉਸ ਦਾ ਨਿਵਾਸ ਸਥਾਨ ਹਰਿਮੰਦਰ ਹੈ ਅਤੇ ਗੁਰੂ ਪੰਥ ਦਾ ਸਿੰਘਾਸਨ ਅਕਾਲ ਤਖ਼ਤ ਹੈ। ਇਨ੍ਹਾਂ ਦਾ ਆਹਮੋ-ਸਾਹਮਣੇ ਹੋਣਾ ਇਸ ਗੱਲ ਦਾ ਲਖਾਇਕ ਹੈ ਕਿ ਗੁਰੂ ਪੰਥ ਨੇ ਜੋ ਫ਼ੈਸਲੇ ਲੈਣੇ ਹਨ, ਉਹ ਸ੍ਰੀ ਹਰਿਮੰਦਰ ਦੀ ਆਵਾਜ਼ ਨੂੰ ਸਨਮੁਖ ਰੱਖ ਕੇ ਹੀ ਲਏ ਜਾਣੇ ਹਨ।

ਦੂਜੇ, ਇਹ ਗੱਲ ਵੀ ਪ੍ਰਸਿੱਧ ਹੈ ਕਿ ਤਖ਼ਤ ਤਾਜ ਦੇ ਮਾਲਕ ਹੀ ਜਿਵੇਂ ਕਿਵੇਂ ਸੰਸਾਰ ਦੀ ਅਗਵਾਈ ਕਰਦੇ ਆਏ ਹਨ, ਕਿਉਂਕਿ ਸ਼ਕਤੀ ਬਿਨਾਂ ਕੋਈ ਸਿਧਾਂਤ ਸਹਿਜੇ ਸਹਿਜੇ ਲਾਗੂ ਨਹੀਂ ਹੁੰਦਾ ਤੇ ਨਾ ਹੀ ਉਸ ਦਾ ਪ੍ਰਭਾਵ ਚਿਰੰਜੀਵ ਰਹਿੰਦਾ ਹੈ। ਦੁਨਿਆਵੀ ਤਖ਼ਤਾਂ ਵਾਲੇ ਅਖ਼ੀਰ ਸਵਾਰਥ ਜਾਂ ਮੋਹ-ਗ੍ਰਸਤ ਹੋ ਕੇ ਅੰਤ ਕਾਲ ਦਾ ਗ੍ਰਾਸ ਹੋ ਜਾਂਦੇ ਹਨ, ਪਰ ਜੋ ਅਧਿਆਤਮਿਕਤਾ ਦਾ ਵਿਸ਼ਵ-ਵਿਆਪੀ ਸਿਧਾਂਤ ਸਰਬੱਤ ਦੇ ਭਲੇ ਲਈ ਕੰਮ ਕਰਦਾ ਹੈ, ਉਹ ਸਦਾ ਅਮਰ ਰਹਿੰਦਾ ਹੈ। ਉਸ ਨੂੰ ਕੋਈ ਮੇਟ ਨਹੀਂ ਸਕਦਾ, ਉਸ ਦਾ ਆਸਣ ਵੀ ਸਦਾ ਅਮਰ ਅਟੱਲ ਹੈ। ਗੁਰੂਆਂ-ਸੰਤਾਂ ਜੋ ਜੀਵਨ ਦਾ ਸਰਬ ਸਾਂਝਾ ਮਾਰਗ ਦਰਸਾਇਆ, ਉਹ ਏਸ ਕਾਲ ਦੀਆਂ ਹੱਦਾਂ ਵਿਚ ਨਾ ਆਉਣ ਕਾਰਨ ਸਰਬ-ਵਿਆਪਕ ਹੈ ਤੇ ਇਸੇ ਲਈ ਉਸ ਨੂੰ ਇਲਾਹੀ ਹੁਕਮ ਕਹਿ ਕੇ ਸਤਿਕਾਰਿਆ ਗਿਆ ਹੈ। ਚੂੰਕਿ ਇਹ ਦੈਵੀ ਫ਼ੁਰਮਾਨ ਸਦਾ ਸਦਾ ਜੀਵਤ ਹੈ, ਇਸ ਕਰਕੇ ਉਸ ਦਾ ਆਸਣ ਵੀ ਕਾਲ ਦੀ ਮਾਰ ਤੋਂ ਉਪਰ ਹੋਣ ਕਾਰਨ 'ਅਕਾਲ' ਕਹਾਉਂਦਾ ਹੈ।

ਇਹ ਵੀ ਇਕ ਇਤਿਹਾਸਕ ਤੱਥ ਹੈ ਕਿ ਸੱਚੇ ਸੁੱਚੇ ਧਰਮ ਦੀ ਹਸਤੀ ਇਸ ਧਰਤੀ ਦਾ ਸਹਾਰਾ ਹੈ ਤੇ ਉਸੇ 'ਧਰਮ ਧੌਲ' ਆਸਰੇ ਜੀਵਨ-ਪ੍ਰਵਾਹ ਅੱਗੇ ਅੱਗੇ ਵਿਕਾਸ ਕਰਦਾ ਆਇਆ ਹੈ। ਅਸੀਂ ਇਥੇ ਕਿਸੇ ਇਕ ਮਤ ਜਾਂ ਕਿਸੇ ਇਕ ਵਿਅਕਤੀ ਦੀ ਗੱਲ ਨਹੀਂ ਕਰ ਰਹੇ, ਅਸੀਂ ਤਾਂ ਸਮੁੱਚੇ ਵਿਸ਼ਵ ਦੀ ਹਸਤੀ ਦਾ ਤੇ ਇਸ ਦੀ ਪ੍ਰਗਤੀ ਦਾ ਜਾਇਜ਼ਾ ਲੈ ਕੇ ਇਹ ਗੱਲ ਕਹਿ ਰਹੇ ਹਾਂ ਕਿ ਈਮਾਨਦਾਰੀ ਜਾਂ ਨੇਕੀ, ਸਦਾ ਹੀ ਜ਼ਿੰਦਗੀ ਦੀ ਸਰਦਾਰੀ ਕਰਦੀ ਆਈ ਹੈ। ਕਈ ਵਾਰ ਇਹ ਜ਼ਰੂਰ ਹੋਇਆ ਹੈ ਕਿ ਕਿਤੇ ਕਿਤੇ ਬਦੀ ਦਾ ਜ਼ੋਰ ਪੈਣ ਕਾਰਨ ਸ਼ਕਤੀ ਦੈਂਤਾਂ ਦੇ ਹੱਥ ਆ ਗਈ ਤੇ ਧਾਰਮਿਕ ਸੱਤਾ ਇਕ ਤਰ੍ਹਾਂ ਨਿਰਜਿੰਦ ਹੋ ਕੇ ਰਹਿ ਗਈ, ਪਰੰਤੂ ਮਹਾਂਪੁਰਸ਼ ਸਿਦਕ, ਸਬਰ ਸਦਕੇ ਅਟੱਲ ਤੇ ਅਡੋਲ ਰਹਿ ਕੇ ਮੁੜ ਸ਼ਕਤੀ ਦਾ ਸੰਚਾਰ ਕਰਦੇ ਹੋਏ ਅੱਗੇ ਵਧਦੇ ਹਨ। ਭਾਰਤ ਵਿਚ ਵੀ ਇਹ ਦੁਰਘਟਨਾ ਵਾਪਰੀ। ਮਹਾਰਾਜਾ ਹਰਸ਼ਵਰਧਨ ਦੀ ਮੌਤ ਤੋਂ ਬਾਅਦ ਇਥੋਂ ਦਾ ਰਾਜਨੀਤਕ ਪ੍ਰਬੰਧ ਡਗਮਗਾ ਗਿਆ ਤੇ ਦੇਸ਼, ਵਿਦੇਸ਼ੀ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਦਾ ਗਿਆ। ਸ਼ੰਕਰ, ਗੋਰਖ ਤੇ ਹੋਰ ਖਟਦਰਸ਼ਨੀ

ਆਚਾਰਯ ਕਈ ਆਏ, ਭਗਤੀ ਲਹਿਰ ਦੇ ਸੰਤ ਭਗਤ ਵੀ ਇਸ ਰੋਗ ਦਾ ਇਲਾਜ ਨਾ ਕਰ ਸਕੇ। ਅਸਲੀਅਤ ਇਹ ਸੀ ਕਿ ਸ਼ਕਤੀ ਦਾ ਸੰਤੁਲਨ ਗੁਆਚ ਜਾਣ ਕਾਰਨ ਜਰਵਾਣੇ ਹੋਰ ਭੂਹੇ ਹੁੰਦੇ ਗਏ ਤੇ ਨੇਕੀ ਸਭੋ ਕੁਝ ਗੁਆ ਬੈਠੀ। ਜੋ ਥੋੜੇ ਬਹੁਤੇ ਧਰਮੀ ਪੁਰਸ਼ ਸਨ, ਉਹ ਸ਼ਕਤੀਹੀਣ ਹੋਣ ਕਰਕੇ ਰਣ-ਮੈਦਾਨ ਵਿਚ ਜੂਝਣੋਂ ਅਸਮਰੱਥ ਸਨ। ਗੁਰੂ ਨਾਨਕ ਸਾਹਿਬ ਨੇ ਇਸ ਦੇ ਕਾਰਨਾਂ ਨੂੰ ਪੜਤਾਲਿਆ ਤੇ ਚੰਗੀ ਤਰ੍ਹਾਂ ਅਨੁਭਵ ਕੀਤਾ ਕਿ ਸ਼ਕਤੀਵਾਨ ਹੋ ਕੇ ਇਨ੍ਹਾਂ ਜਾਬਰ ਦੈਂਤਾਂ ਦਾ ਟਾਕਰਾ ਕੀਤਾ ਜਾ ਸਕਦਾ ਹੈ—"ਜੇ ਸਕਤਾ ਸਕਤੇ ਕਉ ਮਾਰੇ, ਤਾ ਮਨਿ ਰੋਸੁ ਨ ਹੋਈ"[1] ਗਊਆਂ ਦੇ ਪਾੜਖਾਣੇ ਬਘਿਆੜਾਂ ਦਾ ਕੀ ਮੁਕਾਬਲਾ ਹੋ ਸਕਦਾ ਸੀ। ਲੋੜ ਇਸ ਗੱਲ ਦੀ ਸੀ ਕਿ ਕੋਈ ਸ਼ੇਰਾਂ ਦੀ ਜਮਾਤ ਤਿਆਰ ਕੀਤੀ ਜਾਵੇ। ਸੋ ਗੁਰੂਆਂ ਬੜੀ ਲੰਮੀ ਘਾਲ ਬਾਦ ਪੰਥ ਖ਼ਾਲਸਾ ਦੇ ਰੂਪ ਵਿਚ ਸੰਗਰਾਮੀਆਂ ਦੀ ਸੈਨਾ ਨੂੰ ਤਿਆਰ-ਬਰ-ਤਿਆਰ ਕੀਤਾ ਤੇ ਸੌ ਸਾਲ ਦੇ ਲੰਮੇ ਸੰਗਰਾਮ ਬਾਦ ਪੰਜਾਬ ਦੀ ਸੁਤੰਤਰਤਾ ਦਾ ਗੌਰਵ ਹਾਸਿਲ ਕੀਤਾ ਤੇ ਸਾਰੇ ਹਿੰਦ ਨੂੰ ਸਦੀਆਂ ਤੋਂ ਚਲੇ ਆ ਰਹੇ ਮਾਰੂ ਹਮਲਿਆਂ ਤੋਂ ਸੁਰੱਖਿਅਤ ਕਰ ਕੇ ਦਮ ਲਿਆ। ਇਹ ਇਕ ਇਤਿਹਾਸ ਦੀ ਹਕੀਕਤ ਹੈ ਕਿ ਮੀਰੀ ਪੀਰੀ ਦੇ ਸੰਗਮ ਨਾਲ ਹੀ ਮੁਗ਼ਲਾਂ ਦੀ ਮੁਲਾਮਤ ਤੇ ਪਠਾਣਾਂ ਦੀ ਸ਼ਾਮਤ ਤੋਂ ਮੁਲਕ ਨੇ ਖ਼ਲਾਸੀ ਪਾਈ। ਸੋ ਅਕਾਲ ਤਖ਼ਤ ਦੀ ਸ਼ਾਨਦਾਰ ਬੀਰ-ਪਰੰਪਰਾ ਨੇ ਅਣਹੋਣੀ ਨੂੰ ਹੋਣੀ ਕਰਕੇ ਦਿਖਾਇਆ ਤੇ ਜਨ-ਸਾਧਾਰਨ ਨੂੰ ਜ਼ਿੰਦਗੀ ਦਾ ਸ਼ਾਹਰਾਹ ਦਰਸਾਇਆ।

ਕੇਵਲ ਹਥਿਆਰਬੰਦ ਤਰੀਕੇ ਨਾਲ ਹੀ ਨਹੀਂ, ਸਗੋਂ ਸਮੇਂ ਅਨੁਸਾਰ ਫ਼ਿਰੰਗੀਆਂ ਵਿਰੁੱਧ ਸ਼ਾਂਤਮਈ ਸੰਗਰਾਮ ਰਚਾ ਕੇ ਵੀ ਅਕਾਲ ਤਖ਼ਤ ਨੇ ਗੁਰਦੁਆਰੇ ਆਜ਼ਾਦ ਕਰਾਏ ਤੇ ਉਸ ਦਾ ਇਤਨਾ ਡੂੰਘਾ ਪ੍ਰਭਾਵ ਪਾਇਆ ਕਿ ਸਰਬ ਹਿੰਦ ਨੀਤੀਵਾਨਾਂ ਵੀ ਇਸੇ ਵਿਧੀ ਨਾਲ ਇਕ ਵੱਡੇ ਸਾਮਰਾਜ ਨਾਲ ਟੱਕਰ ਲੈ ਕੇ ਸਫਲਤਾ ਹਾਸਿਲ ਕੀਤੀ। ਸੋ ਤਵਾਰੀਖ਼ ਤੋਂ ਜ਼ਾਹਿਰ ਹੈ ਕਿ ਅਕਾਲ ਤਖ਼ਤ ਸਦਾ ਨਾਜ਼ਕ ਮਸਲਿਆਂ ਨੂੰ ਨਜਿੱਠਦਾ ਆਇਆ ਹੈ ਤੇ ਜਿਵੇਂ ਕਿਵੇਂ ਦੇਸ਼ ਤੇ ਪੰਥ ਨੂੰ ਸਰਬ-ਸ੍ਰੇਸ਼ਟ ਸੁਚੱਜਾ ਮਾਰਗ ਦਰਸਾਉਂਦਾ ਰਿਹਾ ਹੈ।

ਹੁਣ ਸਮੇਂ ਦੀਆਂ ਲੋੜਾਂ ਅਨੁਸਾਰ ਇਸ ਸ਼ਕਤੀਵਾਨ ਪੰਚਾਇਤੀ ਪਰੰਪਰਾ ਨੂੰ ਵਧੇਰੇ ਉਪਯੋਗੀ, ਸੁਨੱਖਾ ਤੇ ਸਰਬ ਕਲਾ ਸਮਰੱਥ ਬਣਾਉਣ ਦੀ ਲੋੜ ਹੈ ਤਾਂ ਕਿ ਸਿੱਖ ਜਗਤ ਦੇ ਸਾਰੇ ਅਹਿਮ ਮਸਲੇ ਜੁਗਤੀਪੂਰਵਕ ਨਿਪਟਾਏ ਜਾਂਦੇ ਰਹਿਣ :

1. ਪਹਿਲੀ ਜ਼ਰੂਰਤ 'ਸਰਬ ਸ਼੍ਰੋਮਣੀ ਪੰਥਕ ਪੰਚ ਕੌਂਸਲ' ਦੀ ਸਥਾਪਨਾ ਹੈ, ਜੋ ਮੌਜੂਦਾ ਕੌਮਾਂਤਰੀ ਹਾਲਾਤ ਤੇ ਵਿਧੀਆਂ ਨੂੰ ਜਾਂਚ ਕੇ ਵੱਡੇ ਪੈਮਾਨੇ 'ਤੇ ਸਮੂਹ ਪੱਖਾਂ ਨੂੰ ਲੰਮੀ ਨਦਰਿ ਨਾਲ ਸਨਮੁਖ ਰੱਖ ਕੇ ਸਿਰਜੀ ਜਾਵੇ।
2. ਫਿਰ ਅਕਾਲ ਤਖ਼ਤ ਦੇ ਨਵੇਂ ਵਿਧਾਨ ਦੀ ਸਿਰਜਣਾ ਲਈ ਚੋਟੀ ਦੇ ਸਿੱਖ ਧਰਮ-ਸ਼ਾਸਤਰੀ ਅਤੇ ਸਿੱਖ ਕਾਨੂੰਨਦਾਨ ਡੂੰਘੀ ਵਿਚਾਰ ਉਪਰੰਤ ਇਹ ਰੂਪ-ਰੇਖਾ ਉਲੀਕਣ ਕਿ ਇਸ ਸਾਰੀ ਕਾਰਵਾਈ ਵਿਚ ਜਥੇਦਾਰ ਦਾ ਕੀ ਕਰਤੱਵ

1. ਆਸਾ ਮ: ੧, ਪੰਨਾ 360.

ਅਤੇ ਕੀ ਅਧਿਕਾਰ ਹੈ। ਪੰਚ ਕੌਂਸਲ ਨੇ ਕਿਨ੍ਹਾਂ ਲੀਹਾਂ ਉੱਤੇ, ਕਿਵੇਂ ਕਿਵੇਂ ਸਿੱਖ ਜਗਤ ਦੀ ਅਗਵਾਈ ਕਰਨੀ ਹੈ?

3. ਉੱਚੇ ਸੁੱਚੇ ਆਚਾਰਵਾਨ ਤੇ ਗਿਆਨਵਾਨ ਅਨੁਭਵੀ ਮਹਾਂਪੁਰਸ਼ ਹੀ ਇਸ ਦੇ ਮੈਂਬਰ ਥਾਪੇ ਜਾਣ ਤਾਂ ਕਿ ਗੁਰਮਤਿ ਦੀ ਰੌਸ਼ਨੀ ਵਿਚ ਸਿੱਖ ਪੰਥ ਦਾ ਵਿਕਾਸ-ਕਾਰਜ ਹਰ ਪਾਸਿਓਂ ਸੰਪੂਰਨ ਹੋਵੇ। ਹਰ ਖੇਤਰ ਦੇ ਮਾਹਿਰਾਂ ਦਾ ਬੋਰਡਾਂ ਤੋਂ ਵੀ ਸਮੇਂ ਸਮੇਂ ਜ਼ਰੂਰੀ ਮਸ਼ਵਰਾ ਲੈਣ ਦਾ ਉਪਬੰਧ ਹੋ ਸਕਦਾ ਹੈ।

4. ਮੌਜੂਦਾ ਪੁਰੋਹਿਤ ਜਮਾਤ ਦੀ ਸੇਵਾ ਸੀਮਿਤ ਘੇਰੇ ਤਕ ਰਹਿਣੀ ਯੋਗ ਹੈ। ਹੁਣ ਸਮੁੱਚੇ ਪੰਥ ਦੀ ਸੰਚਾਲਨਾ ਇਨ੍ਹਾਂ ਦੇ ਵੱਸ ਦੀ ਗੱਲ ਨਹੀਂ ਰਹੀ। ਇਸ ਕਰਕੇ ਰੂੜ੍ਹੀਵਾਦੀ ਮਜ਼੍ਹਬੀ ਪੁਰੋਹਿਤ ਤੇ ਰੂੜ੍ਹੀਵਾਦੀ ਰਾਜਨੀਤਕ ਨੇਤਾ ਪਾਸੇ ਹੀ ਰੱਖੇ ਜਾਣ ਤਾਂ ਠੀਕ ਹੈ, ਕਿਉਂਕਿ ਇਹ ਲੋਕ ਨਵਯੁਗ ਦੇ ਹਾਣੀ ਨਹੀਂ ਹੋ ਸਕਦੇ।

5. ਵਰਤਮਾਨ ਯੁੱਗ ਗਿਆਨ-ਪ੍ਰਧਾਨ ਹੈ, ਇਸ ਲਈ ਸਮੂਹ ਧਰਮਾਂ ਦੀ ਅਤੇ ਰਾਜਨੀਤਕ ਪ੍ਰਣਾਲੀਆਂ ਦੀ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ। ਇਸ ਤੋਂ ਇਲਾਵਾ ਸਮਾਜ-ਵਿਗਿਆਨ ਤੇ ਅੰਤਰ-ਰਾਸ਼ਟਰੀ ਵਿਚਾਰ-ਲਹਿਰਾਂ ਦੀ ਸੋਝੀ ਵੀ ਮਾਰਗ-ਦਰਸ਼ਨ ਵਿਚ ਸਹਾਇਕ ਹੋ ਸਕਦੀ ਹੈ।

6. ਕੇਵਲ ਗਿਆਨ ਨੂੰ ਹੀ ਅੰਤਿਮ ਕਸਵੱਟੀ ਨਹੀਂ ਮੰਨ ਲੈਣਾ ਚਾਹੀਦਾ, ਉੱਚ ਆਚਰਣ ਇਸ ਤੋਂ ਵੀ ਵਧੇਰੇ ਲੋੜੀਂਦਾ ਗੁਣ ਹੈ ਤਾਂ ਹੀ ਕੋਈ ਧਾਰਮਿਕ ਸੰਸਥਾ ਸਹੀ ਸੇਧ ਤੇ ਸ਼ਕਤੀ ਪ੍ਰਦਾਨ ਕਰ ਸਕਦੀ ਹੈ।

7. ਉਮਰ ਦੇ ਲਿਹਾਜ਼ ਨਾਲ 50-60 ਤੋਂ ਘੱਟ ਆਯੂ ਦਾ ਮੈਂਬਰ ਨਾ ਲਿਆ ਜਾਵੇ। ਜਿਤਨਾ ਵੱਡਾ ਤਜਰਬਾ ਹੋਵੇਗਾ, ਉਤਨਾ ਹੀ ਉਹ ਵਧੇਰੇ ਸੰਭਲ ਕੇ ਚੱਲਣ ਵਾਲਾ ਹੋਵੇਗਾ। ਉਹ ਧਾਰਮਿਕ ਕਾਰ-ਵਿਹਾਰ ਵਿਚ ਕਾਹਲੀ ਕਰ ਕੇ ਅਥਵਾ ਸ਼ੇਖ਼ੀ ਜਾਂ ਸ਼ੋਖ਼ੀ ਦਿਖਾ ਕੇ ਨਵੇਂ ਪੁਆੜੇ ਨਹੀਂ ਸਹੇੜੇਗਾ। ਇਨ੍ਹਾਂ ਤਿੰਨ ਚਾਰ ਸਾਲਾਂ ਵਿਚ ਅਸਾਂ ਦੇਖਿਆ ਹੈ ਕਿ ਜਥੇਦਾਰਾਂ ਦੇ ਇਕਪਾਸੜ ਫ਼ੈਸਲੇ, ਸਿੱਖ ਪੰਥ ਲਈ ਨਮੋਸ਼ੀ ਦਾ ਕਾਰਨ ਬਣੇ ਹਨ ਤੇ ਜਥੇਦਾਰ ਖ਼ੁਦ ਵੀ ਆਪਣਾ ਮਾਨ ਸਨਮਾਨ ਕਾਇਮ ਨਹੀਂ ਰੱਖ ਸਕੇ, ਕਿਉਂਕਿ ਇਹ ਪੰਚਾਇਤੀ ਪਰੰਪਰਾ ਦੀ ਥਾਂ ਆਪਣੀ ਅਹੰਕਾਰੀ, ਖੜਕੈਂਤੀ ਦੇ ਆਸਰੇ ਚੱਲਣ ਲੱਗ ਪਏ ਹਨ। ਕਾਰਨ, ਮਾਨਸਿਕ-ਦ੍ਰਿੜ੍ਹਤਾ ਤੇ ਬੌਧਿਕ-ਸ੍ਰੇਸ਼ਟਤਾ ਦਾ ਅਭਾਵ ਹੈ। ਸਤਿਗੁਰਾਂ ਦੀ ਤਾਕੀਦ ਇਨ੍ਹਾਂ ਅਣਡਿੱਠ ਕਰ ਛੱਡੀ ਹੈ:

ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉਂ ਉਜਿਆਰੇ॥

(ਦਸਮ ਗ੍ਰੰਥ)

8. ਪੁਰਾਤਨ ਬਿਰਕਤ, ਪੰਥੀ, ਉਦਾਸੀ, ਨਿਰਮਲੇ, ਸੇਵਾ-ਪੰਥੀ, ਨਿਹੰਗ ਸਿੰਘ ਆਦਿ ਵਿੱਚੋਂ ਖ਼ਾਸ ਖ਼ਾਸ ਮੰਨੇ-ਦੰਨੇ ਧਰਮਾਤਮਾ ਪੁਰਸ਼ਾਂ ਦਾ ਸਲਾਹ ਮਸ਼ਵਰਾ ਲੈਣਾ ਹਿਤਕਾਰੀ ਹੈ।

9. ਇਸੇ ਤਰ੍ਹਾਂ ਇਸ ਵਿਸ਼ਾਲ ਜਥੇਬੰਦੀ ਨੂੰ ਬਾਹਰਲੇ ਦੇਸ਼ਾਂ—ਇੰਗਲੈਂਡ, ਕੈਨੇਡਾ, ਅਮਰੀਕਾ ਤੇ ਮਲਾਇਆ ਆਦਿ ਵਿਚ ਵੱਸਦੇ ਦਾਨੇ-ਬੀਨੇ ਸੱਜਣਾਂ ਦਾ ਜਿਵੇਂ ਕਿਵੇਂ ਸਹਿਯੋਗ ਲੈਣਾ ਵੀ ਅਤਿਅੰਤ ਜ਼ਰੂਰੀ ਹੈ।

10. ਇਹ ਵੀ ਹਰਜੇ ਵਾਲੀ ਗੱਲ ਨਹੀਂ ਕਿ ਸਾਡੀ ਵਿਧਾਨਕਾਰ ਕੌਂਸਲ ਨੂੰ ਜੇਕਰ ਈਸਾਈ ਮਤ ਦੇ ਪੋਪ ਦੀ ਰੀਤਿ ਮਰਯਾਦਾ ਤੇ ਮੁਸਲਮਾਨੀ ਖ਼ਲੀਫ਼ੇ ਦੀ ਉੱਤਮ ਰਵਾਇਤ ਕੋਈ ਭਲੀ ਪ੍ਰਤੀਤ ਹੋਵੇ ਤਾਂ ਉਸ ਦਾ ਸੁਜਿੰਦ ਭਾਗ ਵੀ ਅਪਣਾਉਣ ਵਿਚ ਸੰਕੋਚ ਨਹੀਂ ਕਰਨਾ ਚਾਹੀਦਾ, ਕਿਉਂਕਿ ਗੁਰਮਤਿ "ਸਾਝ ਕਰੀਜੈ ਗੁਣਹ ਕੇਰੀ"[2] ਦੀ ਮੁੱਦਈ ਹੈ।
11. ਸਾਡੇ ਲਈ ਗੁਰੂ ਗਿਆਨ ਦਾ ਪ੍ਰਮੁੱਖ ਅਸਥਾਨ ਹੈ, ਪਰ ਜੋ ਕੁਝ ਨਵੀਨ ਗਿਆਨ-ਵਿਗਿਆਨ ਨੂੰ ਹਾਸਿਲ ਹੈ, ਉਸ ਤੋਂ ਲਾਭ ਉਠਾਉਣਾ ਵੀ ਹਿੱਤਕਾਰੀ ਹੈ।
12. ਫਿਲਹਾਲ ਇਸ ਨਵੀਂ ਵਿਉਂਤਬੰਦੀ ਦਾ ਮੁੱਢ ਸ਼੍ਰੋਮਣੀ ਕਮੇਟੀ ਹੋਰ ਸੰਸਥਾਵਾਂ ਦਾ ਸਹਿਯੋਗ ਲੈ ਕੇ ਆਰੰਭ ਕਰ ਸਕਦੀ ਹੈ ਤੇ ਇਸ ਨੂੰ ਰੂਪਮਾਨ ਕਰਨ ਲਈ ਠੋਸ ਕਦਮ ਉਠਾ ਸਕਦੀ ਹੈ।

ਜੇ ਵਿਗਿਆਨਕ ਤੇ ਲੋਕਤਾਂਤਰਿਕ ਵਿਧੀ ਨਾਲ 'ਪੰਥਕ ਪੰਚ ਕੌਂਸਲ' ਦੀ ਸਥਾਪਨਾ ਹੋ ਕੇ ਅਗਲੇਰੀ ਕਾਰਵਾਈ ਦਾ ਕੇਂਦਰ ਅਕਾਲ ਤਖ਼ਤ ਹੋਵੇ ਤਾਂ ਜਿਥੇ ਇਹ ਸਹਿਜੇ ਹੀ ਸਿੱਖ ਸਭਿਆਚਾਰ ਤੇ ਸਿੱਖ ਸੁਤੰਤਰਤਾ ਦਾ ਸਿਰਮੌਰ ਅਸਥਾਨ ਬਣ ਕੇ ਆਪਣਾ ਗੌਰਵ ਵਧਾ ਸਕਦਾ ਹੈ, ਉਥੇ ਨਾਲ ਹੀ ਦੇਸ਼ ਨੂੰ ਵੀ ਕਰਮਯੋਗੀ ਅਗਵਾਈ ਦੇ ਸਕਦਾ ਹੈ। ਲੋੜ ਹੈ ਅਕਾਲ ਤਖ਼ਤ ਦਾ ਨਵੀਨੀਕਰਣ ਕਰ ਕੇ ਇਸ ਨੂੰ ਸਮੇਂ ਦਾ ਹਾਣੀ ਬਣਾਇਆ ਜਾਵੇ।

•

---

2. ਸੂਹੀ ਮ: ੧, ਪੰਨਾ 766.

ISBN 81-7205-452-1
9 788172 054526